# ਗੁਰਮਤਿ ਗੌਰਵਤਾ

ਭਾਈ ਸਾਹਿਬ ਰਣਧੀਰ ਸਿੰਘ ਜੀ

ੴ
ਏਕੋ ਜਪੁ ਏਕੋ ਸਾਲਾਹ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ
ਲੁਧਿਆਣਾ

 www.sikhbookclub.com

# ਗੁਰਮਤਿ ਗੌਰਵਤਾ

ਅਰਥਾਤ

## ਗੁਰਮਤਿ ਮੰਡਨ ਤੇ ਮਨਮਤਿ ਖੰਡਨ

ਲਿਖਿਤ

ਭਾਈ ਸਾਹਿਬ ਰਣਧੀਰ ਸਿੰਘ ਜੀ

ਪ੍ਰਕਾਸ਼ਕ

**ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ**

੨੩-ਜੀ, ਸਰਾਭਾ ਨਗਰ, ਲੁਧਿਆਣਾ


www.sikhbookclub.com


ਕਾਪੀ ਰਾਈਟ
ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ

ਪਹਿਲੀ ਵਾਰ ਦਸੰਬਰ ੧੯੬੮
ਦੂਜੀ ਵਾਰ ਸਤੰਬਰ ੧੯੯੨
ਤੀਜੀ ਵਾਰ ਜਨਵਰੀ ੧੯੯੬
ਚੌਥੀ ਵਾਰ ਅਪ੍ਰੈਲ ੨੦੦੬

ਮੁੱਲ : ੬੦-੦੦

ਪ੍ਰਿੰਟਰ
ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

 www.sikhbookclub.com



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

 www.sikhbookclub.com

# ਤਤਕਰਾ


| | |
|---|---|
| – ਮੁਖ-ਬੰਧ | ੭ |
| ੧. ਗੁਰਮੁਖਿ ਦੇ ਅਰਥ | ੯ |
| ੨. ਨਾਮ ਦਾ ਸੁਣਨਾ | ੧੦ |
| ੩. ਸ੍ਰਿਸ਼ਟੀ ਰਚਨਾ | ੧੧ |
| ੪. ਅਮੁਲੋ ਅਮੁਲੁ ਆਖਿਆ ਨ ਜਾਇ | ੧੩ |
| ੫. ਜੋਗੀ ਕੌਣ ਹਨ ? | ੧੫ |
| ੬. ਧਾਰਮਿਕ ਜੀਵਨ | ੧੮ |
| ੭. ਭਲੀ ਕਾਰ ਤੇ ਰਿੱਧੀਆਂ ਸਿੱਧੀਆਂ | ੨੧ |
| ੮. ਆਨਮਤਾਂ ਦੀਆਂ ਪੁਸਤਕਾਂ | ੨੩ |
| ੯. ਆਨਮਤੀ ਕਰਮ ਤੇ ਤੀਰਥ | ੨੪ |
| ੧੦. ਗੁਰਮਤਿ ਤੀਰਥ | ੨੭ |
| ੧੧. ਬੇਦਾਂ ਦਾ ਬੀਚਾਰ | ੨੯ |
| ੧੨. ਪੂਰਾ ਗੁਰੂ ਤੇ ਅਧੂਰੇ ਗੁਰੂ | ੩੧ |
| ੧੩. ਆਨ ਮਤ ਵਿਦਿਆ ਦਾ ਪੜ੍ਹਨਾ | ੩੨ |
| ੧੪. ਮਨ ਹਠ ਬੁਧੀ ਕੇਤੀਆ | ੩੩ |
| ੧੫. ਮਨ ਹਠ ਕਿਤੈ ਉਪਾਇ ਨ ਛੂਟੀਐ | ੩੩ |
| ੧੬. ਬੇਦਾਂ ਸ਼ਾਸਤ੍ਰਾਂ ਦਾ ਪੜ੍ਹਨਾ ਨਿਸਫਲ ਹੈ | ੩੩ |
| ੧੭. ਆਨ ਮਤ ਫੋਕਟ ਧਰਮ ਕਰਮ | ੩੫ |
| ੧੮. ਹਰਿ ਕੀ ਸੇਵਾ | ੪੦ |
| ੧੯. ਗੁਰੂ ਵਾਹਿਗੁਰੂ ਦੀ ਪ੍ਰਾਪਤੀ ਤੇ ਜੋਤਿ ਸਰੂਪੀ ਦਰਸ਼ਨ | ੪੧ |

२०. ਆਨਮਤ ਵਿਦਿਆ ਤੇ ਗੁਰਮਤਿ ਵਿਦਿਆ ੪੪
२१. ਗੁਰਮਤਿ ਨਾਮ ਦੇ ਚਮਤਕਾਰ ੪੮
२२. ਆਨਮਤੀ ਸਾਧੂ ਰਿਸ਼ੀ ਤੇ ਗੁਰਸਿਖ ਜੋਗੀ ੫੧
२३. ਮੂਰਖ ਕੌਣ ਹੈ ? ੫੬
२੪. ਸੱਚਾ ਮੁਸਲਮਾਨ ੫੬
२੫. ਜੈਨੀ ਤੇ ਸਰੇਵੜੇ ੬੧
२੬. ਰਾਜਸੀ ਠਾਠ ੬੫
२੭. ਤਿੰਨਾਂ ਗੁਣਾਂ ਦਾ ਹਿਤਕਾਰ ੬੯
२੮. ਗੁਰਮਤਿ ਜੋਗ ਤੇ ਹੱਠ ਜੋਗ ੭੦
२੯. ਰਾਸ ਲੀਲ੍ਹਾ ਤੇ ਸਿਨਿਮੇ ਦਾ ਖੰਡਨ ੭੩
੩੦. ਜਗਤ ਉਧਾਰਨ ਦਾ ਸੱਚਾ ਧੁਰਵਾ ੭੫
੩੧. ਪਖੰਡੀਆਂ ਦੇ ਪਖੰਡ ੭੭
੩੨. ਆਨਮਤ ਦਾਨ ਇਸ਼ਨਾਨ ਤੇ ਗੁਰਮਤਿ ਨਾਮ ੭੮
੩੩. ਸੱਚੀ ਜੋਗ ਜੁਗਤੀ ੮੦
੩੪. ਸਭ ਤੋਂ ਉਚੇ ਗੁਰਮੁਖਿ ੮੩
੩੫. ਵਾਹਿਗੁਰੂ ਦੇ ਰੰਗ ੮੩
੩੬. ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ ੮੫
੩੭. ਨਿਹਚਲ ਥਾਨ ੧੦੦
੩੮. ਭਗਤ ਤੇ ਗਿਆਨੀ ੧੦੪
੩੯. ਵਾਹਿਗੁਰੂ ਅੱਖਰਾਂ ਤੋਂ ਬਾਹਰ ੧੦੮
੪੦. ਸ੍ਰਿਸ਼ਟੀ ਰਚਨਾ ਤੇ ਬੇਦ ੧੧੦
੪੧. ਸੱਚਾ ਸਾਧ, ਅਪਰਸ, ਵੈਸ਼ਨੋ ਤੇ ਪੰਡਿਤ ੧੧੩
੪੨. ਵੇਦਾਂ ਪੁਰਾਣਾਂ ਦਾ ਖੰਡਨ ੧੧੮
੪੩. ਗੁਰਬਾਣੀ ਤੇ ਬੇਦ-ਬਾਣੀ ਦਾ ਫ਼ਰਕ ੧੨੦

੪੪. ਨਾਂਗੇ ਰਹਿਣ ਤੇ ਮੁੰਡਨ ਆਦਿ ੧੨੫
੪੫. ਆਨਮਤੀ ਕਰਮਾਂ ਦਾ ਖੰਡਨ ੧੨੮
੪੬. ਸੱਚਾ ਸੁਖ ੧੩੩
੪੭. ਚਹੁੰਆਂ ਜੁਗਾਂ ਦਾ ਧਰਮ ਤੇ ਕਲਜੁਗ ਦਾ ਵਾਧਾ ੧੩੬
੪੮. ਇਕ ਖ਼ਾਸ ਸ਼ੰਕੇ ਦਾ ਨਿਰਣਾ ੧੪੦
੪੯. ਸੱਚੀ ਬ੍ਰਹਮ ਬੀਚਾਰ ੧੪੧
੫੦. ਹਠ ਜੋਗ ਦੇ ਮੁਕਾਬਲੇ ਸਹਜ ਜੋਗ ੧੪੬
ਬਾਵਨ ਅਖਰੀ ਦੀ ਸਾਖੀ ੧੪੯
੫੧. ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ ੧੬੦
੫੨. ਪਾਖੰਡ ਕਿਰਿਆ ਦਾ ਖੰਡਨ ੧੬੩
੫੩. ਅਵਤਾਰ ਤੇ ਦੇਵਤੇ ਆਦਿ ੧੭੯
੫੪. ਲੇਖੈ ਇਕ ਗਲ ੧੯੦
੫੫. ਪੰਡਤ ਮਾਨ ਸਿੰਘ ਸ਼ਾਸਤ੍ਰੀ ਦੀ ਕਹਾਣੀ ੧੯੨
੫੬. ਪਾਖੰਡ ਕਰਮਾਂ ਦਾ ਖੰਡਨ ੧੯੬
੫੭. ਸੱਚਾ ਜੋਗ ੨੦੩
੫੮. ਮਾਇਆ ਦਾ ਪ੍ਰਭਾਵ ੨੧੦
੫੯. ਆਨਮਤ ਕਰਮਾਂ ਤੇ ਗੁਰਮਤਿ ਕਰਮਾਂ ਦਾ ਟਾਕਰਾ ੨੧੯
੬੦. ਦੇਹਧਾਰੀ ਗੁਰੂਆਂ ਦਾ ਖੰਡਨ ੨੨੮
੬੧. ਜੋਗ, ਹੋਰ ਸਾਧਨ ਤੇ ਰਾਜ ਲੀਲ੍ਹਾ ਸਭ ਨਿਸ਼ਫਲ ੨੪੬
੬੨. ਲਾਵਾਂ ਦਾ ਅਰਥ ੨੭੭
੬੩. ਚਹੁੰਆਂ ਜੁਗਾਂ ਦਾ ਨਿਬੇੜਾ ੨੮੧
੬੪. ਦੇਹਧਾਰੀ ਗੁਰੂ ਦੀ ਸੇਵਾ ਨਿਸਫਲ ੨੮੯
੬੫. ਅੰਨ ਛਡਣਾ ਪਖੰਡ ਹੈ, ਸੰਤ ਦੀ ਕਹਾਣੀ ੩੦੯
੬੬. ਅਵਤਾਰਾਂ ਤੇ ਜੋਗੀਆਂ-ਪੰਡਤਾਂ ਦਾ ਖੰਡਨ ੩੧੭



Page 7 www.sikhbookclub.com

੬੭. ਹੋਰ ਕਰਮ-ਸਾਧਨ ਤੇ ਨਾਮ ਕਰਮ ਦਾ ਟਾਕਰਾ ੩੩੭
੬੮. ਸਿਧ ਗੋਸਟਿ ਬਾਣੀ ਦਾ ਭਾਵ ੩੪੪
੬੯. ਅਕਾਲ ਪੁਰਖ ਦਾ ਅਚਰਜ ਖੇਲ ੩੪੭
੭੦. ਅਭਿਆਗਤ, ਹਿੰਦੂ, ਤੁਰਕ, ਕਾਜ਼ੀ ਤੇ ਗ੍ਰਿਹਸਤੀ ੩੪੮
੭੧. ਵਾਹਿਗੁਰੂ ਕਿਵੇਂ ਵਸ ਆਉਂਦਾ ਹੈ ? ੩੫੫
੭੨. ਸਦਾ ਨਿਹਚਲ, ਤੇ ਨਾਸ ਹੋਣ ਵਾਲਿਆਂ ਦਾ ਵੇਰਵਾ ੩੮੧
੭੩. ਗੁਰੂ ਘਰ ਵਿਚ ਹੀ ਨਿਸਤਾਰਾ, ਸੰਤੋਖਾ ਜੋਗੀ ੩੮੬
੭੪. ਸਿੱਟਾ ੪੪੭
੭੫. ਗੁਰਮਤਿ ਹੀ ਇਕ ਸੱਚਾ ਤੇ ਸਦੀਵੀ ਧਰਮ ਹੈ ੪੪੮

✻

 www.sikhbookclub.com

# ਮੁਖ-ਬੰਧ

ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਹੁਤ ਬਰਸ ਹੋਏ, ਇਹ ਪੁਸਤਕ 'ਗੁਰਮਤਿ ਮੰਡਨ ਤੇ ਮਨਮਤਿ ਖੰਡਨ' ਅਰਥਾਤ 'ਗੁਰਮਤਿ ਗੌਰਵਤਾ' ਲਿਖੀ ਸੀ, ਜਿਸ ਵਿਚ ਗੁਰਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਦੂਜੇ ਧਰਮਾਂ ਨਾਲੋਂ ਗੁਰਮਤਿ ਦੀ ਮਹਾਨਤਾ ਤੇ ਵਿਸ਼ੇਸ਼ਤਾ ਪ੍ਰਗਟ ਕੀਤੀ ਹੈ । ਇਸ ਪੁਸਤਕ ਦੇ ਛਪਵਾਉਣ ਲਈ ਕਰਨਲ ਸਾਹਿਬ ਸ: ਦਲਜੀਤ ਸਿੰਘ ਜੀ ਨੇ ਉਤਸ਼ਾਹ ਪ੍ਰਗਟ ਕੀਤਾ ਤੇ ਉਦਮ ਧਾਰਿਆ ਸੀ । ਉਹਨਾਂ ਨੇ ਕਿਰਪਾ ਕਰ ਕੇ ਚਾਰ ਸੌ ਦਸ ਰੁਪਏ ਸਹਾਇਤਾ ਵਜੋਂ ਦੇ ਦਿਤੇ ਸਨ । ਪਰ ਉਸ ਸਮੇਂ ਖਰਚਾ ਸਾਡੇ ਪਾਸ ਨਹੀਂ ਸੀ, ਜਿਸ ਕਰਕੇ ਅਸੀਂ ਛਾਪਣ ਤੋਂ ਅਸਮਰੱਥ ਰਹੇ । ਇਕ ਵਾਰ ਕਰਨਲ ਸਾਹਿਬ ਨੇ ਲੁਧਿਆਣੇ ਆ ਕੇ ਪ੍ਰੈਸ ਵਿਚ ਦਰਸ਼ਨ ਦਿਤੇ ਸਨ । ਉਸ ਵੇਲੇ ਅਸੀਂ ਆਪ ਨੂੰ ਦਸ ਦਿਤਾ ਸੀ ਕਿ ਖਰਚਾ ਸਾਡੇ ਪਾਸ ਨਹੀਂ ਹੈ, ਇਸ ਲਈ ਅਸੀਂ ਅਜੇ ਛਾਪਣਾ ਸ਼ੁਰੂ ਨਹੀਂ ਕਰ ਸਕੇ । ਤਾਂ ਉਹਨਾਂ ਫ਼ੁਰਮਾਇਆ ਸੀ ਕਿ 'ਜੇ ਛਪਣਾ ਹੋਵੇਗਾ ਤਦ ਛਪ ਜਾਏਗਾ ।' ਸੋ ਸਮਾਂ ਲੰਘਦਾ ਲੰਘ ਗਿਆ । ਖਰਚਾ ਸਾਨੂੰ ਬਾਬੂ ਮੱਲ ਸਿੰਘ ਜੀ ਦੀ ਕਿਰਪਾ ਨਾਲ ਭਾਈ ਸਾਹਿਬ ਦੇ ਚੜ੍ਹਾਈ ਕਰ ਜਾਣ ਤੋਂ ਦੋ ਸਾਲ ਪਿਛੋਂ ੧੯੬੩ ਵਿਚ ਮਿਲਿਆ, ਜਿਸ ਦੀ ਛਪਾਈ ਦਾ ਹੁਣ ਪ੍ਰਬੰਧ ਹੋਇਆ ਹੈ । ਸਾਨੂੰ ਅਫ਼ਸੋਸ ਹੈ ਕਿ ਇਹ ਪੁਸਤਕ ਸ੍ਰੀ ਮਾਨ ਭਾਈ ਸਾਹਿਬ ਜੀ ਦੀ ਜ਼ਿੰਦਗੀ ਵਿਚ ਨ ਛਪ ਸਕੀ । ਅਸੀਂ ਮਜਬੂਰ ਸਾਂ ।

ਭਾਈ ਸਾਹਿਬ ਜੀ ਦੇ ਗੁਰਪੁਰੀ ਸਿਧਾਰਨ ਤੋਂ ਪਿਛੋਂ ੧੯੬੧ ਤੋਂ ੧੯੬੭ ਤਕ ਹੇਠ ਲਿਖੀਆਂ ਅੱਠ ਪੁਸਤਕਾਂ ਛਪ ਗਈਆਂ ਹਨ—

੧. ਵਾਹਿਗੁਰੂ ਸਿਮਰਨ, ੨. ਸਿੱਖੀ ਸਿਦਕ ਤੇ ਧਰਮ ਰਖਿਆ, ੩. ਪ੍ਰੇਮੀਆਂ ਦੀ ਦਾਸਤਾਨ, ੪. ਗੁਰਮਤਿ ਪ੍ਰਕਾਸ਼, ੫. ਗੁਰਮਤਿ ਵਿਚਾਰ, ੬. ਨਾਮ ਸੰਬੰਧੀ ਵਿਚਾਰ, ੭. ਸ਼ੰਕਿਆਂ ਦੇ ਉਤਰ, ੮. ਸਿਮਰਨ ਦਾਤਾ ਸਤਿਗੁਰੂ ।

ਹੁਣ ਇਹ ਬਾਕੀ ਰਹਿੰਦੀ ਨੌਵੀਂ ਪੁਸਤਕ 'ਗੁਰਮਤਿ ਮੰਡਨ ਤੇ ਮਨਮਤਿ ਖੰਡਨ' ਅਰਥਾਤ 'ਗੁਰਮਤਿ ਗੌਰਵਤਾ' ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਪੇਸ਼ ਹੈ। ਇਸ ਪੁਸਤਕ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਮਾਣ ਤੇ ਲੋੜੀਂਦੇ ਦੋ ਤਿੰਨ ਪ੍ਰਸੰਗ ਭੀ ਦਰਜ ਹਨ। ਗੁਰੂ ਦਸਮ ਪਾਤਸ਼ਾਹ ਦੀ ਬਾਣੀ ਅਤੇ ਭਾਈ ਗੁਰਦਾਸ ਜੀ ਦੀ ਬਾਣੀ ਦੇ ਪ੍ਰਮਾਣ ਦਰਜ ਨਹੀਂ ਹਨ। ਏਨ੍ਹਾਂ ਵਿਚੋਂ ਦੋ ਪ੍ਰਮਾਣ ਦੇਣ ਨਾਲ ਹੀ ਲੋੜ ਪੂਰੀ ਹੋ ਜਾਂਦੀ ਹੈ। ਜਿਹਾ ਕਿ—

"ਬੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸ਼ਬਦ ਸੁਣਾਯਾ ॥"

(ਭਾਈ ਗੁਰਦਾਸ, ਵਾਰ ੧੨, ਪਉੜੀ ੧੭)

ਗੁਰੂ ਦਸਮ ਪਾਤਸ਼ਾਹ ਜੀ ਦਾ ਇਹ ਸਵੱਯਾ ਲੋੜੀਂਦਾ ਪ੍ਰਮਾਣ ਹੈ—

ਸਵਯਾ—

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ ॥
ਸਿੰਮ੍ਰਿਤਿ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈਂ ਹਮ ਏਕ ਨ ਜਾਨਯੋ ॥
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈਂ ਨ ਕਹਯੋ ਸਭ ਤੋਹਿ ਬਖਾਨਯੋ ॥

ਅਕਾਲ ਪੁਰਖ ਦਾ ਸ਼ੁਕਰ ਹੈ ਕਿ ਇਹ ਪੁਸਤਕ ਛਪ ਗਈ ਹੈ ਤੇ ਪਾਠਕਾਂ ਦੀ ਚਿਰੋਕਣੀ ਆਸ ਪੂਰੀ ਹੋ ਗਈ ਹੈ।

ਨੋਟ—ਕਰਨਲ ਸਾਹਿਬ ਨੇ ਜੋ ਚਾਰ ਸੌ ਦਸ ਦਮੜੇ ਦਿਤੇ ਸਨ, ਉਹ ਜਦੋਂ ਪੁਸਤਕਾਂ ਸੰਬੰਧੀ ਕਮੇਟੀ ਬਣੀ ਸੀ, ਉਸ ਸਮੇਂ ਚਾਰਜ ਵਿਚ ਦੇ ਦਿਤੇ ਗਏ ਸਨ।

ਦਾਸ—
ਨਾਹਰ ਸਿੰਘ ਗਜਾਨੀ
ਪ੍ਰਕਾਸ਼ਕ

੧੫ ਦਸੰਬਰ ੧੯੬੮
ਐਤਵਾਰ
੧ ਪੋਹ ੨੦੨੫ ਬਿ:

# ਗੁਰਮਤਿ ਸੱਚਾ ਤੇ ਸਦੀਵੀ ਧਰਮ

— ਅਰਥਾਤ —

# ਗੁਰਮਤਿ ਗੌਰਵਤਾ

ਜਿਸ ਵਿਚ

## ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ ।

## ੧. ਗੁਰਮੁਖਿ ਦੇ ਅਰਥ

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥...੫॥

(ਜਪੁ ਜੀ ਸਾਹਿਬ

ਏਥੇ ਇਨ੍ਹਾਂ ਸਤਰਾਂ ਵਿਖੇ "ਗੁਰਮੁਖਿ" ਪਦ ਗੁਰੂ ਅਕਾਲ ਪੁਰਖ ਵਾਹਿਗੁਰੂ ਦਾ ਵਾਚਕ ਹੈ, ਤਾਂ ਤੇ ਇਨ੍ਹਾਂ ਉਪਰ ਲਿਖੀਆਂ ਪੰਗਤੀਆਂ ਦੀ ਵਿਆਖਿਆ ਇਸ ਪ੍ਰਕਾਰ ਕਰਨਾ ਹੀ ਗੁਰਮਤਿ ਅਨੁਸਾਰ ਸਿੱਧ ਹੈ—"ਵਾਹਿਗੁਰੂ" ਨਾਮੁ (ਗੁਰਮੁਖਿ) ਹੀ ਨਾਦ ਹੈ, "ਵਾਹਿਗੁਰੂ" ਨਾਮ ਹੀ ਵੇਦ ਹੈ, ਵਾਹਿਗੁਰੂ ਹੀ ਸਾਰੇ ਸਮਾ ਰਿਹਾ ਹੈ । "ਵਾਹਿਗੁਰੂ" (ਗੁਰੂ) ਹੀ ਈਸਰੁ ਹੈ, ਵਾਹਿਗੁਰੂ ਹੀ ਵਿਸ਼ਨੂ ਹੈ, ਗੁਰੂ ਵਾਹਿਗੁਰੂ ਹੀ ਬ੍ਰਹਮਾ ਹੈ, ਗੁਰੂ ਵਾਹਿਗੁਰੂ ਹੀ ਲਖਸ਼ਮੀ ਹੈ । ਦੂਜਾ ਪਦ ਗੁਰੁ ਗੋਰਖੁ ਅਤੇ ਬ੍ਰਹਮਾ ਨਾਲ ਸਾਂਝਾ ਹੀ ਲਗਦਾ ਹੈ । ਗੁਰਮਤਿ ਅਨੁਸਾਰ ਕੇਵਲ ਗੁਰੂ ਅਕਾਲ ਪੁਰਖ ਦੀ ਉਪਾਸ਼ਨਾ ਦਾ ਹੀ ਵਿਧਾਨ ਹੈ, ਆਨਮਤੀਆਂ ਵਾਂਗੂ ਬਰ੍ਹਮਾ, ਵਿਸ਼ਨੂ, ਮਹੇਸ਼ ਆਦਿਕ ਦੇਵਤਿਆਂ ਦੀ ਮਨੌਤੀ ਨਹੀਂ, ਨਾ ਹੀ ਲਛਮੀ ਦੀ ਪੂਜਾ ਪਰਵਾਨ ਹੈ । ਗੁਰਸਿੱਖਾਂ ਲਈ ਗੁਰਮਤਿ ਅਨੁਸਾਰ ਸਭ ਕੁਝ ਗੁਰੂ ਹੀ ਗੁਰੂ, ਵਾਹਿਗੁਰੂ ਹੀ ਵਾਹਿਗੁਰੂ ਪਰਧਾਨ ਹੈ । ਗੁਰੂ ਅਕਾਲ ਪੁਰਖ ਹੀ, ਅਰਥਾਤ, ਵਾਹਿਗੁਰੂ ਨਾਮ ਹੀ ਸ਼ਬਦ-ਮੰਤਰ ਹੈ, ਵਾਹਿਗੁਰੂ ਦਾ ਨਾਮ ਹੀ ਵੇਦ ਹੈ । ਇਸ ਤੋਂ ਉਪਰੰਤ ਗੁਰਸਿੱਖਾਂ ਲਈ ਗੁਰਮਤਿ ਅੰਦਰ ਕੋਈ ਨਾਦ ਵੇਦ ਨਹੀਂ, ਨਾ ਕੋਈ ਨਾਦ ਹੈ ਨਾ ਵੇਦ ਹੈ । ਨਾ ਹੀ ਨਾਦ ਨਾ ਹੀ ਵੇਦ ਗੁਰਮਤਿ ਅੰਦਰ ਪ੍ਰਮਾਣੀਕ ਹਨ । ਗੁਰਸਿੱਖਾਂ ਦੇ ਨਿਕਟ ਗੁਰੂ ਹੀ ਸ਼ਿਵਜੀ ਹੈ, ਗੁਰੂ ਹੀ ਵਿਸ਼ਨੂ ਹੈ ਅਤੇ ਗੁਰੂ ਹੀ ਪਾਰਬਤੀ ਮਾਈ ਹੈ । ਬਸ, ਕੇਵਲ

ਗੁਰੂ ਵਾਹਿਗੁਰੂ ਦੀ ਉਪਾਸ਼ਨਾ ਹੀ ਨਿਰੋਲ ਗੁਰਮਤਿ ਹੈ। ਹੋਰ ਸਭ ਆਨ-ਮਤਿ ਹੈ, ਜਿਸ ਵਿਚ ਗੁਰੂ ਦੇ ਸਿਖ ਹਰਗਿਜ਼ ਹਰਗਿਜ਼ ਨਹੀਂ ਪੈਂਦੇ।

ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨਾ ਜਾਈ ॥੫॥

[ਜਪੁ ਜੀ ਸਾਹਿਬ

ਗੁਰਾਂ, ਭਾਵ, ਗੁਰੂ ਸਾਹਿਬ ਨੇ ਏਹੀ ਇਕ ਗੁਰਮਤਿ ਗੱਲ, ਗੁਰਸਿੱਖਾਂ ਪ੍ਰਤੀ ਬੁਝਾਇ ਦਿਤੀ ਹੈ ਕਿ ਸਭਨਾਂ ਜੀਆਂ ਦਾ ਇਕੋ ਦਾਤਾ ਗੁਰੂ ਅਕਾਲ ਪੁਰਖ ਹੀ ਹੈ, ਜਿਸ ਦੇ ਵਾਹਿਗੁਰੂ ਰੂਪੀ ਨਾਮ ਨੂੰ ਕਦੇ ਵਿਸਾਰਨਾ ਨਹੀਂ ਚਾਹੀਦਾ।

# ੨. ਨਾਮ ਦਾ ਸੁਣਨਾ

ਸੁਣਿਐ ਈਸਰੁ ਬਰਮਾ ਇੰਦੁ ॥ ਸੁਣਿਐ ਮੁਖਿ ਸਾਲਾਹਣ ਮੰਦੁ ॥
ਸੁਣਿਐ ਜੋਗ ਜੁਗਤਿ ਤਨਿ ਭੇਦ ॥ ਸੁਣਿਐ ਸਾਸਤ ਸਿਮ੍ਰਿਤ ਵੇਦ ॥...੯॥

[ਜਪੁ ਜੀ ਸਾਹਿਬ

ਵਾਹਿਗੁਰੂ ਦਾ ਨਾਮ, ਅੰਮ੍ਰਿਤ ਬਾਣੀ ਸੁਣ ਕਰਕੇ (ਮਨ ਬਚਨ ਕਰਮ ਕਰਕੇ ਸ੍ਰਵਣ ਕੀਤਿਆਂ) ਸ਼ਿਵਜੀ, ਬਰ੍ਹਮਾ ਤੇ ਇੰਦਰ ਦੀ ਅਹਿਮੀਅਤ ਦਾ ਪਤਾ ਲਗ ਜਾਂਦਾ ਹੈ। ਏਹਨਾਂ ਤਿੰਨਾਂ ਦੇਵਤਿਆਂ ਦੀ ਉਪਾਸ਼ਨਾ ਨੂੰ ਗੁਰਮੁਖਿ ਜਨ, ਗੁਰਮੁਖਿ ਦੀਖਿਆ ਦੇ ਸੁਣਨ ਵਾਲੇ ਤੁਛ ਮਾਤਰ ਸਮਝਦੇ ਹਨ, ਇਨ੍ਹਾਂ ਤੇਹਾਂ ਦੇਵਤਿਆਂ ਦੀ ਉਪਾਸ਼ਨਾ ਵਿਚ ਪੈਂਦੇ ਹੀ ਨਹੀਂ। ਕੇਵਲ ਸਿਫ਼ਤ ਸਾਲਾਹ ਗੁਰਮਤਿ ਨਾਮ ਦੀ ਅਭਿਆਸ ਪੂਜਾ ਨੂੰ ਹੀ ਸ੍ਰੇਸ਼ਟ ਕਰਕੇ ਜਾਣਦੇ ਹਨ, ਅਤੇ ਗੁਰਮਤਿ ਨਾਮ ਦੀ ਸਿਫ਼ਤ ਸਲਾਹ ਮਈ ਅਭਿਆਸ ਉਪਾਸ਼ਨਾ ਵਿਖੇ ਸਵਾਸ ਸਵਾਸ ਲੀਨ ਰਹਿਣਾ ਹੀ ਉਤਮ ਸਮਝਦੇ ਹਨ। ਵਾਹਿਗੁਰੂ-ਨਾਮ-ਦੀਖਿਆ ਦੇ ਤੱਤ ਅਭਿਆਸੀ ਬਣ ਕੇ ਗੁਰਮੁਖ ਜਨਾਂ ਗੁਰਸਿੱਖਾਂ ਨੂੰ ਸੱਚੀ ਜੋਗ ਜੁਗਤੀ ਦਾ ਭੇਤ ਕਾਇਆਂ ਅੰਦਰ ਹੀ ਜ਼ਹੂਰ ਪਜ਼ੀਰ ਹੋ ਜਾਂਦਾ ਹੈ। ਹਠ-ਯੋਗ ਦੀਆਂ ਆਨਮਤ ਜੁਗਤੀਆਂ ਦੇ ਭੇਦਾਂ ਵਿਚ ਗੁਰਸਿਖ ਜਨ ਪ੍ਰਵਿਰਤ ਹੀ ਨਹੀਂ ਹੁੰਦੇ। ਗੁਰਮਤਿ ਦੀਖਿਆ ਦੇ ਸ੍ਰਵਣ ਕੀਤਿਆਂ, ਗੁਰਮਤਿ ਨਾਮ ਅਭਿਆਸ ਦੇ ਤੱਤ ਜੁਗਤਿ ਜੋਗੀਸ਼ਰ ਬਣਿਆਂ ਆਨਮਤੀ ਪੁਸਤਕਾਂ ਸ਼ਾਸਤ੍ਰ, ਵੇਦ, ਸਿਮ੍ਰਿਤੀਆਂ ਦੇ ਭੀ ਪਾਜ ਖੁਲ੍ਹ ਜਾਂਦੇ ਹਨ ਕਿ ਉਨ੍ਹਾਂ ਵਿਚ ਪ੍ਰਮਾਰਥ ਬ੍ਰਿਧੀ ਸੰਬੰਧੀ ਕੁਝ ਨਹੀਂ ਧਰਿਆ ਪਿਆ। ਸਚੇ ਨਾਮ ਰੂਪੀ ਵੇਦ ਦੇ ਸਦਾ ਅਭਿਆਸ-ਸਰੋਤੇ ਬਣ ਕੇ ਗੁਰਮੁਖ ਜਨਾਂ ਨੂੰ ਵੇਦ ਸਿਮ੍ਰਿਤੀਆਂ ਸ਼ਾਸਤ੍ਰਾਂ ਦੇ ਪੜ੍ਹਨ-ਸੁਣਨ-ਘੋਖਣ ਦੀ ਅਕਾਂਖਿਆ ਹੀ ਨਹੀਂ ਉਪਜਦੀ।

**ਸੁਣਿਐ ਅਠਸਠਿ ਕਾ ਇਸਨਾਨੁ ॥...੧੦॥** [ਜਪੁ ਜੀ ਸਾਹਿਬ

ਗੁਰਮਤਿ ਨਾਮ-ਦੀਖਿਆ ਦੇ ਨਿਧਿਆਸਣ ਕਰਨਹਾਰੇ ਗੁਰਮੁਖ ਅਭਿਆਸੀ ਜਨਾਂ ਨੂੰ ਸੁਤੇ ਸਿਧ ਹੀ ਅਠਾਹਠ (ਅਠਸਠਿ) ਤੀਰਥਾਂ ਦਾ ਮੱਜਨੀ ਮਹਾਤਮ ਸੰਜੋਗਤ ਹੋ ਜਾਂਦਾ ਹੈ। ਤਿਨ੍ਹਾਂ ਨੂੰ ਅਨਮਤੀ ਤੀਰਥਾਂ ਵਿਖੇ ਨ੍ਹਾਵਣ ਦੀ ਲੋੜ ਹੀ ਨਹੀਂ ਸਫੁਰਨ ਹੁੰਦੀ।

ਸੁਣਿਐ ਸੇਖ ਪੀਰ ਪਾਤਿਸਾਹ ॥...੧੧॥ [ਜਪੁ ਜੀ ਸਾਹਿਬ

ਗੁਰਮੁਖ ਗੁਰਮਤਿ-ਦੀਖਿਆ ਲੈ ਕੇ ਸ੍ਰਵਣ ਮੰਨਣ ਨਿਧਿਆਸਣ ਕਰਨਹਾਰੇ ਗੁਰਸਿੱਖਾਂ ਦੀ ਮਨੌਤੀ ਐਸੀ ਹੋ ਜਾਂਦੀ ਹੈ ਕਿ ਤਿਸ ਦੇ ਅਗੇ ਸ਼ੇਖ ਪੀਰ ਪਾਤਸ਼ਾਹਾਂ ਦੀ ਮਨੌਤੀ ਹੇਚ ਹੈ, ਭਾਵ, ਯਵਨ ਮਤ੍ਰ **ਅਵਲੰਬੀ** ਪੀਰ ਪੈਗ਼ੰਬਰ ਸ਼ੇਖ਼ ਮੁਸ਼ਾਇਖ਼, ਔਲੀਏ, ਵਾਹਿਗੁਰੂ ਨਾਮ ਦੀ ਗੁਰਦੀਖਿਆ ਲੈਣਹਾਰਿਆਂ ਗੁਰਸਿੱਖਾਂ ਦੀ ਬਰਾਬਰੀ ਨਹੀਂ ਕਰ ਸਕਦੇ, ਤਿਨ੍ਹਾਂ ਦਾ ਮਰਤਬਾ ਇਨ੍ਹਾਂ ਯਵਨ ਮਤ ਅਵਲੰਬੀ ਪੀਰਾਂ ਪੈਗ਼ੰਬਰਾਂ ਨਾਲੋਂ ਬਹੁਤ ਉਚਾ ਹੁੰਦਾ ਹੈ।

# ੩. ਸ੍ਰਿਸ਼ਟੀ ਰਚਨਾ

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥...੨੧॥

[ਜਪੁ ਜੀ ਸਾਹਿਬ

ਸ੍ਰਿਸ਼ਟੀ ਦੀ ਉਤਪਤੀ ਬਾਰੇ ਬੇਦ-ਵੇਤਾ ਪੰਡਤਾਂ ਦੇ ਪਾਸ ਜੇ ਕੋਈ ਪੁਰਾਣਿਕ ਲੇਖ ਹੈ ਭੀ ਤਾਂ ਉਹ ਉੱਕਾ ਹੀ ਢੁਕਵਾਂ ਨਹੀਂ, ਕਿਉਂਕਿ ਪੰਡਤਾਂ ਨੇ, ਬੜੇ ਬੜੇ ਵੇਦ-ਜਾਣੂ ਪੰਡਤਾਂ ਨੇ ਭੀ ਅਜ ਤਾਈਂ ਸ੍ਰਿਸ਼ਟੀ ਦੀ ਉਤਪਤੀ ਬਾਰੇ ਕੋਈ ਖ਼ਾਸ ਵੇਲਾ (ਘੜੀ) ਨਹੀਂ ਲੱਭੀ, ਜਿਸ ਕਰਕੇ ਉਹ ਕਹਿ ਸਕਣ ਕਿ ਫਲਾਣੇ ਖ਼ਾਸ ਵੇਲੇ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਇਸ ਬਾਰੇ ਫ਼ਜ਼ੂਲ ਮਗ਼ਜ਼ੌਲੀਆਂ ਮਾਰਨ ਵਿਚ ਵੇਦਵੇਤਾ ਪੁਰਾਣ ਪੰਡਤ ਰੁਝੇ ਰਹੇ ਹਨ। 'ਵੇਲ' ਪਦ ਦਾ ਲਲਾ ਮੁਕਤਾ ਹੋਣ ਕਰਕੇ ਏਥੇ ਇਹ ਪਦ ਇਸਤ੍ਰੀ ਲਿੰਗ ਵਾਚਕ ਹੈ, ਏਸੇ ਕਰਕੇ ਏਸ ਨਾਂਵ (*noun*) ਦੀ ਕਿਰਿਆ, 'ਪਾਈਆ' ਭੀ ਇਸਤ੍ਰੀ ਲਿੰਗ ਹੈ, ਇਸ ਕਰਕੇ ਇਸ ਪਦ ਦੇ ਈੜੀ ਅੱਖਰ ਨੂੰ ਬਿਹਾਰੀ ਲਗੀ ਹੋਈ ਹੈ। ਕੁਰਾਣ ਵਿਚ ਆਇਆ ਖ਼ਾਸ ਲੇਖ ਇਸ ਬਾਰੇ ਲਿਖਣਹਾਰੇ ਕਾਜ਼ੀਆਂ ਨੇ ਭੀ ਇਸ ਖ਼ਾਸ ਵਕਤ ਨੂੰ ਨਹੀਂ ਪਾਇਆ, ਜਿਸ ਕਰਕੇ ਉਹ ਨਿਸਚੇ ਨਾਲ ਕਹਿ ਸਕਣ ਕਿ ਫਲਾਣੇ ਵਕਤ ਕੁਦਰਤੀ ਕਾਇਨਾਤ ਦੀ ਬਣਤਰ ਹੋਈ ਹੈ। ਤਾਂ ਤੇ ਵੇਦ ਅਤੇ ਕੁਰਾਨ ਮਤ ਦੋਏ

ਕਰਤੇ ਪੁਰਖ ਦੀ ਰਚਨਾ ਦੇ ਅਰੰਭ ਦਾ ਥਹੁ-ਪਤਾ ਲਾਉਣ ਵਲੋਂ ਕਾਸਰ ਰਹੇ ਹਨ। ਐਵੇਂ ਫ਼ਾਲਤੂ ਮਗ਼ਜ਼ ਮਾਰਨ ਦਾ ਹੀ **ਵਖਤ** ਉਨ੍ਹਾਂ ਨੂੰ ਪਿਆ ਰਿਹਾ **ਹੈ।** ਜੋਗ ਸ਼ਾਸਤ੍ਰ ਦਾ ਜਾਣੂ ਵਡੇ ਤੋਂ ਵਡਾ ਜੋਗੀ ਜਨ ਭੀ ਸ੍ਰਿਸ਼ਟੀ-ਉਤਪਤੀ ਦੀ ਅਰੰਭ-ਰਚਨਾ ਬਾਰੇ ਕੋਈ ਥਿਤਿ ਵਾਰ ਨਹੀਂ ਜਾਣ ਸਕਿਆ, ਇਹ ਨਿਸ਼ਾਨ ਉੱਕਾ ਹੀ ਨਹੀਂ ਦੇ ਸਕਿਆ ਕਿ ਕਿਹੜੀ ਥਿਤਿ ਤੇ ਕਿਹੜੇ ਦਿਨ (ਵਾਰੁ) ਕੁਦਰਤ ਸਾਜੀ ਗਈ ਹੈ, ਕੋਈ ਭੀ ਰੁਤਿ (ਮੌਸਮ) ਮਾਹੁ (ਮਹੀਨਾ) ਦਾ ਥਹੁ ਪਤਾ ਨਹੀਂ ਪਾ ਸਕਿਆ। ਗੁਰਮਤਿ ਦਾ ਸੱਚਾ ਫ਼ੈਸਲਾ ਇਹੀ ਹੈ ਕਿ ਜੋ ਕਰਤਾ ਕੁਦਰਤ ਦਾ ਕਰਨਹਾਰ ਹੈ ਅਤੇ ਸ੍ਰਿਸ਼ਟੀ ਦਾ ਸਾਜਣਹਾਰ, ਰਚਨਾ ਰਚਨਹਾਰ ਹੈ, ਉਹੀ ਇਸ ਭੇਦ ਨੂੰ ਜਾਣੇ ਤਾਂ ਜਾਣੇ, ਹੋਰ ਕੋਈ ਇਸ ਭੇਦ ਨੂੰ ਨਹੀਂ ਜਾਣ ਸਕਦਾ। ਨਾ ਹੀ ਗੁਰਮਤਿ ਇਸ ਖਲਜਗਣ ਵਿਚ ਪੈਣ ਦੀ ਇਜਾਜ਼ਤ ਦੇਂਦੀ ਹੈ ਕਿ ਕਾਦਰ ਕਰਤੇ ਪੁਰਖ ਦੀ ਰਚਨਾ ਦੇ ਮੁਢ ਅੰਤ ਬਾਰੇ ਸਿਰ-ਖਪਾਈ ਕੀਤੀ ਜਾਵੇ। ਗੁਰਮਤਿ ਤਾਂ ਕੇਵਲ ਕਰਤੇ ਪੁਰਖ ਕਾਦਰੇ ਮੁਤਲਿਕ ਦੀ ਪਵਿਤਰ ਹਸਤੀ ਜ਼ਾਤੇ ਪਾਕ ਦਾ ਅਪਰੋਖਸ਼ (ਪਰਤੱਖ) ਗਿਆਨ ਵਾਲਾ ਇਲਮੁਲ-ਗੈਬੀ, ਹਕੀਕ੍ਤੀ ਨੀਸ਼ਾਨ ਲਭਣਾ (ਪ੍ਰਾਪਤ ਕਰਨਾ) ਉਤੇ ਜ਼ੋਰ ਦੇਂਦੀ ਹੈ। ਆਨਮਤਾਂ ਵਾਂਗੂ ਅਬੇ ਤਬੇ ਦੀਆਂ ਅਫਰਾਊ ਫ਼ਾਲਤੂ ਸਹਿਸ ਸਿਆਣਪੀ ਅਕਲੀ ਘਾੜਤ ਵਿਚ ਪੈਣ ਦੀ ਗੁਰਮਤਿ-ਦਰਸੀਆਂ ਨੂੰ ਲੋੜ ਨਹੀਂ।

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥...੨੨॥
[ਜਪੁ ਜੀ ਸਾਹਿਬ

ਕਰਤੇ ਪੁਰਖ ਦੇ ਆਦਿ ਅੰਤ ਦੇ ਬਾਰੇ ਵੇਦਾਂ ਨੂੰ ਭੀ ਥਹੁ-ਪਤਾ ਨਹੀਂ ਲਗਿਆ, ਉਹ (ਵੇਦ) ਇਹੀ ਇਕ ਗੱਲ ਕਹਿਣ ਤੇ ਜ਼ੋਰ ਦੇਂਦੇ ਹਨ। ਬਥੇਰਾ ਉਹ ਭਾਲ ਥਕੇ ਹਨ, ਓੜਕ ਨੂੰ ਉਸ ਦਾ ਅੰਤ ਨਹੀਂ ਆਇਆ। ਮੁਸਲਮਾਨ ਆਦਿਕ ਯਵਨੀ ਮਤ ਦੇ ਲੋਗਾਂ ਦੀਆਂ ਪੁਸਤਕਾਂ ਆਖਦੀਆਂ ਹਨ ਕਿ ਸ੍ਰਿਸ਼ਟੀ ਕਾਇਨਾਤ ਦੇ ਅਠਾਰ੍ਹਾਂ ਹਜ਼ਾਰ ਆਲਮ (ਤਬਕੇ) ਹਨ, ਵੇਦ-ਕਤੇਬੀ ਮਤਾਂ ਦੀਆਂ ਇਹ ਸਭ ਫੋਕਟ ਯਕੜ-ਬਾਜ਼ੀਆਂ ਹਨ। ਗੁਰਮਤਿ ਤਾਂ ਇਕੋ ਅਸਲੇ ਵਾਲੇ ਤੱਤ-ਸਾਰ ਮਸਲੇ (ਵਾਹਿਗੁਰੂ-ਪ੍ਰਾਪਤੀ) ਉਤੇ ਹੀ ਕਾਇਮ ਹੈ, ਤੱਤਪਰ ਹੈ। ਵੇਦ-ਅਵਲੰਬੀ ਮਤ ਮਤੀਸ਼ਰ "ਵੇਦ ਕਹਨਿ ਇਕ ਵਾਤ" ਰੂਪੀ ਅਧ-ਪੰਗਤੀ ਦਾ ਜੋ ਇਹ ਅਰਥ ਲਾਉਂਦੇ ਹਨ, ਕਿ ਵੇਦ ਹੀ ਇਕ ਠਿਕਾਣੇ ਦੀ ਗੱਲ ਦਸਦੇ ਹਨ, ਇਹ ਬਿਲਕੁਲ ਗ਼ਲਤ ਹੈ। ਜੇ ਠਿਕਾਣੇ ਦੀ ਗੱਲ ਦਸਦੇ ਤਾਂ ਭਾਲ ਥਕੇ ਵਾਲੀ ਸਿਰ-ਖਪਾਈ ਦਾ ਮਸਲਾ ਕਿਉਂ ਪ੍ਰਤਿਪਾਦਨ ਕਰਦੇ? ਬੇਦ ਤਾਂ ਹੰਭ ਕੇ ਇਕ ਇਹੋ ਗੱਲ ਦਸਦੇ ਹਨ ਕਿ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਦਾ, ਓੜਕ ਨੂੰ ਭਾਲ ਕੇ ਥਕ

ਚੁਕੇ ਹਨ। ਤਾਂ ਤੇ ਉਪਰ ਲਿਖੀ ਅਧ-ਪੰਗਤੀ ਵਿਚ ਵੇਦਾਂ ਦਾ ਵਿਧਾਨ ਹਰਗਿਜ਼ ਹਰਗਿਜ਼ ਸਿਧ ਨਹੀਂ ਹੁੰਦਾ, ਸਗੋਂ ਨਿਊਣਤਾ ਸਿੱਧ ਹੁੰਦੀ ਹੈ।

# ੪. ਅਮੁਲੋ ਅਮੁਲੁ ਆਖਿਆ ਨ ਜਾਇ

ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥
ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥
ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥
ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥
ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥
ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥
ਏਤੇ ਕੀਤੇ **ਹੋਰਿ** ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥...੨੬॥

[ਜਪੁ ਜੀ ਸਾਹਿਬ

ਇਸ ਗੁਰਵਾਕ-ਪੰਗਤੀ ਵਿਚ ਭੀ ਆਨਮਤੀ ਪੁਸਤਕਾਂ ਵੇਦ-ਪਾਠ ਪੁਰਾਣਾਂ ਦੀ ਨਿਖੇਧੀ ਹੀ ਸਿਧ ਹੋਈ ਹੈ, ਬਿਧੀ ਸਿਧ ਨਹੀਂ ਹੁੰਦੀ। ਇਨ੍ਹਾਂ ਆਨਮਤੀ ਪੁਸਤਕਾਂ ਨੂੰ ਆਖਣ ਪੜ੍ਹਨ ਵਾਲੇ, ਵਖਿਆਨਣ ਵਾਲੇ, ਬਰ੍ਹਮਾ, ਇੰਦਰ ਆਦਿਕ, ਗੋਪੀ ਤੇ ਗੋਬਿੰਦ (ਕ੍ਰਿਸ਼ਨ) ਆਦਿਕ, ਮਹਾਂਦੇਉ ਸਿਧ ਆਦਿਕ ਸਭ ਨਖਿਧ ਹੀ ਪ੍ਰਮਾਣੇ ਗਏ ਹਨ। ਅਨੇਕਾਂ ਹੀ ਬੁਧ ਆਦਿਕ ਰਿਖੀ ਮੁਨੀ ਮਹਿਜ਼ ਕਿਆਸ-ਅਰਾਈਆਂ ਤੇ ਨਿਜ-ਬੁਧ ਅਲਪਗਤਾਈਆਂ ਦੁਆਰਾ ਪ੍ਰਮਾਰਥੀ ਤੱਤ ਨੂੰ ਆਖਣ ਵਿਚ ਕਾਸਰ ਰਹੇ ਹਨ। ਜਿਤਨੇ ਭੀ ਦਾਨੋ ਦੇਵਤੇ, ਸੁਰ, ਨਰ, ਮੁਨ, ਜਨ ਹੋਏ ਹਨ, ਤਿਨ੍ਹਾਂ ਦਾ ਤਾਂ ਆਖਣਾ ਹੀ ਕੀ ਹੈ, ਉਹ ਭੀ ਅਸਲੀ ਬਾਤ ਆਖਣੋਂ ਥੋਥੇ ਹੀ ਰਹੇ ਹਨ। ਹੋਰ ਬਥੇਰੇ ਆਖ ਆਖ ਕੇ ਹੰਭ ਚੁਕੇ ਹਨ, ਅਤੇ ਅਨੇਕਾਂ ਹੀ ਆਖ ਆਖ ਕੇ ਉਠ ਗਏ। ਕਰਤੇ ਪੁਰਖ ਦੇ ਕੀਤੇ ਜੰਤ ਇਸ ਪ੍ਰਕਾਰ ਦੇ ਅਨੇਕਾਂ ਹੀ ਹੋਏ ਹਨ ਅਤੇ ਅਨੇਕਾਂ ਹੀ ਹੋਰ ਹੋਣਗੇ, ਪਰ ਇਨ੍ਹਾਂ ਅਲਪੱਗ ਪੁਰਸ਼ਾਂ ਨੂੰ ਸਰਬੱਗ ਕਰਤੇ ਦੀ ਕੁਦਰਤ ਦਾ ਕੁਝ ਭੀ ਭੇਦ ਪ੍ਰਾਪਤ ਨਹੀਂ ਹੋ ਸਕਦਾ। ਗੁਰਮਤਿ ਤਾਂ ਇਹੋ ਦ੍ਰਿੜ੍ਹਾਉਂਦੀ ਹੈ ਕਿ ਵਾਹਿਗੁਰੂ ਅਕਾਲ ਪੁਰਖ ਕਰਤਾਰ ਕਰਤਾ ਹੈ।

ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥੨੬॥

[ਜਪੁ ਜੀ ਸਾਹਿਬ

ਗੁਰਮਤਿ ਦਵਾਰਾ ਇਹ ਭੀ ਸਿੱਧ ਹੁੰਦਾ ਹੈ, ਜੇ ਕੋਈ ਹਮਾਕਤੀ ਪੁਰਸ਼, ਸਰਬੱਗ ਪ੍ਰਮਾਤਮਾ ਦੀ ਮਾਹੀਅਤ ਨੂੰ ਜਾਨਣ ਦਾ ਦਾਅਵਾ ਬੰਨ੍ਹਦਾ ਹੈ, ਉਹ ਸਿਰ ਗਾਵਾਰਾਂ ਗਾਵਾਰ ਤੇ ਮਹਾਂ ਬੋਲ-ਵਿਗਾੜ ਹੈ, ਭਾਵ, ਗਵਾਰਾਂ ਸਿਰ ਗਵਾਰ ਹੈ।

ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥...੨੭॥
[ਜਪੁ ਜੀ ਸਾਹਿਬ

ਈਸ਼ਰ, ਬ੍ਰਮਾ, ਆਦਿਕ ਦੇਵੀ ਦੇਵਤੇ, ਕਰਤੇ ਪੁਰਖ ਦੇ ਸਾਜੇ ਸਵਾਰੇ ਹੋਏ ਆਪੋ ਆਪਣੀਆਂ ਗਾਵਣੀਆਂ ਦੁਆਰਾ, ਹੇ ਅਕਾਲ ! ਤੈਨੂੰ ਗਾਂਵਦੇ ਹਨ। ਇੰਦ੍ਰਾਸਣਾਂ ਤੇ ਬੈਠੇ ਅਨੇਕਾਂ ਤੇਰੇ ਸਾਜੇ ਹੋਇ ਇੰਦਰ ਆਦਿਕ ਦੇਵਤੇ, ਅਨੇਕਾਂ ਹੀ ਆਪੋ ਆਪਣੀ ਮਨੋ-ਭਾਵਣੀਆਂ ਦੁਆਰਾ ਤੈਨੂੰ ਸਲਾਹੁੰਦੇ ਸਿਫਤਾਉਂਦੇ ਹਨ। ਅਨੇਕਾਂ ਹੀ ਸਿਧ, ਆਪੋ ਆਪਣੀਆਂ ਮਨੋ-ਕਲਪਤ ਸਮਾਧੀਆਂ ਅੰਦਰ ਸਮਾਧਤ ਹੋਏ ਹੋਏ, ਅਨੇਕਾਂ ਹੀ ਭੇਖੀ ਸਾਧ ਆਪਣੇ ਮਨ-ਉਕਤ ਵਿਚਾਰਾਂ ਦੁਆਰਾ, ਹੇ ਵਾਹਿਗੁਰੂ ! ਤੈਨੂੰ ਗਾਉਂਦੇ, ਸਲਾਹੁੰਦੇ, ਕਥਤਾਉਂਦੇ ਹਨ। ਅਣਗਿਣਤ ਹੀ ਜਤੀ, ਤਪੀ, ਸੰਤੋਖੀ ਅਤੇ ਵੀਰ ਬਹਾਦਰ ਆਪੋ ਆਪਣੀਆਂ ਬਹਾਦਰੀਆਂ, ਜਤ-ਪੁਣੇ, ਸਤ-ਪੁਣੇ,ਸੰਤੋਖ-ਪੁਣੇ ਦੀਆਂ ਨਿਤ ਅਲਾਉਣੀਆਂ ਅਲਾਉਂਦੇ ਹੋਏ ਇਕ ਪ੍ਰਕਾਰ ਤੈਨੂੰ ਹੀ ਗਾਉਂਦੇ ਦਿਸਦੇ ਹਨ ਅਤੇ ਅਨੇਕਾਂ ਹੀ ਅਨਮਤੀ ਬੇਦ-ਵੇਤਾ ਪੰਡਤ ਅਤੇ ਰਿਸ਼ੀ ਮੁਨੀ ਜੁਗਾਂ ਜੁਗਾਂਤਰਾਂ ਤੋਂ ਤੈਨੂੰ ਮਨ-ਉਕਤ ਗਾਉਣੀਆਂ ਦੁਆਰਾ ਗਾਉਂਦੇ ਚਲੇ ਆਏ ਹਨ ਅਤੇ ਅਨੇਕ ਹੀ ਮਾਤ ਲੋਗ ਦੀਆਂ ਸੁਰਗਾਂ ਪਾਤਾਲਾਂ ਦੀਆਂ ਮਨ-ਮੋਹਣ ਵਾਲੀਆਂ ਮੋਹਣੀਆਂ ਇਸਤ੍ਰੀਆਂ ਭੀ ਵਾਹਿਗੁਰੂ ਦੇ ਉਸਤਤੀ ਸਤੋਤ੍ਰ 'ਪੜ੍ਹਦੀਆਂ ਗਾਉਂਦੀਆਂ ਜਾਪਦੀਆਂ ਹਨ। ਹੇ ਵਾਹਿਗੁਰੂ ! ਤੇਰੇ ਉਪਾਏ ਹੋਏ ਅਨੇਕਾਂ ਰਤਨ ਚੰਦ੍ਰਮਾ, ਧਨੰਤਰ, ਕਾਮਧੇਨ ਆਦਿਕ ਸਣੇ ਆਨਮਤੀ ਅਠਾਹਠ ਹੀ ਤੀਰਥਾਂ ਅਤੇ ਆਨਮਤੀ-ਵਾਸੀਆਂ ਦੇ ਤੈਨੂੰ ਗਾਵਣ ਦੀਆਂ ਡੀਂਗਾਂ ਮਾਰਦੇ ਹਨ। ਚਾਰੇ ਖਾਣੀਆਂ ਦੇ ਨਿਵਾਸੀ ਜੋਧ ਮਹਾਬਲ ਸੂਰੇ ਭੀ ਤੈਨੂੰ ਹੀ ਗਾਵਣ ਦਾ ਦਾਅਵਾ ਕਰਦੇ ਹਨ। ਤੇਰੇ ਹੀ ਧਾਰੇ ਹੋਏ ਲੋਕ ਦੇਵ-ਲੋਕ ਨਿਵਾਸੀ, ਖੰਡਾਂ ਬ੍ਰਹਿਮੰਡਾਂ ਦੇ ਵਾਸੀ 'ਲੋਗ ਤੈਨੂੰ ਹੀ ਗਾਂਵਦੇ ਪ੍ਰਤੀਤ ਹੁੰਦੇ ਹਨ। ਪਰੰਤੂ ਗੁਰਮਤਿ ਅਨੁਸਾਰ ਅਸਲ ਗਾਵਣੀ ਗਾਵਣਹਾਰ ਰਸੀਏ ਤੇਰੇ ਗੁਰਮੁਖਿ ਭਗਤ ਜਨ ਹੀ ਹਨ, ਜੈਸੇ

ਕਿ "ਸੇਈ ਤੁਧਨੋ ਗਾਵਹਿ ਜੋ ਤੁਧੁ ਭਾਵਨਿ ਰਤੇ ਤੇਰੇ ਭਗਤ ਰਸਾਲੇ"* ਵਾਲੀ ਗੁਰਵਾਕ-ਤੁਕ ਦ੍ਰਿੜ੍ਹਾਉਂਦੀ ਹੈ ਅਤੇ ਅਗਲੀ ਤੁਕ ਭੀ ਇਹੀ ਭਾਵ ਬਿਦਤਾਉਂਦੀ ਹੈ ਕਿ ਉਪਰ ਦਸੇ ਰਸੀਏ ਗੁਰਮੁਖ ਭਗਤ ਜਨਾਂ ਤੋਂ ਬਿਨਾਂ ਹੋਰ ਕੇਤੇ ਹੀ ਤੇਰੇ ਉਪਾਏ ਹੋਏ ਜੀਉ ਜੰਤ ਆਪੋ ਆਪਣੀਆਂ ਗਾਵਣੀਆਂ ਤੈਨੂੰ ਗਾਉਂਦੇ ਹਨ, ਪਰੰਤੂ ਮੇਰੇ ਚਿਤ ਨਹੀਂ ਆਉਂਦੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਹਨਾਂ ਚਿਤ ਵਿਚ ਨ ਆਉਣ ਵਾਲਿਆਂ ਦੀ ਵਿਚਾਰ ਕੀ ਵੀਚਾਰਨੀ ਹੈ, ਯਥਾ :

ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ
ਨਾਨਕੁ ਕਿਆ ਵੀਚਾਰੇ ॥...॥ ੨੭ ॥ [ਜਪੁ ਜੀ ਸਾਹਿਬ

ਤਾਂ ਤੇ ਗੁਰਮਤਿ ਅਨੁਸਾਰ ਗੁਰੂ ਘਰ ਦੇ ਗੁਰਮੁਖ ਜਨਾਂ ਦੀ ਗਾਵੀ ਸੁਣੀ ਗੁਰਬਾਣੀ ਹੀ ਥਾਏਂ ਪੈਂਦੀ ਹੈ। ਗੁਰਬਾਣੀ ਦਾ ਕੀਰਤਨ ਗਾਵਿਆ ਹੋਇਆ ਏਥੇ ਕਮਾਣਾ ਅਗੇ ਦਰਗਾਹੇ ਲੇਖੇ ਲਗਦਾ ਹੈ, ਆਨਮਤ ਵੇਦਾਂ ਪੁਰਾਣਾਂ, ਕੁਰਾਣਾਂ ਆਦਿਕ ਵਿਚ ਪਾਈ ਕੱਚੀ ਬਾਣੀ ਨੂੰ ਕਿਤੇ ਭੀ ਥਾਉਂ ਨਹੀਂ ਮਿਲਦਾ, ਲੇਖੇ ਨਹੀਂ ਪੈਂਦੀ, ਕੁਲੇਖੇ ਹੀ ਜਾਂਦੀ ਹੈ।

## ੫. ਜੋਗੀ ਕੌਣ ਹਨ ?

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥
ਆਦੇਸੁ ਤਿਸੈ ਆਦੇਸੁ ॥
ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥੨੮॥
[ਜਪੁ ਜੀ ਸਾਹਿਬ

ਇਸ ਗੁਰਵਾਕ ਅੰਦਰ ਇਕ ਅਕਾਲ ਪੁਰਖ ਦੀ ਗੁਰਮਤਿ-ਉਪਾਸ਼ਨਾ ਸ੍ਰੇਸ਼ਟ ਸਿਧ ਕੀਤੀ ਹੈ ਅਤੇ ਜੋਗੀਆਂ ਦੀ ਪਖੰਡ-ਕ੍ਰਿਆ ਦਾ ਨਿਖੇਧ ਕਰ ਕੇ ਤਿਨ੍ਹਾਂ ਆਨਮਤੀਆਂ ਨੂੰ ਸਿਧੇ ਗੁਰਮਤਿ ਦੇ ਰਸਤੇ ਤੇ ਲਾਉਣ ਦਾ ਪਰਯਤਨ ਕੀਤਾ ਗਿਆ ਹੈ। ਕੰਨ-ਪਾਟੇ ਜੋਗੀ ਕੰਨ ਨੂੰ ਪਾੜ ਕੇ ਮੁੰਦਰਾਂ ਪਾਉਣ ਨੂੰ ਇਕ ਸ੍ਰੇਸ਼ਟ ਯੋਗ ਕਰਮ ਜਾਣਦੇ ਹਨ, ਗੁਰੂ ਸਾਹਿਬ ਨੇ ਇਨ੍ਹਾਂ ਨੂੰ ਇਉਂ ਉਪਦੇਸ਼ਿਆ ਹੈ ਕਿ ਹੇ ਜੋਗੀਓ ! ਕੰਨਾਂ ਦੀਆਂ ਮੁੰਦਰਾਂ ਦੇ ਥਾਉਂ ਸੰਤੋਖ ਦੀਆਂ ਮੁੰਦਰਾਂ ਪਾਵੋ, ਸੰਤੋਖ ਨੂੰ ਧਾਰਨ ਕਰੋ। ਸੰਤੋਖ ਧਾਰਨ ਲਈ ਕੰਨਾਂ ਨੂੰ ਛੇਦਨ ਦੇ ਥਾਉਂ ਆਪਣੀਆਂ ਖ਼ਾਹਸ਼ਾਂ (ਵਾਸ਼ਨਾਵਾਂ) ਦਾ ਛੇਦਨ ਕਰੋ, ਅਤੇ ਹੇ ਜੋਗੀਓ ! ਜੋ ਤੁਸੀਂ ਖੱਪਰ ਤੇ ਝੋਲੀ ਦੀ

*...੨੭॥ [ਜਪੁ ਜੀ ਸਾਹਿਬ

ਧਾਰਨਾ ਧਾਰ ਕੇ ਜੋਗੀ ਬਣੇ ਫਿਰਦੇ ਹੋ, ਇਸ ਦੇ ਥਾਉਂ, ਉਦਮ (ਸਰਮ) ਦਾ ਖੱਪਰ ਅਤੇ ਉਦਮ ਦੀ ਝੋਲੀ ਧਾਰਨ ਕਰੋ। ਸਰੀਰ ਉਤੇ ਸੁਆਹ (ਬਿਭੂਤੀ) ਮਲ ਕੇ ਜੋਗੀ ਬਣਿਆਂ ਕੁਝ ਨਹੀਂ ਸੰਵਰਦਾ। ਸੱਚੇ ਜੋਗੀ ਉਹ ਹਨ ਜੋ ਅੰਮ੍ਰਿਤ ਵੇਲੇ ਉਠ ਕੇ ਉਦਮ ਧਾਰ ਕੇ ਨਾਮ ਅਭਿਆਸ ਰੂਪੀ ਨਾਮ ਦੀ ਸੱਚੀ ਬਿਭੂਤੀ ਸਰੀਰ ਦੇ ਰੋਮ ਰੋਮ ਤੇ ਅੰਗ ਅੰਗ ਨੂੰ ਪ੍ਰਫੁਲਤ ਕਰਨ ਲਈ ਮਲਦੇ ਹਨ। ਨਾਮ ਅਭਿਆਸ ਵਿਚ ਜੁਟਣ ਲਈ, ਸੱਚੇ ਨਾਮ ਅਭਿਆਸ ਵਿਚ ਜੁਟਣ ਲਈ, ਸੱਚੇ ਨਾਮ-ਅਭਿਆਸੀ-ਜੋਗੀ ਸੰਸਾਰੀ ਬਿਵਹਾਰਾਂ ਤੇ ਮਾਇਆ ਵਿਚ ਖਚਤ **ਹੋਣ** ਵਾਲੇ ਕਾਰਾਂ (ਕਰਤਬਾਂ) ਤੋਂ ਸਦਾ ਉਪਰਾਮ ਹੋਣ ਲਈ ਸਦਾ ਹੀ ਕਾਲ (ਮੌਤ) ਨੂੰ ਆਪਣੇ ਸਿਰ ਤੇ ਖੜੀ ਜਾਣਦੇ ਹਨ। ਕੱਚੇ ਜੋਗੀ ਕਫ਼ਨੀ (ਖਿੰਥਾ) ਦੇ ਵੇਸ ਨੂੰ ਧਾਰਨਾ ਹੀ ਯੋਗ-ਸਾਧਨਾ ਮੰਨੀ ਬੈਠੇ ਹਨ। ਤਾਂ ਤੇ ਗੁਰੂ ਸਾਹਿਬ ਜੋਗੀਆਂ ਨੂੰ ਫ਼ੁਰਮਾਂਦੇ ਹਨ ਕਿ ਕਾਲ ਨੂੰ ਸਦਾ ਸਿਰ ਤੇ ਜਾਨਣ ਲਈ ਖਿੰਥਾ ਦਾ ਵੇਸ ਧਾਰਨ ਕਰੋ, ਦੇਹੀ (ਕਾਇਆਂ) ਕੂੜ ਕਪਟ ਵੇਸ-ਕਿਰਿਆ ਨਾਲ ਸੋਧ-ਪਵਿਤਰ ਨਹੀਂ ਰਹਿ ਸਕਦੀ। ਇਸ ਨੂੰ ਸਦਾ ਪਵਿਤਰ ਤੇ ਕੰਚਨ ਰੱਖਣ ਲਈ ਪਵਿਤਰ ਆਚਰਣ ਰੱਖਣ ਦਾ ਕਵਾਰਪੁਣਾ ਧਾਰਨ ਕਰੋ। ਸੱਚੇ ਨਾਮ ਅਭਿਆਸ ਵਿਚ ਮਗਨ ਹੋਏ ਬਿਨਾਂ ਇਹ ਆਚਾਰ-ਪਵਿਤ੍ਰਤਾ ਤੇ ਕੰਚਨ-ਵੰਨੀ ਕਾਇਆਂ ਦਾ ਕਵਾਰਪਣਾ ਪ੍ਰਾਪਤ ਨਹੀਂ ਹੁੰਦਾ। ਗੁਰੂ ਅਕਾਲ ਪੁਰਖ ਉਪਰ ਸੱਚੀ ਨਿਸਚੇ-ਮਈ-ਪ੍ਰਤੀਤ-ਪ੍ਰਤਿਸ਼ਟਾ ਲਿਆਉਣਾ ਹੀ ਸਚੜੇ ਗ੍ਰਿਹਸਤ ਉਦਾਸ ਗੁਰਮੁਖ ਜੋਗੀਆਂ ਦੀ ਸੱਚੀ ਜੁਗਤੀ ਹੈ। ਐਸੇ ਜੁਗਤੀਸ਼ਰ ਬਣ ਕੇ ਸੱਚੇ ਜੋਗੀ ਸਦਾਈਦਾ ਹੈ। ਡੰਡਾ ਧਾਰਨ ਕਰਨਾ ਕੋਈ ਸਾਧ-ਜੋਗ-ਸਾਧਨ ਨਹੀਂ, ਤਾਂ ਤੇ ਪ੍ਰਤੀਤ ਮਈ ਡੰਡਾ ਧਾਰਨ ਕਰੋ, ਜੋਗੀਓ! ਹੇ ਜੋਗੀਓ! ਤੁਸੀਂ ਜੋ ਆਪਣੇ ਬਾਰ੍ਹਾਂ ਪੰਥਾਂ (ਮਾਰਗਾਂ) ਵਿਚੋਂ ਆਈ ਪੰਥੀ ਨਾਮੇ ਮਾਰਗ ਨੂੰ ਸ੍ਰੇਸ਼ਟ ਜਾਣਦੇ ਹੋ, ਇਸ ਦੇ ਥਾਉਂ ਸਗਲਿਆਂ ਨਾਲ ਸੱਚੀ ਹਮਦਰਦੀ ਅਤੇ ਸਹਿਨ-ਸ਼ੀਲਤਾ ਦਾ ਵਰਤਾਉ ਰਖਣ ਲਈ ਗੁਰਮਤਿ ਨਾਮ ਅਭਿਆਸ ਦੁਆਰਾ ਆਪਣੇ ਮਨ ਨੂੰ ਮਾਰੋ। ਇਸ ਬਿਧਿ, ਕੇਵਲ ਇਸ ਬਿਧਿ ਹੀ ਮਨ ਜਿਤਿਆ ਜਾ ਸਕਦਾ ਹੈ ਅਤੇ ਮਨ ਜਿਤ ਕੇ ਜਗਤ ਜਿਤਿਆ ਜਾ ਸਕਦਾ ਹੈ ਅਤੇ ਸੱਚੀ ਸਹਿਨ-ਸ਼ੀਲਤਾ ਰਵਾ ਰਖੀ ਜਾ ਸਕਦੀ ਹੈ। ਇਹੀ ਸੱਚੀ ਹਮਦਰਦੀ ਅਤੇ ਰਵਾਦਾਰੀ ਰਖਣ ਲਈ ਸੱਚਾ ਗੁਰਮਤਿ ਆਈ ਪੰਥ ਮਾਰਗ ਹੈ। ਹੇ ਜੋਗੀਓ! ਤੁਸਾਡੀ ਮਨਮਤਿ-ਮਈ ਕੱਚੀ ਪੁਕਾਰ 'ਆਦੇਸ' 'ਆਦੇਸ' ਦੇ ਥਾਉਂ ਸਚੜੇ "ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ," ਵਾਲੇ ਅਕਾਲ ਪੁਰਖ ਦੀ ਨਾਮ-ਅਭਿਆਸ-ਭਗਤੀ ਵਾਲਾ ਸਦੀਵੀ ਅਵਾਹਨ ਆਦੇਸ ਧਾਰਨ ਕਰੋ। ਸਦਾ ਵਾਹਿਗੁਰੂ ਵਾਹਿਗੁਰੂ ਉਚਾਰਨ ਤੋਂ ਵਿਲੱਖਣ ਹੋਰ ਕੋਈ (ਅਵਾਹਨ) ਉਚਾਰਨ ਆਦੇਸ ਨਹੀਂ, ਕਿਉਂਕਿ ਵਾਹਿਗੁਰੂ ਹੀ ਆਦਿ ਸ਼ਕਤੀ ਹੈ, ਨੀਲ ਸੰਖ ਆਦਿ ਦੀ ਗਿਣਤੀ ਤੋਂ ਰਹਿਤ ਅਨੀਲ ਅਨਗਿਣਤ ਵਿਅਕਤੀ

ਵਾਲਾ ਸ਼ਕਤੀਸ਼ਰ ਹੈ ਤਾਂ ਵਾਹਿਗੁਰੂ ਹੀ ਹੈ। ਜੁਗਾਂ ਦੇ ਆਦਿ ਤੋਂ ਪਹਿਲਾਂ ਦੀ ਅਨਾਦਿ ਹਸਤੀ ਵਾਲਾ ਅਤੇ ਇਸ ਅਨਾਦਿ ਹਸਤੀ ਤੋਂ ਕਦੇ ਭੀ ਰਹਿਤ ਨ ਹੋਣ ਵਾਲਾ ਅਨਾਹਤ ਸਰੂਪ ਹੈ ਤਾਂ ਵਾਹਿਗੁਰੂ ਹੀ ਹੈ, ਜੋ ਜੁਗਾਂ ਜੁਗਾਂਤਰਾਂ ਵਿਖੇ ਇਕੋ ਅਸਥਿਰ ਵੇਸ ਧਾਰਨ ਕਰੀ ਰਖਦਾ ਹੈ।

ਐਸੇ ਵਾਹਿਗੁਰੂ ਅਕਾਲ ਪੁਰਖ ਦੀ ਅਨਿੰਨ ਉਪਾਸ਼ਨਾ ਦਾ ਸਿਧਾਂਤ ਹੀ ਪੂਰਨ ਗੁਰਮਤਿ ਵਿਧਾਨਤਾ ਵਾਲਾ ਹੈ। ਸਦਾ ਏਸੇ ਇਕੋ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਬਿਨਾਂ ਹੋਰ ਨਿਚਲੀ ਆਨਮਤਿ ਅਗਿਆਨ ਭੁਗਤ ਸਭ ਨਿਖੇਧਤ ਹੈ। ਸੱਚੀ ਭਗਤੀ, ਨਾਮ ਰੂਪੀ ਸੱਚੇ ਗਿਆਨ-ਮਈ ਭੋਜਨ ਬਿਨਾਂ ਹੋਰ ਕੋਈ ਭੁਗਤ ਗੁਰੂ ਘਰ ਵਿਖੇ ਦਰਕਾਰ ਨਹੀਂ। ਹਰ ਏਕ ਜੀਵ ਮਾਤਰ ਉਤੇ ਦਇਆ ਕਰਨੀ ਹੀ ਸੱਚੇ ਭੰਡਾਰੇ ਵੰਡਣ ਵਾਲੀ ਭੰਡਾਰਣ ਨੂੰ ਧਾਰਨ ਕਰੋ, ਹੇ ਜੋਗੀਓ ! ਤੁਸੀਂ ਹੇ ਜੋਗੀਓ ! ਜੋ ਘਰ ਘਰ, ਦਰ ਦਰ ਮੰਗਣ ਲਈ ਝੂਠੇ ਤੇ ਬਨਾਵਟੀ ਨਾਦ ਬਜਾਉਂਦੇ ਫਿਰਦੇ ਹੋ, ਇਸ ਦੇ ਥਾਉਂ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਸਚਾ ਅਨਹਦ ਨਾਦ ਘਟ ਘਟ ਅੰਦਰ ਸਦਾ ਬਜਾਈ ਜਾਣਾ ਹੀ ਸੱਚੀ ਜੋਗ ਜੁਗਤਿ ਹੈ। "ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ।"* ਤੁਸੀਂ ਜੋ ਹੇ ਜੋਗੀਓ ! ਆਪਣੇ ਅੰਗਾਂ ਨੂੰ ਨਥ ਕੇ ਨਾਥ ਕਹਾਉਂਦੇ ਹੋ ਅਤੇ ਰਿੱਧੀ ਸਿੱਧੀ ਦੇ ਮਾਲਕ ਕਹਾਉਂਦੇ ਹੋ, ਇਹ ਤੁਹਾਡੀ ਸਭ ਕੂੜ ਕਪਟ ਕਿਰਿਆ ਹੈ। ਸਾਰੀ ਸ੍ਰਿਸ਼ਟੀ ਦਾ ਨਾਥ ਅਕਾਲ ਪੁਰਖ ਹੈ, ਜਿਸ ਨੇ ਸਾਰੀ ਸ੍ਰਿਸ਼ਟੀ ਨੂੰ ਨਥ ਕੇ ਥੰਮਿਆ ਹੋਇਆ ਹੈ। ਉਸੇ ਸੱਚੇ ਨਾਥ ਵਾਹਿਗੁਰੂ ਦੀ ਉਪਾਸ਼ਨਾ ਵਿਚ ਲੀਨ ਹੋਣਾ ਤੇ ਨਿਰੋਲਤਾ ਸਹਿਤ ਲੀਨ ਹੋਣਾ ਗੁਰਮਤਿ ਮਾਰਗ ਦਾ ਸੱਚਾ ਸਿਧਾਂਤ ਹੈ। ਗੁਰਮਤਿ ਨਾਮ ਦੀ ਲੀਨਤਾ ਬਿਨਾਂ ਹੋਰ ਕੋਈ ਰਿਧੀ ਸਿਧੀ ਗੁਰਮਤਿ ਅੰਦਰ ਪਰਵਾਨ ਨਹੀਂ; ਜੋਗੀਆਂ ਨਾਥਾਂ ਵਾਲੀਆਂ ਕੂੜਾਵੀਆਂ ਰਿਧੀਆਂ ਸਿਧੀਆਂ ਨਾਮ ਦੇ ਸੱਚੇ ਰਸ ਤੋਂ ਕੂੜਾਵੇ ਹੋਛੇ ਐਰੇ ਗੈਰੇ ਸਵਾਦਾਂ ਵਿਚ ਲੰਪਤ ਲੁਭਾਇਮਾਨ ਹੋਣ ਵਾਲੀਆਂ ਕੁਬਿਰਤੀਆਂ ਵਾਲੇ ਕੁਚੱਜ ਹਨ। ਨਾਮ-ਰਸ ਵਾਲੇ ਸੱਚੇ ਗੁਰਮੁਖ ਜੋਗੀ ਇਨ੍ਹਾਂ ਰਿਧੀਆਂ ਸਿਧੀਆਂ ਵਾਲੇ ਹੋਛੇ ਰਸਾਂ ਵਿਚ ਨਹੀਂ ਪੈਂਦੇ, ਰਿਧੀ ਸਿਧੀ ਦਾ ਇਹ ਕੁ-ਰਸ ਸਭ ਮੋਹ ਰੂਪ ਹੈ, ਜੋ ਨਾਮ ਵਿਚ ਲੱਗਣ ਨਹੀਂ ਦੇਂਦਾ, ਨਾਮ-ਪ੍ਰਾਪਤੀ ਤੋਂ ਦੁਰੇਡੇ ਰਖਦਾ ਹੈ। ਨਾਮ-ਪ੍ਰਾਪਤੀ ਤੋਂ ਹੀਣੇ ਤੇ ਤੱਤ ਗੁਰਮਤਿ ਤੋਂ ਗਿਰੇ ਹੋਏ ਮਨਮੁਖੀ ਪੁਰਸ਼ ਹੀ ਇਨ੍ਹਾਂ ਰਿਧੀਆਂ ਸਿਧੀਆਂ ਵਾਲੇ ਹੋਛੇ ਸਵਾਦਾਂ ਵਿਚ ਪੈਂਦੇ ਹਨ। ਯਥਾ ਗੁਰਵਾਕ :

ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ॥੧॥੧੯॥

[ਸਲੋਕੁ ਮ: ੩, ਵਡਹੰਸ ਕੀ ਵਾਰ, ਪੰਨਾ ੫੯੩

---

*...੨੯॥ [ਜਪੁ ਜੀ ਸਾਹਿਬ

ਜਿਨ੍ਹਾਂ ਨੂੰ ਰਿਧੀਆਂ ਸਿਧੀਆਂ ਦਾ ਸਵਾਦ ਚਸਕਾ ਪੈ ਗਿਆ ਹੈ, ਉਨ੍ਹਾਂ ਦੇ ਮਨ ਅੰਦਰ ਨਾਮ ਵਸਦਾ ਹੀ ਨਹੀਂ, ਉਹ ਹੇਠਲੇ ਸੁਆਦਾਂ ਵਿਚ ਹੀ ਸਦਾ ਖਚਿਤ ਰਹਿੰਦੇ ਹਨ। ਇਹ ਅਨੁਵਾਦ "ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ"* ਰੂਪੀ ਗੁਰ-ਪੰਗਤੀ ਦਾ ਹੈ।

# ੬. ਧਾਰਮਿਕ ਜੀਵਨ

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥ [ਜਪੁ ਜੀ ਸਾਹਿਬ

ਧਾਰਮਿਕ ਜੀਵਨ ਬਨਾਣਾ ਨਿਰਾ ਸਮਝਣ ਸਮਝਾਣ ਤੇ ਕਥਨ ਕਥਾਨ ਦਾ ਕੰਮ ਨਹੀਂ, ਇਹਦੇ ਲਈ ਅਮਲੀ ਵਸੀਲੇ ਵਰਤੇ ਜਾਂਦੇ ਹਨ। ਇਸ ਉਪਰਲੇ ਗੁਰਵਾਕ ਅੰਦਰ ਸੁਨਿਆਰੇ ਤੇ ਪਹਾਰੇ ਆਦਿ ਦਾ ਅਲੰਕਾਰ ਬੰਨ੍ਹ ਕੇ ਸਤਿਗੁਰੂ ਨੇ ਗੁਰਸਿੱਖਾਂ ਤਾਈਂ ਇਉਂ ਦ੍ਰਿੜ੍ਹਾਇਆ ਹੈ ਕਿ ਪ੍ਰਮਾਰਥ ਦੇ ਪਾਂਧੀ ਗੁਰਸਿਖ ਜਗਿਆਸੂ ਨੂੰ ਸਭ ਤੋਂ ਪਹਿਲਾਂ ਗੁਰਮਤਿ ਉਤੇ ਦ੍ਰਿੜ੍ਹ ਨਿਸਚਾ ਧਾਰਨਾ ਜ਼ਰੂਰੀ ਹੈ। ਗੁਰਬਾਣੀ, ਗੁਰੂ ਸਾਹਿਬਾਂ ਉਤੇ ਗੁਰਸਿਖ ਜਗਿਆਸੂ ਦਾ ਪਹਿਲਾਂ ਇਹ ਵਿਸ਼ਵਾਸ ਦ੍ਰਿੜ੍ਹ ਹੋਵੇ ਕਿ ਜੋ ਕੁਝ ਗੁਰਬਾਣੀ ਕਹਿੰਦੀ ਹੈ, ਗੁਰੂ ਸਾਹਿਬਾਨ ਫ਼ੁਰਮਾਉਂਦੇ ਹਨ, ਤਿਸ ਨੂੰ ਸਤਿ ਸਤਿ ਕਰ ਮੰਨਿਆ ਜਾਵੇ। ਯਥਾ ਗੁਰਵਾਕ :

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥ ..੨॥੧੪॥
[ਗਉੜੀ ਵਾਰ, ਮ: ੪, ਪੰਨਾ ੩੦੮

ਗੁਰਸਿਖ ਜਗਿਆਸੂ ਦੇ ਹਿਰਦੇ ਸਭ ਤੋਂ ਪ੍ਰਿਥਮ ਇਹ ਨਿਸਚਾ ਦ੍ਰਿੜ੍ਹ ਹੋਣਾ ਚਾਹੀਦਾ ਹੈ ਕਿ ਜੋ ਕੁਝ ਭੀ ਬਾਣੀ ਦਾ ਫ਼ੁਰਮਾਨ ਹੈ ਉਹ ਧੁਰੋਂ ਅਕਾਲ ਪੁਰਖ ਵਲੋਂ ਆਇਆ ਫ਼ੁਰਮਾਨ ਹੈ, ਇਸ ਫ਼ੁਰਮਾਨ ਨੂੰ ਸਤਿ ਸਤਿ ਕਰ ਤੇ ਅਟੱਲ ਮੰਨਿਆ ਜਾਵੇ। ਜਿਸ ਪ੍ਰਕਾਰ ਕਿ ਸੁਨਿਆਰੇ ਨੂੰ ਸੋਨਾ ਢਾਲਣ ਲਗੇ ਪਹਾਰੇ ਤੇ ਬੈਠਿਆਂ ਇਹ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਸੋਨਾ ਜ਼ਰੂਰ ਢਲੇਗਾ, ਇਸ ਕਰਕੇ

*.. ੨੯॥ [ਜਪੁ ਜੀ ਸਾਹਿਬ

ਉਹ ਧੀਰਜ, ਦ੍ਰਿੜ੍ਹਤਾ ਸਹਿਤ ਪਹਾਰੇ ਤੇ ਬੈਠਦਾ ਹੈ; ਇਸੇ ਪ੍ਰਕਾਰ ਜੀਵਨ ਰੂਪੀ ਸੋਨਾ ਢਾਲਣ ਲਈ ਸੁਨਿਆਰ ਸਦਰਸ਼ ਧੀਰਜਤਾ ਗ੍ਰਹਿਣ ਕਰਨੀ ਚਾਹੀਦੀ ਹੈ। (ਜਤ) ਰੂਪੀ ਪਹਾਰੇ ਤੇ ਗੁਰਸਿਖ ਜਗਿਆਸੂ ਜਨ ਆਪਣੇ ਜੀਵਨ ਨੂੰ ਗੁਰਮਤਿ-ਕੁਠਾਲੀ ਵਿਚ ਢਾਲਣਹਾਰਾ ਆਪਣੇ ਮਨ ਦੀ **ਮਤਿ** ਰੂਪੀ ਅਹਿਰਣ ਤੇ ਸ਼ਬਦ ਅਭਿਆਸ ਗੁਰਮਤਿ ਗਿਆਨ ਰੂਪੀ ਨਾਮ ਨੂੰ ਅੰਕਸ ਰੂਪੀ ਹਥੌੜਾ ਬਣਾ ਕੇ ਦਬਾ ਦਬ ਸਵਾਸ ਸਵਾਸ ਸਟਾਂ ਮਾਰਦਾ ਹੈ, ਸਤਿਗੁਰ ਦੀ ਭੈ-ਭਾਵਨੀ ਰੂਪੀ ਬ੍ਰਿਤਿ ਧਾਰ ਕੇ ਸਵਾਸ-ਅਭਿਆਸੀ ਧੌਂਕਣੀ (ਖੱਲਾ) ਧੁਖਾਉਂਦਾ ਹੈ, ਤੇ ਦਿਨ ਰਾਤ ਖਿਨ ਖਿਨ ਏਸੇ ਤਪੱਸਿਆ ਰੂਪੀ ਅਗਨੀ ਨੂੰ ਪ੍ਰਚੰਡ ਕਰ ਕੇ ਅੰਤਰਗਤੀ ਜੋਤਿ ਜਗਾਉਂਦਾ ਹੈ ਤੇ ਜਗਾਈ ਰਖਦਾ ਹੈ। ਇਤਿ ਬਿਧਿ ਪ੍ਰੇਮ ਕਲਾ ਰੂਪੀ ਅੰਤਸ਼ਕਰਣੀ ਰੂਪੀ ਭਾਂਡੇ ਵਿਚ ਅੰਮ੍ਰਿਤ-ਧਾਰ ਇਕ-ਤਾਰ ਢਲਦੀ ਰਹਿੰਦੀ ਹੈ ਤੇ ਦਮ-ਬਦਮ ਢਲਦੀ ਰਹਿੰਦੀ ਹੈ। ਇਸ ਬਿਧਿ ਗੁਰ-ਦੀਖਿਆ ਰੂਪੀ ਸ਼ਬਦ (ਨਾਮ ਗੁਰਮੰਤ੍ਰ) ਸੱਚੀ ਟਕਸਾਲ ਵਿਚ ਘੜਿਆ ਜਾ ਕੇ ਜੋਤਿ-ਜਗੰਨਾ ਅੰਮ੍ਰਿਤ-ਅਹਾਰ ਤੇ ਅੰਮ੍ਰਿਤ-ਆਧਾਰ ਹੀ ਬਣਿਆ ਰਹਿੰਦਾ ਹੈ। ਪ੍ਰੰਤੂ ਇਹ ਸੱਚੀ ਕਾਰ ਤਿਨ੍ਹਾਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਨੂੰ ਨਦਰੀ ਨਦਰ ਨਿਹਾਲ ਗੁਰੂ ਕਰਤਾਰ ਦੀ ਨਦਰਿ ਮੇਹਰ ਅਤੇ ਫ਼ਜ਼ਲ (ਕਰਮ) ਦਸਤਯਾਬ (ਨਸੀਬ) ਹੈ। ਐਸਾ ਗੁਰਮੁਖ ਜਨ, ਗੁਰੂ ਨਾਨਕ ਦਾ ਵਰੋਸਾਇਆ ਗੁਰਮੁਖ ਜਨ ਨਦਰੀ ਵਾਹਿਗੁਰੂ ਦੀ ਨਦਰਿ ਨਾਲ ਨਿਹਾਲੋ ਨਿਹਾਲ ਹੋ ਜਾਂਦਾ ਹੈ ਅਤੇ ਹੋਇਆ ਹੀ ਰਹਿੰਦਾ ਹੈ। ਇਸ ਪਉੜੀ ਅੰਦਰ 'ਵੇਦੁ' ਪਦ ਗੁਰਮਤਿ ਗਿਆਨ ਰੂਪੀ ਵਾਹਿਗੁਰੂ ਨਾਮ ਨੂੰ ਹੀ ਪ੍ਰਤਿਪਾਦਨ ਕਰਦਾ ਹੈ। ਇਸ ਪਦ ਦੇ ਅਰਥ ਏਥੇ ਹਿੰਦੂ ਮਤ ਵਾਲੇ 'ਬੇਦ' ਤੋਂ ਹਰਗਿਜ਼ ਹਰਗਿਜ਼ ਨਹੀਂ। ਗੁਰੂ ਘਰ ਦਾ ਪ੍ਰਤਿਪਾਦਨ ਕੀਤਾ ਹੋਇਆ ਵਿਲੱਖਣ ਵੇਦ ਗੁਰਮਤਿ ਨਾਮ ਹੀ ਹੈ, ਇਸ ਤੋਂ ਛੁਟ ਹੋਰ ਕੋਈ ਨਹੀਂ।

ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ ॥
ਲੋਭੀ ਅਨ ਕਉ ਸੇਵਦੇ ਪੜਿ ਵੇਦਾ ਕਰੈ ਪੂਕਾਰ ॥
ਬਿਖਿਆ ਅੰਦਰਿ ਪਚਿ ਮੁਏ ਨਾ ਉਰਵਾਰੁ ਨ ਪਾਰੁ ॥੩॥੧੦॥੪੩॥
[ਸਿਰੀ ਰਾਗੁ ਮ: ੩, ਪੰਨਾ ੩੦

ਹਿੰਦਵੈਣ ਮਤ ਦੀ ਮੁਠੀ ਹੋਈ ਲੁਕਾਈ ਬੇਦ ਆਦਿਕ ਦੇ ਅਗਿਆਨ ਦੀ ਗ੍ਰਠੀ ਹੋਈ ਹੀ ਹੈ। ਵੇਦ-ਭਗਤ ਲੋਕ ਗੁਰਮਤਿ ਵਿਚੋਂ ਭੀ ਗੁਰਬਾਣੀ ਅੰਦਰੋਂ ਅਨੇਕ ਥਾਈਂ, ਜਿਥੇ 'ਵੇਦ' ਪਦ ਦਾ ਨਾਉਂ ਆਉਂਦਾ ਹੈ, ਉਸ ਨੂੰ ਮੰਡਨ ਰੂਪ ਵਿਚ ਲਿਜਾ ਕੇ ਵੇਦਾਂ ਦਾ ਆਸਰਾ ਹੀ ਭਾਲਦੇ ਹਨ ਅਤੇ ਵੇਦ-ਭਗਤ ਬਣਨ ਨੂੰ ਬੜਾ ਹੀ ਫ਼ਖ਼ਰ ਸਮਝਦੇ ਹਨ, ਪ੍ਰੰਤੂ ਇਸ ਗੁਰਵਾਕ ਅੰਦਰ ਵੇਦਾਂ ਦੇ ਪੜ੍ਹਨ-

 www.sikhbookclub.com

ਹਾਰਿਆਂ ਨੂੰ, ਘੋਖ ਘੋਖ ਕੇ ਵੇਦਾਂ ਦੀ ਪੁਕਾਰ ਕਰਨਹਾਰਿਆਂ ਨੂੰ ਗੁਰੂ ਸਾਹਿਬ ਨੇ ਤ੍ਰੈਗੁਣੀ ਬਿਖ ਮਾਇਆ ਦੇ ਅੰਧ ਗੁਬਾਰ ਵਿਚ ਮੋਹ ਮਮਤਾ ਦੇ ਮੁਠੇ ਹੋਏ ਪੰਡਿਤ ਹੀ ਗਰਦਾਨਿਆ ਹੈ, ਵੇਦਾਂ ਦੇ ਪੜ੍ਹਨ ਘੋਖਣਹਾਰਾ ਕੋਈ ਵੀ ਪੜ੍ਹਾਕੂ ਅਤੇ ਘੋਖ ਖੜਾਕੂ ਪੁਰਸ਼ ਪੰਡਿਤ ਨਹੀਂ ਕਹਾ ਸਕਦਾ। ਵੇਦਾਂ ਅੰਦਰ ਤ੍ਰੈਗੁਣੀ ਬਿਖਿਆ ਰੂਪੀ ਮਾਇਆ ਦੇ ਪਸਾਰੇ ਦਾ ਹੀ ਜ਼ਿਕਰ ਅਜ਼ਕਾਰ ਹੈ। ਏਸੇ ਅੰਧਕਾਰ ਵਿਚ ਹੀ ਵੇਦ ਅਤੇ ਵੇਦ-ਪੰਡਤ ਭਰਮਦੇ ਫਿਰਦੇ ਰਹਿੰਦੇ ਹਨ, ਤਿਨ੍ਹਾਂ ਨੂੰ ਤੁਰੀਆ ਗੁਣੀ ਮਈ ਗੁਰਮਤਿ ਗਿਆਨ ਦਾ ਮੁਸ਼ਕ ਵੀ ਨਹੀਂ ਆਂਵਦਾ। ਮਾਇਆ-ਮਈ-ਮੋਹ-ਗੁਬਾਰੀ-ਅੰਧਕਾਰ ਵਿਚ ਹੀ ਬੇਦ ਅਤੇ ਬੇਦ-ਬੀਚਾਰੀ ਬੇਦ-ਬਖਤਾਰੀ ਪੁਰਸ਼ ਭੌਂਦੇ ਭਟਕਦੇ ਰਹਿੰਦੇ ਹਨ, ਗੁਰਮਤਿ ਤੱਤ ਗਿਆਨ ਅੰਮ੍ਰਿਤ ਨਾਮ ਤੋਂ ਘੁਥੇ ਹੋਏ ਇਸ ਤੱਤ ਵਸਤੂ ਤੋਂ ਛੁਟ ਹੋਰਨਾਂ ਵਸਤੂਆਂ ਦੇ ਸੇਵਨ (ਗ੍ਰਹਿਣ) ਕਰਨ ਵਿਚ ਲੁਭਾਇਮਾਨ ਹੋਏ ਰਹਿੰਦੇ ਹਨ। ਤਾਂ ਤੇ ਬੇਦ ਅਤੇ ਬੇਦ-ਬਕਤੇ ਅਤੇ ਸ੍ਰੋਤੇ ਤੱਤ ਵਸਤੂ ਅੰਮ੍ਰਿਤ ਨਾਮ ਤੋਂ ਛੁਟ ਆਨ ਵਸਤੂਆਂ ਦੀ ਪੂਜਾ ਵਿਚ ਹੀ ਰਚੇ ਪਿਚੇ ਰਹਿੰਦੇ ਹਨ, ਉਹ ਬਿਖਿਆ ਰੂਪੀ ਮਾਇਆ ਵਿਚ ਹੀ ਸੜੇ ਗਲੇ ਅਤੇ ਮਰੇ ਰਹਿੰਦੇ ਹਨ। ਤਿਨ੍ਹਾਂ ਨੂੰ ਭਵ-ਸਾਗਰ ਦੇ ਉਰਵਾਰ ਪਾਰ ਦਾ ਪਤਾ ਹੀ ਨਹੀਂ ਲਗਦਾ, ਵਿਚ ਵਿਚਾਲੇ ਮੰਝਧਾਰ ਵਿਚ ਹੀ ਗੋਤੇ ਖਾਂਦੇ ਰਹਿੰਦੇ ਹਨ। ਵੇਦਾਂ ਦੇ ਪੁਜਾਰੀਆਂ ਨੂੰ ਮਾਇਆ-ਮੋਹ ਦਾ ਕੁਸੌਦਾ ਹੀ ਮੁਖ ਰਹਿੰਦਾ ਹੈ, ਕਿਉਂਕਿ ਵੇਦਾਂ ਵਿਚ ਨਿਰਾ ਹੀ ਤੁਰੀਆ ਗੁਣੀ ਮਾਇਆ ਮੋਹ ਦਾ ਹੀ ਜ਼ਿਕਰ-ਜ਼ਕਾਰ ਰਹਿੰਦਾ ਹੈ। ਇਸ ਵੇਦ ਇਜ਼ਕਾਰ ਜ਼ਿਕਰ ਜ਼ਕਾਰੀ ਮਾਇਆ-ਮੋਹ ਨੇ ਜਗਤ ਦੀ ਪ੍ਰਤਿਪਾਲ ਕਰਨਹਾਰੇ ਪਿਤਾ ਵਾਹਿਗੁਰੂ ਨਿਰੰਕਾਰ ਨੂੰ ਉੱਕਾ ਹੀ ਵਿਸਾਰ ਛਡਿਆ ਹੈ। ਤਿਨ੍ਹਾਂ ਵੇਦ-ਪੁਜਾਰੀਆਂ ਨੂੰ ਨਿਰੰਕਾਰੀ ਨਾਮ ਦੇ ਚੇਤਨ ਦੀ ਸੁਰਤ ਹੀ ਨਹੀਂ ਸੰਭਲੀਂਦੀ। ਤ੍ਰੈਗੁਣਾਂ ਵਿਚ ਧੱਕੇ ਧੂਸੇ ਖਾ ਰਹੀ ਸਾਰੀ ਲੁਕਾਈ ਗੁਰੂ ਬਾਝੋਂ (ਅਰਥਾਤ, ਨਿਗੁਰੀ ਹੋਣ ਕਰਕੇ) ਸਿਮਰਨ-ਕਲਾ ਤੋਂ ਸਦਾ ਸੁੰਞੀ ਤੇ ਗ਼ਾਫਲੀ ਰਹਿੰਦੀ ਹੈ, ਅਤੇ ਸਭ ਜਮ-ਕਾਲ ਦੀ ਬਧੀ ਫਾਹੀ ਹੀ ਫਿਰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਸ ਰੁੜ੍ਹੀ ਜਾਂਦੀ ਲਕਾਈ ਦਾ ਤਦੇ ਹੀ ਉਧਾਰ ਅਤੇ ਨਿਸਤਾਰ ਹੈ, ਜੇਕਰ ਗੁਰਮਤਿ ਗ੍ਰਹਿਣ **ਕਰ ਕੇ** ਸਚੜਾ ਨਾਮ ਸੰਭਾਲੇ। ਬਸ, ਕੇਵਲ ਗੁਰਮਤਿ ਦੁਆਰਾ ਹੀ ਆਨਮਤਾਂ ਵਿਚ ਪਈ ਹੋਈ ਲੁਕਾਈ ਉਭਰ ਸਕਦੀ ਹੈ। ਯਥਾ ਗੁਰਵਾਕ :

ਮਾਇਆ ਮੋਹਿ ਵਿਸਾਰਿਆ ਜਗਤ ਪਿਤਾ ਪ੍ਰਤਿਪਾਲਿ ॥
ਬਾਝਹੁ ਗੁਰੂ ਅਚੇਤੁ ਹੈ ਸਭ ਬਧੀ ਜਮਕਾਲਿ ॥
ਨਾਨਕ ਗੁਰਮਤਿ ਉਬਰੇ ਸਚਾ ਨਾਮੁ ਸਮਾਲਿ ॥੪॥੧੦॥੪੩॥

[ਸਿਰੀ ਰਾਗੁ ਮ: ੩, ਪੰਨਾ ੩੦

# ੭. ਭਲੀ ਕਾਰ ਤੇ ਰਿੱਧੀਆਂ ਸਿੱਧੀਆਂ

ਅਸੰਖ ਜਪ ਅਸੰਖ ਭਾਉ ॥ ਅਸੰਖ ਪੂਜਾ ਅਸੰਖ ਤਪ ਤਾਉ ॥
ਅਸੰਖ ਗਰੰਥ ਮੁਖਿ ਵੇਦ ਪਾਠ ॥ ਅਸੰਖ ਜੋਗ ਮਨਿ ਰਹਹਿ ਉਦਾਸ ॥
ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅਸੰਖ ਸਤੀ ਅਸੰਖ ਦਾਤਾਰ ॥
ਅਸੰਖ ਸੂਰ ਮੁਹ ਭਖ ਸਾਰ ॥ ਅਸੰਖ ਮੋਨਿ ਲਿਵ ਲਾਇ ਤਾਰ ॥
ਕੁਦਰਤਿ ਕਵਣ ਕਹਾ ਵੀਚਾਰੁ ॥ ਵਾਰਿਆ ਨ ਜਾਵਾ ਏਕ ਵਾਰ ॥
ਜੋ ਤੁਧੁ ਭਾਵੈ ਸਾਈ ਭਲੀ ਕਾਰ ॥ ਤੂ ਸਦਾ ਸਲਾਮਤਿ ਨਿਰੰਕਾਰ ॥੧੭॥

[ਜਪੁ ਜੀ ਸਾਹਿਬ

ਕਾਦਰ ਅਕਾਲ ਪੁਰਖ ਦੀ ਕੁਦਰਤ ਕਾਇਨਾਤ ਵਿਖੇ ਅਸੰਖਾਂ ਹੀ ਅਣਗਿਣਤ ਪ੍ਰਕਾਰ ਦੇ ਅਤੇ ਅਸੰਖ ਪ੍ਰਕਾਰ ਦੀਆਂ ਭਾਵਨਾਂ ਵਾਲੇ ਜਪ ਜਾਪ ਹਨ। ਅਤੇ ਅਸੰਖ ਮਤਿਆਂ ਦੇ ਤਪ-ਤਾਉ ਅਤੇ ਪੂਜਾ ਪਸਾਉ ਹਨ, ਅਸੰਖ ਪ੍ਰਕਾਰ ਮੁਖ-ਵੇਦ-ਪਾਠ ਪੁਸਤਕਾਂ ਹਨ। ਇਨ੍ਹਾਂ ਪੁਸਤਕਾਂ ਨੂੰ ਮਨਮਤੀ ਪੁਰਸ਼ ਗ੍ਰੰਥ ਨਾਉਂ ਦੇ ਕੇ ਦਿਲ-ਪਰਚਾਉਂਦੇ ਹਨ, ਪਰੰਤੂ ਸਚੇ ਗੁਰੂ ਗ੍ਰੰਥ ਬਾਝੋਂ ਹੋਰ ਕੋਈ ਵੀ ਪੁਸਤਕ ਅਤੇ ਪ੍ਰਸਿਧ ਪਾਠ ਵਾਲੇ ਅਨਮਤੀਆਂ ਦੇ ਵੇਦ ਸਚੇ ਗ੍ਰੰਥ ਦੇ ਪਦ ਨਾਲ ਪ੍ਰਤਿਸ਼ਟਿਆਉਣ ਦੇ ਲਾਇਕ ਤੇ ਅਧਿਕਾਰੀ ਨਹੀਂ। ਮਨ-ਮਤਿ ਕਲਪਤ ਅਸੰਖਾਂ ਹੀ ਜੋਗ ਮਤ ਸੰਸਾਰ ਉਤੇ ਰੁਲਦੇ ਫਿਰਦੇ ਹਨ। ਅਜਿਹੇ ਮਤਾਂ ਦੇ ਅਸੰਖ ਜੋਗੀ ਆਪਣੇ ਮਨ-ਹਠ ਦੁਆਰਾ ਉਦਾਸੀਨਤਾ ਧਾਰਨ ਦਾ ਯਤਨ ਕਰਦੇ ਹਨ, ਅਸੰਖਾਂ ਹੀ ਆਪੋਂ ਬਣੇ ਭਗਤ ਕਹਾਉਂਦੇ ਹਨ, ਮਨੋ ਮਨੀ ਦੇ ਗੁਣ ਗਿਆਨ ਵਿਚਾਰਦੇ ਹਨ, ਅਸੰਖਾਂ ਹੀ ਸਤੀ ਦਾਨੀ ਦਾਤਾਰ ਕਹਿਲਾਉਂਦੇ ਹਨ। ਅਣਗਿਣਤ ਹੀ ਬਹਾਦਰਾਂ ਦੇ ਸਮੂਹ ਹਨ, ਜੋ ਸਨਮੁਖ ਹੋ ਕੇ ਤਲਵਾਰਾਂ ਦੀਆਂ ਚੋਟਾਂ ਸਹਿੰਦੇ ਅਤੇ ਖਾਂਦੇ ਹਨ, ਪਿਠ ਨਹੀਂ ਦਿੰਦੇ। ਸਿਰੀ ਦਸਮੇਸ਼ ਜੀ ਨੇ ਆਪਣੇ ਮੁਖ ਦਵਾਰਾ ਅਜਿਹੇ ਜਗਤ-ਪ੍ਰਸਿਧ ਬਹਾਦਰਾਂ ਪ੍ਰਤੀ 'ਸਾਰ ਕੀ ਧਾਰ ਭਛੱਯਾ' ਘਟਨਾ ਘਟਾਈ ਹੈ। ਅਸੰਖ ਹੀ ਮੋਨਧਾਰੀ ਮਨ-ਮਤੀ ਮੋਨੀ ਜਨ ਹਨ, ਉਹ ਮਨੋ ਮਨੀ ਲਿਵਤਾਰ ਲਾਈ ਰਖਣ ਦੇ ਧਾਰਨੀ ਹਨ। ਕਰਤਾਰ ਦੀ ਕੁਦਰਤ ਵਿਚ ਅਜਿਹੇ ਅਨੇਕਾਂ ਤੇ ਅਸੰਖਾਂ ਹੀ ਭੇਖ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਗਿਣੀ ਜਾ ਸਕਦੀ। ਹੇ ਨਿਰੰਕਾਰ ! ਕੇਵਲ ਤੂੰ ਹੀ ਸਦਾ ਸਦਾ ਸਲਾਮਤ ਰਹਿਣ ਵਾਲਾ ਹੈਂ, ਅਤੇ ਜੋ ਤੈਨੂੰ ਭਾਉਂਦੀ ਹੈ ਸੋਈ ਭਲੀ ਕਾਰ ਹੈ। ਇਹ ਨਿਰੰਕਾਰ ਨੂੰ ਭਾਉਂਦੀ ਸਿਫ਼ਤ-ਸਲਾਹ ਰੂਪੀ ਭਲੀ ਕਾਰ ਕੇਵਲ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਹੀ ਵਰੋਸਾਈ ਹੈ ਅਤੇ ਅਸੰਖਾਂ ਹੀ ਬਚਿਤਰ ਲੀਲ੍ਹਾਵਾਂ ਹਨ, ਜਿਨ੍ਹਾਂ ਦਾ ਅਲਪਗ ਬੁਧੀ ਵਾਲਿਆਂ ਨੂੰ ਇਕ ਨਿਮਖ ਮਾਤਰ ਵੀ ਥਹੁ ਨਹੀਂ ਲਗਦਾ :—

ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥੧॥

[ਸਿਰੀਰਾਗੁ ਮ: ੧, ਪੰਨਾ ੧੪

ਸਾਧਾਰਨ ਭਾਵ—ਜੇਕਰ ਮੈਂ ਕਰਾਮਾਤਾਂ ਕਰਨ ਵਾਲਾ ਪ੍ਰਸਿਧ ਸਿਧ ਭੀ ਹੋ ਜਾਵਾਂ ਅਤੇ ਸਿੱਧੀਆਂ ਕਰਾਮਾਤਾਂ ਲਾਈ ਜਾਣ ਦਾ ਠਰਕ ਵੀ ਹੋ ਜਾਵੇ, ਜੈਸਾ ਕਿ ਬਜ਼ਾਰੀ ਲੋਕਾਂ ਨੂੰ ਹੁੰਦਾ ਹੈ ਅਤੇ ਰਿਧੀਆਂ ਵੀ ਸਭ ਮੇਰੇ ਵਸਗਤਿ ਹੋ ਜਾਣ, ਜਦੋਂ ਚਾਹਾਂ ਇਹ ਤਾਕਤਾਂ ਵਰਤ ਸਕਾਂ ਅਤੇ ਏਸ ਗੁਹਜ ਸ਼ਕਤੀ ਦਾ ਮਾਲਕ ਵੀ ਹੋ ਜਾਵਾਂ ਕਿ ਜਦੋਂ ਚਾਹਵਾਂ, ਨਜ਼ਰੋਂ ਓਹਲੇ ਗੁਪਤ ਹੋਇ ਬੈਠਾਂ ਤੇ ਜਦੋਂ ਚਾਹਵਾਂ ਪ੍ਰਗਟ ਜ਼ਾਹਰ ਹੋ ਬੈਠਾਂ, ਜਿਨ੍ਹਾਂ ਸ਼ਕਤੀਆਂ ਨੂੰ ਵੇਖ ਕੇ ਸਾਰੀ ਆਨਮਤਿ ਲੁਕਾਈ ਮੇਰੇ ਉਤੇ ਸ਼ਰਧਾ ਭਾਵਨੀ ਰਖਣ ਵਾਲੀ ਹੋ ਜਾਵੇ। ਇਹ ਸਭ ਤਾਕਤਾਂ ਸ਼ਕਤੀਆਂ ਰਿਧੀਆਂ ਸਿਧੀਆਂ ਫ਼ਜ਼ੂਲ ਹਨ, ਗੁਰਮਤਿ ਅਨੁਕੂਲ ਹਰਗਿਜ਼ ਨਹੀਂ, ਬਲਕਿ ਗੁਰਮਤਿ ਪ੍ਰਤਿਕੂਲ ਜ਼ਾਹਰਦਾਰੀਆਂ ਹੀ ਹਨ, ਜਿਨ੍ਹਾਂ ਵਿਚ ਪੈ ਕੇ ਪ੍ਰਾਣੀ ਗੁਰਮਤਿ ਸੱਚੇ ਪ੍ਰਮਾਰਥੀ ਮਾਰਗ ਨੂੰ ਵਿਸਾਰ ਬੈਠਦਾ ਹੈ ਅਤੇ ਗੁਰਮਤਿ-ਨਾਮ ਵਲੋਂ ਉੱਕਾ ਹੀ ਗੁਮਰਾਹ ਹੋ ਜਾਂਦਾ ਹੈ। ਤਾਂ ਤੇ ਗੁਰਮਤਿ ਅਨੁਸਾਰ ਸਚੇ ਪ੍ਰਮਾਰਥ ਅਤੇ ਪ੍ਰਮਾਰਥੀ ਨਾਮ ਨੂੰ ਭੁਲਾਵਣਹਾਰੀਆਂ ਸਾਰੀਆਂ ਸ਼ਕਤੀਆਂ ਰਿਧੀਆਂ ਸਿਧੀਆਂ ਆਦਿਕ ਵਿਚ ਪੈਣਾ ਗੁਰਮਤਿ ਤੋਂ ਉਖੜ ਖੜੋਣਾ ਹੈ, ਅਤੇ ਨਿਰੀ ਮਨਮਤਿ ਵਿਚ ਹੀ ਆਪਣਾ ਆਪ ਬਿਗੋਣਾ ਹੈ। ਗੁਰਮਤਿ ਮਾਰਗ ਦੇ ਸਚੇ ਪੰਧਾਊ ਇਨ੍ਹਾਂ ਨਾਟਕਾਂ ਚੇਟਕਾਂ ਵਿਚ ਪੈਂਦੇ ਹੀ ਨਹੀਂ, ਇਨ੍ਹਾਂ ਵਿਚ ਪੈਣਾ ਮਹਾਂ ਮਨਮਤਿ ਘਾਟੇ ਦਾ ਸੌਦਾ ਸਮਝਦੇ ਹਨ। ਆਨਮਤ ਮਾਰਗੀ ਮਨਮਤੀਏ ਪੁਰਸ਼ ਇਨ੍ਹਾਂ ਰਿਧਿ ਸਿਧਿ ਮਈ ਤਾਕਤਾਂ ਨੂੰ ਐਸੀ ਪ੍ਰਸਿਧਤਾ ਦੇਂਦੇ ਹਨ ਕਿ ਏਸੇ ਨੂੰ ਪਰਮ ਪਦਵੀ ਵਾਲਾ ਧਰਮ ਸਮਝ ਬੈਠਦੇ ਹਨ, ਜੋ ਉਨ੍ਹਾਂ ਦੀ ਨਿਰੀ ਮੂੜ੍ਹ ਅਗਿਆਨਤਾ ਹੈ। ਗੁਰਮਤਿ ਅੰਦਰ ਇਨ੍ਹਾਂ ਰਿਧੀਆਂ ਸਿਧੀਆਂ ਨਿਧੀਆਂ ਦਾ ਉੱਕਾ ਹੀ ਵਿਧਾਨ ਨਹੀਂ। ਜੋ ਅਭਾਗਾ ਜਨ ਇਨ੍ਹਾਂ ਵਿਚ ਪੈ ਗਿਆ, ਬਸ, ਫਿਰ ਏਥੇ ਹੀ ਉਲਝ ਗਿਆ, ਜਿਸ ਦਾ ਸੁਲਝਣਾ ਸੌਰਨਾ ਫਿਰ ਮਹਾਂ ਕਠਿਨ ਹੋ ਜਾਂਦਾ ਹੈ। ਗੁਰਬਾਣੀ ਅੰਦਰ ਅਨੇਕਾਂ ਹੀ ਐਸੇ ਪ੍ਰਮਾਣ ਆਉਂਦੇ ਹਨ, ਜਿਸ ਅਨੁਸਾਰ ਇਹ ਸਭੇ ਬਿਵਰਜਤ ਹੀ ਸ਼ਕਤੀਆਂ ਹਨ। ਯਥਾ :

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥੧॥੧੯॥

[ਸਲੋਕੁ ਮ: ੩, ਪੰਨਾ ੫੯੩

ਤਥਾ — ਸਿਧ ਸਾਧਿਕ ਕੇਤੇ ਮੁਨਿ ਦੇਵਾ ॥
ਹਠਿ ਨਿਗ੍ਰਹਿ ਨ ਤ੍ਰਿਪਤਾਵਹਿ ਭੇਵਾ ॥੬॥੬੫॥

[ਰਾਮਕਲੀ ਮ: ੧, ਪੰਨਾ ੯੦੬

ਤਥਾ – ਸਿਧ ਸਾਧਿਕ ਜੇ ਕੋ ਕਹੈ ਕਹਾਏ ॥ ਭਰਮੇ ਭੂਲਾ ਆਵੈ ਜਾਏ ॥੨॥੨॥
[ਬਿਲਾਵਲੁ ਮ: ੩, ਪੰਨਾ ੮੪੨

ਤਥਾ – ਸਿਧ ਸਾਧਿਕ ਤਰਸਹਿ ਸਭਿ ਲੋਇ ॥
ਪੂਰੈ ਭਾਗਿ ਪਰਾਪਤਿ ਹੋਇ ॥੩॥੭॥ [ਧਨਾਸਰੀ ਮ: ੩, ਪੰਨਾ ੬੬੫

ਤਥਾ – ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ
ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ ॥੭॥੨੪॥
[ਮਾਝ ਮ: ੩, ਪੰਨਾ ੧੨੪

ਤਥਾ – ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥੧੪॥
[ਆਸਾ ਮ: ੧, ਪੰਨਾ ੪੧੮

ਤਥਾ – ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ ॥
ਬਿਨੁ ਜਗਦੀਸ ਕਹਾ ਸਚੁ ਪਾਵਉ ॥੬॥੧੦॥
[ਗਉੜੀ ਮ: ੧, ਪੰਨਾ ੨੨੫

ਤਥਾ – ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥੧॥
[ਵਡਹੰਸ ਮ: ੩, ਪੰਨਾ ੫੫੮

ਇਤਿ ਆਦਿਕ ਅਨੇਕਾਂ ਹੀ ਗੁਰਪ੍ਰਮਾਣ ਹਨ, ਜਿਨ੍ਹਾਂ ਦੇ ਭਾਵ ਅਨੁਸਾਰ ਰਿਧੀਆਂ ਸਿਧੀਆਂ, ਅਰ ਨਿਧੀਆਂ ਵਿਚ ਪੈਣਾ ਮਹਾਂ ਮਨਮਤਿ ਹੈ ।

## ੮. ਆਨਮਤਾਂ ਦੀਆਂ ਪੁਸਤਕਾਂ

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
ਕਥਨੀ ਝੂਠੀ ਜਗੁ ਭਵੈ ਰਹਣੀ ਸਬਦੁ ਸੁ ਸਾਰੁ ॥੬॥
ਕੇਤੇ ਪੰਡਿਤ ਜੋਤਕੀ ਬੇਦਾ ਕਰਹਿ ਬੀਚਾਰੁ ॥
ਵਾਦਿ ਵਿਰੋਧਿ ਸਲਾਹਣੇ ਵਾਦੇ ਆਵਣੁ ਜਾਣੁ ॥
ਬਿਨੁ ਗੁਰ ਕਰਮ ਨ ਛੁਟਸੀ ਕਹਿ ਸੁਣਿ ਆਖਿ ਵਖਾਣੁ ॥੭॥੫॥
[ਸਿਰੀਰਾਗੁ ਮ: ੧, ਪੰਨਾ ੫੬

ਬੇਦ-ਵੇਤਾ ਕਹਾਉਣ ਵਾਲੇ ਪੰਡਿਤ ਵੇਦ ਸਿਮ੍ਰਿਤਿ ਸ਼ਾਸਤ੍ਰ ਮਈ ਪੋਥੀਆਂ ਨੂੰ ਕਥਿ ਕਥਿ ਵਾਚਦੇ ਹਨ, ਪ੍ਰੰਤੂ ਓਹ ਤੱਤ ਵੀਚਾਰ (ਗੁਰਮਤਿ ਨਾਮ) ਨੂੰ ਨਹੀਂ ਬੁੜ

ਸਕਦੇ। ਹੋਰਨਾਂ ਨੂੰ ਕੂੜਾਵੀਆਂ ਮੱਤਾਂ (ਜੋ ਜੋ ਪੋਥੀਆਂ ਵਿਚ ਦਰਜ ਹਨ) ਦੇ ਦੇ ਕੇ ਵਕਤ ਟਪਾਉਂਦੇ ਹਨ ਅਤੇ ਮਾਇਆ ਦਾ ਝੂਠਾ ਵਾਪਾਰ ਹੀ ਵਿਹਾਝਦੇ ਹਨ ਅਤੇ ਲੋਕਾਂ ਨੂੰ ਝੂਠੇ ਵਾਪਾਰ ਵਿਚ ਲਾ ਲਾ ਕੇ ਔਝੜ ਪਾਉਂਦੇ ਹਨ। ਓਹਨਾਂ ਦੀ ਝੂਠੀ ਕਥਨੀ ਕਰਕੇ ਜੱਗ ਭਉਂਦਾ ਫਿਰਦਾ ਹੈ (ਬਉਰਾਨਾ ਹੋਇਆ ਵਿਆ ਹੈ)। ਅਸਲ ਕਮਾਈ ਤੱਤ ਸ਼ਬਦ ਰੂਪੀ ਜੋ ਰਹਿਣੀ ਹੈ, ਜਿਸ ਦੇ ਉਪਰ ਕਿ ਜਗਿਆਸੂ ਨੂੰ ਚਲਣਾ ਚਾਹੀਦਾ ਹੈ, ਉਸ ਦੀ ਓਹ ਸਾਰ ਹੀ ਨਹੀਂ ਜਾਣਦੇ। ਗੁਰਮਤਿ ਅਨੁਸਾਰ ਤਤ-ਸਾਰ ਸ਼ਬਦ ਗੁਰ-ਦੀਖਿਆ ਹੀ ਹੈ। ਤਿਸ ਦੀ ਉਹਨਾਂ ਨੂੰ ਸੂਝ ਬੂਝ ਹੀ ਨਹੀਂ ਪੈ ਸਕਦੀ। ਸੂਝ ਬੂਝ ਤਾਂ ਪਵੇ ਜੇ ਤਿਨ੍ਹਾਂ ਦੇ ਵਾਚਣ ਜੋਗ ਪੋਥੀਆਂ ਵਿਚ ਅਸਲੀ ਸੂਝ ਬੂਝ ਦਾ ਕੁਛ ਥਹੁ ਥਿਤਾ ਦਸਿਆ ਹੋਇਆ ਹੋਵੇ।

ਬੇਦ ਦੇ ਬਕਤਾ, ਵੇਦਾਂ ਦੇ ਮਾਸਟਰ (ਪੰਡਿਤ) ਜੋਤਸ਼ੀ ਹੋਇ ਗੁਜ਼ਰੇ ਹਨ ਅਤੇ ਹੋਇ ਗੁਜ਼ਰਨਗੇ, ਜੋ ਵੇਦਾਂ ਦੇ ਫੋਕੇ ਵੀਚਾਰ ਵਿਚ ਹੀ ਫਸ ਕੇ ਹਾਰ ਹੰਭ ਚੁਕੇ ਹਨ ਤੇ ਹਾਰਦੇ ਹੰਭਦੇ ਰਹਿਣਗੇ। ਓਹ ਵਿਰੋਧ ਤੇ ਝਗੜਿਆਂ ਦੀਆਂ ਬਾਦ-ਕਹਾਣੀਆਂ ਨੂੰ ਹੀ ਮੁਖ ਰਖਿ ਰਖਿ ਫੋਕੀ ਫਕੜਬਾਜ਼ੀ ਵਿਚ ਪੈਂਦੇ ਹਨ, ਕਿਉਂਜੁ ਵੇਦਾਂ ਵਿਚ ਕੇਵਲ ਲਿਖੀ ਹੋਈ ਫੋਕੀ ਫੱਕੜਬਾਜ਼ੀ ਹੈ। ਤਾਂ ਤੇ ਓਹ ਬਾਦ ਬਿਬਾਦ ਦੀਆਂ ਕਹਾਣੀਆਂ ਪਾ ਪਾ ਕੇ ਖਪ ਖਪ ਮਰ ਜਾਂਦੇ ਹਨ ਅਤੇ ਲਖ ਚਉਰਾਸੀ ਜੋਨ ਦੇ ਗੇੜ ਵਿਚ ਹੀ ਪਏ ਖਰਦੇ ਖਪਦੇ ਰਹਿੰਦੇ ਹਨ। ਐਸੇ ਹੀ ਫੋਕਟ ਕਰਮ ਏਹਨਾਂ ਆਨਮਤ ਪੋਥੀਆਂ ਨੇ ਆਨਮਤੀਆਂ ਨੂੰ ਦ੍ਰਿੜ੍ਹਾਏ ਹਨ, ਜਿਨ੍ਹਾਂ ਫੋਕਟ ਕਰਮਾਂ ਦੀ ਫਾਸ ਵਿਚੋਂ ਓਹਨਾਂ ਦੀ ਬੰਦ-ਖਲਾਸ ਹੁੰਦੀ ਹੀ ਨਹੀਂ। ਇਹ ਫੋਕਟ ਕਰਮਾਂ ਮਈ ਫਾਸ ਦੀ ਬੰਦ ਖਲਾਸ ਸੱਚੇ ਗੁਰੂ, ਗੁਰੂ ਨਾਨਕ ਸਾਹਿਬ ਤੋਂ ਬਿਨਾਂ ਹੁੰਦੀ ਹੀ ਨਹੀਂ, ਨਾ ਹੀ ਕਰਮਾਂ ਦਾ ਗੇੜ ਅਤੇ ਕਰਮਾਂ ਦੇ ਗੇੜ ਕਰਕੇ ਚਉਰਾਸੀ ਜੋਨ ਵਿਚ ਭਰਮਣ ਦਾ ਗੇੜ ਛੁਟਦਾ ਹੈ, ਨ ਕਦੇ ਛੁਟੇਗਾ। ਏਹਨਾਂ ਆਨਮਤੀ ਪੁਸਤਕਾਂ ਵਿਚ ਆਨਮਤ ਫੋਕਟ ਕਰਮਾਂ ਦੀ ਹੀ ਭਰਮਾਰ ਭਰੀ ਪਈ ਹੈ, ਜੋ ਵੇਦ-ਬੇਤਾ ਪੰਡਿਤ ਐਵੇਂ ਕਥਨ ਮਾਤਰ ਹੀ ਕਹਿ ਕਹਿ ਕੇ, ਸੁਣ ਸੁਣ ਕੇ, ਆਖ ਆਖ ਕੇ ਤੁਰ ਜਾਂਦੇ ਹਨ।

# ੯. ਆਨਮਤੀ ਕਰਮ ਤੇ ਤੀਰਥ

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆ ਬਿਨੁ ਸਾਚੇ ਕਿਆ ਤਾਸੁ ॥
**ਜੇਹਾ ਰਾਧੇ ਤੇਹਾ ਲੁਣੈ ਬਿਨੁ ਗੁਣ ਜਨਮੁ ਵਿਣਾਸੁ ॥੧॥**
**ਮੁੰਧੇ ਗੁਣ ਦਾਸੀ ਸੁਖੁ ਹੋਇ ॥**

ਅਵਗਣ ਤਿਆਗਿ ਸਮਾਈਐ ਗੁਰਮਤਿ ਪੂਰਾ ਸੋਇ ॥
॥੧॥ਰਹਾਉ॥...੮॥੬॥ [ਸਿਰੀਰਾਗੁ ਮ: ੧, ਪੰਨਾ ੫੬

ਏਸ ਗੁਰਵਾਕ ਦੁਆਰਾ ਗੁਰੂ ਸਾਹਿਬ ਇਹ ਦ੍ਰਿੜ੍ਹਾਉਂਦੇ ਹਨ ਕਿ ਜਪ ਤਪ ਸੰਜਮ ਆਦਿਕ ਆਨਮਤੀ ਕਰਮ ਭਾਵੇਂ ਕਿਤਨਾ ਹੀ ਸੋਧੇ ਕਮਾਏ ਜਾਣ ਤੇ ਆਤਮਤੀ ਤੀਰਥਾਂ ਉਤੇ ਭਾਵੇਂ ਕਿਤਨਾ ਹੀ ਢੇਰ-ਚਿਰੇ (ਸਾਰੀ ਉਮਰ) ਹੀ ਵਾਸਾ ਕੀਤਾ ਜਾਵੇ, ਕਿਸੇ ਭੀ ਲੇਖੇ ਨਹੀਂ ਹੈ। ਆਨਮਤਾਂ ਦੀਆਂ ਦੱਸੀਆਂ ਹੋਈਆਂ ਪੁੰਨ ਦਾਨ ਚੰਗਿਆਈਆਂ ਭਾਵੇਂ ਕਿਤਨੀਆਂ ਹੀ ਕੀਤੀਆਂ ਜਾਣ, ਲੋਕਾ-ਚਾਰਕ ਚੰਗਿਆਈਆਂ ਹੀ ਹਨ। ਗੁਰਮਤਿ ਅਨੁਸਾਰ ਏਹਨਾਂ ਆਨਮਤ ਲੋਕਾਚਾਰਕ ਵੇਦਾਚਾਰਕ ਕੰਮਾਂ ਦਾ ਕੱਖ ਭੀ ਸੁਬੇਹਤਾ ਨਹੀਂ। ਬਿਨਾਂ ਸੱਚੇ ਵਾਹਿਗੁਰੂ ਅਤੇ ਵਾਹਿਗੁਰੂ ਸੱਚੇ ਨਾਮ ਤੋਂ ਇਹ ਬਾਦ ਬੇਕਾਰੀ ਕਰਮ ਹੀ ਹਨ। ਆਨਮਤ ਅਨੁਸਾਰ ਜਿਤਨੇ ਭੀ ਪਾਖੰਡ ਕਰਮ ਹਨ, ਉਹਨਾਂ ਦਾ ਨਾਉਂ ਐਵੇਂ ਹੀ ਜਪ ਤਪ ਸੰਜਮ ਆਦਿਕ ਕਰਮ ਆਨਮਤੀਆਂ ਨੇ ਆਪਣੇ ਦਿਲ-ਪਰਚਾਵੇ ਲਈ ਰਖ ਲਇਆ ਹੋਇਆ ਹੈ। ਵਾਸਤਵ ਵਿਚ ਤਿਨ੍ਹਾਂ ਪਾਖੰਡ-ਕਰਮਾਂ ਅੰਦਰਿ ਸਚੇ ਜਪ, ਸਚੇ ਤਪ, ਸਚੇ ਸੰਜਮ ਦੀ ਬੂ ਮਾਤਰ ਭੀ ਨਹੀਂ। ਗੁਰਬਾਣੀ ਅੰਦਰ ਜਿਥੇ ਭੀ ਜਪ ਤਪ ਆਦਿ ਦਾ ਖੰਡਨ ਕੀਤਾ ਹੈ, ਓਹ ਸਭ ਆਨਮਤ ਜਪ ਤਪ ਕਰਮ ਦਾ ਹੀ ਹੈ। ਗੁਰਮਤਿ ਅਨੁਸਾਰ ਕੀਤਾ ਹੋਇਆ ਜਪੁ ਤਪੁ ਕਰਮ ਕੇਵਲ ਨਾਮ ਦੀ ਸਾਧਨਾ, ਨਾਮ ਅਭਿਆਸ ਕਮਾਈ ਹੀ ਹੈ, ਜੋ ਸਦਾ ਸ੍ਰੇਸ਼ਟ ਅਤੇ ਸਾਰ-ਕਰਮ ਹੀ ਗੁਰਮਤਿ ਅੰਦਰ ਗਰਦਾਨਿਆ ਜਾਂਦਾ ਹੈ। ਏਸੇ ਪ੍ਰਕਾਰ ਆਨਮਤ ਦੇ ਤੀਰਥਾਂ ਉਤੇ ਵਾਸਾ ਕਰਨਾ ਭੀ ਨਿਰਾ ਨਿਰਾਰਥਕ ਕਰਮ ਹੀ ਹੈ, ਕਿਉਂਕਿ ਆਨਮਤ ਤੀਰਥਾਂ ਉਤੇ ਕੇਵਲ ਪਾਖੰਡ-ਕਿਰਿਆ ਦਾ ਵਿਥਾਰ ਹੀ ਵਿਥਾਰਿਆ ਹੋਇਆ ਹੁੰਦਾ ਹੈ, ਸੱਚੇ ਅੰਮ੍ਰਿਤ ਰੂਪੀ ਨਾਮ ਦੇ ਸੰਚਾਰ ਦਾ ਤਿਨ੍ਹਾਂ ਆਨਮਤੀ ਤੀਰਥ-ਅਸਥਾਨਾਂ ਉਤੇ ਰੰਚਿਕ ਮਾਤਰ ਭੀ ਮੁਸ਼ਕ ਨਹੀਂ ਹੁੰਦਾ।

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦੁ ਬੀਚਾਰੁ ਅੰਤਰਿ ਗਿਆਨੁ ਹੈ ॥੧॥
[ਧਨਾਸਰੀ ਮ: ੧ ਛੰਤੁ, ਪੰਨਾ ੬੮੭

ਗੁਰਵਾਕ ਦੇ ਭਾਵ ਅਨੁਸਾਰ ਗੁਰਮਤਿ ਨਾਮ ਰੂਪੀ ਵਰਤਾਰਾ, ਸੰਚਾਰਾ ਜਿਥੇ ਵਰਤਦਾ ਹੈ, ਉਹੀ ਸਚਾ ਅੰਮ੍ਰਿਤ ਮਈ ਤੀਰਥ ਹੈ। ਗੁਰਮਤਿ ਨਾਮ ਅੰਮ੍ਰਿਤ ਸਰੂਪ ਹੈ। ਤਾਹੀਂ ਤੇ ਅੰਮ੍ਰਿਤ ਬਾਣੀ ਅਤੇ ਅੰਮ੍ਰਿਤ ਨਾਮ ਦੇ ਸੰਚਣ ਦੀ ਬੁਹਾਰ ਸ਼ਗੁਫ਼ਤਾਰ ਹੋਣ ਕਰਕੇ ਸ੍ਰੀ ਅੰਮ੍ਰਿਤ ਸਰੋਵਰ ਸੱਚਾ ਅੰਮ੍ਰਿਤਸਰ ਤੀਰਥ, ਭਾਵ, ਅੰਮ੍ਰਿਤ ਮਈ ਤੀਰਥ ਹੈ। ਤਾਂ ਤੇ ਆਨਮਤੀ ਤੀਰਥਾਂ ਨਾਲੋਂ ਇਸ ਗੁਰਮਤਿ ਤੀਰਥ ਦੀ ਮਹਾਨ ਵਿਲੱਖਣਤਾ ਹੈ। ਗੁਰਮਤਿ ਤੀਰਥ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ

ਕਰਨਾ ਪੂਰਨ ਤਤ ਗੁਰਮਤਿ ਅਨੁਸਾਰ ਹੈ। ਜਿਥੇ ਜਿਥੇ ਭੀ ਆਨਮਤੀ ਤੀਰਥਾਂ ਦਾ ਖੰਡਨ ਹੈ, ਤਿਥੇ ਤਿਥੇ ਤਿਨ੍ਹਾਂ ਪ੍ਰਥਾਇ ਹੇਠ ਲਿਖੇ ਗੁਰਵਾਕ ਪੂਰੇ ਤੌਰ ਤੇ ਵਿਦਮਾਨ ਹਨ :

ਤੀਰਥ ਵਰਤ ਸੁਚਿ ਸੰਜਮੁ ਨਾਹੀ ਕਰਮੁ ਧਰਮੁ ਨਹੀ ਪੂਜਾ ॥
ਨਾਨਕ ਭਾਇ ਭਗਤਿ ਨਿਸਤਾਰਾ ਦੁਬਿਧਾ ਵਿਆਪੈ ਦੂਜਾ ॥੨॥੨॥
[ਸਿਰੀ ਰਾਗੁ ਮ: ੧, ਪੰਨਾ ੭੫

ਤੀਰਥ ਵਰਤ ਲਖ ਸੰਜਮਾ ਪਾਈਐ ਸਾਧੂ ਧੂਰਿ ॥ ...੩॥੮੬॥
[ਸਿਰੀ ਰਾਗੁ ਮ: ੫, ਪੰਨਾ ੪੮

ਤੀਰਥੁ ਤਪੁ ਦਇਆ ਦਤੁ ਦਾਨੁ ॥ ਜੇ ਕੋ ਪਾਵੈ ਤਿਲ ਕਾ ਮਾਨੁ ॥੨੧॥
[ਜਪੁ ਜੀ ਸਾਹਿਬ

ਤੀਰਥੁ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨ ॥
ਗੁਰ ਬਿਨੁ ਕਿਆ ਸਮਝਾਈਐ ਮਨੁ ਰਾਜਾ ਸੁਲਤਾਨੁ ॥੪॥੧੨॥
[ਸਿਰੀ ਰਾਗੁ ਮ: ੧, ਪੰਨਾ ੬੧

ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹਕਾਰੁ ॥
ਜੋਗੀ ਸੁੰਨਿ ਧਿਆਵਨਿ੍ ਜੇਤੇ ਅਲਖ ਨਾਮੁ ਕਰਤਾਰੁ ॥੧॥੬॥
[ਵਾਰ ਆਸਾ, ਸਲੋਕ ਮ: ੧, ਪੰਨਾ ੪੬੫

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉ ਗੋ ॥
ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉ ਗੋ ॥੩॥੨॥
[ਰਾਮਕਲੀ ਨਾਮਦੇਉ ਜੀ, ਪੰਨਾ ੯੭੩

ਤੀਰਥ ਨਾਇ ਨ ਉਤਰਸਿ ਮੈਲੁ ॥ ਕਰਮ ਧਰਮ ਸਭਿ ਹਉਮੈ ਫੈਲੁ ॥
ਲੋਕ ਪਚਾਰੈ ਗਤਿ ਨਹੀ ਹੋਇ ॥ ਨਾਮ ਬਿਹੂਣੇ ਚਲਸਹਿ ਰੋਇ ॥੨॥੨੪॥
[ਰਾਮਕਲੀ ਮ: ੫, ਪੰਨਾ ੮੯੦

ਤੀਰਥ ਬਰਤ ਨੇਮ ਸੁਚਿ ਸੰਜਮ ਰਵਿ ਸਸਿ ਗਹਨੈ ਦੇਉ ਰੇ ॥
ਸੁਰਤਿ ਪਿਆਲ ਸੁਧਾ ਰਸੁ ਅੰਮ੍ਰਿਤੁ ਏਹੁ ਮਹਾ ਰਸੁ ਪੇਉ ਰੇ ॥੩॥੧॥
[ਰਾਮਕਲੀ ਕਬੀਰ ਜੀ, ਪੰਨਾ ੯੬੯

ਤੀਰਥਿ ਭਰਮਸਿ ਬਿਆਧਿ ਨ ਜਾਵੈ ॥ ਨਾਮ ਬਿਨਾ ਕੈਸੇ ਸੁਖੁ ਪਾਵੈ ॥੪॥੬॥
[ਰਾਮਕਲੀ ਮ: ੧, ਪੰਨਾ ੯੦੬

ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ, ਬਿਨੁ ਸਤਿਗੁਰ ਭਰਮੁ ਨ ਜਾਇਆ ॥
੧੩॥੨੨॥ [ਮਾਰੂ ਮ: ੧, ਪੰਨਾ ੧੦੪੩

ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦ ਬਿਬਾਦੁ ਭਇਆ ॥
ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥
ਗੁਰਮੁਖਿ ਸਾਚਾ ਸਬਦਿ ਸਾਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥੮॥੧॥
[ਭੈਰਉ ਮ: ੧, ਪੰਨਾ ੧੧੫੩

ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥
ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥੫॥੪॥
[ਬਸੰਤ ਮ: ੩, ਪੰਨਾ ੧੧੬੯

# ੧੦. ਗੁਰਮਤਿ ਤੀਰਥ

ਗੁਰਮਤਿ ਤੀਰਥ, ਜੋ ਗੁਰਮਤਿ ਅਨੁਸਾਰ ਪ੍ਰਮਾਣੀਕ ਹਨ, ਓਹਨਾਂ ਪ੍ਰਥਾਏ ਪ੍ਰੌੜ੍ਹਤਾ ਪੂਰਬਕ ਹੇਠ ਲਿਖੇ ਗੁਰ ਪ੍ਰਮਾਣ ਦਿਤੇ ਜਾਂਦੇ ਹਨ, ਯਥਾ :

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ ॥੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥ ਸਹੀ ਸਲਾਮਤਿ ਸਭਿ ਥੋਕ ਉਬਾਰੇ ॥
ਗੁਰ ਕਾ ਸਬਦੁ ਵੀਚਾਰੇ ॥੧॥ਰਹਾਉ॥
ਸਾਧ ਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥
ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥੨॥੧॥੬੫॥
[ਸੋਰਠਿ ਮ: ੫ ਘਰੁ ੩, ਪੰਨਾ ੬੨੫

ਵਿਚਿ ਕਰਤਾ ਪੁਰਖੁ ਖਲੋਆ ॥ ਵਾਲੁ ਨ ਵਿੰਗਾ ਹੋਆ ॥
ਮਜਨੁ ਗੁਰ ਆਂਦਾ ਰਾਸੇ ॥ ਜਪਿ ਹਰਿ ਹਰਿ ਕਿਲਵਿਖ ਨਾਸੇ ॥੧॥
ਸੰਤਹੁ ਰਾਮਦਾਸ ਸਰੋਵਰੁ ਨੀਕਾ ॥
ਜੋ ਨਾਵੈ ਸੋ ਕੁਲੁ ਤਰਾਵੈ ਉਧਾਰੁ ਹੋਆ ਹੈ ਜੀ ਕਾ ॥੧॥ਰਹਾਉ॥
ਜੈ ਜੈਕਾਰੁ ਜਗੁ ਗਾਵੈ ॥ ਮਨ ਚਿੰਦਿਅੜੇ ਫਲ ਪਾਵੈ ॥
ਸਹੀ ਸਲਾਮਤਿ ਨਾਇ ਆਏ ॥ ਅਪਣਾ ਪ੍ਰਭੂ ਧਿਆਏ ॥੨॥
ਸੰਤ ਸਰੋਵਰ ਨਾਵੈ ॥ ਸੋ ਜਨੁ ਪਰਮ ਗਤਿ ਪਾਵੈ ॥
ਮਰੈ ਨ ਆਵੈ ਜਾਈ ॥ ਹਰਿ ਹਰਿ ਨਾਮੁ ਧਿਆਈ ॥੩॥
ਇਹੁ ਬ੍ਰਹਮ ਬਿਚਾਰੁ ਸੁ ਜਾਨੈ ॥ ਜਿਸੁ ਦਇਆਲੁ ਹੋਇ ਭਗਵਾਨੈ ॥
ਬਾਬਾ ਨਾਨਕ ਪ੍ਰਭ ਸਰਣਾਈ ॥ ਸਭ ਚਿੰਤਾ ਗਣਤ ਮਿਟਾਈ ॥
੪॥੭॥੫੭॥ [ਸੋਰਠਿ ਮ: ੫, ਪੰਨਾ ੬੨੩

ਗੁਰਿ ਪੂਰੇ ਕੀਤੀ ਪੂਰੀ ॥ ਪ੍ਰਭੁ ਰਵਿ ਰਹਿਆ ਭਰਪੂਰੀ ॥
ਖੇਮ ਕੁਸਲ ਭਇਆ ਇਸਨਾਨਾ ॥ ਪਾਰਬ੍ਰਹਮ ਵਿਟਹੁ ਕੁਰਬਾਨਾ ॥੧॥
ਗੁਰ ਕੇ ਚਰਨ ਕਵਲ **ਰਿਦ** ਧਾਰੇ ॥
ਬਿਘਨੁ ਨ ਲਾਗੈ ਤਿਲ ਕਾ ਕੋਈ ਕਾਰਜ ਸਗਲ ਸਵਾਰੇ ॥੧॥ਰਹਾਉ॥
ਮਿਲਿ ਸਾਧੂ ਦੁਰਮਤਿ ਖੋਏ ॥ ਪਤਿਤ ਪੁਨੀਤ ਸਭ ਹੋਏ ॥
ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥
ਗੁਨ ਗੋਬਿੰਦ ਨਿਤ ਗਾਈਐ ॥ ਸਾਧ ਸੰਗ ਮਿਲਿ ਧਿਆਈਐ ॥
ਮਨ ਬਾਂਛਤ ਫਲ ਪਾਏ ॥ ਗੁਰੁ ਪੂਰਾ ਰਿਦੈ ਧਿਆਏ ॥੩॥
ਗੁਰ ਗੋਪਾਲ ਆਨੰਦਾ ॥ ਜਪਿ ਜਪਿ ਜੀਵੈ ਪਰਮਾਨੰਦਾ ॥
ਜਨ ਨਾਨਕ ਨਾਮੁ ਧਿਆਇਆ॥ ਪ੍ਰਭ ਅਪਨਾ ਬਿਰਦੁ ਰਖਾਇਆ ॥
੪॥੧੦॥੬੦॥ [ਸੋਰਠਿ ਮ: ੫, ਪੰਨਾ ੬੨੪

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥੧੦॥
[ਸੂਹੀ ਮ: ੫, ਪੰਨਾ ੭੮੩

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥੧੦॥
[ਫੁਨਹੇ ਮ: ੫, ਪੰਨਾ ੧੩੬੨

ਏਹ ਉਪਰਲੇ ਗੁਰਵਾਕ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਅੰਮ੍ਰਿਤ ਸਰੋਵਰ ਸੰਬੰਧੀ ਹਨ। ਪਰ ਹੋਰ ਦਸਾਂ ਪਾਤਸ਼ਾਹੀਆਂ ਦੇ ਨਾਮ ਨਾਲ ਸੰਬੰਧਤ ਜਿਤਨੇ ਗੁਰਦੁਆਰੇ ਤੇ ਉਨ੍ਹਾਂ ਦੇ ਨਾਲ ਲਗਦੇ ਸਰੋਵਰ ਗੁਰ-ਅਸਥਾਨ ਤੇ ਬਾਉਲੀਆਂ ਆਦਿ ਜਲ-ਤੀਰਥ ਹਨ ਤੇ ਜਿਤਨੇ ਸਰੋਵਰ ਤੋਂ ਬਿਨਾਂ ਗੁਰ-ਅਸਥਾਨ ਥਲ-ਤੀਰਥ ਹਨ, ਏਹ ਸਭ ਗੁਰੂ ਕੀ ਨਦਰ ਮਿਹਰ ਨਾਲ ਤੇ ਨਾਮ ਦੀ ਦਾਤਿ ਨਾਲ ਵਰੋਸਾਏ ਹੋਣ ਕਰਕੇ ਕਲਿਆਣਕਾਰੀ ਹਨ, ਏਨ੍ਹਾਂ ਦਾ ਦਰਸ਼ਨ ਸਭ ਸਫਲ ਹੈ। ਇਸ ਪ੍ਰਥਾਇ ਗੁਰਵਾਕ ਹੈ—

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮੁ ਰਾਜੇ ॥

ਗੁਰਸਿਖੰੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥੧੯॥
[ਆਸਾ ਮ: ੪, ਪੰਨਾ ੪੫੦

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥੨॥੧੭॥
[ਗਉੜੀ ਵਾਰ, ਮ: ੪, ਪੰਨਾ ੩੧੦

ਨਿਤਪ੍ਰਤਿ ਨਾਵਣੁ ਰਾਮਸਰਿ ਕੀਜੈ॥ ਝੋਲਿ ਮਹਾ ਰਸੁ ਹਰਿ ਅੰਮ੍ਰਿਤੁ ਪੀਜੈ॥੧॥ਰਹਾਉ॥
ਨਿਰਮਲ ਉਦਕੁ ਗੋਵਿੰਦ ਕਾ ਨਾਮ ॥ ਮਜਨੁ ਕਰਤ ਪੂਰਨ ਸਭਿ ਕਾਮ ॥੧॥
ਸੰਤ ਸੰਗਿ ਤਹ ਗੋਸਟਿ ਹੋਇ ॥ ਕੋਟਿ ਜਨਮ ਕੇ ਕਿਲਵਿਖ ਖੋਇ ॥੨॥
ਸਿਮਰਹਿ ਸਾਧ ਕਰਹਿ ਆਨੰਦੁ ॥ ਮਨਿ ਤਨਿ ਰਵਿਆ ਪਰਮਾਨੰਦੁ ॥ ੩ ॥
ਜਿਸਹਿ ਪਰਾਪਤਿ ਹਰਿ ਚਰਣ ਨਿਧਾਨ ॥ ਨਾਨਕ ਦਾਸ ਤਿਸਹਿ ਕੁਰਬਾਨ ॥
੪॥੯੫॥੧੬੪॥ [ਗਉੜੀ ਮ: ੫, ਪੰਨਾ ੧੯੮

# ੧੧. ਬੇਦਾਂ ਦਾ ਬੀਚਾਰ

ਬੇਦੁ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ॥
ਮੁਨਿ ਜਨ ਸੇਵਕ ਸਾਧਿਕਾ ਨਾਮਿ ਰਤੇ ਗੁਣਤਾਸੁ ॥
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੈ ਜਾਸੁ ॥੬॥੭॥
[ਸਿਰੀ ਰਾਗੁ ਮ: ੧, ਪੰਨਾ ੫੭

ਬ੍ਰਹਮਾ ਦੀ ਪੁਕਾਰੀ ਹੋਈ ਬੇਦ-ਬਾਣੀ ਬਿਆਸੁ ਬੀਚਾਰਦਾ ਹੈ, ਪਰ ਉਸ ਦੇ ਪੱਲੇ ਕੁਛ ਨਹੀਂ ਪੈਂਦਾ। ਬੇਦ ਪੁਕਾਰਨਹਾਰੇ ਦੇ ਹਮ ਪੱਲੇ ਭੀ ਕੁਛ ਨਹੀਂ ਪਿਆ। ਸੱਚੇ ਮੁਨੀ ਜਨ ਸਿਖ ਸੇਵਕ ਸੱਚੇ ਸਾਧਿਕ ਆਦਿ ਓਹ ਹਨ ਜੋ ਗੁਣਤਾਸ ਵਾਹਿਗੁਰੂ ਦੇ ਨਾਮ-ਰੰਗਾਂ ਵਿਚ ਰੰਗੇ ਹੋਏ ਹਨ। ਤੇ ਏਹ ਬੇਦ ਪੁਕਾਰਨਹਾਰੇ ਬ੍ਰਹਮਾ ਦੇ ਬੇਦ ਵਾਚਣਹਾਰੇ ਬਿਆਸ ਨਾਲੋਂ ਚੰਗੇ ਹਨ। ਜੇਹੜੇ ਮੁਨ ਜਨ ਸੇਵਕ ਸਾਧਿਕ ਆਦਿ ਬੇਦ ਪੁਕਾਰਨ ਤੇ ਵਾਚਣ ਦੇ ਤਰਲੇ ਲੈਂਦੇ ਹਨ ਓਹਨਾਂ ਆਨਮਤੀ ਮੁਨਿ-ਜਨ ਸੇਵਕ ਸਾਧਿਕਾਂ ਨਾਲੋਂ ਗੁਰਮਤਿ ਨਾਮ-ਰੰਗੇ ਨਾਮ ਅਭਿਆਸੀ ਸਿਖ ਸੇਵਕ ਸਾਧਿਕ ਬਹੁਤ ਚੰਗੇ ਰਹੇ ਹਨ ਤੇ ਸੱਚੇ ਮੁਨੀ ਜਨ ਕਹਾਉਣ ਦੇ ਓਹੀ ਅਧਿਕਾਰੀ ਹਨ। ਸੱਚੇ ਨਾਮ ਦੇ ਰੰਗਾਂ ਵਿਚ ਜੋ ਰਤੇ ਗਏ, ਉਹੀ ਇਸ ਸੰਸਾਰ-ਸਾਗਰ ਤੇ ਤਰਨ ਵਾਲੀ ਬਾਜ਼ੀ ਜਿੱਤ ਗਏ। ਐਸੇ ਸਾਰ-ਬਾਜ਼ੀ ਜਿਤਣਹਾਰਿਆਂ ਗੁਰੂ-ਆਗਿਆਕਾਰ ਗੁਰਸਿੱਖਾਂ ਉਪਰੋਂ ਗੁਰੂ ਨਾਨਕ ਸਾਹਿਬ ਵਾਰਨੇ ਜਾਂਦੇ ਹਨ। ਕੈਸੀ ਤਰਸਜੋਗ ਹਾਲਤ

ਹੈ ਤਿਨ੍ਹਾਂ ਮੁਨਿ-ਜਨਾਂ ਸਿਧ ਸਾਧਿਕਾਂ ਦੀ, ਜੋ ਬੇਦਾਂ ਦੇ ਪ੍ਰਕਾਰਨ ਵਾਚਣ ਦੀ ਖਲਜਗਣ ਵਿਚ ਪੈ ਕੇ ਆਪਣਾ ਜਨਮ ਹੀ ਹਾਰ ਗਏ। ਤਿਨ੍ਹਾਂ ਆਨਮਤੀ ਹਿੰਦੂਆਂ ਦੇ ਮੰਨੇ ਦੰਨੇ ਆਗੂਆਂ ਦੀ ਗਤੀ ਤਦੇ ਹੋਵੇਗੀ ਜੇ ਮੁੜ ਗੁਰ ਸਰਣਾਈ ਆਵਣਗੇ ਅਤੇ ਨਾਮ ਦੀ ਦਾਤਿ ਗੁਰੂ ਘਰ ਵਿਚੋਂ ਪ੍ਰਾਪਤ ਕਰ ਕੇ ਤੇ ਸੱਚੇ ਗੁਰਸਿਖ ਬਣ ਕੇ ਆਪਣੇ ਜਨਮ ਸਵਾਰਨਗੇ। ਤਿਨ੍ਹਾਂ ਪ੍ਰਥਾਇ ਹੀ ਗੁਰੂ ਨਾਨਕ ਸਚੇ ਪਾਤਸ਼ਾਹ ਆਪਣੇ ਮਨ ਨੂੰ ਸੰਬੋਧਨ ਕਰ ਕੇ ਇਹ ਅਗਲੇਰਾ ਗੁਰਵਾਕ ਉਚਾਰਨ ਕਰਦੇ ਹਨ :

ਸੁਣਿ ਮਨ ਭੂਲੇ ਬਾਵਰੇ ਗੁਰ ਕੀ ਚਰਣੀ ਲਾਗੁ ॥
ਹਰਿ ਜਪਿ ਨਾਮੁ ਧਿਆਇ ਤੂ ਜਮੁ ਡਰਪੈ ਦੁਖ ਭਾਗੁ ॥
ਦੂਖੁ ਘਣੋ ਦੋਹਾਗਣੀ ਕਿਉ ਥਿਰੁ ਰਹੈ ਸੁਹਾਗੁ ॥੧॥
ਭਾਈ ਰੇ ਅਵਰੁ ਨਾਹੀ ਮੈ ਥਾਉ ॥
ਮੈ ਧਨੁ ਨਾਮੁ ਨਿਧਾਨੁ ਹੈ ਗੁਰਿ ਦੀਆ ਬਲਿ ਜਾਉ ॥੧॥ ਰਹਾਉ ॥੮॥

[ਸਿਰੀ ਰਾਗੁ ਮ: ੧, ਪੰਨਾ ੫੭-੫੮

ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ ॥੮॥੯॥

[ਸਿਰੀ ਰਾਗੁ ਮ: ੧, ਪੰਨਾ ੫੯

ਵਿਆਖਿਆ—ਨਿਰੀ ਕਥਨੀ ਕਹਿਣੀ ਕਰਕੇ ਛੁਟਕਾਰਾ ਨਹੀਂ ਹੁੰਦਾ, ਨਾ ਹੀ ਬਹੁਤੀਆਂ ਪੁਸਤਕਾਂ ਪੜ੍ਹ ਪੜ੍ਹ ਕੇ, ਘੋਖ ਘੋਖ ਕੇ ਹੀ ਨਿਸਤਾਰਾ ਹੈ, ਚਾਹੇ ਅਨਮਤੀ ਪੁਸਤਕਾਂ ਦੇ ਪਹਾੜ ਲਦ ਲਦ ਕੇ ਤੇ ਪੜ੍ਹ ਪੜ੍ਹ ਕੇ ਘੋਖੇ ਜਾਣ। ਨਾ ਹੀ ਨਿਰੀ ਕਾਇਆਂ ਦੀ ਸੁਚਮ ਰਖਿਆਂ ਹੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਦੀ ਨਾਮ ਸਿਮਰਨ ਰੂਪੀ ਭਗਤੀ ਅਤੇ ਨਾਮ ਅਭਿਆਸ ਮਈ ਸੱਚੜੇ ਪ੍ਰੇਮ ਬਿਨਾਂ ਉਪਰ ਦੱਸੇ ਪੋਚ ਸਾਧਨਾਂ ਕਰਕੇ (ਜੋ ਆਮ ਤੌਰ ਤੇ ਅਨਮਤੀਆਂ ਦਾ ਵਤੀਰਾ ਹੈ) ਪ੍ਰਮਾਰਥ ਦੀ ਰੰਚਕ ਮਾਤਰ ਭੀ ਪ੍ਰਾਪਤੀ ਨਹੀਂ ਹੋ ਸਕਦੀ। ਗੁਰਮਤਿ ਅਨੁਸਾਰ ਭਾਉ-ਭਗਤੀ ਸਭ ਤੋਂ ਮੁਖ ਸਾਧਨ ਪ੍ਰਮਾਰਥ-ਪ੍ਰਾਪਤੀ ਦਾ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੀ ਪ੍ਰਾਪਤੀ (ਮਿਲਾਪ) ਕੇਵਲ ਗੁਰੂ ਦੀ ਬਸੀਠੀ ਦੁਆਰਾ ਸੰਭਵ ਹੈ। ਗੁਰੂ ਦੁਆਰਾ ਸਚੇ ਨਾਮ ਦੀ ਦੀਖਿਆ ਮਿਲਦੀ ਹੈ। ਨਾਮ ਦ੍ਰਿੜ੍ਹ ਹੀ ਗੁਰੂ ਦੁਆਰਾ ਹੋ ਸਕਦਾ ਹੈ। ਸ੍ਰੀ ਦਸਮੇਸ਼ ਜੀ ਨੇ ਗੁਰ-ਦੀਖਿਅਤ ਹੋਣ ਦੀ ਪ੍ਰਥਾ ਗੁਰੂ ਸਰੂਪ ਪੰਜਾਂ ਪਿਆਰਿਆਂ ਦੁਆਰਾ ਹੀ ਸਦੀਵ ਲਈ ਕਾਇਮ ਦਾਇਮ ਕੀਤੀ ਹੈ। ਇਸ ਬਿਧਿ ਤੱਤ ਮਰਯਾਦਾ ਅਨੁਸਾਰ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਦ੍ਰਿੜ੍ਹ ਹੋਇਆ ਗੁਰ-ਦੀਖਿਆ ਸਰੂਪ ਨਾਮ ਜਗਿਆਸੂ ਸਿਖ ਦੇ ਹਿਰਦੇ ਵਿਚੋਂ ਕਦੇ ਦੂਰ ਨਹੀਂ ਹੁੰਦਾ। ਸੁਆਸ ਸੁਆਸ ਗੁਰ-ਦੀਖਿਅਤ ਨਾਮ

ਨੂੰ ਗੁਰਮਤਿ ਗ੍ਰਾਹਕ ਹੀ ਸੱਚੇ ਗੁਰਸਿੱਖ ਸੁਆਸ ਸੁਆਸ ਸਿਮਰਦੇ ਰਹਿੰਦੇ ਹਨ, ਕਦੇ ਨਹੀਂ ਵਿਸਾਰਦੇ ।

# ੧੨. ਪੂਰਾ ਗੁਰੂ ਤੇ ਅਧੂਰੇ ਗੁਰੂ

ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
ਮੁਕਤਿ ਪਦਾਰਥੁ ਪਾਈਐ ਅਵਗਣ ਮੇਟਣਹਾਰੁ ॥੧॥
ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੇ ਬੇਦ ਬਿਆਸੈ ਕੋਇ ॥੧॥ ਰਹਾਉ ॥੧੦॥

[ਸਿਰੀ ਰਾਗੁ ਮ: ੧, ਪੰਨਾ ੫੯

ਗੁਰਮਤਿ ਨਾਮ ਰੂਪੀ ਰਤਨ ਦਾ ਅਭਿਆਸ ਮਈ ਵੀਚਾਰ ਕੇਵਲ ਪੂਰੇ ਗੁਰੂ ਦੁਆਰਾ ਹੀ ਮਿਲਦਾ ਹੈ। ਪੂਰਾ ਗੁਰੂ ਕੇਵਲ ਗੁਰੂ ਨਾਨਕ ਜੋਤਿ ਗੁਰੂ ਜਾਮਿਆਂ ਦੇ ਸਰੂਪ ਵਿਚ ਹੈ। ਤਾਂ ਤੇ ਜੇਹੜੇ ਲੋਗ ਪਰਪੰਚੀ ਤੇ ਪਾਖੰਡੀ ਆਪੋਂ ਬਣ ਬੈਠੇ ਊਰੇ ਅਧੂਰੇ ਬੇਹੂਦਾ ਗੁਰੂਆਂ ਪਾਸੋਂ ਨਾਮ ਲੈਂਦੇ ਹਨ, ਇਹ ਉਹਨਾਂ ਦੀ ਮਹਾਂ ਮਨਮਤਿ ਹੈ। ਤਿਨ੍ਹਾਂ ਦੀ ਕਦੇ ਭੀ ਪੂਰੀ ਨਹੀਂ ਪੈਂਦੀ, ਸਗੋਂ ਹੰਕਾਰ ਦੇ ਭਾਰ ਦਾ ਲੱਦਾ ਆਪਣੇ ਉਤੇ ਲੱਦ ਲੈਂਦੇ ਹਨ ਅਤੇ ਹੋਛੇ ਗੁਰੂਆਂ ਦੇ ਮਨ ਅੰਦਰ ਲਦਾ ਦਿੰਦੇ ਹਨ। ਸੱਚੜੇ ਗੁਰੂ ਦੀ ਸੰਭਾਲ ਸੰਭਾਲ ਕੇ (ਸੱਚੜੇ ਗੁਰੂ ਨੂੰ ਅਪਣਾ ਕੇ) ਜੋ ਫੇਰ ਨਿਰੇ ਹੀ ਗੁਰੂ ਪ੍ਰਾਇਣ ਹੋ ਰਹਿੰਦੇ ਹਨ, ਅਪਣੱਤ ਦੀ ਰਾਈ ਭੀ ਜਿਨ੍ਹਾਂ ਵਿਚ ਨਹੀਂ ਰਹਿੰਦੀ, ਤਿਨ੍ਹਾਂ ਨੂੰ ਹੀ ਸਰਬ ਪ੍ਰਿਯ ਪਿਆਰੇ ਵਾਹਿਗੁਰੂ ਕਰਤਾਰ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਨਹੀਂ। ਤਿਥੋਂ ਹੀ ਸੱਚੜੀ ਮੁਕਤੀ ਦਾ ਸੱਚੜਾ ਪਦਾਰਥ ਮਿਲਦਾ ਹੈ। ਇਸ ਪਦਾਰਥ ਦੇ ਮਿਲਣ ਕਰਕੇ ਹੀ ਔਗੁਣਹਾਰੇ ਬੰਦੇ ਦੇ ਔਗੁਣ ਕਟੇ ਜਾਂਦੇ ਹਨ। ਆਨਮਤੀ ਅਵਗੁਣ ਮਿਟ ਜਾਣ ਪਰ ਹੀ, ਸੱਚੜੇ ਗੁਰੂ ਦੀ ਸ਼ਰਨੀ ਆਉਣ ਪਰ ਹੀ, ਸੱਚੇ ਆਤਮ-ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਪਦਾਰਥ ਨਾਮ ਹੀ ਹੈ, ਜੋ ਪੂਰੇ ਗੁਰੂ ਬਿਨਾਂ ਨਹੀਂ ਮਿਲਦਾ। ਏਸ ਗੁਰਮਤਿ ਗਿਆਨ ਤੋਂ ਬੜੇ ਬੜੇ ਆਨਮਤੀਆਂ ਦੇ ਮੰਨੇ ਦੰਨੇ ਰਿਖੀ ਮੁਨੀ ਭੀ ਖ਼ਾਲੀ ਰਹਿ ਗਏ। ਬ੍ਰਹਮੇ ਨਾਰਦ ਸਾਰਖੇ ਭੀ ਖ਼ਾਲੀ ਰਹਿ ਗਏ, ਜਿਨ੍ਹਾਂ ਨੇ ਬੇਦ ਉਚਾਰਨ ਕੀਤੇ ਘੋਖੇ। ਬੇਦਾਂ ਦੀ ਵਿਆਖਿਆ ਕਰਨ ਵਾਲਾ ਬਿਆਸ ਭੀ ਇਸ ਨਾਮ ਰੂਪੀ ਗਿਆਨ-ਪਦਾਰਥ ਤੋਂ ਖ਼ਾਲੀ ਰਹਿ ਗਿਆ। ਏਹਨਾਂ ਦੀ ਕਲਿਆਣ-ਗਤੀ ਕਦੇ ਭੀ ਨਹੀਂ ਹੋਣੀ, ਜਦ ਤਾਈਂ ਮੁੜ ਜਨਮ ਧਾਰ ਕੇ ਪੂਰੇ ਗੁਰੂ ਦੀ ਸਰਨੀ ਨਹੀਂ ਆਉਣਗੇ।

# ੧੩. ਆਨ ਮਤ ਵਿਦਿਆ ਦਾ ਪੜ੍ਹਨਾ

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨ ਰਾਜਾ ਸੁਲਤਾਨੁ ॥੪॥੧੨॥

[ਸਿਰੀ ਰਾਗੁ ਮ: ੧, ਪੰਨਾ ੬੧

ਆਨ ਮਤ ਵਿਦਿਆ ਨੂੰ ਪੜ੍ਹ ਪੜ੍ਹ ਕੇ ਸਗੋਂ ਸੱਚੇ ਮਾਰਗ ਤੋਂ ਘੁਥੀਦਾ ਹੈ ਤੇ ਭੇਖਾਂ, ਪਖੰਡੀ ਕਿਰਿਆਵਾਂ ਵਿਚ ਪਈਦਾ ਹੈ। ਏਹਨਾਂ ਭੇਖੀ ਕਿਰਿਆਵਾਂ ਕਰਕੇ ਅਤੇ ਅਵਿਦਿਆ (ਆਨ ਮਤ ਵਿਦਿਆ) ਪੜ੍ਹ ਪੜ੍ਹ ਕੇ ਪੜ੍ਹਨਹਾਰਿਆਂ ਦਾ ਮਾਨ ਅਭਿਮਾਨ ਹੀ ਵਧਦਾ ਹੈ, ਹੋਰ ਕੁਛ ਨਹੀਂ ਸਰਦਾ। ਇਸ ਵਿਦਿਆ ਦੇ ਪੜ੍ਹਾਕੂ ਬਣੇ 'ਤੇ, ਅਤੇ ਨਾ ਹੀ ਅਨਮਤੀ ਤੀਰਥਾਂ ਤੇ ਨਹਾਤਿਆਂ ਕੁਛ ਸਉਰਦਾ ਹੈ, ਸਗੋਂ ਨਹਾਉਣਹਾਰੇ ਦੇ ਮਨ ਵਿਖੇ ਗੁਮਾਨ ਰੂਪੀ ਮੈਲ ਹੀ ਭਰੀਂਦੀ ਹੈ। ਪੂਰੇ ਗੁਰੂ ਬਿਨਾਂ (ਸੱਚੇ ਗੁਰੂ ਦੇ ਨਾਮ ਰੂਪੀ ਬਖ਼ਸ਼ੇ ਤੱਤ ਗਿਆਨ ਬਿਨਾਂ) ਕਿਸੇ ਨੂੰ ਭੀ ਸੱਚੇ ਮਾਰਗ ਦੀ ਸੱਚੀ ਸਮਝ ਨਹੀਂ ਪੈਂਦੀ। ਨਿਗੁਰੇ (ਗੁਰੂ ਬਿਹੂਣੇ) ਪ੍ਰਾਣੀ ਕੇਵਲ ਆਪਣੇ ਮਨ ਦੇ ਅਧੀਨ ਹੋ ਕੇ ਚਲਦੇ ਹਨ, ਮਨ ਨੂੰ ਹੀ ਓਹ ਆਪਣਾ ਮਾਲਕ ਰਾਜਾ ਸੁਲਤਾਨ ਬਣਾਈ ਫਿਰਦੇ ਹਨ। ਗੁਰਮਤਿ ਅਨੁਸਾਰ ਮਨ ਦੇ ਮਗਰ ਚਲਣਹਾਰਿਆਂ ਨੂੰ ਹੀ ਮਨਮੁਖ ਆਖੀਦਾ ਹੈ। ਸਤਿਗੁਰੂ ਦੀ ਕਿਰਪਾ ਬਿਨਾਂ ਇਹ ਮਨਮੁਖਤਾ ਮਿਟਦੀ ਨਹੀਂ। ਗੁਰਮੁਖਤਾ ਪ੍ਰਾਪਤ ਹੋਇਆਂ ਹੀ ਸੱਚੜੇ ਕਪਾਟ ਖੁਲ੍ਹਦੇ ਹਨ। ਕਈ ਸ਼ਬਦਾਰਥੀਏ ਭੂਸ਼ਨ ਮਨ ਦੀ ਰਾਜ-ਗੀਰੀ ਨੂੰ ਹੀ ਮੁਖ ਸੁਲਤਾਨ ਬਣਾ ਕੇ, ਉਸ ਦੀ ਰਿਆਇਆ ਬਣਨ ਨੂੰ ਹੀ ਫ਼ਖ਼ਰ ਸਮਝਦੇ ਹਨ। ਏਹਨਾਂ ਸ਼ਬਦਾਰਥੀਆਂ ਨੂੰ, ਜੋ ਲਗਾਂ ਮਾਤਰਾਂ ਦੀ ਸੂਝ ਬੂਝ ਦੇ ਭੀ ਗਿਆਤਾ ਹਨ, ਏਤਨਾ ਖ਼ਿਆਲ ਭੀ ਨਹੀਂ ਕਿ ਮਨ ਨੂੰ ਗੁਰੂ ਦੀ ਤੁਲਨਾ ਦਿੰਦੇ ਹਨ। ਜੇਕਰ ਮਨ ਨੂੰ ਹੀ ਗੁਰੂ ਸਮਝ ਲਿਆ ਜਾਏ ਤਾਂ ਗੁਰਮਤਿ ਦੀ ਕੀ ਵਿਸ਼ੇਸ਼ਤਾ ਹੋਈ, ਮਨਮਤਿ ਦੀ ਹੀ ਪਰਧਾਨਤਾ ਪ੍ਰਬਲ ਮੰਨੀ ਜਾਏਗੀ। ਕਈ ਅਗਿਆਨੀ ਪੁਰਸ਼ ਏਸੇ ਟਪਲੇ ਵਿਚ ਪੈ ਕੇ ਸ੍ਰੀ ਦਸਮੇਸ਼ ਜੀ ਦੇ ਇਸ ਸ੍ਰੀ ਮੁਖਵਾਕ ਪੰਗਤੀ :

"ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਣ ਤਉ ਉਚਰੋਂ"*

ਦੀ ਉਲਟੀ ਵਿਚਾਰ ਕਰਦੇ ਹਨ। ਹਾਲਾਂ ਕਿ ਏਥੇ 'ਸਿਖ' ਪਦ ਨਾਮ ਦੇ ਅਰਥਾਂ ਵਿਚ ਨਹੀਂ, ਬਲਕਿ ਕਿਰਿਆਵਾਚਕ ਹੈ। ਆਪਣੇ ਹੀ ਮਨ ਨੂੰ ਸਿਖਿਆ ਦੇਹੋਂ, ਦਾ ਭਾਵ ਹੈ। ਏਸੇ ਸਿਖਿਆ ਦੇਣ ਦੇ ਭਾਵ ਦੇ ਲਾਭ ਕਰਕੇ ਹੀ ਤੇਰੇ ਗੁਣ ਮੈਂ ਉਚਾਰਦਾ ਹਾਂ। ਉਥੇ ਇਹ ਸਜਨ ਮਨ ਨੂੰ ਹੀ ਗੁਰੂ ਸਿਧ ਕਰਨ ਲਈ ਅਜਿਹੇ ਅਵੈੜੇ ਅਤੇ ਭੈੜੇ ਅਰਥ ਕਰਦੇ ਹਨ, ਜੋ ਸਰਾਸਰ ਗੁਰਮਤਿ ਤੋਂ ਸੁੰਞੇ ਹੋਣ ਦੀ ਨਿਸ਼ਾਨੀ ਹੈ।

*ਚੰਡੀ ਚਰਿਤ੍ਰ ੧, ਅੰਕ ੨੩੧

 www.sikhbookclub.com

# ੧੪. ਮਨ ਹਠ ਬੁਧੀ ਕੇਤੀਆ

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥੧੪॥

[ਸਿਰੀ ਰਾਗੁ ਮ: ੧, ਪੰਨਾ ੬੨

ਗੁਰਮਤਿ ਤੋਂ ਘੁਥੀਆਂ ਮਨ-ਹਠ ਬੁਧੀਆਂ ਕੇਤੀਆਂ ਹੀ ਐਵੇਂ ਰੁਲਦੀਆਂ ਫਿਰਦੀਆਂ ਹਨ । ਏਹਨਾਂ ਮਨ-ਹਠ ਬੁਧੀਆਂ ਵਾਲੇ ਕੇਤੇ ਹੀ ਬੇਦਮਈ ਵੀਚਾਰ ਰੁਲਦੇ ਫਿਰਦੇ ਹਨ । ਏਹੋ ਜਿਹੇ ਹੋਰ ਕਿਤਨੇ ਹੀ ਆਤਮਾ ਲਈ ਬੰਧਨ ਹਨ, ਪ੍ਰੰਤੂ ਮੁਕਤੀ-ਦੁਆਰਾ ਕੇਵਲ ਗੁਰਮਤਿ ਦੁਆਰਾ ਹੀ ਗੁਰਮੁਖਿ ਜਨਾਂ ਨੂੰ ਮਿਲਦਾ ਹੈ । ਏਹ ਸਭ ਬੰਧਨ ਰੂਪ ਬੇਦ-ਬੀਚਾਰ ਸੱਚੜੇ ਨਾਮ ਤੋਂ ਉਰੇਡੇ ਹੇਠਰੇਡੇ ਹੀ ਹਨ । ਏਹਨਾਂ ਬੇਦ-ਬੀਚਾਰਾਂ ਤੋਂ ਸਭ ਤੋਂ ਉਪਰ ਗੁਰਮਤਿ ਨਾਮ ਰੂਪੀ ਸੱਚ ਦੀ ਅਭਿਆਸ ਕਰਣੀ-ਮਈ ਰਹਿਣੀ ਹੈ ।

# ੧੫. ਮਨ ਹਠ ਕਿਤੈ ਉਪਾਇ ਨ ਛੂਟੀਐ

ਮਨ ਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥੬॥੧੯॥

[ਸਿਰੀ ਰਾਗੁ ਮ: ੩, ਪੰਨਾ ੬੫

ਇਸ ਗੁਰਵਾਕ-ਪੰਗਤੀ ਤੋਂ ਸਿੱਧ ਹੁੰਦਾ ਹੈ ਕਿ ਸਿਮ੍ਰਿਤੀਆਂ ਸ਼ਾਸਤ੍ਰਾਂ ਅੰਦਰ ਮਨ-ਹਠ ਸਾਧਨਾਂ ਦੇ ਉਪਾਇ ਹੀ ਪਾਏ ਜਾਂਦੇ ਹਨ । ਏਹਨਾਂ ਉਪਾਵਾਂ ਦੁਆਰਾ ਹਰਗਿਜ਼ ਨਹੀਂ ਛੁਟੀਦਾ, ਇਸ ਸੰਬੰਧੀ ਸਿਮ੍ਰਿਤਿ ਸ਼ਾਸਤ੍ਰ ਆਦਿਕ ਸਭਨਾਂ ਨੂੰ ਭਾਵੇਂ ਸੋਧ ਵੇਖੋ । ਛੁਟਕਾਰਾ ਹੈ ਤਾਂ ਕੇਵਲ ਗੁਰ-ਸ਼ਬਦ-ਅਭਿਆਸ ਕਮਾਈ ਦੁਆਰਾ ਹੀ ਹੈ । ਸੋ ਅਭਿਆਸ ਕਮਾਈ ਵਾਲੇ ਗੁਰਮੁਖਿ ਜਨਾਂ ਦੀ ਸੰਗਤ ਵਿਖੇ ਮਿਲ ਕੇ ਹੀ ਛੁਟਣ ਦਾ ਸੱਚਾ ਉਪਾਉ ਲਭਦਾ ਹੈ । ਕੇਵਲ ਸੱਚੜੇ ਗੁਰੂ ਰੂਪੀ ਸੱਚੜੇ ਸਾਧੂ ਦੇ ਤੁਫ਼ੈਲ ਹੀ ਇਸ ਮਨ-ਹਠ ਖਲਜਗਣ ਚੋਂ ਉਬਰੀਦਾ ਹੈ ।

# ੧੬. ਬੇਦਾਂ ਸ਼ਾਸਤ੍ਰਾਂ ਦਾ ਪੜ੍ਹਨਾ ਨਿਸਫਲ ਹੈ

ਖਟੁ ਦਰਸਨ ਜੋਗੀ ਸੰਨਿਆਨੀ ਬਿਨੁ ਗੁਰ ਭਰਮਿ ਭੁਲਾਏ ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ ਹਰਿ ਜੀਉ ਮੰਨਿ ਵਸਾਏ ॥

ਸਚੀ ਬਾਣੀ ਸਿਉ ਚਿਤੁ ਲਾਗੈ ਆਵਣੁ ਜਾਣੁ ਰਹਾਏ ॥੫॥
ਪੰਡਿਤ ਪੜਿ ਪੜਿ ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥
ਲਖ ਚਉਰਾਸੀਹ ਫੇਰੁ ਪਇਆ ਬਿਨੁ ਸਬਦੈ ਮੁਕਤਿ ਨ ਪਾਏ ॥
ਜਾ ਨਾਉ ਚੇਤੈ ਤਾ ਗਤਿ ਪਾਏ ਜਾ ਸਤਿਗੁਰੁ ਮੇਲਿ ਮਿਲਾਏ ॥੬॥੨੨॥

[ਸਿਰੀ ਰਾਗੁ ਮ: ੩, ਪੰਨਾ ੬੭

ਖਟ-ਦਰਸ਼ਨੀ ਛਿਈ ਭੇਖ ਜੋਗੀ, ਜੰਗਮ, ਸੰਨਿਆਸੀ, ਬੋਧੀ, ਸਰੇਵੜੇ ਅਤੇ ਬੈਰਾਗੀ ਗੁਰੂ ਬਿਨਾਂ ਸਭ ਭਰਮ ਭੁਲੇ ਹੀ ਫਿਰਦੇ ਰਹੇ ਤੇ ਭਰਮ-ਭੁਲੇ ਹੀ ਫਿਰਦੇ ਰਹਿਣਗੇ, ਜੋਦ ਤਾਈਂ ਸੱਚੜਾ ਗੁਰੂ ਧਾਰਨ ਨਹੀਂ ਕਰਨਗੇ। ਗੁਰੂ ਸਤਿਗੁਰੂ ਦੇ ਸੇਵਕ ਸਿਖ ਬਣਿਆਂ ਹੀ ਤੱਤਗਤੀ ਮਈ ਕਲਿਆਣ ਹੈ, ਐਵੇਂ ਹਰਗਿਜ਼ ਨਹੀਂ। ਨਿਗੁਰੀ ਮਤ ਵਾਲਿਆਂ ਨੂੰ ਇਹ ਗਤੀ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ। ਵਾਹਿਗੁਰੂ ਨੂੰ ਮਨ ਅੰਦਰ ਵਸਾਇਆਂ ਹੀ ਸਚੀ ਕਲਿਆਣ ਹੈ। ਪ੍ਰੰਤੂ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਅਤੇ ਗੁਰ-ਦੀਖਿਅਤ ਹੋਇਆਂ ਹੀ ਵਾਹਿਗੁਰੂ ਮਨ ਵਿਚ ਵੱਸਦਾ ਹੈ, ਹੋਰ ਕੋਈ ਭੀ ਆਨ-ਮਤ ਹੀਲਾ ਵਾਹਿਗੁਰੂ ਨੂੰ ਮਨ ਵਿਖੇ ਵਸਾਉਣ ਦਾ ਨਹੀਂ। ਬਸ, ਸਭ ਲੁਕਾਈ ਭਰਮਿ ਭੁਲਾਈ ਹੀ ਫਿਰਦੀ ਹੈ। ਗੁਰਮਤਿ ਧਾਰਨ ਕੀਤੇ ਬਿਨਾਂ ਸੱਚੀ ਬਾਣੀ ਨਾਲ ਚਿਤ ਲਗਦਾ ਹੀ ਨਹੀਂ। ਸੱਚੀ ਬਾਣੀ ਗੁਰਬਾਣੀ ਵਿਖੇ ਲਗਿਆਂ ਹੀ ਆਵਣ ਜਾਣ ਦਾ ਗੇੜ ਮੁੱਕਦਾ ਹੈ। ਗੁਰਮਤਿ ਤੋਂ ਘੁੱਥੇ ਹੋਏ ਆਨਮਤੀ ਪੰਡਿਤ ਸਭ ਏਸੇ ਗੇੜ ਵਿਚ ਹੀ ਘੁੰਮਦੇ ਰਹਿੰਦੇ ਹਨ। ਬੇਦ-ਬਾਦ ਦੇ ਝਗੜਿਆਂ ਵਿਚ ਪੈ ਕੇ ਜਨਮ ਬਿਰਥਾ ਗੰਵਾ ਲੈਂਦੇ ਹਨ। ਸਤਿਗੁਰੂ ਦੇ ਸੱਚੇ ਸਿੱਖ ਬਣੇ ਬਿਨਾਂ ਇਹ ਭਰਮ-ਭੁਲਾਵਾ ਮਿਟਦਾ ਹੀ ਨਹੀਂ। ਚੁਰਾਸੀ ਲਖ ਜੂਨ ਦਾ ਗੇੜਾ ਸਿਰ ਤੇ ਖੜਾ ਹੀ ਰਹਿੰਦਾ ਹੈ। ਗੁਰ-ਸ਼ਬਦ ਬਿਨਾਂ ਸੱਚੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੀ ਨਹੀਂ। ਗੁਰਮਤਿ ਧਾਰਨ ਕੀਤਿਆਂ ਤੇ ਗੁਰ-ਦੀਖਿਅਤ ਹੋਇਆਂ ਹੀ ਦੀਖਿਆ-ਮਈ ਸੱਚਾ ਗੁਰ-ਸ਼ਬਦ ਗੁਰਮੰਤ੍ਰ ਪ੍ਰਾਪਤ ਹੁੰਦਾ ਹੈ। ਸੱਚੇ ਸਤਿਗੁਰੂ ਦਾ ਮੇਲ ਮਿਲਾਪ ਹੋਇਆਂ ਸੱਚੜਾ ਨਾਮ ਦ੍ਰਿੜ੍ਹ ਹੁੰਦਾ ਹੈ ਤੇ ਇਸ ਸੱਚੜੇ ਨਾਮ ਦੇ ਦ੍ਰਿੜ੍ਹ ਹੋਇਆਂ ਸੱਚੀ ਕਲਿਆਣ-ਗਤੀ ਪ੍ਰਾਪਤ ਹੁੰਦੀ ਹੈ।

ਸਾਸੰਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥
ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ ॥
ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ॥
ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥੫॥੨੬॥

[ਸਿਰੀ ਰਾਗੁ ਮ: ੫, ਪੰਨਾ ੭੦

ਵਿਆਖਿਆ—ਚਾਹੇ ਕੋਈ ਚਹੁੰਆਂ ਵੇਦਾਂ, ਸਿੰਮ੍ਰਿਤੀਆਂ, ਸ਼ਾਸਤ੍ਰਾਂ ਨੂੰ ਕੰਠਾਗਰ ਕਰ ਲਵੇ ਅਤੇ ਕੰਠ ਕਰ ਕਰ ਕੇ ਤਿਨ੍ਹਾਂ ਦੀ ਵੀਚਾਰ-ਮਈ ਮਗ਼ਜ਼ੌਲੀ ਮਾਰਦਾ ਰਹੇ।

ਆਨਮਤੀ ਤੀਰਥਾਂ ਦੇ ਉਤੇ ਵਸਣਹਾਰੇ ਬਥੇਰੇ ਤਪੀਸ਼ਰ ਜੋਗੀ ਜਨ ਆਨ-ਮਤ ਅਨੁਸਾਰ ਗਵਨ ਭਵਨ ਕਰਦੇ ਫਿਰਦੇ ਹਨ । ਭਾਵੇਂ ਸਾਰੀ ਉਮਰ ਹੀ ਕਰਦੇ ਰਹਿਣ, ਏਹਨਾਂ ਤੀਰਥਾਂ ਉਤੇ ਬੈਠ ਕੇ ਚਾਹੇ ਕੋਈ ਅਨਮਤੀ ਪੁਰਸ਼ ਕਿਤਨਾ ਹੀ ਜੋਗ-ਸਾਧਨਾ ਅਤੇ ਜਪ ਤਪ ਆਦਿਕ ਪੂਜਾ ਕਰਨ ਦਾ ਯਤਨ ਕਰੇ ਅਤੇ ਖਟ ਸ਼ਾਸਤ੍ਰਾਂ ਵਿਚ ਲਿਖੇ ਹੋਏ ਕਰਮਾਂ ਤੋਂ ਦੂਗਣੇ ਹੋਰ ਕਰਮ ਨਿਤਾਪ੍ਰਤਿ ਕਰੇ ਅਤੇ ਏਹਨਾਂ ਆਨਮਤੀ ਤੀਰਥਾਂ ਤੇ ਨਿਤ ਨਹਾ ਨਹਾ ਕੇ ਗੁਰਮਤਿ-ਹੀਣ ਪੂਜਾ ਕਰਦਾ ਫਿਰੇ ਤਾਂ ਏਹ ਸਾਰੇ ਪੂਜਾ ਕਰਨਹਾਰੇ ਆਨਮਤੀ ਜਪੀ ਤਪੀ ਤਪੀਸ਼ਰ ਜਨ ਸਿਧੇ ਨਰਕਾਂ ਨੂੰ ਜ਼ਰੂਰੀ ਜਾਣਗੇ । ਬਚਣਗੇ ਤਾਂ, ਜੇ ਗੁਰੂ ਦੀ ਸਰਣਿ ਆ ਕੇ ਤੇ ਗੁਰੂ ਦੀ ਗੁਰਮਤਿ-ਦੀਖਿਆ ਲੈ ਕੇ ਵਾਹਿਗੁਰੂ ਨਾਮ ਅਭਿਆਸ ਦੇ ਰੰਗਾਂ ਵਿਚ ਰਤੇ ਜਾਣਗੇ । ਐਸਾ ਗੁਰਮਤਿ ਦਾ ਰੰਗ ਜੇ ਨਹੀਂ ਚੜ੍ਹੇਗਾ ਤਾਂ ਅਵੱਸ਼ ਉਹਨਾਂ ਨੂੰ ਨਰਕ ਹੀ ਭੋਗਣੇ ਪੈਣਗੇ ।

## ੧੭. ਆਨਮਤ ਫੋਕਟ ਧਰਮ ਕਰਮ

ਜਾਨਉ ਨਹੀ ਭਾਵੈ ਕਵਨ ਬਾਤਾ ॥ ਮਨ ਖੋਜਿ ਮਾਰਗੁ ॥੧॥ਰਹਾਉ॥
ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥
ਪ੍ਰਭੁ ਕਿਨਹੀ ਜਾਤਾ ॥ ੧ ॥ ਭਗਉਤੀ ਰਹਤ ਜੁਗਤਾ ॥
ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥ ੨ ॥
ਮੋਨੀ ਮੋਨਿ ਧਾਰੀ ॥ ਸੰਨਿਆਸੀ ਬ੍ਰਹਮਚਾਰੀ ॥
ਉਦਾਸੀ ਉਦਾਸਿ ਰਾਤਾ ॥ ੩ ॥ ਭਗਤਿ ਨਵੈ ਪਰਕਾਰਾ ॥
ਪੰਡਿਤੁ ਵੇਦੁ ਪੁਕਾਰਾ ॥ ਗਿਰਸਤੀ ਗਿਰਸਤਿ ਧਰਮਾਤਾ ॥ ੪ ॥
ਇਕ ਸਬਦੀ ਬਹੁਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥
ਇਕਿ ਤੀਰਥਿ ਨਾਤਾ ॥ ੫ ॥ ਨਿਰਹਾਰ ਵਰਤੀ ਆਪਰਸਾ ॥
ਇਕਿ ਲੂਕਿ ਨ ਦੇਵਹਿ ਦਰਸਾ ॥ ਇਕਿ ਮਨ ਹੀ ਗਿਆਤਾ ॥੬॥
ਘਾਟਿ ਨ ਕਿਨ ਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥
ਜਿਸੁ ਮੇਲੇ ਸੋ ਭਗਤਾ ॥ ੭ ॥ ਸਗਲ ਉਕਤਿ ਉਪਾਵਾ ॥
ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥
[ਸਿਰੀ ਰਾਗੁ ਮ: ੫, ਪੰਨਾ ੭੧

ਗੁਰੂ ਨਾਨਕ ਸਾਹਿਬ ਆਪਣੇ ਪੰਚਮ ਸਰੂਪ ਵਿਚ ਫੁਰਮਾਉਂਦੇ ਹਨ, ਮੈਂ ਨਹੀਂ ਜਾਣਦਾ ਵਾਹਿਗੁਰੂ ਨੂੰ ਕਿਹੜੀ ਗੱਲ ਭਾਉਂਦੀ ਹੈ । ਹੇ ਮਨ ! ਤੱਤ ਪ੍ਰਮਾਰਥ ਦਾ ਮਾਰਗ ਖੋਜਣ ਵਿਚ ਲਗਿਆ ਰਹੁ । ਆਪੇ ਤੱਤ ਗੁਰਮਤਿ ਅਤੇ ਆਨਮਤ ਮਨਮਤਿ ਦਾ ਨਿਖੇੜਾ ਹੋ ਜਾਏਗਾ । ਜੋ ਆਪਣੀ ਮਤਿ ਅਨੁਸਾਰ ਜਾਂ ਆਨਮਤ ਦੇ ਪ੍ਰੇਰੇ ਹੋਏ

ਧਿਆਨੀ ਬਣ ਕੇ ਧਿਆਨ ਲਾਉਂਦੇ ਫਿਰਦੇ ਹਨ ਅਤੇ ਫਕਟ ਗਿਆਨੀ ਬਣ ਕੇ ਗਿਆਨ ਕਮਾਉਂਦੇ ਫਿਰਦੇ ਹਨ, ਏਹਨਾਂ ਵਿਚੋਂ ਵਾਹਿਗੁਰੂ ਕਿਸੇ ਨੇ ਨਹੀਂ ਜਾਣਿਆ। ਵੈਸ਼ਨਵ ਭਗਤ (ਭਗਵਤ ਦਾ ਉਪਾਸ਼ਕ) ਵਰਤ ਤੁਲਸੀ ਮਾਲਾ ਆਦਿਕ ਸੰਜਮ-ਜੁਗਤਾਂ ਵਿਚ ਹੀ ਐਵੇਂ ਫ਼ਾਲਤੂ ਜੁਟੇ ਰਹਿੰਦੇ ਹਨ। ਜੋਗੀ ਜਨ ਫੋਕਟ ਹਠ-ਜੋਗ ਕਮਾ ਕਮਾ ਕੇ ਅਤੇ ਬਫਾ ਬਫਾ ਕੇ ਕਹਿੰਦੇ ਹਨ ਕਿ ਅਸੀਂ ਮੁਕਤ ਹੋ ਗਏ, ਹਾਲਾਂਕਿ ਮੁਕਤੀ-ਮਾਰਗ ਦੇ ਉਹ ਨੇੜੇ ਭੀ ਨਹੀਂ ਢੁਕੇ ਹੁੰਦੇ। ਆਨਮਤ ਦੇ ਤਪ ਕਰਨਹਾਰਾ ਤਪੱਸੀ ਜਨ, ਆਨਮਤ ਦੇ ਅਨੇਕ ਪ੍ਰਕਾਰ ਦੇ ਤਪ ਕਰਨ ਵਿਚ ਹੀ ਸਾਰੀ ਉਮਰ ਰੁਝਿਆ ਰਹਿੰਦਾ ਹੈ। ਕੋਈ ਮੋਨੀ ਬਣ ਕੇ ਸਾਰੀ ਉਮਰ ਮੋਨ ਹੀ ਧਾਰੀ ਰਖਦਾ ਹੈ। ਏਸੇ ਤਰ੍ਹਾਂ ਸੰਨਿਆਸੀ ਸੰਨਿਆਸ ਨੂੰ ਤੇ ਬ੍ਰਹਮਚਾਰੀ ਏਕੋ ਬ੍ਰਹਮਚਰਜ ਨੂੰ ਲਈ ਬੈਠਾ ਹੈ। ਇਸੇ ਤਰ੍ਹਾਂ ਉਦਾਸੀ ਜਨ ਉਦਾਸ-ਭੇਖ ਦੇ ਪਖੰਡ ਵਿਚ ਹੀ ਲੱਥ ਪੱਥ ਰਹਿਣ ਨੂੰ ਸੱਚਾ ਮਾਰਗ ਦਸਦੇ ਹਨ। ਅਨੇਕਾਂ ਭੇਖੀ ਐਸੇ ਭੀ ਹਨ ਜੋ ਆਨਮਤ ਦਰਸਾਈ ਨੌਧਾ ਭਗਤੀ ਵਿਚ ਹੀ ਮੁਬਤਲਾ ਰਹਿੰਦੇ ਹਨ। ਕੋਈ ਆਨਮਤ ਭੇਖੀ ਪੁਰਸ਼ ਪੰਡਿਤ ਸਦਾ ਸਦਾ ਕੇ ਵੇਦ-ਬਕਤਾ ਤੇ ਵੇਦ ਪੁਕਾਰਨ ਦਾ ਗੁਮਾਨੀ ਬਨਿ ਬਨਿ ਬਹਿੰਦਾ ਹੈ। ਆਨ ਮਤ ਮਤਾਂਤਰਾਂ ਤੋਂ ਉਪਜੇ ਹੋਏ ਆਨ-ਮਤ ਅਸੂਲਾਂ ਵਾਲਾ ਗ੍ਰਿਸਤੀ, ਗ੍ਰਿਸਤੀ ਬਣ ਬਣ ਕੇ ਗ੍ਰਿਸਤ ਧਰਮ ਦਾ ਧਾਰਨੀ ਤੇ ਧਰਮਾਤਮਾ ਅਖਾਉਂਦਾ ਹੈ ਅਤੇ ਅਖਵਾ ਅਖਵਾ ਕੇ ਬਫਾਉਂਦਾ ਹੈ। ਆਲੱਖ ਆਲੱਖ ਉੱਚੀ ਉੱਚੀ ਕੂਕਣਹਾਰੇ ਕਈ ਅਨਮਤੀ ਬਹੁ-ਰੂਪੀਏ ਭੀ ਐਸੇ ਹਨ, ਜੋ ਇਸ ਮਨ-ਉਕਤ ਕੂਕ ਪੁਕਾਰ ਨੂੰ ਹੀ ਮੁਕਤੀ ਦਾ ਵਸੀਲਾ ਸਮਝੀ ਬੈਠੇ ਹਨ। ਅਨੇਕਾਂ ਐਸੇ ਹਨ ਜੋ ਨੰਗੇ, ਉੱਕੇ ਹੀ ਨਗਨ ਰਹਿ ਕੇ ਆਪਣੇ ਆਪ ਨੂੰ ਅਵਧੂਤ ਸਦਾਉਂਦੇ ਹਨ। ਇਸ ਦੇ ਮੁਕਾਬਲੇ ਵਿਚ ਇਕ ਅਨਿਕ ਪ੍ਰਕਾਰ ਦੇ ਭੇਖ ਲਿਬਾਸ ਪਹਿਨ ਕੇ ਕਾਪੜੀ ਸਦਾਉਣ ਵਿਚ ਪਰਮ ਪਦ ਪਾਉਣ ਦਾ ਸ਼ੁਦਾਉ ਆਪਣੇ ਮਗਜ਼ ਵਿਚ ਲਈ ਫਿਰਦੇ ਹਨ। ਬਹੁਤ ਸਾਰੇ ਅਨਮਤੀ-ਭੇਖੀ ਸੰਸਾਰੀਆਂ ਨੂੰ ਨਾਟਕ ਚੇਟਕ ਆਦਿਕ ਸੁਆਂਗ ਦਿਖਾ ਦਿਖਾ ਕੇ ਪ੍ਰਸੰਨ ਕਰਨ ਵਾਲੇ ਹਨ ਅਤੇ ਏਸ ਪ੍ਰਸੰਨਤਾ ਦੁਆਰਾ ਮਹਿਜ਼ ਆਪਣੀ ਵਡਿਆਈ ਹੀ ਕਰਦੇ ਹਨ। ਕੋਈ ਐਸਾ ਭੀ ਭੇਖੀ ਅਨਮਤੀ ਹੈ ਜੋ ਆਮ ਲੋਕਾਂ ਨੂੰ ਰੀਝਾਉਣ ਲਈ ਸਾਰੀ ਸਾਰੀ ਰਾਤ ਸੌਂਦਾ ਹੀ ਨਹੀਂ ਅਤੇ ਜਾਗ ਜਾਗ ਕੇ ਦਿਖਾਉਂਦਾ ਹੈ ਤੇ ਜਾਗ੍ਰਤਾ ਸਦਾਉਂਦਾ ਹੈ। ਇਸ ਪ੍ਰਕਾਰ ਦਾ ਐਸਾ ਭੀ ਆਨਮਤੀ ਫ਼ਿਰਕਾ ਹੈ ਜੋ ਤੀਰਥਾਂ ਵਿਚ ਨ੍ਹਾਈ ਜਾਣ ਨੂੰ ਹੀ ਮੁਕਤ-ਮਾਰਗੀ ਸਮਝਦਾ ਹੈ। ਅਜਿਹਾ ਆਨਮਤੀ ਫ਼ਿਰਕਾ ਭੀ ਦੇਖਣ ਵਿਚ ਆਇਆ ਹੈ ਜੋ ਨਿਰ-ਅਹਾਰ ਵਰਤ ਰਖ ਕੇ ਤੇ ਭੁਖਾ ਰਹਿ ਕੇ ਦਿਨ-ਕਟੀ ਕਰਦਾ ਹੈ। ਐਸਾ ਭੀ ਇਕ ਫ਼ਿਰਕਾ ਹੈ ਜੋ ਲੁਕੇ ਫਿਰਨ ਨੂੰ ਹੀ ਅਤੇ ਕਿਸੇ ਨੂੰ ਦਰਸ਼ਨ ਨਾ ਦੇਣ ਨੂੰ ਹੀ ਤੱਤ-ਦਰਸੀ ਆਪਰਸ ਕਹਾਉਂਦਾ ਹੈ। ਇਕ ਐਸੇ ਭੀ ਮਨ-ਉਕਤ

ਗਿਆਨੀਆਂ ਦਾ ਫ਼ਿਰਕਾ ਹੈ ਜੋ ਆਪਣੇ ਆਪ ਹੀ ਅਜ਼ ਖ਼ੁਦ ਮਨੋ ਮਨੀ ਗਿਆਨੀ ਬਣਿਆ ਫਿਰਦਾ ਹੈ।

ਏਹਨਾਂ ਉਪਰ ਦੱਸੇ ਮਨਮਤੀ ਫ਼ਿਰਕਿਆਂ ਵਿਚੋਂ ਕਿਸੇ ਨੇ ਭੀ ਆਪਣੇ ਆਪ ਨੂੰ ਘਟ ਨਹੀਂ ਸਦਾਇਆ। ਸਾਰੇ ਹੀ ਕਹਿੰਦੇ ਹਨ ਕਿ ਅਸੀਂ ਪਾਇਆ। ਪਰ ਪਾਇਆ ਕਿਸੇ ਨੇ ਨਹੀਂ, ਯਥਾ—"ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ"*। ਜਿਸ ਨੂੰ ਵਾਹਿਗੁਰੂ ਆਪ ਕਿਰਪਾ ਕਰ ਕੇ ਗੁਰੂ ਦੁਆਰਾ ਗੁਰ-ਦੀਖਿਆ ਦੀ ਕਮਾਈ ਦੁਆਰਾ ਆਪਣੇ ਸਰੂਪ ਦਾ ਸੱਚਾ ਮਿਲਾਪ ਬਖ਼ਸ਼ੇ, ਓਹੀ ਸੱਚਾ ਭਗਤ ਹੈ। ਗੁਰ ਪ੍ਰਮਾਣ—

ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸਨੋ ਤੂ ਰੰਗੁ ਧਰਤਾ ॥ ੨॥੨੦॥

[ਬਸੰਤੁ ਮ: ੫ ਹਿੰਡੋਲ, ਪੰਨਾ ੧੧੮੫

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਮੈਂ ਕੇਵਲ ਤੇਰਾ ਬੰਦਾ ਹਾਂ, ਸਭ ਉਕਤੀਆਂ ਯੁਕਤੀਆਂ ਉਪਾਵਾਂ ਨੂੰ ਤਿਆਗ ਕੇ ਕੇਵਲ ਤੇਰੀ ਸ਼ਰਨੀ ਪਿਆ ਹਾਂ। ਗੁਰ-ਚਰਨਾਂ ਦੀ ਪ੍ਰਾਪਤੀ ਕਰਕੇ ਤੇਰੀ ਸ਼ਰਨ ਆਇਆ ਹਾਂ। ਇਹੀ ਕੇਵਲ ਨਿਰੋਲ ਗੁਰਮਤਿ ਹੈ। ਉਪਰਲੇ ਦੱਸੇ ਪਖੰਡ-ਕਿਰਿਆ ਵਾਲੇ ਸਭ ਮਨਮਤਿ ਭਰੇ ਆਨਮਤੀ ਅਸ਼ਟੰਡ ਹਨ, ਜਿਨ੍ਹਾਂ ਤੋਂ ਕੱਖ ਭੀ ਲਾਭ ਨਹੀਂ, ਬਲਕਿ ਪ੍ਰਮਾਰਥ ਤੋਂ ਸੁੰਞੇ ਰਹਿਣ ਦਾ ਹੀਲਾ ਹੈ।

ਸਰੈ ਸਰੀਅਤਿ ਕਰਹਿ ਬੀਚਾਰੁ ॥
ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥
ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥
ਜਿਹਿ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥੪॥

[ਸਿਰੀ ਰਾਗੁ ਕੀ ਵਾਰ, ਸਲੋਕ ਮ: ੧, ਪੰਨਾ ੮੪

ਤੱਤ ਵਿਆਖਿਆ—ਮੁਸਲਮਾਨੀ ਮਤ ਦੇ ਸ਼ਰਹ ਸ਼ਰੀਅਤ ਦੇ ਮਸਲੇ ਵਾਹਿਗੁਰੂ ਦੀ ਵੀਚਾਰ ਦੇ ਆਪੋ ਆਪਣੇ ਟਪਲੇ ਤਾਂ ਲਾਉਂਦੇ ਹਨ, ਪ੍ਰੰਤੂ ਵਾਹਿਗੁਰੂ ਦੇ ਨਾਮ ਰੂਪੀ ਤੱਤ ਵੀਚਾਰ ਨੂੰ ਨਹੀਂ ਬੁਝਦੇ, ਇਸ ਲਈ ਏਹਨਾਂ ਮਸਲਿਆਂ ਦੁਆਰਾ ਪਾਰ-ਉਤਾਰਾ ਕੈਸੇ ਹੋਵੇ। ਜ਼ਮੀਨ ਉਤੇ ਮੱਥਾ ਟੇਕ ਕੇ ਸਿਜਦਾ ਕਰਨ ਨਾਲੋਂ ਹਿਰਦੇ ਅੰਦਰ ਹੀ ਵਾਹਿਗੁਰੂ ਨਾਮ ਦੀ ਸਿਦਕ-ਮਈ ਸ਼ਰਧਾ ਨੂੰ ਧਾਰਨ ਕੀਤਾ ਜਾਏ ਅਤੇ ਮਨ ਨੂੰ ਅਸਥਿਰ ਰੱਖਣ ਨੂੰ ਹੀ ਮੱਕਾ ਮਖ਼ਸੂਸ ਕੀਤਾ ਜਾਵੇ, ਫੇਰ ਗੁਰਮਤਿ ਅਨੁਸਾਰ ਅੰਤਰਿ ਚਾਨਣਾ ਹੋਣ ਕਰਕੇ ਹਰ ਕੂੰਟ ਵਿਖੇ ਹੀ ਜਿੱਧਰ ਦੇਖੋ, ਵਾਹਿਗੁਰੂ ਹੀ ਵਾਹਿਗੁਰੂ ਦਾ ਵਜੂਦ ਮੌਜੂਦ ਦਿਸਦਾ ਹੈ, ਪਰਤੱਖ ਨਜ਼ਰੀ ਆਉਂਦਾ ਹੈ।

*...੪॥੫॥੪੪॥ ਆਸਾ ਮ: ੫, ਪੰਨਾ ੩੮੨

ਸਪਤ ਦੀਪ ਸਪਤ ਸਾਗਰਾ ਨਵਖੰਡ ਚਾਰਿ ਵੇਦ ਅਸਟ ਪੁਰਾਣਾ ॥
ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥
ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਸਾਰਗਪਾਣਾ ॥
ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ ॥
ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥ ੪ ॥

[ਸਿਰੀ ਰਾਗੁ ਵਾਰ, ਪੰਨਾ ੮੪

ਵਿਆਖਿਆ—ਗੁਰੂ ਰੂਪ ਵਾਹਿਗੁਰੂ ਨੂੰ ਸਭ ਪ੍ਰਕਾਰ ਦੇ ਅਨਮਤੀ ਲੋਗ ਇਉਂ ਨਹੀਂ ਪਾ ਸਕਦੇ, ਜਿਵੇਂ ਉਪਰ ਸਿਜਦਾ ਆਦਿਕ ਕਰਮਾਂ ਨਾਲ ਮੁਸਲਮਾਨੀ ਮਤ ਵਾਲੇ ਲੋਗ ਪਾਇਆ ਲੋੜਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਸਰੂਪ ਸਤਿਗੁਰੂ ਤਾਂ ਮਿਲਦਾ ਹੈ ਜਾਂ ਗੁਰਮਤਿ-ਦੀਖਿਆ ਅਭਿਆਸ ਕਰਨੀ ਦੁਆਰਾ ਅਭਿਆਸੀ ਜਨ ਜਗਿਆਸੂ ਦਾ ਮਨੂਆ ਅਸਥਿਰ ਰਹੇ, ਤਾਂ ਜ਼ਾਹਰਾ ਜ਼ਹੂਰ ਨੂਰ ਦੇ ਹਜ਼ੂਰੀ ਦਰਸ਼ਨ ਪਾ ਸਕਦਾ ਹੈ। ਇਸ ਸੁਣੀ ਸੁਣਾਈ ਗਿਆਤ ਦੇ ਤਾਂ ਸਭ ਅਨਮਤੀ ਲੋਗ ਵਾਕਫ਼ ਹਨ ਕਿ ਸੱਤਾਂ ਹੀ ਦੀਪਾਂ ਅਤੇ ਸੱਤਾਂ ਹੀ ਸਮੁੰਦਰਾਂ ਅਤੇ ਨਵਾਂ ਹੀ ਖੰਡਾਂ, ਚਹੁੰਆਂ ਵੇਦਾਂ ਅਤੇ ਅਠਾਰ੍ਹਾਂ ਪੁਰਾਣਾਂ ਵਿਖੇ ਵਾਹਿਗੁਰੂ ਵਿਆਪਕ ਹੈ। ਵਾਸਤਵ ਵਿਚ, ਹੇ ਵਾਹਿਗੁਰੂ ! ਤੂੰ ਚਾਹੇ ਸਭਨਾਂ ਦੇ ਭਾਣੇ ਸਾਰਿਆਂ ਵਿਚ ਹੀ ਵਰਤਦਾ ਹੈਂ, ਜਿਤਨੇ ਭੀ ਜੀਅ ਜੰਤ ਹਨ, ਹੇ ਵਾਹਿਗੁਰੂ ! ਸਭ ਤੈਨੂੰ ਹੀ ਧਿਆਉਂਦੇ ਜਾਪਦੇ ਹਨ। ਗੁਰੂ ਨਾਨਕ ਸਾਹਿਬ ਕੇਵਲ ਤਿਨ੍ਹਾਂ ਵਿਟਹੁ ਹੀ ਕੁਰਬਾਨ ਜਾਂਦੇ ਹਨ ਜੋ ਜਨ ਗੁਰੂ ਦੁਆਰਾ ਵਾਹਿਗੁਰੂ ਦਾ ਅਰਾਧਨ ਕਰਦੇ ਹਨ। ਤਿਨ੍ਹਾਂ ਅਰਾਧਨਹਾਰੇ ਗੁਰਮੁਖਾਂ ਦੇ ਅੰਤਸ਼ਕਰਨ ਅੰਦਰ ਤੂੰ ਪਰਤੱਖ ਹੋ ਕੇ ਆਪ ਅਸਚਰਜ ਕੌਤਕ ਵਰਤਾਉਂਦਾ ਹੈਂ। ਇਸ ਗੁਰਵਾਕ ਅੰਦਰ ਪਹਿਲੀਆਂ ਤੁਕਾਂ ਵਿਖੇ ਚਾਰ ਵੇਦਾਂ, ਅਠਾਰ੍ਹਾਂ ਪੁਰਾਣਾਂ ਦਾ ਜ਼ਿਕਰ ਆਉਂਦਾ ਹੈ, ਇਸ ਜ਼ਿਕਰ ਤੋਂ ਏਹਨਾਂ ਆਨਮਤੀ ਪੁਸਤਕਾਂ (ਵੇਦ ਪੁਰਾਣ ਆਦਿਕਾਂ) ਦਾ ਵਿਧਾਨ ਹਰਗਿਜ਼ ਸਿਧ ਨਹੀਂ ਹੁੰਦਾ, ਬਲਕਿ ਸਾਧਾਰਨ ਕੁਦਰਤੀ ਪਸਾਰੇ ਦੇ ਪਸਰਾਉ ਅੰਦਰ ਆਉਣ ਕਰਕੇ ਏਹਨਾਂ ਦਾ ਸਰਸਰੀ ਜ਼ਿਕਰ ਹੀ ਆਇਆ ਹੈ। ਚਾਹੇ ਪਰਤੱਖ ਕਰਕੇ ਨਿਖੇਧਤ ਨਹੀਂ ਭਾਸਦਾ, ਪਰ ਸਿੱਟਾ ਨਿਖੇਧੀ **ਵਾਲਾ** ਹੀ ਨਿਕਲਦਾ ਹੈ।

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥
ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥
ਜਿਨਿ ਜੀਉ ਪਿੰਡੁ ਦਿਤਾ ਤਿਸੁ ਕਬਹੂੰ ਨ ਚੇਤੈ ਜੋ ਦੇਂਦਾ ਰਿਜਕੁ ਸੰਬਾਹਿ ॥
ਜਮ ਕਾ ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥
ਮਨਮੁਖਿ ਕਿਛੂ ਨ ਸੂਝੈ ਅੰਧੁਲੇ ਪੂਰਬਿ ਲਿਖਿਆ ਕਮਾਇ ॥

ਪੂਰੈ ਭਾਗਿ ਸਤਿਗੁਰੁ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥੧॥੯॥

[ਸਿਰੀ ਰਾਗੁ ਵਾਰ, ਸਲੋਕ ਮ: ੩, ਪੰਨਾ ੮੫

ਬੇਦ-ਵੇਤਾ ਪੰਡਿਤ ਲੋਗ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਖਾਣਦੇ ਹਨ। ਵਾਸਤਵ ਵਿਚ ਬੇਦਾਂ ਵਿਚ ਮਾਇਆ-ਮੋਹ ਦਾ ਸੁਆਉ ਹੀ ਭਰਿਆ ਪਇਆ ਹੈ, ਇਸ ਕਰਕੇ ਵੇਦ ਪੜ੍ਹਨਹਾਰਿਆਂ ਅਤੇ ਵੇਦਾਂ ਦੇ ਸੁਣਨਹਾਰਿਆਂ ਦੇ ਪੱਲੇ ਕੁਛ ਨਹੀਂ ਪੈਂਦਾ। ਵੇਦਾਂ ਵਿਖੇ ਕੇਵਲ ਦੂਜੇ ਭਾਇ ਦਾ ਹੀ ਪਸਾਰਾ ਵਰਤਦਾ ਹੈ। ਵਾਹਿਗੁਰੂ ਦੇ ਨਾਮ ਦਾ ਜ਼ਿਕਰ ਮਾਤਰ ਭੀ ਨਹੀਂ। ਤਾਂ ਤੇ ਵੇਦ ਵਖਾਨਣਹਾਰੇ ਮੂਰਖਾਂ ਦੇ ਮਨ ਮੂਰਖ ਹੀ ਰਹਿੰਦੇ ਹਨ ਤੇ ਮਨ-ਮੂਰਖ ਨੂੰ ਸਜ਼ਾ ਮਿਲਦੀ ਹੈ। ਜਿਸ ਵਾਹਿਗੁਰੂ ਨੇ ਜੀਉ ਪਿੰਡ ਦੀ ਬਖ਼ਸ਼ਿਸ਼ ਕੀਤੀ ਹੈ ਤੇ ਜੋ ਸਭਸ ਨੂੰ ਰਿਜ਼ਕ ਪਹੁੰਚਾਉਂਦਾ ਹੈ, ਤਿਸ ਨੂੰ ਮੂਰਖਾਂ ਦਾ ਮਨੂਆ ਕਦੇ ਨਹੀਂ ਚੇਤਦਾ। ਇਸ ਕਰਕੇ ਜਮ ਦਾ ਫਾਹਾ ਮੂਰਖ ਮਨ ਦੇ ਗਲੋਂ ਕਦੇ ਨਹੀਂ ਕਟੀਦਾ, ਮੁੜ ਮੁੜ ਕੇ ਆਉਣ ਜਾਣ ਵਿਚ ਮੁਬਤਲਾ ਰਹਿੰਦਾ ਹੈ। ਗੁਰਮਤਿ ਅਨੁਸਾਰ ਐਸੇ ਮੂਰਖ ਮਨ ਦੇ ਮਾਲਕ ਨੂੰ ਹੀ ਮਨਮੁਖ ਕਹੀਦਾ ਹੈ। ਗੁਰਮਤਿ-ਹੀਣ ਅੰਧਲੇ ਮਨਮੁਖ ਨੂੰ ਪ੍ਰਮਾਰਥ ਦੀ ਸੂਝ ਬੂਝ ਕੁਛ ਨਹੀਂ ਸੁਝਦੀ। ਪੂਰਬਲੇ ਕਰਮਾਂ ਦਾ ਅੰਕੁਰ ਹੀ ਐਸਾ ਲਿਖਿਆ ਹੁੰਦਾ ਹੈ। ਪੂਰੇ ਭਾਗ ਕਰਕੇ ਸਤਿਗੁਰੂ ਸੁਖਦਾਤੇ ਦੀ ਪ੍ਰਾਪਤੀ ਹੋਵੇ ਤਾਂ ਮਨ ਵਿਚ ਨਾਮ ਆ ਕੇ ਵਸਦਾ ਹੈ। ਅਜਿਹੇ ਵਡਭਾਗੇ ਜਨ, ਜਿਨ੍ਹਾਂ ਦੇ ਅੰਦਰ ਨਾਮ ਆ ਵਸਦਾ ਹੈ, ਓਹ ਸਦਾ ਹੀ ਸੁਖ ਪਾਵੰਦੇ ਹਨ।

ਪੰਡਿਤ ਪੜਿ ਪੜਿ ਊਚਾ ਕੂਕਦਾ ਮਾਇਆ ਮੋਹਿ ਪਿਆਰੁ ॥
ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ ॥
ਦੂਜੈ ਭਾਇ ਜਗਤੁ **ਪਰਬੋਧਦਾ** ਨਾ ਬੂਝੈ ਬੀਚਾਰੁ ॥
ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥੧॥੧੦॥

[ਸਿਰੀ ਰਾਗੁ ਵਾਰ, ਸਲੋਕ ਮ: ੩, ਪੰਨਾ ੮੬

ਵੇਦਾਂ ਦਾ ਪੜ੍ਹਨਹਾਰਾ ਵੇਦ-ਬਕਤਾਰਾ ਪੰਡਿਤ ਵੇਦਾਂ ਨੂੰ ਪੜ੍ਹ ਪੜ੍ਹ ਕੇ ਉੱਚੀ ਉੱਚੀ ਕੂਕਦਾ ਹੈ, ਪਰ ਉਸ ਦੇ ਪੱਲੇ ਮਾਇਆ-ਮੋਹ ਰੂਪੀ ਪਿਆਰ ਹੀ ਪੈਂਦਾ ਹੈ, ਕਿਉਂਕਿ ਵੇਦਾਂ ਅੰਦਰਿ ਮਾਇਆ-ਮੋਹ ਦਾ ਪਸਾਰਾ ਹੀ ਭਰਿਆ ਪਿਆ ਹੈ। ਤਾਂ ਤੇ ਵੇਦ ਪੜ੍ਹਨ ਸੁਣਨਹਾਰਾ ਪੰਡਿਤ ਮਨ ਕਰਕੇ ਮੂਰਖ ਗਵਾਰ ਹੀ ਰਹਿੰਦਾ ਹੈ, ਆਪਣੇ ਅੰਤਰਗਤਿ ਨੂੰ ਨਹੀਂ ਚੀਨਦਾ, ਅਤੇ ਨਾ ਹੀ ਚੀਨ ਸਕਦਾ ਹੈ, ਦੂਜੇ ਭਾਇ ਵਿਚ ਹੀ ਰਹਿੰਦਾ ਹੈ। ਇਸ ਦਵੈਤ ਭਾਵ ਦੀ ਸਿਖਿਆ ਹੀ ਸੁਣਨਹਾਰਿਆਂ ਨੂੰ ਦਿੰਦਾ ਹੈ, ਆਪਣਾ ਆਪ ਨਹੀਂ ਪਰਬੋਧਦਾ, ਜਗਤ ਪਰਬੋਧਣ ਵਿਚ ਹੀ ਫਸਿਆ ਰਹਿੰਦਾ ਹੈ, ਨਾਮ ਰੂਪੀ ਤੱਤ-ਵਿਚਾਰ ਨੂੰ ਬਿਰਥਾ ਹੀ ਗੰਵਾ ਲੈਂਦਾ ਹੈ ਤੇ ਜੰਮਦਾ ਮਰਦਾ ਰਹਿੰਦਾ ਹੈ।

# ੧੮. ਹਰਿ ਕੀ ਸੇਵਾ

ਹਰਿ ਕੀ ਸੇਵਾ ਸਫਲ ਹੈ ਗੁਰਮੁਖਿ ਪਾਵੈ ਥਾਇ ॥
ਜਿਸੁ ਹਰਿ ਭਾਵੈ ਤਿਸੁ ਗੁਰੁ ਮਿਲੈ ਸੋ ਹਰਿ ਨਾਮੁ ਧਿਆਇ ॥
ਗੁਰ ਸਬਦੀ ਹਰਿ ਪਾਈਐ ਹਰਿ ਪਾਰਿ ਲੰਘਾਇ ॥
ਮਨ ਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ ॥
ਨਾਨਕ ਹਰਿ ਕੀ ਸੇਵਾ ਸੋ ਕਰੇ ਜਿਸੁ ਲਏ ਹਰਿ ਲਾਇ ॥੧੦॥

[ਸਿਰੀ ਰਾਗੁ ਵਾਰ ਮ: ੪, ਪੰਨਾ ੮੬

ਏਸ ਗੁਰਵਾਕ ਪਉੜੀ ਦਾ ਭਾਵ ਸਪੱਸ਼ਟ ਹੈ ਕਿ ਕੇਵਲ ਗੁਰਮਤਿ ਕਰਣੀ ਗੁਰਮੁਖਿ ਜਨਾਂ ਦੀ ਹੀ ਸਫਲ ਥਾਇ ਪੈਂਦੀ ਹੈ। ਸੇਵਾ ਭੀ ਗੁਰਮੁਖਿ ਜਨਾ ਦੀ ਹੀ ਸਫਲ ਪੈਂਦੀ ਹੈ। ਜਿਸ ਉਤੇ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ ਤਿਸੇ ਨੂੰ ਹੀ ਸਤਿਗੁਰ ਦੀ ਪ੍ਰਾਪਤੀ ਹੁੰਦੀ ਹੈ ਤੇ ਸੋਈ ਵਡਭਾਗਾ ਜਨ ਹੀ ਵਾਹਿਗੁਰੂ ਨਾਮ ਨੂੰ ਧਿਆਉਂਦਾ ਹੈ। ਕੇਵਲ ਗੁਰ-ਸ਼ਬਦ ਗੁਰ-ਦੀਖਿਆ ਦੁਆਰਾ ਹੀ ਵਾਹਿਗੁਰੂ ਨਾਮ ਅਤੇ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰਮਤਿ ਨਾਮ ਦਾ ਅਭਿਆਸ ਹੀ ਜਗਿਆਸੂ ਜਨ ਨੂੰ ਪਾਰ ਲੰਘਾ ਸਕਦਾ ਹੈ। ਗੁਰ-ਦੀਖਿਅਤ ਹੋਏ ਬਿਨਾਂ ਆਪੋਂ ਹੀ ਮਨ-ਹਠ ਕਰਕੇ ਕਿਸੇ ਨੇ ਵਾਹਿਗੁਰੂ ਨਹੀਂ ਪਾਇਆ। ਵੇਦਾਂ ਦੀ ਗਵਾਹੀ ਹੀ ਲੈ ਲਵੋ, ਵੇਦ ਪੜ੍ਹਨ ਪੇਖਣਹਾਰੇ ਕਿਸੇ ਭੀ ਬੇਦ-ਵੇਤਾ ਪੰਡਿਤ ਨੂੰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੋਈ। ਵਾਹਿਗੁਰੂ ਦੀ ਪ੍ਰਾਪਤੀ ਤਿਨ੍ਹਾਂ ਨੂੰ ਹੁੰਦੀ ਹੈ ਜੋ ਵਾਹਿਗੁਰੂ ਦੇ ਭਾਣੇ ਅੰਦਰ ਵਾਹਿਗੁਰੂ ਦੇ ਸੇਵਕ ਗੁਰਮੁਖਿ ਜਨ ਬਣਦੇ ਹਨ।

ਖੋਜਤ ਖੋਜਤ ਦਰਸਨ ਚਾਹੇ ॥ ਭਾਤਿ ਭਾਤਿ ਬਨ ਬਨ ਅਵਗਾਹੇ ॥
ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ ॥੧॥
ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥ ਪੂਜਾ ਤਿਲਕੁ ਤੀਰਥ ਇਨਸਾਨਾ ॥
ਨਿਵਲੀ ਕਰਮ ਆਸਨ ਚਉਰਾਸੀਹ ਇਨ ਮਹਿ ਸਾਂਤਿ ਨ ਆਵੈ ਜੀਉ ॥੨॥
ਅਨਿਕ ਬਰਖ ਕੀਏ ਜਪ ਤਾਪਾ ॥ ਗਵਨੁ ਕੀਆ ਧਰਤੀ ਭਰਮਾਤਾ ॥
ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥੩॥
ਕਰਿ ਕਿਰਪਾ ਮੋਹਿ ਸਾਧੁ ਮਿਲਾਇਆ ॥ ਮਨੁ ਤਨੁ ਸੀਤਲੁ ਧੀਰਜੁ ਪਾਇਆ ॥
ਪ੍ਰਭੁ ਅਬਿਨਾਸੀ ਬਸਿਆ ਘਟ ਭੀਤਰਿ ਹਰਿ ਮੰਗਲੁ ਨਾਨਕੁ ਗਾਵੈ ਜੀਉ॥੪॥੫॥੧੨॥

[ਮਾਝ ਮ: ੫, ਪੰਨਾ ੯੮

ਅਕਾਲ ਪੁਰਖ ਦੇ ਦਰਸ਼ਨਾਂ ਦੀ ਚਾਹਨਾ ਲਈ ਬਥੇਰੇ ਖੋਜੀ ਜਨ ਖੋਜ ਖੋਜ ਕੇ ਹਾਰ ਥਕੇ ਹਨ, ਏਸੇ ਹੀ ਦਰਸ਼ਨ-ਖੋਜ ਲਈ ਬਨ ਉਦਿਆਨ ਗਾਹ ਗਾਹ ਕੇ ਹਾਰ ਹੰਭ ਚੁਕੇ ਹਨ। ਵਾਹਿਗੁਰੂ ਦੇ ਨਿਰਗੁਣ ਸਰਗੁਣ ਸਰੂਪ ਦਾ ਸੁਰਾਗ਼ ਕਿਸੇ ਭੀ ਆਨ-ਮਤ

ਖੋਜੀ ਤੋਂ ਨਹੀਂ ਲੱਗਾ, ਨਾ ਹੀ ਕਿਸੇ ਤੋਂ ਲਗ ਸਕਦਾ ਹੈ। ਕੋਈ ਭੀ ਆਨਮਤੀ ਆਗੂ ਵਾਹਿਗੁਰੂ ਨੂੰ ਮਿਲਣ ਮਿਲਾਵਣ ਦੀ ਡੀਂਗ ਨਹੀਂ ਮਾਰ ਸਕਦਾ। ਆਨਮਤ ਦੇ ਛੇਈ ਸ਼ਾਸਤ੍ਰ ਮੁਖਾਗਰ ਕੰਠੋਂ ਉਚਾਰਨ ਵਿਚਾਰਨ ਵਾਲੇ ਸੁਸ਼ਕ ਗਿਆਨ-ਬੇਤਾ ਗਿਆਨੀਆਂ ਦਾ ਸੁਸ਼ਕ ਗਿਆਨ ਘੋਖਿਆ ਸਭ ਨਿਸਫਲ ਜਾਂਦਾ ਹੈ। ਏਸੇ ਪ੍ਰਕਾਰ ਆਨਮਤਾਂ ਦੇ ਦਰਸਾਏ ਪੂਜਾ ਤਿਲਕ ਤੀਰਥ ਇਸ਼ਨਾਨ ਭੀ ਬਿਰਥੇ ਹੀ ਜਾਂਦੇ ਹਨ। ਹਠ-ਜੋਗ ਦੇ ਦੱਸੇ ਵਿਸਥਾਰੇ ਹੋਏ ਨਿਉਲੀ ਕਰਮ ਤੇ ਚੌਰਾਸੀ ਆਸਣ ਸਾਧਿਆਂ ਭੀ ਉੱਕਾ ਹੀ ਸ਼ਾਂਤਿ ਨਹੀਂ ਆਉਂਦੀ। ਆਨਮਤ ਦੇ ਜਪ ਤਪ ਭਾਵੇਂ ਕਈ ਬਰਸ ਲਗਾਤਾਰ ਭੀ ਕਿਉਂ ਨ ਕੀਤੇ ਜਾਣ ਅਤੇ ਆਨਮਤ ਦਰਸਾਈ ਕਿਰਿਆ ਅਨੁਸਾਰ ਸਾਰੀ ਧਰਤੀ ਦਾ ਅਨਿਕ ਪ੍ਰਕਾਰ ਤੇ ਕਈ ਵਾਰ ਘੁੰਮਣਾ ਫਿਰਨਾ ਕਿਉਂ ਨ ਕੀਤਾ ਜਾਵੇ, ਪ੍ਰੰਤੂ ਇਕ ਛਿਨ ਮਾਤਰ ਭੀ ਹਿਰਦੇ ਅੰਦਰ ਸ਼ਾਂਤਿ ਨਹੀਂ ਆਉਂਦੀ, ਭਾਵੇਂ ਉਪਰ ਦਸੇ ਆਨਮਤੀ ਕਰਮ ਕਿਤਨੇ ਹੀ ਕੀਤੇ ਜਾਣ। ਹਠ-ਜੋਗੀਆਂ ਦੇ ਮੁੜ ਮੁੜ ਕੇ ਜੋਗ-ਸਾਧਨਾ ਦੇ ਉਦਮ ਕੀਤੇ ਭੀ ਐਵੇਂ ਬਿਰਥੇ ਹੀ ਜਾਂਦੇ ਹਨ। ਜਦ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ ਤਾਂ ਸੱਚੜੇ ਗੁਰੂ ਸਾਹਿਬ ਦੇ ਮਿਲਾਪ ਹੁੰਦੇ ਹਨ, ਜਿਸ ਦੇ ਮਿਲਣ ਕਰਕੇ ਮਨ ਤਨ ਸੀਤਲ ਹੋ ਜਾਂਦਾ ਹੈ ਤੇ ਸੱਚੀ ਧੀਰਜ ਪ੍ਰਾਪਤ ਹੁੰਦੀ ਹੈ। ਇਉਂ ਸਤਿਗੁਰੂ ਦੀ ਕਿਰਪਾ ਦੁਆਰਾ ਕਦੇ ਨਾ ਨਾਸ਼ ਹੋਣ ਵਾਲਾ ਵਾਹਿਗੁਰੂ ਪਰਮੇਸ਼ਰ ਹਿਰਦੇ ਵਿਖੇ ਹੀ ਆਣ ਵਸਦਾ ਹੈ। ਇਸ ਹਿਰਦੇ ਭੀਤਰ ਹੀ ਆਇ ਵਸਣ ਦੀ ਗੁਰਮਤਿ ਵਿਲੱਖਣਤਾ ਤੇ ਫ਼ਜ਼ੀਲਤ ਦੇ ਵਰੋਸਾਉਣ ਕਰਕੇ ਗੁਰੂ ਨਾਨਕ ਸਾਹਿਬ ਦਾ ਵਰੋਸਾਇਆ ਸਿੱਖ ਮੰਗਲ ਗਾ ਗਾ ਕੇ ਅੰਦਰੇ ਅੰਦਰ ਹੀ ਖੀਵਾ ਹੋਇ ਰਹਿੰਦਾ ਹੈ।

# ੧੯. ਗੁਰੂ ਵਾਹਿਗੁਰੂ ਦੀ ਪ੍ਰਾਪਤੀ ਤੇ ਜੋਤਿ ਸਰੂਪੀ ਦਰਸ਼ਨ

ਪਾਰਬ੍ਰਹਮ ਅਪਰੰਪਰ ਦੇਵਾ ॥ ਅਗਮ ਅਗੋਚਰ ਅਲਖ ਅਭੇਵਾ ॥
ਦੀਨ ਦਇਆਲ ਗੋਪਾਲ ਗੋਬਿੰਦਾ ਹਰਿ ਧਿਆਵਹੁ ਗੁਰਮੁਖਿ ਗਾਤੀ ਜੀਉ ॥੧॥
ਗੁਰਮੁਖਿ ਮਧੁਸੂਦਨੁ ਨਿਸਤਾਰੇ ॥ ਗੁਰਮੁਖਿ ਸੰਗੀ ਕ੍ਰਿਸਨ ਮੁਰਾਰੇ ॥
ਦਇਆਲ ਦਮੋਦਰੁ ਗੁਰਮੁਖਿ ਪਾਈਐ ਹੋਰਤੁ ਕਿਤੈ ਨ ਭਾਤੀ ਜੀਉ ॥੨॥
ਨਿਰਹਾਰੀ ਕੇਸਵ ਨਿਰਵੈਰਾ ॥ ਕੋਟਿ ਜਨਾ ਜਾ ਕੇ ਪੂਜਹਿ ਪੈਰਾ ॥
ਗੁਰਮੁਖਿ ਹਿਰਦੈ ਜਾ ਕੈ ਹਰਿ ਹਰਿ ਸੋਈ ਭਗਤ ਇਕਾਤੀ ਜੀਉ ॥੩॥੧੩॥

[ਮਾਝ ਮ: ੫, ਪੰਨਾ ੯੮

ਵਾਹਿਗੁਰੂ ਪਾਰਬ੍ਰਹਮ ਐਸੀ ਵਿਅਕਤੀ ਹੈ, ਜਿਸ ਦਾ ਪਾਰ ਨਹੀਂ ਪਾਇਆ ਜਾ

ਸਕਦਾ। ਉਸ ਦੀ (ਹਸਤੀ ਦੀ) ਗੰਮਤਾ ਕਿਸੇ ਤੋਂ ਨਹੀਂ ਹੋ ਸਕਦੀ। ਉਹ ਸਭਸ ਦੀ ਪਹੁੰਚ ਤੋਂ ਪਰੇ ਹੈ। ਉਸ ਨੂੰ ਕੋਈ ਨਹੀਂ ਲਖ ਸਕਦਾ, ਉਸ ਦਾ ਭੇਦ ਕੋਈ ਨਹੀਂ ਪਾ ਸਕਦਾ। ਗੁਰਮਤਿ ਦੁਆਰਾ ਇਹ ਗੱਲ ਸਹੀ ਹੁੰਦੀ ਹੈ ਕਿ ਉਹ ਸਾਰਿਆਂ ਨੂੰ ਪਾਲਣਹਾਰਾ, ਦੀਨਾਂ ਦਾ ਦਿਆਲ ਗੋਬਿੰਦ ਮੁਕਤੀ-ਦਾਤਾ ਵਾਹਿਗੁਰੂ ਕੇਵਲ ਗੁਰਮਤਿ ਕਰਕੇ ਹੀ ਗੁਰਮੁਖਾਂ ਪਾਸੋਂ ਹੀ ਧਿਆਇਆ ਜਾ ਸਕਦਾ ਹੈ। ਮਧੁਸੂਦਨ ਵਾਹਿਗੁਰੂ, ਗੁਰੂ ਦੁਆਰਾ ਹੀ ਸੰਸਾਰ ਨੂੰ ਤਾਰਨਹਾਰਾ ਬਣਦਾ ਹੈ। ਕ੍ਰਿਸ਼ਨ ਮੁਰਾਰੀ ਰੂਪ ਵਾਹਿਗੁਰੂ ਕੇਵਲ ਗੁਰੂ ਦੁਆਰਾ ਹੀ ਅੰਗਿ ਸੰਗਿ ਰਹਿੰਦਾ ਲਖੀਦਾ ਹੈ। ਦੀਨ ਦਇਆਲ ਦਮੋਦਰ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰੂ ਦੁਆਰੇ ਹੀ ਹੋ ਸਕਦੀ ਹੈ, ਹੋਰ ਕਿਸੇ ਭਾਂਤ ਭੀ ਨਹੀਂ ਹੋ ਸਕਦੀ। ਨਿਰਾਹਾਰੀ ਕੇਸ਼ਵ ਵਾਹਿਗੁਰੂ ਦੇ ਸਰੂਪ ਨੂੰ ਕ੍ਰੋੜ ਹੀ ਜਗਿਆਸੂ ਜਨ ਪਏ ਪੂਜਦੇ ਹਨ, ਪ੍ਰੰਤੂ ਜਿਸ ਗੁਰਮੁਖਿ ਦੇ ਹਿਰਦੇ ਵਿਚ ਵਾਹਿਗੁਰੂ ਵਸਿਆ ਹੈ ਉਹੀ ਵਾਹਿਗੁਰੂ ਦਾ ਅਨਿੰਨ ਉਪਾਸ਼ਕ ਭਗਤ ਹੈ।

ਉਪਰ ਦੱਸੇ ਨਾਮ, 'ਮਧਸੂਦਨ', 'ਕ੍ਰਿਸ਼ਨ, ਮੁਰਾਰ', ਸਭ ਵਾਹਿਗੁਰੂ ਦੇ ਕ੍ਰਿਤਮ ਨਾਮ ਹਨ। ਪਰਾ ਪੂਰਬਲਾ ਸਤਿਨਾਮ ਵਾਹਿਗੁਰੂ ਦਾ ਕੇਵਲ 'ਵਾਹਿਗੁਰੂ' ਹੀ ਹੈ, ਸੋਈ ਗੁਰਮਤਿ ਅਨੁਸਾਰ ਅਰਾਧਿਆ ਜਾਣਾ ਪਰਮ ਗੁਰਮਤਿ ਅਨੁਕੂਲ ਹੈ। ਤਿਸੇ ਗੁਰਮਤਿ ਨਾਮ ਦੇ ਜਪਣ ਕਰਕੇ ਹੀ ਜਪਣਹਾਰੇ ਦੀ ਪਰਮ ਕਲਿਆਣ ਗਤੀ ਹੁੰਦੀ ਹੈ, ਹੋਰ ਕਿਸੇ ਕ੍ਰਿਤਮ ਨਾਮ ਦੇ ਜਪਿਆਂ ਨਹੀਂ ਹੁੰਦੀ। ਆਨਮਤਾਂ ਵਿਚ ਮੰਨੇ ਹੋਏ ਅਵਤਾਰ ਕੇਵਲ ਵਾਹਿਗੁਰੂ ਦੀ ਗੁਪਤ ਗੁਰਮੁਖਿ ਗੁਰੱਤਤਾ ਦੁਆਰਾ ਹੀ ਕਲਾਧਾਰੀ ਬਣੇ ਹਨ, ਭਾਵ ਏਹਨਾਂ ਵਿਚ ਕਲਾ ਵਰਤਾਉਣਹਾਰਾ ਗੁਪਤ ਗੁਰੂ ਵਾਹਿਗੁਰੂ, ਹੀ ਹੋਇਆ ਹੈ। ਵਾਹਿਗੁਰੂ ਨੇ ਹੀ ਗੁਪਤ ਗੁਰੱਤਤਾ ਕਲਾ ਵਰਤਾ ਕੇ ਧ੍ਰੂਅ ਪ੍ਰਹਿਲਾਦ ਆਦਿਕ ਨੂੰ ਸੁਮੱਤੇ ਲਾਇਆ। ਇਹ ਇੱਕੜ ਦੁੱਕੜ ਨਿਸਤਾਰਨ-ਹਾਰ ਵਾਹਿਗੁਰੂ ਦੀਆਂ ਗੁਪਤ ਗੁਰਮੁਖਿ ਕਲਾਧਾਰੀ ਉਦਾਹਰਣਾਂ ਟਾਵੀਆਂ ਟਾਵੀਆਂ ਹੀ ਖ਼ਾਸ ਖ਼ਾਸ ਹਾਲਤਾਂ ਵਿਖੇ ਖ਼ਾਸ ਖ਼ਾਸ ਨਿਸਤਾਰਨ ਜੋਗ ਵਿਅਕਤੀਆਂ ਨੂੰ ਪਰਗਟ ਹੋਈਆਂ। ਸਮੁਚੇ ਤੌਰ ਤੇ ਗੁਰੱਤਤਾ ਦੀ ਕਲਾ ਵਰਤਾਉਣਹਾਰਾ ਵਾਹਿਗੁਰੂ ਜਗਤ-ਗੁਰੂ ਨਾਨਕ ਦੇਵ ਅਤੇ ਓਹਨਾਂ ਦੇ ਦਸੇ ਗੁਰ ਜਾਮਿਆਂ ਦੁਆਰਾ ਹੀ ਅਜ ਤਾਈਂ ਸਾਰੇ ਸੰਸਾਰ ਤੇ ਵਿੱਦਤ ਹੋਇਆ ਹੈ। ਪ੍ਰੰਤੂ ਹਰ ਹਾਲਤ ਵਿਚ ਨਿਸਤਾਰਨਹਾਰ ਕਲਿਆਣਕਾਰਕ ਨਾਮ ਵਾਹਿਗੁਰੂ ਨਾਮ ਹੀ ਪਰੰਪਰਾ ਤੋਂ "ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ"* ਰੂਪੀ ਨਿਸਤਾਰਦਾ ਰਿਹਾ ਹੈ ਤੇ ਨਿਸਤਾਰਦਾ ਰਹੇਗਾ। ਏਥੇ ਤਾਈਂ ਕਿ ਗਰਭ ਜੋਨ ਵਿਚ ਜੀਵ ਨੂੰ ਜੀਵਾਲਣ-ਹਾਰਾ ਹੋ ਕੇ ਵਾਹਿਗੁਰੂ ਅਕਾਲ ਪੁਰਖ ਹੀ ਗੁਰੱਤਤਾ ਦੀ ਕਲਾ ਵਰਤਾਉਂਦਾ ਰਿਹਾ

*...੧॥ [ਜਪੁ ਜੀ ਸਾਹਿਬ

ਹੈ। ਉਥੇ ਗਰਭ ਅੰਦਰ ਵਾਹਿਗੁਰੂ ਨਾਮ ਦਾ ਦੀਖਸ਼ ਅਤੇ ਲਖਾਵਣਹਾਰਾ ਕੇਵਲ ਵਾਹਿਗੁਰੂ ਹੀ ਗੁਰੂ ਸਰੂਪਤਾ ਅਖ਼ਤਿਆਰ ਕਰਦਾ ਰਿਹਾ ਹੈ। ਗਰਭ ਜੋਨ ਤੋਂ ਬਾਹਰ ਆਏ ਜੀਵਾਂ ਨੂੰ, ਸਰਬੱਤ੍ਰ ਹੀ ਮਾਨੁਖ ਸ਼ਰੇਣੀ ਨੂੰ ਪ੍ਰਤਿਪਾਲਣਹਾਰਾ ਪ੍ਰਮਾਰਥ ਬਿਵਸਥਾ ਵਿਚ ਜੀਵਾਲਣਹਾਰਾ ਕਉਤਕ ਭੀ ਟਾਵੀਂ ਟਾਵੀਂ ਹਾਲਤ ਵਿਚ ਵਾਹਿਗੁਰੂ ਖ਼ੁਦ ਨਿਜ ਆਵੱਸ਼ਕਤਾ ਦੁਆਰਾ ਵਰਤਾਉਂਦਾ ਰਿਹਾ ਹੈ। ਸਰਬੱਤ੍ਰ ਮਾਨੁਖ ਸ਼ਰੇਣੀ ਨੂੰ ਸੱਚੇ ਸੁਮਾਰਗੀ ਗੁਰਮਤਿ ਮਾਰਗ ਉਤੇ ਚਲਾਉਣਹਾਰਾ ਕੇਵਲ ਗੁਰੂ ਨਾਨਕ ਹੀ ਆਪਣੇ ਦਸੇ ਗੁਰੂ ਜਾਮੇ ਸਰੂਪਾਂ ਵਿਚ ਹੋਇਆ ਹੈ। ਜੁਗਾਂ ਜੁਗਾਂਤਰਾਂ ਅੰਦਰ ਸੱਚੇ ਗੁਰੂ ਬਿਨਾਂ ਗਤੀ ਕਿਸੇ ਦੀ ਭੀ ਨਹੀਂ ਹੋਈ। ਕੇਵਲ ਗੁਰੂ ਦੀ ਸ਼ਰਨ ਆਇਆਂ ਹੀ ਸਾਰੇ ਜੁਗਾਂ ਦਾ ਨਿਸਤਾਰਾ ਹੋਇਆ ਹੈ ਅਤੇ ਹੁੰਦਾ ਰਹੇਗਾ। ਸ੍ਰੀ ਗੁਰੂ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤਾ ਹੈ—

ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥

ਕਬਿਯੋ ਬਾਚ ਬੇਨਤੀ ॥ ਚੌਪਈ ॥

ਗੁਰੂ ਵਾਹਿਗੁਰੂ ਦਾ ਇਕ-ਮਿੱਕ ਸਰੂਪ ਹੋਣ ਕਰਕੇ ਨਿਸਤਾਰਕ ਕਲਾ ਕੇਵਲ ਗੁਰੂ ਦੀ ਮਹੱਤਤਾ ਵਿਚ ਹੀ ਵਿਦਮਾਨ ਹੈ। ਆਨਮਤੀ ਜਗਤ ਆਮ ਤੌਰ 'ਤੇ ਸਦੀਵ-ਕਾਲ ਹੀ ਗੁਰੂ ਦੀ ਇਸ ਓਤਿ ਪੋਤਿ ਕਲਾ ਤੋਂ ਘੁੱਥਾ ਅਤੇ ਸੱਖਣਾ ਹੀ ਰਿਹਾ ਹੈ। ਜਿਨ੍ਹਾਂ ਜੀਵਾਂ ਦੇ ਪੋਤੇ ਪੁੰਨ ਪੂਰਬ ਲਿਖਤ ਦੁਆਰਾ ਪ੍ਰਗਟ ਹੋਏ ਹਨ, ਤਿਨ੍ਹਾਂ ਨੂੰ ਹੀ ਇਸ ਮਹੱਤਤਾ ਦੀ ਅਮਰ ਕਲਾ ਵਰੋਸਾਈ ਹੈ। ਜਦ ਤਾਈਂ ਆਮ ਸੰਸਾਰੀ ਲੋਗ ਗੁਰੂ ਦੀ ਸ਼ਰਨ ਨਹੀਂ ਆਉਂਦੇ, ਓਦੋਂ ਤਾਈਂ ਉਹਨਾਂ ਦਾ ਨਿਸਤਾਰਾ ਹਰਗਿਜ਼ ਹਰਗਿਜ਼ ਨਹੀਂ ਹੁੰਦਾ।

ਗੁਰੂ-ਜੋਤਿ-ਜਾਮਿਆਂ ਵਾਲੇ ਪਰਤਖਸ਼ ਦੀਦਾਰ ਦਰਸ਼ਨਾਂ ਦੀ ਉਦਾਰਤਾ (ਨਦਰਤਾ) ਵੀ ਕੇਵਲ ਗੁਰਮੁਖਿ ਗੁਰੂ ਦੇ ਦੀਖਅਤ ਗੁਰਸਿਖਾਂ ਉਪਰ ਹੀ ਹੁੰਦੀ ਹੈ। ਜਿਨ੍ਹਾਂ ਗੁਰਮੁਖਿ ਜਨਾਂ ਨੂੰ ਜਿਸ ਜਿਸ ਗੁਰਮੁਖਿ-ਜੋਤਿ-ਜਾਮੇ ਦੀ ਦਰਸ਼ਨ ਅਕਾਂਖਿਆ ਪੂਰਨ ਪ੍ਰਬਲਤਾ ਸਹਿਤ ਉਤਪੰਨ ਹੁੰਦੀ ਹੈ, ਤਿਸੇ ਤਿਸੇ ਗੁਰੂ-ਜੋਤਿ-ਜਾਮੇ ਦੇ ਪਰਤੱਖ ਦਰਸ਼ਨ ਉਸ ਨੂੰ ਅਵੱਸ਼ ਹੋ ਕੇ ਰਹਿੰਦੇ ਹਨ। ਮਤ ਜਾਣੋ ਕਿ ਗੁਰੂ ਨਾਨਕ ਆਦਿ ਦਸੇ ਗੁਰੂ-ਜੋਤਿ-ਜਾਮੇ ਦੇਹਧਾਰੀ ਜੋਤੀਆਂ ਦੇ ਅਲੋਪ ਹੋਣ ਕਰਕੇ ਦਰਸ਼ਨ ਦੇਣੋਂ ਰਹਿਤ ਹੋ ਗਏ। ਸਤਿਗੁਰੂ ਦੀ ਜੋਤਿ-ਕਲਾ ਸਦਾ ਹੀ ਵਰਤਦੀ ਰਹਿੰਦੀ ਹੈ—

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥੧੧॥

[ਸੂਹੀ ਮ: ੪ ਅਸ਼ਟ:, ਪੰਨਾ ੭੫੯

ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਆਦਿ ਦਸੇ ਗੁਰੂ-ਜੋਤਿ-ਜਾਮਿਆਂ

ਦੇ ਸਰੂਪ ਕਮਾਈ ਵਾਲੇ ਗੁਰਮੁਖਿ ਜਨਾਂ ਦੀ ਦਿਬ ਦ੍ਰਿਸ਼ਟੀ ਵਿਚ ਸਦਾ ਹੀ ਮੌਜੂਦ ਰਹਿੰਦੇ ਹਨ, ਜਿਨ੍ਹਾਂ ਦੀ ਪ੍ਰਬਲ ਇਛਿਆ ਦੇ ਪ੍ਰੇਰੇ ਹੋਏ ਉਹ ਗੁਰ-ਜੋਤਿ-ਜਾਮੇ ਪਰਗਟ ਪਾਹਾਰੇ ਭੀ ਆਸ਼ਕਾਰ ਹੋਇ ਆਂਵਦੇ ਹਨ, ਕਿਉਂਕਿ ਦੇਹ ਕਰਕੇ ਹੀ ਗੁਰੂ-ਜੋਤਿ-ਜਾਮੇ ਦੀ ਹਸਤੀ ਨਹੀਂ, ਬਲਕਿ ਦਿੱਬ ਸਰੂਪਤਾ ਦੀ ਵਿਲੱਖਣ ਦੇਹ ਤਾਂ ਨਿਰਾਲੀ ਹੀ ਝਲਕਾਂ ਮਾਰਦੀ ਰਹਿੰਦੀ ਹੈ। ਦਸੋਂ ਹੀ ਗੁਰੂ ਜਾਮਿਆਂ ਦੀ ਵਿਲੱਖਣ ਵਿਲੱਖਣ ਨਿਰਾਲਤਾ ਪਰਤੱਖੋ ਪਰਤੱਖ ਸਪੱਸ਼ਟ ਨਜ਼ਾਰੇ ਝਲਕਾਰੇ ਦਿੱਬ ਦੀਦਾਰੇ ਦਿਖਾਉਂਦੀ ਰਹਿੰਦੀ ਹੈ। ਵਾਹਿਗੁਰੂ ਅਤੇ ਗੁਰੂ ਦਾ ਗੁਰੱਤਤ ਸਰੂਪ ਸਾਂਝਾ ਭੀ ਹੈ ਅਤੇ ਵਿਲੱਖਣ ਭੀ ਹੈ; ਭਿੰਨ ਭਿੰਨ ਆਭਾ ਮਾਰਦਾ ਹੈ, ਪ੍ਰਤੂ ਵਖਰੀ ਅਭਿੰਨਤਾ ਵਿਚ ਭੀ ਘੁਲ ਮਿਲ ਘਿੱਚ ਦਿਸ ਆਉਂਦਾ ਹੈ; ਕੇਵਲ ਦਿਬ ਦ੍ਰਿਸ਼ਟੀ ਵਾਲੇ ਗੁਰਮੁਖਿ ਜਨਾਂ ਨੂੰ ਹੀ ਦਿਸ ਆਉਂਦਾ ਹੈ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਇਹ ਦਿੱਬ ਦਰਸ਼ਨ ਕਿਸੇ ਹਾਲਤ ਵਿਚ ਭੀ ਸਰਗੁਣ ਸਰੂਪ ਦਰਸ਼ਨ ਨਹੀਂ ਕਹਾ ਸਕਦੇ। ਇਹ ਦਰਸ਼ਨ ਤਾਂ ਸਦਾ ਹੀ ਨਿਰਗੁਣ ਜੋਤਿ ਦਿੱਬਤਾ ਵਾਲੇ ਹਨ ਅਤੇ ਕਦੇ ਨਾ ਨਾਸ਼ ਹੋਣ ਵਾਲੇ ਅਬਿਨਾਸ਼ੀ ਹੀ ਰਹਿੰਦੇ ਹਨ। ਇਹ ਦਿੱਬ ਦਰਸ਼ਨਾਂ ਦਾ ਅਬਿਨਾਸ਼ੀ ਸਰੂਪ ਵਾਸਤਵ ਵਿਚ ਸਾਰੇ ਹੀ ਮਾਨੁਖ ਘਟਾਂ ਵਿਚ ਸਮਾਇਆ ਰਹਿੰਦਾ ਹੈ, ਪਰ ਇਸ ਸਰੂਪ ਨੂੰ ਵਿਰਲੇ ਹੀ ਵਰੋਸਾਏ ਹੋਏ ਗੁਰਮੁਖਿ ਜਨ ਪਰਤੱਖ ਲਖਦੇ ਹਨ।

# ੨੦. ਆਨਮਤ ਵਿਦਿਆ ਤੇ ਗੁਰਮਤਿ ਵਿਦਿਆ

ਸਿਮ੍ਰਿਤਿ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥
ਬਿਨੁ ਸਤਿਗੁਰ ਸੇਵੇ ਸੁਖੁ ਨ ਪਾਏ ॥ ਦੁਖੋ ਦੁਖੁ ਕਮਾਵਣਿਆ ॥੭॥੮॥

[ਮਾਝ ਮ: ੩, ਪੰਨਾ ੧੧੪

ਇਸ ਗੁਰਵਾਕ ਦੀ ਇਹ ਤਿਤੁਕੀ ਸਿਧ ਕਰਦੀ ਹੈ ਕਿ ਆਨਮਤ ਖ਼ਿਆਲਾਂ ਦੀ ਆਲੂਦਗੀ ਨਾਲ ਗ੍ਰਸਿਆ ਹੋਇਆ ਜਗਿਆਸੂ ਜਨ ਸਿਮ੍ਰਿਤੀਆਂ ਸ਼ਾਸਤ੍ਰਾਂ ਵੇਦਾਂ ਨੂੰ ਹੀ ਵਖਾਣਦਾ ਫਿਰਦਾ ਹੈ। ਏਸੇ ਬਿਧਿ ਭਰਮ-ਭੁਲਾ ਹੋਇਆ ਗੁਰਮਤਿ ਤੱਤ ਨਹੀਂ ਪਛਾਣ ਸਕਦਾ, ਅਸਲੀਅਤ ਨਹੀਂ ਸਮਝ ਸਕਦਾ, ਕਿਉਂਕਿ ਸਿਮ੍ਰਿਤਿ ਸ਼ਾਸਤ੍ਰ ਬੇਦ ਤਾਂ ਸਿਰਫ਼ ਤਿੰਨਾਂ ਗੁਣਾਂ ਦੀ ਹੀ ਗੱਲ ਕਰਦੇ ਹਨ। ਚਉਥੇ ਪਦ ਦੀ ਤੱਤ ਗੱਲ ਤਾਂ ਕੇਵਲ ਗੁਰਮਤਿ ਤੋਂ ਹੀ ਲਭਦੀ ਹੈ। ਤਾਂ ਤੇ ਸਤਿਗੁਰੂ ਨੂੰ ਸੇਵੇ ਬਿਨਾਂ, ਭਾਵ, ਸਤਿਗੁਰੂ ਦਾ ਸੇਵਕ ਸਿੱਖ ਬਣੇ ਬਿਨਾਂ ਤੱਤ ਆਤਮ ਪ੍ਰਮਾਰਥ ਸੁਖ ਨਹੀਂ ਪ੍ਰਾਪਤ ਹੁੰਦਾ। ਆਨਮਤ ਦੀਆਂ ਪੁਸਤਕਾਂ ਦੀਆਂ ਪੜ੍ਹਾਈਆਂ ਵਿਚ ਨਿਰਾ ਦੁਖੋ ਦੁਖ ਹੀ ਵਿਹਾਜਦਾ ਫਿਰਦਾ ਹੈ, ਗੁਰਮਤਿ ਤੱਤ ਸੰਭਾਲਣ ਵਿਚ ਆਉਂਦਾ ਹੀ ਨਹੀਂ। ਗੁਰਮਤਿ ਤੱਤ ਤਾਂ ਸੰਭਾਲੇ ਜੇ ਆਨਮਤ ਦੀ ਆਲੂਦਗੀ ਨੂੰ ਛੱਡ ਕੇ ਕੇਵਲ ਗੁਰਮਤਿ

ਪਰਾਇਣ ਹੀ ਹੋ ਰਹੇ।

ਬਿਨੁ ਗੁਰ ਨਾਮੁ ਨ ਪਾਇਆ ਜਾਇ ॥ ਸਿਧ ਸਾਧਿਕ ਰਹੇ ਬਿਲਲਾਇ ॥
ਬਿਨੁ ਗੁਰ ਸੇਵੇ ਸੁਖੁ ਨ ਹੋਵੀ ਪੂਰੈ ਭਾਗਿ ਗੁਰੁ ਪਾਵਣਿਆ ॥੩॥੧੦॥
[ਮਾਝ ਮ: ੩, ਪੰਨਾ ੧੧੫

ਹਠ-ਜੋਗ ਆਦਿ ਆਨਮਤ ਕਰਮਾਂ ਨੂੰ ਸਾਧਣਹਾਰੇ ਗੋਰਖ ਆਦਿਕ ਸਿਧ ਜੋਗੀ ਬਥੇਰਾ ਬਿਲਲਾ ਹਟੇ, ਤਿਨ੍ਹਾਂ ਨੂੰ ਸੱਚਾ ਪ੍ਰਮਾਰਥ ਪ੍ਰਾਪਤ ਹੀ ਨਹੀਂ, ਏਹ ਕੇਵਲ ਨਾਮ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਨਾਮੁ ਓਹਨਾਂ ਨੂੰ ਮਿਲਿਆ ਹੀ ਨਹੀਂ। ਬਿਨਾਂ ਸੱਚੇ ਗੁਰੂ ਤੋਂ ਨਾਮੁ ਨਹੀਂ ਪਾਇਆ ਜਾ ਸਕਦਾ। ਗੁਰਮੁਖਿ ਸੇਵਕ ਸਿਖ ਬਣੇ ਬਿਨਾਂ ਸੱਚਾ ਆਤਮ ਸੁਖ ਪ੍ਰਾਪਤ ਹੁੰਦਾ ਹੀ ਨਹੀਂ ਅਤੇ ਪੂਰੇ ਭਾਗਾਂ ਕਰਕੇ ਹੀ ਸੱਚਾ ਗੁਰੂ ਪ੍ਰਾਪਤ ਹੁੰਦਾ ਹੈ। ਤਾਂ ਤੇ ਨਿਗੁਰੇ ਲੋਕਾਂ ਨੂੰ ਕਿਤੇ ਭੀ ਸੁਖ ਨਹੀਂ। ਸਾਰੀ ਲੁਕਾਈ ਨਿਗੁਰੀ ਹੀ ਪਈ ਫਿਰਦੀ ਹੈ। ਪੂਰਬਲੇ ਸ਼ੁਭ ਕਰਮਾਂ ਅਨੁਸਾਰ ਜੋ ਜੋ ਪ੍ਰਾਣੀ ਗੁਰੂ ਨਾਨਕ ਦੀ ਸਰਣਾਈ ਆ ਕੇ ਗੁਰਮਤਿ ਮਾਰਗੀ ਬਣਿਆ ਹੈ, ਤਿਸ ਦੀ ਹੀ ਪੂਰੀ ਪੈਂਦੀ ਹੈ ਤੇ ਅਗੋਂ ਨੂੰ ਭੀ ਉਸੇ ਦੀ ਪੂਰੀ ਪਵੇਗੀ।

ਇਹੁ ਮਨੁ ਮੈਲਾ ਇਕੁ ਨ ਧਿਆਏ ॥ ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥
॥੩॥੧੨॥ [ਮਾਝ ਮ: ੩, ਪੰਨਾ ੧੧੬

ਇਕ ਵਾਹਿਗੁਰੂ ਨੂੰ ਨਾ ਧਿਆਉਣ ਕਰਕੇ ਇਹ ਮਨ ਮੈਲਾ ਹੋਇਆ ਪਿਆ ਹੈ ਤੇ ਮੈਲਾ ਹੋਇਆ ਹੀ ਰਹਿੰਦਾ ਹੈ। ਇਕ ਨੂੰ ਛਡ ਕੇ ਦੂਜੇ ਭਾਇ ਦੀ ਉਪਾਸ਼ਨਾ ਵਿਚ ਮਸਤ ਗ਼ਰਕ ਰਹਿੰਦਾ ਹੈ। ਦੂਜੇ ਭਾਇ ਵਿਚ ਲੱਗਣ ਕਰਕੇ ਸਗੋਂ ਹੋਰ ਵਧੇਰੇ ਮੈਲ ਲਗਦੀ ਰਹਿੰਦੀ ਹੈ। ਦੂਜੇ ਭਾਇ ਦੀ ਉਪਾਸ਼ਨਾ ਵਿਚ ਲਥ ਪੱਥ ਹੋਇਆ ਤਟਾਂ ਤੀਰਥਾਂ ਤੇ ਹੋਰ ਦੇਸ਼ ਦੇਸ਼ਾਂਤਰਾਂ ਵਿਖੇ ਪਿਆ ਭਉਂਦਾ ਫਿਰਦਾ ਹੈ। ਬਹੁਤੇ ਤੀਰਥਾਂ, ਤਟਾਂ, ਦੇਸ਼ ਦੇਸ਼ਾਂਤਰਾਂ ਦੇ ਭਰਮਨ ਕਰਨ ਕਰਕੇ ਭਰਮਨਹਾਰੇ ਅਲ੍ਹੜ ਜਗਿਆਸੂ ਦੀ ਹੰਕਾਰ-ਵਾਸ਼ਨਾ ਹੋਰ ਵਧਦੀ ਰਹਿੰਦੀ ਹੈ, ਤੇ ਹੰਕਾਰੀ ਹੋਣ ਕਰਿ ਹੋਰ ਵਧੇਰੇ ਹਉਮੈ ਦੀ ਮੈਲ ਚਮੇੜ ਲੈਂਦਾ ਹੈ। ਇਹ ਮੈਲ ਤਾਂ ਦੂਰ ਹੁੰਦੀ ਹੈ ਜੇ ਗੁਰ-ਦੀਖਿਆ ਲੈ ਕੇ ਸੱਚੇ ਗੁਰੂ ਦਾ ਸੇਵਕ ਸਿੱਖ ਬਣੇ, ਗੁਰਮੰਤਰ ਗੁਰ-ਦੀਖਿਆ ਗੁਰਮਤਿ ਨਾਮ ਦੇ ਅਭਿਆਸ ਵਿਚਿ ਜੁਟ ਜਾਵੇ। ਐਸਾ ਜੁਟੇ ਕਿ ਜੀਉਂਦਾ ਹੀ ਮਰ ਰਹੇ।

ਪੰਡਿਤ ਪੜਹਿ ਸਾਦੁ ਨ ਪਾਵਹਿ ॥ ਦੂਜੈ ਭਾਇ ਮਾਇਆ ਮਨੁ ਭਰਮਾਵਹਿ ॥
ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ ॥੨॥
ਸਤਿਗੁਰੁ ਮਿਲੈ ਤਾ ਤਤੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ ॥੩॥੧੩॥
[ਮਾਝ ਮ: ੩, ਪੰਨਾ ੧੧੬-੧੭

 www.sikhbookclub.com

ਵੇਦ-ਪਾਠੀ ਪੰਡਿਤ ਬੇਦ ਸਿਮ੍ਰਿਤੀਆਂ ਨੂੰ, ਸ਼ਾਸਤ੍ਰਾਂ ਨੂੰ ਪੜ੍ਹਦੇ ਹਨ, ਪਰ ਉਹਨਾਂ ਨੂੰ ਪੜ੍ਹ ਕੇ ਸਵਾਦ ਕੁਛ ਨਹੀਂ ਆਉਂਦਾ। ਇਸ ਸੁਆਦ ਦਾ ਨਾ ਆਉਣਾ ਪੰਡਿਤਾਂ ਦੀ ਪੜ੍ਹਨ-ਵਿਦਿਆ ਦਾ ਕਸੂਰ ਨਹੀਂ, ਦਰ-ਅਸਲ ਵੇਦਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿ ਵਿਚ ਆਈ ਪੜ੍ਹਾਈ ਹੀ ਸੱਚੇ ਰਸ ਸੁਆਦ ਹੀਣ ਹੈ। ਉਕਤ ਪੜ੍ਹਾਈ ਹੈ ਹੀ ਦੂਜੇ ਭਾਵ ਦੀ, ਤ੍ਰੈ-ਗੁਣਾਂ ਵਾਲੀ ਪੜ੍ਹਾਈ, ਮਾਇਆ ਵਿਚ ਮਨ ਨੂੰ ਮਨੂਰ ਕਰਨ ਵਾਲੀ ਪੜ੍ਹਾਈ। ਇਸ ਕਰਕੇ ਪੜ੍ਹਨਹਾਰੇ ਪੰਡਿਤਾਂ ਦਾ ਮਨ ਮਾਇਆ-ਮਮਤਾ ਵਿਚ ਹੀ ਭਰਮਦਾ ਫਿਰਦਾ ਹੈ। ਇਸ ਮਾਇਆ ਦੀ ਮੋਹ-ਮਮਤਾ ਨੇ ਵਿਦਵਾਨ ਪੰਡਿਤਾਂ ਦੀ ਸਭ ਸੁਧ ਗੰਵਾ ਛਡੀ ਹੈ। ਇਸ ਕਰਕੇ ਉਹ ਨਿਰੇ ਹੀ ਅਉਗੁਣ ਕਮਾਉਂਦੇ ਹਨ ਤੇ ਅਉਗੁਣ ਕਮਾ ਕਮਾ ਕੇ ਪਛੋਤਾਉਂਦੇ ਹਨ। ਪਛਤਾਉਂਦੇ ਭੀ ਹਿਰਦਿਓਂ ਨਹੀਂ, ਉਪਰ ਉਪਰ ਦਾ ਦਿਖਾਵੇ ਦਾ ਪਛੋਤਾਵਾ, ਜੋ ਮਾਇਆ ਦੀ ਲਿਬੇੜ ਵਿਚ ਲਿਬੜਿਆਂ ਹੋਇਆਂ ਨੂੰ ਐਵੇਂ ਛਿਨ ਮਾਤਰ ਹੀ ਹੁੰਦਾ ਹੈ। ਸੱਚੇ ਸਤਿਗੁਰੂ ਦਾ ਮਿਲਾਪ ਹੋਵੇ ਤਾਂ ਤੱਤ ਪਦਾਰਥ ਇਹਨਾਂ ਦੇ ਪੱਲੇ ਪਵੇ ਅਤੇ ਗੁਰਮਤਿ ਨਾਮ ਏਹਨਾਂ ਦੇ ਮਨ ਵਿਖੇ ਆ ਕੇ ਵਸੇ। ਗੁਰ-ਦੀਖਿਆ ਰੂਪੀ ਸ਼ਬਦ ਗੁਰਮੰਤ੍ਰ ਦੀ ਅਤੁੱਟ ਕਮਾਈ ਦੁਆਰਾ ਹੀ ਮਨ ਮਰਦਾ ਹੈ ਅਤੇ ਮੁਕਤੀ ਦਾ ਦਰ ਮਿਲਦਾ ਹੈ। ਆਨਮਤ ਵਿਦਿਆ ਦੇ ਅਧੈਨ ਕੀਤਿਆਂ ਮੁਕਤੀ ਕਦੇ ਨਹੀਂ ਮਿਲਦੀ, ਭਾਵੇਂ ਸਾਰੀ ਉਮਰ ਇਸ ਵਿਦਿਆ ਪੜ੍ਹਾਈ ਦੀ ਸਿਰ-ਖਪਾਈ ਕਰਦੇ ਰਹਿਣ।

ਪੜਿ ਪੜਿ ਥਾਕੇ ਸਾਂਤਿ ਨ ਆਈ ॥ ਤ੍ਰਿਸਨਾ ਜਾਲੇ ਸੁਧਿ ਨ ਕਾਈ ॥
ਬਿਖੁ ਬਿਹਾਝਹਿ ਬਿਖੁ ਮੋਹੁ ਪਿਆਸੇ ਕੂੜੁ ਬੋਲਿ ਬਿਖੁ ਖਾਵਣਿਆ ॥੭॥
ਗੁਰ ਪਰਸਾਦੀ ਏਕੋ ਜਾਣਾ ॥ ਦੂਜਾ ਮਾਰਿ ਮਨੁ ਸਚਿ ਸਮਾਣਾ ॥
ਨਾਨਕ ਏਕੋ ਨਾਮੁ ਵਰਤੈ ਮਨ ਅੰਤਰਿ ਗੁਰ ਪਰਸਾਦੀ ਪਾਵਣਿਆ॥੮॥੧੭॥੧੮॥

[ਮਾਝ ਮ: ੩, ਪੰਨਾ ੧੨੦

ਆਨਮਤ ਵਿਦਿਆ ਨੂੰ ਘੋਖ ਘੋਖ ਕੇ ਪੜ੍ਹਨ ਨਾਲ ਸੱਚੀ ਸ਼ਾਂਤੀ, ਆਨੰਦ-ਮਈ ਸ਼ਾਂਤੀ, ਆਤਮ-ਅਨੰਦ-ਦਾਤਨੀ-ਸ਼ਾਂਤੀ ਹਰਗਿਜ਼ ਨਹੀਂ ਆਉਂਦੀ, ਬਲਕਿ ਆਨਮਤ ਦੀਆਂ ਪੜ੍ਹਾਈਆਂ ਪੜ੍ਹਨ ਕਰਕੇ ਪੜ੍ਹਨਹਾਰਿਆਂ ਨੂੰ, ਪੜ੍ਹਾਕੂਆਂ ਦੇ ਹਿਰਦਿਆਂ ਨੂੰ ਇਸ ਆਨਮਤ ਵਿਦਿਆ-ਪੜ੍ਹਾਈ ਤੋਂ ਉਤਪੰਨੀ (ਉਤਪੰਨ ਹੋਈ) ਤ੍ਰਿਸ਼ਨਾ-ਅਗਨੀ ਹੋਰ ਜਾਲ ਸਿਟਦੀ ਹੈ। ਪਰ ਬੜੀ ਹੈਰਾਨੀ ਦੀ ਗੱਲ ਹੈ, ਏਹਨਾਂ ਹਿਰਦੇ-ਜਲਿਆਂ ਨੂੰ ਏਸ ਜਲਨ ਦੀ ਸੁਧ ਮਾਤਰ ਭੀ ਨਹੀਂ ਰਹਿੰਦੀ, ਸਗੋਂ ਇਸ ਤ੍ਰਿਸ਼ਨਾ-ਅਗਨ ਦੀ ਜਲਾਂਦ ਦਾ ਉੱਕਾ ਹੀ ਅਹਿਸਾਸ ਨ ਕਰਦੇ ਹੋਏ, ਇਸ ਜ਼ਹਿਰੀਲੀ ਵਿਦਿਆ ਦੇ ਬਿਖ ਜ਼ਹਿਰ ਨੂੰ ਹੋਰ ਵਧੇਰੇ ਖ਼ਰੀਦਦੇ ਹਨ। ਅਤੇ ਜਿਉਂ ਜਿਉਂ ਇਸ ਬਿਖ ਨੂੰ ਬਿਹਾਝਦੇ ਹਨ ਤਿਉਂ ਤਿਉਂ ਇਹ ਬਿਖ ਤਿਨ੍ਹਾਂ ਨੂੰ ਇਸ ਤ੍ਰਿਸ਼ਨਾ ਮਈ ਮੋਹ ਮਮਤਾ ਦੇ ਹੋਰ ਵਧੇਰੇ ਪਿਆਸੇ ਬਣਾਉਂਦੀ ਹੈ। ਬਸ, ਸਾਰੀ ਉਮਰ ਕੂੜ ਹੀ **ਵਿਹਾਝਦੇ**

**ਰਹਿੰਦੇ** ਹਨ ਅਤੇ ਕੂੜ ਦੀਆਂ ਪੜ੍ਹਾਈਆਂ ਕਰ ਕਰ ਕੇ ਮੁਖੋਂ ਕੂੜ ਹੀ ਦਿਨ ਰਾਤ ਬੋਲਦੇ ਹਨ ਅਤ ਕੂੜ ਮਈ ਬਿਖ ਨੂੰ ਹੀ ਖਾਂਦੇ ਪੀਂਦੇ ਹੰਢਾਉਂਦੇ ਹਨ। ਇਹ ਕੇਵਲ ਗੁਰਮਤਿ ਵਿਦਿਆ ਹੀ ਹੈ ਜੋ ਦੂਜੇ ਭਾਵ ਦੀ ਬਿਖਿਆ ਤੋਂ ਕੱਢ ਕੇ ਇਕ ਅਕਾਲ ਪੁਰਖ ਤੇ ਸੱਚੇ ਨਾਮ ਨੂੰ ਜਾਨਣਾ ਪਛਾਨਣਾ ਤੇ ਵਿਹਾਝਣਾ ਸਿਖਾਉਂਦੀ ਹੈ ਅਤੇ ਦਵੈਤ ਭਾਵ ਨੂੰ ਮਾਰ ਕੇ ਸਚੜੇ ਗੁਰਮਤਿ ਭਾਵ ਦੀ ਏਕਤਾ ਵਿਚ ਮਨ ਹਿਰਦਾ ਇਕੱਤਰ ਕਰਦੀ ਕਰਾਉਂਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਗੁਰਮਤਿ ਵਿਦਿਆ ਦੇ ਪਰਤਾਪ ਕਰਕੇ ਹੀ ਏਕੋ ਨਾਮ ਮਨ ਅੰਤਰਿ ਵਸਦਾ ਵਰਤਦਾ ਹੈ। ਇਹ ਪਦ ਕੇਵਲ ਗੁਰੂ ਦੇ ਪ੍ਰਸਾਦ ਅਪਾਰ ਕਿਰਪਾ ਨਦਰ ਕਰ ਕੇ ਹੀ ਪ੍ਰਾਪਤ ਹੁੰਦਾ ਹੈ। ਤਾਂ ਤੇ ਗੁਰਮਤਿ ਵਿਦਿਆ ਵਿਹੂਣ ਆਨਮਤ ਵਿਦਿਆ ਦੀਆਂ ਪੜ੍ਹਾਈਆਂ ਦਾ ਪਸਾਰਾ ਨਿਰਾ ਕੂੜਾਵਾ ਹੀ ਹੈ। ਤੱਤ ਵਿਦਿਆ ਹੈ ਤਾਂ ਕੇਵਲ ਗੁਰਮਤਿ ਵਿਦਿਆ ਹੀ ਹੈ।

ਲਿਖਦਿਆ ਲਿਖਦਿਆ ਕਾਗਦ ਮਸੁ ਖੋਈ ॥ ਦੂਜੈ ਭਾਇ ਸੁਖੁ ਪਾਏ ਨ ਕੋਈ ॥
ਕੂੜੁ ਲਿਖਹਿ ਤੈ ਕੂੜੁ ਕਮਾਵਹਿ ਜਲਿ ਜਾਵਹਿ ਕੂੜਿ ਚਿਤੁ ਲਾਵਣਿਆ ॥੬॥
ਗੁਰਮੁਖਿ ਸਚੋ ਸਚੁ ਲਿਖਹਿ ਵੀਚਾਰੁ ॥ ਸੇ ਜਨ ਸਚੇ ਪਾਵਹਿ ਮੋਖ ਦੁਆਰੁ ॥
ਸਚੁ ਕਾਗਦੁ ਕਲਮ ਮਸਵਾਣੀ ਸਚੁ ਲਿਖਿ ਸਚਿ ਸਮਾਵਣਿਆ ॥੭॥੨੩॥
[ਮਾਝ ਮ: ੩, ਪੰਨਾ ੧੨੩

ਕੱਚੀ ਬਾਣੀ ਲਿਖਣਹਾਰਿਆਂ ਅਨਮਤੀਆਂ ਨੇ ਆਨਮਤ ਭਰੇ ਕੱਚੀ ਬਾਣੀ ਦੇ ਅੱਖਰਾਂ ਨੂੰ ਲਿਖਦਿਆਂ ਲਿਖਦਿਆਂ ਕਾਗਜ਼ਾਂ ਦੇ ਭਾਰ ਭਰ ਭਰ ਕੇ ਐਵੇਂ ਹੀ ਗੰਵਾਏ ਅਤੇ ਲਿਖਣ ਬੁਘਤੇ ਘਸਾ ਘਸਾ ਮੁਕਾ ਮੁਕਾ ਕੇ ਫ਼ਜ਼ੂਲ ਹੀ ਸਿਟ ਦਿਤੇ। ਇਸ ਦੂਜੇ ਭਾਵ ਦੀ ਕੱਚੀ ਬਾਣੀ ਨੂੰ ਲਿਖਣ ਪੜ੍ਹਨ ਕਰਕੇ ਕਿਸੇ ਨੂੰ ਸੱਚਾ ਸੁਖ ਪ੍ਰਾਪਤ ਨਹੀਂ ਹੋਇਆ। ਉਹ ਕੂੜ ਹੀ ਲਿਖਦੇ ਹਨ ਤੇ ਨਿਰਾ ਕੂੜ ਹੀ ਕਮਾਵੰਦੇ ਹਨ। ਐਸੇ ਕੂੜ ਲਿਖਣ ਕਮਾਵਣਹਾਰਿਆਂ ਪ੍ਰਥਾਇ ਸਤਿਗੁਰੂ ਨੇ ਇਹ ਫ਼ਤਵਾ ਦਿਤਾ ਹੈ ਕਿ ਇਸ ਬਿਧਿ ਕੂੜ ਵਿਖੇ ਚਿਤ ਲਾਉਣਹਾਰਿਆਂ ਦਾ ਜਲ ਸੜ ਜਾਣਾ ਹੀ ਬੇਹਤਰ ਹੈ। ਜੋ ਗੁਰੂ ਦੇ ਭਰੋਸੇ ਵਾਲੇ ਅਨਿੰਨ ਗੁਰਸਿਖ ਗੁਰਮੁਖਿ ਜਨ ਹਨ, ਉਹ ਜਦ ਲਿਖਦੇ ਹਨ ਤਾਂ ਸੱਚੀ ਬਾਣੀ ਨੂੰ ਹੀ ਲਿਖਦੇ ਹਨ, ਸੱਚੀ ਬਾਣੀ ਦੀ ਹੀ ਵੀਚਾਰ-ਵਿਆਖਿਆ ਕਰਦੇ ਹਨ। ਤਿਨ੍ਹਾਂ ਦਾ ਐਸਾ ਕਰਨਾ ਸਦਾ ਲੇਖੇ ਪੈਂਦਾ ਹੈ। ਪ੍ਰੰਤੂ ਜੋ ਪੁਰਸ਼ ਗੁਰਬਾਣੀ ਨੂੰ ਭੀ ਲਿਖ ਲਿਖ ਕੇ ਬੇਚਦੇ ਹਨ, ਤਿਨ੍ਹਾਂ ਦਾ ਇਸ ਬਿਧਿ ਸੱਚੀ ਬਾਣੀ ਨੂੰ ਲਿਖਣਾ ਭੀ ਧ੍ਰਿਗਾਕਾਰ ਦਾ ਅਵੇੜਾ ਅਧਿਕਾਰੀ ਬਣਾਉਂਦਾ ਹੈ। ਯਥਾ—"ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ।"* ਸੇ ਜਨ ਸਦਾ ਹੀ ਸਚੇ ਹਨ ਜੋ ਹਿਤੋਂ ਚਿਤੋਂ ਕੇਵਲ ਪਰਉਪਕਾਰ ਨਮਿਤ ਸੱਚੀ ਬਾਣੀ ਨੂੰ

*...੧॥੨੦॥ [ਵਾਰ ਸਾਰੰਗ, ਸਲੋਕ ਮ: ੧, ਪੰਨਾ ੧੨੪੫


www.sikhbookclub.com

ਲਿਖਦੇ ਪੜ੍ਹਦੇ ਵੀਚਾਰਦੇ ਹਨ। ਮੋਖ ਦੁਆਰ ਪਦ ਦੀ ਪ੍ਰਾਪਤੀ ਦੇ ਸੱਚੇ ਅਧਿਕਾਰੀ ਸੋਈ ਜਨ ਹਨ। ਜਿਸ ਕਾਗਦ ਨੂੰ ਉਹ ਗੁਰਬਾਣੀ ਲਿਖਣ ਹਿਤ ਵਰਤਦੇ ਹਨ ਓਹ ਕਾਗਦ ਭੀ ਧੰਨ ਹੈ ਤੇ ਸਚ ਸਰੂਪਾ ਹੈ। ਓਹ ਕਲਮ ਦਵਾਤ ਭੀ ਧੰਨ ਹਨ ਅਤੇ ਸਚ ਸਰੂਪਾ ਹੈਨ ਜਿਸ ਦੁਆਰਾ ਉਹ ਸਚੀ ਬਾਣੀ ਨੂੰ ਲਿਖਦੇ ਹਨ। ਤਾਂ ਤੇ ਗੁਰਮਤਿ ਅਨੁਸਾਰ ਗੁਰਮਤਿ ਵਿਦਿਆ ਤੋਂ ਛੁਟ ਹੋਰ ਵਿਦਿਆ, ਖ਼ਾਸ ਕਰ ਆਨਮਤ ਵਿਦਿਆ, ਨਿਰੀ ਹੀ ਅਵਿਦਿਆ ਹੈ, ਜਿਸ ਦੇ ਪੜ੍ਹਨ ਸੁਣਨ ਲਿਖਣ ਦੁਆਰਾ ਨਿਰਾ ਕਚ-ਪਿੱਚਾਪਣ ਹੀ ਹੱਥ ਆਉਂਦਾ ਹੈ, ਅਵਿਦਿਆ ਭਰੀਆਂ ਕਚੀਆਂ ਬਾਣੀਆਂ ਜੁ ਹੋਈਆਂ। ਓਹ ਅਵਿਦਿਆ ਭਰੀਆਂ ਕਚੀਆਂ ਬਾਣੀਆਂ ਵਿਚ ਪੈ ਕੇ ਗੁਰਮਤਿ ਨਾਮ ਨੂੰ ਉੱਕਾ ਹੀ ਭੁਲਾ ਬੈਠਦੇ ਹਨ, ਕਿਤੇ ਥਾਉਂ ਠਿਕਾਣਾ ਨਹੀਂ ਮਿਲਦਾ, ਓਹ ਐਉਂ ਭਰਮਦੇ ਭਟਕਦੇ ਫਿਰਦੇ ਹਨ, ਜਿਵੇਂ ਸੁੰਞੇ ਘਰ ਵਿਖੇ ਕਾਉਂ ਕਊਏ ਲੋਂਦੇ ਫਿਰਦੇ ਹਨ। ਯਥਾ ਗੁਰਵਾਕ :

ਸਬਦੁ ਵਿਸਾਰਹਿ ਤਿਨਾ ਠਉਰੁ ਨ ਠਾਉ ॥
ਭ੍ਰਮਿ ਭੂਲੇ ਜਿਉ ਸੁੰਞੈ ਘਰਿ ਕਾਉ ॥੫॥੧੩॥

[ਮਾਝ ਮ: ੩, ਪੰਨਾ ੧੨੩

ਤਿਨ੍ਹਾਂ ਸਚੇ ਸ਼ਬਦ ਗੁਰਮਤਿ ਨਾਮ ਨੂੰ ਵਿਸਾਰਨਹਾਰਿਆਂ ਨੇ ਆਪਣੇ ਲੋਕ ਪਰਲੋਕ (ਹਲਤ ਪਲਤ) ਦੋਨੋਂ ਹੀ ਗੰਵਾ ਲਏ ਹਨ। ਓਹਨਾਂ ਦੇ ਨਸੀਬਾਂ ਵਿਚ ਨਿਰਾ ਦੁਖ ਹੀ ਦੁਖ ਸਹੇੜਿਆ ਰਹਿੰਦਾ ਹੈ। ਯਥਾ ਗੁਰਵਾਕ :

ਹਲਤੁ ਪਲਤੁ ਤਿਨੀ ਦੋਵੈ ਗਵਾਏ ਦੂਖੇ ਦੂਖਿ ਵਿਹਾਵਣਿਆ ॥੫॥੨੩॥

[ਮਾਝ ਮ: ੩, ਪੰਨਾ ੧੨੩

ਨਿਰੀ ਕੂੜਾਵੀ ਆਨਮਤ ਵਿਦਿਆ ਵਿਹਾਝਣਹਾਰਿਆਂ ਪ੍ਰਥਾਇ ਅਗਲੇਰਾ ਗੁਰਵਾਕ ਭੀ ਖ਼ੂਬ ਘਟਦਾ ਹੈ। ਯਥਾ :

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥ ਦੂਜੈ ਭਾਇ ਬਿਰਥਾ ਜਨਮੁ ਗਵਾਏ ॥
ਆਪਿ ਡੁਬੇ ਸਗਲੇ ਕੁਲ ਡੋਬੇ ਕੂੜੁ ਬੋਲਿ ਬਿਖੁ ਖਾਵਣਿਆ ॥੬॥੨੩॥੨੪॥

[ਮਾਝ ਮ: ੩, ਪੰਨਾ ੧੨੩

# ੨੧. ਗੁਰਮਤਿ ਨਾਮ ਦੇ ਚਮਤਕਾਰ

ਇਸੁ ਤਨ ਮਹਿ ਮਨੁ ਕੋ ਗੁਰਮੁਖਿ ਦੇਖੈ ॥ ਭਾਇ ਭਗਤਿ ਜਾ ਹਉਮੈ ਸੋਖੈ ॥
ਸਿਧ ਸਾਧਿਕ ਮੋਨਿਧਾਰੀ ਰਹੇ ਲਿਵ ਲਾਇ ਤਿਨ ਭੀ ਤਨ ਮਹਿ ਮਨੁ ਨ ਦਿਖਾਵਣਿਆ॥
੭॥੨੪॥ [ਮਾਝ ਮ: ੩, ਪੰਨਾ ੧੨੪

ਗੁਰਮਤਿ ਤੋਂ ਘੁਖੇ ਹੋਏ ਸਿਧ ਸਾਧਿਕ ਮੋਨਧਾਰੀ ਆਦਿਕ ਆਨਮਤੀ ਲੋਕ

ਆਪਣੀਆਂ ਮਨ-ਉਕਤ ਸਮਾਧੀਆਂ ਬਥੇਰੀਆਂ ਲਾਇ ਥਕੇ, ਪਰ ਸਭ ਬਿਰਥੀਆਂ ਹੀ ਗਈਆਂ, ਕਿਉਂਕਿ ਮਨ ਤਾਂ ਤਿਨ੍ਹਾਂ ਦੇ ਵਸ ਹੀ ਨਹੀਂ ਆਇਆ। ਤਿਨ੍ਹਾਂ ਦੀਆਂ ਮਨ ਦੀਆਂ ਮਤੀਆਂ ਸਦਾ ਹੀ ਖਿੰਡੀਆਂ ਰਹਿੰਦੀਆਂ ਹਨ, ਉਥੇ ਸਮਾਧੀਆਂ ਕਿਥੇ ? ਲੋਕ-ਵਿਖਾਵੇ ਦੀਆਂ ਪਖੰਡ-ਉਪਾਧੀਆਂ ਹੀ ਹੁੰਦੀਆਂ ਹਨ । ਆਨਮਤੀ ਲੋਕ ਏਤਨੇ ਮਾਦਾ-ਪ੍ਰਸਤ, ਮਾਇਆਧਾਰੀ ਹੋ ਰਹੇ ਹਨ ਕਿ ਓਹ ਨਿਸ ਦਿਨ ਸਰੀਰਕ ਰਸਾਂ ਕਸਾਂ ਵਿਚ ਹੀ ਖੱਚਤ ਰਹਿੰਦੇ ਹਨ। ਇਸ ਖੱਚਤਪੁਣੇ ਤੋਂ ਰਹਿਤ ਕੋਈ ਕੋਈ ਵਿਰਲਾ ਟਾਵਾਂ ਟਾਵਾਂ ਹੀ ਗੁਰੂ ਦੇ ਪਾਸੇ ਲੱਗਾ ਹੋਇਆ ਗੁਰਮੁਖਿ ਸਜਣ ਹੈ, ਜੋ ਇਸ ਪ੍ਰੇਸ਼ਾਨੀ ਵਾਲੀ ਜ਼ਿੰਦਗੀ ਵਿਚ ਆਤਮ-ਖੇਡ ਵਲ ਭੀ ਝਾਤ ਪਾਉਂਦਾ ਹੈ ਅਤੇ ਪ੍ਰੇਮਾ ਭਗਤੀ ਕਰਕੇ ਆਪਣੀ ਹਉਮੈ ਨੂੰ ਸੁਕਾਉਂਦਾ ਮੁਕਾਉਂਦਾ ਹੈ। ਆਮ ਲੋਕਾਂ ਦਾ ਤਾਂ ਕੀ ਆਖਣਾ ਹੈ, ਵਡੇ ਵਡੇ ਧਾਰਮਿਕ ਕਰਮਚਾਰੀ ਭੀ ਧਿਆਨ ਲਾ ਲਾ ਕੇ ਹੁਟ ਚੁਕੇ, ਪਰ ਓਹਨਾਂ ਨੂੰ ਸਰੀਰ ਵਿਚ ਆਤਮਾ ਨਾ ਦਿਸ ਸਕਿਆ, ਓਹਨਾਂ ਦੀ ਨਜ਼ਰ ਭੀ ਕਿਸੇ ਨਾ ਕਿਸੇ ਸ਼ਕਲ ਵਿਚ ਸਰੀਰਕ ਰਸਾਂ ਤੇ ਰੁਝੇਵਿਆਂ ਤਕ ਹੀ ਮਹਿਦੂਦ ਰਹੀ; ਏਹਨਾਂ ਸਰੀਰਕ ਵਿਸ਼ਿਆਂ ਤੋਂ ਉਚੇ ਉਠ ਕੇ ਆਤਮਕ ਅਵਸਥਾ ਦੀ ਬਰੀਕੀ ਤਕ ਨਾ ਅਪੜ ਸਕੇ। ਪਰ—

ਸਨਕਾਦਿਕ ਨਾਰਦ ਮੁਨਿ ਸੇਖਾ ॥ ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥
੩॥੩੬॥ [ਗਉ:ਗੁਆ: ਕਬੀਰ ਜੀ, ਪੰਨਾ ੩੩੦

ਮਨ ਦਾ ਭਾਵ ਏਥੇ ਆਤਮਾ ਦਾ ਹੈ।

ਤਾਂ ਤੇ ਇਸ ਤਨ ਵਿਖੇ ਆਤਮ-ਝਲਕਾਰਾ ਕੋਈ ਕੋਈ ਵਿਰਲਾ ਨਾਮ-ਅਭਿਆਸੀ ਗੁਰਮੁਖਿ ਜਨ ਹੀ ਵੇਖਦਾ ਹੈ। ਆਤਮਕ ਭਾਉ-ਭਗਤੀ ਵਾਲੇ ਭਗਤ ਜਨ ਕੇਵਲ ਸੋਈ ਹਨ, ਜੋ ਹਉਮੈ ਨੂੰ ਮਾਰ ਮੁਕਾਉਂਦੇ ਹਨ, ਸੂਖਮ ਤੋਂ ਸੂਖਮ ਹਉਮੈ ਨੂੰ ਭੀ ਨੇੜੇ ਨਹੀਂ ਢੁਕਣ ਦਿੰਦੇ। ਗੁਰਮਤਿ ਵਿਦਿਆ ਤੋਂ ਪ੍ਰਾਪਤ ਹੋਇਆ ਸੱਚਾ ਚਾਨਣ ਅਤੇ ਆਨਮਤ ਵਿਦਿਆ ਕਰਕੇ ਸਹੇੜਿਆ ਹੋਇਆ ਘੁੱਪ ਅੰਧੇਰਾ ਅਤੇ ਉਸ ਚਾਨਣ ਹਨੇਰੇ ਤੋਂ ਵਖੋ ਵਖ ਪ੍ਰਾਪਤ ਹੋਈ ਅਵਸਥਾ ਦੀ ਵਿਸਥਾਰ ਵਿਆਖਿਆ ਅਗਲੇਰੇ ਗੁਰਵਾਕ ਦੀਆਂ ਪੰਗਤੀਆਂ ਵਿਚ ਖ਼ੂਬ ਨਿਖਾਰ ਕੇ ਦਰਸਾਈ ਗਈ ਹੈ। ਏਹ ਕੇਵਲ ਗੁਰਮਤਿ ਗਿਆਨ ਅਵਸਥਾ ਹੀ ਹੈ, ਜਿਸ ਦੁਆਰਾ ਤਿਮਰ ਅਗਿਆਨ ਦਾ ਅੰਧੇਰਾ ਬਿਨਾਸ ਹੁੰਦਾ ਹੈ ਅਤੇ ਅੰਤਰਿ ਆਤਮੇ ਚਾਨਣਾ ਹੀ ਚਾਨਣਾ ਬਿਸੁਗੁਫਤ ਹੋ ਕੇ (ਖੇੜੇ ਵਿਚ ਆ ਕੇ) ਅਗਿਆਨ ਅੰਧੇਰਾ ਗੰਵਾਇਆ ਜਾਂਦਾ ਹੈ। ਗੁਰਮਤਿ ਆਤਮ-ਅਵਸਥਾ ਨੂੰ ਗੁਰਮਤਿ ਨਾਮ ਅਭਿਆਸ ਦੁਆਰਾ ਹੀ ਇਹ ਪਦਵੀ ਪ੍ਰਾਪਤ ਹੁੰਦੀ ਹੈ ਕਿ ਅਭਿਆਸੀ ਜਨ ਦੀ ਆਤਮ-ਜੋਤਿ ਜੋਤੀ ਸਰੂਪ ਵਿਖੇ ਜਾਇ ਘੁਲ ਮਿਲ ਘਿਚ ਹੁੰਦੀ ਹੈ। ਇਸ ਅਵਸਥਾ ਤੇ ਅਪੜ ਕੇ ਮਨ ਦੀ ਸੱਚੀ ਸੂਝ ਬੂਝ ਆਉਂਦੀ ਹੈ। ਸੱਚੀ ਗੁਰਮਤਿ ਸੂਝ ਬੂਝ ਪਾ ਕੇ ਹੀ ਵਾਹਿਗੁਰੂ ਦੇ ਦਰਬਾਰ ਵਿਚ

ਸਚੀ ਸੋਭਾ ਦਾ ਪਾਤਰ ਬਣੀਦਾ ਹੈ। ਗੁਰਮਤਿ ਦੀ ਅਤਿ ਉੱਚ ਵਿਲੱਖਣਤਾ ਇਹ ਹੈ ਕਿ ਵਾਹਿਗੁਰੂ ਦੇ ਜੋਤਿ ਸਰੂਪੀ ਪ੍ਰਕਾਸ਼ ਨੂੰ ਸਰੀਰ ਦੇ ਅੰਦਰ ਹੀ ਪ੍ਰਕਾਸ਼ਤ ਹੋਇਆ ਪਰਤੱਖ ਪੇਖਿਆ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਦਾ ਇਹ ਅਨੋਖਾ ਚਮਤਕਾਰ ਹੈ ਅਤੇ ਸਰੀਰ ਦੇ ਅੰਦਰ ਹੀ ਪਰਤੱਖ ਵਾਹਿਗੁਰੂ ਦੇ ਦਰਸ਼ਨ ਦੇਖਣ ਦਾ ਇਹ ਅਨੂਪਮ ਦਰਸਾਰਾ ਹੈ। ਗੁਰਮਤਿ ਤੋਂ ਛੁਟ ਹੋਰ ਸਾਰੇ ਅਨਮਤ ਮਤਾਂ ਅੰਦਰ ਐਉਂ ਭੁਲੇਖਾ ਪਾਇਆ ਗਇਆ ਹੈ ਕਿ ਬਾਹਰ ਤੋਂ ਆ ਕੇ ਹੀ ਰੱਬ ਮਿਲਦਾ ਹੈ। ਜੋ ਸਰੀਰੋਂ ਬਾਹਰ ਆ ਕੇ ਮਿਲੇਗਾ, ਉਹ ਸਰੂਪ ਸਰਗੁਣ ਰੂਪ ਵਿਚ ਹੀ ਗੁਮਰਾਹੇ ਗਏ ਆਨਮਤਾਂ ਨੇ ਪ੍ਰਗਟਾਇਆ ਹੈ। ਅੰਤਰਗਤਿ (ਆਤਮ ਰਿਦ ਅੰਤਰਿ ਹੀ) ਨਿਰਗੁਣ ਜੋਤਿ ਸਰੂਪੇ ਦਰਸ਼ਨ ਦੀ ਪ੍ਰਾਪਤੀ ਕੇਵਲ ਗੁਰਮਤਿ ਹੀ ਕਰਾਉਂਦੀ ਹੈ। ਆਨਮਤ ਦੀਆਂ ਦਰਸਾਈਆਂ ਹੋਈਆਂ ਸਰਗੁਣ ਸਰੂਪ ਦੀਆਂ ਪ੍ਰਾਪਤੀਆਂ ਭੀ ਸਭ ਅਨੁਮਾਨਕ ਪ੍ਰਾਪਤੀਆਂ ਹੀ ਹਨ। ਵਾਸਤਵ ਪ੍ਰਾਪਤੀ ਦਾ ਉਥੇ ਨਮੂਦ ਮਾਤਰ ਭੀ ਨਹੀਂ। ਸਰੀਰ ਤੋਂ ਬਾਹਰਵਾਰ ਭਾਲਣਹਾਰਿਆਂ ਦੇ ਪੱਲੇ ਕੁਛ ਨਹੀਂ ਪੈਂਦਾ। ਐਸੇ ਭਾਲਣਹਾਰੇ ਵਿਚਾਰੇ ਨਿਰੇ ਵਿਗਾਰੀਆਂ ਵਾਲੀ ਹੀ ਵਿਗਾਰੀ ਦੁਖ ਉਠਾਉਂਦੇ ਹਨ, ਕਿਉਂਕਿ ਬਾਹਰਵਾਰੋਂ ਨਾ ਹੀ ਉਹ ਨਾਮ ਦੀ ਲਖਤਾ ਕਰ ਸਕਦੇ ਹਨ, ਨਾ ਹੀ ਨਾਮ ਦੀ ਪ੍ਰਾਪਤੀ ਓਹਨਾਂ ਨੂੰ ਹੋ ਸਕਦੀ ਹੈ। ਤਾਂ ਤੇ ਓਹ ਸਾਰੀ ਅਵਰਦਾ ਬੇਮੁਝ ਮਨਮੁਖ ਅੰਧਲੇ ਹੀ ਰਹਿੰਦੇ ਹਨ।

ਇਹ ਨਾਮ ਅਮੋਲਕ ਹੀ ਹੈ ਜੋ ਨਾਮੀ ਦੀ ਪ੍ਰਾਪਤੀ ਕਰਵਾ ਸਕਦਾ ਹੈ ਤੇ ਗੁਰਪ੍ਰਸਾਦੀ ਹੀ ਕਰਵਾ ਸਕਦਾ ਹੈ, ਭਾਵ, ਗੁਰਮਤਿ ਦੁਆਰਾ ਹੀ ਗੁਰਮਤਿ ਨਾਮ ਪ੍ਰਾਪਤ ਹੁੰਦਾ ਹੈ। ਨਾਮ ਪ੍ਰਾਪਤ ਕੀਤਿਆਂ ਹੀ ਹਉਮੈ ਦੀ ਨਵਿਰਤੀ ਹੁੰਦੀ ਹੈ। ਹਉਮੈ ਦੀ ਨਵਿਰਤੀ ਬਿਨਾਂ ਬੱਜਰ ਕਪਾਟ ਖੁਲ੍ਹਦੇ ਹੀ ਨਹੀਂ। ਗੁਰਮਤਿ ਅੰਦਰ (ਗੁਰੂ ਘਰ ਵਿਖੇ) ਇਹ ਵਿਲੱਖਣਤਾ-ਮਈ ਵਾਧਾ ਹੈ ਜੋ ਸ੍ਰੀ ਗੁਰੂ ਦਸਮੇਸ਼ ਸਮੇਂ ਤੋਂ ਹੀ ਚਲਿਆ ਆਉਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਗੁਰੂ ਸਰੂਪ ਨਾਮ ਅਭਿਆਸੀ ਪੰਜਾਂ ਪਿਆਰਿਆਂ ਦੁਆਰਾ ਹੀ ਸੱਚਾ ਗੁਰ-ਦੀਖਿਆ-ਮਈ ਸ਼ਬਦ ਮਿਲਦਾ ਹੈ। ਇਹ ਸ਼ਬਦ ਉਪਦੇਸ਼ ਕੀ ਹੁੰਦਾ ਹੈ, ਗੁਰ-ਦੀਖਿਆ ਕੀ ਹੁੰਦੀ ਹੈ— ਨਿਰੀ ਨਾਮ ਅਭਿਆਸ ਦੀ ਥੱਰਰਾਟ ਅੰਤਰ ਆਤਮੇ ਚਲ ਪੈਂਦੀ ਹੈ। ਇਸ ਗੁਰ-ਸ਼ਬਦ-ਦੀਖਿਆ ਮਿਲੇ ਬਿਨਾਂ ਨਾਮ ਅਭਿਆਸ ਦੀ ਨਿਰਗੁਣੀ ਥੱਰਰਾਟ ਅੰਤਰ-ਆਤਮੇ ਉਪਜਦੀ ਹੀ ਨਹੀਂ, ਨਾਮ ਅਭਿਆਸ ਦਾ ਤੋਰਾ ਤੁਰਦਾ ਹੀ ਨਹੀਂ। ਜਿਨ੍ਹਾਂ 'ਤੇ ਗੁਰੂ ਦੀ ਖ਼ਾਸ ਕਿਰਪਾ ਕਟਾਖਸ਼ ਹੁੰਦੀ ਹੈ, ਤਿਨ੍ਹਾਂ ਦੇ ਅੰਦਰ ਹੀ ਉਪਰ ਦੱਸੀ ਬਿਉਂਤ ਅਨੁਸਾਰ ਨਾਮ ਵਸਦਾ ਧਸਦਾ ਤੇ ਰਸਦਾ ਹੈ। ਉਪਰ ਦੱਸੀ ਸਾਰੀ ਅਵਸਥਾ ਅਗੇ ਲਿਖੇ ਗੁਰਵਾਕ ਦੇ ਭਾਵ ਵਿਚ ਖ਼ੂਬ ਨਿਰੂਪਨ ਅਤੇ ਵਿਆਖਤ ਹੁੰਦੀ ਹੈ :

ਹਉਮੈ ਮਾਰਿ ਬਜਰ ਕਪਾਟ ਖੁਲਾਇਆ ॥ ਨਾਮੁ ਅਮੋਲਕੁ ਗੁਰ ਪਰਸਾਦੀ ਪਾਇਆ ॥

ਬਿਨੁ ਸਬਦੈ ਨਾਮੁ ਨ ਪਾਏ ਕੋਈ ਗੁਰ ਕਿਰਪਾ ਮੰਨਿ ਵਸਾਵਣਿਆ ॥੨॥
ਗੁਰ ਗਿਆਨੁ ਅੰਜਨੁ ਸਚੁ ਨੇਤ੍ਰੀ ਪਾਇਆ ॥
ਅੰਤਰਿ ਚਾਨਣੁ ਅਗਿਆਨੁ ਅੰਧੇਰੁ ਗਵਾਇਆ ॥
ਜੋਤੀ ਜੋਤਿ ਮਿਲੀ ਮਨੁ ਮਾਨਿਆ ਹਰਿ ਦਰਿ ਸੋਭਾ ਪਾਵਣਿਆ ॥੩॥
ਸਰੀਰਹੁ ਭਾਲਣਿ ਕੋ ਬਾਹਰਿ ਜਾਏ ॥ ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖੁ ਪਾਏ ॥
ਮਨਮੁਖ ਅੰਧੇ ਸੂਝੈ ਨਾਹੀ ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥
੪॥੨੫॥ [ਮਾਝ ਮ: ੩, ਪੰਨਾ ੧੨੪

ਅਨਮਤਾਂ ਵਾਲੇ ਸਾਰੇ ਮਤਾਂ ਵਿਚ ਫਿਰ ਫਿਰ ਕੇ, ਘੁੰਮ ਘੁੰਮ ਕੇ, ਹੰਢ ਹੰਢ ਕੇ, ਮੁੜ ਗੁਰਮਤਿ ਮਤ, ਭਾਵ, ਗੁਰੂ ਘਰ ਵਿਖੇ ਆਇਆਂ ਹੀ ਸੱਚੇ ਵਖਰ ਨਾਮ ਅਮੋਲਕ ਦੀ ਸੱਚੀ ਪ੍ਰਾਪਤੀ ਹੁੰਦੀ ਹੈ, ਐਵੇਂ ਕਦਾਚਿਤ ਨਹੀਂ ਹੋ ਸਕਦੀ; ਕਿਉਂਕਿ ਗੁਰੂ ਬਾਝੋਂ ਘੋਰ ਅੰਧਾਰ ਹੀ ਰਹਿੰਦਾ ਹੈ। ਗੁਰਮਤਿ ਗੁਰੂ ਘਰ ਤੋਂ ਘੁਥੇ ਹੋਏ ਆਨਮਤੀ ਲੋਕ ਜਮਕਾਲ ਦੇ ਗ੍ਰਸੇ ਹੋਏ ਹੀ ਚੁਰਾਸੀਹ ਦੇ ਗੇੜ ਵਿਚ ਘੁੰਮਦੇ ਰਹਿੰਦੇ ਹਨ ਤੇ ਫੋਕੀ ਕੂਕ ਪੁਕਾਰ ਕਰਦੇ ਹਨ, ਪਰ ਉਹਨਾਂ ਦੀ ਸੁਣਦਾ ਕੋਈ ਨਹੀਂ। ਹਰ ਦਮ ਜਨਮ ਮਰਨ ਦੇ ਰੋਗ ਭਰੇ ਗੇੜ ਵਿਚ ਹੀ ਰੋਗੀ ਹੋ ਕੇ ਪਏ ਏਹ ਸੱਟਾਂ ਖਾਂਦੇ ਹਨ। ਗੰਦਗੀ ਬਿਸ਼ਟਾ ਦੇ ਕੀੜਿਆਂ ਵਾਂਗੂ ਉਹਨਾਂ ਦਾ ਸਦਾ ਬਿਸ਼ਟਾ (ਗੰਦਗੀ) ਵਿਚ ਹੀ ਨਿਵਾਸ ਰਹਿੰਦਾ ਹੈ। ਏਸੇ ਪ੍ਰਕਾਰ ਬਿਸ਼ਟਾ ਵਿਖੇ ਫਾਥੇ ਹੋਏ ਹੀ ਦੁਖ ਪਾਉਂਦੇ ਰਹਿੰਦੇ ਹਨ। ਯਥਾ ਗੁਰਵਾਕ—

ਬਾਝੁ ਗੁਰੂ ਹੈ ਅੰਧ ਅੰਧਾਰਾ ॥ ਜਮਕਾਲਿ ਗਰਠੇ ਕਰਹਿ ਪੁਕਾਰਾ ॥
ਅਨਦਿਨੁ ਰੋਗੀ ਬਿਸਟਾ ਕੇ ਕੀੜੇ ਬਿਸਟਾ ਮਹਿ ਦੁਖੁ ਪਾਵਣਿਆ ॥੭॥੨੫॥
[ਮਾਝ ਮ: ੩, ਪੰਨਾ ੧੨੫

# ੨੨. ਆਨਮਤੀ ਸਾਧੂ ਰਿਸ਼ੀ ਤੇ ਗੁਰਸਿਖ ਜੋਗੀ

ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖ ਪਾਵਹਿ ॥
ਬਿਖਿਆ ਮਾਤੇ ਕਿਛੁ ਸੁਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥
ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥
ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ਰਹਾਉ॥
ਵੇਦ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥
ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ...੨॥...
ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥
ਮੋਹ ਬਿਆਪੇ ਕਿਛੁ ਸੂਝੈ ਨਾਹੀ ॥ ਗੁਰ ਸਬਦੀ ਹਰਿ ਪਾਵਣਿਆ ॥੬॥

 www.sikhbookclub.com

ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥
ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ॥ ਬਿਨੁ ਬੂਝੇ ਦੁਖੁ ਪਾਵਣਿਆ ॥੭॥੩੧॥
[ਮਾਝ ਮ: ੩, ਪੰਨਾ ੧੨੮

ਗੁਰਮਤਿ ਤੋਂ ਹੀਣੇ ਮਨਮੁਖ ਲੋਗ ਆਨਮਤ-ਪੜ੍ਹਾਈਆਂ ਪੜ੍ਹਿ-ਪੜ੍ਹਿ ਪੰਡਿਤ ਕਹਾਉਂਦੇ ਹਨ, ਪ੍ਰੰਤੂ ਓਹ ਦੂਜੇ ਭਾਇ ਦੀ ਵਿਦਿਆ (ਨਿਰੀ ਅਵਿਦਿਆ) ਦੇ ਗ੍ਰਸੇ ਹੋਏ ਨਿਰਾ ਦੁਖ ਹੀ ਦੁਖ ਪਾਉਂਦੇ ਹਨ, ਮਾਇਆ ਰੂਪੀ ਬਿਖਿਆ ਵਿਚ ਏਹ ਲੱਥ ਪੱਥ ਹੋਏ ਰਹਿੰਦੇ ਹਨ। ਏਹਨਾਂ ਬਿਖ-ਮਾਇਆ-ਮੱਤਿਆਂ ਨੂੰ ਮਨਮਤਿ ਤੋਂ ਪਰੇ ਸੁਝਦਾ ਹੀ ਕੁਛ ਨਹੀਂ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਚੁਰਾਸੀ ਦੇ ਗੇੜ ਵਿਚ ਪੈ ਕੇ ਮੁੜ ਘਿੜ ਜੂਨੀਆਂ ਵਿਚ ਹੀ ਆਉਂਦੇ ਜਾਂਦੇ ਹਨ। ਜੇਹੜੇ ਅਨਮਤੀ ਲੋਕ ਗੁਰਮਤਿ ਤੋਂ ਘੁਥੇ ਹੋਏ ਟੱਕਰਾਂ ਮਾਰ ਮਾਰ ਵੇਦ ਆਦਿਕ ਪੜ੍ਹਦੇ ਹਨ, ਅਨਮਤੀ ਘੋਖ ਵਿਦਿਆ ਪੜ੍ਹਿ ਪੜ੍ਹਿ ਵੇਦ-ਪਾਠੀ ਬਣਦੇ ਹਨ, ਓਹ ਹਰ ਦਮ ਕੁ-ਰਸਾਂ ਵਿਚ ਹੀ ਗ੍ਰਸੇ ਰਹਿੰਦੇ ਹਨ। ਉਹ ਰਸ ਓਹਨਾਂ ਨੂੰ ਆਉਂਦਾ ਹੀ ਨਹੀਂ। ਬੇਦ-ਪੜ੍ਹਾਕੂ ਬਾਦ-ਬਿਬਾਦ ਦੇ ਝਗੜਿਆਂ ਵਿਚ ਹੀ ਝਗੜ-ਝਗੜ ਕੇ ਮੋਹ ਮਾਇਆ ਦੇ ਮੁਠੇ ਹੋਏ ਆਪਣਾ ਜਨਮ ਗੰਵਾ ਲੈਂਦੇ ਹਨ। ਏਹਨਾਂ ਆਨਮਤ ਵਿਦਿਆ-ਭਰਪੂਰੀ-ਵੇਦਾਂ ਵਿਚ ਬਾਦ-ਬਿਬਾਦ ਦੇ ਝਗੜਿਆਂ ਬਿਨਾਂ ਹੋਰ ਕੁਝ ਮਿਲਦਾ ਹੀ ਨਹੀਂ, ਅਗਿਆਨ ਮਤਿ ਦੇ ਅੰਧਾਰੇ ਭੁੱਸ ਭੁਸਾਰੇ ਹੀ ਭਰੇ ਪਏ ਹਨ। ਅਗਿਆਨ ਮਤਿ ਕਰਕੇ ਏਹਨਾਂ ਵੇਦ-ਮਤੀਸ਼ਰਾਂ ਦੇ ਅੰਦਰ ਅੰਧਿਆਰਾ ਹੀ ਭਰਿਆ ਰਹਿੰਦਾ ਹੈ। ਗੁਰਮਤਿ ਦੀ ਓਹਨਾਂ ਨੂੰ ਸੂਝ ਬੂਝ ਹੀ ਨਹੀਂ ਹੁੰਦੀ। ਏਹ ਨਾਮ ਅਭਿਆਸੀ ਸਿਫਤਿ-ਸਾਲਾਹ ਦੇ ਸਾਸ ਗਿਰਾਸੀ ਸਾਰ-ਗਿਰਾਹੀ ਗੁਰਮੁਖਿ ਜਨ ਹੀ ਹਨ, ਜਿਨ੍ਹਾਂ ਨੂੰ ਗੁਰਮਤਿ ਸੱਚੀ ਸੂਝ ਬੂਝ ਆਉਂਦੀ ਹੈ। ਬੇਦਾਂ ਸਿਮਰਤੀਆਂ ਸ਼ਾਸਤ੍ਰਾਂ ਅੰਦਰ ਕੇਵਲ ਤ੍ਰੈਗੁਣੀ ਵਿਦਿਆ ਦਾ ਹੀ ਭੁਸ ਭਰਿਆ ਪਿਆ ਹੈ, ਤ੍ਰੈਗੁਣਾਂ ਦੀ ਵਿਦਿਆ ਪੜ੍ਹਨਹਾਰਿਆਂ ਨੂੰ ਗੁਰਮਤਿ ਤੱਤ ਦੀ ਸਾਰ ਹੀ ਕੀ ? ਗੁਰਮਤਿ ਨਾਮ ਅਭਿਆਸ ਮਈ ਤੱਤ ਵੀਚਾਰ ਨੂੰ ਧਾਰਦੇ ਹੀ ਨਹੀਂ, ਜਾਣਦੇ ਹੀ ਨਹੀਂ ਕਿ ਗੁਰਮਤਿ ਤੱਤ (ਨਾਮ ਅਭਿਆਸ) ਕਿਸ ਵਸਤੂ ਦਾ ਨਾਮ ਹੈ। ਏਹ ਆਨਮਤੀ ਲੋਗ ਆਨਮਤ ਅਵਿਦਿਆ ਦੇ ਅਭਿਮਾਨ ਕਰਕੇ ਮੁਢੋਂ ਹੀ ਘੁਥੇ ਹੋਏ ਹਨ। ਮੁਢੋਂ ਘੁਥੇ ਹੋਏ, ਮੂਲੋਂ ਹੀ ਭੁਲੇ ਹੋਏ ਹੋਣ ਕਰਕੇ ਗੁਰ-ਸ਼ਬਦ ਗੁਰਮਤਿ ਨਾਮ ਨੂੰ ਪਛਾਣਦੇ ਹੀ ਨਹੀਂ। ਨਿਸ ਦਿਨ ਮੋਹ ਮਾਇਆ ਮਈ ਅਵਿਦਿਆ ਵਿਚ ਖਚਤ ਰਹਿਣ ਕਰਕੇ ਏਹਨਾਂ ਨੂੰ ਗੁਰਮਤਿ, ਗੁਰੂ ਘਰ ਦੀ ਸੂਝ ਬੂਝ ਆਉਂਦੀ ਹੀ ਨਹੀਂ। ਡੀਂਗਾਂ ਬੜੀਆਂ ਬੜੀਆਂ ਮਾਰਦੇ ਹਨ ਪ੍ਰਮਾਰਥ ਦੇ ਪਾਸੇ ਦੀਆਂ। ਕੂੜਾਵੀ, ਅਵਿਦਿਆ ਮਈ ਗਿਆਨ (ਅਗਿਆਨ) ਹੀ ਘੋਟਦੇ ਰਹਿੰਦੇ ਹਨ ਤੇ ਇਸ ਬਿਧਿ ਅਲਾਉਂਦੇ ਹਨ ਕਿ ਅਸੀਂ ਪ੍ਰਮਾਰਥ ਨੂੰ ਪਾ ਲਿਆ ਹੈ। ਇਹ ਕੇਵਲ ਗੁਰਮਤਿ ਰੂਪੀ ਸਚੀ ਮੁਚੀ ਵਿਦਿਆ ਹੀ ਹੈ, ਜਿਸ ਦੇ ਅਭਿਆਸ ਕੀਤਿਆਂ

**ਵਾਹਿਗੁਰੂ** ਨਾਮ ਦੀ ਪ੍ਰਾਪਤੀ ਹੁੰਦੀ ਹੈ। ਹਿੰਦੂ ਮਤ-ਮਤੀਸ਼ਰਾਂ ਦਾ ਸਭ ਤੋਂ ਵਡਾ **ਵਖਰ** ਵੇਦ ਸ਼ਾਸਤ੍ਰਾਂ ਦੀ ਵਿਦਿਆ ਦਾ ਹੈ, ਸੋ ਓਹਨਾਂ ਦਾ ਵੇਦ ਕੇਵਲ ਤ੍ਰਿਬਿਧਿ ਦੀ **ਪੜ੍ਹਾਈ** ਹੀ ਸਿਖਾਉਂਦਾ ਹੈ। ਸੋ ਵੇਦ ਪੜ੍ਹਨਹਾਰੇ ਮਨਮੁਖ ਦੂਜੈ ਭਾਇ ਦੀ ਵਿਦਿਆ ਵਿਚ ਹੀ ਉਲਝੇ ਰਹਿੰਦੇ ਹਨ, ਉਹਨਾਂ ਨੂੰ ਤੱਤ ਗੁਰਮਤਿ ਵਿਦਿਆ ਦੀ ਸੂਝ ਬੂਝ ਕਿਵੇਂ ਆਵੇ ? ਵੇਦ ਸ਼ਾਸਤ੍ਰ ਕੀ ਪੜ੍ਹਦੇ ਹਨ, ਓਹ ਤਾਂ ਤ੍ਰੈਗੁਣਾਂ ਦੀ ਮਾਇਕ ਵਿਦਿਆ ਦੀਆਂ ਪੜ੍ਹਾਈਆਂ ਹੀ ਪੜ੍ਹਦੇ ਹਨ। ਇਕ ਅਕਾਲ ਪੁਰਖ ਦਾ ਤੱਤ ਗਿਆਨ ਓਹਨਾਂ ਨੂੰ ਕਿਵੇਂ ਆਵੇ, ਉਹ ਜਾਣਦੇ ਹੀ ਨਹੀਂ। ਬਿਨਾਂ ਇਸ ਤੱਤ ਗਿਆਨ ਦੀ ਸੂਝ ਬੂਝ ਦੇ ਬਸ ਦੁਖ ਹੀ ਦੁਖ ਪਾਉਂਦੇ ਹਨ।

ਤੱਤ ਗਿਆਨ ਗੁਰਮਤਿ ਨਾਮ ਤੋਂ ਛੁਟ ਹੋਰ ਸਾਰੀ ਉਪਾਸ਼ਨਾ ਦੂਜੇ ਦੀ ਉਪਾਸ਼ਨਾ ਹੀ ਹੈ। ਇਹ ਦੂਜੇ ਭਾਇ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਅਵਿਦਿਆ ਹੀ ਆਉਂਦੀ ਹੈ। ਸੱਚੀ ਵਿਦਿਆ ਹੈ ਤਾਂ ਕੇਵਲ ਗੁਰਮਤਿ ਵਿਦਿਆ ਹੈ। ਕੱਚੀ ਵਿਦਿਆ, ਆਨਮਤ ਪੜ੍ਹਾਈਆਂ ਵਾਲੀ ਵਿਦਿਆ ਨੂੰ ਪੜ੍ਹ ਕੇ ਉਚੀ ਸੁਚੀ ਬੂਝ ਨਹੀਂ ਬੁਝੀ ਜਾਂਦੀ। ਬਸ, ਏਨ੍ਹਾਂ ਤ੍ਰੈਗੁਣੀ ਮਾਇਆ ਦੀਆਂ ਪੜ੍ਹਾਈਆਂ ਕਰ ਕਰ ਕੇ ਵਿਦਿਆ ਤਾਂ ਕੀ ਆਉਣੀ ਸੀ, ਕੇਵਲ ਮਾਇਆ ਕਾਰਨ ਹੀ ਲੁਝਦੇ ਰਹਿੰਦੇ ਹਨ। ਜੋ ਤ੍ਰੈਗੁਣੀ ਵਿਦਿਆ ਪੜ੍ਹਦਾ ਹੈ, ਉਹ ਮਾਇਆ ਕਾਰਨ ਲੁਝਦਾ ਹੈ। ਮਾਇਆ ਦੇ ਬੰਧਨ-ਪੈਖੜ ਹੀ ਉਸ ਦੇ ਤ੍ਰੈਗੁਣੀ ਜੀਵਨ ਨੂੰ ਬੰਧਨ ਵਿਚ ਹੀ ਪਾਉਂਦੇ ਰਹਿੰਦੇ ਹਨ। ਇਹ ਤ੍ਰੈਗੁਣੀ ਬੰਧਨ ਟੁਟਦੇ ਹਨ ਤਾਂ ਗੁਰ-ਸ਼ਬਦੀ ਹੀ ਟੁਟਦੇ ਹਨ ਤੇ ਗੁਰ-ਸ਼ਬਦੀ ਹੀ ਮੁਕਤਿ ਪ੍ਰਾਪਤਿ ਹੁੰਦੀ ਹੈ। ਗੁਰ-ਸ਼ਬਦ ਦੀ ਸੱਚੀ ਪੜ੍ਹਾਈ ਬਿਨਾਂ ਮਨ ਚੰਚਲ ਵਸ ਹੀ ਨਹੀਂ ਆਉਂਦਾ, ਦੁਬਿਧਾ ਵਿਚ ਲਗਿਆ ਹੋਇਆ ਦਹਿਦਿਸ ਧਾਵੰਦਾ ਫਿਰਦਾ ਹੈ ਤੇ ਨਿਰਾ ਬਿਖ ਦਾ ਕੀੜਾ ਹੀ ਬਣ ਰਹਿੰਦਾ ਹੈ। ਬਿਖ ਦਾ ਕੀੜਾ ਹੀ ਬਣ ਕੇ ਬਿਖਿਆ ਵਿਚ ਹੀ ਲੱਥ ਪੱਥ ਹੋ ਰਹਿੰਦਾ ਤੇ ਬਿਖਿਆ ਵਿਚ ਹੀ ਪਚ ਪਚ ਕੇ ਮਰ ਜਾਂਦਾ ਹੈ। ਯਥਾ ਗੁਰਵਾਕ :

ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩॥
ਇਹ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹਦਿਸਿ ਧਾਵੈ ॥
ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪॥੩੦॥

[ਮਾਝ ਮ: ੩, ਪੰਨਾ ੧੨੭

ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨॥੩੫॥

[ਮਾਝ ਮ: ੫, ਪੰਨਾ ੧੩੦

ਸਿਧ ਸਾਧਿਕ ਅਨੇਕਾਂ ਆਨਮਤਾਂ ਦੇ ਖੋਜੀ ਪਰਮਾਤਮਾ ਦੇ ਪਾਵਣ ਕਾਰਨ

ਐਧਰ ਉਧਰ ਬਥੇਰੇ ਭਜੇ ਫਿਰਦੇ ਹਨ। ਬ੍ਰਹਮੇ ਇੰਦਰ ਆਦਿਕ ਹਿੰਦੂਆਂ ਦੇ ਦੇਵਤੇ ਭੀ ਆਪ-ਹੁਦਰੇ ਹੀ **ਪਰਮਾਤਮਾ** ਦਾ ਧਿਆਨ ਧਰਦੇ ਹਨ। ਆਪਣੇ ਜਾਣੇ ਤਾਂ ਬਥੇਰਾ ਹਿਰਦਿਓਂ ਧਿਆਨ ਧਰਦੇ ਹਨ, ਪਰ ਧਰਿਆ ਨਹੀਂ ਜਾਂਦਾ। ਤੇਤੀ ਕਰੋੜ ਹਿੰਦੂਆਂ ਦੇ ਦੇਵਤੇ ਭੀ ਇਸੇ ਪ੍ਰਕਾਰ ਪਰਮਾਤਮਾ ਦੇ ਖੋਜਣ ਦੇ ਤਰਲੇ ਲੈਂਦੇ ਫਿਰਦੇ ਹਨ, ਪਰ ਸਭ ਤਰਲੇ ਬਿਰਥੇ ਹੀ ਜਾਂਦੇ ਹਨ। ਆਨਮਤ ਤੇ ਮਨਮਤਿ ਦੀ ਖੋਜ ਦੁਆਰਾ ਜਾਂ ਐਉਂ ਕਹੋ ਕਿ ਮਨਮਤਿ ਭਰੀ ਆਨਮਤ ਖੋਜ ਦੁਆਰਾ ਪਰਮਾਤਮਾ ਮਿਲਦਾ ਹੀ ਨਹੀਂ, ਮਿਲਦਾ ਹੈ ਤਾਂ ਗੁਰੂ ਨੂੰ ਮਿਲਿਆਂ ਹੀ ਮਿਲਦਾ ਹੈ। ਗੁਰੂ ਸੱਚਾ ਕੇਵਲ ਗੁਰੂ ਨਾਨਕ ਹੀ ਹੈ, ਜੋ ਆਪਣੇ ਦਸੇ ਗੁਰ-ਜਾਮਿਆਂ ਵਿਚ ਜਗਿਆਸੂ-ਖੋਜੀਆਂ ਨੂੰ ਆਪਣੀ ਨਦਰ ਮੇਹਰ ਦੁਆਰਾ ਤਾਰ ਨਿਸਤਾਰ ਕੇ ਪਰਮਾਤਮਾ ਨਾਲ ਮਿਲਾਪ ਕਰਵਾਉਂਦਾ ਹੈ ਤੇ ਹਿਰਦੇ ਅੰਦਰ ਹੀ ਕਰਾਇ ਦੇਂਦਾ ਹੈ। ਇਸ ਬਿਧਿ ਗੁਰਮਤਿ-ਦੀਖਿਆ ਵਾਲੇ ਖੋਜੀ ਜਨ ਗੁਰਮੁਖਿ ਸਿਖ ਸੇਵਕ ਹੋਇ ਕੇ ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਦਿਆਂ ਤੇ ਗੁਰਮਤਿ ਨਾਮ ਨੂੰ ਕਮਾਇ ਕਮਾਇ ਕੇ ਅਤੇ ਵਾਹਿਗੁਰੂ ਦੇ ਗੁਣ ਗਾਇ ਗਾਇ ਕੇ ਹਿਰਦੇ ਅੰਦਰ ਹੀ ਉਸ ਦਾ ਧਿਆਨ ਜਮਾਇ ਲੈਂਦੇ ਹਨ। ਉਸ ਨੂੰ ਪਰਤੱਖ ਪੇਖ ਪੇਖ ਕੇ, ਸਨਮੁਖ ਦਰਸ਼ਨ ਕਰ ਕਰ ਕੇ ਓਹਨਾਂ ਦਾ ਹਿਰਦਾ ਭਿਜ ਜਾਂਦਾ ਹੈ ਤੇ ਓਹ ਹਿਰਦਿਓਂ ਭਿਜ ਕੇ ਪਰਤੱਖ ਦਰਸ਼ਨ ਕਰਦੇ ਹੋਏ ਸੱਚੇ ਦਿਲੋਂ ਉਸ ਦੇ ਗੁਣ ਗਾਉਂਦੇ ਹਨ।

ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥
ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥
ਜਮ ਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥
ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥
ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥
ਨਾਨਕ ਸਤਿਗੁਰੁ ਸੇਵਨਿ ਆਪਣਾ ਤੇ ਆਸਾ ਤੇ ਨਿਰਾਸਾ ॥੫॥

[ਵਾਰ ਮਾਝ ਮ: ੧, ਪੰਨਾ ੧੪੦

ਦੇਖੋ ਇਸ ਪਉੜੀ ਅੰਦਰ ਆਨਮਤੀਆਂ ਦੀ ਕੁਚੱਜ-ਕਿਰਿਆ ਕੈਸੀ ਕੈਸੀ ਅਵੈੜੀ ਦੱਸੀ ਹੈ। ਇਕ ਤਾਂ ਆਨਮਤੀ ਉਪਾਸ਼ਕ ਐਸੇ ਹਨ ਜੋ ਗਾਜਰ ਮੂਲੀ ਕੰਦ ਮੂਲ ਚੁਣ ਕੇ ਖਾਣ ਵਿਚ ਹੀ ਤੱਤ ਉਪਾਸ਼ਨਾ ਦੇ ਸਾਰ-ਗਿਰਾਹੀ ਬਣਦੇ ਹਨ ਤੇ ਜੰਗਲਾਂ ਵਾਲੀ ਧਰਤੀ ਵਿਚ ਹੀ ਆਪਣਾ ਵਾਸਾ ਰਖਦੇ ਹਨ। ਇਸ ਬਿਧਿ ਪਾਖੰਡ ਕਰ ਕਰ ਕੇ ਆਨਮਤੀ ਆਮ ਲੋਕਾਂ ਨੂੰ ਭਰਮਾਉਂਦੇ ਹਨ ਤੇ ਆਪਣੇ ਆਪ ਨੂੰ ਪਰਮਾਤਮਾ ਤਾਈਂ ਪੁਜਿਆ ਜਣਾਉਂਦੇ ਹਨ। ਇਕ ਐਸੇ ਭੇਖਧਾਰੀ ਅਨਮਤੀ ਹਨ ਕਿ ਭਗਵਾ

ਭੇਸ ਕਰ ਕੇ ਹੀ ਬਿਚਰਦੇ ਫਿਰਨ ਨੂੰ ਹੀ ਉਚ ਪਦਵੀ ਵਿਚ ਪੁਗਿਆ ਹੋਇਆ ਨਿਜ ਤਾਈਂ ਗਰਦਾਨਦੇ ਹਨ। ਹਠ ਜੋਗ ਦੇ ਧਾਰਨੀ, ਜੋਗ ਅਤੇ ਸੰਨਿਆਸ ਆਸ਼੍ਰਮ ਦੇ ਆਸ਼੍ਰਮੀ ਸੰਨਿਆਸੀ ਸਭ ਏਸੇ ਆਨਮਤੀ ਭੇਖਧਾਰੀ ਪਖੰਡੀਆਂ ਦੀ ਸ਼ਰੇਣੀ ਵਿਚੋਂ ਹੀ ਹਨ। ਆਪਣੇ ਜਾਣੇ ਤਾਂ ਜੋਗ ਸੰਨਿਆਸ ਵਾਲਾ ਤਿਆਗ ਭੇਖ ਧਾਰਨ ਕਰ ਕੇ ਸੰਸਾਰੀ ਵਾਸ਼ਨਾਵਾਂ ਦੀਆਂ ਤ੍ਰਿਸ਼ਨਾਵਾਂ ਤੋਂ ਆਪਣੇ ਆਪ ਨੂੰ ਅਤੀਤ ਜ਼ਾਹਰ ਕਰਦੇ ਹਨ, ਪਰ ਅੰਤ੍ਰਗਤੀ ਓਹਨਾਂ ਦੇ ਮਨ ਅੰਦਰ ਤੀਬਰ ਤ੍ਰਿਸ਼ਨਾ ਮਾਇਕ ਪਦਾਰਥਾਂ ਦੇ ਹਾਸਲ ਕਰਨ ਦੀ ਬਣੀ ਹੀ ਰਹਿੰਦੀ ਹੈ। ਛਾਦਨ ਭੋਜਨ ਦੀ ਇਛਾ ਓਹਨਾਂ ਦੀ ਮਿਟਦੀ ਹੀ ਨਹੀਂ। ਬਸ ਏਸੇ ਬਿਧਿ ਪਾਖੰਡ-ਭਰਮੀ, ਭੇਖ-ਧਰਮੀ ਬਣ ਕੇ ਆਪਣਾ ਮਨੁਖ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ। ਨਾ ਓਹ ਗ੍ਰਿਸਤੀ ਹੀ ਰਹਿੰਦੇ ਹਨ, ਨਾ ਓਹਨਾਂ ਨੂੰ ਸੱਚੇ ਉਦਾਸੀ ਬਣਨ ਦਾ ਚੱਜ ਆਉਂਦਾ ਹੈ। ਕੱਚਾ ਉਦਾਸ ਭੇਖ ਧਾਰਨ ਕਰ ਕੇ ਅਤੇ ਗੇਰੂ-ਰੰਗੇ ਕਪੜੇ ਪਾ ਕੇ ਲੋਕਾਂ ਤਾਈਂ ਜਣਾਉਂਦੇ ਹਨ ਕਿ ਉਹ ਪਰਮ ਪਦ ਨੂੰ ਪੁਜੇ ਹੋਏ ਹਨ। ਅਜਿਹੇ ਪਖੰਡੀਆਂ ਦੇ ਸਿਰਾਂ ਉਪਰੋਂ ਜਮਕਾਲ ਦਾ ਡੰਡਾ ਉਤਰਦਾ ਹੀ ਨਹੀਂ। ਤ੍ਰੈਗੁਣੀ ਵਾਸ਼ਨਾ ਹੋਣ ਕਰਕੇ ਮਾਇਕ ਪਦਾਰਥਾਂ ਦੀ ਲਾਲਸਾ ਵਿਚ ਹੀ ਲੱਥ ਪੱਥ ਹੋ ਕੇ ਲਿਬੜੇ ਰਹਿੰਦੇ ਹਨ। ਕਾਲ ਤਾਂ ਏਹਨਾਂ ਅਨਮਤੀਆਂ ਦੇ ਸਿਰ 'ਤੇ ਕੂਕਦਾ ਹੀ ਰਹਿੰਦਾ ਹੈ। ਇਹ ਕੇਵਲ ਗੁਰਮਤਿ ਹੀ ਹੈ, ਜਿਸ ਦੇ ਧਾਰਨ ਕਰਕੇ ਕਾਲ ਨੇੜੇ ਹੀ ਨਹੀਂ ਆਉਂਦਾ। ਗੁਰਮਤਿ ਦੇ ਧਾਰਨੀ ਬਣ ਕੇ ਓਹ ਆਪਣਾ ਆਪ ਜਣਾਉਂਦੇ ਨਹੀਂ, ਬਲਕਿ ਸਭਸ ਦੀ ਰੇਣਕਾ ਹੋਇਕੇ ਆਪਣਾ ਜਨਮ ਬਿਤਾਉਂਦੇ ਹਨ। ਬਸ, ਦਾਸਨ ਦਾਸ ਹੀ ਹੋਇ ਰਹਿੰਦੇ ਹਨ। ਅਜਿਹੇ ਦਾਸਨ ਦਾਸ ਹੋਇ ਰਹੇ ਗੁਰਮੁਖਿ ਜਨ ਦੇ ਮਨ ਵਿਖੇ ਸਚਾ ਸ਼ਬਦ ਗੁਰਮੰਤਰ ਸਦਾ ਵਸਿਆ ਹੀ ਰਹਿੰਦਾ ਹੈ। ਇਸ ਸ਼ਬਦ ਗੁਰਮੰਤਰ ਦੇ ਅਭਿਆਸ ਦੇ ਪ੍ਰਤਾਪ ਕਰਕੇ ਗ੍ਰਿਸਤ ਅੰਦਰ ਹੀ ਉਦਾਸ ਸਭ ਵਾਸ਼ਨਾਵਾਂ ਤੋਂ ਨਿਰਵਾਸ਼ ਤੇ ਅਲਿਪਤ ਰਹਿ ਕੇ ਆਪਣਾ ਜੀਵਨ ਬਿਤਾਉਂਦੇ ਹਨ :

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥

[ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫

ਯਥਾ—ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ ॥
ਸਬਦਿ ਸੁਰਤਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥੫॥

[ਸਿਧ ਗੋਸਟਿ, ਪੰਨਾ ੯੩੮

ਗੁਰਵਾਕਾਂ ਦੇ ਭਾਵ ਆਸ਼ੇ ਅਨੁਸਾਰ ਸਚੇ ਗ੍ਰਿਸਤ ਉਦਾਸੀ ਰਾਜੇ ਜੋਗੀ ਹੀ ਬਣ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜੋ ਸਤਿਗੁਰੂ ਦੇ ਸੱਚੇ ਗੁਰਸਿਖ ਸੇਵਕ ਤੇ ਅਨਿੰਨ ਉਪਾਸ਼ਕ ਹਨ, ਉਹਨਾਂ ਦੀ ਆਤਮ ਬਿਵਸਥਾ ਉਪਰ ਦਸੇ ਅਨੁਸਾਰ ਆਸਾ ਤੋਂ ਨਿਰਾਸਾ ਪਦ ਵਾਲੀ ਹੁੰਦੀ ਹੈ।

 www.sikhbookclub.com

# ੨੩. ਮੂਰਖ ਕੌਣ ਹੈ ?

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ॥੬॥
[ਵਾਰ ਮਾਝ, ਪੰਨਾ ੧੪੦

ਇਹ ਗੁਰਵਾਕ ਦੁਤੁਕੀ ਆਨਮਤ ਵਿਦਿਆ ਦੇ ਪੜ੍ਹਾਕੂਆਂ ਪ੍ਰਥਾਇ ਹੀ ਘਟਦੀ ਹੈ। ਆਨਮਤ ਵਿਦਿਆ ਦੇ ਪੜ੍ਹਾਕੂ ਜਿਉਂ ਜਿਉਂ ਇਸ ਆਨਮਤ ਵਿਦਿਆ ਨੂੰ ਪੜ੍ਹਦੇ ਹਨ, ਤਿਉਂ ਤਿਉਂ ਲਬ ਲੋਭ ਅਹੰਕਾਰ ਤਿਨ੍ਹਾਂ ਦੇ ਜੀਵਨ ਵਿਚ ਹੋਰ ਜ਼ੋਰ ਪਕੜਦਾ ਜਾਂਦਾ ਹੈ। ਤਾਂ ਤੇ ਐਸੀ ਵਿਦਿਆ ਦਾ ਪੜ੍ਹਾਕੂ ਮੂਰਖ ਦਾ ਮੂਰਖ ਹੀ ਰਹਿੰਦਾ ਹੈ, ਵਿਦਵਾਨ ਤਾਂ ਉਸ ਨੇ ਕੀ ਹੋਣਾ ਸੀ। ਮੂਰਖ ਅਗਿਆਨੀ ਲੋਕ ਉਸ ਨੂੰ ਵਿਦਵਾਨ ਪਏ ਆਖਣ। ਏਹ ਕੇਵਲ ਗੁਰਮਤਿ ਵਿਦਿਆ ਹੀ ਹੈ ਜੋ ਹਉਮੈ ਅਭਿ-ਮਾਨ ਤੋਂ ਸੁਚੇਤ ਕਰਾਇ ਕੇ ਜਗਿਆਸੂਆਂ ਨੂੰ ਸੁਘੜ ਸੁਜਾਣ ਬਣਾਉਂਦੀ ਹੈ, ਕਿਉਂਕਿ ਗੁਰਮਤਿ ਵਿਦਿਆ ਦਾ ਧੁਰਵਾ ਗੁਰਮਤਿ ਨਾਮ ਉਪਰ ਹੀ ਹੈ। ਏਸ ਗੁਰਮਤਿ ਵਿਦਿਆ ਤੋਂ ਬਿਨਾਂ ਓਹ ਹਉਮੈ ਵਾਲੀ ਅਵਿਦਿਆ ਪੜ੍ਹਦੇ ਹੀ ਨਹੀਂ। ਗੁਰਮਤਿ ਨਾਮ ਵਾਲੀ ਸੱਚੀ ਗੁਰਮਤਿ ਵਿਦਿਆ ਦੀ ਸੂਝ ਬੂਝ ਤੋਂ ਬਿਨਾਂ ਹੋਰ ਕੋਈ ਭੀ ਆਨਮਤ ਵਾਲੀ ਹਉਮੈ-ਵੀਚਾਰ ਓਹਨਾਂ ਦੇ ਅੰਦਰ ਆਉਂਦੀ ਹੀ ਨਹੀਂ। ਸੱਚੀ ਗੁਰਮਤਿ ਵੀਚਾਰ ਦੇ ਅਭਿਆਸਾਚਾਰੀ ਹੀ ਬਣੇ ਰਹਿੰਦੇ ਹਨ।

# ੨੪. ਸੱਚਾ ਮੁਸਲਮਾਨ

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ ॥੧॥
[ਸਲੋਕ ਮ: ੧

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥੨॥ [ਮ: ੧
ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ ॥

ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥੩॥੭॥

[ਮ: ੧, ਵਾਰ ਮਾਝ, ਪੰਨਾ ੧੪੦-੪੧

ਏਸ ਗੁਰਵਾਕ ਦੁਆਰਾ ਇਹ ਗੱਲ ਦ੍ਰਿੜ੍ਹਾਈ ਗਈ ਹੈ ਕਿ ਇਸ ਵਿਚ ਅੰਕਿਤ ਗੁਣਾਂ ਦਾ ਧਾਰਨੀ ਬਣ ਕੇ ਹੀ ਸੱਚਾ ਮੁਸਲਮਾਨ ਹੋਈਦਾ ਹੈ । ਗੁਰਮਤਿ ਜਗਿਆਸੂ ਦਾ ਸਦਾ ਹੀ ਮੇਹਰ ਦੇ ਘਰ ਵਿਚ ਰਹਿਣਾ ਸੱਚੀ ਮਸੀਤ ਦਾ ਵਾਸਾ ਪਾਉਣਾ ਹੈ । ਸ਼ਰਧਾ ਸਿਦਕ ਦਾ ਹਿਰਦੇ ਅੰਦਰ ਵਸਾਉਣਾ ਇਹੀ ਨਿਵਾਜ਼ ਲਈ ਮੁਸੱਲਾ ਵਿਛਾਉਣਾ ਹੈ । ਹੱਕ ਹਲਾਲ ਦੀ ਕਮਾਈ ਕਰਨਾ ਹੀ (ਨਾਮ ਜੱਪਣਾ ਹੀ) ਸੱਚੀ ਕੁਰਾਣ ਦੀ ਪੜ੍ਹਾਈ ਹੈ। ਸੱਚੇ ਮੁਸਲਮਾਨ ਨੂੰ ਕਚ-ਪਿਚੇ ਮੁਸਲਮਾਨਾਂ ਦੀ ਨਿਆਈਂ ਸੁੰਨਤ ਕਰਾਉਣ ਦੀ ਲੋੜ ਨਹੀਂ । ਓਹ ਸਦਾ ਹੀ ਲਜਿਆ (ਸ਼ਰਮ) ਰੂਪੀ ਬੀਰਜ ਵੱਸ ਕਰਨ ਦੀ ਤੇ ਮਨ ਨੂੰ ਬਿਖਿਆਂ ਵਿਸ਼ਿਆਂ ਵਲ ਧਾਵਨ-ਮਈ ਸਚੀ ਸੁੰਨਤ ਨੂੰ (ਗੁਰਮਤਿ ਦਰਸਾਈ ਸੁੰਨਤ ਨੂੰ) ਹਰ ਦਮ ਹਿਰਦੇ ਅੰਦਰ ਧਾਰੀ ਰਖਦੇ ਹਨ । ਸੱਚੇ ਮੁਸਲਮਾਨ ਦਾ ਸੱਚਾ ਰੋਜ਼ਾ ਸੀਲ ਧਰਮ ਧਾਰਨ ਦਾ ਸੁਆਸ ਸੁਆਸ ਬਣਿਆ ਰਹਿੰਦਾ ਹੈ । ਉਪਰ ਦੱਸੇ ਮੇਹਰ, ਸਿਦਕ, ਹੱਕ, ਹਲਾਲ, ਧਰਮ, ਸੀਲ ਧਰਮ ਵਾਲੇ ਗੁਰਮਤਿ ਗੁਣਾਂ ਦਾ ਧਾਰਨੀ ਹੋ ਕੇ ਹੀ ਸੱਚਾ ਮੁਸਲਮਾਨ ਬਣੀਦਾ ਹੈ । ਹੇ ਕਹਾਉਤੀ ਮੁਸਲਮਾਨ ! ਜੇ ਤੈਂ ਸੱਚਾ ਮੁਸਲਮਾਨ ਬਣਨਾ ਹੈ ਤਾਂ ਉਪਰ ਦਸੀ ਬਿਧੀ ਅਨੁਸਾਰ ਬਣ । ਹੋਰ ਸੁਣ : ਗੁਰਮਤਿ ਕਰਣੀ ਨੂੰ ਕਾਬਾ ਬਣਾ । ਗੁਰਮਤਿ ਨਾਮ ਰੂਪੀ 'ਸਚੁ' ਨੂੰ ਹੀ ਆਪਣਾ ਸੱਚਾ ਪੀਰ ਮੁਰਸ਼ਦ ਸ਼ੁਮਾਰ ਕਰ । ਸੱਚੇ ਗੁਰਮਤਿ ਨਾਮ ਰੂਪੀ ਕਰਮ ਨੂੰ ਸੱਚਾ ਕਲਮਾ ਬਣਾ ਕੇ ਨਿਤਾ ਪ੍ਰਤੀ ਨਿਮਾਜ਼ ਪੜ੍ਹਿਆ ਕਰ । ਹੋਰ ਭੀ ਸੁਣਿ : ਦਿਖਾਵੇ ਦੀ ਤਸਬੀ ਗਲ ਵਿਚ ਪਹਿਰਨੀ ਹੈ ਤਾਂ ਰੱਬ ਦੀ ਰਜ਼ਾਇ ਵਿਚ ਰਾਜ਼ੀ ਰਹਿਣ ਵਾਲੀ ਤਸਬੀ ਪਹਿਨ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਇਸ ਬਿਧਿ ਹੀ ਤੇਰੀ ਲਾਜ ਰਹੇਗੀ । ਸਾਹਿਬ ਸੱਚਾ ਪਾਤਸ਼ਾਹ ਇਸੇ ਬਿਧਿ ਹੀ ਤੇਰੀ ਲਾਜ ਰਖੇਗਾ । ਇਸੇ ਬਿਧਿ ਹੀ ਤੇਰੀ ਲਾਜ ਰੱਖਣ ਦੀ ਬਿਉਂਤ ਬਣਾਉਂਦਾ ਹੈ ਤੇ ਬਣਾਉਂਦਾ ਰਹੇਗਾ ।

ਗੁਰੂ ਨਾਨਕ ਸਾਹਿਬ ਮੁਸਲਮਾਨਾਂ ਅਤੇ ਹਿੰਦੂਆਂ ਦੋਹਾਂ ਅਨਮਤੀਆਂ ਪ੍ਰਥਾਇ ਅਗੇ ਇਉਂ ਸਾਂਝਾ ਗੁਰਮਤਿ ਦਾ ਉਪਦੇਸ਼ ਦਿੰਦੇ ਹਨ—ਜੋ ਮੁਸਲਮਾਨ ਹੋ ਕੇ ਹੱਕ ਪਰਾਇਆ ਖਾਂਦੇ ਹਨ ਓਹਨਾਂ ਮੁਸਲਮਾਨ ਆਨਮਤੀਆਂ ਨੂੰ ਇਉਂ ਹੱਕ ਪਰਾਇਆ ਖਾਣਾ ਸੂਰ ਖਾਣ ਦੇ ਤੁਲ ਹੈ ਅਤੇ ਜੋ ਹਿੰਦੂ ਧਰਮ ਦੇ ਪਾਖੰਡ ਧਾਰਨੀ ਬਣ ਕੇ ਪਰਾਇਆ ਹੱਕ ਖਾਂਦੇ ਹਨ ਓਹਨਾਂ ਦਾ ਐਸਾ ਕਰਨਾ, ਅਰਥਾਤ, ਪਰਾਇਆ ਹੱਕ

ਖਾਣਾ ਗਾਂ ਖਾਣ ਦੇ ਤੁਲ ਹੈ। ਏਹ ਹਿੰਦੂ ਮੁਸਲਮਾਨਾਂ ਨੇ ਫੋਕੇ ਹੀ ਢਕਵੰਜ ਬਣਾਏ ਹੋਏ ਹਨ ਕਿ ਹਿੰਦੂਆਂ ਨੂੰ ਤਾਂ ਗਾਂ ਖਾਣ ਦੀ ਆਣ ਹੈ ਤੇ ਮੁਸਲਮਾਨਾਂ ਨੂੰ ਸੂਰ ਖਾਣ ਦੀ, ਪ੍ਰੰਤੂ ਭੱਖ ਅਭੱਖ ਇਹ ਸਭ ਖਾ ਜਾਂਦੇ ਹਨ। ਓਹਨਾਂ ਦਾ ਇਸ ਬਿਧਿ ਭੱਖ ਅਭੱਖ ਖਾਣਾ ਇਕ ਪ੍ਰਕਾਰ ਦਾ ਮੁਰਦਾਰ ਖਾਣਾ ਹੈ। ਕੀ ਐਸੇ ਮੁਰਦਾਰ-ਖਾਣਿਆਂ ਦੀ ਉਹਨਾਂ ਦੇ ਪੀਰ-ਮੁਰਸ਼ਦ ਹਾਮੀ ਭਰ ਸਕਦੇ ਹਨ ? ਸੱਚਾ ਗੁਰ-ਪੀਰ ਤਾਂ ਐਸਾ ਹਾਮਾ ਕਦੇ ਨਹੀਂ ਭਰ ਸਕਦਾ। ਮੁਰਦਾਰ ਖਾਣੋਂ ਹਟਣ ਤਾਂ ਸੱਚੇ ਗੁਰ ਪੀਰ ਵਲੋਂ ਹਾਮਾ ਭਰਿਆ ਜਾਵੇ। ਲੋਕੀ ਗੱਲਾਂ ਨਾਲ ਹੀ ਸੁਰਗ ਬਹਿਸ਼ਤਾਂ ਵਿਚ ਜਾਇਆ ਲੋੜਦੇ ਹਨ। ਇਸ ਪ੍ਰਕਾਰ ਦੀਆਂ ਗੱਲਾਂ ਬਣਾਉਣ ਨਾਲ ਸੁਰਗਾਂ ਬਹਿਸ਼ਤਾਂ ਵਿਚ ਨਹੀਂ ਜਾ ਸਕੀਦਾ, ਨਾ ਹੀ ਕਲਿਆਣ ਮੁਕਤੀ ਕਿਸੇ ਅਨਮਤੀ ਨੂੰ ਮਿਲ ਸਕਦੀ ਹੈ। ਸੱਚਾ ਮੁਕਤੀ-ਮਈ-ਛੁਟਕਾਰਾ ਗੁਰਮਤਿ 'ਸਚੁ' ਨੂੰ ਕਮਾਂਦਿਆਂ, ਗੁਰਮਤਿ ਤੱਤ ਨੂੰ, ਅਰਥਾਤ, ਗੁਰਮਤਿ ਨਾਮ ਨੂੰ ਅਭਿਆਸਦਿਆਂ ਹੀ ਮਿਲ ਸਕਦਾ ਹੈ। ਹਰਾਮ ਦੇ ਮਾਸ ਵਿਚ ਮਸਾਲੇ ਪਾਉਣ ਨਾਲ ਹਲਾਲ ਨਹੀਂ ਹੋ ਜਾਂਦਾ। ਏਹ ਸਭ ਕੂੜਾਵੀਆਂ ਹੁਜਤਾਂ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਏਹਨਾਂ ਕੂੜਾਵੀਆਂ ਗੱਲਾਂ ਨਾਲ ਕੂੜ ਹੀ ਪੱਲੇ ਪੈਂਦਾ ਹੈ।

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਪ੍ਰਤੀ ਸੱਚੀਆਂ ਪੰਜ ਨਿਮਾਜ਼ਾਂ, ਸੱਚੇ ਵਕਤ ਨਮਾਜ਼ਾਂ ਪੜ੍ਹਨ ਦੇ ਇਸ ਬਿਧਿ ਦ੍ਰਿੜ੍ਹਾਉਂਦੇ ਹਨ ਤੇ ਇਸ ਬਿਧਿ ਓਹਨਾਂ ਦੇ ਨਾਉਂ ਰਖਦੇ ਹਨ—ਪਹਿਲਾ ਵਕਤ ਤੇ ਪਹਿਲੀ ਨਿਮਾਜ਼ ਗੁਰਮਤਿ 'ਸੱਚੁ' ਤੱਤ ਗੁਰਮਤਿ ਨਾਮ ਨੂੰ ਕਮਾਉਣਾ ਹੈ। ਦੂਜਾ ਦਰਜਾ ਸੱਚੀ ਨਿਮਾਜ਼ ਵਕਤ ਦਾ ਧਰਮ ਦੀ ਕਿਰਤ (ਹਲਾਲ ਦੀ ਕਮਾਈ) ਕਰਨਾ ਹੈ। ਤੀਜੀ ਨਿਮਾਜ਼ ਤੇ ਤੀਜਾ ਸੱਚਾ ਵਕਤ-ਵੇਲਾ ਖ਼ਾਲਕ ਦੀ ਸਾਰੀ ਸੱਚੀ ਖ਼ਲਕਤ ਦਾ ਭਲਾ ਮਨਾਉਣਾ ਹੈ। ਜਿਸ ਗੱਲ ਵਿਚ ਸਾਰੀ ਖ਼ਲਕਤ ਦਾ ਭਲਾ ਹੈ, ਓਹੀ ਗੁਰਮਤਿ ਦੀ ਨਿਰਾਲੀ ਤੀਜੀ ਨਿਮਾਜ਼ ਹੈ। ਚੌਥੀ ਨਿਮਾਜ਼ ਨੀਯਤ ਨੂੰ ਰਾਸ ਰਖਣ ਵਿਚ ਹੈ। ਪੰਜਵੀਂ ਓਤ ਪੋਤੀ ਸੱਚੀ ਅਦੋਤੀ ਨਿਮਾਜ਼ ਅਤੇ ਸੱਚ ਵਖਤ ਵਖਤੋਤੀ ਨਿਮਾਜ਼ ਗੁਰਸਿੱਖਾਂ ਲਈ ਗੁਰਮਤਿ ਅੰਦਰ ਵਾਹਿਗੁਰੂ ਦੀ ਸਿਫਤ ਸਾਲਾਹ ਕਰਨਾ, ਹਰ ਦਮ ਕਰਦੇ ਰਹਿਣਾ ਹੀ ਹੈ। ਇਸ ਬਿਧਿ ਦੀ ਉਪਰ ਦਰਸਾਈ ਪੰਜ ਨਿਮਾਜ਼ੀ ਕਰਣੀ ਵਾਲਾ ਕਲਮਾ ਪੜ੍ਹਨਾ ਹੈ ਤਾਂ ਪੜ੍ਹ। ਇਹੀ ਕਲਮਾ ਪੜ੍ਹ ਕੇ ਤੂੰ ਸੱਚਾ ਮੁਸਲਮਾਨ ਸਦਾ ਸਕਦਾ ਹੈਂ। ਇਉਂ ਸਦਾਉਣਾ ਹੈ ਤਾਂ ਸਦਾਅ ਲੈ ਸੱਚਾ ਮੁਸਲਮਾਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਹੋਰ ਜੇਤੇ ਵੀ ਕੂੜਾਵੇ ਮੁਸਲਮਾਨ ਹਨ, ਸਭ ਕੂੜਿਆਰ ਹੀ ਹਨ। ਹੋਰ ਸਾਰੀ, ਭੇਖਧਾਰੀ, ਕੂੜਾਵੇ ਮੁਸਲਮਾਨ ਦੇ ਭੇਖ ਦੁਆਰਾ, ਕੂੜੀ ਗੱਲ ਹੀ ਪਲੇ ਪੈਂਦੀ ਹੈ। ਸੱਚ-ਹੱਕ ਹੱਥ ਨਹੀਂ ਆਉਂਦਾ, ਨਾ ਹੀ ਹੱਕ ਹਕੀਕਤ ਦਾ ਮੁਸਲਮਾਨ ਬਣੀਦਾ ਹੈ।

ਗੁਰਮਤਿ ਨੇ ਪਰਤੱਖ ਤੌਰ ਤੇ ਇਹ ਪੰਜ ਨਿਮਾਜ਼ਾਂ ਉਪਰ ਦਸੀਆਂ ਦ੍ਰਿੜ੍ਹਾਈਆਂ ਦਰਸਾਈਆਂ ਹਨ। ਗੁਰਮਤਿ ਧਾਰਨੀਆਂ ਨੂੰ ਧਾਰਨ ਲਈ ਹੀ ਦਰ-ਸਾਈਆਂ ਹਨ। ਏਸੇ ਧਾਰਨਾ ਨੂੰ ਮੁਖ ਰਖ ਕੇ ਗੁਰੂ ਸਾਹਿਬ ਦੀ ਬਾਣੀ, ਗੁਰੂ ਦੀ ਧੁਰ-ਧੁਰੰਦਰ ਪ੍ਰੇਰਨਾ ਦੁਆਰਾ ਭਗਤ ਫਰੀਦ ਸਾਹਿਬ ਦੇ ਜਾਮੇ ਵਿਚ-ਦੀ ਹੁੰਦੀ ਹੋਈ ਗੁਰਸਿਖਾਂ ਪ੍ਰਤੀ ਉਕਤ ਪੰਜ ਨਿਮਾਜ਼ਾਂ ਨਾ ਧਾਰਨ ਕਰਨ ਦੇ ਕਾਰਨ, ਤਿਨ੍ਹਾਂ ਪੰਜ ਨਿਮਾਜ਼ਾਂ ਦੇ ਅਧਾਰਨੀਆਂ (ਨਾ ਧਾਰਨ ਕਰਨ ਵਾਲਿਆਂ) ਨੂੰ ਇਉਂ ਸੰਬੋਧਨ ਕਰਦੀ ਹੈ :

ਫਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥੭੦॥
[ਸਲੋਕ ਸੇਖ ਫਰੀਦ ਜੀ, ਪੰਨਾ ੧੩੮੧

ਮਸੀਤ ਵਿਚ ਚਲ ਕੇ ਆਉਣ ਦਾ ਭਾਵ ਸੱਚੀ ਗੁਰਮਤਿ ਮਤਿ ਰਹਿਣੀ ਧਾਰਨ ਕਰਨ ਤੋਂ ਹੈ। ਸਪੱਸ਼ਟ ਤੌਰ ਤੇ ਇਥੇ ਗੁਰਮਤਿ-ਭਿੰਨੀ ਸੱਚੀ ਕਮਾਈ ਦੀਅ ਸੱਚੀਆਂ ਪੰਜੇ ਨਿਮਾਜ਼ਾਂ ਗੁਰਸਿੱਖਾਂ ਪ੍ਰਤੀ ਦਰਸਾਈਆਂ ਗਈਆਂ ਹਨ, ਪ੍ਰੰਤੂ ਤੱਤ ਗੁਰਮਤਿ ਤੋਂ ਅਗਿਆਤ ਪੁਰਸ਼ ਇਉਂ ਕਹਿੰਦੇ ਹਨ ਕਿ ਦੇਖੋ ਇਸ ਸਲੋਕ ਵਿਚ ਫਰੀਦ ਸਾਹਿਬ ਮੁਸਲਮਾਨ ਹੁੰਦੇ ਹੋਏ ਮੁਸਲਮਾਨੀ ਮਤ ਦੀਆਂ ਪੰਜੇ ਨਿਮਾਜ਼ਾਂ ਤੇ ਮੁਸਲਮਾਨਾਂ ਦਾ ਪੰਜੇ ਵਖਤਾਂ ਦਾ ਉਪਦੇਸ਼ ਦਿੰਦੇ ਹਨ, ਜੋ ਸਰਾਸਰ ਅਜਿਹੇ ਅਗਿਆਨੀਆਂ ਦੀ ਗ਼ਲਤ ਫ਼ਹਿਮੀ ਤੇ ਗ਼ਲਤ-ਬਿਆਨੀ ਹੈ। ਦੇਖੋ ਅਗਲੇਰੀਆਂ ਗੁਰਵਾਕ ਤੁਕਾਂ ਅੰਦਰ ਗੁਰੂ ਸਾਹਿਬ ਕੈਸਾ ਸੱਚ ਭਰਿਆ ਨਿਰਣਾ ਮੁਸਲਮਾਨ ਕਹਾਉਣ ਦਾ ਤੇ ਬਣਨ ਦਾ ਨਿਰਣਾਉਂਦੇ ਹਨ, ਯਥਾ ਗੁਰਵਾਕ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥੮॥
[ਸਲੋਕ ਮ: ੧, ਵਾਰ ਮਾਝ, ਪੰਨਾ ੧੪੧

ਸੱਚਾ ਮੁਸਲਮਾਨ ਕਹਾਉਣਾ ਬੜਾ ਹੀ ਮੁਸ਼ਕਲ ਹੈ। ਜੇਕਰ ਉਪਰ ਦਸੀਆਂ ਅਤੇ ਅਗੇ ਦਰਸਾਈਆਂ ਸਿਫ਼ਤਾਂ ਗੁਰਮਤਿ ਬਿਧੀਆਂ ਅਨੁਸਾਰ ਕੋਈ ਮੁਸਲਮਾਨ ਬਣ ਸਕੇ ਤਾਂ ਨਿਸੰਗ ਆਪਣੇ ਆਪ ਨੂੰ ਮੁਸਲਮਾਨ ਕਹਾਵੇ ਸਦਾਵੇ। ਅਵਲ (ਪਹਿਲਾਂ) ਮੁਸਲਮਾਨ ਬਣਨ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਉਸ ਦਾ ਦੀਨ ਈਮਾਨ ਅਉਲਿਆਵਾਂ ਸੰਤਾਂ ਭਗਤਾਂ ਵਾਲਾ ਸੱਚੀ ਗੁਰਮਤਿ ਮਿਠਾਸ ਰਸ

ਵਿਗਾਸ ਦਾ ਭਰਿਆ ਹੋਇਆ ਹੋਵੇ। "ਮੁਸਲਮਾਣੁ ਮੋਮ ਦਿਲਿ ਹੋਵੈ"* ਦਾ ਭਾਵ ਇਹੀ ਹੈ ਕਿ ਜਿਵੇਂ ਮਸਕਲੇ (ਰੇਗਮਾਰ) ਨਾਲ ਜ਼ੰਗਾਲ ਲਾਹ ਸਿਟੀਦਾ ਹੈ ਤਿਵੇਂ ਹੀ ਸਤਿਨਾਮ ਰੂਪੀ ਰੇਗਮਾਰ ਨਾਲ ਮਨ ਦੀ ਮੈਲ ਲਾਹ ਸੁਟੇ ਅਤੇ ਸੱਚੇ ਧਨ ਨਾਮ ਦੀ ਪ੍ਰਾਪਤੀ ਕਰ ਕੇ ਝੂਠੇ ਧਨ ਮਾਲ ਵਲੋਂ ਉੱਕਾ ਹੀ ਉਪਰਾਮ ਹੋ ਜਾਵੇ। ਪੱਕਾ ਪ੍ਰਮਾਰਥੀ ਹੋ ਕੇ ਆਪਣੇ ਤੱਤ ਮਜ਼ਹਬ ਦਾ ਮੁਖੀਆ ਅਨਿੰਨ ਸਿੱਖ ਬਣੇ, ਨਿਰਾ ਪ੍ਰਮਾਰਥ ਪਰਾਇਣ ਹੋ ਕੇ ਹੀ ਮਰਨ ਜੀਵਣ ਦਾ ਭਰਮ ਚੁਕਾ ਦੇਵੇ। ਸਿਰ ਮੱਥੇ ਤੇ ਵਾਹਿਗੁਰੂ ਦਾ ਭਾਣਾ ਮੰਨੇ। ਇਉਂ ਆਪਣਾ ਆਪ ਗਵਾ ਕੇ ਕਰਤੇ ਪੁਰਖ ਅਕਾਲ ਦਾ ਅਨਿੰਨ ਸ਼ਰਧਾਲੂ ਬਣੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਇਸ ਬਿਧਿ, ਕੇਵਲ ਇਸ ਬਿਧਿ ਹੀ ਸਰਬ ਜੀਆਂ ਉਤੇ ਏਕ ਨਦਰ ਕਰਿ ਦੇਖਣ-ਹਾਰਾ ਮਿਹਰੰਮਤੀ ਬਣੇ ਤਾਂ ਸੱਚਾ ਮੁਸਲਮਾਨ ਕਹਾ ਸਕਦਾ ਹੈ। ਇਸ ਸੱਚੇ ਮੁਸਲ-ਮਾਨ ਦੇ ਗੁਣ ਕੇਵਲ ਤੱਤ ਗੁਰਮਤਿ ਦੇ ਧਾਰਨ ਕਰਨ ਤੇ ਹੀ ਗੁਰਮੁਖਿ ਜਗਿਆਸੂ ਵਿਖੇ ਆ ਸਕਦੇ ਹਨ। ਜਿਸ ਪ੍ਰਕਾਰ ਕਿ ਸੱਚੇ ਅਪਰਸ, ਸੱਚੇ ਬੈਸਨੋ ਅਤੇ ਸੱਚੇ ਪੰਡਿਤ ਦੇ ਗੁਰਮਤਿ ਗੁਣ ਧਾਰਨ ਕਰ ਕੇ ਹੀ ਤੱਤ ਅਪਰਸ, ਤੱਤ ਬੈਸਨੋ ਅਤੇ ਤੱਤ ਪੰਡਿਤ ਬਣੀਦਾ ਹੈ। ਦੇਖੋ ਸ੍ਰੀ ਸੁਖਮਨੀ ਸਾਹਿਬ ਦੀ ਅਸ਼ਟਪਦੀ ਨਾਵੀਂ ਦੀ ਪਉੜੀ ਪਹਿਲੀ, ਦੂਜੀ ਤੇ ਤੀਜੀ ਪਉੜੀ। ਤਿਸੇ ਪ੍ਰਕਾਰ ਹੀ ਤੱਤ ਗੁਰਮਤਿ ਦੁਆਰਾ ਸੱਚੇ ਮੁਸਲਮਾਨ ਬਣਨ ਦੀਆਂ ਉਪਰ ਦਸੀਆਂ ਨਿਸ਼ਾਨੀਆਂ ਹਨ। ਇਸ ਤੋਂ ਸਾਫ਼ ਭਾਵ ਹੈ ਕਿ ਪ੍ਰਚਲਤ ਮੁਸਲਮਾਨੀ ਮਤ ਦਾ ਏਥੇ ਖੰਡਨ ਹੈ ਤੇ ਸੱਚੀ ਖਾਲਸ ਮਤ ਵਾਲਾ ਮੁਸਲਮਾਨ ਦਰਸਾ ਕੇ ਏਥੇ ਗੁਰਮਤਿ ਅਨੁਸਾਰੀ ਸੱਚੇ ਗੁਣ ਧਾਰਨ ਕਰਕੇ ਹੀ ਸੱਚਾ ਦੀਨਦਾਰ ਬਣੀਦਾ ਹੈ। ਇਸ ਤੋਂ ਹਰਗਿਜ਼ ਇਹ ਭਾਵ ਨਹੀਂ ਜਿਵੇਂ ਕਿ ਕਈ ਅਨਜਾਣ ਅਗਿਆਨੀ ਜਣਾਇਆ ਕਰਦੇ ਹਨ ਕਿ ਇਸ ਗੁਰਵਾਕ ਦੁਆਰਾ ਮੁਸਲਮਾਨੀ ਆਨਮਤ ਦਾ ਮੰਡਨ ਕੀਤਾ ਗਿਆ ਹੈ, ਸਗੋਂ ਉਕਤ ਆਨਮਤੀ ਮੁਸਲਮਾਨ ਮਤ ਦਾ ਸਪੱਸ਼ਟ ਖੰਡਨ ਹੈ ਅਤੇ ਇਹ ਸਪੱਸ਼ਟਾਇਆ ਗਿਆ ਹੈ ਕਿ ਸੱਚੇ ਦੀਨਦਾਰ ਮੁਸਲਮਾਨ ਗੁਰਮਤਿ ਅਨੁਸਾਰ ਗੁਰਮਤਿ ਪ੍ਰਮਾਰਥੀ ਗੁਰਮੁਖਿ ਜਨ ਹੀ ਹਨ ਜੋ ਗੁਰੂ ਅਕਾਲ ਪੁਰਖ ਦੀ ਸਿਖਸ਼ਾ 'ਤੇ ਤੱਤਪਰ ਹੋ ਕੇ ਚਲਦੇ ਹਨ। ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਤ ਆਨਮਤਾਂ ਦਾ ਬੜੇ ਸ਼ੁਧ ਤਰੀਕੇ ਨਾਲ ਖੰਡਨ ਕਰਕੇ, ਮੁਖ ਗੁਰਮਤਿ ਧਾਰਨੀ ਪ੍ਰਮਾਰਥੀਆਂ ਦੇ ਮਤ ਨੂੰ ਹੀ ਰਖਿਆ ਹੈ।

---

*...੧੩।।੩।।੧੨।। [ਮਾਰੂ ਮ: ੫, ਪੰਨਾ ੧੦੮੪

# ੨੫. ਜੈਨੀ ਤੇ ਸਰੇਵੜੇ

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥ ਸੁਆਹੀ ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ ॥
ਓਨਾ ਪਿੰਡੁ ਨ ਪਤਲਿ ਕਿਰਿਆ ਨ ਦੀਵਾ ਮੁਏ ਕਿਥਾਊ ਪਾਹੀ ॥
ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥
ਝੁੰਡੀ ਪਾਇ ਬਹਨਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥
ਨਾ ਓਇ ਜੋਗੀ ਨਾ ਓਇ ਜੰਗਮ ਨ ਓਇ ਕਾਜੀ ਮੁੰਲਾ ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥
ਪਾਣੀ ਵਿਚਹੁ ਰਤਨ ਉਪੰਨੇ ਮੇਰੁ ਕੀਆ ਮਾਧਾਣੀ ॥
ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ ॥
ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ ॥
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ॥
ਨਾਨਕ ਸਿਰ ਖੁਥੇ ਸੈਤਾਨੀ ਏਨਾ ਗਲ ਨ ਭਾਣੀ ॥
ਵੁਠੈ ਹੋਇਐ ਹੋਇ ਬਿਲਾਵਲੁ ਜੀਆ ਜੁਗਤਿ ਸਮਾਣੀ ॥
ਵੁਠੈ ਅੰਨੁ ਕਮਾਦੁ ਕਪਾਹਾ ਸਭਸੈ ਪੜਦਾ ਹੋਵੈ ॥
ਵੁਠੈ ਘਾਹੁ ਚਰਹਿ ਨਿਤਿ ਸੁਰਹੀ ਸਾਧਨ ਦਹੀ ਵਿਲੋਵੈ ॥
ਤਿਤੁ ਘਿਇ ਹੋਮ ਜਗ ਸਦ ਪੂਜਾ ਪਇਐ ਕਾਰਜੁ ਸੋਹੈ ॥
ਗੁਰੂ ਸਮੁੰਦੁ ਨਦੀ ਸਭਿ ਸਿਖੀ ਨਾਤੈ ਜਿਤੁ ਵਡਿਆਈ ॥
ਨਾਨਕ ਜੇ ਸਿਰ ਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥੧॥੨੬॥
[ਸਲੋਕ ਮ: ੧, ਵਾਰ ਮਾਝ, ਪੰਨਾ ੧੪੯

ਇਸ ਸਮੁਚੇ ਗੁਰਵਾਕ ਦੁਆਰਾ ਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਗੱਜ ਵੱਜ ਕੇ, ਜੈਨੀਆਂ, ਸਰੇਵੜਿਆਂ ਦੇ ਪਖੰਡ ਮਤ ਨੂੰ ਖੰਡਨ ਕੀਤਾ ਹੈ। ਇਸ ਤੋਂ ਸਿਧ ਹੁੰਦਾ ਹੈ ਕਿ ਜੈਨੀਆਂ ਦਾ ਮਤ ਕਦਾਚਿਤ ਭੀ ਸਿਧ ਗਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਏਹਨਾਂ ਦੇ ਖੋਟੇ ਕਰਮ ਐਸੇ ਹਨ ਕਿ ਆਨਮਤੀ ਸੁਮੱਤੇ

ਲਗਦੇ ਹੀ ਨਹੀਂ। ਅਸੰਤ ਅਨਾੜੀ ਹੁੰਦੇ ਹੋਏ ਭੀ ਆਪਣੇ ਆਪ ਨੂੰ ਸਿੱਧ ਸੰਤ ਗਰਦਾਨੀ ਫਿਰਦੇ ਹਨ। ਏਹਨਾਂ ਬਿਚਾਰਿਆਂ ਦਾ ਕਸੂਰ ਭੀ ਕੀ ਹੈ, ਏਹਨਾਂ ਦੀ ਪਾਖੰਡੀ ਕਿਰਿਆ 'ਤੇ ਰੀਝ ਕੇ ਅਨਮਤ ਲੋਕਾਈ ਏਹਨਾਂ ਨੂੰ ਅਜੇ ਤਾਈਂ ਪੂਜਦੀ ਹੈ। ਐਥੇ ਤਾਈਂ ਦੇਖਣ ਵਿਚ ਆਇਆ ਹੈ ਕਿ ਕਈ ਕਚਘਰੜ ਸਿਖ ਭੀ ਏਹਨਾਂ ਜੈਨੀਆਂ ਸਰੇਵੜਿਆਂ ਨੂੰ ਸੰਤ ਹੀ ਗਰਦਾਨੀ ਫਿਰਦੇ ਹਨ। ਏਹਨਾਂ ਦੇ ਸੰਤ-ਮਤੇ ਦੀ ਅਸਲੀਅਤ ਮਾਹੀਅਤ ਨੂੰ ਬਹੁਤ ਸਾਰੇ ਗੁਰੂ ਨਾਨਕ ਸਾਹਿਬ ਦੇ ਸਿਖ ਸਦਾਉਣ ਵਾਲੇ ਕਰਮਚਾਰੀ ਲੀਡਰ ਭੀ ਨਹੀਂ ਪਛਾਣ ਸਕੇ। ਓਹ ਏਹਨਾਂ ਦੇ ਭੇਖ 'ਤੇ ਹੀ ਰੀਝ ਜਾਂਦੇ ਹਨ। ਗੁਰਮਤਿ ਤੱਤ ਮਾਰਗੀ, ਗੁਰਮਤਿ ਤੋਂ ਛੁਟ ਆਨਮਤ ਕਿਸੇ ਭੀ ਭੇਖ ਉਤੇ ਨਹੀਂ ਪਤੀਆਉਂਦੇ। ਜੋ ਪਤੀਆਉਂਦੇ ਹਨ ਓਹਨਾਂ ਨੂੰ ਅਨਿੰਨ ਸਿੱਖੀ ਪ੍ਰਾਪਤ ਨਹੀਂ ਹੋ ਸਕਦੀ। ਅਨਿੰਨ ਸਿੱਖੀ ਪ੍ਰਾਪਤ ਹੋਈ ਬਿਨਾਂ ਕਲਿਆਣ ਕਿਥੇ ? ਤੱਤ ਸਦਗਤੀ ਕਿਥੇ ? ਉਹ ਸੱਚਾ ਗੁਰਮਤਿ ਮਾਰਗੀ ਸਿਖ ਹੋ ਹੀ ਨਹੀਂ ਸਕਦਾ, ਜੋ ਆਨਮਤ ਭੇਖਾਂ ਉਤੇ ਭਰਮਦਾ ਫਿਰਦਾ ਹੈ। ਇਹ ਸੱਚ ਜਾਣੋ ਕਿ ਉਸ ਨੂੰ ਤੱਤ ਗੁਰਮਤਿ ਦੀ ਅਨਿੰਨਤਾ ਪ੍ਰਾਪਤ ਹੋ ਹੀ ਨਹੀਂ ਸਕਦੀ। ਗੁਰਮਤਿ ਮਤ ਦੇ ਅਨਿੰਨ ਤਿਆਰ-ਬਰ-ਤਿਆਰ ਸਿੰਘ ਸਜਾਉਣ ਲਈ ਹੀ ਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦਸਮੇਸ਼ ਜੀ ਨੇ ਜਿਸ ਗੁਰਮਤਿ ਗੁੜ੍ਹਤੀ ਦੁਆਰਾ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ, ਉਸ ਵਿਚ ਸਪੱਸ਼ਟ ਤੌਰ ਤੇ ਇਹ ਗੁਰਮਤਿ ਅਵਤੰਸੀ ਬੰਸਤਾ ਰਲਾਈ ਕਿ ਗੁਰੂ ਦਾ ਸਿੰਘ ਗੁਰਮਤਿ ਤੋਂ ਛੁਟ ਆਨਮਤ ਭੇਖਾਂ ਤੇ ਨਾ ਰੀਝੇ। ਆਨਮਤਾਂ ਉਪਰ ਰੀਝਣ ਵਾਲੇ ਨੂੰ ਗੁਰਮਤਿ ਦਾ ਮੂਲ-ਅੰਸੀ ਤੱਤ ਨਸੀਬ ਹੀ ਨਹੀਂ ਹੁੰਦਾ। ਇਹੀ ਨਹੀਂ ਕਿ ਖੰਡੇ ਦੇ ਅੰਮ੍ਰਿਤ ਵਿਚ ਇਸ ਆਨਮਤ ਤੱਤ-ਦਰਸੀ ਪਾਰਸ ਨੂੰ ਰਸਾਇਣ ਰੂਪ ਜਾਣ ਕੇ ਮਿਲਾਇਆ ਰਲਾਇਆ, ਬਲਕਿ ਅੰਮ੍ਰਿਤਧਾਰੀ ਗੁਰਸਿਖ ਨੂੰ ਪੰਜੇ ਅੰਮ੍ਰਿਤ ਦੀਆਂ ਬਾਣੀਆਂ ਦਾ ਨਿਤਨੇਮ ਪਾਠ ਕਰਨਾ ਪਰਸਿਧ ਕਰਕੇ ਜਣਾਇਆ ਅਤੇ ਸਪੱਸ਼ਟ ਤੌਰ ਤੇ ਹੁਕਮਾਇਆ। ਏਹਨਾਂ ਪੰਜਾਂ ਬਾਣੀਆਂ ਵਿਚੋਂ ਸੁਧਾ ਸਵਈਆਂ ਵਾਲੀ ਸ੍ਰੀ ਮੁਖ ਦਸਮੇਸ਼ ਬਾਣੀ ਇਕ ਪਾਰਸ ਰਸਾਇਣੀ ਖ਼ਾਸ- ਖ਼ਮੀਰ ਹੈ। ਪਹਿਲੇ ਸਵਈਏ ਵਿਚ ਹੀ ਸ੍ਰੀ ਦਸਮੇਸ਼ ਪਾਤਸ਼ਾਹ ਨੇ ਤੱਤ ਨਿਚੋੜ ਇਸ ਪ੍ਰਕਾਰ ਨਿਚੋੜਿਆ ਹੈ, ਯਥਾ–

ਸ੍ਰਾਵਗ ਸੁਧ ਸਮੂਹ ਸਿਧਾਨ ਕੇ ਦੇਖਿ ਫਿਰਿਓ ਘਰ ਜੋਗ ਜਤੀ ਕੇ ॥
ਸੂਰ ਸੁਰਾਰਦਨ ਸੁਧ ਸੁਧਾਦਿਕ ਸੰਤ ਸਮੂਹ ਅਨੇਕ ਮਤੀ ਕੇ ॥
ਸਾਰੇ ਹੀ ਦੇਸ ਕੋ ਦੇਖਿ ਰਹਿਓ ਮਤ ਕੋਊ ਨ ਦੇਖੀਅਤ ਪ੍ਰਾਨਪਤੀ ਕੇ ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ ॥੧॥੨੧॥

[ਤ੍ਵਪ੍ਰਸਾਦਿ ਸਵੱਯੇ ਪਾ: ੧੦

'ਇਸ ਸਵਈਏ ਦੇ ਭਾਵ ਤੋਂ ਸਾਫ਼ ਸਪੱਸ਼ਟ ਹੈ ਕਿ ਤਿਆਰ-ਬਰ-ਤਿਆਰ

ਸਿੰਘਾਂ ਲਈ ਕਿਸੇ ਭੀ ਮਤ ਦੇ ਭੇਖੀ ਨੂੰ ਪੰਤ ਸਮਝ ਕੇ ਮੰਨਣਾ ਮਹਾਂ ਮਨਮਤਿ ਹੈ। ਉਸ ਨੂੰ ਤੱਤ ਗੁਰਮਤਿ ਪ੍ਰਾਪਤ ਹੀ ਨਹੀਂ ਹੋ ਸਕਦੀ। ਉਹ ਗੁਰਸਿੱਖੀ ਦੇ ਮਾਰਗ 'ਤੇ ਚਲਣ ਦਾ ਅਧਿਕਾਰੀ ਹੀ ਨਹੀਂ, ਜੋ ਆਨਮਤ ਭੇਖੀਆਂ ਨੂੰ ਸਾਧ ਸੰਤ ਸਮਝ ਕੇ ਭਰਮਦਾ ਭਟਕਦਾ ਫਿਰਦਾ ਹੈ। ਦੇਖੋ ਇਸ ਸਵਈਏ ਵਿਚ ਸਪੱਸ਼ਟਤਾ ਸਹਿਤ ਨਿਰੂਪਣ ਕੀਤਾ ਗਇਆ ਹੈ ਕਿ ਸ੍ਰਾਵਗ ਸਿਧ ਆਦਿ ਅਸੀਂ ਹਰ ਪ੍ਰਕਾਰ ਦੇ ਭੇਖ ਅਛੀ ਤਰ੍ਹਾਂ ਖੜਕਾ ਕੇ ਦੇਖ ਲਏ। ਏਹਨਾਂ ਵਿਚੋਂ ਕੋਈ ਭੀ ਸਾਰ-ਗਰਾਹੀ ਨਹੀਂ ਹੋ ਸਕਦਾ। ਸਾਰ-ਗਰਾਹੀ ਤਾਂ ਕੀ ਹੋਣਾ ਸੀ, ਏਹਨਾਂ ਦੀ ਤਾਂ ਭਰਮ-ਪਖੰਡਾਂ ਵਿਚੋਂ ਨਿਕਲਣ ਦੀ ਆਸ ਹੀ ਕੋਈ ਨਹੀਂ। ਸਭ ਤੋਂ ਪਹਿਲਾਂ ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਜੀ ਨੇ ਸਰੇਵੜਿਆਂ, ਜੈਨੀਆਂ ਬਾਰੇ ਦਸਿਆ ਹੈ ਕਿ ਆਪਣੇ ਆਪ ਨੂੰ ਸਭ ਸੁਧ ਪਵਿਤਰ ਗਰਦਾਨਣ ਵਾਲੇ ਜੈਨੀ ਸਰੇਵੜੇ ਸ੍ਰਾਵਗੀ ਬੋਧ ਮਤੀ ਪਰਮ ਪਖੰਡੀ ਹਨ। ਉਸ ਤੋਂ ਪਿਛੋਂ ਸਮੂਹ ਸਿਧਾਂ ਜੋਗੀਆਂ ਨੂੰ, ਜੋ ਆਪਣੇ ਆਪ ਨੂੰ ਜਤੀ ਕਹਾਉਣ ਦੇ ਅਭਿਮਾਨੀ ਹਨ, ਓਹਨਾਂ ਨੂੰ ਪਰਬੋਧਿਆ ਹੈ। ਇਹ ਜਤੀ ਸਦਾਉਣਹਾਰੇ ਜੋਗੀਆਂ ਸਿੱਧਾਂ ਦੇ ਭੇਖੀ ਘਰ ਨੂੰ ਖ਼ੂਬ ਸੋਧ ਸਾਧ ਕੇ ਗੁਰੂ ਦਸਮੇਸ਼ ਸਾਹਿਬ ਨੇ ਇਹ ਸਿੱਟਾ ਕਢਿਆ ਹੈ ਕਿ ਏਹਨਾਂ ਵਿਚ ਨਿਰਾ ਭਰਮ ਹੀ ਭਰਮ ਹੈ ਤੇ ਪਾਖੰਡ ਹੀ ਪਾਖੰਡ ਹੈ। ਤੱਤ-ਸਾਰ ਗੁਰਮਤਿ ਦੀ ਰਾਈ ਮਾਤਰ ਭੀ ਏਹਨਾਂ ਅੰਦਰ ਨਹੀਂ। ਦੇਖੋ ਸਭ ਤੋਂ ਬਹੁਤੀ ਇਹ ਅਚਰਜ ਗੱਲ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਭੀ ਏਹਨਾਂ ਹੀ ਅਨਮਤੀ ਭੇਖਾਂ ਉਤੇ ਸਭ ਤੋਂ ਵਧ ਕੇ ਪਰਬੋਧਨ ਮਈ ਰਗੜਾ ਚਾੜ੍ਹਿਆ ਹੈ। ਸਿਧ ਗੋਸਟਿ ਆਦਿਕ ਹੋਰ ਅਨੇਕ ਪ੍ਰਕਾਰ ਦੀ ਗੁਰਬਾਣੀ ਦੁਆਰਾ ਏਹਨਾਂ ਹਠਜੋਗ ਵਾਲੇ ਜੋਗੀਆਂ ਨੂੰ ਬੜੇ ਹੀ ਨਿਰਾਲੇ ਤੌਰ 'ਤੇ ਪਰਬੋਧ ਪਰਬੋਧ ਕੇ ਸੋਧਿਆ ਹੈ। ਜਿਸ ਤੋਂ ਇਹ ਗੱਲ ਨਿਸਚੇ ਕਰਕੇ ਜਾਣ ਲੈਣੀ ਚਾਹੀਦੀ ਹੈ ਕਿ ਉਹਨਾਂ ਭਰਮੀਆਂ ਭੇਖੀਆਂ ਪ੍ਰਚਾਰਕਾਂ ਦੇ ਮੂੰਹ ਉਤੇ ਬੜੀ ਹੀ ਕ਼ਸਵੀਂ ਚਪੇੜ ਮਾਰੀ ਹੈ, ਜੋ ਇਸ ਗੱਲ ਦੇ ਕਥਨ ਵਿਚ ਰੰਚਕ ਮਾਤਰ ਭੀ ਸ਼ਰਮ ਨਹੀਂ ਖਾਂਦੇ ਕਿ ਏਸ ਵਿਸ਼ੇ ਪ੍ਰਥਾਇ ਗੁਰੂ ਨਾਨਕ ਤੇ ਗੁਰੂ ਦਸਮੇਸ਼ ਜੀ ਦੇ ਅਸੂਲਾਂ ਦਾ ਬੜਾ ਹੀ ਫ਼ਰਕ ਹੈ। ਓਹ ਇਹ ਸਮਝਦੇ ਹਨ ਤੇ ਇਹੋ ਜਣਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਦੀ ਬਾਣੀ ਹੀ ਇਸ ਪ੍ਰਕਾਰ ਦੀ ਕਰੜਾਈ ਦਸਦੀ ਹੈ ਜੋ ਆਮ ਜਗਿਆਸੂਆਂ ਤੋਂ ਝਲੀ ਨਹੀਂ ਜਾ ਸਕਦੀ, ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਤਾਂ ਸੁਲਹਕੁਲ ਬਾਣੀ ਹੈ। ਦੇਖੋ ਉਪਰ ਲਿਖੇ ਗੁਰ-ਪ੍ਰਮਾਣ ਅੰਦਰ ਜੋ ਜੋ ਕਰੜੇ ਪਦ (ਲਫ਼ਜ਼) ਗੁਰੂ ਨਾਨਕ ਸਾਹਿਬ ਜੀ ਨੇ ਜੈਨੀਆਂ ਸਰੇਵੜਿਆਂ ਨੂੰ ਪਰਬੋਧਨ ਲਈ ਵਰਤੇ ਹਨ, ਉਹ ਗੁਰੂ ਦਸਮੇਸ਼ ਜੀ ਨੇ ਕਿਤੇ ਭੀ ਨਹੀਂ ਵਰਤੇ। ਪ੍ਰੰਤੂ ਗੁਰਸਿੱਖ ਸਜਣਾਂ ਨੂੰ, ਗੁਰਮਤਿ **ਧਾਰਨੀ** ਸਿੰਘਾਂ ਨੂੰ ਡਾਂਟਿਆ ਜ਼ਰੂਰ ਹੈ ਕਿ ਏਹਨਾਂ ਭੇਖ-ਧਾਰੀਆਂ ਉਪਰ ਅਨਿੰਨ ਗੁਰਸਿੱਖ ਸਿੰਘ ਸਜਣਾਂ ਨੂੰ ਕਦੇ ਭੀ ਨਹੀਂ ਪਤੀਜਣਾ ਰੀਝਣਾ ਚਾਹੀਦਾ।

ਜ ਜਨ ਗੁਰਮਤਿ ਮਤ ਦੇ ਧੀਂਗੋ ਧੀਂਗੀ ਦੇ ਸਾਧ ਸੰਤ ਕਹਾ ਕੇ ਏਸ ਪ੍ਰਕਾਰ ਦਾ ਧੋਖਾ-ਦੇਹ ਪਰਚਾਰ ਕਰਦੇ ਹਨ ਕਿ 'ਸੰਤ ਸਮੂਹ ਅਨੇਕ ਮਤੀ ਕੇ' ਵਾਲੀ ਅਧ ਪੰਗਤੀ ਸਾਰੇ ਹੀ ਮਤਾਂ ਭੇਖਾਂ ਵਾਲੇ ਸੰਤਾਂ ਨੂੰ ਸਰੇਸ਼ਟ ਕਰਕੇ ਵਿਦਤਾਉਂਦੀ ਹੈ, ਓਹ ਮਹਾਂ ਅਪਰਾਧ ਕਰ ਰਹੇ ਹਨ। ਇਸ ਦੁਆਰਾ ਤਾਂ ਸਪੱਸ਼ਟ ਤੌਰ 'ਤੇ ਗੁਰੂ ਸਾਹਿਬ ਨੇ (ਸ੍ਰੀ ਗੁਰੂ ਦਸਮੇਸ਼ ਜੀ ਨੇ) ਤਾਂ ਆਪੋਂ ਬਣ ਬੈਠੇ ਸਮੂਹ ਆਨਮਤੀ ਸੰਤਾਂ ਦੇ ਭੇਖਾਂ ਦਾ ਖੰਡਨ ਕੀਤਾ ਹੈ, ਨਾ ਕਿ ਮੰਡਨ। ਗੁਰਮਤਿ ਤੋਂ ਛੁਟ ਹੋਰ ਅਨੇਕ ਮਤੀਆਂ ਕੁਮਤੜੀਆਂ ਵਾਲੇ ਸਮੁਚੇ ਹੀ ਸੰਤ ਗੁਰਮਤਿ ਤੋਂ ਗੁਮਰਾਹ ਹਨ ਅਤੇ ਆਪਣੀ ਆਨਮਤ ਭੇਖਤਾ ਦੁਆਰਾ ਗੁਮਰਾਹ-ਕੁਨ ਪ੍ਰਾਪੇਗੰਡਾ ਕਰਦੇ ਹਨ। ਤੀਸਰੀ ਪੰਗਤੀ ਨੇ ਤਾਂ ਸਾਫ਼ ਹੀ ਸਪੱਸ਼ਟਾ ਦਿਤਾ ਕਿ ਸਾਰੇ ਹੀ ਦੇਸ ਦਿਸਾਂਤਰਾਂ ਦੇ ਮਤ ਮਤਾਂਤਰਾਂ ਅੰਦਰ ਪਾਖੰਡ ਹੀ ਪਾਖੰਡ ਹੈ। ਗੁਰਮਤਿ ਤੱਤ ਪਰਚੰਡਨਾ ਅੰਸ ਮਾਤਰ ਭੀ ਓਹਨਾਂ ਵਿਚ ਨਹੀਂ। ਓਹਨਾਂ ਵਿਚੋਂ ਪ੍ਰਾਣਪਤੀ ਪ੍ਰੀਤਮ ਪਰਮਾਤਮਾ ਦਾ ਦਰਸ਼ਨ ਮਤ ਇਕ ਭੀ ਨਹੀਂ। ਇਹ ਠੋਕ ਬਜਾ ਕੇ ਅਜ਼ਮਾ ਅਜ਼ਮਾ ਕੇ ਅਸੀਂ ਦੇਖ ਲਿਆ ਹੈ। ਏਹਨਾਂ ਦੇ ਅੰਦਰ ਪ੍ਰਮਾਰਥੀ ਪ੍ਰੇਮ ਪ੍ਰੀਤ ਦੀ ਰੱਤੀ ਮਾਤਰ ਭੀ ਸਚਾਈ ਨਹੀਂ।

ਬੜੇ ਹੀ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਏਹਨਾਂ ਸਵਈਆਂ ਦੇ ਨਿਤਨੇਮੀ ਗੁਰਮਤਿ ਧਾਰਨੀ ਪ੍ਰੇਮੀ, ਭੇਖੀ ਭਰਮੀ ਮਤੀਸਰਾਂ ਉਤੇ ਡੋਲਣ ਤਾਂ ਕਿਉਂ ਡੋਲਣ। ਡੋਲਣ ਵਾਲਿਆਂ ਦੀ ਬੜੀ ਹੀ ਅਧੋਗਤੀ ਹੈ, ਉਹ ਕਦੇ ਭੀ ਸੂਧੇ ਮਾਰਗ, ਸੱਚੇ ਗੁਰਮਤਿ ਮਾਰਗ 'ਤੇ ਆ ਨਹੀਂ ਸਕਦੇ। ਸਾਡੇ ਦੇਖਣ ਪਰਖਣ ਵਿਚ ਕਈ ਅਜਿਹੇ ਅੰਮ੍ਰਿਤਧਾਰੀ ਸਿੱਖ ਸਜਣ ਭੀ ਆਏ ਹਨ ਜੋ ਅਜਿਹਿਆਂ ਅਨਮਤੀਆਂ ਪਖੰਡੀਆਂ ਭੇਖੀਆਂ ਨੂੰ ਸੰਤ ਹੀ ਸ਼ੁਮਾਰ ਕਰੀ ਫਿਰਦੇ ਹਨ। ਇਹ ਉੱਕਾ ਹੀ ਗੁਰੂ ਸਾਹਿਬਾਨ ਦੀ ਦਰਸਾਈ ਤੱਤ ਗੁਰਮਤਿ ਤੋਂ ਪ੍ਰਤਿਕੂਲ ਹੈ। ਜਿਨ੍ਹਾਂ ਗੁਰਸਿਖਾਂ ਅੰਦਰ ਇਹ ਅਨਿੰਨ ਸ਼ਰਧਾ ਨਹੀਂ ਉਪਜੀ ਕਿ ਗੁਰਮਤਿ ਮਾਰਗ ਉਤੇ ਚਲਣ ਵਾਲੇ ਤੱਤ ਗੁਰਮਤਿ-ਮਾਰਗੀਆਂ ਤੋਂ ਛੁਟ ਹੋਰ ਕਿਸੇ ਭੀ ਆਨਮਤ ਮਾਰਗ ਵਾਲੇ ਭੇਖੀ ਸੰਤ ਸਾਧ ਉੱਕੇ ਹੀ ਨਹੀਂ, ਓਹਨਾਂ ਨੂੰ ਗੁਰਮਤਿ ਦੇ ਉਚ ਪ੍ਰਮਾਰਥ ਦੀ ਚੜ੍ਹਦੀ ਕਲਾ ਵਾਲਾ ਔਜ ਕਦੇ ਭੀ ਪ੍ਰਾਪਤ ਨਹੀਂ ਹੋ ਸਕਦਾ। ਇਸੇ ਕਰਕੇ ਹੀ ਅਸੀਂ ਅਨੇਕਾਂ ਗੁਰਮਤਿ-ਮਾਰਗੀ ਅੰਮ੍ਰਿਤਧਾਰੀ ਸਿੰਘਾਂ ਨੂੰ ਡਕੋ ਡੋਲੇ ਖਾਂਦੇ ਦੇਖਿਆ ਪਰਖਿਆ ਹੈ। ਗੁਰੂ ਸਾਹਿਬ ਨੇ ਤਾਂ ਓਹਨਾਂ ਸੁਰ ਨਰ ਮੁਨ ਜਨਾਂ ਨੂੰ ਖੰਡ ਪਰਚੰਡ ਸਿਟਿਆ, ਜਿਨ੍ਹਾਂ ਨੂੰ ਕਿ ਹਿੰਦੂ ਮਤ ਵਾਲੇ ਸੰਤ ਹੀ ਨਹੀਂ ਤਸੱਵਰ ਕਰਦੇ, ਬਲਕਿ ਅਜਿੱਤ ਸੂਰਮੇ ਅਤੇ ਸਿਰਕੱਢ ਦੇਵਤੇ ਕਰਕੇ ਮੰਨਦੇ ਹਨ। ਆਨਮਤ ਵਾਲਾ ਕੋਈ ਸਾਧ ਤੇ ਸੰਤ ਨਹੀਂ ਛਡਿਆ, ਸਭ ਨੂੰ ਭੇਖੀ ਭਰਮੀ ਭਗਤ ਕਰਮੀ ਕਨਿਸ਼ਟ ਧਰਮੀ ਹੀ ਸਿਧ ਕੀਤਾ ਹੈ। ਕੇਵਲ ਉਹੀ ਤੱਤ ਗੁਰਮਤਿ ਧਾਰਨੀ ਅਨਿੰਨ ਗੁਰਮੁਖ ਸਿੰਘ ਸਜਣ ਹੀ ਏਸ ਇੱਲਤ ਤੋਂ ਬਚੇ ਹੋਏ ਹਨ ਜਿਨ੍ਹਾਂ ਉਪਰ ਸ੍ਰੀ ਭਗਵਾਨ ਵਾਹਿਗੁਰੂ ਪਰਮਾਤਮਾ ਦੀ ਖ਼ਾਸ ਕਿਰਪਾ ਹੋਈ।

# ੨੬. ਰਾਜਸੀ ਠਾਠ

ਦੂਜੇ ਸੁਧਾ ਸਵਯੇ ਅੰਦਰ ਗੁਰੂ ਸਾਹਿਬ ਨੇ ਆਪਣੇ ਅਨਿੰਨ ਗੁਰਸਿੱਖਾਂ ਤਾਈਂ ਇਸ ਬਿੱਦਤ ਤੋਂ ਹੋੜਿਆ ਹੈ ਕਿ ਉਹ ਬੜੀ ਬੜੀ ਰਾਜਸੀ ਐਸ੍ਵਰਜਤਾ ਦੇ ਅਡੰਬਰਾਂ ਵਾਲੇ ਰਾਜਿਆਂ ਮਹਾਰਾਜਿਆਂ, ਭੂਪਾਂ ਭੂਪਿੰਦਰਾਂ, ਲੋਕ-ਪਰਧਾਨਤਾ ਵਾਲੇ ਬੜੇ ਬੜੇ ਪਰਸਿਧ ਨੇਤਾਵਾਂ ਨੂੰ ਵੇਖ ਕੇ ਭਰਮ ਨ ਜਾਣ ਅਤੇ ਉਹਨਾਂ ਦੇ ਪਿਛੇ ਰੀਝ ਪੀਝ ਕੇ ਆਪਣੀ ਸਰਲ ਅਨਿੰਨਤਾ ਵਾਲੇ ਪ੍ਰਮਾਰਥੀ ਅਨਸਰ ਤੋਂ ਬੇਮੁਖ ਨ ਹੋ ਬੈਠਣ ਅਤੇ ਤੱਤ ਗੁਰਮਤਿ ਨੂੰ ਪਿਠ ਨ ਦੇ ਬੈਠਣ, ਉਚ ਉਚਾਣੀ ਮਾਇਕ ਲਾਲਚਾਂ ਦੇ ਕਾਰਨ ਲਲਚਾ ਕੇ ਗੁਰਮਤਿ ਗਰੀਬੀ ਤੋਂ ਮੁਨਹਰਫ਼ ਨ ਹੋ ਜਾਣ। ਗੁਰਮਤਿ ਗਰੀਬੀ ਦੀ ਤੱਤ ਰਹਿਤ ਦੇ ਸਾਹਮਣੇ ਰਾਜਸੀ ਦਿਖਾਵੇ ਵਾਲੇ ਔਜ ਚਾਹੇ ਕਿਤਨੇ ਉਚੇ ਤੋਂ ਉਚੇ ਭਾਸਦੇ ਹੋਣ, ਤੁਛ ਮਾਤਰ ਹਨ। ਗੁਰਮਤਿ ਧਾਰਨੀ ਗੁਰਮੁਖਿ ਦੇ ਰੋਮ ਰੋਮ ਅੰਦਰ ਗਹਿਰੀ ਤੋਂ ਗਹਿਰੀ ਗੰਭੀਰੀ ਗਰੀਬੀ ਪਰਵੇਸ਼ ਹੁੰਦੀ ਹੈ। ਜਿਉਂ ਜਿਉਂ ਉਹ ਗੁਰਮਤਿ ਨਾਮ ਦੇ ਤੱਤ ਅਭਿਆਸੀ ਬਣਦੇ ਜਾਂਦੇ ਹਨ, ਤਿਉਂ ਤਿਉਂ ਨਿਰਮਾਣਤਾ ਦੇ ਹੀ ਪੁੰਜ ਹੁੰਦੇ ਜਾਂਦੇ ਹਨ। ਤਿਸ ਦੇ ਮੁਕਾਬਲੇ ਵਿਚ ਗੁਰਮਤਿ ਗੌਰਵਤਾ ਤੋਂ ਘੁਥੇ ਹੋਏ ਰਾਜਸੀ ਪੋਜ਼ੀਸ਼ਨਾਂ ਦੇ ਪਿਛੇ ਲਗਣ ਵਾਲੇ ਤ੍ਰਿਸ਼ਨਾਲੂਆਂ ਦੇ ਅੰਦਰ ਨਿਰਾ ਅਹੰਕਾਰ ਤੇ ਅਭਿਮਾਨ ਹੀ ਆ ਜਾਂਦਾ ਹੈ। ਗੁਰਮਤਿ ਰੌਸ਼ਨੀ ਤਲੇ ਇਹ ਅਭਿਮਾਨੀ ਨਿਰੇ ਨਰਕ-ਪਾਤਰ ਨਫ਼ਸਾਨੀ ਕੁੱਤੇ ਹੀ ਸ਼ੁਮਾਰ ਕੀਤੇ ਜਾਂਦੇ ਹਨ। ਯਥਾ ਗੁਰਵਾਕ :

ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕ ਪਾਤੀ ਹੋਵਤ ਸੁਆਨੁ ॥੧॥੧੨॥

[ਸੁਖਮਨੀ, ਪੰਨਾ ੨੭੮

ਦੇਖੋ ਸ੍ਰੀ ਦਸਮੇਸ਼ ਜੀ ਦੂਜੇ ਸਵਈਏ ਅੰਦਰ ਆਪਣੇ ਸ੍ਰੀ ਮੁਖ ਵਾਕ ਦੁਆਰਾ ਏਹਨਾਂ ਮਾਨ-ਮਤਿਆਂ ਰਾਜ-ਅਭਿਮਾਨੀਆਂ ਦੀ ਕੈਸੀ ਗਤਿ ਬਣਾਉਂਦੇ ਹਨ, ਯਥਾ :

ਮਾਤੇ ਮਤੰਗ ਜਰੇ ਜਰ ਸੰਗਿ ਅਨੂਪ ਉਤੰਗ ਸੁਰੰਗ ਸਵਾਰੇ ॥
ਕੋਟਿ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੌ ਜਾਤ ਨਿਵਾਰੇ ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬੀਚਾਰੇ ॥
ਏਤੇ ਭਏ ਤੁ ਕਹਾ ਭਏ ਭੂਪਤਿ ਅੰਤ ਕੌ ਨਾਂਗੇ ਹੀ ਪਾਂਇ ਪਧਾਰੇ ॥੨॥੨੨॥

ਸੋ ਬੜੇ ਬੜੇ ਐਸ੍ਵਰਜ ਵਾਲੇ ਪੁਰਸ਼ ਮਤੇ ਹੋਏ ਅਜਿਹੇ ਹਾਥੀਆਂ ਦੇ ਮਾਲਕ ਹਨ, ਜੋ ਸੋਨੇ ਨਾਲ ਜੜ੍ਹੇ ਹੋਏ ਹੁੰਦੇ ਹਨ, ਬੜੇ ਬੜੇ ਉਚੇ ਉਚੇ ਕੱਦਾਂ ਵਾਲੇ ਸੋਨੇ ਨਾਲ ਸਜਾਏ ਹੋਏ, ਉਪਮਾ ਤੋਂ ਰਹਿਤ ਰੰਗੀਲੀ ਸਜਾਵਟ ਵਾਲੇ ਹੁੰਦੇ ਹਨ। ਜਿਨ੍ਹਾਂ ਰਾਜਸੀ ਵਡ ਗਿਰੰਬਾਰੀ ਐਸ੍ਵਰਾਜੀਆਂ ਪਾਸ ਕਰੋੜਾਂ ਹੀ ਘੋੜੇ ਐਸੇ ਹੁੰਦੇ ਹਨ ਜੋ ਤੁਰਨ ਵਿਚ ਹਰਨਾਂ ਦੀ ਨਿਆਈਂ ਕੁਦਦੇ ਜਾਂਦੇ ਹਨ ਤੇ ਤੁਰਨ ਦੀ ਤੇਜ਼ੀ ਵਿਚ ਪਉਣ ਦੇ ਵੇਗ ਨੂੰ ਭੀ ਮਾਤ ਪਾਂਦੇ ਜਾਂਦੇ ਹਨ। ਜਿਨ੍ਹਾਂ ਨੂੰ, ਬੜੇ ਬੜੇ ਐਸ੍ਵਰਜ ਸੰਪਤਾ ਦੇ ਮਾਲਕਾਂ ਨੂੰ ਭਾਰੀ

ਭੁਜਾਨ ਕੇ ਭੂਪ ਭਲੀ ਭਾਂਤ ਸਿਰ ਨਿਵਾਉਂਦੇ ਤੇ ਜੁਹਾਰ ਕਰਦੇ ਨਹੀਂ ਥਕਦੇ, ਇਸ ਬਿਧਿ ਨਿਵਣ ਨੂੰ ਆਪਣੀ ਹਾਨੀ ਕਰਕੇ ਨਹੀਂ ਜਾਣਦੇ, ਏਨੇ ਵਡੇ ਭੂਪਤਾਂ ਦੇ ਭੂਪ ਜੋ ਹੋਏ ਹਨ, ਉਹਨਾਂ ਦਾ ਹਸ਼ਰ ਅੰਤੀ ਅਉਸਰ ਇਹ ਹੋਇਆ ਹੈ ਕਿ ਨਾਂਗੇ ਪਾਇ ਹੀ ਪਧਾਰ ਜਾਂਦੇ ਹਨ।

ਅਜਿਹੇ ਮਾਨਧਾਰੀਆਂ ਤੇ ਕੂੜਾਵੇ ਦੇ ਹਸ਼ਰਾਵੀਆਂ ਦੀ ਐਂਠ ਐਂਠ ਕੇ ਵਿਡਾਣੀ ਚਾਕਰੀ ਕਰਨ ਦੇ ਫ਼ਖ਼ਰ ਕਰਨਹਾਰਿਆਂ ਨੂੰ, ਖ਼ਾਸ ਕਰਕੇ ਗੁਰਸਿਖ ਲੀਡਰਾਂ ਨੂੰ ਖ਼ਾਸ ਇਬਰਤ ਹੋਣੀ ਚਾਹੀਦੀ ਹੈ। ਜੇ ਇਸ ਸਵਈਏ ਦਾ ਗੁਰਮਤਿ ਵੀਚਾਰ ਪੂਰਬਕ ਨਿਤਾਰਨ ਲਈ ਅਧੈਨ ਕੀਤਾ ਜਾਵੇ ਤਾਂ ਕੋਈ ਭੀ ਗੁਰਸਿਖ ਹਾਜਸੀ ਅੰਜ ਵਲ ਧਾਵਨੀਆਂ ਕਰਨ ਦਾ ਨਾਉਂ ਨ ਲਵੇ। ਏਹਨਾਂ ਅਗੇ ਭਾਵੇਂ ਨਵਾਬੀਆਂ ਗਵਰਨਰੀਆਂ ਰੁਲਦੀਆਂ ਫਿਰਨ, ਅਜਿਹੀਆਂ ਸੰਸਾਰਕ ਉਚ-ਪੁਜ਼ੀਸ਼ਨਾਂ ਦੇ ਬਾਵਜੂਦ ਭੀ ਜੋ ਤ੍ਰਿਸ਼ਨਾਲੂ ਨ ਬਨਣ, ਓਹਨਾਂ ਦੇ ਅੰਦਰ ਹੀ ਸਚੀ ਗੁਰਮਤਿ ਆਉਂਦੀ ਹੈ। ਗੱਲ ਕੀ, ਭਗਵਾਨ ਦੇ ਸੱਚੇ ਭਜਨ ਨੂੰ ਛਡ ਕੇ, ਜੋ ਨਿਰੇ ਨਿਰਲੱਜ ਹੋ ਕੇ ਏਹਨਾਂ ਕੂੜਾਵੀਆਂ ਮਰਾਤਬੇ-ਪ੍ਰਸਤੀਆਂ ਵਿਚ ਪੈਂਦੇ ਹਨ, ਓਹ ਗੁਰੂ ਸਾਹਿਬ ਦੀ ਤੱਤ ਸਿਖਿਆ 'ਤੇ ਚਲਣ ਵਾਲੇ ਸਿਖ ਨਹੀਂ ਕਹਾ ਸਕਦੇ। ਗੁਰੂ ਸਾਹਿਬ ਦਾ ਕੈਸਾ ਸਪੱਸ਼ਟ ਹੁਕਮ ਹੈ—"ਨਾਨਕ ਹੋਰਿ ਪਾਤਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ"* ਭਾਵ ਨਾਮ ਰਤੜੇ ਬੇਪਰਵਾਹ ਬੇਮੁਥਾਜ ਪਾਤਸ਼ਾਹਾਂ ਦੇ ਨਜ਼ਰ ਤਲੇ ਕੂੜਾਵੀਆਂ ਮਾਇਕ ਪਾਤਸ਼ਾਹੀਆਂ ਹੇਚ ਹਨ।

ਤੀਸਰੇ ਸੁਧਾ ਸਵਈਏ ਅੰਦਰ ਭੀ ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਗੁਰਸਿੱਖਾਂ ਦੀ ਦ੍ਰਿਸ਼ਟੀ ਗੋਚਰ ਕੈਸਾ ਭਿਅੰਕਰ ਦ੍ਰਿਸ਼ ਏਹਨਾਂ ਪਾਤਸ਼ਾਹਾਂ ਦਾ ਬੰਨ੍ਹਿਆ ਹੈ, ਯਥਾ—

ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ ॥
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੈਂ ਹਯਰਾਜ ਹਜਾਰੇ ॥
ਭੂਤ ਭਵਿਖ ਭਵਾਨ ਕੇ ਭੂਪਤਿ ਕਉਨੁ ਗਨੈ ਨਹੀ ਜਾਤ ਬਿਚਾਰੇ ॥
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤ ਕੇ ਧਾਮ ਸਿਧਾਰੇ ॥੩॥੨੩॥

ਸਾਰੇ ਪਾਸੇ ਤੇ ਕੂੰਟਾਂ ਤੇ ਦੇਸ਼-ਦਿਸ਼ਾਂਤਰਾਂ ਨੂੰ ਜਿੱਤ ਕੇ ਜੈ-ਬਿਜੇ ਦਾ ਸਿਹਰਾ ਲਈ ਫਿਰਨ ਵਾਲਿਆਂ ਨੂੰ ਭੀ ਗੁਰੂ ਸਾਹਿਬ ਨੇ ਬੜਾ ਹੀ ਹਕੀਰ ਤੇ ਕੰਗਲਾ ਜਣਾਇਆ ਹੈ। ਉਹਨਾਂ ਵਿਚ ਨਿਰੀ ਹਮਾਕਤ ਵਧਦੀ ਹੈ। ਹਮਾਕਤ ਦੇ ਬਫ਼ਾਏ ਹੋਏ ਉਹ ਕਿਸੇ ਦੇਸ਼ ਦੀ ਜੈ-ਬਿਜੇ ਕਰ ਕੇ ਆਪਣੇ ਜਾਮੇ ਵਿਚਿ ਮਿਉਂਦੇ ਨਹੀਂ, ਖ਼ੁਸ਼ੀ ਦੀਆਂ ਆਕੜਾਂ ਵਿਚ ਢੋਲ ਮਿਰਦੰਗ ਨਗਾਰੇ ਹੋਰ ਵਧੇਰੇ ਵਜਾਉਂਦੇ ਫਿਰਦੇ ਹਨ, ਅਨੇਕਾਂ ਐਟਮ ਬੰਬ ਦੇ ਧਮਕਾਰੇ ਧੁਮਾਉਂਦੇ ਹਨ। ਦੂਜੇ ਪਾਸੇ ਦੇ ਹਮਾਕਤੀ ਭੇੜੂ

* ੧੧॥ ਸਲੋਕ ਵਾਰਾਂ ਤੇ ਵਧੀਕ ਮ: ੩, ਪੰ: ੧੪੧੩

ਰਾਜੇ ਹਾਈਡਰੋਜਨ ਆਦਿ ਬੰਬਾਂ ਦੇ ਤਿਆਰੇ ਕਰਦੇ ਫਿਰਦੇ ਹਨ। ਇਸ ਬਿਧਿ ਹੰਕਾਰੇ ਫੁੰਕਾਰੇ ਹੋਏ ਆਪਸ ਵਿਚ ਖਹਿ ਖਹਿ ਮਰਨ ਦੇ ਕੂੜਾਵੇ ਬੰਗਾਰੇ ਬੰਗਾਰਦੇ ਹਨ। ਪੁਰਾਤਨ ਰਾਜੇ ਰਾਜੇਸ਼ਰਾਂ ਦੇ ਦੇਸ਼-ਦਿਸੰਤਰੀ ਜੈ-ਬਿਜਈਆਂ ਦੇ ਤਬੇਲਿਆਂ ਅੰਦਰ ਤਾਂ ਬੜੇ ਬੜੇ ਕਵੀ ਹੈਂਕਲ ਹਾਥੀ ਗੱਜਦੇ ਸਨ ਤੇ ਕੋਤਲ ਘੋੜੇ ਰਾਜ ਹਜ਼ਾਰੇ ਹਾਥੀਆਂ ਦੇ ਕੱਦਾਂ ਵਾਲੇ ਹਿਣਕਦੇ ਫਿਰਦੇ ਸਨ। ਅੱਜ ਕਲ੍ਹ ਦੇ ਰਾਜ-ਅਭਿਮਾਨੀਆਂ ਦੇ ਘਰੀਂ ਐਟਮ ਬੰਬਾਂ, ਹਾਈਡਰੋਜਨ ਬੰਬਾਂ ਦੇ ਗੰਜਾਂ ਦੇ ਗੰਜ ਉਸਰੇ ਪਏ ਹਨ। ਪਿਛੇ, ਪਿਛਲੇ ਜੁਗਾਂ ਵਿਚ ਏਦੂੰ ਭੀ ਵਡੀਆਂ ਤਾਕਤਾਂ ਵਾਲੇ ਮਹੀਪ ਹੋ ਚੁਕੇ ਹਨ ਤੇ ਅਗੇ ਨੂੰ ਖ਼ਬਰ ਨਹੀਂ ਹੋਰ ਕਿਤਨੀਆਂ ਵਡੀਆਂ ਤਾਕਤਾਂ ਵਾਲੇ ਦੁਨੀਆਦਾਰ ਵਡੇ ਰਾਜੇ ਹੋ ਗੁਜ਼ਰਨਗੇ। ਪ੍ਰੰਤੂ ਸੱਚੇ ਵਾਹਿਗੁਰੂ ਸ੍ਰੀ ਭਗਵਾਨ ਦੇ ਸੱਚੇ ਭਜਨ ਨਾਮ ਅਭਿਆਸ ਬਿਨਾਂ ਅੰਤੀ ਅਉਸਰ ਏਵਡ ਵਡੇ ਰਾਜ-ਅਭਿਮਾਨੀ ਰਾਜਸੀ ਮਹੀਪ ਸਭ ਭਸਮਾਭੂਤ ਹੋ ਜਾਣਗੇ।

ਅਸੀਂ ਆਪਣੇ ਅਖੀਂ ਰੁਹਤਾਸ ਦਾ ਕਿਲ੍ਹਾ ਦੇਖਿਆ ਹੈ, ਜਿਸ ਦੀਆਂ ਫ਼ਸੀਲਾਂ ਕਈ ਮੀਲਾਂ ਵਿਚ ਵਗਲੀਆਂ ਖੜੀਆਂ ਹਨ, ਅਜ ਉਥੇ ਉੱਲੂ ਬੋਲਦੇ ਹਨ। ਦੇਖ ਕੇ ਇਬਰਤ ਆਉਂਦੀ ਹੈ ਕਿ ਏਹਨਾਂ ਕਿਲ੍ਹੇ ਦੇ ਮਾਲਕਾਂ ਨੇ, ਆਪਣੇ ਅਗਿਆਨ ਭਰੇ ਅਭਿਮਾਨ ਦੇ ਗੁਸੇ ਹੋਇਆਂ ਨੇ ਇਹ ਮਿਥਿਆ ਹੋਇਆ ਸੀ ਕਿ ਰਹਿੰਦੇ ਜਹਾਨ ਤਾਈਂ ਅਸਾਡੇ ਐਸ਼੍ਵਰਜੀ ਰਾਜ ਧਾਮ ਕਿਲ੍ਹੇ ਕਾਇਮ ਦਾਇਮ ਹੀ ਰਹਿਣਗੇ। ਅੱਜ ਉਥੇ ਬਰਨਾ ਬੋਲਦੀ ਹੈ। ਉਸ ਸਮੇਂ ਦੇ ਭਾਰੀ ਭੁਜਾਨ ਦੇ ਸ਼ੇਰਸ਼ਾਹ ਨੇ ਹਮਾਯੂੰ ਬਾਦਸ਼ਾਹ ਦੇ ਬਰਖਿਲਾਫ਼ ਇਹ ਅਡੰਬਰ ਰਚਿਆ ਸੀ। ਪਰ ਇਸ ਅਡੰਬਰੀ ਵਡ ਗਿਰੰਬਾਰੀ ਕੂੜਾਵੇ ਪਾਤਸ਼ਾਹ ਨੇ ਸੱਚੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਬਰਖ਼ਿਲਾਫ਼ ਭੀ ਬਗਾਵਤ ਕਰਨੋਂ ਕਸਰ ਨਹੀਂ ਛਡੀ ਸੀ। ਇਸ ਕਿਲ੍ਹੇ ਤੋਂ ਬਾਹਰਵਾਰ ਗੁਰੂ ਨਾਨਕ ਸਾਹਿਬ ਜੀ ਦੇ ਗ਼ਾਇਬੀ ਤਾਕਤ ਨਾਲ ਸਰਸ਼ਾਰ ਕੀਤੇ ਅਥਾਹ ਜਲ ਦੇ ਚਸ਼ਮੇ ਨੂੰ ਆਪਣੇ ਕਿਲ੍ਹੇ ਅੰਦਰ ਲਿਆਉਣ ਦੀ ਬੜੀ ਭਾਰੀ ਹਮਾਕਤ ਭਰੀ ਕੋਸ਼ਿਸ਼ ਕੀਤੀ, ਪਰ ਉਹ ਨਾਕਾਮਯਾਬ ਹੀ ਰਹੀ। ਸੱਤ ਵਾਰ ਕੰਧਾਂ ਉਸਾਰ ਕੇ ਉਸ ਗ਼ਾਇਬੀ ਚਸ਼ਮੇ ਨੂੰ ਕਿਲ੍ਹੇ ਅੰਦਰ ਲਿਆਉਣ ਦਾ ਤਰਲਾ ਮਾਰਿਆ, ਪ੍ਰੰਤੂ ਬਿਰਥਾ ਹੀ ਗਿਆ। ਅੱਜ ਓਹ ਸੱਤੇ ਦੀਵਾਰਾਂ ਸੁੰਞੀਆਂ ਓਵੇਂ ਜਿਵੇਂ ਖੜੀਆਂ ਹਸਰਤ-ਆਮੇਜ਼ ਨਜ਼ਾਰਾ ਪੇਸ਼ ਕਰ ਰਹੀਆਂ ਹਨ। ਗੁਰੂ ਦਾ ਨਦਰਾਇਆ ਹੋਇਆ ਜਲ ਦਾ ਚਸ਼ਮਾ ਏਹਨਾਂ ਸੱਤਾਂ ਹੀ ਦੀਵਾਰਾਂ ਤੋਂ ਬਾਹਰਵਾਰ ਕਾਇਮ ਦਾਇਮ ਹੈ। ਉਥੇ ਗੁਰਦਵਾਰਾ ਸਜਿਆ ਹੋਇਆ ਹੈ। ਬੜੀਆਂ ਰੌਣਕਾਂ ਬਣੀਆਂ ਹੋਈਆਂ ਹਨ। ਸੈਂਕੜੇ ਸਿਖ ਯਾਤਰੂ ਯਾਤਰਾ ਕਰ ਕਰ ਕੇ ਨਿਹਾਲ ਨਿਹਾਲ ਤੇ ਕ੍ਰਿਤ ਕ੍ਰਿਤ ਹੁੰਦੇ ਹਨ। ਪਰ ਉਸ ਉਜੜੇ ਹੋਏ ਰੁਹਤਾਸ ਦੇ ਕਿਲ੍ਹੇ ਵਲ ਕੋਈ ਥੁਕਦਾ ਭੀ ਨਹੀਂ। ਅਜਿਹੇ ਉਦਾਹਰਨਾਂ ਨੂੰ ਪੇਖ ਕੇ ਸਾਡੀ ਯਕੀਨ ਭਰੀ ਸ਼ਰਧਾ ਹੋਰ ਭੀ ਵਧੇਰੇ

ਹੋ ਗਈ ਹੈ ਕਿ ਪੰਜਾ ਸਾਹਿਬ ਜੈਸੇ ਗੁਰ-ਅਸਥਾਨ ਇਕ ਦਿਨ ਜ਼ਰੂਰ ਹੀ ਆਜ਼ਾਦ ਹੋਣਗੇ, ਅਭਿਮਾਨੀਆਂ ਦੇ ਅਭਿਮਾਨ ਵਿਚੇ ਹੀ ਰਹਿ ਜਾਣਗੇ।

ਚੌਥੇ ਸਵਈਏ ਅੰਦਰ ਸ੍ਰੀ ਗੁਰੂ ਸੱਚੇ ਪਾਤਸ਼ਾਹ ਦਸਮੇਸ਼ ਜੀ ਨੇ ਗੁਰਮਤਿ ਤੋਂ ਛੁਟ ਆਨਮਤ. ਦੇ ਵਡ ਅਡੰਬਰੀ ਕਾਰਨਾਮਿਆਂ ਨੂੰ ਤੁਛ ਮਾਤਰ ਕਰਕੇ ਪ੍ਰਗਟਾਇਆ ਹੈ, ਜਾਂ'ਤੇ ਕੋਈ ਭੀ ਸਿਖ ਏਹਨਾਂ ਅਡੰਬਰਾਂ ਨੂੰ ਦੇਖ ਕੇ ਗੁਰਮਤਿ ਦੇ ਸੱਚੇ ਪ੍ਰਮਾਰਥ ਤੋਂ ਭੁਲ ਨਾ ਜਾਵੇ, ਯਥਾ :

ਤੀਰਥ ਨਾਨ ਦਇਆ ਦਮ ਦਾਨ ਸੁ ਸੰਜਮ ਨੇਮ ਅਨੇਕ ਬਿਸੇਖੇ ॥
ਬੇਦ ਪੁਰਾਨ ਕਤੇਬ ਕੁਰਾਨ ਜਮੀਨ ਜਮਾਨ ਸਬਾਨ ਕੇ ਪੇਖੇ ॥
ਪਉਨ ਅਹਾਰ ਜਤੀ ਜਤ ਧਾਰ ਸਬੈ ਸੁ ਬਿਚਾਰ ਹਜਾਰ ਕ ਦੇਖੇ ॥
ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ ਏਕ ਨ ਲੇਖੇ ॥੪॥੨੪॥

ਇਸ ਸਵਈਏ ਅੰਦਰ ਕੈਸੀ ਅਉਜ ਭਰੀ ਉਚਤਾ ਸਹਿਤ ਗੁਰੂ ਸੱਚੇ ਪਾਤਸ਼ਾਹ ਨੇ ਗੁਰਮਤਿ ਦਾ ਮੰਡਨ ਤੇ ਆਨਮਤ ਦਾ ਖੰਡਨ ਕੀਤਾ ਹੈ। ਆਨਮਤਾਂ ਦੇ ਤੀਰਥਾਂ ਉਤੇ ਨਹਾਉਣਾ ਤੇ ਉਥੇ ਹੀ ਨਹਾ ਕੇ ਪੁੰਨ ਦਾਨ ਕਿਰਿਆ ਆਦਿਕ ਕਰਨੀ, ਪ੍ਰਾਣ ਦਾਨ ਕਰਨ ਤਾਈਂ ਭੀ ਫੋਕਟ ਦਇਆ ਕੀਤੀ ਹੋਈ ਦਾਨੀਆਂ ਦੀ ਬਿਅਰਥ ਜਾਂਦੀ ਹੈ। ਓਹਨਾਂ ਹੀ ਤੀਰਥਾਂ ਤੇ ਏਸ ਪ੍ਰਕਾਰ ਦੇ ਅਨੇਕ ਸੰਜਮੀ ਅਡੰਬਰ ਕੀਤੇ ਹੋਏ ਭੀ ਕਿਸੇ ਲੇਖੇ ਨਹੀਂ। ਆਨਮਤੀ ਪੁਸਤਕਾਂ ਦੇ ਨੇਮ ਧਰਮੀ ਅਨੇਕਾਂ ਹੀ ਵਿਸ਼ੇਸ਼ ਤੋਂ ਵਿਸ਼ੇਸ਼ ਉਪਾਉ ਕੀਤੇ ਹੋਏ ਕਿਸੇ ਕੰਮ ਨਹੀਂ ਆਉਂਦੇ। ਗੁਰੂ ਸੱਚੇ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਸਾਰੇ ਜ਼ਮੀਨ ਜ਼ਮਾਨ ਦੇ ਸਭ ਅਸਥਾਨਾਂ ਤੇ ਨਿਗਾਹ ਮਾਰ ਕੇ ਤੇ ਫਿਰ ਕੇ ਅਸੀਂ ਦੇਖ ਲਿਆ ਹੈ, ਤਿਨ੍ਹਾਂ ਸਭਸ ਦੇਸ਼ਾਂ ਕੂੰਟਾਂ ਦੇ ਰਿਵਾਜਾਂ ਅਨੁਸਾਰ ਰਾਇਜ ਬੇਦ ਪੁਰਾਨ ਕਤੇਬ ਵਾਲੇ ਮਤ ਨਿਰੇ ਫੋਕਟ ਹੀ ਹਨ। ਰੰਚਕ ਭੀ ਅਸਰ-ਪਜ਼ੀਰ ਨਹੀਂ। ਆਨਮਤ ਦਰਸੀ ਪਉਣ-ਅਹਾਰੀਆਂ ਦੇ ਆਨਮਤ ਕਰਮ, ਜਤੀਆਂ ਦੇ ਜਤ-ਧਾਰ ਧਰਮ ਸਭ ਆਨਮਤੀ ਮਤ ਪਾਖੰਡ ਰਚੇ ਅਡੰਬਰ ਹੀ ਹਨ। ਐਸੇ ਹਜ਼ਾਰਾਂ ਅਡੰਬਰ ਆਨਮਤ ਪਖੰਡ ਕਿਰਿਆ ਦੇ ਕੀਤੇ ਹੋਏ ਅਸੀਂ ਗਹਿਰੀ ਵੀਚਾਰ ਦ੍ਰਿਸ਼ਟੀ ਨਾਲ ਪੇਖ ਪਰਖ ਲਏ ਹਨ, ਪ੍ਰੰਤੂ ਸਭ ਫੋਕਟ ਹੀ ਨਿਕਲੇ ਹਨ। ਕਈ ਆਨਮਤੀ ਭੂਪਤ ਰਾਜੇ ਭੀ ਆਪਣੀਆਂ ਰਾਜਧਾਨੀਆਂ ਤੇ ਭੂਪਤਾਨੀਆਂ ਛਡ ਕੇ ਏਹਨਾਂ ਆਨਮਤ ਕਰਮ-ਧਰਮੀ ਪਖੰਡਾਂ ਵਿਚ ਪਰਵਿਰਤ ਹੋਏ ਹਨ, ਪ੍ਰੰਤੂ ਓਹਨਾਂ ਦਾ ਇਹ ਰਾਜ-ਨਵਿਰਤੀ ਵਾਲਾ ਪਖਸ਼ ਭੀ ਕਿਸੇ ਲੇਖੇ ਨਹੀਂ ਪੈਂਦਾ। ਇਕ ਸੱਚੇ ਵਾਹਿਗੁਰੂ ਦੇ ਨਾਮ ਦੀ ਪ੍ਰੇਮ-ਪ੍ਰੀਤੀ ਬਿਨਾਂ ਏਹਨਾ ਉਪਰ ਦਸੇ ਕਿਸੇ ਇਕ ਭੀ ਆਨਮਤੀ ਕਰਮ ਦੀ ਕੀਤੀ ਹੋਈ ਘਾਲ ਥਾਉਂ ਨਹੀਂ ਪੈਂਦੀ।

ਏਸੇ ਪ੍ਰਕਾਰ ਹੀ ਕੇਵਲ ਗੁਰਮਤਿ ਦੀ ਅਨਿੰਨਤਾ ਵਿਲੱਖਣਤਾ ਦ੍ਰਿੜ੍ਹ ਕਰਾਉਣ ਲਈ ਅਤੇ ਅਨਿਕ ਪ੍ਰਕਾਰੀ ਆਨਮਤੀ ਅਡੰਬਰਾਂ ਨੂੰ ਖੰਡਨ ਕਰਨ ਲਈ

ਸੱਚੇ ਪਾਤਸ਼ਾਹ ਗੁਰੂ ਦਸਮੇਸ਼ ਜੀ ਨੇ ਅਗਲੇਰੇ ਸੁਧਾ ਸਵਈਏ ਵਿਚ ਭੀ ਸੁਚਿਆਰ ਗੁਰਸਿੱਖਾਂ ਤਾਈਂ ਚੌਕਸਤਾ ਤੇ ਸਾਵਧਾਨਤਾ ਉਤੇ ਤੱਤਪਰ ਰਹਿਣ ਲਈ ਡੰਕੇ ਦੀ ਚੋਟ ਨਾਲ ਸੱਚਾ ਸੁੱਚਾ ਇਜ਼ਹਾਰ ਕੀਤਾ ਹੈ। ਇਸ ਵਿਸਥਾਰ ਵਿਚ ਬਹੁਤਾ ਸਾਨੂੰ ਪੈਣ ਦੀ ਲੋੜ ਨਹੀਂ, ਵੰਨਗੀ ਮਾਤਰ ਪਿਛਲੇ ਚਾਰ ਸਵਈਆਂ ਦੀ ਵਿਆਖਿਆ ਹੀ ਬਥੇਰੀ ਹੈ। ਏਵਡ ਵਡੀਆਂ ਵਿਸਥਾਰ ਭਰੀਆਂ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਸੁਣ ਕੇ ਭੀ ਜੇ ਸਾਡੇ ਭੋਲੇ ਭਾਲੇ ਗੁਰਸਿਖ ਭਰਾਵਾਂ ਦੀਆਂ ਅਖੀਆਂ ਨ ਖੁਲ੍ਹਣ ਤੇ ਫੇਰ ਭੀ ਉਹਨਾਂ ਸੂਧੇ ਸਾਦੇ ਸਿੱਖਾਂ ਨੂੰ ਆਨਮਤੀ ਪਖੰਡੀ ਭੇਖਧਾਰੀ ਸਾਧੜੇ ਭੁਚਲਾਉਂਦੇ ਰਹਿਣ ਤਾਂ ਵਡੀ ਭਾਰੀ ਅਧੋਗਤੀ ਵਾਲੀ ਕਰੂਰ ਕਰਮੀ ਹੈ।

# ੨੭. ਤਿੰਨਾਂ ਗੁਣਾਂ ਦਾ ਹਿਤਕਾਰ

ਜਨਮਿ ਮਰੈ ਤ੍ਰੈਗੁਣ ਹਿਤਕਾਰੁ ॥ ਚਾਰੇ ਬੇਦ ਕਥਹਿ ਆਕਾਰੁ ॥
ਤੀਨਿ ਅਵਸਥਾ ਕਹਹਿ ਵਖਿਆਨੁ ॥ ਤੁਰੀ ਅਵਸਥਾ ਸਤਿਗੁਰ ਤੇ ਹਰਿ ਜਾਨੁ॥੧॥...
ਚਾਰਿ ਪਦਾਰਥ ਕਹੈ ਸਭੁ ਕੋਈ ॥ ਸਿੰਮ੍ਰਿਤਿ ਸਾਸਤ ਪੰਡਿਤ ਮੁਖਿ ਸੋਈ ॥
ਬਿਨੁ ਗੁਰ ਅਰਥੁ ਬੀਚਾਰੁ ਨ ਪਾਇਆ ॥ਮੁਕਤਿ ਪਦਾਰਥੁ ਭਗਤਿ ਹਰਿ ਪਾਇਆ ॥
੨॥੧੨॥[ਗਉੜੀ ਮ: ੧, ਪੰਨਾ ੧੫੪

ਜੋ ਪੁਰਸ਼ ਮਾਇਕ ਤਿੰਨਾਂ ਗੁਣਾਂ ਦਾ ਹੀ ਹਿਤਕਾਰੀ ਹੈ, ਮਮਤਾ ਮੋਹ-ਧਾਰੀ ਹੈ, ਉਸ ਦੇ ਸਿਰ ਉਤੇ ਜੰਮਣ ਮਰਣ ਦਾ ਸਿਲਸਿਲਾ ਖੜਾ ਹੀ ਰਹਿੰਦਾ ਹੈ। ਚਾਹੇ ਉਹ ਆਨਮਤੀ ਚਹੁੰਆਂ ਵੇਦਾਂ ਨੂੰ ਘੋਖ ਘੋਖ ਕੇ ਵਡੇ ਵਡੇ ਵਿਦਿਆਧਾਰੀ ਬਣ ਬੈਠਣ, ਫੇਰ ਭੀ ਉਹਨਾਂ ਦਾ ਬਣਦਾ ਕੁਛ ਨਹੀਂ, ਕਿਉਂਕਿ ਚਾਰੇ ਵੇਦ ਦ੍ਰਿਸ਼ਟਮਾਨ ਆਕਾਰ ਦਾ ਹੀ ਕਥਨ ਕਰਦੇ ਹਨ। ਨਿਰੰਕਾਰੀ ਗਿਆਨ ਜਨਾਉਣ ਦਾ ਚਹੁੰਆਂ ਹੀ ਵੇਦਾਂ ਅੰਦਰ ਮੁਸ਼ਕ ਮਾਤਰ ਭੀ ਕੋਈ ਬਿਆਨ ਨਹੀਂ। ਬਸ, ਨਿਰਾ ਤਿੰਨਾਂ ਗੁਣਾਂ ਦਾ ਵਿਸਥਾਰ ਹੀ ਵੇਦਾਂ ਅੰਦਰ ਭਰਿਆ ਪਿਆ ਹੈ। ਉਹ ਤਿੰਨਾਂ ਗੁਣਾਂ ਦੀ ਮਾਇਕ ਅਵਸਥਾ ਵਾਲਾ ਹੀ ਉਪਦੇਸ਼ ਵਖਿਆਨ ਕਰਦੇ ਹਨ। ਚਉਥੇ ਪਦ ਵਾਲਾ ਤੁਰੀਆ ਅਵਸਥਾ ਦਾ ਵੇਦਾਂ ਨੂੰ ਕੁਛ ਥਹੁ ਪਤਾ ਹੀ ਨਹੀਂ। (ਏਸੇ ਕਰਕੇ) ਤੁਰੀਆ ਅਵਸਥਾ ਦਾ ਵੇਦਾਂ ਵਿਚ ਜ਼ਿਕਰ ਹੀ ਨਹੀਂ ਆਉਂਦਾ। ਇਹ ਤੁਰੀਆ ਅਵਸਥਾ ਤਾਂ ਕੇਵਲ ਸਤਿਗੁਰੂ ਤੋਂ ਹੀ ਜਾਣੀ ਜਾਂਦੀ ਹੈ। ਵਾਹਿਗੁਰੂ ਦਾ ਆਤਮ ਤਤ ਗਿਆਨ ਸਤਿਗੁਰੂ ਪਾਸੋਂ ਹੀ ਲਭਦਾ ਹੈ। ਬਸ, ਵੇਦਾਂ ਅੰਦਰ ਕੇਵਲ ਤ੍ਰੈ-ਗੁਣੀ ਗਿਆਨ ਹੀ ਹੈ। ਤ੍ਰੈਗੁਣੀ ਚਾਰ ਪਦਾਰਥ ਵੇਦਾਂ ਸਿਮ੍ਰਿਤੀਆਂ ਸਾਸਤ੍ਰਾਂ ਦਾ ਹਰੇਕ ਪੰਡਿਤ ਚੁੰਚ ਗਿਆਨ ਪਿਆ ਕਰਦਾ ਫਿਰਦਾ ਹੈ, ਪ੍ਰੰਤੂ ਏਹਨਾਂ ਸਿਮ੍ਰਿਤੀਆਂ ਸ਼ਾਸਤ੍ਰਾਂ ਦੇ ਘੋਖਣ ਕਰਕੇ ਘੋਖਣਹਾਰੇ ਪੰਡਿਤਾਂ ਨੂੰ ਲਭਦਾ ਕੁਛ ਨਹੀਂ। ਸੱਚੇ

ਪ੍ਰਮਾਰਥੀ ਅਰਥ ਵੀਚਾਰ ਵਾਲਾ ਗਿਆਨ ਸਤਿਗੁਰੂ ਬਿਨਾਂ ਕਿਸੇ ਤੋਂ ਨਹੀਂ ਪਾਇਆ ਜਾਂਦਾ। ਕੇਵਲ ਵਾਹਿਗੁਰੂ ਦੀ ਭਗਤੀ ਕਰਕੇ ਹੀ ਮੁਕਤਿ ਪਦਾਰਥੁ ਮਿਲਦਾ ਹੈ, ਐਵੇਂ ਨਹੀਂ ਮਿਲਦਾ। ਚਾਹੇ ਵੇਦ ਪੁਰਾਨ ਸਿਮ੍ਰਿਤਿ ਦੇ ਬਕਤੇ ਪੰਡਿਤ ਕਿਤਨੀ ਭੀ ਝਾਖ ਝਖਾ ਲੈਣ ਤੇ ਝਖ ਮਾਰ ਲੈਣ।

# ੨੮. ਗੁਰਮਤਿ ਜੋਗ ਤੇ ਹੱਠ ਜੋਗ

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ ॥੧॥
ਜੋਗ ਜੁਗਤਿ ਇਵ ਪਾਵਸਿਤਾ ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ ॥੧॥ਰਹਾਉ॥
ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰ ਕੀਨੀ ਗੰਗਾਤਾ ॥
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ ॥੨॥
ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ ॥
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ ॥੩॥
ਜਪਸਿ ਨਿਰੰਜਨੁ ਰਚਸਿ ਮਨਾ ॥
ਕਾਹੇ ਬੋਲਹਿ ਜੋਗੀ ਕਪਟੁ ਘਨਾ ॥੧॥ਰਹਾਉ॥
ਕਾਇਆ ਕਮਲੀ ਹੰਸੁ ਇਆਣਾ ਮੇਰੀ ਮੇਰੀ ਕਰਤ ਬਿਹਾਣੀਤਾ ॥
ਪ੍ਰਣਵਤਿ ਨਾਨਕੁ ਨਾਗੀ ਦਾਝੈ ਫਿਰਿ ਪਾਛੈ ਪਛੁਤਾਣੀਤਾ ॥੪॥੩॥੧੫॥
[ਗਉੜੀ ਚੇਤੀ ਮ: ੧, ਪੰਨਾ ੧੫੫-੫੬

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਜੋਗੀਆਂ ਦੇ ਮਤ ਨੂੰ ਖ਼ੂਬ ਖੰਡਨ ਕੀਤਾ ਹੈ, ਜੋਗੀਆਂ ਦੀਆਂ ਖ਼ਾਸ ਖ਼ਾਸ .ਪਾਖੰਡ ਕ੍ਰਿਆਵਾਂ ਨੂੰ ਬਣਾ ਬਣਾ ਕੇ ਸੋਧਿਆ ਹੈ। ਜੋਗੀਆਂ ਦੇ ਪਾਖੰਡ-ਚਿੰਨ੍ਹਾਂ—ਖਿੰਥਾ, ਮੁੰਦਰਾਵਾਂ, ਜੁਗਤਿ, ਡੰਡਾ ਆਦਿਕ ਮੁਖ ਚਿਨ੍ਹਾਂ ਨੂੰ ਖ਼ੂਬ ਧਰ ਕੇ ਦਬੱਲਿਆ ਹੈ। ਜੋਗੀਆਂ ਦੇ ਚੇਲੇ ਮੁੰਨਣ ਦੀਆਂ ਕੁਰੀਤੀਆਂ ਤੇ ਕੰਦ ਮੂਲ ਖਾਣ ਦੀਆਂ ਅਨੀਤੀਆਂ, ਮੂੰਹ ਮੁੰਡਾਉਣ ਦੀਆਂ ਨਿਤਾਪ੍ਰਤਿ ਦੀਆਂ ਕੁਧੱਤਾਂ, ਟੋਲੀਆਂ ਬੰਨ੍ਹ ਕੇ ਜੋਗੀਆਂ ਦੀਆਂ ਗੰਗਾ ਜਾਣ ਦੀਆਂ ਫੇਰੀਆਂ ਨੂੰ ਭਲੀ ਬਿਧਿ ਖੰਡ ਕੇ ਇਸ ਦੇ ਮੁਕਾਬਲੇ ਵਿਚ ਗੁਰਮਤਿ ਦੀਆਂ ਸਹਿਜ ਸੁਖੈਨ ਰੀਤਾਂ ਸੁਰੀਤਾਂ ਨੂੰ ਖ਼ੂਬ ਦਰਸਾਇਆ ਹੈ। ਮੁੰਦਰਾਂ ਬਾਰੇ ਜੋਗੀ ਜੋ ਕੰਨਾਂ ਵਿਚ ਮੁੰਦਰਾਂ ਪਾ ਕੇ ਹੀ ਮੋਖਸ਼ ਦਸਦੇ ਹਨ, ਇਸ ਪਾਖੰਡ ਕਿਰਿਆ ਨੂੰ ਨਿੰਦਤ ਜਾਣ ਕੇ, ਗੰਦੀਆਂ ਵਾਸ਼ਨਾਵਾਂ ਨੂੰ ਬਿੰਨ੍ਹ ਕੇ, ਹਿਰਦੇ ਵਿਚ ਮੁੰਦਰਾਂ ਪਾਉਣੀਆਂ ਅਸਲ ਮੁੰਦਰਾਂ ਦੱਸੀਆਂ ਹਨ ਤੇ ਸਰੀਰ ਨੂੰ ਨਾਸਵੰਤ ਸਮਝ ਕੇ ਖਫਣੀ ਖਿੰਥਾ ਦੇ ਪਾਖੰਡ-ਚਿੰਨ੍ਹ ਦੇ ਥਾਉਂ

ਸਦਾ ਹੀ ਸਿਰ ਤੇ ਸਵਾਰ ਮੌਤ ਰੂਪੀ ਖਫਣੀ ਨੂੰ ਪਹਿਰੀ ਰਖਣਾ ਸੱਚੀ ਗੁਰਮਤਿ ਰੂਪ ਖਿੰਥਾ ਹੰਢਾਉਣੀ ਦ੍ਰਿੜ੍ਹਾਇਆ ਹੈ। ਪੰਜਾਂ ਗਿਆਨ ਇੰਦਰਿਆਂ ਨੂੰ ਵਸ ਕਰਨਾ, ਜੋਗੀ ਪੰਥ ਦੇ ਪੰਜ ਚੇਲੇ ਮੁੰਨਣ ਵਾਲੀ ਕੁਮੱਤ ਤੋਂ ਇਸੇ ਗੁਰਮਤਿ ਨੂੰ ਧਾਰਨਾ ਵਿਸ਼ੇਸ਼ ਦਸਿਆ ਹੈ। ਮਨ ਨੂੰ ਦ੍ਰਿੜ੍ਹ ਵਿਸ਼ਵਾਸ ਵਾਲਾ ਬਲਧਾਰੀ ਸਰਧਾਵੰਦ ਬਣਾਈ ਰਖਣ ਨੂੰ ਜੋਗੀਆਂ ਦੇ ਪਖੰਡ ਡੰਡੇ ਨਾਲੋਂ ਵਧੀਕ ਸ਼ਲਾਘਾਕਾਰ ਜਾਣਾਇਆ ਹੈ। ਉਪਰ ਦੱਸੇ ਅਨੁਸਾਰ ਹੀ ਜੋਗ ਕਮਾਉਣ ਦਾ ਤੇ ਸੱਚੇ ਜੋਗੀ ਬਣਨ ਦਾ ਸਾਰ ਤਰੀਕਾ ਜੋਗੀਆਂ ਦੀ ਪਖੰਡ-ਜੁਗਤੀ ਨਾਲੋਂ ਵਧ ਕੇ ਅਧਿਕ ਖ਼ੁਸ਼-ਪਸੰਦ ਗੁਰਮਤਿ ਦਾ ਤਰੀਕਾ ਜਾਣਾਇਆ ਹੈ। ਏਕ ਸ਼ਬਦ ਗੁਰਮਤਿ ਨਾਮ ਤੋਂ ਛੁਟ, ਹੋਰ ਦੂਜੇ ਪਾਸੇ ਪਲ਼ਟਣ ਨੂੰ ਉੱਕਾ ਹੀ ਅਣਹੋਣਾ ਤਰੀਕਾ ਵਿਦਤਾਇਆ ਹੈ। ਇਕੋ ਅਕਾਲ ਪੁਰਖ ਵਾਹਿਗੁਰੂ ਹੈ, ਉਸ ਤੋਂ ਛੁਟ ਹੋਰ ਦੂਜਾ ਸਭ ਕੂੜ ਨਾਸਤ ਹੈ, ਇਸੇ ਗੱਲ ਵਿਖੇ ਮਨ ਨੂੰ ਦ੍ਰਿੜ੍ਹ ਨਿਸਚੇ ਕਰਕੇ ਲਾਉਣਾ ਹੀ ਕੰਦ ਮੂਲ ਨਾਲ ਮਨ ਨੂੰ ਪਰਚਾਉਣਾ ਹੈ। ਗੰਗਾ ਦੇ ਕਿਨਾਰੇ ਸਿਰ ਮੁਨਵਾਇਆਂ ਜੋ ਗੁਰੂ ਧਾਰਿਆ ਜੋਗੀਆਂ ਨੇ ਮੰਨਿਆ ਹੈ ਤਾਂ ਗੁਰਮਤਿ ਅਨੁਸਾਰ ਪਤਿਤ ਪਾਵਨ ਪਰਮ ਗੁਰੂ ਨੂੰ ਹੀ ਜੋਗੀਆਂ ਦੀ ਗੁਰੂ ਗੰਗਾ ਤੋਂ ਅਧਿਕ ਸਰੇਸ਼ਟ ਮੰਨਿਆ ਹੈ। ਇਸ ਬਿਧਿ ਸੱਚੀ ਜੋਗ ਜੁਗਤਿ ਦ੍ਰਿੜ੍ਹਾ ਕੇ, ਗੁਰੂ ਸਾਹਿਬ ਨੇ ਅੰਧ ਮਤ-ਮਤੀਸ਼ਰ ਜੋਗੀਆਂ ਦੇ ਜੋਗ-ਡੰਮ ਉਤੇ ਅੰਧ ਵਿਸ਼ਵਾਸ ਨੂੰ ਫੋਕਟ ਕਰਮ ਦਸ ਕੇ ਇਕੋ ਵਾਹਿਗੁਰੂ ਤ੍ਰਿਭਵਣ ਦੇ ਤਾਰਨਹਾਰ ਸੁਆਮੀ ਨੂੰ ਵਿਸ਼ੇਸ਼ ਕਰਕੇ ਉਸ ਦੇ ਚੇਤਨਾ-ਸਿਮਰਨ ਨੂੰ ਖ਼ੂਬ ਬਿਨਮਾਇਆ (ਪ੍ਰਗਟਾਇਆ) ਹੈ। ਜੋਗੀ ਜਨ ਪਖੰਡ ਰੂਪੀ ਅਡੰਬਰ ਕਰ ਕੇ ਅਤੇ ਮੀਸਣੀਆਂ ਗੱਲਾਂ ਬਣਾ ਬਣਾ ਕੇ ਲੋਕਾਂ ਦੇ ਮਨਾਂ ਨੂੰ ਭੁਚਲਾਉਂਦੇ ਹਨ ਅਤੇ ਇਸ ਬਿਧਿ ਆਮ ਲੁਕਾਈ ਦਾ ਸੰਸਾ ਮੂਲੋਂ ਹੀ ਨਹੀਂ ਜਾਂਦਾ। ਜੇਕਰ ਉਹ ਇਕ ਵਾਹਿਗੁਰੂ ਦੇ ਚਰਨੀ ਆਪਣਾ ਚਿਤ ਲਾਈ ਰੱਖਣ ਤਾਂ ਲਬ ਲੋਭ ਦੀ ਕੀ ਤਾਕਤ ਹੈ ਕਿ ਉਸ ਨੂੰ ਬਹਿਕਾਈ ਫਿਰੇ। ਲਬ ਲੋਭ ਦੇ ਮਗਰ ਤਾਹੀਓਂ ਮਨ ਧਾਉਂਦਾ ਹੈ ਜੇ ਨਾਮ ਨੂੰ ਅੰਦਰ ਨਹੀਂ ਵਸਾਉਂਦਾ। ਮਨ ਦੇ ਸਭ ਸੰਕਲਪ ਵਿਕਲਪ ਦੂਰ ਕਰਕੇ ਇਕੋ ਨਿਰੰਜਨ ਵਾਹਿਗੁਰੂ ਨੂੰ ਦਿਨੇ ਰਾਤ ਜਪਿਆਂ ਹੀ ਸੱਚੇ ਜੋਗੀ ਬਣੀਦਾ ਹੈ। ਕਪਟੀ ਜੋਗੀ ਬਣਨ ਵਿਚ, ਬਹੁਤਾ ਕਪਟ ਪਖੰਡ ਬਣਾਉਣ ਜਣਾਉਣ ਵਿਚ ਹਰਗਿਜ਼ ਹਰਗਿਜ਼ ਕੋਈ ਜੋਗ-ਸਾਧਨਾ ਵਾਲਾ ਲੱਛਣ ਨਹੀਂ। ਇਹ ਸਭ ਕਚ-ਪਿਚਾ ਅਤੇ ਕੁਮੱਤੜ ਹੀ ਜੋਗ ਹੈ। ਜੋਗੀ ਕਾਇਆਂ ਦੀ ਸਾਧਨਾ ਉਤੇ ਭੀ ਬਹੁਤਾ ਜ਼ੋਰ ਦਿੰਦੇ ਹਨ। ਕਾਇਆਂ ਸਾਧਨ ਵਿਚ ਹੀ ਸਾਰੀ ਉਮਰ ਉਹਨਾਂ ਦੀ ਬਿਹਾ ਜਾਂਦੀ ਹੈ। ਇਹ ਕਾਇਆਂ ਤਾਂ ਮੁੱਢੋਂ ਇਆਣੇ ਜੀਵ ਦੇ ਮਗਰ ਲਗ ਕੇ ਝੱਲੀ ਹੋਈ ਫਿਰਦੀ ਹੈ। ਇਸ ਬਿਧਿ ਝੱਲੀ ਕਾਇਆਂ ਨੂੰ ਅਤੇ ਬਾਲਕ ਇਆਣੇ ਜੀਵ ਨੂੰ ਅਪਨਾਉਣ ਦਾ ਜੱਫਾ ਮਾਰ ਕੇ ਜੋਗੀ ਜਨ ਮੇਰੀ ਮੇਰੀ ਕਰਦੇ ਹੋਏ ਹੀ ਸਾਰੀ ਆਯੂ

ਹੰਢਾਂਦੇ ਫਿਰਦੇ ਹਨ । ਗੁਰੂ ਨਾਨਕ ਸਾਹਿਬ ਜੋਗੀਆਂ ਨੂੰ ਸੁਮੱਤ ਬਖ਼ਸ਼ਦੇ ਹੋਏ ਇਉਂ ਉਚਾਰਦੇ ਹਨ ਕਿ ਦੇਹੀ ਨੂੰ ਦੁੱਖ ਦੇਣ ਵਿਚ "ਵਰਮੀ ਮਾਰੀ ਸਾਪੁ ਨਾ ਮਰੈ"* ਵਾਲਾ ਗੁਰਵਾਕ ਹੀ ਘਟਦਾ ਹੈ। ਦੇਹੀ ਨੂੰ ਨੰਗੀ ਰਖ ਕੇ ਐਵੇਂ ਸਾੜਦੇ ਫਿਰਦੇ ਹਨ ਜੋਗੀ ਜਨ। ਹਾੜ ਗਰਮੀ ਦੇ ਸਮੇਂ ਇਹ ਨੰਗੀ ਦੇਹੀ ਧੁਪ ਦੇ ਸੇਕ ਕਰਕੇ ਸੜਦੀ ਭੁਜਦੀ ਰਹਿੰਦੀ ਹੈ।' ਸਿਆਲੇ ਸਮੇਂ ਸਰੀਰ 'ਤੇ ਸੁਆਹ ਮਲ ਕੇ ਆਪਣੇ ਜਾਣੇ ਸਰੀਰ ਨੂੰ ਠੰਢ ਤੋਂ ਬਚਾਉਂਦੇ ਹਨ, ਪਰ ਬਚਦਾ ਕੁਛ ਨਹੀਂ। ਨਿਰੀ ਸਰੀਰਕ ਤਤੱਖਸ਼ਾ ਹੀ ਜੋਗੀਆਂ ਦੀ ਪਖੰਡ-ਕਿਰਿਆ ਬਣੀ ਰਹਿੰਦੀ ਹੈ। ਇਸ ਸਾਰੇ ਪਾਖੰਡ ਦੇ ਕਾਰਨ ਜੋਗੀਆਂ ਪਖੰਡੀਆਂ ਨੂੰ ਫੇਰ ਪਿਛੋਂ ਪਛਤਾਣਾ ਹੀ ਲਗਦਾ ਹੈ ਤੇ ਪਛਤਾਉਂਦੇ ਹੀ ਮਰ ਜਾਂਦੇ ਹਨ ਅਤੇ ਕਿਸੇ ਨੇ ਭੀ ਹਾਲ ਪੁਕਾਰ ਨਹੀਂ ਸੁਣਨੀ।

ਬਹੁਤੇ ਅਫ਼ਸੋਸ ਦੀ ਇਹ ਗੱਲ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੋਗੀ ਜਨਾਂ ਦੇ ਮਤ ਨੂੰ ਮੁਢੋਂ ਹੀ ਭੁੱਲਾ ਹੋਇਆ ਆਨਮਤ ਦੱਸ ਕੇ ਬਥੇਰਾ ਹੀ ਸੋਧਿਆ ਪਰਬੋਧਿਆ ਹੈ। ਏਹਨਾਂ ਜੋਗੀਆਂ ਦੇ ਜਰਗੇ ਵਿਚੋਂ ਕਿਸੇ ਦੇ ਕੰਨ ਉਤੇ ਜੂੰ ਨਹੀਂ ਸਰਕਦੀ। ਲਗ ਪਗ ਸਾਰੇ ਦੇ ਸਾਰੇ ਹੀ ਗੁਰੂ ਨਾਨਕ ਸਾਹਿਬ ਦੀ ਦਰਸਾਈ ਹੋਈ ਸੱਚੀ ਗੁਰਮਤਿ ਤੋਂ ਵਾਂਝੇ ਹੀ ਰਹੇ ਹਨ, ਇਹ ਉਹਨਾਂ ਦੀ ਕਰਮਹੀਣਤਾ ਹੈ। ਕੋਈ ਕੋਈ ਕਰਮਵੰਤਾ ਵਡਭਾਗੀ ਜੋਗੀ ਜਨ (ਜਿਸ ਉਪਰ ਗੁਰੂ ਸਾਹਿਬ ਦੀ ਪੁਜ ਕੇ ਦਇਆ-ਦ੍ਰਿਸ਼ਟੀ ਹੋਈ ਹੈ) ਗੁਰਮਤਿ ਦੇ ਸੱਚੇ ਸੁੱਚੇ ਰਸਤੇ 'ਤੇ ਆਉਂਦਾ ਹੈ, ਨਹੀਂ ਤਾਂ ਸਭੇ ਹੀ ਆਨਮਤ ਭਰਿਆ ਕੁਫ਼ਰ ਕੁਢੰਗ ਹੀ ਸਹੇੜੀ ਫਿਰਦੇ ਹਨ। ਬਹੁਤੀ ਅਧੋਗਤੀ ਓਹਨਾਂ ਆਨਮਤੀ ਲੋਕਾਂ ਦੀ ਹੈ ਜੋ ਇਸ ਪਖੰਡੀ ਟੋਲੇ ਉਤੇ ਭਰਮ ਕੇ ਜੋਗੀਆਂ ਦੇ ਅਨੁਸਾਰੀ ਬਣਦੇ ਹਨ ਤੇ ਆਪਣਾ ਸਾਰਾ ਜਨਮ ਅਕਾਰਥ ਹੀ ਖੋ ਲੈਂਦੇ ਹਨ, ਕਿਉਂਕਿ ਪਖੰਡ-ਧਰਮੀਆਂ ਤੇ ਪੋਪ-ਕਰਮੀਆਂ ਦੇ ਪਿਛੇ ਲਗ ਕੇ ਉਹਨਾਂ ਦੇ ਪੱਲੇ ਕੁਛ ਨਹੀਂ ਪੈਂਦਾ। ਗੁਰਮਤਿ ਮਤਿ ਤੇ ਚੱਲਣਹਾਰ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਕੇ ਇਹ ਨਿਸ਼ਚੇ ਰੂਪੀ ਗੱਠ ਬੰਨ੍ਹ ਲੈਣੀ ਚਾਹੀਦੀ ਹੈ ਕਿ ਇਹ ਭੇਖਧਾਰੀ ਡਿੰਭੀ ਜੋਗੀ ਜੇ ਆਪਣੇ ਆਪ ਨੂੰ ਰੱਬ ਕਰਕੇ ਭੀ ਜਣਾਉਣ ਤਾਂ ਭੀ ਏਹਨਾਂ 'ਤੇ ਕਦਾਚਿਤ ਇਤਬਾਰ ਨਹੀਂ ਕਰਨਾ ਅਤੇ ਏਹਨਾਂ ਦੇ ਰਾਹੇ ਕੁਰਾਹੇ ਕੁਮਾਰਗ ਉਤੇ ਸੁਪਨੇ ਵਿਚ ਭੀ ਨਹੀਂ ਚਲਣਾ। ਏਹਨਾਂ ਭੇਖਧਾਰੀਆਂ ਨੂੰ ਸੱਚਾ ਸਾਧੂ ਸਮਝ ਲੈਣਾ ਮਹਾਂ ਪਾਪ ਹੈ। ਏਹ ਸਭ ਡਿੰਭਧਾਰੀ ਪਾਖੰਡੀ ਸਾਧ ਹਨ।

---

* ੧॥੬॥ ਵਾਰ ਵਡਹੰਸ, ਮ: ੩, ਪੰਨਾ ੫੮੮

# ੨੯. ਰਾਸ ਲੀਲ੍ਹਾ ਤੇ ਸਿਨਿਮੇ ਦਾ ਖੰਡਨ

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥ ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥
ਗਾਵਣਿ ਗਾਵਹਿ ਜਿਨ ਨਾਮ ਪਿਆਰੁ ॥ ਸਾਚੀ ਬਾਣੀ ਸਬਦ ਬੀਚਾਰੁ ॥੧॥
ਗਾਵਤ ਰਹੈ ਜੇ ਸਤਿਗੁਰ ਭਾਵੈ ॥ ਮਨੁ ਤਨੁ ਰਾਤਾ ਨਾਮਿ ਸੁਹਾਵੈ ॥੧॥ਰਹਾਉ॥
ਇਕਿ ਗਾਵਹਿ ਇਕਿ ਭਗਤਿ ਕਰੇਹਿ ॥ ਨਾਮੁ ਨ ਪਾਵਹਿ ਬਿਨੁ ਅਸਨੇਹ ॥
ਸਚੀ ਭਗਤਿ ਗੁਰ ਸਬਦ ਪਿਆਰਿ ॥ ਅਪਨਾ ਪਿਰੁ ਰਾਖਿਆ ਸਦਾ ਉਰਿ ਧਾਰਿ ॥੨॥
ਭਗਤਿ ਕਰਹਿ ਮੂਰਖ ਆਪੁ ਜਣਾਵਹਿ ॥ ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ ॥
ਨਚਿਐ ਟਪਿਐ ਭਗਤਿ ਨ ਹੋਇ ॥ ਸਬਦਿ ਮਰੈ ਭਗਤਿ ਪਾਏ ਜਨੁ ਸੋਇ ॥੩॥
ਭਗਤਿ ਵਛਲੁ ਭਗਤਿ ਕਰਾਏ ਸੋਇ ॥ ਸਚੀ ਭਗਤਿ ਵਿਚਹੁ ਆਪੁ ਖੋਇ ॥
ਮੇਰਾ ਪ੍ਰਭੁ ਸਾਚਾ ਸਭ ਬਿਧਿ ਜਾਣੈ ॥ ਨਾਨਕ ਬਖਸੇ ਨਾਮੁ ਪਛਾਣੈ ॥੪॥੪॥੨੪॥
[ਗਉੜੀ ਗੁਆ: ਮ: ੩, ਪੰਨਾ ੧੫੮

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਹਉਮੈ ਦੇ ਕੱਚੇ ਗੀਤ ਗਾਵਣਹਾਰੇ ਰਾਸਧਾਰੀਆਂ ਦੇ ਟੋਲਿਆਂ ਨੂੰ ਖ਼ੂਬ ਖੰਡਨ ਕੀਤਾ ਹੈ। ਰਾਸ ਲੀਲ੍ਹਾ ਕਰਨਹਾਰੇ ਹਉਮੈ ਭਰੇ ਗੀਤ ਗਾ ਗਾ ਕੇ ਖ਼ੁਦ ਗੁਮਰਾਹ ਹੁੰਦੇ ਹਨ ਤੇ ਲੋਕਾਂ ਨੂੰ ਪੁੱਠੇ ਰਾਹ ਪਾਉਂਦੇ ਹਨ। ਏਹਨਾਂ ਕੱਚ-ਪਿਚੇ ਗੀਤਾਂ ਦੇ ਗਾਵਣ ਨਾਲ ਨ ਓਹਨਾਂ ਨੂੰ ਖ਼ੁਦ ਕੁਛ ਸੁਆਦ ਆਉਂਦਾ ਹੈ, ਨ ਹੀ ਲੋਕਾਂ ਦੇ ਪੱਲੇ ਕੋਈ ਨਿਗਰ ਰਸ ਇਖ਼ਲਾਕ ਵਾਲੀ ਗੱਲ ਪੈਂਦੀ ਹੈ। ਅਸਲ ਗਾਵਣ ਗਾਵਣਾ ਗੁਰਮਤਿ ਦੇ ਸਿਫ਼ਤ-ਸਾਲਾਹੀ ਕੀਰਤਨੀ ਜਨਾਂ ਦਾ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦੇ ਸੱਚੇ ਨਾਮ ਨਾਲ ਸੱਚਾ ਪਿਆਰ ਹੈ। ਜਿਨ੍ਹਾਂ ਦਾ ਅਤਿ ਸੱਚੀ ਬਾਣੀ ਤੇ ਸਚੜਾ ਸ਼ਬਦ ਵੀਚਾਰੀ ਅਭਿਆਸ ਸਦਾ ਹੀ ਬਣਿਆ ਰਹਿੰਦਾ ਹੈ, ਓਹ ਐਸੇ ਗੁਰਮਤਿ-ਧਾਰੀ ਸੱਚੀ ਬਾਣੀ ਗਾਵਣਹਾਰੇ ਸਤਿਗੁਰੂ ਨੂੰ ਭਾਏ ਹੋਏ ਕੇਵਲ ਗੁਰਮਤਿ ਧਾਰਨੀ ਗੁਰਸਿਖ ਹੀ ਹਨ, ਜੋ ਖਿਨ ਖਿਨ ਸਿਫਤਿ ਸਾਲਾਹ ਕਰਦੇ ਹੀ ਰਹਿੰਦੇ ਹਨ, ਜਿਨ੍ਹਾਂ ਦਾ ਮਨ ਤਨ ਸਦਾ ਨਾਮ ਵਿਖੇ ਹੀ ਹਰ ਦਮ ਰਤਿਆ ਰਹਿੰਦਾ ਹੈ। ਇਸ ਤੋਂ ਉਲਟ ਹੋਛੇ ਗੀਤ ਗਾਵਣਹਾਰੇ ਜੋ ਟੋਲੇ ਹਨ ਤੇ ਜੋ ਰਾਸਧਾਰੀਆਂ ਵਾਲੀ ਕੁਮਾਇਸ਼-ਬਾਜ਼ੀ ਕਰਦੇ ਹਨ ਤੇ ਨਾਮ ਉਸ ਦਾ 'ਭਗਤੀ ਕਰਨੀ' ਧਰਦੇ ਹਨ, ਉਹ ਨਿਰੀ ਸਚੜੇ ਪ੍ਰੇਮ ਪਿਆਰ ਬਿਹੂਣੀ ਹੁੰਦੀ ਹੈ। ਇਸ ਕੁਮਾਇਸ਼-ਬਾਜ਼ੀ ਦੁਆਰਾ ਸਚੜਾ ਨਾਮ ਉੱਕਾ ਹੀ ਉਹਨਾਂ ਨੂੰ ਨਸੀਬ ਨਹੀਂ ਹੁੰਦਾ। ਸੱਚੀ ਭਾਉ-ਭਗਤੀ ਗੁਰ ਸ਼ਬਦ (ਗੁਰਮਤਿ ਗੁਰਮੰਤਰ) ਦੇ ਪਿਆਰ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਕੇਵਲ ਇਸ ਗੁਰਮਤਿ ਪਿਰੀ ਪਿਆਰ ਨੂੰ ਉਰਿ ਧਾਰੀ ਰਖਣਾ ਹੀ ਸੱਚੀ ਭਗਤੀ ਕਰਨਾ ਹੈ (ਜੋ ਕਿ ਗੁਰਸਿੱਖਾਂ ਦੇ ਵਿਰਸੇ ਵਿਚਿ ਹੀ ਆਈ ਹੈ)। ਮੂਰਖ ਲੋਗ ਰਾਸ ਕਾਂ ਪਾਉਂਦੇ ਹਨ, ਨਿਰਾ ਦਿਖਾਵਾ ਹੀ ਦਿਖਾਉਂਦੇ ਹਨ। ਰਾਸ ਲੀਲ੍ਹਾ ਪਾਉਣ ਨੂੰ

ਭਗਤੀ ਪਾਉਣਾ ਤੇ ਰਾਸਧਾਰੀਆਂ ਨੂੰ ਭਗਤੀਏ ਕਹਿਣਾ ਓਹਨਾਂ ਦਾ ਨਿਰਾ ਕੁਚੱਜ ਹੈ। ਇਸ ਬਿਧਿ ਕੁਚੱਜ ਕਰ ਕੇ ਓਹ ਮੂਰਖ ਲੋਗ ਸਿਰਫ਼ ਆਪਣਾ/ ਆਪ ਹੀ ਜਣਾਉਂਦੇ ਫਿਰਦੇ ਹਨ ਅਤੇ ਇਸ ਹੋਛੀ ਭਗਤਿ ਪਾਇਣੀ ਦੁਆਰਾ ਉਹ ਉਭੜ ਉਭੜ ਕੇ ਨਚਦੇ ਟੱਪਦੇ ਹਨ ਅਤੇ ਨਚ ਨਚ ਟੱਪ ਕੇ ਬਹੁਤ ਦੁਖ ਪਾਉਂਦੇ ਹਨ। ਇਸ ਬਿਧਿ ਨੱਚਣ ਟੱਪਣ ਨਾਲ ਭਗਤੀ ਨਹੀਂ ਹੁੰਦੀ। ਸੱਚੀ ਭਗਤੀ ਵਾਲਾ ਗੁਰਮਤਿ ਮਾਰਗ ਇਸ ਪਾਖੰਡ-ਭਗਤੀ ਤੋਂ ਵਿਲੱਖਣਾ ਤੇ ਮਹਾਂ ਸਰੇਸ਼ਟ ਹੈ। ਗੁਰ ਸ਼ਬਦ ਦੀ ਕਮਾਈ ਹੀ ਸੱਚੀ ਨ੍ਰਿਤਕਾਰੀ ਹੈ, ਜਿਸ ਦੁਆਰਾ ਮਨੂਆ ਮਰ ਜਾਂਦਾ ਹੈ ਅਤੇ ਸੱਚੀ ਭਗਤੀ ਦਾ ਮਾਰਗ ਨਸੀਬ ਹੁੰਦਾ ਹੈ। ਭਗਤ-ਵਛਲ ਵਾਹਿਗੁਰੂ ਆਪ ਤੁਠ ਕੇ ਉਹਨਾਂ ਤੋਂ ਭਗਤੀ ਕਰਾਉਂਦਾ ਹੈ। ਸੱਚੀ ਭਗਤੀ ਉਸ ਭਗਤ ਜਨ ਨੂੰ ਨਸੀਬ ਹੁੰਦੀ ਹੈ ਜੋ ਵਿਚੋਂ ਆਪਣਾ ਆਪ ਗੰਵਾ ਲੈਂਦਾ ਹੈ ਤੇ ਪਖੰਡ-ਦਿਖਾਵੇ ਨੂੰ ਨੇੜੇ ਨਹੀਂ ਆਉਣ ਦਿੰਦਾ।

ਇਸ ਲੋਕ-ਦਿਖਾਵੇ ਦੀ ਰਾਸ ਲੀਲ੍ਹਾ ਰਾਸਧਾਰੀਆਂ ਦੀ ਰਚੀ ਹੋਈ ਮਹਾਂ ਮਲੀਨ ਕੁਸੰਗਤ ਤੋਂ ਕੋਈ ਭੀ ਅਨਮਤੀ ਨਹੀਂ ਬਚਦਾ। ਅੱਜ ਕਲ੍ਹ ਦੇ ਸਿਨੇਮੇ ਥੀਏਟਰ ਨਵੀਨ ਫ਼ੈਸ਼ਨ ਦੀਆਂ ਰਾਸ ਲੀਲ੍ਹਾਵਾਂ ਹਨ। ਬੜੇ ਬੜੇ ਪੜ੍ਹੇ ਹੋਏ ਤਾਲੀਮ ਯਾਫ਼ਤਾ ਲੋਕ, ਜੋ ਆਪਣੇ ਆਪ ਨੂੰ ਬੜਾ ਮੁਹੱਜ਼ਬ ਸਦਾਉਂਦੇ ਹਨ, ਏਹਨਾਂ ਥੀਏਟਰਾਂ ਸਿਨਮਿਆਂ ਰੂਪੀ ਰਾਸ-ਲੀਲ੍ਹਾਵਾਂ ਵਿਚ ਸਣੇ ਪਰਵਾਰਾਂ ਦੇ, ਸਣੇ ਨੂੰਹਾਂ ਬੇਟੀਆਂ ਦੇ ਜਾ ਜਾ ਕੇ ਖੱਜਲ ਖੁਆਰ ਹੁੰਦੇ ਹਨ। ਅਤੇ ਇਸ ਬਿਧਿ ਖੱਜਲ ਖੁਆਰ ਹੋਣ ਨੂੰ ਬੜਾ ਹੀ ਫ਼ਖ਼ਰ ਸਮਝਦੇ ਹਨ। ਕੀ ਅਮੀਰ ਕੀ ਗਰੀਬ ਤਬਕੇ ਦਾ ਮਨੁੱਖ ਮਾਤਰ ਆਨਮਤੀ ਨਿਤਾਪ੍ਰਤਿ ਏਸੇ ਖਲਜਗਣ ਵਿਚ ਖੁਆਰ ਹੁੰਦਾ ਰਹਿੰਦਾ ਹੈ। ਏਹਨਾਂ ਦਾ ਨਾ ਕੋਈ ਦੀਨ ਹੈ ਨਾ ਈਮਾਨ ਹੈ, ਨਾ ਕੋਈ ਅਸੂਲ ਹੈ ਨਾ ਇਖ਼ਲਾਕ ਹੈ। ਜਿੰਨੀ ਬਦ-ਇਖ਼ਲਾਕ਼ੀ ਪੈਦਾ ਹੁੰਦੀ ਹੈ, ਉਹ ਏਹਨਾਂ ਬਦ-ਇਖ਼ਲਾਕ ਟੋਲਿਆਂ ਤੋਂ ਹੀ ਪੈਦਾ ਹੁੰਦੀ ਹੈ। ਨਵੀਨ ਉਮਰ ਦੇ ਨੌਜਵਾਨ ਲੜਕੇ ਲੜਕੀਆਂ ਨੂੰ ਏਹ ਮੁਹੱਜ਼ਬ ਲੋਕ ਆਪਣੇ ਹੱਥੀਂ ਕੂਚਾ ਲਾ ਕੇ ਆਪ ਖ਼ਰਾਬ ਕਰਦੇ ਹਨ। ਏਹਨਾਂ ਭੈੜੀਆਂ ਵਾਦੀਆਂ ਵਿਚ ਧਨ ਧਾਮ ਘਰ ਘਾਮ ਦੀਨੋ-ਈਮਾਨ ਸਭ ਲੁਟਾ ਦਿੰਦੇ ਹਨ ਤੇ ਲੁਟਾਈ ਫਿਰਦੇ ਹਨ। ਸੋ-ਕਾਲਡ(*So Called*)ਸ਼ਾਇਸਤਗੀ ਨਿਰੀ ਨੁਮਾਇਸ਼ ਹੈ। ਸੱਚੀ ਸ਼ਾਇਸਤਗੀ ਤੋਂ ਏਹ ਲੋਗ ਸੁਨ ਤੇ ਸੱਖਣੇ ਹਨ। ਇਹ ਕੇਵਲ ਗੁਰਮਤਿ ਹੀ ਹੈ ਜੋ ਏਹਨਾਂ ਬਦ-ਇਖ਼ਲਾਕੀ ਦੇ ਵਹਿਣ ਵਿਚ ਰੁੜ੍ਹੇ ਜਾਂਦਿਆਂ ਨੂੰ ਬਚਾ ਸਕਦੀ ਹੈ। ਏਹਨਾਂ ਸਭ ਤੋਂ ਭੈੜੇ ਪਖੰਡੀਆਂ ਨੂੰ ਦਮਨ ਕਰਨਾ ਸਭ ਤੋਂ ਉੱਚਾ ਉਪਕਾਰ ਹੈ। ਇਹ ਉਪਕਾਰ ਕੇਵਲ ਗੁਰਮਤਿ ਤੋਂ ਹੀ ਉਤਪੰਨ ਹੁੰਦਾ ਹੈ। ਸੱਚੀ ਗੁਰਮਤਿ ਗੁਰੂ ਸਾਹਿਬਾਨ ਦੇ ਉੱਚੇ ਪਰ-ਉਪਕਾਰੀ ਆਦਰਸ਼ ਤੋਂ ਤੇ ਗੁਰਮਤਿ ਦੇ ਸੱਚੇ ਪੂਰਨੇ ਪਾਉਣਹਾਰੇ ਗੁਰਮੁਖ ਜਨਾਂ ਦੇ ਜੀਵਨ ਤੋਂ ਸੁਤੇ ਪ੍ਰਾਪਤ ਹੁੰਦੀ ਹੈ। ਇਸ ਸਚੜੇ ਗੁਰਮਤਿ-ਆਦਰਸ਼ ਬਿਹੂਣੀ ਮਤਿ ਸਭ ਆਨਮਤ ਤੇ ਕੁਮੱਤ ਮਤਿ ਹੈ।

# ੩੦. ਜਗਤ ਉਧਾਰਨ ਦਾ ਸੱਚਾ ਧੁਰਵਾ

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ ॥
ਜੋਗੀ ਗੋਰਖੁ ਗੋਰਖੁ ਕਰਿਆ ॥ ਮੈ ਮੂਰਖ ਹਰਿ ਹਰਿ ਜਪੁ ਪੜਿਆ ॥੧॥
ਨਾ ਜਾਨਾ ਕਿਆ ਗਤਿ ਰਾਮ ਹਮਾਰੀ ॥
ਹਰਿ ਭਜੁ ਮਨ ਮੇਰੇ ਤਰੁ ਭਉਜਲੁ ਤੂ ਤਾਰੀ ॥੧॥ਰਹਾਉ॥
ਸੰਨਿਆਸੀ ਬਿਭੂਤ ਲਾਇ ਦੇਹ ਸਵਾਰੀ ॥
ਪਰਤ੍ਰਿਆ ਤਿਆਗੁ ਕਰੀ ਬ੍ਰਹਮਚਾਰੀ ॥ ਮੈ ਮੂਰਖ ਹਰਿ ਆਸ ਤੁਮਾਰੀ॥੨॥
ਖਤ੍ਰੀ ਕਰਮ ਕਰੇ ਸੂਰਤਣੁ ਪਾਵੈ ॥
ਸੂਦੁ ਵੈਸੁ ਪਰਕਿਰਤਿ ਕਮਾਵੈ ॥ ਮੈ ਮੂਰਖ ਹਰਿ ਨਾਮੁ ਛਡਾਵੈ ॥੩॥
ਸਭ ਤੇਰੀ ਸ੍ਰਿਸਟਿ ਤੂੰ ਆਪਿ ਰਹਿਆ ਸਮਾਈ ॥
ਗੁਰਮੁਖਿ ਨਾਨਕ ਦੇ ਵਡਿਆਈ ॥ ਮੈ ਅੰਧੁਲੇ ਹਰਿ ਟੇਕ ਟਿਕਾਈ ॥੪॥
੧॥੩੯॥ [ਗਉੜੀ ਗੁਆ: ਮ: ੪, ਪੰਨਾ ੧੬੩-੬੪

ਗੁਰੂ ਸਾਹਿਬ ਜੀ ਆਪਣੇ ਚੌਥੇ ਜੋਤਿ ਜਾਮੇ ਸਰੂਪ ਵਿਚ ਸਮੁਚੇ ਗੁਰਮਤਿ-ਹੀਣੇ ਸੰਸਾਰੀਆਂ ਪ੍ਰਤੀ ਇਸ ਬਿਧਿ ਦ੍ਰਿੜ੍ਹਾਉਂਦੇ ਹਨ ਕਿ **ਅਸਾਡੇ** ਸੰਸਾਰੀਆਂ ਦੀ, ਗੁਰਮਤਿ ਤੋਂ ਹੀਣੇ ਸੰਸਾਰੀਆਂ ਦੀ, ਜੋ ਗੁਰਮਤਿ ਨਾਮ ਵਲ ਨਹੀਂ ਜੁਟਦੇ, ਪਤਾ ਨਹੀਂ ਕੀ ਗਤਿ ਹੋਵੇਗੀ। ਭਾਵ ਦੁਰਗਤੀ ਹੀ ਹੋਵੇਗੀ। ਇਸ ਕਰਕੇ ਗੁਰੂ ਸਾਹਿਬ ਆਪਣੇ ਮਨ ਉਪਰ ਘਟਾ ਕੇ ਹੀ ਸਾਰੇ ਗੁਰਮਤਿ-ਹੀਣੇ ਦੁਰਮਤੀ ਆਨਮਤੀਆਂ ਨੂੰ ਇਸ ਬਿਧਿ ਉਪਦੇਸ਼ਦੇ ਹਨ ਕਿ ਜੇਕਰ ਮਨਮਤਿ, ਆਨਮਤੀ ਦੁਰਮਤਿ ਦੇ ਝਮੇਲੇ ਚੋਂ ਬਚਣਾ ਹੈ ਅਤੇ ਭਉਜਲ ਤੋਂ ਪਾਰ ਪੈਣਾ ਹੈ ਤਾਂ ਕੇਵਲ ਇਸ ਬਲਾ ਤੋਂ ਬਚਣ ਦੀ ਬਿਧੀ ਇਹੀ ਹੈ ਕਿ ਗੁਰਮਤਿ ਨਾਮ ਦਾ ਭਜਨ ਕਰ ਕੇ ਇਸ ਭਉਜਲ-ਸੰਸਾਰ ਤੋਂ ਤਰਿਆ ਜਾਵੇ। ਇਸੇ ਭਵਜਲੀ ਵਹਿਣ ਵਿਚ ਰੁੜ੍ਹੇ ਜਾਂਦੇ ਆਨਮਤ ਦੇ ਘਾਸੇ ਵਿਚ ਘਸੀਟੇ ਦਲੇ ਜਾਂਦੇ ਲੋਕਾਂ ਨੂੰ ਸੂਝ ਬੂਝ ਹੀ ਨਹੀਂ ਪੈਂਦੀ ਕਿ ਕਿਸ ਬਿਧੀ ਨਾਲ ਬਚਿਆ ਜਾ ਸਕਦਾ ਹੈ। ਹਿੰਦੂਆਂ ਦਾ ਸਭ ਤੋਂ ਵਡਾ ਮੰਨਿਆ ਦੰਨਿਆ ਆਗੂ ਪੰਡਿਤ, ਬਸ, ਸ਼ਾਸਤ੍ਰਾਂ ਸਿਮ੍ਰਿਤੀਆਂ ਵੇਦਾਂ ਦੇ ਪੜ੍ਹਨ ਵਾਲੇ ਵਹਿਣ ਵਿਚ ਹੀ ਰੁੜ੍ਹਿਆ ਜਾਂਦਾ ਹੈ, ਸ਼ਾਸਤ੍ਰਾਂ ਸਿਮ੍ਰਿਤੀਆਂ ਦੇ ਪੜ੍ਹਨ ਵਿਚ ਹੀ ਆਪਣੀ ਆਰਜਾ ਵਿਹਾ ਦਿੰਦਾ ਹੈ। ਸ਼ਾਸਤ੍ਰ ਸਿਮ੍ਰਿਤਿ ਪ੍ਰਮਾਰਥ ਦੇ ਮਾਰਗ ਵਿਚ ਸਹਾਈ ਹੋਣੋਂ ਉੱਕੇ ਹੀ ਕਾਸਰ ਹਨ, ਕਿਉਂਕਿ ਇਹਨਾਂ ਸ਼ਾਸਤ੍ਰਾਂ ਸਿਮ੍ਰਿਤੀਆਂ ਵੇਦਾਂ ਆਦਿ ਦੀ ਪੜ੍ਹਾਈ ਕੇਵਲ ਤ੍ਰੈਗੁਣਾਂ ਦੀ ਪੜ੍ਹਾਈ ਹੈ। ਤ੍ਰੈਗੁਣ ਸਭ ਮਾਇਆ ਹੈ। ਮਾਇਆ ਤੋਂ ਅਤੀਤ ਤੁਰੀਆ ਗੁਣੀ ਚਉਥਾ ਪਦ ਕੇਵਲ ਗੁਰਮਤਿ ਅੰਦਰ ਪਾਗੇ ਹੋਏ ਗੁਰਮੁਖਿ ਜਨਾਂ ਦੇ ਵਿਰਸੇ ਵਿਚ ਹੀ ਆਉਂਦਾ ਹੈ। ਕਰਮ-ਹੀਣ ਪੰਡਿਤ ਜਨ ਬਸ ਫੋਗ ਨੂੰ ਹੀ ਗਾਹੁੰਦਾ

ਫਿਰਦਾ ਹੈ। ਇਸੇ ਤਰ੍ਹਾਂ ਜੋ ਜੋਗ ਮਤ ਦਾ ਅਧੀਨ ਕਰਨਹਾਰਾ ਜੋਗੀ ਜਨ ਹੈ, ਉਹ ਬਸ, ਗੋਰਖ ਗੋਰਖ ਕਰਦਾ ਹੀ ਜੋਗੀ ਮਤ ਦੇ ਉੱਚੇ ਨੇਤਾ ਗੋਰਖੁ ਨੂੰ ਹੀ ਵਡਿ-ਆਉਂਦਾ ਵਡਿਆਉਂਦਾ ਖਪ ਜਾਂਦਾ ਹੈ, ਤੱਤ ਪਦਾਰਥ ਉਸ ਦੇ ਪੱਲੇ ਭੀ ਨਹੀਂ ਪੈਂਦਾ। ਸੰਨਿਆਸ ਮਤ ਦਾ ਅਨੁਸਾਰੀ ਸੰਨਿਆਸੀ ਜਨ ਸੁਆਹ ਭਸਮ ਲਾ ਕੇ ਹੀ ਦੇਹੀ ਸਵਾਰੀ ਫਿਰਦਾ ਹੈ। ਸਰੀਰ ਨੂੰ ਸੁਆਹ ਲਾਉਣ ਅਤੇ ਲਾਈ ਫਿਰਨ ਵਾਲੇ ਮਨਮਤੀ ਕੰਮਾਂ ਨੂੰ ਹੀ ਸਭ ਕੰਮਾਂ ਤੋਂ ਸਰੇਸ਼ਟ ਬਣਾਈ ਫਿਰਦਾ ਹੈ। ਤੱਤ ਵਸਤੂ ਉਸ ਦੇ ਹੱਥ ਭੀ ਨਹੀਂ ਆਉਂਦੀ। ਬ੍ਰਹਮਚਰਜ ਫ਼ਿਰਕੇ ਦਾ ਬ੍ਰਹਮਚਾਰੀ ਅਨਮਤੀ ਜਨ, ਪਰਾਈ ਇਸਤ੍ਰੀ ਦੇ ਤਿਆਗ ਨੂੰ ਹੀ ਪ੍ਰਮਾਰਥ-ਪ੍ਰਾਪਤੀ ਦਾ ਉੱਚਾ ਸਾਧਨ ਸਮਝੀ ਫਿਰਦਾ ਹੈ ਅਤੇ ਏਸੇ ਤਿਆਗ ਨੂੰ ਹੀ ਆਪਣੀ ਪਰਮ ਗਤੀ ਦਾ ਉੱਚਾ ਅੰਗ ਮੰਨੀ ਬੈਠਾ ਹੈ। ਸੱਚੇ ਪ੍ਰਮਾਰਥੀ ਜਨ ਗੁਰਮੁਖਾਂ ਨੂੰ ਕੇਵਲ ਇਕ ਅਕਾਲ ਪੁਰਖ ਅਤੇ ਉਸ ਦੇ ਇਕੋ ਨਾਮ ਉਪਰ ਹੀ ਟੇਕ ਹੈ। ਇਸ ਏਕਤਾ ਦੀ ਪੂਜਾ ਤੋਂ ਬਾਹਰ ਹੋਰ ਉਹ ਕੋਈ ਆਸ ਸੰਕਲਪ ਵਿਕਲਪ ਫੁਰਨਾ ਕਫੁਰਨਾ ਆਪਣੇ ਮਨ ਅੰਦਰ ਲਿਆਉਂਦੇ ਹੀ ਨਹੀਂ। ਏਸੇ ਹੀ ਕਰਕੇ ਆਪਣੀ ਮਨੁਖਾ ਸੰਸਾਰ-ਯਾਤਰਾ ਨੂੰ ਜਿਤ ਜਾਂਦੇ ਹਨ। ਗੁਰਮਤਿ-ਮਾਰਗੀ ਏਕੋ ਨਾਮ ਵਾਹਿਗੁਰੂ ਦੇ ਅਨਿੰਨ ਅਭਿਆਸੀ ਗੁਰਮਤਿ-ਦਰਸੀਆਂ ਨੂੰ ਸੱਚੇ ਮਾਰਗ ਦੀ ਪ੍ਰਾਪਤੀ ਦਾ ਹੋਣਾ ਗੁਰੂ ਸਾਹਿਬਾਨ ਨੇ ਸਿਧ ਕਰਕੇ ਮੰਨਿਆ ਹੈ। ਖਤਰੀ ਕਹਾਉਣ ਵਾਲੇ ਹਿੰਦੂ ਮਤ ਦੇ ਨੇਤਾ ਜਨਾਂ ਨੂੰ ਸੂਰਮਗਤੀ ਦਾ ਕਰਮ ਕਰਨਾ ਹੀ ਪਰਮ ਧਰਮ ਭਾਸਦਾ ਹੈ। ਸੂਦਰ ਅਤੇ ਵੈਸ਼ ਪਰਾਈ ਕ੍ਰਿਤ, ਵਿਡਾਣੀ ਚਾਕਰੀ ਨੂੰ ਹੀ ਕਰਨਾ ਸਭ ਤੋਂ ਉੱਚੀ ਕਮਾਈ ਜਾਣਦੇ ਹਨ। ਵਾਹਿਗੁਰੂ ਦੇ ਅਨਿੰਨ ਅਭਿਆਸੀ ਗੁਰਮੁਖਿ ਜਨਾਂ ਨੂੰ ਗੁਰਮਤਿ ਨਾਮ ਤੋਂ ਛੁਟ ਹੋਰ ਕਿਸੇ ਕਾਰ ਬਿਹਾਰ ਦਾ ਲਗਾਉ ਨਹੀਂ। ਗੁਰਮਤਿ ਦੇ ਇਸ ਅਨਿੰਨ ਲਗਾਉ ਨੂੰ ਅਨਮਤੀ ਜਨ ਮੂਰਖਾਂ ਦੀ ਕਾਰ ਦਸਦੇ ਹਨ, ਪਏ ਦੱਸਣ। ਗੁਰਮੁਖਾਂ ਨੂੰ ਇਸ ਬਿਧਿ ਮੂਰਖ ਅਖਵਾਉਣ ਵਿਚ ਹੀ ਬੜਾ ਅਨੰਦ ਭਰਿਆ ਫ਼ਖਰ ਹੈ। ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਹੇ ਵਾਹਿਗੁਰੂ ਸਿਰਜਣਹਾਰ! ਏਹ ਸ੍ਰਿਸ਼ਟੀ ਸਭ ਤੇਰੀ ਹੀ ਸਾਜੀ ਹੋਈ ਹੈ ਅਤੇ ਤੂੰ ਹੀ ਇਸ ਵਿਚ ਸਮਾਇ ਰਹਿਆ ਹੈਂ, ਪ੍ਰੰਤੂ ਤੂੰ ਆਪਣੇ ਗੁਰਮੁਖ ਜਨਾਂ ਨੂੰ ਆਪਣੀ ਕਿਰਪਾ-ਦ੍ਰਿਸ਼ਟੀ ਦੇ ਪ੍ਰਭਾਵ ਕਰਕੇ ਸੱਚੀ ਵਡਿਆਈ ਦੇਂਵਦਾ ਹੈਂ ਅਤੇ ਸ੍ਰਿਸ਼ਟੀ ਦੀ ਮੋਹ-ਮਮਤਾ-ਮਈ ਪੰਕਜੀ ਗਡਣ ਤੋਂ ਆਪੇ ਹੀ ਹੱਥ ਦੇ ਕੇ ਬਾਹਰ ਕੱਢ ਲੈਂਦਾ ਹੈਂ।

ਇਸ ਅਗਨ ਪਾਵਕੀ ਪੰਕਜ ਤੋਂ ਧ੍ਰੂ ਕੇ ਬਾਹਰ ਕਢਣਹਾਰਾ ਕੇਵਲ ਨਿਰੰਕਾਰੀ ਗੁਰੂ ਨਾਨਕ ਹੀ ਹੈ, ਜਿਸ ਨੇ ਗੁਰੂ ਜੋਤਿ ਜਾਮੇ ਧਾਰ ਕੇ ਸਭ ਸੰਸਾਰ ਨੂੰ ਉਭਾਰਨ ਦਾ ਸੱਚਾ ਧੁਰਵਾ ਗੁਰਮਤਿ ਨਾਮ ਹੀ ਦ੍ਰਿੜਾਇਆ ਹੈ। ਤਿਨ੍ਹਾਂ ਗੁਰਮੁਖਾਂ ਨੇ ਕੇਵਲ ਏਕ ਟੇਕ ਏਸੇ ਗੁਰਮਤਿ ਨਾਮ ਉਪਰ ਹੀ ਰਖੀ ਹੈ। ਇਹੀ ਨਾਮ ਰੂਪੀ ਸੱਚੀ ਟੇਕ

ਅੰਧਲਿਆਂ ਨੂੰ ਉਭਾਰਨ ਲਈ ਸੱਚੀ ਟੋਹਣੀ ਹੈ। ਅੰਧਗਤਿ ਮੰਦ ਮਤੀ ਸੰਸਾਰੀਆਂ ਨੂੰ ਇਸ ਅੰਧ ਘੋਰ ਸਾਗਰ ਤੋਂ ਉਭਾਰ ਕੇ ਨਿਸਤਾਰਨ ਲਈ ਕੇਵਲ ਗੁਰਮਤਿ ਨਾਮ ਦੀ ਟੇਕ ਹੀ ਟਿਕਾਈ ਹੈ। ਅੰਧਲੇ ਅਗਿਆਨੀ ਸੰਸਾਰੀਆਂ ਨੂੰ ਸੱਚੀ ਸੁਮਤਿ ਗੁਰਮਤਿ ਦੀ ਦੇਣ ਲਈ ਓਹਨਾਂ ਦੇ ਥਾਉਂ ਆਪਣੇ ਆਪ ਨੂੰ ਨੀਚ ਕਰੰਮਾ, ਅੰਧਲਾ, ਮੂਰਖ ਹੀ ਸਦਾਇਆ, ਪਰ ਕੋਈ ਕੋਈ ਵਡਭਾਗਾ ਜਗਿਆਸੂ ਹੀ ਗੁਰਮਤਿ ਸੁਧਾਰ ਦੀ ਸੱਚੀ ਪੱਧਰ ਤੇ ਆਇਆ।

# ੩੧. ਪਖੰਡੀਆਂ ਦੇ ਪਖੰਡ

ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥੧॥
ਬਿਨੁ ਕਰਤੂਤੀ ਮੁਕਤਿ ਨ ਪਾਈਐ ॥
ਮੁਕਤਿ ਪਦਾਰਥੁ ਨਾਮੁ ਧਿਆਈਐ ॥੧॥ਰਹਾਉ॥
ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥
ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥
ਕਹੁ ਨਾਨਕ ਜਿਸੁ ਕਿਰਪਾ ਧਾਰੈ ॥ ਹਿਰਦਾ ਸੁਧੁ ਬ੍ਰਹਮੁ ਬੀਚਾਰੈ ॥੪॥੧੦॥
[ਗਉੜੀ ਮ: ੫, ਪੰਨਾ ੨੦੧

ਕੋਈ ਕੋਈ ਸਰਾਧ-ਖਾਣਾ ਕਰਮਚਾਰੀ ਡਿੰਭੀ ਬ੍ਰਾਹਮਣ ਐਸਾ ਭੀ ਹੁੰਦਾ ਹੈ ਜੋ ਅਨਮਤੀਆਂ ਦੇ ਵਿਆਹ ਸਰਾਧਾਂ ਸਮੇਂ ਧੀਂਗੋਜ਼ੋਰੀ ਜਾ ਕੇ ਖਾਣ ਪੀਣ ਨੂੰ ਮੰਗਦਾ ਹੈ। ਜੇ ਉਸ ਨੂੰ ਕੋਈ ਖਾਣ ਨੂੰ ਨ ਦੇਵੇ ਤਾਂ ਧੋਤੀ ਲਾਹ ਕੇ ਨੰਗਾ ਹੋ ਜਾਂਦਾ ਹੈ ਤੇ ਧੋਤੀ ਨੂੰ ਹੇਠਾਂ ਵਿਛਾ ਕੇ ਉਤੇ ਧਰਨਾ ਮਾਰ ਬਹਿੰਦਾ ਹੈ। ਗੱਧੇ ਵਾਂਗੂ ਮੱਲੋ ਮੱਲੀ ਖਾ ਕੇ ਪੇਟ ਭਰੀ ਜਾਂਦਾ ਹੈ। ਭੱਖ ਅਭੱਖ ਸਭ ਪੇਟ ਵਿਚ ਉਤਾਰੀ ਜਾਂਦਾ ਹੈ। ਇਸ ਬਿਧਿ ਸਰਬ-ਭਖੀ ਬਣ ਕੇ ਉਹ ਜਣਾਉਂਦਾ ਹੈ ਕਿ ਮੈਂ ਪਹੁੰਚਿਆ ਹੋਇਆ ਹਾਂ।

ਤਮੀਜ਼ ਬਤਮੀਜ਼ ਦੀ ਸ਼ਰਮ ਤੋਂ ਬੇਸ਼ਰਮ ਤੇ ਬੇਗ਼ੈਰਤ ਲੋਗ ਨਾਂਗੇ ਸਾਧੂਆਂ ਭੇਖੀਆਂ ਨੂੰ ਅਸੀਂ ਪੂਜਦੇ ਵੇਖੇ ਹਨ। ਅਜਿਹੇ ਮੂਰਖ ਆਪਣੇ ਮਨਮਤੀ ਸੁਆਰਥ ਦੇ ਕਾਰਨ ਉਸ ਭੇਖੀ ਦੀਆਂ ਬੇਸ਼ਰਮੀ ਭਰੀਆਂ ਗੱਲਾਂ ਨੂੰ, ਬੇਹੁਰਮਤੀ ਦੀਆਂ ਨਿਰੀਆਂ ਗਪੌੜਾਂ ਨੂੰ ਪਰਮ ਪਦ ਦੀਆਂ ਉਚ ਗੱਲਾਂ ਸਮਝ ਕੇ ਏਹਨਾਂ ਭੇਖੀਆਂ ਨੂੰ ਹੋਰ ਵਧੇਰੇ ਪੂਜਦੇ ਹਨ। ਜਿਉਂ ਜਿਉਂ ਐਸੇ ਬਦਇਖ਼ਲਾਕ ਭੇਖੀ ਊਲ ਜਲੂਲ ਬਕਦੇ ਹਨ, ਤਿਉਂ ਤਿਉਂ ਤਿਨ੍ਹਾਂ ਭੇਖੀਆਂ ਦੀ ਇਸ ਊਲ ਜਲੂਲ ਬਕਵਾਸ ਨੂੰ ਪਹੁੰਚੇ ਹੋਏ ਪੁਰਖਾਂ ਵਾਲੀ ਗਿਆਨ-ਕਲਾ ਸਮਝ ਕੇ ਤਿਨ੍ਹਾਂ ਉਤੇ ਹੋਰ ਵਧੇਰਾ ਵਿਸ਼ਵਾਸ ਏਹ ਮੂਰਖ ਲੋਗ ਜਮਾ ਲਿਆਉਂਦੇ ਹਨ।

ਸੱਚੇ ਪਾਤਸ਼ਾਹ ਨੇ ਸਾਫ਼ ਲਿਖਿਆ ਹੈ ਕਿ ਏਹਨਾਂ ਭੈੜੀਆਂ ਕਰਤੂਤਾਂ ਨਾਲ

ਮੁਕਤੀ ਨਹੀਂ ਮਿਲਦੀ। ਮੁਕਤੀ ਮਿਲਦੀ ਹੈ ਤਾਂ ਕੇਵਲ ਗੁਰਮਤਿ ਦੀ ਸੱਚੀ ਕਰਣੀ (ਨਾਮ ਧਿਆਵਣ) ਨਾਲ ਮਿਲਦੀ ਹੈ। ਮੁਕਤੀ ਰੂਪੀ ਪਦਾਰਥ ਗੁਰਮਤਿ ਨਾਮ ਦੇ ਧਿਆਉਣ ਨਾਲ ਮਿਲਦਾ ਹੈ। ਲੋਕਾਂ ਦੇ ਵਿਖਾਵੇ ਲਈ ਆਨਮਤੀ ਪਾਖੰਡ ਕਰਮ, ਪਾਖੰਡ ਪੂਜਾ, ਦਿਖਾਵੇ ਦਾ ਤਿਲਕ ਲਾਉਣਾ, ਦਿਖਾਵੇ ਮਾਤਰ ਨਹਾਉਣਾ, ਏਹ ਕਰਮ-ਕਾਂਡੀ ਪਖੰਡੀਆਂ ਬ੍ਰਾਹਮਣਾਂ ਦਾ ਕੁਚੱਜ ਰਹਿ ਗਿਆ ਹੈ। ਉਞ ਲੋਕਾਂ ਪਾਸੋਂ ਹੱਥ ਵਿਚ ਛੁਰੀ ਕੱਢ ਕੇ ਦਾਨ ਲੈਂਦੇ ਹਨ, ਹੱਥ ਵਿਚ ਛੁਰੀ ਫੜ ਕੇ ਲੋਕਾਂ ਨੂੰ ਧਮ-ਕਾਉਂਦੇ ਹਨ ਕਿ ਦਾਨ ਦਿਓ, ਨਹੀਂ ਜਾਨ ਕਢਦੇ ਹਾਂ। ਵੇਦ-ਪਾਠੀ ਬ੍ਰਾਹਮਣ ਮੁਖੋਂ ਆਪਣੇ ਜਾਣੇ ਮਿੱਠੀ ਮਿੱਠੀ ਬੇਦ-ਬਾਣੀ ਪੜ੍ਹਦੇ ਹਨ ਤੇ ਪੜ੍ਹ ਕੇ ਲੋਕਾਂ ਨੂੰ ਦਿਖਾਉਂਦੇ ਹਨ,ਪ੍ਰੰਤੂ ਪ੍ਰਾਣੀਆਂ ਨੂੰ ਕੋਂਹਦੇ ਹੋਏ, ਜੀਆ-ਘਾਤ ਕਰਦੇ ਹੋਏ, ਛੁਰੀ ਨਾਲ ਜੀਆਂ ਨੂੰ ਵਢਦੇ ਹੋਏ ਸੰਗਦੇ ਨਹੀਂ। ਅਸਲ ਵਿਚ ਓਹਨਾਂ ਦੇ ਵੇਦ ਹੀ ਇਹ ਜੀਵ-ਹਤਿਆ ਵਾਲੀ ਸਿਖਿਆ ਦਿੰਦੇ ਹਨ, ਇਸ ਕਰਕੇ ਓਹਨਾਂ ਦਾ ਹਿਰਦਾ ਸੁਧ ਹੁੰਦਾ ਹੀ ਨਹੀਂ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਸ ਉਪਰ ਵਾਹਿਗੁਰੂ ਕਿਰਪਾ ਧਾਰਦਾ ਹੈ ਉਸੇ ਦਾ ਹਿਰਦਾ ਸੁਧ ਹੁੰਦਾ ਹੈ। ਉਹੀ **ਪਾਰਬ੍ਰਹਮ** ਪਰਮੇਸ਼ਰ ਦਾ ਤੱਤ ਵੀਚਾਰਦਾ ਹੈ। ਇਹ ਤੱਤ ਗੁਰੂ ਬਾਝਹੁੰ ਹੱਥ ਨਹੀਂ ਆਉਂਦਾ।

## ੩੨. ਆਨਮਤ ਦਾਨ ਇਸ਼ਨਾਨ ਤੇ ਗੁਰਮਤਿ ਨਾਮ

ਕੋਟਿ ਮਜਨ ਕੀਨੋ ਇਸਨਾਨ ॥
ਲਾਖ ਅਰਬ ਖਰਬ ਦੀਨੋ ਦਾਨੁ ॥ ਜਾ ਮਨਿ ਵਸਿਓ ਹਰਿ ਕੋ ਨਾਮੁ ॥੧॥
ਸਗਲ ਪਵਿਤ ਗੁਨ ਗਾਇ ਗੁਪਾਲ ॥
ਪਾਪ ਮਿਟਹਿ ਸਾਧੂ ਸਰਨਿ ਦਇਆਲ ॥ਰਹਾਉ॥
ਬਹੁਤੁ ਉਰਧ ਤਪ ਸਾਧਨ ਸਾਧੇ ॥
ਅਨਿਕ ਲਾਭ ਮਨੋਰਥ ਲਾਧੇ ॥ ਹਰਿ ਹਰਿ ਨਾਮ ਰਸਨ ਆਰਾਧੇ ॥੨॥
ਸਿੰਮ੍ਰਿਤਿ ਸਾਸਤ ਬੇਦ ਬਖਾਨੇ ॥
ਜੋਗ ਗਿਆਨ ਸਿਧ ਸੁਖ ਜਾਨੇ ॥ ਨਾਮੁ ਜਪਤ ਪ੍ਰਭ ਸਿਉ ਮਨ ਮਾਨੇ ॥੩॥
ਅਗਾਧਿ ਬੋਧਿ ਹਰਿ ਅਗਮ ਅਪਾਰੇ ॥
ਨਾਮੁ ਜਪਤ ਨਾਮੁ ਰਿਦੇ ਬੀਚਾਰੇ ॥ ਨਾਨਕ ਕਉ ਪ੍ਰਭ ਕਿਰਪਾ ਧਾਰੇ॥੪॥੧੧੧॥
[ਗਉੜੀ ਮ: ੫, ਪੰਨਾ ੨੦੨

ਵਾਹਿਗੁਰੂ ਦਾ ਨਾਮ ਮਨ ਵਿਖੇ ਵਸਣ ਕਰਕੇ ਕਰੋੜਾਂ ਹੀ ਪੁਰਬੀਆਂ ਉਤੇ ਅਸਲ ਮਜਨ ਇਸ਼ਨਾਨ ਕਰਨਾ ਪਰਵਾਨ ਹੋ ਜਾਂਦਾ ਹੈ ਅਤੇ ਲੱਖਾਂ ਅਰਬਾਂ ਖ਼ਰਬਾਂ ਦਾ ਅਸਲ ਦਾਨ ਦਿਤਾ ਲੇਖੇ ਲਗਿਆ ਸਮਝਿਆ ਜਾਂਦਾ ਹੈ। ਨਾਮ ਮਨ ਵਿਚ

ਵਸੇ ਬਿਨਾਂ ਹਿੰਦੂਆਂ ਦੇ ਤੀਰਥਾਂ ਉਤੇ ਕਰੋੜਾਂ ਵਾਰ ਨਹਾਉਣਾ ਅਤੇ ਅਰਬਾਂ ਖ਼ਰਬਾਂ ਦਾ ਦਾਨ ਦੇਣਾ ਕਿਸੇ ਭੀ ਲੇਖੇ ਨਹੀਂ । ਵਾਹਿਗੁਰੂ ਦੇ ਗੁਣ ਗਾਉਣ ਦੇ ਪ੍ਰਤਾਪ ਨਾਲ ਸਾਰੇ ਤੀਰਥ ਮਜਨ ਇਸ਼ਨਾਨ ਦਾਨ ਪੁਰਬੀਆਂ ਪਵਿਤ੍ਰ ਹੋ ਜਾਂਦੀਆਂ ਹਨ । ਦਿਆਲ ਗੁਰੂ, ਗੁਰ ਸਾਧੂ ਸਤਿਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਇਆਂ ਸਾਰੇ ਹੀ ਪਾਪ ਮਿਟ ਜਾਂਦੇ ਹਨ । ਗੁਰਮਤਿ ਜੁਗਤੀ ਤੋਂ ਬਿਹੂਣ ਅਤੇ ਗੁਰਮਤਿ ਨਾਮ ਤੋਂ ਸੱਖਣੇ ਹੋਣ ਦੇ ਕਾਰਨ ਆਨਮਤੀਆਂ ਦੇ ਪੁੱਠੇ ਲਟਕ ਕੇ ਕਰਨ ਵਾਲੇ ਬੇਅੰਤ ਤਪ ਸਾਧਨ ਸਾਧੇ ਹੋਏ ਸਭ ਬਿਰਥੇ ਜਾਂਦੇ ਹਨ । ਵਾਹਿਗੁਰੂ ਨਾਮ ਤੇ ਖਿਨ ਖਿਨ ਰਸਨਾ ਤੋਂ ਅਰਾਧਨ ਕੀਤਿਆਂ ਸੁਤੇ ਸੁਭਾਵ ਹੀ ਅਨੇਕ ਲਾਭ ਮਨੋਰਥ ਪੂਰੇ ਹੋ ਜਾਂਦੇ ਹਨ, ਤੇ ਪੁੱਠੇ ਤਪ ਕਰਨ ਤੋਂ ਬਿਨਾਂ ਹੀ ਸਭ ਲੇਖੇ ਲਗ ਜਾਂਦੇ ਹਨ । ਗੁਰਮਤਿ ਨਾਮ ਦੇ ਜਪਿਆਂ ਵਾਹਿਗੁਰੂ ਨਾਲ ਇਕ-ਮਿਕ ਹੋ ਜਾਈਦਾ ਹੈ । ਇਸ ਬਿਧਿ ਨਾਮ ਵਿਚ ਰਤਿਆਂ ਸੁਤੇ ਸਿੱਧ ਹੀ ਸਿਮ੍ਰਿਤੀਆਂ ਸ਼ਾਸਤ੍ਰਾਂ ਬੇਦਾਂ ਦੇ ਵਖਾਨਣ ਦਾ ਅਸਲ ਮਹਾਤਮ ਤੇ ਜੋਗ ਗਿਆਨ ਤੇ ਸਿਧੀਆਂ ਦੇ ਅਸਲ ਸੁਖ ਪ੍ਰਾਪਤ ਹੋ ਜਾਂਦੇ ਹਨ । ਗੁਰਮਤਿ ਨਾਮ ਤੋਂ ਬਿਹੂਣੇ ਸਿਮ੍ਰਿਤਿ ਸ਼ਾਸਤ੍ਰਾਂ ਤੇ ਬੇਦਾਂ ਦਾ ਬਖਾਨਣਾ ਤੇ ਜੋਗ ਗਿਆਨ ਆਦਿਕ ਦਾ ਘੋਟਣਾ, ਰਿਧੀਆਂ ਸਿਧੀਆਂ ਕਰਨੀਆਂ ਕਮਾਉਣੀਆਂ ਇਹ ਨਿਰੇ ਬਿਰਥੇ ਤਰਲੇ ਹੀ ਹਨ, ਜੋ ਆਪੋਂ ਕਿਸੇ ਦਾ ਕੁਝ ਨਹੀਂ ਸਵਾਰ ਸਕਦੇ । ਨਾਮ ਜਪਣ ਨਾਲ ਜਦੋਂ ਮਨ ਦਾ ਮਨਾਉਣ ਸਿੱਧ ਹੋ ਗਿਆ ਤਾਂ ਏਹ ਔਖੇ ਤਰਲੇ ਕਾਹਨੂੰ ਕਰਨੇ ਹੋਏ, ਸਗੋਂ ਏਹਨਾਂ ਆਨਮਤੀ ਮਤ ਦੇ ਪੋਥਿਆਂ ਸ਼ਾਸਤ੍ਰਾਂ ਸਿਮ੍ਰਿਤੀਆਂ ਵੇਦਾਂ ਦਾ ਪੜ੍ਹਨਾ ਨਿਰਾਰਥ ਹੀ ਹੈ, ਕੁਝ ਭੀ ਹਕੀਕਤ ਨਹੀਂ ਰਖਦਾ । ਵਾਹਿਗੁਰੂ ਦੇ ਨਾਮ ਦੀ ਅਗਾਧ ਬੋਧ ਅਗਮ ਅਪਾਰ ਮਹਿਮਾ ਹੈ । ਜਿਸ ਜਨ ਉਪਰ ਗੁਰੂ ਵਾਹਿਗੁਰੂ ਦੀ ਕਿਰਪਾ ਹੋਵੇ ਓਹੀ ਵਡਭਾਗਾ ਜਨ ਨਾਮ ਨੂੰ ਜਪਦਾ ਹੋਇਆ ਹਿਰਦੇ ਅੰਦਰ ਉਰਿਧਾਰਦਾ ਹੈ ।

ਹੈ ਕੋਈ ਰਾਮ ਪਿਆਰੋ ਗਾਵੈ ॥ ਸਰਬ ਕਲਿਆਣ ਸੂਖ ਸਚੁ ਪਾਵੈ ॥ਰਹਾਉ॥
ਬਨੁ ਬਨੁ ਖੋਜਤ ਫਿਰਤ ਬੈਰਾਗੀ ॥
ਬਿਰਲੇ ਕਾਹੂ ਏਕ ਲਿਵ ਲਾਗੀ ॥ ਜਿਨਿ ਹਰਿ ਪਾਇਆ ਸੇ ਵਡਭਾਗੀ ॥੧॥
ਬ੍ਰਹਮਾਦਿਕ ਸਨਕਾਦਿਕ ਚਾਹੈ ॥
ਜੋਗੀ ਜਤੀ ਸਿਧ ਹਰਿ ਆਹੈ ॥ ਜਿਸਹਿ ਪਰਾਪਤਿ ਸੋ ਹਰਿ ਗੁਣ ਗਾਹੈ ॥੨॥
੧੧੭॥ [ਗਉੜੀ ਮ: ੫, ਪੰਨਾ ੨੦੩

ਐਸਾ ਕੋਈ ਵਿਰਲਾ ਜਨ ਹੀ ਹੈ ਅਤੇ ਉਹ ਵਿਰਲਾ ਜਨ ਗੁਰਮਤਿ ਅਨੁ-ਸਾਰੀ ਗੁਰਮੁਖਿ ਪਿਆਰਾ ਹੀ ਹੈ ਜਿਸ ਨੂੰ ਹਰਿ ਗੁਣ ਗਾਵਣੇ ਤੇ ਸਿਫਤਿ ਸਾਲਾਹ ਕਰਨ ਦਾ ਗੁਰਮਤਿ ਰੰਗ ਢੰਗ ਪ੍ਰਾਪਤ ਹੈ । ਐਸੇ ਗੁਰਮੁਖਿ ਜਨ ਨੂੰ ਸਰਬ ਕਲਿ-ਆਣਾਂ ਸੁਤੇ ਹੀ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਸੱਚਾ ਆਤਮਾਨੰਦੀ ਸੁਖ ਤੱਤ-

ਵਾਸਤਵੀ ਸੱਤਤਾ ਸਹਿਤ ਸੁਤੇ ਹੀ ਨਸੀਬ ਹੋ ਜਾਂਦਾ ਹੈ। ਐਵੇਂ ਗੁਰਮਤਿ ਦੀ ਸੱਚੀ ਸੂਝ ਬਿਨਾਂ ਆਨਮਤੀ ਬੈਰਾਗੀ, ਬਨ ਬਨ ਖੋਜਣ ਦੀਆਂ ਬਿਰਥੀਆਂ ਟੱਕਰਾਂ ਮਾਰਦੇ ਫਿਰਦੇ ਹਨ। ਇਹ ਉਪਰ ਦੱਸੇ ਵਿਰਲੇ ਗੁਰਮੁਖਿ ਜਨ ਹੀ ਹਨ ਜਿਨ੍ਹਾਂ ਦੀ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ ਇਕ ਵਾਹਿਗੁਰੂ ਨਾਲ ਸੱਚੀ ਲਿਵ ਲਗ ਜਾਂਦੀ ਹੈ। ਸੋਈ ਜਨ ਗੁਰਮੁਖਿ ਜਨ ਵਡ ਭਾਗੀ ਪੁਰਸ਼ ਹਨ। ਆਨਮਤੀ ਵੈਰਾਗੀ ਤਿਆਗੀਆਂ ਦੀ ਘਾਲ ਕਦੇ ਭੀ ਥਾਉਂ ਨਹੀਂ ਪੈਂਦੀ। ਬ੍ਰਹਮਾ ਆਦਿਕ ਤੇ ਸਨਕ ਸਨੰਦਨ ਆਦਿਕ ਜੋਗੀ ਜਤੀ ਸਿੱਧ ਆਦਿਕ ਆਪੋ ਆਪਣੀ ਮਨ-ਉਕਤ ਲੋਚਾ ਦੁਆਰਾ ਵਾਹਿਗੁਰੂ ਦੇ ਮਿਲਣ ਦੀ ਬਥੇਰੀ ਤਾਂਘ ਰਖਦੇ ਹਨ, ਪਰ ਬਿਰਥੀ ਹੀ ਜਾਂਦੀ ਹੈ। ਜਿਸ ਵਡਭਾਗੇ ਗੁਰਮੁਖਿ ਜਨ ਨੂੰ ਵਾਹਿਗੁਰੂ ਦੀ ਪ੍ਰਾਪਤੀ ਹੋਣੀ ਧੁਰਿ ਮਸਤਕ ਲਿਖੀ ਹੋਈ ਹੁੰਦੀ ਹੈ, ਉਹ ਵਡਭਾਗਾ ਜਨ ਗੁਰਮਤਿ ਪ੍ਰਾਇਣ ਹੋ ਕੇ ਵਾਹਿਗੁਰੂ ਦੇ ਗੁਣ ਗਾਉਣ ਲਗ ਜਾਂਦਾ ਹੈ। ਆਨਮਤ ਦੀਆਂ ਮਨ-ਉਕਤ ਜੁਗਤੀਆਂ ਤੇ ਸੰਜਮ ਬਿਰਤੀਆਂ ਦੁਆਰਾ ਕੁਛ ਨਹੀਂ ਬਣਦਾ।

# ੩੩. ਸੱਚੀ ਜੋਗ ਜੁਗਤੀ

ਜੋਗ ਜੁਗਤਿ ਸੁਨਿ ਆਇਓ ਗੁਰ ਤੇ ॥
ਮੋ ਕਉ ਸਤਿਗੁਰ ਸਬਦਿ ਬੁਝਾਇਓ ॥੧॥ ਰਹਾਉ ॥
ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥੧॥
ਪੰਚ ਚੇਲੇ ਮਿਲ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥੨॥
ਭਰਮੁ ਜਰਾਇ ਚਰਾਈ ਬਿਭੂਤਾ ਪੰਥੁ ਏਕੁ ਕਰਿ ਪੇਖਿਆ ॥
ਸਹਜ ਸੂਖ ਸੋ ਕੀਨੀ ਭੁਗਤਾ ਜੋ ਠਾਕੁਰਿ ਮਸਤਕਿ ਲੇਖਿਆ ॥੩॥
ਜਹ ਭਉ ਨਾਹੀ ਤਹਾ ਆਸਨੁ ਬਾਧਿਓ ਸਿੰਗੀ ਅਨਹਤ ਬਾਨੀ ॥
ਤਤੁ ਬੀਚਾਰੁ ਡੰਡਾ ਕਰਿ ਰਾਖਿਓ ਜੁਗਤਿ ਨਾਮੁ ਮਨਿ ਭਾਨੀ ॥੪॥
ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥
੫॥੧੧॥੧੩੨॥ [ਗਉੜੀ ਮ: ੫, ਪੰਨਾ ੨੦੮

ਸੱਚਾ ਜੋਗ ਤੇ ਜੋਗ ਦੀ ਸੱਚੀ ਜੁਗਤੀ ਕੇਵਲ ਗੁਰਮਤਿ ਦੁਆਰਾ ਹੀ ਆਉਂਦੀ ਹੈ, ਗੁਰੂ ਸੱਚੇ ਸਤਿਗੁਰੂ ਦੇ ਮੁਖਾਰਬਿੰਦ ਤੋਂ ਗੁਰ-ਦੀਖਿਆ ਸੁਣ ਕੇ ਹੀ ਆਉਂਦੀ ਹੈ, ਸਤਿਗੁਰ ਦੇ ਸ਼ਬਦ ਗੁਰਮੰਤਰ ਦੁਆਰਾ ਹੀ ਬੁਝੀ ਜਾਂਦੀ ਹੈ। ਐਵੇਂ ਨਿਗੁਰਿਆਂ

ਅਨਮਤੀਆਂ ਪਾਸੋਂ ਇਸ ਜੋਗ ਜੁਗਤਿ ਦੀ ਸੂਝ ਬੂਝ ਕੀ ਪੈਣੀ ਸੀ ? ਆਨਮਤ ਦੁਆਰਾ ਇਸ ਮਨਮਤ ਭਰੀ ਜੋਗ ਜੁਗਤਿ ਦੀਆਂ ਟੱਕਰਾਂ ਮਾਰ ਮਾਰ ਕੇ ਅਨੇਕਾਂ ਅਨਮਤੀ ਜੋਗੀਸ਼ਰ ਜੁਗਤੀਸ਼ਰ ਕਹਾਉਣ ਵਾਲੇ ਸਭ ਹੰਭ ਹਾਰ ਥੱਕੇ, ਪਰ ਓਹਨਾਂ ਨੂੰ ਰਾਈ ਮਾਤਰ ਭੀ ਸਚੜੇ ਗੁਰਮਤਿ ਜੋਗ ਦੀ ਗੁਰਮਤਿ ਜੁਗਤੀ ਨਹੀਂ ਆਈ। ਜੋ ਜੋ ਜਗਿਆਸੂ ਜਨ ਗੁਰੂ ਸਾਹਿਬ ਸਚੜੇ ਗੁਰੂ ਨਾਨਕ ਸਾਹਿਬ ਦੀ ਸ਼ਰਨੀ ਆਏ ਹਨ, ਤਿਨ੍ਹਾਂ ਨੂੰ ਹੀ ਸਚੜੇ ਜੋਗ ਦੀ ਸੱਚੀ ਜੁਗਤੀ ਪ੍ਰਾਪਤ ਹੋਈ ਹੈ। ਐਸੀ ਪ੍ਰਾਪਤ ਹੋਈ ਹੈ ਕਿ ਇਸ ਜੋਗ-ਜੁਗਤੀ ਲਈ ਬਾਹਯ-ਮੁਖੀ ਟੱਕਰਾਂ ਮਾਰਨੀਆਂ ਨਹੀਂ ਪਈਆਂ। ਅੰਤਰ-ਗਤੀ ਰਿਦ ਅੰਤਰਿ ਹੀ ਇਸ ਗੁਰਮਤਿ ਜੋਗ-ਜੁਗਤੀ ਦੇ ਅਗਾਧ ਭੇਦ ਖ਼ਜ਼ਾਨੇ ਖੁਲ੍ਹ ਗਏ ਹਨ। ਮਨਮਤੀ ਲੋਗ, ਅਨਮਤੀ ਲੋਗ, ਅਨਮਤੀ ਜੋਗੀ ਇਸ ਜੋਗ ਜੁਗਤੀ ਲਈ ਨੌਖੰਡ ਪ੍ਰਿਥਮੀ ਵਿਚ ਫਿਰਨ ਦੀਆਂ ਬਥੇਰੀਆਂ ਧਾਵਨੀਆਂ ਕਰਦੇ ਹਨ, ਪਰ ਫੇਰ ਭੀ ਓਹਨਾਂ ਨੂੰ ਇਹ ਸਚੜੀ ਜੋਗ ਜੁਗਤੀ ਪ੍ਰਾਪਤ ਨ ਹੋਈ। ਜਦੋਂ ਸਤਿਗੁਰੂ ਨੇ ਗੁਰਮਤਿ ਜਗਿਆਸੂਆਂ ਨੂੰ ਇਸ ਸਚੜੀ ਜੋਗ **ਜੁਗਤੀ** ਦਾ ਸਚੜਾ ਨੀਸਾਣ ਦਸਿਆ ਤਾਂ ਤਿਨ੍ਹਾਂ ਗੁਰਮੁਖਿ ਜੋਗੀਆਂ, ਸਚੜੇ ਜੋਗੀਸ਼ਰਾਂ ਨੇ ਐਸੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕੀਤੀਆਂ ਕਿ ਇਸ ਸਰੀਰ ਅੰਦਰ ਹੀ ਤਿਨ੍ਹਾਂ ਨੂੰ ਨੌਂ ਖੰਡ ਪ੍ਰਿਥਮੀ ਦਾ ਪਰਤੱਖ ਨਜ਼ਾਰਾ ਰਵਿਆ ਨਜ਼ਰ ਆਇਆ। ਪ੍ਰਿਥੀਸ਼੍ਵਰ ਵਾਹਿਗੁਰੂ ਸਚੜੇ ਜਗਦੀਸ਼ ਸਿਰਜਨਹਾਰ ਨੂੰ ਭੀ ਪਰਤੱਖ ਅੰਤਰਗਤੀ ਸਰੀਰ ਅੰਦਰ ਪੇਖਦਿਆਂ ਇਹ ਪਰਤੱਖ ਨਜ਼ਾਰਾ ਪੇਖ ਪੇਖ ਕੇ ਗੁਰਮੁਖਿ ਅਲਮਸਤ ਜੋਗੀ ਨਿਮਖ ਨਿਮਖ ਨਮਸਕਾਰ ਕਰਨ ਲਗੇ, ਇਸ ਅੰਤਰਿ ਵਸਦੇ ਸਿਰਜਨਹਾਰ ਵਾਹਿਗੁਰੂ ਤਾਈਂ। ਝੂਠੇ ਜੋਗੀਆਂ ਨੇ ਕੰਨ ਪੜਵਾ ਕੇ ਕੰਨਾਂ ਵਿਚ ਮੁੰਦਰਾਂ ਪਾਈਆਂ ਤੇ ਕੰਨ-ਪਾਟੇ ਜੋਗੀ ਸਦਾਏ। ਜੋਗੀ ਸਦਾਉਣ ਤੋਂ ਬਿਨਾਂ ਓਹਨਾਂ ਨੂੰ ਕੋਈ ਸਿੱਧੀ ਹਾਸਲ ਨਹੀਂ ਹੋਈ। ਸਚੜੇ ਗੁਰਮੁਖਿ ਜੋਗੀਆਂ ਨੇ ਗੁਰੂ ਦੀ ਦੀਖਿਆ ਰੂਪੀ ਮੁੰਦਰਾਂ ਹਿਰਦੇ ਅੰਦਰ ਉਤਾਰ ਕੇ ਸੱਚੀ ਜੋਗ-ਸਾਧਨਾ ਕੀਤੀ ਅਤੇ ਏਕ ਨਿਰੰਕਾਰ ਦੇ ਨਾਮ ਨੂੰ ਹੀ ਦ੍ਰਿੜ੍ਹ-ਮਤਿ ਕੀਤਾ। ਨਾਮ ਦ੍ਰਿੜ੍ਹ ਕੇ ਓਹ ਅੰਤਰਗਤੀ ਹੀ ਨਾਮ ਅਭਿਆਸ ਵਿਖੇ ਲਿਵ ਲਾਇ ਕੈ ਗੁਰਮਤਿ ਦੇ ਸਚੜੇ ਜੋਗੀ ਬਣੇ। ਏਹਨਾਂ ਸਚੜੇ ਗੁਰਮਤਿ ਜੋਗੀਆਂ ਦੇ ਪੰਜੇ ਗਿਆਨ-ਇੰਦਰੇ ਐਸੇ ਵਸਗਤਿ ਹੋਏ ਕਿ ਤਿਨ੍ਹਾਂ ਨੂੰ ਬਾਹਯ-ਮੁਖੀ ਪੰਜ ਚੇਲੇ ਬਣਾਉਣ ਦੀ ਲੋੜ ਨਹੀਂ ਪਈ। ਸੋ ਗੁਰਮੁਖਿ ਸੱਚੇ ਗੁਰਮਤਿ ਜੋਗੀਸ਼ਰ, ਗੁਰ ਚੇਲੇ ਬਣਨ ਬਣਾਉਣ ਦੀ ਖੜਖੱਸ ਵਿਚ ਪਏ ਹੀ ਨਹੀਂ। ਤਿਨ੍ਹਾਂ ਨੂੰ ਇਸ ਬਿੱਦਤ ਵਿਚ ਪੈਣ ਦਾ ਭਰਮ ਹੀ ਨਹੀਂ ਰਿਹਾ। ਨਾਮ ਦੇ ਸੱਚੇ ਅਭਿਆਸੀ ਬਣ ਕੇ ਓਹਨਾਂ ਦਾ ਮਨੂਆ ਪੰਜੇ ਗਿਆਨ-ਇੰਦ੍ਰਿਆਂ ਅਤੇ ਸਾਰੇ ਕਰਮ-ਇੰਦ੍ਰਿਆਂ, ਉਤੇ ਹਾਵੀ ਹੋ ਗਿਆ। ਜੇਹੜੀਆਂ ਦਸੇ ਕਰਮ ਇੰਦ੍ਰੀਆਂ ਅਗੇ ਕਰਮ-ਚੇਸ਼ਟਾ ਦੇ ਵਸਗਤਿ ਕਰ ਕੇ ਮਨ ਨੂੰ ਦਬੱਲੀ ਫਿਰਦੀਆਂ ਸਨ, ਓਹ ਹੁਣ ਖ਼ੁਦ ਵਸਗਤਿ ਹੋ

ਗਈਆਂ। ਐਸੀਆਂ ਵਸਗਤਿ ਹੋਈਆਂ ਕਿ ਬਾਹਯ-ਮੁਖੀ ਵਿਸ਼ਿਆਂ ਵਲ ਧਾਵਣ ਤੋਂ ਉੱਕਾ ਹੀ ਰੁਕ ਗਈਆਂ, ਕਿਸੇ ਪਾਸੇ ਭੀ ਨਹੀਂ ਹਿਲਦੀਆਂ। ਓਹ ਤਾਂ ਚੇਸ਼ਟਾ ਵਾਲੀਆਂ ਇੰਦ੍ਰੀਆਂ ਦੇ ਥਾਉਂ ਨਿਰੋਲ ਗੁਰਮਤਿ ਵੈਰਾਗ ਇੰਦ੍ਰੀਆਂ ਬੈਰਾਗਣ ਹੋਈਆਂ ਗੁਰਮੁਖਿ ਜੋਗ-ਜੋਗੀਸ਼ਰਾਂ ਦੀਆਂ ਐਸੀਆਂ ਆਗਿਆਕਾਰੀ ਬਣੀਆਂ ਕਿ ਆਗਿਆ ਬਿਹੂਣ ਕਿਧਰੇ ਹੋਰ ਪਾਸੇ ਖਿਸਕਣ ਤੋਂ ਅਹਿਲ ਹੋ ਗਈਆਂ। ਅਜਿਹੇ ਵੈਰਾਗ ਇੰਦ੍ਰੀਆਂ ਵਾਲੇ ਗੁਰਮੁਖਿ ਜਨ ਨਿਰੋਲ ਨਿਰਮਲ ਜੋਗੀ ਹੋ ਗਏ। ਜੇਹੜੇ ਆਨਮਤੀ ਜੋਗੀ ਭਸਮ ਲਾ ਲਾ ਕੇ ਅਤੇ ਬਿਭੂਤ ਮਲ ਮਲ ਕੇ ਫ਼ਜ਼ੂਲ ਭਰਮਦੇ ਫਿਰਦੇ ਹਨ, ਤਿਨ੍ਹਾਂ ਦੇ ਮੁਕਾਬਲੇ ਵਿਚ ਸਚੜੇ ਗੁਰਮਤਿ ਜੁਗਤਿ ਜੋਗੀਸ਼ਰ ਅਜਿਹੇ ਭਰਮ ਭੂਤ ਨੂੰ ਸਾੜ ਜਲਾ ਕੇ ਭਸਮ ਕਰ ਗਏ। ਅਜਿਹੀ ਭਸਮ ਹੋਈ ਬਿਭੂਤ ਓਹਨਾਂ ਨੇ ਆਪਣੇ ਸਰੀਰ ਉਤੇ ਚਾੜ੍ਹੀ ਕਿ ਕੀ ਮਜਾਲ ਹੈ ਇਕ ਅਕਾਲ ਪੁਰਖ ਦੀ ਲਿਵ ਨੂੰ ਛਡ ਕੇ ਕਿਸੇ ਹੋਰ ਪਾਸੇ ਆਪਣੇ ਮਨ ਨੂੰ ਖਿਸਕਣ ਦੇਣ। ਸਚੜਾ ਜੋਗ ਪੰਥ ਇਹੋ ਹੈ ਜੋ ਗੁਰਮਤਿ ਨੇ ਦਰਸਾਇਆ ਹੈ। ਇਕ ਅਕਾਲ ਪੁਰਖ ਨੂੰ ਮੰਨ ਕੇ ਉਸ ਵਲ ਹੀ ਚਿਤ ਨੂੰ ਲਾਇਆ ਹੈ। ਕੇਵਲ ਗੁਰਮੁਖਾਂ ਦਾ ਹੀ ਇਕੋ ਪੰਥ ਇਕ ਅਕਾਲ ਪੁਰਖ ਦਰਸੀ ਪੰਥ ਹੈ। ਜੋਗੀ ਜਨ ਜੋ ਨਕਲੀ ਭੁਗਤਿ-ਭੋਜਨ ਭੁੰਚਦੇ ਹਨ, ਉਸ ਦੇ ਥਾਉਂ ਅਸਲੀ ਗੁਰਮੁਖਿ ਜੁਗਤੀਸ਼ਰ ਜੋਗੀ ਸਹਜ ਅਨੰਦੀ ਆਤਮਕ ਸੁਖ ਦੀਆਂ ਅੰਮ੍ਰਿਤ ਮਈ ਭੁਗਤਾਂ ਤੇ ਛਾਂਦੇ ਖਿਨ ਖਿਨ ਛਕਦੇ ਰਹਿੰਦੇ ਹਨ, ਜਿਸ ਵਿਚਿ ਅਘਾਏ ਹੋਏ ਓਹ ਕਦੇ ਇਸ ਸਚੜੀ ਭੁਗਤਿ ਦੇ ਭੁੰਚਣੋਂ ਵਿਸਰਜਤ ਨਹੀਂ ਹੁੰਦੇ। ਹਾਂ, ਓਹਨਾਂ ਨੂੰ ਛਾਦਨ ਭੋਜਨ ਦੀ ਇਛਿਆ ਹੀ ਨਹੀਂ ਰਹਿੰਦੀ। ਯਥਾ ਗੁਰਵਾਕ : "ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥"* ਜਿਨ੍ਹਾਂ ਜਿਨ੍ਹਾਂ ਛਾਂਦਿਆਂ ਭੋਜਨਾਂ ਦਾ ਛਕਣਾ ਤਿਨ੍ਹਾਂ ਦੇ ਮਸਤਕ ਉਤੇ ਸਚੇ ਰਾਜ਼ਕ ਮਾਲਕ ਠਾਕੁਰ ਨੇ ਲਿਖਿਆ ਹੈ, ਸੋਈ ਓਹ ਹੁਕਮ ਅਗਿਆਕਾਰੀ ਹੋ ਕੇ ਸੁਪ੍ਰਸੰਨਤਾ ਸਹਿਤ ਛਕਦੇ ਹਨ। ਸਚੜੇ ਗੁਰਮਤਿ ਜੋਗੀਆਂ ਨੇ ਕੇਵਲ ਨਿਰਭਉ ਨਿਰੰਕਾਰ ਅਕਾਲ ਪੁਰਖ ਵਿਚ ਹੀ ਆਪਣੀ ਸੁਰਤੀ ਨੂੰ ਜੋੜਿਆ ਹੈ। ਇਸ ਨਿਰਭਉ ਅਕਾਲ ਪੁਰਖ ਦੇ ਸਰੂਪ-ਲਖਤਾ ਦੇ ਪ੍ਰਭਾਵ ਕਰਕੇ ਜਿਥੇ ਕੋਈ ਭੀ ਭਉ ਨਹੀਂ ਵਿਆਪਦਾ, ਤਿਥੇ ਤਿਨ੍ਹਾਂ ਨੇ ਆਪਣਾ ਆਸਣ ਬੰਨ੍ਹ ਰਖਿਆ ਹੈ ਤੇ ਨਿਰਭਉ ਤਾੜੀ ਲਾ ਰਖੀ ਹੈ। ਜੋਗੀਆਂ ਦੀ ਸਿੰਙੀ ਬਾਹਜ-ਮੁਖੀ ਬਜੰਤਰੀ ਸਿੰਙੀ ਬਜਾਉਣ ਦੇ ਥਾਉਂ ਗੁਰਮਤਿ ਜੁਗਤਿ ਜੋਗੀਆਂ ਨੇ ਅਨਹਦ ਬਾਣੀ-ਮਈ ਸਿੰਙੀ ਬਜਾਉਣੀ ਸਦ ਸਦਾ ਲਈ ਅਰੰਭੀ ਹੋਈ ਹੈ। ਗੁਰਮਤਿ ਸਚੜੇ ਜੋਗੀਆਂ ਨੇ ਨਾਮ ਅਭਿਆਸ-ਮਈ ਤੱਤ ਬੀਚਾਰ ਰੂਪੀ ਡੰਡਾ ਸਦ ਸਦਾ ਆਪਣੇ ਹੱਥ ਵਿਚ ਧਾਰ ਰਖਿਆ ਹੈ। ਨਾਮ ਨੂੰ ਮਨ ਵਿਚ ਵਸਾ ਕੇ, ਨਾਮ ਵਿਖੇ ਹੀ ਲਿਵ ਲਾਉਣੀ, ਇਹ ਗੁਰਮਤਿ ਜੋਗੀਆਂ ਦੀ ਸੱਚੀ ਜੁਗਤਿ

*...॥੭॥ ਮਾਰੂ ਮ: ੧, ਪੰਨਾ ੧੦੧੩

ਹੈ। ਨਾਮ ਵਿਖੇ ਲਿਵ ਲਾਈ ਰਖਣ ਦਾ ਇਹ ਪ੍ਰਤਾਪ ਵਰਤਦਾ ਹੈ ਕਿ ਮਾਇਆ ਸਰੂਪ ਬੰਧਨ ਉਸ ਦੇ ਸਾਰੇ ਕਟੇ ਜਾਂਦੇ ਹਨ। ਐਸਾ ਵਡਭਾਗੀ ਜੋਗੀ ਕੇਵਲ ਗੁਰੂ ਘਰ ਵਿਖੇ ਹੀ ਮਿਲਦਾ (ਭੇਟਣ ਹੁੰਦਾ) ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਪੂਰੇ ਸੂਰੇ ਗੁਰਮੁਖਿ ਜੋਗੀ ਦੀ ਸੇਵਾ ਪੂਜਾ ਜਿਤਨੀ ਭੀ ਕੀਤੀ ਜਾਵੇ, ਉਤਨੀ ਹੀ ਥੋੜੀ ਹੈ। ਐਸੇ ਗੁਰਮੁਖਿ ਜੋਗੀ ਦੀ ਮੂਰਤੀ ਦਾ ਖਿਨ ਖਿਨ ਦਰਸ਼ਨ ਕਰਨਾ ਭੀ ਸਫਲਾ ਨਰੋਤਮ ਜੁਗਤਿ ਭੁਗਤਿ ਮੇਵਾ ਹੈ। ਗੁਰੂ ਨਾਨਕ ਸਾਹਿਬ ਗੁਰਮੁਖਿ ਜੋਗੀਆਂ ਦੇ ਐਸੇ ਮਫ਼ਤੂਨ ਮਤਵਾਲੇ ਹਨ ਕਿ ਇਹੋ ਹਰ ਦਮ ਭਾਵਨਾ ਰਖਦੇ ਹਨ ਕਿ ਤਿਨ੍ਹਾਂ ਦੇ ਪਗ ਚੱਟੀ ਹੀ ਜਾਈਏ।

# ੩੪. ਸਭ ਤੋਂ ਉਚੇ ਗੁਰਮੁਖਿ

ਬੇਦ ਪੁਰਾਣ ਸਿਮ੍ਰਿਤਿ ਭਨੇ ॥ ਸਭ ਊਚ ਬਿਰਾਜਿਤ ਜਨ ਸੁਨੇ ॥੧॥
ਸਗਲ ਅਸਥਾਨ ਭੈ ਭੀਤ ਚੀਨ ॥ ਰਾਮ ਸੇਵਕ ਭੈ ਰਹਤ ਕੀਨ ॥੨॥੧੪੪॥
[ਗਉੜੀ ਮ: ੫, ਪੰਨਾ ੨੧੧

ਸਭ ਤੋਂ ਉਚੇ ਆਤਮ-ਮੰਡਲਾਂ ਵਿਖੇ, ਅਮਰ ਅਟਾਰੜੇ ਮੰਜ਼ਲਾਂ ਵਿਖੇ ਨਾਮ ਅਭਿਆਸੀ ਗੁਰਮੁਖਿ ਜਨ ਸਦਾ ਹੀ ਬਿਰਾਜਦੇ ਸੁਣੇ ਪੇਖੇ ਹਨ। ਓਹ ਨਾਮ ਗੁਰ-ਬਾਣੀ ਰੂਪੀ ਸਚੜੀ ਬੇਦ-ਬਾਣੀ ਹੀ ਸਦਾ ਰਟਦੇ ਹਨ ਅਤੇ ਇਹੋ ਸਿਮ੍ਰਿਤਿ ਪੁਰਾਣ ਸਚੜੀ ਗੁਰਬਾਣੀ ਪੜ੍ਹਦੇ ਹਨ। ਕੇਵਲ ਨਾਮ ਅਭਿਆਸ ਰੂਪੀ ਪੜ੍ਹਾਈ ਦਾ ਪੜ੍ਹਨਾ ਅਤੇ ਸਚੜੀ ਗੁਰ-ਦੀਖਿਆ ਰੂਪੀ ਗੁਰ-ਸਿਖਿਆ ਦਾ ਸੁਣਨਾ ਹੀ ਓਹਨਾਂ ਦਾ ਵੇਦ ਸਿਮ੍ਰਿਤਿ ਪੁਰਾਣ ਪੜ੍ਹਨਾ ਰਟਨਾ ਹੈ। ਉਨ੍ਹਾਂ ਨੇ ਝੂਠੇ ਬੇਦ ਪੁਰਾਣ ਸਿਮ੍ਰਿਤੀਆਂ ਵਾਲੇ ਸਾਰੇ ਅਸਥਾਨ ਭੈ-ਭੀਤ ਹੀ ਜਾਣੇ ਹਨ। ਕੇਵਲ ਵਾਹਿਗੁਰੂ ਨਾਮ ਦੇ ਅਭਿਆਸੀ ਜਨ ਗੁਰਮੁਖਿ ਸਿਖ ਸੇਵਕ ਹੀ ਅਜਿਹੇ ਭੈ ਭਰਮ ਤੋਂ ਰਹਿਤ ਕੀਤੇ ਗਏ ਹਨ। ਸਦੀਵਕਾਲ ਓਹ ਭੈ ਰਹਿਤ ਹੀ ਰਹਿੰਦੇ ਹਨ।

# ੩੫. ਵਾਹਿਗੁਰੂ ਦੇ ਰੰਗ

ਸਬਹੂ ਕੋ ਰਸੁ ਹਰਿ ਹੋ ॥੧॥ਰਹਾਉ॥
ਕਾਹੂ ਜੋਗ ਕਾਹੂ ਭੋਗ ਕਾਹੂ ਗਿਆਨ ਕਾਹੂ ਧਿਆਨ ॥ ਕਾਹੂ ਹੋ ਡੰਡ ਧਰਿ ਹੋ ॥੧॥
ਕਾਹੂ ਜਾਪ ਕਾਹੂ ਤਾਪ ਕਾਹੂ ਪੂਜਾ ਹੋਮ ਨੇਮ ॥ ਕਾਹੂ ਹੋ ਗਉਨੁ ਕਰਿ ਹੋ ॥੨॥
ਕਾਹੂ ਤੀਰ ਕਾਹੂ ਨੀਰ ਕਾਹੂ ਬੇਦ ਬੀਚਾਰ ॥ ਨਾਨਕਾ ਭਗਤਿ ਪ੍ਰਿਅ ਹੋ ॥੩॥
੨॥੧੫੫॥ [ਗਉੜੀ ਮ: ੫, ਪੰਨਾ ੨੧੩

ਹੇ ਵਾਹਿਗੁਰੂ ! ਤੁਸੀਂ ਸਾਰਿਆਂ ਲਈ, ਹਰ ਕਿਸੇ ਲਈ ਰਸ ਰੂਪ ਰਸ-ਦਾਤੇ ਬਣੇ ਹੋਏ ਹੋ। ਕਿਸੇ ਨੂੰ ਜੋਗ ਦਾ ਰਸ ਹੈ। ਉਸ ਦੇ ਕਰਮਾਂ ਅਨੁਸਾਰ ਉਸ ਨੂੰ ਉਸ ਦੇ ਜੋਗ ਵਿਚ ਹੀ ਪਰਚਾਅ ਛਡਦੇ ਹੋ। ਕਿਸੇ ਨੂੰ ਭੋਗ ਦਾ ਚਸਕਾ ਪਿਆ ਹੋਇਆ ਹੈ, ਐਸੇ ਭੋਗ-ਚਸਕੀਏ ਲੋਗ ਓਹਨਾਂ ਦੇ ਪੂਰਬਲੇ ਕਰਮਾਂ ਅਨੁਸਾਰ ਵਾਹਿਗੁਰੂ ਨੇ ਪ੍ਰੇਰ ਕੇ ਓਹਨਾਂ ਨੂੰ ਭੋਗ ਰਸਾਂ ਵਿਚ ਹੀ ਪਰਚਾਅ ਛਡਿਆ ਹੈ। ਕਿਸੇ ਨੂੰ ਚੁੰਚ ਗਿਆਨ ਦਾ ਚਰਚਾ ਪਰਚਾ ਪਿਆ ਹੋਇਆ ਹੈ। ਕੋਈ ਆਪਣੇ ਆਪ ਨੂੰ ਧਿਆਨੀ ਸਦਾਉਣ ਵਿਚ ਹੀ ਰਸ-ਮਸਤ ਹੈ, ਓਹਨਾਂ ਨੂੰ ਉਸੇ ਪਾਸੇ ਹੀ ਲਾ ਛਡਦੇ ਹੋ। ਵਾਸਤਵ ਵਿਚ ਵਾਹਿਗੁਰੂ ਓਹਨਾਂ ਦੇ ਪੂਰਬਲੇ ਕਰਮਾਂ ਦੇ ਫਲ-ਪਰਦਾਤੇ ਹੋ ਕੇ ਐਸੇ ਕਰਮ ਕਰਵਾਉਣ ਦੇ ਪ੍ਰੇਰਕ ਹੋ ਰਹੇ ਹਨ। ਕੋਈ ਡੰਡਾਧਾਰੀ ਬਣਨ ਵਿਚ ਹੀ ਰਸ-ਮਗਨ ਹੈ, ਉਸ ਨੂੰ ਉਸੇ ਪਾਸੇ ਹੀ ਪਰਚਾਅ ਛਡਿਆ ਹੈ। ਕਈ ਪ੍ਰਕਾਰ ਦੇ ਅਨਮਤੀ ਜਪੀ ਤਪੀ ਸਦਾਉਣ ਵਾਲੇ ਆਪੋ ਆਪਣੈ ਮਨ-ਉਕਤ ਜਾਪ ਤਾਪ ਵਿਚ ਹੀ ਪ੍ਰੇਰਕ ਦੇ ਪ੍ਰੇਰੇ ਹੋਏ ਰੁਝ ਰਹੇ ਹਨ। ਕੋਈ ਪੂਜਾ ਹਵਨ ਯਗ ਕਰਨ ਵਿਚ ਹੀ ਆਪਣੀ ਮੁਕਤੀ ਸਮਝੀ ਬੈਠਾ ਹੈ ਤੇ ਏਸੇ ਪਾਸੇ ਹੀ ਪਰਵਿਰਤਤ ਹੋਇਆ ਹੈ। ਵਾਸਤਵ ਵਿਚ ਲਾਉਣਹਾਰੇ ਪੂਰਬਲੇ ਕਰਮਾਂ ਦੇ ਫਲ-ਪਰਦਾਤੇ ਵਾਹਿਗੁਰੂ ਨੇ ਉਸ ਨੂੰ ਏਸੇ ਪਾਸੇ ਲਾ ਛਡਿਆ ਹੈ। ਕਿਸੇ ਨੂੰ ਫਿਰਤੂ ਘਿਰਤੂ ਬਣੇ ਰਹਿਣ ਦਾ ਹੀ ਸ਼ੌਕ ਕੁਦਿਆ ਹੋਇਆ ਹੈ। ਉਹ ਸਦਾ ਸਾਰੀ ਬਸੁਧਾ ਧਰਤੀ ਦੇ ਗਵਨ ਕਰਨ ਵਿਚ ਹੀ ਲੱਥ ਪੱਥ ਹੋ ਰਿਹਾ ਹੈ। ਕੋਈ ਤੀਰਥਾਂ ਦੇ ਕਿਨਾਰਿਆਂ ਉਤੇ ਵਾਸਾ ਰਖਣ ਲਈ ਸਾਰੀ ਉਮਰ ਤਹੂ ਹੋਇ ਕੇ ਅਸਥਾਨ ਤੇ ਬਹੂ (ਬੈਠਣ ਵਾਲਾ) ਹੋ ਕੇ ਇਸ ਪਾਸੇ ਲੱਟੂ ਹੋ ਰਹਿੰਦਾ ਹੈ ਤੇ ਕੋਈ ਤੀਰਥਾਂ ਦੀ ਜਗ੍ਹਾ ਵਿਖੇ ਮਜਨ-ਇਸ਼ਨਾਨੀ ਕਰਨ ਵਿਚ ਹੀ ਆਪਣੀ ਭਲਾਈ ਸਮਝਦਾ ਹੈ। ਕਿਸੇ ਨੂੰ ਬੇਦ-ਬੀਚਾਰੀ ਬਣਨ ਦੀ ਫਿਟਕ ਹੀ ਲਗੀ ਹੋਈ ਹੈ।

ਪ੍ਰੰਤੂ ਗੁਰੂ ਨਾਨਕ ਸਾਹਿਬ ਸਿੱਟੇ ਦੀ ਗੱਲ ਇਹ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨੂੰ ਆਪਣੀ ਭਗਤੀ ਹੀ ਪਿਆਰੀ ਹੈ। ਉਹ ਭਗਤਾਂ ਦੇ ਹੀ ਸੱਚੇ ਪਿਆਰੇ ਹਨ। ਗੁਰਮੁਖ ਜਨਾਂ ਦੀ ਗੁਰਮਤਿ ਪ੍ਰਾਇਣ ਭਗਤੀ ਉਤੇ ਹੀ ਤੁਠਦੇ ਹਨ, ਹੋਰ ਆਨਮਤੀ ਕਰਮ-ਕਾਂਡੀਆਂ ਨੂੰ ਠਾਠਾ ਬਾਗਾ ਕਰ ਕੇ ਹੀ ਪਰਚਾਅ ਛਡਦੇ ਹਨ। ਗੁਰੂ ਨਾਨਕ ਸਾਹਿਬ ਜੀ ਦੀ ਕਿਰਪਾ ਦ੍ਰਿਸ਼ਟੀ ਜਦੋਂ ਓਹਨਾਂ ਤੇ ਹੋ ਗਈ ਤਾਂ ਉਹ ਭੀ ਗੁਰਮਤਿ ਭਗਤੀ ਮੰਡਲ ਵਿਚ ਆ ਕੇ ਵਾਹਿਗੁਰੂ ਦੇ ਪਿਆਰੇ ਹੋ ਜਾਣਗੇ।

# ੩੬. ਉਧਾਰ ਨਿਸਤਾਰੇ ਦਾ ਸਾਧਨ ਤੇ ਗੁਰਮਤਿ ਜੋਗ

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥੨॥
ਸਿਵਪੁਰੀ ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ ॥੩॥
ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ ॥
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ ॥੪॥੧॥੧੫੮॥
[ਗਉੜੀ ਮਾਲਵਾ ਮ: ੫, ਪੰਨਾ ੨੧੪

ਆਨਮਤੀ ਤੀਰਥਾਂ ਤੇ ਰਹਿ ਕੇ ਹੋਮ ਜਗ ਪੂਜਾ ਕੀਤੀ ਸਭ ਬਿਰਥੀ ਜਾਂਦੀ ਹੈ। ਏਹਨਾਂ ਆਨਮਤ ਕਰਮਾਂ ਦੇ ਕੀਤਿਆਂ ਨਿਰੀ ਹਉਮੈ ਹੀ ਵਧਦੀ ਹੈ ਤੇ ਹਉਮੈ ਵਿਚ ਵਕਾਰ ਵਧਦੇ ਹਨ। ਏਹਨਾਂ ਆਨਮਤੀ ਕਰਮ-ਕਾਂਡਾਂ ਦਾ ਫਲ ਇਹੋ ਮਿਲਦਾ ਹੈ ਕਿ ਕੋਈ ਤਾਂ ਨਰਕ ਜਾ ਭੁੰਚਦਾ ਹੈ, ਕੋਈ ਸੁਰਗ ਦੀ ਬਾਂਛਾ ਰਖਦਾ ਹੋਇਆ ਸੁਰਗ-ਪੁਰੀਆਂ ਵਿਚ ਘੁੰਮਦਾ ਹੈ। ਅੰਤ ਦੋਹਾਂ ਨੂੰ ਫੇਰ ਚੁਰਾਸੀ ਦੇ ਗੇੜ ਵਿਚ ਹੀ ਘੁੰਮਣਾ ਪੈਂਦਾ ਹੈ, ਮੁੜ ਮੁੜ ਕੇ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚ ਆਉਣਾ ਪੈਂਦਾ ਹ। ਸ਼ਿਵ ਜੀ ਦੇ ਉਪਾਸ਼ਕ ਸ਼ਿਵਪੁਰੀ ਵਿਚ ਜਾ ਵਾਸਾ ਪਾਉਣ ਦੇ ਅਧਿਕਾਰੀ ਸਦਾਉਂਦੇ ਹਨ ਤੇ ਬ੍ਰਹਮਾ ਦੇ ਪੁਜਾਰੀਆਂ ਨੂੰ ਬ੍ਰਹਮਪੁਰੀ ਵਿਚ ਅਵੱਸ਼ ਵਸਣਾ ਪੈਂਦਾ ਹੈ। ਵਾਸ਼ਨਾਵਾਂ ਕਾਮਨਾਵਾਂ ਦੇ ਗ੍ਰਾਹਕਾਂ ਨੂੰ ਬੜੀ ਹਦ ਇੰਦ੍ਰਪੁਰੀ ਮਿਲਣ ਦਾ ਮਾਣ ਹੈ। ਪ੍ਰੰਤੂ ਵਾਸਤਵ ਵਿਚ ਏਹਨਾਂ ਪੁਰੀਆਂ ਵਿਚੋਂ ਕੋਈ ਪੁਰੀ ਭੀ (ਨ ਸ਼ਿਵਪੁਰੀ, ਨ ਬ੍ਰਹਮਪੁਰੀ, ਨ ਇੰਦ੍ਰਪੁਰੀ) ਅਸਥਿਰ ਰਹਿਣ ਵਾਲੀ ਥਾਉਂ ਨਹੀਂ। ਇਹ ਸਾਕਤ ਲੋਗ, ਮਾਇਆਧਾਰੀ, ਸ਼ਕਤੀ ਦੇ ਉਪਾਸ਼ਕ ਆਵਾ ਗਉਣ ਵਿਚ ਹੀ ਘੁੰਮਦੇ ਰਹਿੰਦੇ ਹਨ। ਵਾਹਿਗੁਰੂ ਦੇ ਸੱਚੇ ਸੇਵਕ ਬਣੇ ਬਿਨਾ ਸੁਖ ਕਿਤੇ ਭੀ ਨਹੀਂ ਪਾਉਂਦੇ। ਤੇ ਵਾਹਿਗੁਰੂ ਦਾ ਸੇਵਕ ਸੱਚਾ ਉਪਾਸ਼ਕ ਗੁਰੂ ਪ੍ਰਾਇਣ ਸਿੱਖ ਹੋਇਆਂ ਹੀ ਬਣੀਦਾ ਹੈ। ਗੁਰੂ ਨਾਨਕ ਸਾਹਿਬ ਓੜਕ ਨੂੰ ਫ਼ੁਰਮਾਉਂਦੇ ਹਨ ਕਿ ਇਹ ਜੋ ਕੁਛ ਉਪਰ ਅਸੀਂ ਭਾਖਿਆ ਹੈ, ਉਹ ਗੁਰੂ ਵਾਹਿਗੁਰੂ ਦੀ ਪ੍ਰੇਰਨਾ ਤੇ ਉਪਦੇਸਿਆ ਹੋਇਆ ਹੀ ਆਖਿਆ ਹੈ ਅਤੇ ਪੁਕਾਰ ਕੇ ਆਖਿਆ ਹੈ। ਸਾਰੀ ਬਾਣੀ ਅਕਾਲ ਪੁਰਖ ਦੀ ਉਪਦੇਸ਼ ਪ੍ਰੇਰਨਾ ਅਨੁਸਾਰ ਭਾਖੀ ਹੋਈ ਇਹੋ ਅੰਤਲਾ ਸਿੱਟਾ ਕਢਦੀ ਹੈ ਕਿ ਵਾਹਿਗੁਰੂ ਦੇ ਸਿਫਤਿ ਸਾਲਾਹ ਰੂਪੀ ਕੀਰਤਨ ਕੀਤਿਆਂ ਹੀ ਪ੍ਰਾਣੀ ਦਾ ਉਧਾਰ ਹੈ, ਹੋਰ ਕਿਵੇਂ ਭੀ ਨਹੀਂ। ਅਤੇ ਇਹ ਸਿਫਤਿ ਸਾਲਾਹ ਕੀਰਤਨ-ਰਸ ਕੇਵਲ ਗੁਰੂ ਘਰ ਵਿਖੇ ਹੀ ਗੁਰੂ ਦੀ

ਮਤਿ ਗ੍ਰਹਿਣ ਕੀਤਿਆਂ ਨਸੀਬ ਹੁੰਦਾ ਹੈ। ਆਨਮਤੀ ਕਰਮ-ਕਾਂਡੀਆਂ ਨੂੰ ਇਹ ਕਿਥੋਂ ਪ੍ਰਾਪਤ ਹੋ ਸਕਦਾ ਹੈ, ਓਹ ਤਾਂ ਵਿਚਾਰੇ ਕਰਮ-ਕਾਂਡਾਂ ਵਿਚ ਹੀ ਭੰਭਲਭੂਸੇ ਖਾਂਦੇ ਰਹਿ ਜਾਂਦੇ ਹਨ।

ਉਬਰਤ ਰਾਜਾ ਰਾਮ ਕੀ ਸਰਣੀ ॥੧॥ਰਹਾਉ॥
ਸਾਸਤ ਸਿੰਮ੍ਰਿਤਿ ਬੇਦ ਬੀਚਾਰੇ ਮਹਾ ਪੁਰਖਨ ਇਉ ਕਹਿਆ ॥
ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੂਖੁ ਨ ਕਿਨਹੂੰ ਲਹਿਆ ॥
੧॥੧੬੨॥ [ਗਉੜੀ ਮ: ੫, ਪੰਨਾ ੨੧੫

ਵਾਹਿਗੁਰੂ ਦੀ ਸ਼ਰਨੀ ਆਇਆਂ ਹੀ ਤਰੀਦਾ ਹੈ। ਕੇਵਲ ਗੁਰਮੁਖਿ ਜਨ ਹੀ ਗੁਰੂ ਦੀ ਕਿਰਪਾ ਦੁਆਰਾ, ਸੱਚੀ ਗੁਰਮਤਿ ਦੇ ਪ੍ਰਾਇਣ ਹੁੰਦੇ ਹੋਏ ਵਾਹਿਗੁਰੂ ਦੀ ਸ਼ਰਨੀ ਆਉਂਦੇ ਹਨ; ਹੋਰ ਕੋਈ ਨਹੀਂ ਆ ਸਕਦਾ। ਆਨਮਤੀ ਮਹਾਂ ਪੁਰਖ ਸਦਾਉਣ ਵਾਲਿਆਂ ਨੇ ਲੋਕਾਂ ਨੂੰ ਬਥੇਰੀ ਇਹੋ ਉਪਦੇਸ਼-ਪ੍ਰੇਰਨਾ ਕੀਤੀ ਹੈ ਕਿ ਓਹ ਲੋਕ ਸ਼ਾਸਤ੍ਰ ਸਿਮ੍ਰਿਤਿ ਬੇਦ ਆਦਿਕ ਨੂੰ ਬੀਚਾਰਨ ਤਾਂ ਓਹਨਾਂ ਦਾ ਭਲਾ ਹੁੰਦਾ ਹੈ, ਪ੍ਰੰਤੂ ਗੁਰਮਤਿ ਇਹ ਪੁਕਾਰ ਕੇ ਕਹਿੰਦੀ ਹੈ ਕਿ ਏਹਨਾਂ ਸ਼ਾਸਤ੍ਰਾਂ ਤੇ ਸਿਮ੍ਰਿਤੀਆਂ ਬੇਦਾਂ ਦੇ ਬੀਚਾਰਿਆਂ, ਨਾ ਬੇਦ-ਬੀਚਾਰੀ ਮਹਾਂ ਪੁਰਖਾਂ ਦਾ ਕੁਛ ਬਣਦਾ ਹੈ ਨਾ ਤਿਨ੍ਹਾਂ ਮਹਾਂ ਪੁਰਖਾਂ ਦੇ ਚੇਸ਼ਟਾਲੂਆਂ ਦਾ ਹੀ ਕੁਛ ਬਣਦਾ ਹੈ। ਵਾਹਿਗੁਰੂ ਦੇ ਭਜਨ ਬਿਨਾਂ ਕਿਸੇ ਦਾ ਨਿਸਤਾਰਾ ਨਹੀਂ ਹੁੰਦਾ, ਨਾ ਹੀ ਕਿਸੇ ਨੂੰ ਸੱਚਾ ਸੁਖ ਮਿਲਦਾ ਹੈ। ਇਹ ਸੁਖ-ਮਿਲਾਪੀ ਨਿਸਤਾਰਾ ਕਰਨਹਾਰਾ ਵਾਹਿਗੁਰੂ ਦਾ ਭਜਨ ਗੁਰੂ ਦਰਬਾਰੋਂ ਮਿਲਦਾ ਹੈ। "ਆਇਆ ਪ੍ਰਭ ਦਰਬਾਰਾ ॥ ਤਾ ਸਗਲੀ ਮਿਟੀ ਪੁਕਾਰਾ ॥"*

ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥
ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੇ ॥੧॥ਰਹਾਉ॥
ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥
ਆਗੈ ਚਲਣੁ ਅਉਰੁ ਹੈ ਭਾਈ ਊਂਹਾ ਕਾਮਿ ਨ ਆਇਆ ॥੧॥
ਤੀਰਥਿ ਨਾਇ ਅਰੁ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥
ਊਹਾ ਕਾਮਿ ਨ ਆਵੈ ਇਹ ਬਿਧਿ ਓਹੁ ਲੋਗਨ ਹੀ ਪਤੀਆਵੈ ॥੨॥
ਚਤੁਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ ॥
ਬੂਝੈ ਨਾਹੀ ਏਕੁ ਸੁਧਾਖਰੁ ਓਹੁ ਸਗਲੀ ਝਾਖ ਝਖਾਈਐ ॥੩॥
ਨਾਨਕੁ ਕਹਤੋ ਇਹੁ ਬੀਚਾਰਾ ਜਿ ਕਮਾਵੈ ਸੁ ਪਾਰਗਰਾਮੀ ॥
ਗੁਰੁ ਸੇਵਹੁ ਅਰੁ ਨਾਮੁ ਧਿਆਵਹੁ ਤਿਆਗਹੁ ਮਨਹੁ ਗੁਮਾਨੀ ॥
੪॥੬॥੧੬੪॥ [ਗਉੜੀ ਮ: ੫, ਪੰਨਾ ੨੧੬

ਇਸ ਸਮੁਚੇ ਗੁਰਵਾਕ ਅੰਦਰ ਦੱਸੇ ਦਸਾਏ, ਦਰਜ ਦਰਜਾਏ (ਦਰਜ ਕੀਤੇ

*ਸੋਰਠਿ ਮ: ੫ ਘਰੁ ੩, ਪੰਨਾ ੬੨੧

ਹੋਏ) ਕਰਮ-ਕਾਂਡ ਕਿਰਿਆ ਸਭ ਆਨਮਤ ਮਤੀਸ਼ਰੀ ਕਰਮ-ਕਾਂਡੀਆਂ ਦੇ ਹੀ ਵਿਦਤਾਏ ਹੋਏ ਹਨ। ਗੁਰਮਤਿ ਦਰਸਾਈ ਵਾਹਿਗੁਰੂ ਭਜਨ ਭਗਤੀ ਬਿਨਾਂ, ਏਹਨਾਂ ਅਨਮਤੀਆਂ ਦੇ ਸਾਰੇ ਅਵਰ ਕਿਰਿਆ-ਕਰਮ ਸਭ ਬਿਰਥੇ ਹੀ ਹਨ। ਆਨਮਤੀਆਂ ਦੇ ਕੀਤੇ ਹੋਏ ਜਪ ਤਪ ਸੰਜਮ ਆਦਿ ਕਰਮ ਕਮਾਉਣੇ, ਏਹ ਸਾਰੇ ਉਰੇ ਹੀ ਉਰੇ ਲੁੱਟੇ ਜਾਂਦੇ ਹਨ। ਭਾਵ, ਰੱਬ ਦੀ ਦਰਗਾਹ ਤਾਈਂ ਏਹਨਾਂ ਆਨਮਤੀ ਕਰਮਾਂ ਕਰਕੇ ਸੱਚੀ ਦਰਗਾਹੇ ਤਾਂ ਕੀ ਪੁਜਣਾ ਸੀ, ਏਹ ਤਾਂ ਉਰੇ ਉਰੇ ਹੀ ਲੁੱਟੇ ਕਸੁੱਟੇ ਜਾਂਦੇ ਹਨ। ਏਹਨਾਂ ਕਰਮ-ਕਾਂਡੀਆਂ ਉਤੇ ਜਮਾਂ ਦੀ ਮਾਰ ਅਵੱਸ਼ ਪੈਂਦੀ ਹੈ। ਏਹਨਾਂ ਕਿਰਿਆ-ਕਰਮਾਂ ਦੀ ਕੋਈ ਪੁੱਛ ਗਿੱਛ ਹੀ ਨਹੀਂ ਹੁੰਦੀ। ਆਨਮਤ ਫੋਕੇ ਧਰਮ ਦੇ ਬਰਤ ਨੇਮ ਸੰਜਮ ਆਦਿਕ ਲਗਾਤਾਰ ਕੀਤੇ ਹੋਏ ਭੀ ਏਹ ਇਕ ਕੌਡੀ ਦਾ ਮੁੱਲ ਭੀ ਨਹੀਂ ਪਾਉਂਦੇ। ਅੱਗੇ ਚਲ ਕੇ, ਭਾਵ, ਅਗਲੀ ਦਰਗਾਹੇ ਹੋਰ ਹੀ ਵਰਤਾਰਾ ਵਰਤਦਾ ਹੈ। ਓਥੇ ਏਹ ਆਨਮਤ ਕਰਮ-ਕਾਂਡ ਕੰਮ ਹੀ ਨਹੀਂ ਆਉਂਦੇ। ਜੇਹੜੇ ਲੋਗ ਆਨਮਤ ਤੀਰਥਾਂ ਤੇ ਨ੍ਹਾਉਂਦੇ ਫਿਰਦੇ ਹਨ ਤੇ ਸਾਰੀ ਧਰਤੀ ਤੇ ਭਉਂਦੇ ਫਿਰਦੇ ਹਨ, ਓਹਨਾਂ ਦਾ ਇਸ ਬਿਧਿ ਨਹਾਉਣਾ ਧਾਉਣਾ ਭਰਮਣਾ ਅੱਗੇ ਚਲ ਕੇ ਕਿਸ ਭੀ ਲੇਖੇ ਨਹੀਂ ਲਗਦਾ। ਸੱਚੀ ਦਰਗਾਹ ਵਿਚ ਏਹ ਗੱਲਾਂ ਕਬੂਲ ਨਹੀਂ ਪੈਂਦੀਆਂ। ਮਹਿਜ਼ ਸੰਸਾਰੀ ਲੋਕਾਂ ਨੂੰ ਪਤੀਆਉਣ ਪਰਚਾਉਣ ਵਾਲੀ ਠੱਗੀ ਏਹਨਾਂ ਆਨਮਤ ਕਰਮ-ਕਾਂਡੀਆਂ ਨੇ ਰਚੀ ਹੋਈ ਹੈ। ਚਾਹੇ ਸਾਰਾ ਜ਼ੋਰ ਲਾ ਕੇ ਚਾਰੇ ਬੇਦਾਂ ਨੂੰ ਮੁਖੋਂ ਮਨ ਬਚ ਕਰਮ ਕਰਕੇ ਕੋਈ ਉਚਾਰਦਾ ਫਿਰੇ, ਅੱਗੇ ਜਾ ਕੇ ਏਹਨਾਂ ਦਾ ਕੱਖ ਮੁੱਲ ਨਹੀਂ ਪੈਂਦਾ। ਵਾਹਿਗੁਰੂ ਦਾ ਮਹਲ ਤਾਂ ਹਰਗਿਜ਼ ਮਿਲਦਾ ਹੀ ਨਹੀਂ। ਵਾਹਿਗੁਰੂ ਦੇ ਸੁਧ ਅਖਰ, ਭਾਵ, ਇਕ ਸੱਚੀ ਸੂਝ ਬੂਝ ਬਿਨਾਂ (ਜੋ ਕੇਵਲ ਗੁਰਮਤਿ ਦੁਆਰਾ ਹੀ ਬੁਝੀ ਜਾ ਸਕਦੀ ਹੈ) ਓਹਨਾਂ ਦੀ ਸਾਰੀ ਕਿਰਤ ਕਮਾਈ ਸਿਰਫ਼ ਝਾਖ ਝਖਾਈ ਹੀ ਰਹਿੰਦੀ ਹੈ, ਕਿਸੇ ਨੇਪਰੇ ਨਹੀਂ ਚੜ੍ਹਦੀ। ਗੁਰੂ ਨਾਨਕ ਸਾਹਿਬ ਵਾਹਿਗੁਰੂ ਨਾਮ ਦੀ ਕਮਾਈ ਤੱਤ ਵੀਚਾਰ ਰੂਪ ਇਹੀ ਉਪਦੇਸ਼ ਵੀਚਾਰ ਉਚਾਰ ਫ਼ੁਰਮਾਉਂਦੇ ਹਨ, ਜੋ ਭੀ ਇਸ ਕਮਾਈ ਨੂੰ ਕਮਾਏਗਾ ਉਹੀ ਗੁਰਮੁਖਿ ਜਨ ਪਾਰਗਰਾਮੀ ਸਦਾਏਗਾ। ਬਸ, ਏਸੇ ਗੁਰਮਤਿ ਕਾਰ ਨੂੰ ਹੀ ਮੁਖ ਮੰਤਵੀ ਪਾਰਗਰਾਮੀ ਮੰਜ਼ਲੀ ਕਾਰ ਤੱਤ ਸੱਚ ਕਰਕੇ ਸਮਝੋ ਕਿ ਕੇਵਲ ਗੁਰੂ ਦੇ ਸਿਖ ਬਣਿਆਂ ਹੀ ਗੁਰਮਤਿ ਨਾਮ ਧਿਆ ਸਕੀਦਾ ਹੈ। ਤਾਂ ਤੇ ਗੁਰੂ ਦੇ ਸੇਵਕ ਸਿਖ ਬਣੋ, ਗੁਰੂ ਵਾਹਿਗੁਰੂ ਦਾ ਸਿਮਰਨ ਰੂਪੀ ਸੱਚੀ ਸੇਵਾ ਕਰੋ। ਸੱਚੇ ਵਾਹਿਗੁਰੂ ਨਾਮ ਨੂੰ ਧਿਆਵੋ। ਹੋਰ ਸਾਰੇ ਕਰਮ-ਕਾਂਡਾਂ ਦੀ ਕਮਾਈ ਦਾ ਗੁਮਾਨ ਹੰਕਾਰ ਮਨ ਤੋਂ ਤਿਆਗ ਕੇ ਪਰੇ ਸਿਟ ਦਿਓ।

**ਪੋਥੀ ਪੰਡਿਤ ਬੇਦ ਖੋਜੰਤਾ ਜੀਉ ॥ ਹੋਇ ਬੈਰਾਗੀ ਤੀਰਥਿ ਨਾਵੰਤਾ ਜੀਉ ॥**
**ਗੀਤ ਨਾਦ ਕੀਰਤਨੁ ਗਾਵੰਤਾ ਜੀਉ ॥ ਹਰਿ ਨਿਰਭਉ ਨਾਮੁ ਧਿਆਈ ਜੀਉ ॥**
**੩॥੧੬੬॥ [ਗਉੜੀ ਮਾਝ ਮ: ੫, ਪੰਨਾ ੨੧੬**

ਗੁਰਮੁਖਿ ਪਿਆਰਾ ਗੁਰਮਤਿ ਦੁਆਰਾ ਨਿਰਭਉ ਨਾਮ ਧਿਆਉਂਦਾ ਹੋਇਆ ਗੁਰਬਾਣੀ ਦਾ ਜੋ ਕੀਰਤਨ ਕਰਦਾ ਹੈ, ਇਹੀ ਉਸ ਦਾ ਗੀਤ ਨਾਦ ਗਾਵਣਾ ਹੈ। ਜੋ ਆਨਮਤੀ ਲੋਗ ਭੇਖਧਾਰੀ ਬਣ ਬਣ ਕੇ, ਨਚ ਨਚ ਟਪ ਟਪ ਕੇ, ਗੀਤ ਨਾਦ ਗਾ ਗਾ ਕੇ ਲੋਕਾਂ ਨੂੰ ਸੁਣਾਉਂਦੇ ਹਨ, ਇਹ ਕਿਸੇ ਲੇਖੇ ਨਹੀਂ। ਗੁਰਮੁਖਿ ਜਨ ਜੋ ਗੁਰਬਾਣੀ ਦਾ ਕੀਰਤਨ ਕਰਦਾ ਹੈ, ਇਹੀ ਗੁਰਮਤਿ ਅਨੁਸਾਰ ਉਸ ਦਾ ਗਾਵਿਆ ਹੋਇਆ ਕੀਰਤਨ ਗੀਤ ਨਾਦ ਹੈ। ਨਿਰਭਉ ਗੁਰਮਤਿ ਨਾਮ ਧਿਆਵਣਾ ਤੇ ਗੁਰਬਾਣੀ ਦਾ ਕੀਰਤਨ ਗਾਵਣਾ ਇਹੀ ਪੰਡਿਤਾਂ ਵਾਲੀ ਬੇਦ ਪੋਥੀ ਦਾ ਖੋਜਣਾ ਹੈ ਅਤੇ ਬੈਰਾਗੀ ਹੋ ਕੇ ਤੀਰਥ ਉਤੇ ਨ੍ਹਾਵਣਾ, ਬਸ ਇਹੀ ਨਿਰਭਉ ਨਾਮ ਦਾ ਧਿਆ-ਵਣਾ ਹੀ ਹੈ।

ਇਸ ਪਉੜੀ ਅੰਦਰ ਆਨਮਤੀ ਬੇਦਾਂ ਦਾ ਮੰਡਨ ਨਹੀਂ, ਨਾ ਹੀ ਆਨਮਤ ਤੀਰਥਾਂ ਦਾ ਨ੍ਹਾਵਣਾ ਸਿਧ ਹੁੰਦਾ ਹੈ ਅਤੇ ਨਾ ਹੀ ਆਨਮਤ ਬੈਰਾਗ ਕਮਾਵਣਾ ਸਿਧ ਹੁੰਦਾ ਹੈ। ਗੁਰਮਤਿ ਅਨੁਸਾਰ ਗੁਰਮੁਖਾਂ ਦਾ ਕੀਰਤਨ ਗਾਵਣਾ ਹੀ ਅਤੇ ਨਿਰਭਉ ਨਾਮ ਕਾ ਧਿਆਵਣਾ ਹੀ ਇਸ ਗੁਰਵਾਕ ਪਉੜੀ ਅੰਦਰ ਮੰਡਨ ਰੂਪ ਸਿਧ ਹੋਇਆ ਹੈ। ਹੋਰ ਆਨਮਤ ਪੋਥੀਆਂ, ਬੇਦ ਆਦਿਕ ਦਾ ਪੜ੍ਹਨਾ ਤੇ ਆਨਮਤ ਕੱਚੀ ਬਾਣੀ ਦੇ ਗੀਤ ਗਾਵਣੇ ਇਕ ਪ੍ਰਕਾਰ ਖੰਡਨ ਹੀ ਸਿਧ ਹੋਇਆ ਹੈ। ਪ੍ਰਸਿਧਤਾ ਗੁਰਮਤਿ ਨਾਮ ਅਤੇ ਗੁਰਬਾਣੀ ਦੇ ਕੀਰਤਨ ਦੀ ਹੀ ਮੁਖ ਕਰਕੇ ਜਣਾਈ ਗਈ ਹੈ। ਜੇਕਰ ਉਪਰ ਦੇ ਵਾਕ ਅੰਦਰ ਦਰਸਾਈ ਆਨਮਤ ਕਿਰਿਆ ਮੰਡਨ ਰੂਪ ਵਿਚ ਸਿਧ ਹੁੰਦੀ ਤਾਂ ਪੰਡਿਤ ਦੇ ਪਿਛਲੇ ਅਖਰ ਤੱਤੇ ਨੂੰ ਤੇ ਬੇਦ ਦੇ ਦੱਦੇ ਨੂੰ ਜ਼ਰੂਰ ਔਂਕੜ ਹੁੰਦੇ।

ਕੋਊ ਮਾਈ ਭੂਲਿਓ ਮਨੁ ਸਮਝਾਵੈ ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ ਨਿਮਖ ਨ ਹਰਿ ਗੁਨ ਗਾਵੈ ॥੧॥ਰਹਾਉ॥੬॥
[ਗਉੜੀ ਮ: ੯, ਪੰਨਾ ੨੧੯-੨੦

ਸਾਧ ਰੂਪ ਗੁਰੂ ਸਾਹਿਬਾਨ ਦਾ ਸੱਚਾ ਮਾਰਗ ਦਰਸਾਇਆ ਹੋਇਆ ਸੁਣ ਕੇ ਭੀ ਜੋ ਪੁਰਸ਼ ਨਿਮਖ ਮਾਤਰ ਭੀ ਕੀਰਤਨ ਨਹੀਂ ਗਾਉਂਦਾ, ਉਹ ਭੂਲੇ ਮਨ ਨੂੰ ਕਿਸ ਤਰ੍ਹਾਂ ਸਮਝਾ ਸਕਦਾ ਹੈ। ਇਸ ਕਲਜੁਗ ਵਿਖੇ ਗੁਰਮਤਿ ਮਾਰਗ ਵਾਲੀ ਹਰਿ ਗੁਣ ਗਾਵਣਹਾਰੀ ਗੁਰਬਾਣੀ ਹੀ ਸੱਚੀ ਬੇਦ ਪੁਰਾਣ ਕਹਾਣੀ ਪਰਗਟ ਹੋਈ ਹੈ।

ਇਸ ਅਸਥਾਈ ਵਾਲੀ ਦੁਵਾਕ-ਪੰਗਤੀ ਅੰਦਰ ਬੇਦਾਂ ਪੁਰਾਣਾਂ ਦਾ ਮੰਡਨ ਹਰਗਿਜ਼ ਸਿਧ ਨਹੀਂ, ਬਲਕਿ ਕਲਜੁਗ ਵਿਖੇ ਪਰਗਟ ਹੋਏ ਨਵੀਨ ਗੁਰਮਤਿ ਮਾਰਗ ਦੇ ਗੁਰਬਾਣੀ ਰੂਪ ਉਪਦੇਸ਼ਾਂ ਨੂੰ ਹੀ ਬੇਦ ਪੁਰਾਣ ਕਰਕੇ ਦਸਿਆ ਗਿਆ ਹੈ। ਹਿੰਦੂਆਂ ਦੇ ਵੇਦਾਂ ਪੁਰਾਣਾਂ ਅੰਦਰ ਤਾਂ ਹਰਿ ਗੁਣ ਗਾਵਣ ਦਾ ਨਿਮਖ ਮਾਤਰ ਭੀ ਜ਼ਿਕਰ ਨਹੀਂ, ਓਹ ਤ੍ਰੈਗੁਣ ਮਾਇਆ ਨੂੰ ਹੀ ਦ੍ਰਿੜ੍ਹਾਉਂਦੇ ਹਨ, ਤੁਰੀਆ ਗੁਣੀ

ਬਾਣੀ ਦਾ ਕਿਵੇਂ ਜ਼ਿਕਰ ਅਲਾਵਣ।

ਸਾਧੋ ਰਾਮ ਸਰਨਿ ਬਿਸਰਾਮਾ ॥
ਬੇਦ ਪੁਰਾਨ ਪੜੇ ਕੋ ਇਹੁ ਗੁਨੁ ਸਿਮਰੇ ਹਰਿ ਕੋ ਨਾਮਾ ॥੧॥ਰਹਾਉ॥੭॥
[ਗਉੜੀ ਮ: ੯, ਪੰਨਾ ੨੨੦

ਉਪਰਲੇ ਗੁਰਵਾਕ ਦੇ ਭਾਵ ਨੂੰ ਦਰਸਾਉਣ ਦੀ ਹੀ ਇਸ ਦੁਤੁਕੀ ਦੇ ਭਾਵ ਅੰਦਰ ਪ੍ਰੇਰਤਾ ਹੁੰਦੀ ਹੈ। ਵਾਹਿਗੁਰੂ ਦੀ ਸ਼ਰਨ ਵਿਖੇ ਗੁਰਮੁਖਿ ਸਾਧ ਜਨਾਂ ਦਾ ਬਿਸਰਾਮ ਗੁਰਮਤਿ ਨਾਮ ਦੀ ਕਮਾਈ ਅਤੇ ਗੁਰਬਾਣੀ ਗਾਉਣ ਦੁਆਰਾ ਹੀ ਹੋ ਸਕਦਾ ਹੈ। ਆਨਮਤੀਆਂ ਦੇ ਬੇਦ ਪੁਰਾਨ ਪੜ੍ਹੇ ਦਾ ਇਹ ਗੁਣ ਹੋਣਾ ਚਾਹੀਦਾ ਸੀ ਕਿ ਏਹਨਾਂ ਨੂੰ ਪੜ੍ਹ ਕੇ ਪੜ੍ਹਨਹਾਰਾ ਨਾਮ ਸਿਮਰਨ ਕਰਨ ਲਗ ਜਾਂਦਾ, ਪਰ ਕਰਦਾ ਨਹੀਂ। ਕਰੇ ਭੀ ਕਿਕੂੰ ? ਜਦ ਕਿ ਬੇਦ ਪੁਰਾਨ ਤਾਂ ਨਾਮ ਦ੍ਰਿੜ੍ਹਾਉਂਦੇ ਹੀ ਨਹੀਂ। ਤਾਂ ਤੇ ਬੇਦਾਂ ਪੁਰਾਨਾਂ ਦੇ ਪੜ੍ਹਨ ਦਾ ਕੋਈ ਭੀ ਗੁਣਕਾਰੀ ਫ਼ਾਇਦਾ ਨਹੀਂ ਹੋ ਸਕਦਾ।

ਇਹ ਦੁਤੁਕੀਆਂ ਭੀ ਆਨਮਤੀਆਂ ਦੀਆਂ ਪੁਸਤਕਾਂ ਅੰਦਰ ਪ੍ਰਤਿਪਾਦਨ ਕੀਤੇ ਹੋਏ ਧਰਮ ਦਾ ਮੰਡਨ ਨਹੀਂ ਕਰਦੀਆਂ, ਬਲਕਿ ਏਹਨਾਂ ਪੁਸਤਕਾਂ ਦੇ ਪੜ੍ਹਨ ਦੀ ਨਿਸਫਲਤਾਈ ਸਿੱਧ ਹੁੰਦੀ ਹੈ। ਇਸ ਕਰਕੇ ਬੇਦ ਪੁਰਾਨਾਂ ਦਾ ਇਥੇ ਇਕ ਪ੍ਰਕਾਰ ਖੰਡਨ ਹੀ ਹੈ।

ਨਰ ਅਚੇਤ ਪਾਪ ਤੇ ਡਰੁ ਰੇ ॥
ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹਿ ਤੁਮ ਪਰੁ ਰੇ ॥੧॥ਰਹਾਉ॥
ਬੇਦ ਪੁਰਾਨ ਜਾਸੁ ਗੁਨ ਗਾਵਤ ਤਾ ਕੋ ਨਾਮੁ ਹੀਐ ਮੋ ਧਰੁ ਰੇ ॥
ਪਾਵਨ ਨਾਮੁ ਜਗਤ ਮੈ ਹਰਿ ਕੋ ਸਿਮਰਿ ਸਿਮਰਿ ਕਸਮਲ ਸਭਿ ਹਰੁ ਰੇ ॥੧॥
ਮਾਨਸ ਦੇਹ ਬਹੁਰਿ ਨਹ ਪਾਵੈ ਕਛੂ ਉਪਾਉ ਮੁਕਤਿ ਕਾ ਕਰੁ ਰੇ ॥
ਨਾਨਕ ਕਹਤ ਗਾਇ ਕਰੁਨਾਮੈ ਭਵ ਸਾਗਰ ਕੈ ਪਾਰਿ ਉਤਰੁ ਰੇ ॥੨॥੯॥
੨੫੧॥ [ਗਉੜੀ ਮ: ੯, ਪੰਨਾ ੨੨੦

ਵਿਆਖਿਆ—ਜਿਸ ਵਾਹਿਗੁਰੂ ਦੇ ਜਸ ਰੂਪੀ ਬੇਦ ਪੁਰਾਨ ਦੀ ਸਿਫਤਿ ਸਾਲਾਹ ਕਰਨ ਦਾ ਤੈਨੂੰ ਗੁਰਮਤਿ ਅਨੁਸਾਰ ਹੁਕਮ ਹੈ, ਉਸੇ ਅਕਾਲ ਪੁਰਖ ਦਾ ਇਕੋ ਗੁਰਮਤਿ ਨਾਮ ਹਿਰਦੇ ਅੰਦਰ ਧਰ ਕੇ ਧਿਆ (ਸੁਆਸਿ ਸੁਆਸਿ ਅਭਿਆਸ ਕਰਿ), ਗੁਰਮਤਿ ਨਾਮ ਵਿਖੇ ਲੀਨ ਹੋਏ ਬਿਨਾਂ ਪ੍ਰਾਣੀ ਪਾਪਾਂ ਵਿਚ ਹੀ ਪ੍ਰਵਿਰਤ ਰਹਿੰਦਾ ਹੈ। ਇਸ ਜਗਤ ਵਿਖੇ ਪਾਪਾਂ ਤੋਂ ਰਹਿਤ ਕਰਨਹਾਰਾ, ਪਤਿਤ ਨੂੰ ਪਾਵਨ ਬਣਾਉਣਹਾਰਾ ਕੇਵਲ ਵਾਹਿਗੁਰੂ ਦਾ ਨਾਮ ਹੀ ਹੈ। ਏਸੇ ਨਾਮ ਨੂੰ ਸਿਮਰਿਆਂ ਤੇ ਸਿਮਰਦੇ ਰਹਿਣ ਕਰਕੇ ਹੀ ਸਾਰੇ ਕਸਮਲ ਪਾਪ ਧੋਤੇ ਜਾਂਦੇ ਹਨ, ਐਵੇਂ ਨਹੀਂ। ਨਾਮ ਤੋਂ ਘੁੱਥਾ ਹੋਇਆ ਪ੍ਰਾਣੀ ਨਿਰਾ ਪਾਪ ਦਾ ਪੁਤਲਾ ਹੀ ਹੁੰਦਾ ਹੈ। ਓਹ ਜੇ ਮਨ ਬਚ ਕਰਮ ਕਰਕੇ ਇਹ ਸਮਝੇ ਕਿ ਮੈਂ ਕੋਈ ਪਾਪ ਨਹੀਂ ਕਰਦਾ ਤਾਂ ਭੀ

**ਸੁਤੇ** ਸਿਧ ਕੋਈ ਨ ਕੋਈ ਅਚੇਤ ਪਾਪ ਕਰ ਹੀ ਬੈਠਦਾ ਹੈ, ਜੋ ਪਾਪ ਓਸ ਦੇ ਚਿਤ ਚੇਤੇ ਭੀ ਨਹੀਂ ਹੁੰਦਾ।

ਨਾਮ-ਹੀਣਾ ਪ੍ਰਾਣੀ ਪੂਰਬਲੀ ਕ੍ਰਿਤ ਕਮਾਈ ਕਰਕੇ ਉਸ ਅਚੇਤ ਪਾਪ ਨੂੰ ਕਰ ਹੀ ਬੈਠਦਾ ਹੈ। ਗੁਰਮਤਿ ਨਾਮ ਤੋਂ ਹੀਣੇ ਬੇਦ ਪੁਰਾਨਾਂ ਨੇ ਨਾਮ ਨਾਮੀ ਦਾ ਜਸ ਕਿਤੇ ਭੀ ਨਹੀਂ ਗਾਇਆ, ਓਹ ਪਾਪਾਂ ਤੋਂ ਪ੍ਰਾਣੀਆਂ ਨੂੰ ਕਿਵੇਂ ਹੋੜ ਸਕਦੇ ਹਨ। ਸਾਰਿਆਂ ਪਾਪਾਂ ਦੇ ਡਰਾਂ ਨੂੰ ਭੰਜਨਹਾਰ ਦੀਨ ਦਇਆਲ ਅਕਾਲ ਪੁਰਖ ਦੀ ਸ਼ਰਨ ਪਰਿਆਂ ਹੀ ਨਿਰੋਲ ਨਵਿਰਤੀ ਪਾਪ ਤੋਂ ਹੁੰਦੀ ਹੈ। ਅਕਾਲ ਪੁਰਖ ਦੀ ਸ਼ਰਨ ਪਰਨਾ, ਨਾਮੀ ਅਕਾਲ ਪੁਰਖ ਦੇ ਨਾਮ ਨੂੰ ਜਿਮਰਨਾ ਹੀ ਹੈ। ਨਾਮੀ ਦੇ ਨਾਮ ਸਿਮਰੇ ਬਿਨਾਂ, ਅਕਾਲ ਪੁਰਖ ਦੀ ਸ਼ਰਨ ਆਉਣਾ ਅਰਥ ਹੀ ਕੁਛ ਨਹੀਂ ਰਖਦਾ। ਸ਼ਰਨ ਆਇਆ ਗੁਰਮਤਿ ਅਨੁਸਾਰ ਤਦ ਹੀ ਗਿਣੀਦਾ ਹੈ ਜੇਕਰ ਸ਼ਰਨ ਆਉਣਹਾਰਾ ਅਕਾਲ ਪੁਰਖ ਦੇ ਹੁਕਮਾਂ ਦਾ ਪੂਰਨ ਅਨੁਸਾਰੀ ਬਣੇ। ਹੁਕਮਨ ਸਿਰ ਹੁਕਮ ਅਕਾਲ ਪੁਰਖ ਦਾ ਨਾਮ ਧਿਆਵਣਾ ਹੈ। ਜੋ ਨਾਮ ਨਹੀਂ ਧਿਆਉਂਦਾ ਉਹ ਅਕਾਲ ਪੁਰਖ ਦੀ ਸ਼ਰਨ ਆਉਂਦਾ ਨਹੀਂ ਗਿਣਿਆ ਜਾ ਸਕਦਾ।

ਅਧਿਆਤਮ ਕਰਮ ਕਰੇ ਤਾ ਸਾਚਾ ॥ ਮੁਕਤਿ ਭੇਦੁ ਕਿਆ ਜਾਣੈ ਕਾਚਾ ॥੧॥
ਐਸਾ ਜੋਗੀ ਜੁਗਤਿ ਬੀਚਾਰੈ ॥ ਪੰਚ ਮਾਰਿ ਸਾਚੁ ਉਰਿ ਧਾਰੈ ॥੧॥ਰਹਾਉ॥
ਜਿਸ ਕੈ ਅੰਤਰਿ ਸਾਚੁ ਵਸਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥੨॥
ਰਵਿ ਸਸਿ ਏਕੋ ਗ੍ਰਿਹ ਉਦਿਆਨੈ ॥ ਕਰਣੀ ਕੀਰਤਿ ਕਰਮ ਸਮਾਨੈ ॥੩॥
ਏਕ ਸਬਦ ਇਕ ਭਿਖਿਆ ਮਾਗੈ ॥ ਗਿਆਨੁ ਧਿਆਨੁ ਜੁਗਤਿ ਸਚੁ ਜਾਗੈ ॥੪॥
ਭੈ ਰਚਿ ਰਹੈ ਨ ਬਾਹਰਿ ਜਾਇ ॥ ਕੀਮਤਿ ਕਉਣ ਰਹੈ ਲਿਵ ਲਾਇ ॥੫॥
ਆਪੇ ਮੇਲੇ ਭਰਮੁ ਚੁਕਾਏ ॥ ਗੁਰ ਪਰਸਾਦਿ ਪਰਮ ਪਦੁ ਪਾਏ ॥੬॥
ਗੁਰ ਕੀ ਸੇਵਾ ਸਬਦੁ ਵੀਚਾਰੁ ॥ ਹਉਮੈ ਮਾਰੇ ਕਰਣੀ ਸਾਰੁ ॥੭॥
ਜਪ ਤਪ ਸੰਜਮ ਪਾਠ ਪੁਰਾਣੁ ॥ ਕਹੁ ਨਾਨਕ ਅਪਰੰਪਰ ਮਾਨੁ ॥੮॥੬॥
[ਗਉੜੀ ਮ: ੧, ਪੰਨਾ ੨੨੩

ਵਿਆਖਿਆ—ਆਤਮਾ ਅਧੇਨੀ (ਖੋਜ ਸੰਬੰਧੀ) ਕਰਮ ਕਰੇ, ਭਾਵ, ਨਾਮ ਅਭਿਆਸ ਕਮਾਈ ਕਰੇ ਤਾਂ ਕਰਨਹਾਰਾ ਸਾਚਾ ਸਦਾਉਂਦਾ ਹੈ, ਸੱਚੇ ਪਾਸੇ ਲਗਿਆ ਕਹਾਉਂਦਾ ਹੈ। ਇਸ ਸੱਚੀ ਕਮਾਈ ਤੋਂ ਘੁਥਿਆ ਹੋਇਆ ਕੱਚੇ ਕਰਮ ਹੀ ਕਰਦਾ ਹੈ। ਕੱਚੇ ਕਰਮ ਕਰਨ ਕਰਕੇ ਕਾਚਾ ਕਹਾਉਂਦਾ ਹੈ। ਉਸ ਨੂੰ ਮੁਕਤੀ ਦੇ ਭੇਦ ਦੀ ਕੀ ਸਮਝ ਆ ਸਕਦੀ ਹੈ? ਅਰਥਾਤ, ਕੁਛ ਨਹੀਂ। ਸੱਚਾ ਜੋਗੀ ਉਹ ਹੈ ਜੋ ਸੱਚ-ਕਮਾਈ ਵਾਲੀ ਗੁਰਮਤਿ ਜੁਗਤਿ ਨੂੰ ਕਮਾਉਂਦਾ ਹੈ। ਪੰਜਾਂ ਦੂਤਾਂ ਨੂੰ ਮਾਰ ਕੇ ਸੱਚ ਨਾਮ ਨੂੰ ਉਰਿ ਧਾਰਦਾ ਹੈ। ਜਿਸਦੇ ਹਿਰਦੇ ਅੰਦਰ ਸੱਚ ਨਾਮ ਤੇ ਸੱਚਾ ਨਾਮੀ ਵਾਹਿ-ਗੁਰੂ ਵਸਦਾ ਹੈ, ਉਸੇ ਨੂੰ ਸੱਚੀ ਜੋਗ ਜੁਗਤਿ ਦੀ ਕੀਮਤ ਪੈਂਦੀ ਹੈ। ਐਸੇ ਗੁਰਮੁਖਿ

ਜੋਗੀ ਜੋਗੀਸ਼ਰ ਗੁਰਮਤਿ ਜੁਗਤੀਸ਼ਰ ਨੂੰ ਉਸਨ ਸੀਤ ਇਕੋ ਜਿਹੇ ਹੀ ਭਾਸਦੇ ਹਨ ਉਸ ਦਾ ਗ੍ਰਿਸਤ ਦਾ ਵਾਸ ਤੇ ਉਦਿਆਨ ਦਾ ਨਿਵਾਸ ਭੀ ਉਸ ਲਈ ਸਮਸਰ ਹੀ ਹੈ। ਉਸ ਦੀ ਗੁਰਮਤਿ ਕਰਣੀ, ਸਿਫਤਿ-ਸਾਲਾਹ ਰੂਪੀ ਕਰਣੀ ਇਕ-ਰਸ ਅਸਥਿਰ ਰਹਿੰਦੀ ਹੈ। ਉਹ ਕੇਵਲ ਗੁਰ-ਦੀਖਿਆ-ਮਈ ਇਕੋ ਸ਼ਬਦ ਗੁਰਮੰਤਰ ਦੀ ਇਕ ਹੀ ਭੀਖਿਆ ਮੰਗਦਾ ਹੈ। ਉਹ ਸੱਚੇ ਵਾਹਿਗੁਰੂ ਦੀ ਸਚੜੀ ਗਿਆਨ ਧਿਆਨ ਮਈ ਜੁਗਤੀ ਦੇ ਵਿਚ ਸਦਾ ਸਾਵਧਾਨ ਰਹਿੰਦਾ ਹੈ। ਉਹ ਵਾਹਿਗੁਰੂ ਦੀ ਭੈ-ਭਾਵਨੀ ਵਿਚ ਹੀ ਪਰਚਿਆ ਰਹਿੰਦਾ ਹੈ ਅਤੇ ਇਕ ਇੰਚ ਭੀ ਉਸ ਤੋਂ ਬਾਹਰ ਨਹੀਂ ਹੁੰਦਾ। ਉਸ ਦੀ ਕਉਣ ਕੀਮਤ ਹੈ, ਭਾਵ, ਕੋਈ ਕੀਮਤ ਨਹੀਂ। ਜੋ ਜਨ ਇਕ-ਰਸ ਲਿਵ ਲਾਈ ਰਖਦਾ ਹੈ, ਉਸ ਗੁਰਮੁਖ ਜੋਗੀ ਨੂੰ ਸੱਚੇ ਜੱਗ ਦਾ ਮਾਲਕ ਵਾਹਿਗੁਰੂ ਆਪੇ ਹੀ ਆਪਣੇ ਸਰੂਪ ਵਿਚ ਮਿਲਾਇ ਲੈਂਦਾ ਹੈ ਅਤੇ ਹੋਰ ਦੂਜਾ ਭਰਮ ਸਭ ਚੁਕਾਇ ਦਿੰਦਾ ਹੈ। ਇਹ ਸਭ ਗੁਰੂ ਦੀ ਕਿਰਪਾ ਦਾ ਸਦਕਾ ਹੈ। ਗੁਰੂ ਦੀ ਕਿਰਪਾ ਕਰਕੇ (ਗੁਰ ਪ੍ਰਸਾਦ ਕਰਿ) ਉਸ ਨੂੰ ਪਰਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ, ਜੋ ਆਨਮਤ ਜੋਗੀਆਂ ਨੂੰ ਕਦਾਚਿਤ ਨਹੀਂ ਹੋ ਸਕਦੀ। ਗੁਰਮੁਖਿ ਜੋਗੀ ਦੀ ਸੇਵਾ ਗੁਰੂ ਦੀ ਦਰ-ਸਾਈ ਹੋਈ ਸਿਮਰਨ-ਭਗਤੀ ਹੀ ਸਦੀਵ ਕਾਲ ਰਹਿੰਦੀ ਹੈ ਅਤੇ ਸ਼ਬਦ ਰੂਪੀ ਬੀਚਾਰ, ਅਰਥਾਤ, ਨਾਮ ਅਭਿਆਸ ਰੂਪੀ ਆਚਾਰ ਹੀ ਉਸ ਦਾ ਸਦੀਵ ਲਈ ਵਿਹਾਰ ਬਣਿਆ ਰਹਿੰਦਾ ਹੈ। ਉਸ ਗੁਰਮੁਖਿ ਜੋਗੀ ਦੀ ਤੱਤ ਕਰਣੀ ਦਾ ਸਾਰ ਸਿੱਟਾ ਇਹੀ ਨਿਕਲਦਾ ਹੈ ਕਿ ਉਹ ਗੁਰਮਤਿ ਕਰਮ ਵਿਚ ਲਿਵਲੀਨ ਹੋ ਕੇ ਹਉਮੈ ਮਮਤਾ ਦਾ ਉੱਕਾ ਹੀ ਬਿਨਾਸ ਕਰ ਦਿੰਦਾ ਹੈ। ਹਉਮੈ ਨੂੰ ਮਾਰਿਆਂ ਸਾੜਿਆਂ ਹੀ ਗੁਰਮਤਿ ਕਰਣੀ ਕਮਾਲ ਦੀ ਜਾਗਤ ਵਿਗਾਸ ਵਿਚ ਖਿੜਦੀ ਹੈ। ਕੇਵਲ ਸਭ ਤੋਂ ਉੱਚ ਬਿਰਾਜਤ ਅਕਾਲ ਪੁਰਖ ਨੂੰ ਮੰਨਣਾ ਹੀ ਉਸ ਦਾ ਜਪ ਤਪ ਸੰਜਮ ਪਾਠ ਪੁਰਾਣ ਹੈ।

ਇਸ ਸਮੂਚੇ ਗੁਰਵਾਕ ਅੰਦਰ ਗੁਰਮਤਿ ਸੱਚੇ ਜੋਗ ਨੂੰ ਆਨਮਤ ਨਿਖੜੰਮੇ ਹਠ ਜੋਗ ਨਾਲੋਂ ਖੂਬ ਨਿਖੇੜ ਕੇ ਦਿਖਾਇਆ ਹੈ।

ਅਗਲੇ ਗੁਰਵਾਕ ਅੰਦਰ ਭੀ ਗੁਰੂ ਸੱਚੇ ਪਾਤਸ਼ਾਹ ਨੇ ਗੁਰਮਤਿ ਸੱਚੇ ਜੋਗ ਦਾ ਆਨਮਤ ਜੋਗ ਨਾਲੋਂ ਨਿਰਾਲੀ ਵਿਲੱਖਣਤਾ ਵਾਲਾ ਨਿਰਣਾ ਕਰ ਕੇ ਖੂਬ ਨਿਖਾਰਿਆ ਹੈ, ਯਥਾ ਗੁਰਵਾਕ—

ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨਾ ਜਮ ਦੋਖੰ ॥
ਮੁਕਤ ਭਏ ਪ੍ਰਭ ਰੂਪ ਨ ਰੇਖੰ ॥੧॥
ਜੋਗੀ ਕਉ ਕੈਸਾ ਡਰੁ ਹੋਇ ॥ ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ ॥੧॥ਰਹਾਉ॥
ਨਿਰਭਉ ਜੋਗੀ ਨਿਰੰਜਨੁ ਧਿਆਵੈ ॥ ਅਨਦਿਨ ਜਾਗੈ ਸਚਿ ਲਿਵ ਲਾਵੈ ॥
ਸੋ ਜੋਗੀ ਮੇਰੈ ਮਨਿ ਭਾਵੈ ॥੨॥
ਕਾਲੁ ਜਾਲੁ ਬ੍ਰਹਮ ਅਗਨੀ ਜਾਰੇ ॥ ਜਰਾ ਮਰਣ ਗਤੁ ਗਰਬੁ ਨਿਵਾਰੇ ॥

ਆਪਿ ਤਰੈ ਪਿਤਰੀ ਨਿਸਤਾਰੇ ॥੩॥
ਸਤਿਗੁਰੁ ਸੇਵੇ ਸੋ ਜੋਗੀ ਹੋਇ ॥ ਭੈ ਰਚਿ ਰਹੈ ਸੁ ਨਿਰਭਉ ਹੋਇ ॥
ਜੈਸਾ ਸੇਵੈ ਤੈਸੋ ਹੋਇ ॥੪॥
ਨਰ ਨਿਹਕੇਵਲ ਨਿਰਭਉ ਨਾਉ ॥ ਅਨਾਥਹ ਨਾਥ ਕਰੇ ਬਲਿ ਜਾਉ ॥
ਪੁਨਰਪਿ ਜਨਮੁ ਨਾਹੀ ਗੁਣ ਗਾਉ ॥੫॥
ਅੰਤਰਿ ਬਾਹਰਿ ਏਕੋ ਜਾਣੈ ॥ ਗੁਰ ਕੈ ਸਬਦੇ ਆਪੁ ਪਛਾਣੈ ॥
ਸਚੈ ਸਬਦਿ ਦਰਿ ਨੀਸਾਣੈ ॥੬॥
ਸਬਦਿ ਮਰੈ ਤਿਸੁ ਨਿਜ ਘਰਿ ਵਾਸਾ ॥ ਆਵੈ ਨ ਜਾਵੈ ਚੂਕੈ ਆਸਾ ॥
ਗੁਰ ਕੈ ਸਬਦਿ ਕਮਲੁ ਪਰਗਾਸਾ ॥੭॥
ਜੋ ਦੀਸੈ ਸੋ ਆਸ ਨਿਰਾਸਾ ॥ ਕਾਮ ਕ੍ਰੋਧ ਬਿਖੁ ਭੂਖ ਪਿਆਸਾ ॥
ਨਾਨਕ ਬਿਰਲੇ ਮਿਲਹਿ ਉਦਾਸਾ ॥੮॥੭॥

[ਗਉੜੀ ਮ: ੧, ਪੰਨਾ ੨੨੩

ਇਸ ਗੁਰਵਾਕ ਅੰਦਰ ਗੁਰਮਤਿ ਜੋਗ ਦਾ ਮੰਡਨ ਮਈ ਖੇੜਾ ਖ਼ੂਬ ਖਿੜਾਇਆ ਹੈ। ਆਨਮਤ ਜੋਗ ਦਾ ਨਿਰਾ ਖੰਡਨ ਹੀ ਖੰਡਨ ਭਰਿਆ ਪਿਆ ਹੈ। ਏਕ ਗੁਰਮਤਿ ਜੋਗ ਜੁਗਤਿ ਹੀ ਹੈ ਜਿਸ ਕਰਕੇ ਸੱਚੀ ਧੀਰਜ-ਬਿਰਤੀ ਗ੍ਰਹਿਣ ਹੁੰਦੀ ਹੈ ਤੇ ਸਚੜਾ ਸੀਲ ਸੰਤੋਖ ਮਈ ਬ੍ਰਤ ਧਾਰਨ ਹੁੰਦਾ ਹੈ। ਜਿਸ ਦੇ ਧਾਰਨ ਕੀਤਿਆਂ ਰੋਗ ਨਹੀਂ ਬਿਆਪਦਾ, ਨਾ ਹੀ ਜਮ ਦਾ ਦੁਖ ਲਗਦਾ ਹੈ। ਗੁਰਮਤਿ ਜੋਗ ਜੁਗਤਿ ਦੇ ਧਾਰਨ ਕੀਤਿਆਂ ਧਾਰਨਹਾਰੇ ਮੁਕਤ ਭਏ ਹੈਂ। ਐਸੇ ਮੁਕਤ ਕਿ ਰੂਪ ਰੇਖ ਤੋਂ ਰਹਿਤ ਵਾਹਿਗੁਰੂ ਦਾ ਰੂਪ ਹੀ ਹੋ ਗਏ ਹਨ। ਜੋ ਸਚੜਾ ਗੁਰਮੁਖਿ ਜੋਗੀ ਹੈ, ਉਸ ਨੂੰ ਕਿਸੇ ਕਿਸਮ ਦਾ ਭੀ ਡਰ ਨਹੀਂ ਲਗਦਾ। ਕੈਸੇ ਲਗ ਸਕਦਾ ਹੈ ਜਦ ਉਹ ਹਰ ਦਮ ਨਿਰਭਉ ਨਿਰੰਕਾਰ ਦੇ ਜਾਪ-ਅਭਿਆਸ ਵਿਚ ਤਤਪਰ ਰਹਿੰਦਾ ਹੈ। ਯਥਾ ਗੁਰਵਾਕ—

ਨਿਰਭਉ ਜਪੈ ਸਗਲ ਭਉ ਮਿਟੈ ॥੭॥੨੨॥ (੨੯੩)

ਗੁਰਮਤਿ ਜੋਗ ਜੁਗਤੀਸ਼ਰ ਗੁਰਮੁਖਿ ਜਨ ਦੀ ਸੁਰਤੀ ਬਿਰਤੀ ਘਰ ਬਾਹਰ ਰੁਖਾਂ ਬਿਰਖਾਂ ਵਿਚ ਰਹਿੰਦਿਆਂ ਹੋਇਆਂ ਸਮਸਰ (ਸਮਾਨ) ਹੀ ਰਹਿੰਦੀ ਹੈ। ਨਿਰੰਜਨ ਵਾਹਿਗੁਰੂ ਧਿਆਵਣਹਾਰਾ ਗੁਰਮੁਖਿ ਜੋਗੀ ਨਿਰਭਉ ਜੋਗੀ ਹੀ ਸਦਾਉਂਦਾ ਹੈ, ਉਹ ਦਿਨੇ ਰਾਤ ਹਰ ਵੇਲੇ ਵਾਹਿਗੁਰੂ ਨਾਮ ਅਭਿਆਸ ਵਿਖੇ ਸਚੜੀ ਲਿਵ ਲਾ ਕੇ ਸਾਵਧਾਨ ਤੇ ਸੁਜਾਗ ਰਹਿੰਦਾ ਹੈ, ਆਲਸ ਨਿੰਦਰਾ ਉਸ ਦੇ ਨੇੜੇ ਨਹੀਂ ਢੁਕਦੀ। ਹਠ-ਜੋਗੀ ਗੁਰਮਤਿ ਜੋਗ ਤੋਂ ਘੁਥੇ ਹੋਏ ਨਿਰੀਆਂ ਹਠ-ਸਮਾਧੀਆਂ ਲਾ ਲਾ ਕੇ ਸਾਰੀ ਉਮਰ ਭਰਮਦੇ ਹੀ ਰਹਿੰਦੇ ਹਨ। ਸੱਚੀ ਜੋਗ ਜੁਗਤਿ ਵਾਲਾ ਗੁਰਮੁਖਿ ਜੋਗੀ ਹੀ ਗੁਰੂ ਅਕਾਲ ਪੁਰਖ ਨੂੰ ਭਾਉਂਦਾ ਹੈ। ਉਹ ਗੁਰਮਤਿ ਦਰਸਾਈ ਬ੍ਰਹਮ ਅਗਨੀ ਮਈ ਜੋਤਿ ਵਿਗਾਸੀ ਬਿਜਲੀ ਦੁਆਰਾ ਕਾਲ ਰੂਪੀ ਜਾਲ ਨੂੰ ਜਾਲ ਸਿਟਦਾ ਹੈ। ਆਨਮਤੀ

ਜੋਗੀ ਇਸ ਕਾਲ ਜਾਲ ਵਿਚ ਹੀ ਉਰਝੇ ਰਹਿੰਦੇ ਹਨ, ਸੜੇ, ਮਰੇ ਜਲੇ ਰਹਿੰਦੇ ਹਨ। ਤਿਨ੍ਹਾਂ ਨੂੰ ਜੰਮਣ ਮਰਣ ਦਾ ਫ਼ਿਕਰ ਸਦਾ ਹੀ ਲਗਿਆ ਰਹਿੰਦਾ ਹੈ। ਇਸ ਜਗ-ਮਰਣੀ ਗਤਿਮਈ ਗਰਬ-ਗੁਸੀ ਬਿਰਤੀ ਨੂੰ ਕੇਵਲ ਗੁਰਮੁਖਿ ਜੋਗੀ ਜਨ ਹੀ ਨਿਵਾਰਦਾ ਹੈ। ਐਸਾ ਗੁਰਮੁਖਿ ਜੋਗੀ ਜਨ ਆਪ ਭੀ ਭਵ-ਸਾਗਰ ਤੋਂ ਤਰ ਜਾਂਦਾ ਹੈ ਅਤੇ ਵਡੇ ਵਡੇਰਿਆਂ ਪਿਤਰਾਂ ਨੂੰ ਭੀ ਤਾਰ ਦਿੰਦਾ ਹੈ। ਸੱਚਾ ਜੋਗੀ ਉਹ ਹੈ ਜੋ ਸਤਿਗੁਰੂ ਸੇਵਦਾ ਹੈ, ਭਾਵ, ਸਤਿਗੁਰੂ ਦਾ ਸੱਚਾ ਸਿਖ ਸੇਵਕ ਹੀ ਸੱਚਾ ਜੋਗੀ ਕਹਾ ਸਕਦਾ ਹੈ। ਅਕਾਲ ਪੁਰਖ ਦੇ ਸਚੜ ਭਾਉ-ਭਗਤੀ ਵਾਲੇ ਭੈ ਵਿਚ ਲੀਨ ਹੋ ਕੇ ਉਹ ਸਦਾ ਨਿਰਭਉ ਮੰਡਲਾਂ ਵਿਚ ਹੀ ਖੇਡਦਾ ਰਹਿੰਦਾ ਹੈ। ਜੈਸੀ ਉਹ ਸੇਵਾ ਕਮਾਵੰਦਾ ਹੈ ਸੁਰਤਿ ਬਿਰਤੀ ਕਰਕੇ, ਤੈਸਾ ਹੀ ਹੋਇਆ ਰਹਿੰਦਾ ਹੈ। ਨਿਰਭਉ ਨਾਉਂ ਵਾਲਾ ਨਰ-ਨਿਹਕੇਵਲ ਇਕੋ ਅਕਾਲ ਪੁਰਖ ਵਾਹਿਗੁਰੂ ਹੀ ਹੈ। ਨਿਰਭਉ ਵਾਹਿਗੁਰੂ ਦਾ ਉਪਾਸ਼ਕ ਭੀ ਨਿਰਭਉ ਹੀ ਹੋਇ ਰਹਿੰਦਾ ਹੈ, ਅਨਾਥਾਂ ਨੂੰ ਨਾਥ ਬਣਾ ਦਿੰਦਾ ਹੈ। ਐਸੇ ਵਾਹਿਗੁਰੂ ਵਿਟਹੁ ਘੋਲ ਘੁਮਾਇਆਂ ਹੀ ਸਰਦਾ ਹੈ, ਹੋਰ ਚਾਰਾ ਹੀ ਕੋਈ ਨਹੀਂ। ਵਾਹਿਗੁਰੂ ਦੇ ਗੁਣ ਗਾਇਆਂ ਮੁੜ ਕੇ ਫਿਰ ਜਨਮ ਨਹੀਂ ਹੁੰਦਾ। ਜਨਮ ਮਰਣ ਤੋਂ ਰਹਿਤ ਸਦਾ ਗੁਣ ਗਾਉਣਹਾਰਾ ਗੁਰਮੁਖਿ ਜੋਗੀ ਅੰਤਰ ਬਾਹਰ ਇਕੋ ਅਕਾਲ ਪੁਰਖ ਦੇ ਤੱਤ-ਗਿਆਨ ਦਾ ਸੱਚਾ ਗਿਆਤਾ ਹੁੰਦਾ ਹੈ। ਗੁਰੂ ਦੇ ਸ਼ਬਦ ਦੀ ਸ਼ਬਦ-ਕਮਾਈ ਕੀਤਿਆਂ ਉਸ ਨੂੰ ਆਪਣੇ ਅਸਲੇ ਦੀ ਪਛਾਣ ਆਉਂਦੀ ਹੈ। ਸੱਚੇ ਗੁਰ ਸ਼ਬਦ ਵਿਚ ਰਤਿਆਂ ਸਚੜੀ ਦਰਗਾਹ ਅੰਦਰ ਉਸ ਦੀ ਸਚੜੀ ਭਾਉ-ਭਗਤੀ ਦਾ ਨਗਾਰਾ ਜਾ ਬਜਦਾ ਹੈ। ਸ਼ਬਦ ਅਭਿਆਸ ਦੁਆਰਾ ਆਪਣੇ ਮਨ ਨੂੰ ਮਾਰ ਕੇ ਜੋ ਮਰਦਾ ਹੈ ਉਹ ਜੀਵਨ ਮੁਕਤ ਹੋ ਜਾਂਦਾ ਹੈ। ਉਸ ਦਾ ਵਾਹਿਗੁਰੂ ਦੇ ਅਸਲੀ ਸਰੂਪ ਵਿਚ ਵਾਸਾ ਹੋ ਜਾਂਦਾ ਹੈ। ਉਸ ਦੀ ਆਸਾ ਤ੍ਰਿਸ਼ਨਾ ਵਿਕਲਪ-ਮਈ ਫੁਰਨਿਆਂ ਕੁਫੁਰਨਿਆਂ ਦਾ ਨਾਸ ਹੋ ਜਾਂਦਾ ਹੈ। ਉਹ ਫੇਰ ਨਾ ਆਂਦਾ ਹੈ ਨਾ ਜਾਂਦਾ ਹੈ। ਉਹ ਚੁਰਾਸੀ ਦੇ ਗੇੜ ਤੋਂ ਉੱਕਾ ਹੀ ਰਹਿਤ ਹੋ ਜਾਂਦਾ ਹੈ। ਇਹ ਕੇਵਲ ਗੁਰੂ ਦੇ ਸ਼ਬਦ ਦੀ ਕਮਾਈ ਹੀ ਹੈ ਜਿਸ ਕਰਕੇ ਹਿਰਦੇ ਰੂਪੀ ਉਰਧ ਕੰਵਲ ਵਿਗਾਸਦਾ ਹੈ। ਹਠ-ਜੋਗੀਆਂ ਦਾ ਨਾ ਹੀ ਕੰਵਲ ਖਿੜਦਾ ਹੈ, ਨਾ ਹੀ ਉਹਨਾਂ ਦੇ ਹਿਰਦੇ ਅੰਦਰ ਪ੍ਰਕਾਸ਼ ਹੁੰਦਾ ਹੈ। ਜੋ ਐਸੇ ਕੰਵਲ-ਵਿਗਾਸ ਦਾ ਦਾਅਵਾ ਕਰਦੇ ਹਨ ਤਾਂ ਨਿਰਾ ਧਕੜ ਹੀ ਮਾਰਦੇ ਹਨ। ਗੁਰਮਤਿ ਜੋਗ ਜੁਗਤੀਸ਼ਰਾਂ ਦੀ ਬਿਰਤੀ ਵਾਲੇ ਸਮੂਹ ਜਨ ਦ੍ਰਿਸ਼ਟਮਾਨ ਵਿਚ ਕਦੇ ਭੀ ਲਿਪਾਇਮਾਨ ਨਹੀਂ ਹੁੰਦੇ, ਅਦ੍ਰਿਸ਼ਟ ਵਾਹਿਗੁਰੂ ਦੇ ਮੰਡਲ ਵਿਚ ਰਹਿੰਦੇ ਹੋਏ ਚਮਤਕਾਰੀ ਖੇੜੇ ਵਿਚ ਖਿੜੇ ਰਹਿੰਦੇ ਹਨ। ਤਿਨ੍ਹਾਂ ਨੂੰ ਸੰਸਾਰੀ ਪਦਾਰਥਾਂ ਦੀ ਲਾਲਸਾ ਹੀ ਨਹੀਂ ਰਹਿੰਦੀ। ਐਸਾ ਗੁਰਮੁਖਿ ਜੋਗੀ ਸਦਾ ਆਸ-ਨਿਰਾਸਾ ਹੀ ਰਹਿੰਦਾ ਹੈ। ਨਹੀਂ ਤਾਂ ਗੁਰਮਤਿ ਜੋਗ ਅਭਿਆਸ ਤੋਂ ਖ਼ਾਲੀ ਮਨ-ਮਤੀਏ ਜੋਗੀ ਕਾਮ ਕਰੋਧ ਬਿਖ ਭੁਖ ਪਿਆਸ ਦੇ ਹੀ ਪਿਆਸੇ ਰਹਿੰਦੇ ਹਨ। ਗੁਰੂ

ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਐਸੇ ਕੋਈ ਵਿਰਲੇ ਗੁਰਮੁਖਿ ਜੋਗੀ ਹੀ ਮਿਲਦੇ ਹਨ ਜੋ ਤ੍ਰਿਬਿਧਿ ਮਾਇਆ ਤੋਂ ਹਰ ਦਮ ਉਦਾਸੀਨ ਤੇ ਉਪਰਾਮ ਰਹਿੰਦੇ ਹਨ।

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ॥੧॥
ਐਸਾ ਗਰਬੁ ਬੁਰਾ ਸੰਸਾਰੈ ॥ ਜਿਸੁ ਗੁਰੁ ਮਿਲੈ ਤਿਸੁ ਗਰਬੁ ਨਿਵਾਰੈ ॥੧॥ਰਹਾਉ॥
ਬਲਿ ਰਾਜਾ ਮਾਇਆ ਅਹੰਕਾਰੀ ॥ ਜਗਨ ਕਰੈ ਬਹੁ ਭਾਰ ਅਫਾਰੀ ॥
ਬਿਨੁ ਗੁਰ ਪੂਛੇ ਜਾਇ ਪਇਆਰੀ ॥੨॥
ਹਰੀਚੰਦੁ ਦਾਨੁ ਕਰੈ ਜਸੁ ਲੇਵੈ ॥ ਬਿਨੁ ਗੁਰ ਅੰਤੁ ਨ ਪਾਇ ਅਭੇਵੈ ॥
ਆਪਿ ਭੁਲਾਇ ਆਪੇ ਮਤਿ ਦੇਵੈ ॥੩॥
ਦੁਰਮਤਿ ਹਰਣਾਖਸੁ ਦੁਰਾਚਾਰੀ ॥ ਪ੍ਰਭੁ ਨਾਰਾਇਣੁ ਗਰਬ ਪ੍ਰਹਾਰੀ ॥
ਪ੍ਰਹਲਾਦ ਉਧਾਰੇ ਕਿਰਪਾ ਧਾਰੀ ॥੪॥
ਭੂਲੋ ਰਾਵਣੁ ਮੁਗਧੁ ਅਚੇਤਿ ॥ ਲੂਟੀ ਲੰਕਾ ਸੀਸ ਸਮੇਤਿ ॥
ਗਰਬਿ ਗਇਆ ਬਿਨੁ ਸਤਿਗੁਰ ਹੇਤਿ ॥੫॥
ਸਹਸਬਾਹੁ ਮਧੁਕੀਟ ਮਹਿਖਾਸਾ ॥ ਹਰਣਾਖਸੁ ਲੇ ਨਖਹੁ ਬਿਧਾਸਾ ॥
ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ ॥੬॥
ਜਰਾਸੰਧਿ ਕਾਲ ਜਮੁਨ ਸੰਘਾਰੇ ॥ ਰਕਤਬੀਜੁ ਕਾਲੁ ਨੇਮੁ ਬਿਦਾਰੇ ॥
ਦੈਤ ਸੰਘਾਰਿ ਸੰਤ ਨਿਸਤਾਰੇ ॥੭॥
ਆਪੇ ਸਤਿਗੁਰੁ ਸਬਦੁ ਬੀਚਾਰੇ ॥ ਦੂਜੈ ਭਾਇ ਦੈਤ ਸੰਘਾਰੇ ॥
ਗੁਰਮੁਖਿ ਸਾਚਿ ਭਗਤਿ ਨਿਸਤਾਰੇ ॥੮॥
ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥
ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥
ਜਨਮੇਜੈ ਗੁਰ ਸਬਦੁ ਨ ਜਾਨਿਆ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ॥
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥
ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮ ਨ ਚੀਨਿਆ ਅਪਨੀ ਪਤਿ ਖੋਈ ॥
ਬਿਨੁ ਜਗਦੀਸ ਨ ਰਾਖੈ ਕੋਈ ॥੧੧॥
ਬਿਨੁ ਗੁਰ ਗਰਬੁ ਨ ਮੇਟਿਆ ਜਾਇ॥ ਗੁਰਮਤਿ ਧਰਮੁ ਧੀਰਜੁ ਹਰਿ ਨਾਇ ॥
ਨਾਨਕ ਨਾਮੁ ਮਿਲੈ ਗੁਣ ਗਾਇ ॥੧੨॥੯॥

[ਗਉੜੀ ਮ: ੧, ਪੰਨਾ ੨੨੪-੨੫

ਵਿਆਖਿਆ—ਏਸ ਗੁਰਵਾਕ ਅੰਦਰ ਹਿੰਦੂ ਆਨਮਤ ਪਖੰਡੀਆਂ ਦੇ ਵਡੇ ਤੋਂ ਵਡੇ ਮੰਨੇ ਦੰਨੇ ਮਹਾਂਪੁਰਸ਼ਾਂ ਦਾ ਕਰਤਵ ਇਸ ਕਰਕੇ ਖੰਡਨ ਕੀਤਾ ਗਿਆ ਹੈ ਕਿਉਂਕਿ ਓਹ ਗੁਰਮਤਿ ਤੋਂ ਉੱਕੇ ਹੀ ਘੁੱਥੇ ਹੋਏ ਸਨ। ਇਸ ਕਰਕੇ ਓਹਨਾਂ ਦੀ

ਗਤਿ ਕਲਿਆਣ ਹੋਈ ਹੀ ਨਹੀਂ। ਹੋਰ ਤਾਂ ਹੋਰ, ਹਿੰਦੂਆਂ ਦਾ ਵਡੇਰਾ ਦੇਵਤਾ ਬ੍ਰਹਮਾ ਨਿਰਾ ਗਤਬ-ਗਹੇਲਾ ਹੀ ਰਿਹਾ, ਉਸ ਨੇ ਤੱਤ ਪ੍ਰਮਾਰਥ ਜਾਣਿਆ ਹੀ ਨਹੀਂ। ਬੇਦ ਬੀਚਾਰਨ ਅਤੇ ਉਚਾਰਨ ਦੀ ਬਿਪਤਾ ਉਸ ਦੇ ਗਲ ਪਈ ਹੀ ਰਹੀ, ਸਗੋਂ ਇਸ ਬਿਪਤਾ ਗਲ ਪਈ ਤੇ ਬਹੁਤ ਪਛੁਤਾਇਆ। ਕਿਉਂਕਿ ਇਹ ਸਹੇੜ ਸਹੇੜ ਬੈਠਾ। ਬੇਦ-ਪਾਠੀ ਅਤੇ ਬੇਦ-ਬਕਤੇ ਹੋਣ ਨੇ ਓਸ ਦੀ ਗੱਲ ਹੀ ਗੰਵਾ ਛਡੀ। ਉਸ ਨੂੰ ਪ੍ਰਮਾਰਥ ਦੀ ਸੂਝ ਆਈ ਹੀ ਨਹੀਂ। ਨਾਮ ਸਿਮਰਨ ਤੋਂ ਘੁੱਥਾ ਹੀ ਰਿਹਾ। ਜਿਸ ਨੇ ਜਦੋਂ ਭੀ ਵਾਹਿਗੁਰੂ ਨੂੰ ਸਿਮਰਿਆ, ਓਦੋਂ ਓਥੇ ਹੀ ਉਸ ਦਾ ਮਨ ਪ੍ਰਮਾਰਥ ਕਲਾ ਉਤੇ ਪਤੀਜ ਗਿਆ। ਬ੍ਰਹਮਾ ਭੀ ਤਦ ਹੀ ਪਤੀਜੇਗਾ ਜਦੋਂ ਇਹ ਜਨਮ ਧਾਰ ਵਾਹਿਗੁਰੂ ਦੀ ਨੇਤ ਅਨੁਸਾਰ ਸਤਿਗੁਰੂ ਦਾ ਸੱਚਾ ਸਿਖ ਬਣੇਗਾ, ਜੈਸਾ ਕਿ ਆਮ ਰਵਾਇਤ ਹੈ ਕਿ ਬ੍ਰਹਮਾ ਨੇ ਹੀ ਭਿੱਖੇ ਭੱਟ ਦਾ ਜਨਮ ਧਾਰ ਕੇ ਆਪਣਾ ਲੋਕ ਪਰਲੋਕ ਗੁਰੂ ਦਾ ਸਿੱਖ ਬਣਨ ਦੇ ਕਾਰਨ ਸਵਾਰਿਆ।

ਗੁਰਸਿਖੀ ਮਾਰਗ ਗਰਬ ਗ਼ਰੂਰ ਤੋਂ ਹੀਣਿਆਂ ਨੀਵਿਆਂ ਦਾ ਮਾਰਗ ਹੈ। ਜੋ ਭੀ ਗਰਬ ਤਿਆਗ ਕੇ ਗੁਰਮਤਿ ਗਰੀਬੀ ਰੂਪੀ ਨੀਵਾਣ ਵਿਚ ਆਇਆ, ਉਸ ਦਾ ਨਿਸਤਾਰਾ ਹੀ ਸੰਭਵ ਗਿਣਿਆ ਗਿਆ। ਗਰਬ-ਵੰਤਿਆਂ ਦੀ ਗਰਦਨ ਆਕੜ ਦੇ ਕਾਰਨ ਆਕੜੀ ਹੀ ਰਹੀ, ਤਿਨ੍ਹਾਂ ਦੇ ਪੱਲੇ ਪ੍ਰਮਾਰਥ ਵਲੋਂ ਕੁਛ ਭੀ ਨ ਪਿਆ। ਤਾਂ ਤੇ ਸੰਸਾਰ ਵਿਖੇ ਅਜਿਹਾ ਗਰਬ ਗੁਮਾਨ ਬੁਰਾ ਅਤੇ ਬੁਰੇ ਕੰਮਾਂ ਦਾ ਫਲ ਹੀ ਹੈ। ਜਿਸ ਨੂੰ ਵਾਹਿਗੁਰੂ ਦੇ ਭਾਣੇ ਅਨੁਸਾਰ ਸੱਚਾ ਗੁਰੂ ਮਿਲਦਾ ਹੈ ਤਿਸ ਦਾ ਹੀ ਗਰਬ ਨਿਵਾਰਿਆ ਜਾਂਦਾ ਹੈ। ਜਾਨਣਾ ਚਾਹੀਏ ਕਿ ਸੱਚਾ ਗੁਰੂ ਸੰਸਾਰ ਵਿਖੇ ਅੱਜ ਤਾਈਂ ਆਪਣੇ ਗੁਰੂ ਜੋਤਿ ਜਾਮਿਆਂ ਵਿਚ ਕੇਵਲ ਸਤਿਗੁਰੂ ਨਾਨਕ ਹੀ ਹੋਇਆ ਹੈ ਅਤੇ ਸਦੀਵ ਲਈ ਉਹੀ ਰਹੇਗਾ। ਜੋ ਜੋ ਭੀ ਗਰਬ, ਬਿਰਥਾ ਹੰਕਾਰ ਕਰਦੇ ਹਨ ਤੇ ਹੰਕਾਰ ਦਾ ਪੁੰਜ ਹੁੰਦੇ ਹਨ, ਓਹ ਸਭੇ ਪ੍ਰਮਾਰਥ ਤੋਂ ਘੁੱਥੇ ਹੀ ਜਾਂਦੇ ਹਨ। ਕਿਸੇ ਨੂੰ ਮਾਇਆ ਦਾ ਗਰਬ, ਕਿਸੇ ਨੂੰ ਰਾਜ ਦਾ ਗਰਬ, ਕਿਸੇ ਨੂੰ ਰੂਪ ਦਾ ਗਰਬ, ਕਿਸੇ ਨੂੰ ਬਲ ਸੂਰਮਤਾਈ ਦਾ ਗੁਮਾਨ, ਕਿਸੇ ਨੂੰ ਜਾਤ ਜੋਬਨ ਦਾ ਅਭਿਮਾਨ। ਅਜਿਹੇ ਗਰਬ ਦੇ ਮੁੱਠੇ ਹੋਏ ਪ੍ਰਾਣੀ ਸਭ ਗੁਰਮਤਿ ਤੋਂ ਘੁੱਥੇ ਹੋਏ ਹੀ ਰਹਿੰਦੇ ਹਨ। ਘੁੱਥੇ ਹੋਏ ਰਹਿਣ ਦੇ ਕਾਰਨ ਓਹਨਾਂ ਦਾ ਰੋਗ ਹੋਰ ਵਧਦਾ ਜਾਂਦਾ ਹੈ।

ਬਲ ਰਾਜੇ ਨੂੰ ਮਾਇਆ ਦਾ ਹੰਕਾਰ ਹੋਇਆ ਤੇ ਮਾਰਿਆ ਗਿਆ। ਪ੍ਰਮਾਰਥ ਵਲ ਉਸ ਦੀ ਬਿਰਤੀ ਚੜ੍ਹੀ ਹੀ ਨਹੀਂ, ਬਹੁਤੀ ਮਾਇਆ ਹੋਣ ਕਰਕੇ ਉਸ ਨੇ ਬਹੁਤੇ ਜਗ ਕੀਤੇ ਅਤੇ ਜਗ ਕਰਨ ਦੇ ਕਾਰਨ ਉਸ ਦਾ ਭਾਰ ਅਫਾਰਾ ਸਗੋਂ ਹੋਰ ਵਧ ਗਿਆ। ਇਸ ਦੇ ਕਾਰਨ ਉਸ ਨੂੰ ਪਤਾਲੋਂ ਥੱਲੇ ਜਾਣਾ ਪਿਆ। ਜੇ ਉਸ ਪਰ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਤਾਂ ਸੱਚੇ ਗੁਰੂ ਦਾ ਮਿਲਾਪ ਹੋ ਜਾਂਦਾ ਤਾਂ ਉਸ ਦੀ ਇਹ ਦੁਰਗਤੀ ਕਦੇ ਨ ਹੁੰਦੀ। ਹਰੀ ਚੰਦ ਰਾਜੇ ਨੂੰ (ਜੋ

ਹਿੰਦੂਆਂ ਦਾ ਬੜਾ ਦਾਨੀ ਮਾਨੀ ਵਡੇਰਾ ਮੰਨਿਆ ਗਿਆ ਹੈ) ਦਾਨ ਕਰਨ ਦਾ ਮਾਨ ਤੇ ਦਾਨ ਕਰਕੇ ਜਸ ਲੈਣ ਦਾ ਚਸਕਾ ਪੈ ਗਿਆ, ਉਹ ਆਪਣਾ ਆਪ ਹੀ ਭੁਲ ਗਿਆ। ਉਸ ਨੂੰ ਅਭੇਦ ਅਕਾਲ ਪੁਰਖ ਦਾ ਭੇਦ ਕੀ ਆਉਣਾ ਸੀ, ਕਿਉਂਕਿ ਉਹ ਸਾਰੀ ਉਮਰ ਨਿਗੁਰਾ ਹੀ ਰਿਹਾ। ਗੁਰੂ ਬਾਝੋਂ ਸੱਚੇ ਪ੍ਰਮਾਰਥ ਦਾ ਭੇਦ ਆ ਹੀ ਨਹੀਂ ਸਕਦਾ। ਜੇ ਉਸ ਨੂੰ ਭੇਦ ਆਉਣਾ ਹੁੰਦਾ ਤਾਂ ਵਾਹਿਗੁਰੂ ਅਕਾਲ ਪੁਰਖ ਆਪਣੀ ਨਦਰ ਮੇਹਰ ਕਰ ਕੇ ਸੱਚੇ ਗੁਰੂ ਦਾ ਮਿਲਾਪ ਕਰਾਇ ਦਿੰਦਾ। ਤਾਂ ਤੇ ਉਸ ਉਤੇ ਉਸ ਦੇ ਕਰਮਾਂ ਅਨੁਸਾਰ ਇਹ ਨਦਰ ਮੇਹਰ ਹੋਣੀ ਹੀ ਨਹੀਂ ਸੀ। ਇਸ ਕਰਕੇ ਉਹ ਭੁੱਲਾ ਹੀ ਰਿਹਾ। ਇਹ ਭੀ ਕਹਿਣਾ ਠੀਕ ਹੈ ਕਿ ਪਰਮਾਤਮਾ ਨੇ ਉਸ ਨੂੰ ਭੁਲਾਇਆ। ਹੁਣ ਭੀ ਜੇ ਪਰਮਾਤਮਾ ਨੂੰ ਮਨਜ਼ੂਰ ਹੋਇਆ ਤਾਂ ਉਸ ਨੂੰ ਫੇਰ ਸੁਮੱਤੇ ਲਾ ਸਕਦਾ ਹੈ।

ਖੋਟੀ ਮਤਿ, ਦੁਰਮਤਿ ਮਤਿ ਵਾਲਾ ਦੈਂਤ ਹਰਨਾਖਸ਼ ਦੁਰਾਚਾਰੀ ਹੀ ਰਿਹਾ। ਵਾਹਿਗੁਰੂ ਨਿਰੰਕਾਰ ਨਰਾਇਣ ਗਰਬ-ਪ੍ਰਹਾਰੀ ਨੇ ਉਸ ਦਾ ਗਰਬ ਤੋੜ ਕੇ ਹੀ ਛਡਿਆ। ਪ੍ਰਹਿਲਾਦ ਉਤੇ ਗੁਰੂ ਅਕਾਲ ਪੁਰਖ ਦੀ ਕਿਰਪਾ ਹੋ ਗਈ ਤਾਂ ਉਸ ਦਾ ਉਧਾਰ ਹੋ ਗਿਆ। ਮੂਰਖ ਮੁਗਧ ਰਾਵਣ ਆਪਣੇ ਥੇਹੋਂ ਥਾਵੋਂ ਭੁਲ ਗਿਆ। ਪ੍ਰਮਾਰਥ ਤੋਂ ਉੱਕਾ ਹੀ ਉਖੜ ਗਿਆ, ਤਾਂ ਤੇ ਅਚੇਤ ਹੀ ਉਸ ਦਾ ਨਾਸ ਹੋ ਗਿਆ। ਉਸ ਦੀ ਲੰਕਾ ਲੁਟੀ ਗਈ। ਸੀਸ ਸਮੇਤ ਉਸ ਦੀ ਜੜ੍ਹ ਪੁਟੀ ਗਈ। ਗਰਬ ਕਰਨ ਕਰਕੇ ਉਹ ਗਇਆ ਗੁਜਰਿਆ ਹੋ ਗਿਆ। ਸਤਿਗੁਰੂ ਦੇ ਪ੍ਰਮਾਰਥ ਪ੍ਰੇਮ ਪ੍ਰਾਇਣ ਉਹ ਹੋਇਆ ਹੀ ਨਾ। ਏਸੇ ਪ੍ਰਕਾਰ ਹੀ ਸਹਸ ਬਾਹੂ ਮਧਕੀਟ ਆਦਿਕ ਦੈਂਤਾਂ ਦੀ ਦੁਰਗਤਿ ਹੋਈ। ਕਦੇ ਭੀ ਅਤੇ ਕਿਸੇ ਵੇਲੇ ਭੀ ਕਿਸੇ ਤੋਂ ਭੀ ਨ ਮਾਰੇ ਜਾਣ ਦੇ ਦਾਅਵਾ ਰਖਣ ਵਾਲੇ ਹਰਣਾਖਸ਼ ਨੂੰ ਨਹੁੰਆਂ ਨਾਲ ਹੀ ਪਾੜਿਆ ਗਿਆ। ਗੁਰਮਤਿ-ਭਗਤੀ ਦਾ ਰੰਚਕ ਮਾਤਰ ਭੀ ਅਭਿਆਸ ਲੇਸ ਨ ਹੋਣ ਕਰਕੇ ਦੈਂਤ ਸੰਘਾਰੇ ਗਏ। ਦੈਂਤ ਬੁਧੀ ਵਾਲੇ ਦੇਵਤਿਆਂ ਰਿਸ਼ੀਆਂ ਮੁਨੀਆਂ ਦਾ ਭੀ ਇਹੋ ਹਾਲ ਹੋਵੇਗਾ। ਕਿਉਂ ਉਹ ਹੰਕਾਰ ਦੇ ਕਾਰਨ ਗੁਰਮਤਿ ਤੋਂ ਪਰੇਡੇ ਹੀ ਪਰੇਡੇ ਨਸਣਗੇ। ਨੇੜੇ ਆਉਣਗੇ ਤਾਂ ਉਹਨਾਂ ਦੇ ਉਧਾਰ ਦਾ ਕੋਈ ਹੀਲਾ ਬਣੇਗਾ।

ਗੱਲ ਕੀ, ਇਸ ਗੁਰਵਾਕ ਅੰਦਰ ਹੋਰ ਭੀ ਜਿਤਨੇ ਦੇਵ ਦਾਨਵਾਂ ਦਾ ਜ਼ਿਕਰ ਆਇਆ ਹੈ, ਓਹਨਾਂ ਸਭਨਾਂ ਦਾ ਗੁਰਮਤਿ ਤੋਂ ਵਾਂਢੇ ਰਹਿਣ ਕਰਕੇ ਬੁਰਾ ਹਾਲ ਹੋਵੇਗਾ ਤੇ ਬੁਰਾ ਹਾਲ ਰਹੇਗਾ। ਜਗਦੀਸ਼ ਵਾਹਿਗੁਰੂ ਪਰਮੇਸ਼ਰ ਦੀ ਓਹਨਾਂ ਉਤੇ ਨਦਰ ਮੇਹਰ ਜੇ ਨ ਹੋਈ ਤਾਂ ਉਹਨਾਂ ਦਾ ਰਖਵਾਲਾ ਇਸ ਦੁਰਦਸ਼ਾ ਚੋਂ ਕਢਣ ਲਈ ਕੋਈ ਨਹੀਂ ਬਣੇਗਾ। ਸਾਰ ਸਿੱਟਾ ਇਸ ਸ਼ਬਦ ਅੰਦਰ ਗੁਰੂ ਸਚੇ ਪਾਤਸ਼ਾਹ ਇਹੋ ਕਢਦੇ ਹਨ ਕਿ ਗੁਰੂ ਬਾਝਹੁ ਗਰਬ ਨਹੀਂ ਮੇਟਿਆ ਜਾਂਦਾ। ਗੁਰਮਤਿ ਦੁਆਰਾ ਵਾਹਿਗੁਰੂ ਦਾ ਨਾਮ ਜਪ ਕੇ ਸੱਚੇ ਧਰਮ ਅਤੇ ਸੱਚੇ ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਦਾ ਗੁਰਮਤਿ ਨਾਮ ਹੀ ਹੈ ਜੋ

ਸੱਚੇ ਧਰਮ-ਧੀਰਜ ਨੂੰ ਪ੍ਰਾਪਤਿ ਕਰਾਵਨਹਾਰਾ ਹੈ। ਵਾਹਿਗੁਰੂ ਦੇ ਨਾਮ ਦੀ ਬਰਕਤ ਨਾਲ ਹੀ ਗੁਰਮਤਿ ਧਰਮ-ਧੀਰਜ ਦੀ ਪ੍ਰਾਪਤੀ ਹੁੰਦੀ ਹੈ। ਜਿਸ ਨੂੰ ਵਾਹਿਗੁਰੂ ਦਾ ਨਾਮ ਮਿਲ ਜਾਂਦਾ ਹੈ ਉਹੀ ਵਾਹਿਗੁਰੂ ਦਾ ਜਸ ਗਾਉਂਦਾ ਹੈ। ਨਾਮ-ਗੁਣ ਗੁਰੂ ਦੁਆਰਾ ਹੀ ਨਸੀਬ ਹੁੰਦੇ ਹਨ। ਤਾਂ ਤੇ ਗੁਰਮਤਿ ਦੇ ਦਰ ਤੋਂ ਬਿਨਾਂ ਕਲਿਆਣ ਹਰਗਿਜ਼ ਹਰਗਿਜ਼ ਕਿਸੇ ਵੀ ਵਡੇ ਤੋਂ ਵਡੇ ਵਡੇਰੇ ਆਨਮਤੀ ਆਗੂ ਨੇਤਾ ਦੀ ਨਹੀਂ ਹੋਈ। ਜਦ ਆਨਮਤੀ ਆਗੂਆਂ ਨੇਤਾਵਾਂ ਦਾ ਇਹ ਹਾਲ ਹੈ ਤਾਂ ਇਹਨਾਂ ਨੇਤਾਵਾਂ ਨੂੰ ਪੇਸ਼ਵਾ ਮੰਨਣਹਾਰੇ ਮੁਰੀਦਾਂ ਦਾ ਕੀ ਹਾਲ ਹੋਵੇਗਾ? ਬੜਾ ਹੀ ਦੁਰਗਤੀ ਭਰਿਆ ਮਾੜਾ ਮੰਦਾ ਹਾਲ ਰੇਹੇਗਾ।

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥੭॥੧੧॥

[ਗਉੜੀ ਮ: ੫, ਪੰਨਾ ੨੨੬

ਜਿਨ੍ਹਾਂ ਨੇ ਬੇਦ ਪੁਰਾਣ ਸਿਮ੍ਰਿਤੀਆਂ ਆਦਿਕ ਪੋਥੀਆਂ ਨੂੰ ਪੜ੍ਹ ਪੜ੍ਹ ਕੇ, ਘੋਖ ਘੋਖ ਕੇ ਪਾਠ ਕੀਤੇ ਅਤੇ ਏਹਨਾਂ ਨੂੰ ਪੜ੍ਹ ਸੁਣ ਕੇ ਬਹੁ ਪ੍ਰਕਾਰੀ ਥਾਟ ਥਟਾਏ, ਬਣਾਵਟਾਂ ਬਣਾਈਆਂ, ਓਹਨਾਂ ਦਾ ਮਨ ਭਟਕਦਾ ਹੀ ਰਿਹਾ, ਕਿਉਂਕਿ ਉਹ ਗੁਰਮਤਿ ਨਾਮ ਦੀ ਪ੍ਰਾਪਤੀ ਬਿਨਾਂ ਸੱਚੇ ਰਸ ਵਿਚ ਰੱਤੇ ਹੀ ਨਹੀਂ ਗਏ। ਇਸ ਤੋਂ ਸਿਧ ਹੋਇਆ ਕਿ ਬੇਦ ਪੁਰਾਣ ਸ਼ਾਸਤ੍ਰ ਸਿਮ੍ਰਤੀਆਂ ਆਦਿ ਪੋਥੀਆਂ ਦੇ ਪੜ੍ਹਨਹਾਰਿਆਂ ਦੀ ਬੁਧੀ ਚੰਚਲ ਹੀ ਰਹਿੰਦੀ ਹੈ।

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ ॥
ਬ੍ਰਹਮ ਕਮਲੁ ਪਇਆਲਿ ਨ ਪਾਇਆ ॥
ਆਗਿਆ ਨਹੀ ਲੀਨੀ ਭਰਮਿ ਭੁਲਾਇਆ ॥੧॥
ਜੋ ਉਪਜੈ ਸੋ ਕਾਲਿ ਸੰਘਾਰਿਆ ॥
ਹਮ ਹਰਿ ਰਾਖੇ ਗੁਰ ਸਬਦੁ ਬੀਚਾਰਿਆ ॥੧॥ਰਹਾਉ॥
ਮਾਇਆ ਮੋਹੇ ਦੇਵੀ ਸਭਿ ਦੇਵਾ ॥ ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥
ਓਹੁ ਅਬਿਨਾਸੀ ਅਲਖ ਅਭੇਵਾ ॥੨॥......
ਕਾਜੀ ਸੇਖ ਭੇਖ ਫਕੀਰਾ ॥ ਵਡੇ ਕਹਾਵਹਿ ਹਉਮੈ ਤਨਿ ਪੀਰਾ ॥
ਕਾਲੁ ਨ ਛੋਡੈ ਬਿਨੁ ਸਤਿਗੁਰ ਕੀ ਧੀਰਾ ॥੭॥੧੪॥

[ਗਉੜੀ ਮ: ੧, ਪੰਨਾ ੨੨੭

ਗੁਰੂ ਦਸਮੇਸ਼ ਜੀ ਦੇ ਸਿਰੀ ਮੁਖ ਵਾਕ ਅਨੁਸਾਰ "ਕਾਲ ਪਾਇ ਬ੍ਰਹਮਾ ਬਪੁ ਧਰਾ ॥ ਕਾਲ ਪਾਇ ਸਿਵ ਜੂ **ਅਵਤਰਾ**"* ਦੇ ਭਾਵ ਅਨੁਸਾਰ ਇਸ ਗੁਰਵਾਕ **ਅੰਦਰਿ ਆਨਮਤਿ ਪਰਬੋਧਨੀ ਮਨਮਤਿ ਖੰਡੋਧਨੀ ਦ੍ਰਿਸ਼ ਦਰਸਾਇਆ ਗਿਆ ਹੈ।**

***...੭॥ ਕਬਿਯੋ ਬਾਚ ਬੇਨਤੀ ॥ ਚੌਪਈ**

ਜੋ ਉਪਜੈ ਸੋ ਕਾਲਿ ਸੰਘਾਰਿਆ'* ਦੇ ਭਾਵ ਵਾਲੀ ਗਤੀ ਗੁਰਮਤਿ ਤੋਂ ਹੀਣੇ, ਗੁਰ-ਸ਼ਬਦ-ਦੀਖਿਆ ਤੋਂ ਘੁੱਥੇ ਹੋਏ ਸਾਰੇ ਹੀ ਆਨਮਤੀ ਨੇਤਾਵਾਂ ਦੇ ਦੇਵਤਾਵਾਂ ਦੀ ਦੁਰਗਤੀ ਹੋਈ ਹੈ। ਓਹ ਤਾਂ ਅਧੋਗਤੀ ਦੀ ਸਫ ਵਿਚ ਹੀ ਲਪੇਟੇ ਗਏ। ਯਵਨ ਮਤ ਦੇ ਬੜੇ ਬਡੇਰੇ ਕਹਾਉਣ ਵਾਲੇ ਕਾਜ਼ੀਆਂ, ਸ਼ੇਖਾਂ ਅਤੇ ਭੇਖੀ ਫ਼ਕੀਰਾਂ ਦੀ ਭੀ ਇਹੋ ਦੁਰਗਤੀ ਹੋਈ ਹੈ। ਸੱਚੇ ਸਤਿਗੁਰ ਦੀ ਥਾਪਣਾ ਮਿਲੇ ਬਿਨਾਂ ਸਭੇ ਹੀ ਰਸਾਤਲ ਨੂੰ ਗਏ ਹਨ।

ਸਾਸਤ ਸਿੰਮ੍ਰਿਤਿ ਸੋਧਿ ਦੇਖਹੁ ਕੋਇ ॥ ਵਿਣੁ ਨਾਵੈ ਕੋ ਮੁਕਤਿ ਨ ਹੋਇ ॥੬॥੧॥

[ਗਉ: ਗੁਆ: ਮ: ੩ ਅਸਟ:, ਪੰਨਾ ੨੨੯

ਗੁਰਮਤਿ ਨਾਮ ਬਿਨਾਂ ਕੋਈ ਭੀ ਮੁਕਤੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਸ਼ਾਸਤ੍ਰਾਂ ਸਿਮ੍ਰਿਤੀਆਂ ਆਦਿਕ ਅਨਮਤੀ ਪੁਸਤਕਾਂ ਦੇ ਬਣਾਉਣ ਅਤੇ ਪੜ੍ਹਨਹਾਰਿਆਂ ਦੀ ਭੀ ਇਹੋ ਅਧੋਗਤੀ ਹੋਈ। ਅਛੀ ਤਰ੍ਹਾਂ ਘੋਖ ਕੇ ਸੋਧ ਕੇ ਠੋਕ ਬਜਾ ਕੇ ਦੇਖ ਲਓ, ਇਹ ਆਨਮਤੀ ਪੁਸਤਕਾਂ ਅਤੇ ਏਹਨਾਂ ਆਨਮਤੀ ਪੁਸਤਕਾਂ ਦੇ ਪੜ੍ਹਨ ਸੁਣਨਹਾਰਿਆਂ ਦੀ ਇਹੀ ਦੁਰਗਤੀ ਹੋਈ। ਹੋਣੀ ਹੀ ਸੀ, ਕਿਉਂਕਿ ਏਹਨਾਂ ਆਨਮਤ ਪੁਸਤਕਾਂ ਅੰਦਰ ਨਾਮ ਦਾ ਮੁਸ਼ਕ ਮਾਤਰ ਭੀ ਜ਼ਿਕਰ ਨਹੀਂ। ਨਾਮ ਹੀ ਸਭਨਾਂ ਦਾ ਨਿਸਤਾਰਕ ਹੈ। ਗੁਰਮਤਿ ਨਾਮ ਵਿਹੂਣੇ ਮੰਨੇ ਦੰਨੇ ਆਨਮਤੀਆਂ ਦੇ ਪੁਸਤਕ ਪੜ੍ਹਨ ਘੋਖਣਹਾਰੇ ਸਭੇ ਹੀ ਅਵਗਤਿ ਗਏ ਤੇ ਅਗੇ ਨੂੰ ਜਾਣਗੇ।

ਬ੍ਰਹਮਾ ਮੂਲੁ ਵੇਦ ਅਭਿਆਸਾ ॥ ਤਿਸ ਤੇ ਉਪਜੇ ਦੇਵ ਮੋਹ ਪਿਆਸਾ ॥
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ ॥੧॥
ਹਮ ਹਰਿ ਰਾਖੇ ਸਤਿਗੁਰੂ ਮਿਲਾਇਆ ॥
ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ ॥੧॥ਰਹਾਉ॥
ਤ੍ਰੈ ਗੁਣ ਬਾਣੀ ਬ੍ਰਹਮ ਜੰਜਾਲਾ ॥
ਪੜਿ ਵਾਦੁ ਵਾਖਣਹਿ ਸਿਰਿ ਮਾਰੇ ਜਮਕਾਲਾ ॥
ਤਤੁ ਨ ਚੀਨਹਿ ਬੰਨਹਿ ਪੰਡ ਪਰਾਲਾ ॥੨॥
ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
ਭਵਜਲਿ ਡੂਬੇ ਦੂਜੈ ਭਾਏ ॥੩॥
ਮਾਇਆ ਕਾ ਮੁਹਤਾਜੁ ਪੰਡਿਤੁ ਕਹਾਵੈ॥ ਬਿਖਿਆ ਰਾਤਾ ਬਹੁਤੁ ਦੁਖੁ ਪਾਵੈ ॥
ਜਮ ਕਾ ਗਲਿ ਜੇਵੜਾ ਨਿਤ ਕਾਲੁ ਸੰਤਾਵੈ ॥੪॥੪॥

[ਗਉੜੀ ਮ: ੩, ਪੰਨਾ ੨੩੦-੩੧

*ਗਉੜੀ ਮ: ੫, ਪੰਨਾ ੨੨੭

ਇਸ ਗੁਰਵਾਕ ਅੰਦਰ ਸਪੱਸ਼ਟ ਹੀ ਆਨਮਤ ਖੰਡਨ ਬੜ੍ਹ ਚੜ੍ਹ ਕੇ ਪੂਰਤ ਹੈ। ਬੇਦਾਂ ਦੇ ਬਕਤੇ ਰਚਤੇ ਹੋਣ ਦਾ ਮੂਲ ਮੁਢ ਬ੍ਰਹਮਾ ਹੈ। ਏਹਨਾਂ ਵੇਦਾਂ ਅੰਦਰ ਮਾਇਆਵੀ ਤ੍ਰੈ ਗੁਣਾਂ ਰੂਪੀ ਭੰਗਾਰ ਦਾ ਵਿਸਥਾਰ ਹੀ ਭਰਿਆ ਪਿਆ ਹੈ। ਤੇ ਗੁਣਾਂ ਅੰਦਰ ਭਰਮਣਹਾਰਿਆਂ ਦੀ ਕਦੇ ਭੀ ਸਦ-ਗਤੀ ਨਹੀਂ ਹੋ ਸਕਦੀ। ਸੋ ਵਿਚਾਰੇ ਬੇਦ-ਅਭਿਆਸੀ ਬੇਦ-ਭਗਤ ਅਤੇ ਪੰਡਿਤ ਬ੍ਰਹਮਾ ਤਾਈਂ ਭੀ, ਸਭ ਭਰਮਦੇ ਹੀ ਫਿਰਦੇ ਰਹੇ। ਮਮਤਾ-ਮਈ ਮੋਹ ਪਿਆਸ ਦੇ ਦੁਬੈਲ ਹੋ ਕੇ ਫੋਕੇ ਦਮਗਜੇ ਹੀ ਮਾਰਦੇ ਰਹੇ। ਓਹਨਾਂ ਤੋਂ ਸਰਿਆ ਸੁਰਿਆ ਕੁਛ ਨਹੀਂ। ਸਤਿਗੁਰੂ ਦੇ ਮਿਲਾਪ ਬਾਝਹੁ ਏਹਨਾਂ ਬਿਦਤਾਂ ਤੋਂ ਰਖਸ਼ਾ ਕਿਸੇ ਦੀ ਭੀ ਨਹੀਂ ਹੋਈ, ਨ ਹੋਣੀ ਹੈ। ਸਤਿਗੁਰੂ ਦੀ ਸਿਖਸ਼ਾ ਦੇ ਮੰਨਣਹਾਰੇ ਗੁਰਸਿਖਾਂ ਸੇਵਕਾਂ ਦੀ ਸੁਤੇ ਸੁਭਾਵ ਹੀ ਰਖਸ਼ਾ ਹੋਈ ਮੰਨੀ ਪ੍ਰਮੰਨੀ ਗਈ ਹੈ। ਗੁਰੂ ਘਰ ਦੇ ਗੁਰਸਿਖਾਂ ਸੇਵਕਾਂ ਦੀ ਪਰਤੱਖ ਰਖਸ਼ਾ ਦੀ ਹਾਮੀ ਏਹਨਾਂ ਗੁਰ-ਪੰਗਤੀਆਂ ਤੋਂ ਸਾਫ਼ ਸਿਧ ਹੈ—"ਹਮ ਹਰਿ ਰਾਖੇ ਸਤਿਗੁਰੂ ਮਿਲਾਇਆ॥ ਅਨਦਿਨੁ ਭਗਤਿ ਹਰਿ ਨਾਮੁ ਦ੍ਰਿੜਾਇਆ॥" ਜੋ ਜੋ ਭੀ ਗੁਰੂ ਦੇ ਸਿਖ ਹੋਏ, ਓਹ ਸਤਿਗੁਰੂ ਦੀ ਸਿਖਲਾਈ ਹੋਈ, ਗੁਰੂ ਤੋਂ ਮਿਲੀ ਹੋਈ ਗੁਰ-ਦੀਖਿਆ ਦੇ ਕਾਰਨ ਸਦਾ ਹੀ ਸਦਗਤੀ ਨੂੰ ਪ੍ਰਾਪਤਿ ਹੁੰਦੇ ਰਹੇ ਤੇ ਹੋਣਗੇ, ਕਿਉਂਕਿ ਹਰ ਦਮ ਓਹ ਗੁਰਮਤਿ ਨਾਮ ਦੇ ਦ੍ਰਿੜ੍ਹ ਹੋਣ ਕਰਕੇ ਭਾਉ ਭਗਤੀ ਵਿਚ ਹੀ ਓਹਨਾਂ ਦੀ ਬਿਰਤੀ ਅਸਥਿਰ ਰਹੀ ਅਤੇ ਸਦਾ ਰਹੇਗੀ। ਬ੍ਰਹਮਾ ਦੀ ਰਚੀ ਹੋਈ ਬੇਦ-ਬਾਣੀ ਤ੍ਰੈ-ਗੁਣਾਂ ਦੇ ਮਾਇਕ ਜੰਜਾਲ ਦਾ ਝਗੜਾ ਰਗੜਾ ਹੀ ਹੈ। ਏਹਨਾਂ ਦੇ ਪੜ੍ਹਨ ਸੁਣਨਹਾਰੇ ਬਾਦ ਬਿਬਾਦ ਦੀ ਖਲਜਗਣ ਵਿਚ ਰੁਝੇ ਰਹੇ ਤੇ ਰੁਝੇ ਰਹਿਣਗੇ। ਏਹਨਾਂ ਬਾਦ-ਬਿਬਾਦੀਆਂ ਦੇ ਸਿਰ ਤੇ ਜਮ ਦਾ ਡੰਡਾ ਵਜਦਾ ਹੀ ਰਹੇਗਾ। ਆਤਮ ਤੱਤ ਦਾ ਚੀਨਣਾ ਤਾਂ ਬੇਦਾਂ ਤੇ ਏਹਨਾਂ ਦੇ ਪੜ੍ਹਨਹਾਰਿਆਂ ਤੋਂ ਬਹੁਤ ਦੂਰ ਰਹਿ ਗਇਆ ਹੈ। ਏਹ ਫੋਕਟ ਫੂਸ ਪਰਾਲੀ ਦੀਆਂ ਪੰਡਾਂ ਹੀ ਚੁੱਕੀ ਫਿਰਦੇ ਰਹੇ ਹਨ ਤੇ ਚੁੱਕੀ ਫਿਰਦੇ ਰਹਿਣਗੇ। ਇਹ ਮਨਮੁਖੀ ਅਗਿਆਨੀ ਪੁਰਸ਼, ਏਹਨਾਂ ਦੀ ਕਰਮ ਗਤੀ ਅਨੁਸਾਰ ਕੁਮਾਰਗ ਪਾਏ ਹੋਏ ਕੁਮਾਰਗ ਹੀ ਪਏ ਰਹਿਣਗੇ। ਬੇਦਾਂ ਵਿਖੇ ਆਨਮਤੀ ਕਰਮ ਕਾਂਡ ਹੀ ਬਹੁਤ ਕਰਕੇ ਦ੍ਰਿੜ੍ਹਾਏ ਗਏ ਹਨ, ਨਾਮ ਉੱਕਾ ਹੀ ਵਿਸਾਰਿਆ ਗਿਆ ਹੈ। ਏਹਨਾਂ ਦੇ ਪੜ੍ਹਾਕੂਆਂ ਨੂੰ ਨਾਮ ਕਿਥੋਂ ਪ੍ਰਾਪਤ ਹੋ ਸਕਦਾ ਹੈ? ਬਸ, ਭਉਜਲ ਅੰਦਰ ਹੀ ਡੁਬਦੇ ਰਹਿਣਗੇ। ਨਿਰੀ ਦੂਜੇ ਭਾਇ ਦੀ ਵਿਦਿਆ ਹੀ ਵੇਦਾਂ ਅੰਦਰ ਭਰੀ ਹੋਈ ਹੋਣ ਕਰਕੇ ਇਸ ਦੂਜੇ ਭਾਇ ਦੇ ਡੂੰਘੇ ਖਾਤੇ ਵਿਚ ਹੀ ਗਰਕ ਰਹਿਣਗੇ। ਬਹੁਤ ਗਰਕੀ ਵਾਲੀ ਗੱਲ ਇਹ ਹੈ ਕਿ ਵੇਦਾਂ ਦੇ ਬਕਤੇ ਪਾਠੀ ਨਿਰੇ ਮਾਇਆ ਦੇ ਮੁਥਾਜ ਹੁੰਦੇ ਹੋਏ ਭੀ ਓਹ ਆਪਣੇ ਆਪ ਨੂੰ ਵੇਦ-ਬੇਤਾ ਪੰਡਿਤ ਕਹਾਉਣ ਵਿਚ ਬੜਾ ਫ਼ਖ਼ਰ ਸਮਝਦੇ ਹਨ। ਹਾਲਾਂਕਿ ਫ਼ਖ਼ਰ ਨਿਰਾ ਫੋਕਾ ਅਫਰੇਮਾ ਹੀ ਹੈ। ਮਾਇਆ ਦਾ ਮੁਥਾਜ ਪੰਡਿਤ ਕਹਾਉਣ ਵਾਲਾ ਪੁਰਸ਼ ਬਿਖਿਆ ਵਿਚ ਰੱਤਾ ਪੱਤਾ ਰਹਿਣ ਕਰਕੇ ਬਹੁ ਪ੍ਰਕਾਰੀ ਦੁਖ ਸਹਿੰਦਾ ਸਹਾਰਦਾ ਹੈ,

ਅਣਹੋਈਆਂ ਸੱਟਾਂ ਖਾਂਦਾ ਹੈ। ਜਮ ਦੇ ਜੇਵੜੇ ਨਾਲ ਉਹ ਜਕੜਿਆ ਹੀ ਰਹਿੰਦਾ ਹੈ ਅਤੇ ਖਿਨ ਖਿਨ ਕਾਲ ਦਾ ਡਰ ਉਸ ਨੂੰ ਸਤਾਉਂਦਾ ਹੀ ਰਹਿੰਦਾ ਹੈ। ਇਸ ਬਿਧ ਉਹ ਮਿੰਟ ਮਿੰਟ ਦੀ ਮਉਤੇ ਮਰਦਾ ਰਹਿੰਦਾ ਹੈ :

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ ॥ ਅੰਤਰਿ ਤਾਮਸੁ ਆਪੁ ਨ ਪਛਾਣੈ ॥
ਤਾ ਪ੍ਰਭੁ ਪਾਏ ਗੁਰ ਸਬਦੁ ਵਖਾਣੈ ॥੧॥੫॥

[ਗਉੜੀ ਮ: ੩, ਪੰਨਾ ੨੩੧

ਹਿੰਦੂਆਂ ਦੀਆਂ ਆਨਮਤ ਪੁਸਤਕਾਂ ਵਿਚ ਨਿਰਾ ਵਾਦ ਵਿਵਾਦ ਮਈ ਫੂਸ ਪਰਾਲ ਹੀ ਭਰਿਆ ਪਿਆ ਹੈ। ਹੋਰ ਤਾਂ ਹੋਰ, ਵੇਦਾਂ ਵਿਚ ਭੀ ਇਹੋ ਕੁਛ ਹੈ। ਬ੍ਰਹਮਾ ਆਨਮਤੀ ਹਿੰਦੂਆਂ ਦਾ ਮੰਨਿਆ-ਪ੍ਰਮੰਨਿਆ ਦੇਵਤਾ ਸਾਰੀ ਉਮਰ ਵੇਦ ਪੜ੍ਹਦਾ ਰਿਹਾ ਤੇ ਵਾਦ ਹੀ ਵਖਾਣਦਾ ਰਿਹਾ। ਵੇਦਾਂ ਵਿਚ ਹੋਰ ਧਰਿਆ ਕੀ ਪਿਆ ਹੈ? ਸਗੋਂ ਵੇਦ ਪੜ੍ਹਦੇ ਪੜ੍ਹਦੇ, ਵਖਾਣਦੇ ਵਖਾਣਦੇ, ਉਸ ਦਾ ਤਮੋ ਗੁਣ (ਕ੍ਰੋਧ) ਰੂਪੀ ਤਾਮਸ ਪਿੱਤਾ ਹੀ ਵਧ ਗਿਆ। ਹੰਕਾਰ ਨਾਲ ਫੁਲ ਕੇ ਡੋਡਾ ਹੋ ਗਿਆ ਤੇ ਆਪੇ ਤੋਂ ਬਾਹਰ ਹੋ ਗਿਆ। ਆਪਾ ਪਛਾਨਣਾ ਤਾਂ ਕੀ ਸੀ, ਆਪਾ ਭੁਲ ਹੀ ਗਿਆ। ਵਾਹਿਗੁਰੂ ਦੀ ਪ੍ਰਾਪਤੀ ਲਈ ਬੇਦਾਂ ਦਾ ਪੜ੍ਹਨਾ ਵਖਾਨਣਾ ਬਿਲਕੁਲ ਫ਼ਜ਼ੂਲ ਹੈ। ਵਾਹਿਗੁਰੂ ਦੀ ਪ੍ਰਾਪਤੀ ਕਰਨ ਲਈ ਕੇਵਲ ਗੁਰਮਤਿ ਹੀ ਸਹਾਈ ਹੋ ਸਕਦੀ ਹੈ। ਗੁਰਮਤਿ ਗੁਰਬਾਣੀ ਅੰਦਰ ਰਵਿਆ ਹੋਇਆ ਗੁਰਮਤਿ ਗੁਰ-ਸਬਦ ਵਖਾਣਿਆ, ਸੁਆਸ ਸੁਆਸ ਅਭਿਆਸਿਆ ਜਾਵੇ। ਗੁਰੂ ਤੋਂ ਦੀਖਿਆ ਲੈ ਕੇ ਅਭਿਆਸਿਆ ਜਾਵੇ ਤਦ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਬ੍ਰਹਮਾ ਭੀ ਜੇ ਪੂਰਨ ਗੁਰਸਿਖ ਗੁਰੂ ਦਾ ਸੇਵਕ, ਗੁਰੂ ਸ਼ਬਦ ਅਭਿਆਸੀ ਹੋ ਜਾਵੇ ਤਦ ਹੀ ਪ੍ਰਮਾਰਥ ਦੇ ਸੱਚੇ ਮਾਰਗ ਨੂੰ ਪ੍ਰਾਪਤ ਹੋ ਸਕਦਾ ਹੈ, ਨਹੀਂ ਤਾਂ ਭਾਵੇਂ ਜੁਗਾਂ ਪਰਯੰਤ ਵੇਦਾਂ ਨਾਲ ਟੱਕਰਾਂ ਮਾਰੀ ਜਾਵੇ, ਕੁਝ ਨਹੀਂ ਬਣੇਗਾ।

## ੩੭. ਨਿਹਚਲ ਥਾਨ

ਪ੍ਰਥਮੇ ਗਰਭ ਵਾਸ ਤੇ ਟਰਿਆ ॥ ਪੁਤ੍ਰ ਕਲਤ੍ਰ ਕੁਟੰਬ ਸੰਗਿ ਜੁਰਿਆ ॥
ਭੋਜਨੁ ਅਨਿਕ ਪ੍ਰਕਾਰ ਬਹੁ ਕਪਰੇ ॥ ਸਰਪਰ ਗਵਨੁ ਕਰਹਿਗੇ ਬਪੁਰੇ ॥੧॥
ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥
ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ਰਹਾਉ॥
ਇੰਦ੍ਰਪੁਰੀ ਮਹਿ ਸਰਪਰ ਮਰਣਾ ॥ ਬ੍ਰਹਮਪੁਰੀ ਨਿਹਚਲੁ ਨਹੀ ਰਹਣਾ ॥
ਸਿਵਪੁਰੀ ਕਾ ਹੋਇਗਾ ਕਾਲਾ ॥ ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥੨॥
ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥ ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥

ਦਿਨਸੁ ਰੈਣਿ ਬਰਤ ਅਰੁ ਭੇਦਾ ॥ ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥
ਤੀਰਥ ਦੇਵ ਦੇਹੁਰਾ ਪੋਥੀ ॥ ਮਾਲਾ ਤਿਲਕੁ ਸੋਚ ਪਾਕ ਹੋਤੀ ॥
ਧੋਤੀ ਡੰਡਉਤਿ ਪਰਸਾਦਨ ਭੋਗਾ ॥ ਗਵਨੁ ਕਰੈਗੋ ਸਗਲੋ ਲੋਗਾ ॥੪॥
ਜਾਤਿ ਵਰਨ ਤੁਰਕ ਅਰੁ ਹਿੰਦੂ ॥ ਪਸੁ ਪੰਖੀ ਅਨਿਕ ਜੋਨਿ ਜਿੰਦੂ ॥
ਸਗਲ ਪਾਸਾਰੁ ਦੀਸੈ ਪਾਸਾਰਾ ॥ ਬਿਨਸਿ ਜਾਇਗੋ ਸਗਲ ਆਕਾਰਾ ॥੫॥
ਸਹਜ ਸਿਫਤਿ ਭਗਤਿ ਤਤੁ ਗਿਆਨਾ ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ ॥
ਤਹਾ ਸੰਗਤਿ ਸਾਧ ਗੁਣ ਰਸੈ ॥ ਅਨਭਉ ਨਗਰੁ ਤਹਾ ਸਦ ਵਸੈ ॥੬॥
ਤਹ ਭਉ ਭਰਮਾ ਸੋਗੁ ਨ ਚਿੰਤਾ ॥ ਆਵਣੁ ਜਾਵਣੁ ਮਿਰਤੁ ਨ ਹੋਤਾ ॥
ਤਹ ਸਦਾ ਅਨੰਦ ਅਨਹਤ ਆਖਾਰੇ ॥ ਭਗਤ ਵਸਹਿ ਕੀਰਤਨ ਆਧਾਰੇ ॥੭॥
ਪਾਰਬ੍ਰਹਮ ਕਾ ਅੰਤੁ ਨ ਪਾਰੁ ॥ ਕਉਣੁ ਕਰੈ ਤਾ ਕਾ ਬੀਚਾਰੁ ॥
ਕਹੁ ਨਾਨਕ ਜਿਸੁ ਕਿਰਪਾ ਕਰੈ ॥ ਨਿਹਚਲ ਥਾਨੁ ਸਾਧ ਸੰਗਿ ਤਰੈ ॥੮॥੪॥
[ਗਉੜੀ ਮ: ੫, ਪੰਨਾ ੨੩੭

ਗੁਰਮਤਿ ਤੋਂ ਘੁੱਥੇ ਹੋਏ ਹਰੇਕ ਪ੍ਰਾਣੀ ਮਾਤਰ ਨੂੰ ਮੁਢ ਤੋਂ ਹੀ ਮਨਮਤਿ ਦੇ ਸੰਸਕਾਰ ਚਿੰਮੜੇ ਰਹਿੰਦੇ ਹਨ। ਜੰਮਣ ਤੋਂ ਮਰਨ ਤਾਈਂ ਨਿਰੀ ਆਨਮਤਿ ਦੇ ਵਿਚ ਹੀ ਵਾਸਾ ਰਹਿੰਦਾ ਹੈ। ਗਰਭਵਾਸ ਤੋਂ ਜਦੋਂ ਪ੍ਰਾਣੀ ਦਾ ਛੁਟਕਾਰਾ ਹੁੰਦਾ ਹੈ, ਇਸ ਮ੍ਰਿਤ-ਮੰਡਲ ਵਿਖੇ ਜੰਮਣ ਸਾਰ ਹੀ ਪੁਤਰ ਇਸਤ੍ਰੀ ਨਾਲ ਵਾਹ ਪੈ ਜਾਂਦਾ ਹੈ। ਓਹਨਾਂ ਦੀ ਮੋਹ-ਮਮਤਾ ਦਾ ਐਸਾ ਜਕੜ-ਜੂੜਾ ਪੈਂਦਾ ਹੈ ਕਿ ਓਹਨਾਂ ਦੀ ਖ਼ਾਤਰ ਅਤੇ ਆਪਣੇ ਨਿਜੀ ਅਨਿਕ ਪ੍ਰਕਾਰ ਦੇ ਬਸਤਰਾਂ ਦੇ ਅਡੰਬਰ ਤੇ ਭੋਜਨ ਇਕੱਤਰ ਕਰਨ ਵਿਚ ਹੀ ਲੱਥ ਪੱਥ ਰਹਿੰਦਾ ਹੈ। ਇਹ ਗੱਲ ਅਛੀ ਤਰ੍ਹਾਂ ਜਾਣਦਾ ਹੋਇਆ ਭੀ ਕਿ ਇਹ ਸਾਰੇ ਕੁਟੰਬੀ ਸਨਬੰਧੀ ਓੜਕ ਨੂੰ ਮਰ ਮੁਕ ਜਾਣਗੇ, ਵਿਚਾਰਿਆਂ ਦਾ ਕੱਖ ਭੀ ਨਹੀਂ ਰਹਿਣਾ, ਫੇਰ ਭੀ ਏਹਨਾਂ ਦੀ ਖ਼ਾਤਰ ਐਸਾ ਮਰਿਆ ਮਿਟਿਆ ਰਹਿੰਦਾ ਹੈ ਕਿ ਉਸ ਨੂੰ ਹੋਰ ਪਾਸੇ ਦੀ ਸੁਧ ਬੁਧ ਹੀ ਨਹੀਂ ਰਹਿੰਦੀ। ਸਾਰੀ ਉਮਰ ਏਥੇ ਹੀ ਗੰਵਾ ਲੈਂਦਾ ਹੈ। ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕਿਹੜਾ ਅਸਥਾਨ ਹੈ ਜੋ ਕਦੇ ਭੀ ਨਹੀਂ ਬਿਨਸਦਾ ਤੇ ਸਦਾ ਹੀ ਅਟੱਲ ਰਹਿੰਦਾ ਹੈ। ਗੁਰੂ ਘਰ, ਗੁਰੂ ਦੇ ਸ਼ਬਦ ਦਾ ਤਾਂ ਉਸ ਨੂੰ ਕੀ ਪਤਾ ਲਗਣਾ ਸੀ। ਗੁਰ-ਸ਼ਬਦ ਦੁਆਰਾ ਹੀ ਕੇਵਲ ਦੁਰਮਤਿ ਬਿਨਾਸੀ ਜਾਂਦੀ ਹੈ। ਗੁਰੂ ਘਰ ਰੂਪੀ ਸੱਚੇ ਅਸਥਾਨ ਤੋਂ ਉਮਰ ਭਰ ਹੀ ਗੁਮਰਾਹ ਰਹਿੰਦਾ ਹੈ। ਜਿਨ੍ਹਾਂ ਅਨਮਤੀ ਗ੍ਰਿਹਿ-ਅਸਥਾਨਾਂ ਲਈ ਪਚਿ ਪਚਿ ਮਰਦਾ ਹੈ ਤਿਨ੍ਹਾਂ ਆਨਮਤ ਮੱਤਾਂ ਦੇ ਮੰਨੇ ਦੰਨੇ ਹੋਏ ਅਸਥਾਨਾਂ ਨੇ ਭੀ ਕਦੇ ਥਿਰ ਨਹੀਂ ਰਹਿਣਾ।

ਇੰਦਰ ਲੋਕ, ਜਿਥੇ ਇੰਦਰ ਦੇਵਤੇ ਦਾ ਰਾਜ ਮੰਨਿਆ ਜਾਂਦਾ ਹੈ, ਉਸ

 www.sikhbookclub.com

ਨੇ ਭੀ ਬਿਨਸ ਜਾਣਾ ਹੈ ਤੇ ਉਥੋਂ ਦੇ ਰਹਿਣ ਵਾਲਿਆਂ ਦੇ ਸਿਰ 'ਤੇ ਭੀ ਬਿਨਸਣਾ ਲਿਖਿਆ ਹੋਇਆ ਹੈ। ਉਹ ਭੀ ਓੜਕ ਮਰ ਮੁੱਕ ਜਾਂਦੇ ਹਨ। ਬ੍ਰਹਮ-ਪੁਰੀ ਨੇ ਭੀ ਨਿਹਚਲ ਨਹੀਂ ਰਹਿਣਾ, ਸ਼ਿਵਪੁਰੀ ਦਾ ਭੀ ਨਾਸ ਹੋ ਜਾਣਾ ਹੈ। ਰਜੋ ਗੁਣੋਂ, ਸਤੋ ਗੁਣ ਤੇ ਤਮੋ ਗੁਣ ਇਹਨਾਂ ਤਿੰਨਾਂ ਗੁਣਾਂ ਵਿਚ ਹੀ ਅਲਪੱਗ ਮਨੁੱਖ ਆਮ ਤੌਰ ਤੇ ਘੁੰਮਦੇ ਫਿਰਦੇ ਰਹਿੰਦੇ ਹਨ। ਜਦੋਂ ਆਮ ਇਨਸਾਨ ਅੰਦਰ ਤ੍ਰਿਸ਼ਨਾਵਾਂ ਪ੍ਰਬਲ ਹੋ ਜਾਂਦੀਆਂ ਹਨ ਤੇ ਤਿਨ੍ਹਾਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਐਧਰ ਉਧਰ ਬਥੇਰਾ ਭਜਦਾ ਨਸਦਾ ਹੈ, ਓਦੋਂ ਉਸ ਅੰਦਰ ਰਜੋ ਗੁਣ ਜ਼ੋਰਾਂ ਵਿਚ ਹੁੰਦਾ ਹੈ। ਜਦੋਂ ਉਹ ਕ੍ਰੋਧ ਜਾਂ ਈਰਖਾ ਅੰਦਰ ਸੜਦਾ ਬਲਦਾ ਫਿਰਦਾ ਹੈ ਤਾਂ ਓਦੋਂ ਨਿਰਾ ਅੰਧਕਾਰ ਵਿਚ ਹੀ ਉਸ ਦਾ ਵਾਸਾ ਹੁੰਦਾ ਹੈ। ਇਸ ਅਵਸਥਾ ਨੂੰ ਤਮੋ ਗੁਣ ਕਹਿੰਦੇ ਹਨ। ਕਈ ਵੇਰ ਐਸਾ ਮੌਕਾ ਭੀ ਆਉਂਦਾ ਹੈ ਜਦੋਂ ਇਸ ਮਨੁੱਖ ਨੂੰ ਗਧਾ ਵੈਰਾਗ ਉਪਜਦਾ ਹੈ ਤੇ ਗ੍ਰਿਹਸਤ ਆਦਿਕ ਛਡ ਛਡਾ ਕੇ ਉਪਰਾਮ ਹੋ ਜਾਂਦਾ ਹੈ ਤੇ ਸੰਸਾਰ ਦੇ ਦੁਖਾਂ ਸੁਖਾਂ ਤੋਂ ਰਹਿਤ ਹੋਣ ਲਈ ਸੰਨਿਆਸ ਧਾਰਦਾ ਹੈ, ਉਸ ਵੇਲੇ ਦੀ ਉਸ ਬਿਰਤੀ ਦਾ ਨਾਉਂ ਅਨਮਤੀ ਲੋਗ ਸਤੋ ਗੁਣ ਵਾਲੀ ਬਿਰਤੀ ਧਰਦੇ ਹਨ। ਗੁਰਮਤਿ ਅੰਦਰ ਏਹਨਾਂ ਤਿਹਾਂ ਗੁਣਾਂ ਦੇ ਉਪਰ ਸਹਿਜ ਪਦ ਅਥਵਾ ਤੁਰੀਆ ਗੁਣ ਵਾਲਾ ਚਉਥਾ ਪਦ ਹੈ, ਉਥੇ ਕੇਵਲ ਗੁਰਮੁਖਿ ਜਨ ਹੀ ਅਪੜ ਸਕਦੇ ਹਨ। ਗੁਰਮੁਖਿ ਜਨ ਸੰਸਾਰ ਵਿਖੇ ਗੁਰਮਤਿ ਅੰਦਰ ਵਿਚਰਦੇ ਹੋਏ ਹੀ ਇਸ ਅਵਸਥਾ ਨੂੰ ਸੁਤੇ ਸਿਧ ਹੀ ਤੇ ਸੁਖੈਨ ਹੀ ਪ੍ਰਾਪਤ ਰਹਿੰਦੇ ਹਨ। ਓਹ ਏਹਨਾਂ ਤਿਹਾਂ ਗੁਣਾਂ ਦੇ ਕਦੇ ਭੀ ਅਧੀਨ ਨਹੀਂ ਹੁੰਦੇ, ਸਗੋਂ ਏਹਨਾਂ ਉਤੇ ਹਾਵੀ ਹੋ ਜਾਂਦੇ ਹਨ। ਇਹ ਤ੍ਰੈਗੁਣੀ ਮਾਇਆ ਸਭ ਬਿਨਸਨਹਾਰੀ ਹੈ। ਸੰਸਾਰੀ ਜੀਵ ਇਹਨਾਂ ਤਿਹਾਂ ਗੁਣਾਂ ਉਪਜਾਈ ਅਗਿਆਨਤਾ ਦੇ ਕਾਰਨ ਸੱਟਾਂ ਖਾ ਖਾ ਕੇ ਪਚਿ ਪਚਿ ਮਰਦੇ ਹਨ। ਦ੍ਰਿਸ਼ਟਮਾਨ ਸਾਰਾ ਪਸਾਰਾ ਏਹਨਾਂ ਤਿਹਾਂ ਗੁਣਾਂ ਵਿਚ ਹੀ ਹੈ।

ਪਰਬਤ ਪਹਾੜ, ਰੁਖ, ਬਿਰਖ, ਧਰਤੀ, ਅਕਾਸ਼ ਤੇ ਅਸਮਾਨ ਵਿਚ ਜੜੇ ਤਾਰੇ ਸਤਾਰੇ ਸਾਰੇ, ਸਭ ਬਿਨਾਸਮਾਨ ਹੀ ਹਨ। ਇਹ ਸਭ ਚਲਾਇਮਾਨ ਪਸਾਰਾ ਹੈ। ਕਿਸੇ ਨੇ ਭੀ ਅਸਥਿਰ ਨਹੀਂ ਰਹਿਣਾ। ਸੂਰਜ, ਚੰਦ, ਪਉਣ, ਪਾਣੀ, ਅਗਨੀ ਆਦਿਕ ਦਿਨ ਤੇ ਰਾਤਾਂ ਨੇ ਮੁਕ ਜਾਣਾ ਹੈ। ਭਾਂਤ ਭਾਂਤ ਦੇ ਬਰਤ ਅਤੇ ਓਹਨਾਂ ਬਰਤਾਂ ਦੇ ਵਿਚਕਾਰਲੇ ਗਿਣੇ ਮਿਣੇ ਹੋਏ ਭੇਦ ਸਭ ਬਿਨਸਨਹਾਰ ਹਨ। ਸ਼ਾਸਤ੍ਰ ਸਿਮ੍ਰਿਤਿ ਤੇ ਬੇਦ ਭੀ ਇਸੇ ਤ੍ਰੈਗੁਣੀ ਪਸਾਰੇ ਅੰਦਰ ਆ ਜਾਂਦੇ ਹਨ। ਏਹ ਭੀ ਸਭ ਬਿਨਸਨਹਾਰ ਹਨ। ਹਿੰਦੂਆਂ ਦੇ ਮੰਨੇ ਪ੍ਰਮੰਨੇ ਤੀਰਥ ਦੇਵਤੇ ਤੇ ਦੇਹੁਰੇ ਪੋਥੀਆਂ ਤੇ ਹਿੰਦਵੀ ਮਤ ਦੀਆਂ ਧਾਰਨੀ ਮਾਲਾ ਅਤੇ ਤਿਲਕ ਆਦਿਕ ਭੀ ਸਭੇ ਬਿਨਸਨਹਾਰੇ ਹਨ। ਹਿੰਦੂਆਂ ਦੀ ਸੌਚ ਪਾਕ ਰਸੋਈ ਅਤੇ ਅਹੂਤੀਆਂ ਸਭ ਬਿਨਸ ਜਾਣਗੀਆਂ, ਨੇਤੀਆਂ ਧੋਤੀਆਂ ਵਾਲੀਆਂ ਕ੍ਰਿਆਵਾਂ ਕੰਮ ਨਹੀਂ ਆਉਣੀਆਂ, ਸਾਰੀਆਂ ਐਵੇਂ

ਬਿਰਥੀਆਂ ਹੀ ਜਾਣੀਆਂ ਹਨ। ਨਾਨਾ ਪ੍ਰਕਾਰ ਦੀਆਂ ਭੋਗ-ਬਿਲਾਸੀ ਸੁਆਦ ਰਸਾਂ ਵਾਲੀਆਂ ਖ਼ੁਰਾਕਾਂ ਅਤੇ ਏਹਨਾਂ ਦੇ ਹਜ਼ਮ ਕਰਨ ਲਈ ਡੰਡ ਪੇਲਣ ਬੈਠਕਾਂ ਕੱਢਣ ਵਾਲੀਆਂ ਸਭ ਕਸਰਤਾਂ ਭੀ ਫ਼ਜ਼ੂਲ ਹੀ ਰਹਿਣਗੀਆਂ। ਏਹਨਾਂ ਕੁਮੱਤੀ ਕਿਰਿਆਵਾਂ ਦੇ ਕਰਨਹਾਰੇ ਸਾਰੇ ਮਨਮਤੀ ਲੋਗ ਚਲਦੇ ਲਗਣਗੇ।

ਤੁਰਕ ਹਿੰਦੂ ਵਾਲੇ ਜ਼ਾਤ ਬਰਨ ਜੋ ਦਿਸਦੇ ਹਨ, ਇਹ ਭੀ ਸਭ ਮਿਟ ਮਿਟਾ ਜਾਣਗੇ। ਤ੍ਰੈਗੁਣੀ ਵਿਸਥਾਰੇ ਵਾਲੇ ਸਾਰੇ ਜੀਅ ਜੰਤ, ਪਸ਼ੂ ਪੰਖੀ, ਅਨਿਕ ਪ੍ਰਕਾਰ ਦੀਆਂ ਜੂਨੀਆਂ ਦੇ ਜੀਵ ਜੰਤ ਸਭ ਵਿਨਾਸ ਹੋ ਜਾਣਗੇ। ਦ੍ਰਿਸ਼ਟਮਾਨ ਪਸਰਿਆ ਹੋਇਆ ਸਗਲ ਪਸਾਰਾ ਜੋ ਸਾਹਮਣੇ ਦਿਸਦਾ ਹੈ, ਸਭ ਹੀ ਨਾਸ ਹੋ ਜਾਏਗਾ।

ਨਿਹਚਲ ਰਹਿਣ ਵਾਲਾ ਪਦਾਰਥ ਜੇ ਹੈ, ਤਾਂ ਆਤਮਾ ਦੇ ਚਾਉ ਵਿਚ ਕੀਤੀ ਹੋਈ ਸਿਫਤ ਸਾਲਾਹ ਅਤੇ ਭਾਉ ਭਗਤੀ ਰੂਪੀ ਤੱਤ ਗਿਆਨ ਹੀ ਹੈ। ਇਹ ਸਦਾ ਆਨੰਦ ਦੇਣ ਵਾਲਾ ਨਿਹਚਲ ਤੇ ਸੱਚਾ ਥਾਨ ਹੈ। ਜਿਸ ਸਰੀਰ ਦੇ ਮੰਦਰ ਅੰਦਰ ਸਚੀ ਨਾਮ ਅਭਿਆਸ ਰੂਪੀ ਸਿਫਤਿ ਸਾਲਾਹ ਭਗਤੀ ਵਸੀ ਹੋਈ ਹੈ, ਜਿਸ ਸਤਿਸੰਗ-ਮੰਦਰ ਵਿਖੇ ਅਕਾਲ ਪੁਰਖ ਦੇ ਗੁਰਮਤਿ ਗੁਰਬਾਣੀ ਰੂਪੀ ਗੁਣ, ਸਤਿਸੰਗ ਵਿਚ ਜੁੜ ਕੇ ਰਸਿ ਰਸਿ ਗਾਏ ਜਾਂਦੇ ਹਨ, ਤਿਥੇ ਅਨਭਉ ਨਗਰ ਸਦਾ ਹੀ ਵਸਿਆ ਰਹਿੰਦਾ ਹੈ। ਤਿਥੇ ਨ ਭਉ ਭਰਮ ਰਹਿੰਦਾ ਹੈ, ਨ ਸੋਗ ਚਿੰਤਾ ਦੀ ਰਾਈ ਕਾਈ ਹੀ ਰੜਕਦੀ ਹੈ। ਆਵਣ ਜਾਣ ਚੁਰਾਸੀ ਦਾ ਗੇੜ ਤਿਥੇ ਉੱਕਾ ਰਹਿੰਦਾ ਹੀ ਨਹੀਂ। ਜਿਥੇ ਸਦਾ ਹੀ ਗੁਰਬਾਣੀ ਗਾਵਣ ਮਈ ਆਨੰਦ-ਅਖਾੜੇ ਲਗੇ ਰਹਿੰਦੇ ਹਨ, ਉਥੇ ਭਗਤ ਭਜਨ-ਕੀਰਤਨ ਦੇ ਆਧਾਰ 'ਤੇ ਹੀ ਜੀਉਂਦੇ ਹਨ। ਸਚਖੰਡ ਅਲੌਕਿਕ ਨਗਰੀ ਵਿਖੇ ਭੀ ਭਗਤ ਜਨਾਂ ਦਾ ਆਹਾਰ ਕੀਰਤਨ-ਨਾਮ-ਅਭਿਆਸ ਹੀ ਹੈ। ਵਾਹਿਗੁਰੂ ਪਾਰਬ੍ਰਹਮ ਦੇ ਅੰਤ ਦਾ ਸ਼ੁਮਾਰ ਪਾਰਾਵਾਰ ਨਹੀਂ। ਤਿਸ ਦਾ ਵੀਚਾਰ ਕੌਣ ਕਰ ਸਕਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜਿਸ ਜਨ ਉਪਰ ਵਾਹਿਗੁਰੂ ਦੀ ਕਿਰਪਾ ਹੁੰਦੀ ਹੈ, ਉਸ ਦਾ ਸਦਾ ਸਾਧ ਸੰਗਤਿ ਰੂਪੀ ਨਿਹਚਲ ਥਾਨ ਵਿਚ ਵਾਸਾ ਰਹਿੰਦਾ ਹੈ। ਐਥੇ ਭੀ ਉਥੇ ਭੀ, ਲੋਕ ਵਿਖੇ ਭੀ ਪਰਲੋਕ ਵਿਖੇ ਭੀ।

ਸਾਰੇ ਗੁਰਵਾਕ ਦਾ ਤਾਤਪਰਜ ਇਹ ਹੈ ਕਿ ਗੁਰਮਤਿ ਨੂੰ ਗ੍ਰਹਿਣ ਕਰਨਹਾਰੇ ਗੁਰਮੁਖ ਜਨਾਂ ਦਾ ਜੀਵਨ ਲੋਕ ਪਰਲੋਕ ਵਿਖੇ ਸਦਾ ਹੀ ਅਸਥਿਰਤਾ ਵਾਲਾ ਹੁੰਦਾ ਹੈ। ਆਨਮਤੀ ਮੰਗਲਾਂ ਦੀਆਂ ਮਨਮਤ ਕਿਰਿਆਵਾਂ ਵਾਲੇ ਜੀਆ ਜੰਤ ਪਾਖੰਡ ਵਿਚ ਹੀ ਪਰਵਿਰਤ ਰਹਿੰਦੇ ਹਨ। ਓਹਨਾਂ ਦੀ ਨਾਮ ਮਾਤਰ ਨਿਰਵਿਰਤੀ ਭੀ ਪਰਵਿਰਤੀ ਹੀ ਹੁੰਦੀ ਹੈ। ਏਹ ਸਭ ਅਨਮਤੀਆਂ ਦੀਆਂ ਤ੍ਰੈਗੁਣੀ ਮਾਇਆ-ਮੰਡਲਾਂ ਦੀਆਂ ਹੀ ਗੱਲਾਂ ਹੁੰਦੀਆਂ ਹਨ। ਏਹਨਾਂ ਦੀ ਪ੍ਰਸਿੱਧਤਾ ਅਪ੍ਰਸਿੱਧਤਾ ਕਿਸੇ ਭੀ ਲੇਖੇ ਨਹੀਂ। ਗੁਰਬਾਣੀ ਅੰਦਰ ਆਨਮਤ ਦਾ ਨਿਖੇਧ ਹੀ ਨਿਖੇਧ ਹੈ। ਇਥੋਂ ਤਾਈਂ ਕਿ ਵੇਦਾਂ ਦਾ ਭੀ ਹਰ ਥਾਉਂ ਖੰਡਨ ਹੀ ਖੰਡਨ ਹੈ, ਮੰਡਨ ਕਿਤੇ ਭੀ ਨਹੀਂ। ਆਨਮਤੀ ਪੋਪ,

ਗੁਰਬਾਣੀ ਅੰਦਰ ਵੇਦ ਦਾ ਨਾਉਂ ਆਉਣ ਕਰਕੇ ਹੀ, ਵੇਦ-ਭਗਤ ਬਨਣ ਦੇ ਘੋਲਟੇ ਪਹਿਲਵਾਨ ਐਵੇਂ ਨਿਖੜਮੇ ਹੀ ਸਦਾਉਂਦੇ ਹਨ। ਇਸ ਘੋਲ ਅੰਦਰ ਕੁਝ ਭੀ ਧਰਿਆ ਹੋਇਆ ਨਹੀਂ। ਵੇਦ-ਭਗਤੀ ਨਿਰੀ ਹੀ ਪੋਪ-ਲੀਲ੍ਹਾ ਹੈ। ਸਾਨੂੰ ਬੜੀ ਹੀ ਹੈਰਾਨੀ ਆਉਂਦੀ ਹੈ ਕਿ ਕਈ ਗੁਰੂ ਦੇ ਸਿਖ ਸਦਾਉਣਹਾਰੇ ਭੀ ਇਸ ਤੱਤ ਗੁਰਮਤਿ ਤੋਂ ਊਰੀ ਹੋਛੀ ਅਵਸਥਾ ਵਿਚ ਹੀ ਖੇਲ ਰਹੇ ਹਨ। ਓਹਨਾਂ ਨੂੰ ਗੁਰੂ ਦੀ ਸੱਚੀ ਸੁਮਤਿ ਪਈ ਹੀ ਨਹੀਂ। ਗੁਰਮਤਿ ਦਾ ਤੱਤ ਲੇਸ ਭੀ ਉਹਨਾਂ ਨੂੰ ਨਹੀਂ ਲੱਗਾ।

# ੩੯. ਭਗਤ ਤੇ ਗਿਆਨੀ

ਸਲੋਕ ॥ ਅਨਿਕ ਭੇਖ ਅਰੁ ਙਿਆਨ ਧਿਆਨ ਮਨ ਹਠਿ ਮਿਲਿਅਉ ਨ ਕੋਇ ॥
ਕਹੁ ਨਾਨਕ ਕਿਰਪਾ ਭਈ ਭਗਤੁ ਙਿਆਨੀ ਸੋਇ ॥੧॥

ਪਉੜੀ ॥ ਙੰਙਾ ਙਿਆਨੁ ਨਹੀ ਮੁਖ ਬਾਤਉ ॥ ਅਨਿਕ ਜੁਗਤਿ ਸਾਸਤ੍ਰ ਕਰਿ ਭਾਤਉ ॥
ਙਿਆਨੀ ਸੋਇ ਜਾ ਕੈ ਦ੍ਰਿੜ ਸੋਊ ॥ ਕਹਤ ਸੁਨਤ ਕਛੁ ਜੋਗੁ ਨ ਹੋਊ ॥੫॥
[ਗਉ: ਬਾਵਨ ਅਖਰੀ ਮ: ੫, ਪੰਨਾ ੨੫੧

ਇਹ ਗੁਰਵਾਕ ਭੀ ਇਹੋ ਨਿਰੂਪਣ ਕਰਾਉਂਦਾ ਹੈ ਕਿ ਗੁਰਮਤਿ ਤੋਂ ਹੀਣੇ ਅਨਿਕ ਪ੍ਰਕਾਰ ਦੇ ਜੋ ਆਨਮਤੀ ਭੇਖ ਹਨ ਅਤੇ ਇਹਨਾਂ ਆਨਮਤੀ ਭੇਖਾਂ ਅੰਦਰ ਭਰੇ ਹੋਏ ਜੋ ਗਿਆਨ ਧਿਆਨ ਵਾਲੇ ਖ਼ਿਆਲ ਹਨ, ਸੋ ਨਿਰੇ ਆਲੂਦੇ ਚੁੰਚ ਗਿਆਨ ਵਾਲੇ ਖ਼ਿਆਲ ਹਨ। ਮਨ ਦੀ ਮਤਿ ਤੋਂ ਉਪਜੇ ਹੋਏ ਅਗਿਆਨ ਮਨੁੱਖ ਲਈ ਕੀਲ ਕਾਲ ਹਨ, ਜੋ ਗੁਰਮਤਿ ਦੀ ਰੌਸ਼ਨੀ ਦੁਆਰਾ ਨਿਰੋਲ ਮਨ-ਹਠ ਹੀ ਹਨ। ਇਸ ਮਨ-ਹਠ ਦੁਆਰਾ ਨਾ ਹੀ ਤੱਤ ਗਿਆਨ ਪ੍ਰਾਪਤਿ ਹੁੰਦਾ ਹੈ, ਨਾ ਹੀ ਤੱਤ-ਸਤਿ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਜਿਸ ਉਤਮ ਜਗਿਆਸੂ ਉਤੇ ਪਰਮਾਤਮਾ ਦੀ ਖ਼ਾਸ ਕ੍ਰਿਪਾਲਤਾ ਹੁੰਦੀ ਹੈ, ਉਹ ਪਹਿਲਾਂ ਗੁਰੂ ਦੁਆਰਿਓਂ ਸੱਚੀ ਭਾਉ ਭਗਤੀ, ਗੁਰ ਭਗਤੀ ਨਾਲ ਵਰੋਸਾਉਂਦਾ ਹੈ। ਇਸ ਗੁਰਮਤਿ ਭਗਤੀ ਦੇ ਪ੍ਰਤਾਪ ਕਰਕੇ ਸੱਚੇ ਗਿਆਨ ਦੀ ਸੋਝੀ ਉਸ ਨੂੰ ਪੈਂਦੀ ਹੈ। ਉਹੀ ਗੁਰਮੁਖਿ ਭਗਤ ਜਨ ਹੀ ਸੱਚਾ ਗਿਆਨੀ ਹੋ ਜਾਂਦਾ ਹੈ। ਨਹੀਂ ਤਾਂ ਮੂੰਹ ਦੀਆਂ ਗੱਲਾਂ ਦੁਆਰਾ ਸੱਚਾ ਗਿਆਨ ਕਦੇ ਨਹੀਂ ਹੋ ਸਕਦਾ, ਨਾ ਹੀ ਕੋਈ ਤੱਤ ਗਿਆਨੀ ਬਣ ਸਕਦਾ ਹੈ। ਅਨੇਕ ਪ੍ਰਕਾਰ ਦੇ ਸ਼ਾਸਤ੍ਰਾਂ ਦੀਆਂ ਭਾਂਤ ਭਾਂਤ ਦੀਆਂ ਜੁਗਤਾਂ ਭੀ ਬਿਰਥੀਆਂ ਹੀ ਜਾਂਦੀਆਂ ਹਨ। ਜਿਸ ਗੁਰਮੁਖਿ ਜਨ ਦੇ ਹਿਰਦੇ ਅੰਦਰ ਵਾਹਿਗੁਰੂ ਤੇ ਉਸ ਦਾ ਨਾਮ ਦ੍ਰਿੜ੍ਹ ਕਰਕੇ ਜੰਮ ਗਿਆ, ਵਸ ਗਿਆ ਹੈ, ਵਾਸਤਵ ਵਿਚ ਉਹੀ ਅਸਲ ਗਿਆਨੀ ਹੈ। ਇਹ ਗੁਰਮਤਿ ਗਿਆਨੀ ਦੀ ਤੱਤ ਡੈਫ਼ੀਨੀਸ਼ਨ (ਤਾਰੀਫ਼) ਹੈ। ਐਵੇਂ ਆਪੋ ਆਪਣੀ ਮਨਉਕਤੀ ਨਾਲ

ਕਹਿਆਂ ਸੁਣਿਆਂ ਨਾ ਹੀ ਗਿਆਨ ਪ੍ਰਾਪਤਿ ਹੁੰਦਾ ਹੈ, ਨਾ ਹੀ ਜੋਗ ਦੀ ਸਿਧੀ ਹੁੰਦੀ ਹੈ। ਆਨਮਤ ਜੋਗ ਧਿਆਨ ਸਭੇ ਕਪੋਲ ਕਿਰਿਆ ਵਾਲੇ ਮਹਜ਼ ਹਠ ਜੋਗ ਗਿਆਨ ਹੀ ਹਨ। ਏਹਨਾਂ ਤੋਂ ਪ੍ਰਮਾਰਥ ਦੀ ਕੱਖ ਭੀ ਪ੍ਰਾਪਤੀ ਨਹੀਂ ਹੁੰਦੀ।

ਸਲੋਕ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥
ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥
ਪਉੜੀ॥ ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥ ਪੂਰਕੁ ਕੁੰਭਕ ਰੇਚਕ ਕਰਮਾਤਾ॥
ਙਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥
ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥
ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥
੧੬॥ [ਗਉ: ਬਾਵਨ ਅਖਰੀ ਮ: ੫, ਪੰਨਾ ੨੫੩

ਇਸ ਗੁਰਵਾਕ ਅੰਦਰ ਸਲੋਕ ਅਤੇ ਪਉੜੀ ਦੋਹਾਂ ਵਿਖੇ ਗੁਰਮਤਿ ਦੀ ਤੱਤ ਵਡਿਆਈ ਅਤੇ ਆਨਮਤ ਦੀ ਦੁਰਮਤਿ ਛੁਟਿਆਈ ਖ਼ੂਬ ਨਿਖਾਰ ਕੇ ਨਿਰਣਾਈ ਗਈ ਹੈ। ਦੇਖੋ ਪਹਿਲਾਂ ਤਾਂ ਸਲੋਕ ਦਾ ਭਾਵ ਚੁੰਚ ਗਿਆਨੀਆਂ, ਚਤੁਰ ਗਿਆਨੀਆਂ, ਕੁਲ ਅਭਿਮਾਨੀਆਂ, ਜੋਬਨ ਜੁਆਨੀਆਂ ਦੇ ਹੰਕਾਰੀਆਂ ਦੀ ਕੈਸੀ ਜੱਖਣਾ ਪਟਦਾ ਹੈ। ਵਾਹਿਗੁਰੂ ਦੀ ਪ੍ਰੀਤ ਤੋਂ ਸੱਖਣੇ ਹੋਣ ਕਰਕੇ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਹ ਸਭੇ ਹੀ ਮਿਰਤਕ ਮੜ੍ਹੇ ਸਰੀਰ ਹਨ। ਏਸ ਭਾਵ ਨੂੰ ਪਉੜੀ ਅੰਦਰ ਖ਼ੂਬ ਨਿਖਾਰਿਆ ਨਿਤਾਰਿਆ ਗਿਆ ਹੈ। ਙੰਙੇ ਅੱਖਰ ਦੁਆਰਾ ਗੁਰੂ ਨਾਨਕ ਸਾਹਿਬ ਇਹ ਉਪਦੇਸ਼ ਦਿੰਦੇ ਹਨ ਕਿ ਭਾਵੇਂ ਕੋਈ ਅਨਮਤੀ ਆਗੂ ਛੇਆਂ ਸ਼ਾਸਤ੍ਰਾਂ ਦਾ ਗਿਆਤਾ ਬਣਿਆ ਫਿਰਦਾ ਹੋਵੇ ਅਤੇ ਹਠ ਜੋਗ ਦੁਆਰਾ ਪ੍ਰਾਣਾਯਾਮ ਸਮੇਂ ਪ੍ਰਾਣਾਂ ਨੂੰ ਚਾੜ੍ਹਨਾ, ਸੁਆਸਾਂ ਨੂੰ ਰੋਕਣਾ ਸਿਖ ਗਿਆ ਹੋਵੇ ਅਤੇ ਰੋਕ ਕੇ ਸੁਆਸਾਂ ਨੂੰ ਬਾਹਰ ਕਢਣ ਦੀ ਜੁਗਤੀ ਭੀ ਉਸ ਨੂੰ ਆ ਗਈ ਹੋਵੇ, ਭਾਵ, ਪੂਰਕ, ਕੁੰਭਕ, ਰੇਚਕ, ਹਠ ਜੋਗ ਦੇ ਆਨਮਤ ਕਰਮਾਂ ਦੇ ਕਰਨਹਾਰਾ ਹੋ ਗਿਆ ਹੋਵੇ, ਆਨਮਤ ਗਿਆਨ ਧਿਆਨ ਦੀ ਕਰਣੀ ਕਹਿਣੀ ਕਥਨਾਂ ਵਿਚ ਭੀ ਪਰਬੀਨ ਹੋ ਗਿਆ ਹੋਵੇ, ਆਨਮਤ ਦੇ ਸਾਰੇ ਤੀਰਥਾਂ ਦਾ ਮਜਨ-ਇਸ਼ਨਾਨੀ ਭੀ ਹੋ ਗਿਆ ਹੋਵੇ, ਸੋਮਪਾਕ, ਅਪਰਸ, ਉਦਿਆਨੀ ਭੀ ਆਨਮਤ ਕਰਮਾਂ ਅਨੁਸਾਰ ਆਪਣੇ ਆਪ ਨੂੰ ਕਹਿਣ ਕਹਾਉਣ ਵਾਲਾ ਹੋ ਗਿਆ ਹੋਵੇ, ਭਾਵ ਮੋਨ ਬਰਤੀ, ਭੁਖ ਹੜਤਾਲੀ, ਅਛੂਤ ਖ਼ਿਆਲੀ, ਉਜਾੜ ਵਾਸੀ ਭੀ ਹੋ ਗਿਆ ਹੋਵੇ, ਏਹ ਆਨਮਤ ਕਰਮ ਕੀਤੇ ਉਸ ਦੇ ਕਿਸੇ ਭੀ ਲੇਖੇ ਨਹੀਂ, ਬਲਕਿ ਇਹ ਕੀਤੇ ਕਰਮ ਉਸ ਦੇ ਸਾਰੇ ਹੀ ਨਾਸਵੰਤ (ਅਨਿੱਤ) ਹਨ, ਜੇਕਰ ਰਮਤ ਰਾਮ ਗੁਰਮਤਿ ਨਾਮ ਸੰਗਿ ਉਸ ਦੀ ਮਨ ਬਚਨ ਕਰਮ ਕਰਕੇ ਹਿਤ-ਪ੍ਰੇਮ-ਪ੍ਰੀਤੀ ਦ੍ਰਿੜ੍ਹ ਨਹੀਂ ਹੁੰਦੀ। ਏਤਨੇ ਕਰਮ-ਕਾਂਡੀ ਉੱਚ ਜਾਤਿ ਅਭਿਮਾਨੀਆਂ ਨਾਲੋਂ ਇਕ ਨੀਚ ਜਾਤ ਵਾਲਾ ਗੁਰਮੁਖਿ ਜਨ ਬਹੁਤ ਚੰਗੇਰਾ ਹੈ ਅਤੇ ਉਤਮੇਰ

ਗਣਿਆ ਜਾਂਦਾ ਹੈ, ਜਿਸ ਦੇ ਮਨ ਵਿਖੇ ਵਾਹਿਗੁਰੂ ਗੋਪਾਲ ਵਸ ਗਿਆ ਹੈ। ਇਹ ਗੁਰੂ ਨਾਨਕ ਸਾਹਿਬ ਜੀ ਦਾ ਗੁਰਮਤਿ ਗੰਭੀਰੀ ਫ਼ੁਰਮਾਨ ਹੈ।

ਸਲੋਕ ॥ ਘੋਖੇ ਸਾਸਤ੍ਰ ਬੇਦ ਸਭ ਆਨਨ ਕਥਤਉ ਕੋਇ ॥
ਆਦਿ ਜੁਗਾਦੀ ਹੁਣਿ ਹੋਵਤ ਨਾਨਕ ਏਕੈ ਸੋਇ ॥੧॥੨੦॥
[ਗਉ:**ਬਾ:ਅਖ:** ਮ: ੫, ਪੰਨਾ ੨੫੪

ਪਹਿਲੀ ਤੁਕ ਦਾ ਅਨਵੈ—ਸ਼ਾਸਤ੍ਰ ਬੇਦ ਘੋਖੇ ਸਭ ਕੋਇ ਆਨਨ ਕਥਤਉ। ਭਾਵ, ਬੇਦ ਸ਼ਾਸਤ੍ਰ ਆਨਮਤ ਦੇ ਮੰਨੇ ਦੰਨੇ ਪੁਸਤਕ ਪੜਤਾਲ ਕੇ ਦੇਖ ਲਏ, ਏਹਨਾਂ ਵਿਚੋਂ ਸਭ ਕੋਈ ਦੂਜੇ ਭਾਵ ਦੀ ਕਥਨੀ ਹੀ ਕਥਦਾ ਹੈ। ਹਾਲਾਂਕਿ ਸਦਾ ਸਦਾ ਏਕੋ ਅਕਾਲ ਪੁਰਖ ਹੀ ਅਨਾਦੀ ਪੁਰਖ ਹੈ—ਆਦਿ ਵਿਖੇ ਭੀ, ਜੁਗਾਦਿ ਵਿਖੇ ਭੀ ਤੇ ਵਰਤਮਾਨ ਵਿਖੇ ਭੀ। ਏਕੋ ਅਕਾਲ ਪੁਰਖ ਤੋਂ ਬਿਨਾਂ ਹੋਰ ਦੁਤੀਆ ਭਾਉ ਸਭ ਬਿਨਾਸਤ ਹੈ। ਤਾਂ ਤੇ ਧੁਰ ਤੋਂ ਹੀ ਗੁਰਮਤਿ ਦੇ ਤੱਤ ਭਾਵ ਅਨੁਸਾਰ ਇਕ ਅਕਾਲ ਪੁਰਖ ਦੀ ਉਪਾਸ਼ਨਾ ਦਾ ਹੀ ਸਿਧਾਂਤ ਸਿਧ ਹੈ। ਸ਼ਾਸਤ੍ਰ ਸਿਮ੍ਰਿਤੀਆਂ ਬੇਦਾਂ ਵਿਚੋਂ ਹਰ ਏਕ ਪੁਸਤਕ (ਸਭ ਕੋਇ) ਆਨਨ (ਦੂਜੇ ਭਾਵ ਦੀ) ਕਥਨੀ ਹੀ ਕਥਦਾ ਹੈ। ਤਾਂ ਤੇ ਸਿਵਾਏ ਗੁਰਮਤਿ ਦੇ ਸਮੂਚੇ ਆਨਮਤ ਮਤਾਂ ਅੰਦਰ ਦੂਜੇ ਭਾਵ ਦੀ ਉਪਾਸ਼ਨਾ ਹੀ ਸਿਧ ਹੈ। ਖ਼ਾਸ ਕਰ ਹਿੰਦੂ ਮਤ ਦੇ ਸ਼ਾਸਤ੍ਰ ਬੇਦ ਆਦਿ ਪੁਸਤਕ ਤਾਂ ਨਿਰੀ ਹੀ ਦੂਜੇ ਭਾਵ ਦੀ ਉਪਾਸ਼ਨਾ ਹੀ ਦ੍ਰਿੜ੍ਹਾਉਂਦੇ ਹਨ। ਤੁਰੀਆ ਗੁਣੀ ਉਪਾਸ਼ਨਾ ਹੈ ਤਾਂ ਇਕ ਨਿਰਗੁਣ ਨਾਮ ਦੀ ਹੀ ਹੈ, ਸੋ ਏਹਨਾਂ ਬੇਦਾਂ ਸ਼ਾਸਤ੍ਰਾਂ ਵਿਖੇ ਹੈ ਹੀ ਨਹੀਂ। ਇਹ ਤਾਂ ਕੇਵਲ ਗੁਰਮਤਿ ਮਤ ਦਾ ਹੀ ਵਾਧਾ (ਵਿਧਾਨ) ਹੈ, ਜੋ ਕੇਵਲ ਨਿਰਬਾਣ ਨਾਮ ਦੀ ਹੀ ਉਪਾਸ਼ਨਾ ਦ੍ਰਿੜ੍ਹਾਉਂਦਾ ਹੈ।

ਇਸ ਦੁਤੁਕੀ ਦੀ ਪਹਿਲੀ ਤੁਕ ਅੰਦਰ 'ਆਨਨ' ਪਾਠ ਇਕੱਠਾ ਉਠਾਉਣਾ ਹੈ, ਵੱਖ ਵੱਖ ਨਹੀਂ। 'ਆਨਨ', ਦੂਜੇ ਭਾਵ—ਆਨਨ ਭਾਵ ਦੀ ਉਪਾਸ਼ਨਾ ਮਈ ਨਾਂਵ (*noun*) ਦਾ ਵਿਸ਼ੇਸ਼ਣ ਹੋਣ ਕਰਕੇ 'ਸਭ' ਦਾ ਭੱਭਾ ਮੁਕਤਾ ਹੈ। ਜੇ 'ਸਭ' ਪਦ ਸ਼ਾਸਤ੍ਰ ਬੇਦ ਨਾਲ ਲਗਦਾ (ਜੈਸਾ ਕਿ ਆਮ ਤੌਰ ਤੇ ਲਾਉਂਦੇ ਹਨ) ਤਾਂ 'ਸਭ' ਦੇ ਭੱਭੇ ਨੂੰ ਸਿਹਾਰੀ ਚਾਹੀਦੀ ਸੀ। ਗੁਰਬਾਣੀ ਅੰਦਰਿ ਇਹ ਪੱਕਾ ਨਿਯਮ ਹੈ ਕਿ ਬਹੁ ਵਚਨ ਨਾਉਂ (*noun*) ਦੇ ਵਿਸ਼ੇਸ਼ਣ ਰੂਪ 'ਸਭ' ਪਦ ਨੂੰ ਸਿਹਾਰੀ ਲਗਦੀ ਹੈ। ਸਿੰਗੂਲਰ (*noun*) ਦੇ ਇਕ ਵਚਨ ਨਾਮ ਦੇ ਵਿਸ਼ੇਸ਼ਣ ਰੂਪ 'ਸਭ' ਪਦ ਦੇ ਭੱਭੇ ਨੂੰ ਔਂਕੜ ਹੁੰਦਾ ਹੈ। ਜਿਥੇ 'ਸਭ' ਪਦ ਇਸਤ੍ਰੀ ਲਿੰਗ ਨਾਂਵ ਦਾ ਵਿਸ਼ੇਸ਼ਣ ਹੋਵੇ, ਉਥੇ ਭੱਭਾ ਅੱਖਰ ਮੁਕਤਾ ਹੁੰਦਾ ਹੈ। ਏਥੇ ਦੂਜੇ ਭਾਵ ਦੀ ਉਪਾਸ਼ਨਾ ਹੋਣ ਕਰਕੇ 'ਸਭ' ਦਾ ਭੱਭਾ ਅੱਖਰ ਮੁਕਤਾ ਹੈ (ਇਸਤ੍ਰੀ ਲਿੰਗ ਨਾਮ ਦਾ ਵਿਸ਼ੇਸ਼ਣ ਹੋਣ ਕਰਕੇ), 'ਆਨਨ' ਪਦ ਦੇ ਆਉਣ ਕਰਕੇ ਇਹ ਗੱਲ ਅੱਛੀ ਤਰ੍ਹਾਂ ਸਮਝੀ ਜਾਂਦੀ ਹੈ ਕਿ 'ਆਨਨ' ਤੋਂ ਭਾਵ 'ਦੂਜੇ ਭਾਵ ਦੀ ਉਪਾਸ਼ਨਾ' ਦਾ ਹੀ ਹੈ। 'ਆਨਨ', ਦੂਜੇ ਭਾਵ

ਦਾ ਬੋਧਕ ਹੋਣ ਕਰਕੇ, 'ਸਭ' ਦਾ ਭੱਭਾ ਅੱਖਰ ਮੁਕਤਾ ਹੈ, ਚਾਹੇ 'ਕੋਇ' ਦੇ ਨਾਲ ਹੀ ਦਿਸਦਾ ਹੈ। ਇਹ ਗੱਲ ਪਰਮ ਪ੍ਰਸਿੱਧ ਅਤੇ ਪ੍ਰਮਾਣੀਕ ਹੈ ਕਿ ਬੇਦ ਸਿਮ੍ਰਿਤਿ ਆਦਿ ਪੁਸਤਕ ਦੂਜੇ ਭਾਵ ਦੀ ਉਪਾਸ਼ਨਾ ਹੀ ਦ੍ਰਿੜ੍ਹਾਉਂਦੇ ਹਨ, ਇਸ ਵਿਚ ਰੰਚਕ ਭੀ ਸੰਦੇਹ ਨਹੀਂ। ਇਸ ਕਰਕੇ 'ਆਨ ਨ ਕਥਤਉ ਕੋਇ' ਅਧ ਪੰਗਤੀ ਦਾ ਇਹ ਭਾਵ ਕਢਣਾ ਕਿ ਨਾਮ ਬਿਨਾਂ ਆਨ ਕਿਛੁ, ਉਹ ਕਥਦੇ ਹੀ ਨਹੀਂ, ਉੱਕਾ ਹੀ ਅਨਰਥ ਹੈ। 'ਨਾਮ ਬਿਨਾਂ' ਦਾ ਅਰਥ ਬਾਹਰੋਂ ਹੀ ਅਨੁਮਾਨਿਆ ਗਿਆ ਹੈ । ਬੇਦ-ਭਗਤਾਂ ਦੇ ਨਿਸਚੇ ਅਨੁਸਾਰ ਜੇ 'ਆਨ ਨ ਕਥਤਉ ਕੋਇ' ਦਾ ਪਾਠ ਸੁਧ ਗਿਣਿਆ ਜਾਵੇ ਤਾਂ ਨਾਮ ਬਿਨਾਂ ਦੇ ਥਾਉਂ, ਦੂਜਾ ਭਾਵ ਦਾ ਅਰਥ, ਬਾਹਰੋਂ ਲਿਆਉਣਾ ਗੁਰਮਤਿ ਅਭਿਪਰੇ ਦੇ ਬਹੁਤ ਨੇੜੇ ਹੈ, ਪਰ ਉਸ ਹਾਲਤ ਵਿਚ 'ਸਭ' ਦੇ ਭੱਭੇ ਨੂੰ ਸਿਹਾਰੀ ਚਾਹੀਦੀ ਹੈ, ਪਰ ਏਥੇ ਹੈ ਨਹੀਂ। ਬੇਦਾਂ ਸ਼ਾਸਤ੍ਰਾਂ ਦਾ ਦੂਜੇ ਭਾਵ ਦੀ ਉਪਾਸ਼ਨਾ ਦਾ ਪ੍ਰਤਿਪਾਦਕ ਹੋਣ ਨਾਲ, ਨਾਮ ਦੀ ਅਗਲੀ ਪਉੜੀ ਦੀ ਪਹਿਲੀ ਦੁਤੁਕੀ ਖ਼ੂਬ ਪ੍ਰੋੜ੍ਹਤਾ ਕਰਦੀ ਹੈ, ਜਿਸ ਦੀ ਵਿਆਖਿਆ ਇਸ ਪ੍ਰਕਾਰ ਅਰੰਭ ਹੁੰਦੀ ਹੈ—

ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ ॥
ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ ॥...੨੦॥

[ਪਉੜੀ, ਗਉ: ਬਾ: ਅਖ: ੧, ਪੰਨਾ ੨੫੪

ਭਾਵ—ਘੱਘੇ ਅੱਖਰ ਦੁਆਰਾ ਇਹ ਉਪਦੇਸ਼ ਕੀਤਾ ਜਾਂਦਾ ਹੈ ਕਿ ਇਹ ਗੱਲ ਮਨ ਵਿਚ ਦ੍ਰਿੜ੍ਹ ਕਰਕੇ ਨਿਸਚੇ ਸਮਝੋ ਕਿ ਵਾਹਿਗੁਰੂ ਬਿਨਾਂ ਹੋਰ ਦੂਸਰਾ ਹੈ ਹੀ ਕੋਈ ਨਹੀਂ, ਨਾ ਹੀ ਦੂਜੇ ਭਾਵ ਦੀ ਉਪਾਸ਼ਨਾ ਹੈ। ਜਦੋਂ ਗੁਰਮਤਿ ਇਹ ਦ੍ਰਿੜ੍ਹਾਉਂਦੀ ਹੈ ਕਿ ਵਾਹਿਗੁਰੂ ਬਿਨਾਂ ਕੋਈ ਹੈ ਹੀ ਨਹੀਂ ਤਾਂ ਦੂਜੇ ਭਾਵ ਦੀ ਉਪਾ-ਸ਼ਨਾ ਕਿਥੋਂ ਹੋਣੀ ਸੀ। ਇਸ ਪਉੜੀ ਦੀ ਦੂਜੀ ਤੁਕ "ਨਹ ਹੋਆ ਨਹ ਹੋਵਨਾ ਜਦ ਕਤ ਓਹੀ ਸਮਾਹਿ", ਸਲੋਕ ਦੀ ਦੂਜੀ ਪੰਗਤੀ 'ਆਦਿ ਜੁਗਾਦੀ' ਵਾਲੀ ਤੁਕ ਵਾਲਾ ਇੰਨ ਬਿੰਨ ਭਾਵ ਰਖਦੀ ਹੈ।

ਭਰਮੇ ਸੁਰਿ ਨਰ ਦੇਵੀ ਦੇਵਾ ॥ ਭਰਮੇ ਸਿਧ ਸਾਧਿਕ ਬ੍ਰਹਮੇਵਾ ॥
ਭਰਮਿ ਭਰਮਿ ਮਾਨੁਖ ਡਹਕਾਏ ॥ ਦੁਤਰ ਮਹਾ ਬਿਖਮ ਇਹ ਮਾਏ ॥
ਗੁਰਮਤਿ ਭ੍ਰਮ ਭੈ ਮੋਹ ਮਿਟਾਇਆ ॥ ਨਾਨਕ ਤੇਹ ਪਰਮ ਸੁਖ ਪਾਇਆ॥੪੦॥

[ਪਉੜੀ, ਗਉ: ਬਾ: ਅਖ: ਪੰਨਾ ੨੫੮

ਏਹਨਾਂ ਉਪਰ ਲਿਖੀਆਂ ਪੰਗਤੀਆਂ ਦੇ ਭਾਵ ਤੋਂ ਸਾਫ਼ ਸਿਧ ਹੈ ਕਿ ਆਨਮਤ, ਖ਼ਾਸ ਕਰ ਹਿੰਦੂ ਮਤ ਦੇ ਮੰਨੇ ਦੰਨੇ ਸੁਰਿ ਨਰ ਦੇਵੀ ਦੇਵਾ ਸਿਧ ਸਾਧਿਕ ਬ੍ਰਹਮੇ ਆਦਿਕ ਦੇਵਤੇ ਸਾਰੇ ਦੂਜੇ ਭਾਵ ਦੀ ਉਪਾਸ਼ਨਾ ਵਿਚ ਹੀ ਭਰਮਦੇ ਫਿਰਦੇ ਰਹੇ। ਐਸੇ ਕਰਕੇ ਹੀ ਇਹ ਸਾਰੇ ਨਾਮ ਤੋਂ ਛੁਟ ਦੂਜੇ ਭਾਵ ਦੀ ਉਪਾਸ਼ਨਾ ਵਾਲੇ ਦੇਵਤਿਆਂ ਆਦਿਕ ਦਾ ਗੁਰਮਤਿ ਅਨੁਸਾਰ ਨਿਰਾ ਖੰਡਨ ਹੀ ਹੈ। ਇਕ ਪ੍ਰਕਾਰ ਇਹ ਆਨਮਤ

ਦਾ ਹੀ ਖੰਡਨ ਹੈ। ਗੁਰਮਤਿ ਮਤਿ ਇਕੋ ਨਾਮ ਨੂੰ ਹੀ ਦ੍ਰਿੜ੍ਹਾਉਂਦੀ ਹੈ, ਇਸ ਕਰਕੇ ਗੁਰਮਤਿ ਦਾ ਮੰਡਨ ਹੀ ਮੰਡਨ ਹੈ, ਖੰਡਨ ਕਿਤੇ ਭੀ ਸਿਧ ਨਹੀਂ ਹੋ ਸਕਦਾ। ਖੰਡਨ ਤਾਂ ਸਿਧ ਹੋਵੇ ਜੇਕਰ ਗੁਰਮਤਿ ਦੂਜੇ ਭਾਵ ਦੀ ਉਪਾਸ਼ਨਾ ਨੂੰ ਦ੍ਰਿੜ੍ਹਾਉਂਦੀ ਹੋਵੇ। ਸਮੱਗਰ ਗੁਰਬਾਣੀ ਅੰਦਰ ਇਹ ਭਾਵ ਕਿਤੇ ਭੀ ਸਿਧ ਨਹੀਂ ਹੁੰਦਾ ਕਿ ਗੁਰਮਤਿ ਦੂਜੇ ਭਾਵ ਦੀ ਉਪਾਸ਼ਨਾ ਦ੍ਰਿੜ੍ਹਾਉਂਦੀ ਹੋਵੇ। ਗੁਰਮਤਿ ਅਨੁਸਾਰ ਤਾਂ ਕੇਵਲ ਇਕੋ ਨਾਮ ਦੀ ਉਪਾਸ਼ਨਾ ਹੀ ਸਿਧ ਹੈ। ਸਾਰੀ ਗੁਰਬਾਣੀ ਅੰਦਰ ਇਕੋ ਤਾਤਪਰਜ ਦ੍ਰਿੜ੍ਹ ਹੁੰਦਾ ਹੈ, ਕਿਉਂਕਿ ਬ੍ਰਹਮੇ ਆਦਿਕ ਦੇਵੀ ਦੇਵਤਾ ਸਭ ਬੇਦਾਂ ਸ਼ਾਸਤ੍ਰਾਂ ਦਾ ਖੰਡਨ ਹੀ ਮੁਖ ਹੈ। ਚੂੰਕਿ ਵੇਦਾਂ ਸ਼ਾਸਤ੍ਰਾਂ ਦੀ ਤਾਲੀਮ ਅਨੁਸਾਰ ਹੀ ਏਹਨਾਂ ਆਨਮਤ ਪੁਸਤਕਾਂ ਦੇ ਘੋਖਣਹਾਰੇ ਪ੍ਰਸਿੱਧ ਦੜੇ ਦੇਵਤੇ ਦੂਜੇ ਭਾਵ ਦੀ ਉਪਾਸ਼ਨਾ ਨੂੰ ਮੁੱਖ ਰੱਖਦੇ ਹਨ।

ਸਸਾ ਸਰਨਿ ਪਰੇ ਅਬ ਹਾਰੇ ॥ ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥
ਸੋਧਤ ਸੋਧਤ ਸੋਧਿ ਬੀਚਾਰਾ ॥ ਬਿਨੁ ਹਰਿ ਭਜਨ ਨਹੀ ਛੁਟਕਾਰਾ ॥੪੮॥

[ਪਉੜੀ, ਬਾ: ਅਖਰੀ, ਪੰਨਾ ੨੬੦

ਸ਼ਾਸਤ੍ਰ ਸਿਮ੍ਰਿਤਿ ਬੇਦਾਂ ਨੂੰ ਪੁਕਾਰ ਪੁਕਾਰ ਕੇ ਪੜ੍ਹਨਹਾਰਿਆਂ ਨੂੰ ਓੜਕ ਹਾਰ ਕੇ ਗੁਰਮਤਿ ਦੀ ਸਰਨੀ ਪੈਣਾ ਪਵੇਗਾ, ਕਿਉਂਕਿ ਖ਼ੂਬ ਸੋਧ ਸੋਧ ਕੇ, ਨਿਖਾਰ ਨਿਖਾਰ ਕੇ ਇਹ ਤੱਤ ਕਢ ਲਿਆ ਗਿਆ ਹੈ ਕਿ ਵਾਹਿਗੁਰੂ ਦੇ ਭਜਨ ਬਿਨਾਂ ਛੁਟ-ਕਾਰਾ ਹੈ ਹੀ ਨਹੀਂ। ਵਾਹਿਗੁਰੂ ਦੇ ਭਜਨ ਨੂੰ ਕੇਵਲ ਇਕੋ ਗੁਰਮਤਿ ਹੀ ਦ੍ਰਿੜ੍ਹਾਉਂਦੀ ਹੈ। ਸ਼ਾਸਤ੍ਰ ਸਿਮ੍ਰਿਤਿ ਬੇਦ ਆਦਿ ਤ੍ਰੈਗੁਣੀ ਉਪਾਸ਼ਨਾ ਨੂੰ ਦ੍ਰਿੜ੍ਹਾਉਂਦੇ ਹਨ, ਤਾਂ ਤੇ ਏਹਨਾਂ ਦੇ ਪੁਕਾਰਨਹਾਰੇ ਨਾਮ-ਹੀਣੇ ਤੁਰੀਆ ਗੁਣੀ ਉਪਾਸ਼ਨਾ ਤੋਂ ਸੱਖਣੇ ਹੀ ਰਹਿ ਜਾਂਦੇ ਹਨ।

# ੩੯. ਵਾਹਿਗੁਰੂ ਅੱਖਰਾਂ ਤੋਂ ਬਾਹਰ

ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ ॥ ਅਖਰ ਕਰਿ ਕਰਿ ਬੇਦ ਬੀਚਾਰੇ ॥
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ ॥ ਅਖਰ ਨਾਦ ਕਥਨ ਵਖ੍ਯ਼ਾਨਾ ॥
ਅਖਰ ਮੁਕਤਿ ਜੁਗਤਿ ਭੈ ਭਰਮਾ ॥ ਅਖਰ ਕਰਮ ਕਿਰਤਿ ਸੁਚ ਧਰਮਾ ॥
ਦ੍ਰਿਸਟਿਮਾਨ ਅਖਰ ਹੈ ਜੇਤਾ ॥ ਨਾਨਕ ਪਾਰਬ੍ਰਹਮ ਨਿਰਲੇਪਾ ॥੫੪॥

[ਪਉੜੀ, ਬਾ: ਅਖਰੀ, ਪੰਨਾ ੨੬੧

ਪਰਮਾਤਮਾ ਵਾਹਿਗੁਰੂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਤੋਂ ਨਿਰਲੇਪ ਹੈ। ਵਾਹਿਗੁਰੂ ਨੇ ਹੋਰ ਸਾਰੇ ਤ੍ਰਿਭਵਣ ਦੀ ਬਣਤਰ ਅੱਖਰਾਂ ਦੇ ਆਸਰੇ ਹੀ ਕੀਤੀ ਹੋਈ ਹੈ। ਭਾਵ, ਇਹ ਸਾਰੇ ਧਾਰੇ ਹੋਏ ਤ੍ਰਿ-ਗੁਣੀ ਤ੍ਰਿਭਵਣ ਦ੍ਰਿਸ਼ਮਾਨ ਅੱਖਰਾਂ ਦੀ ਬਣਤਰ

ਵਾਲੇ ਹੀ ਹਨ। ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰੀ ਹੀ ਬੇਦ ਆਦਿਕ ਆਨਮਤੀ ਪੁਸਤਕ ਹਨ। ਏਹਨਾਂ ਦੀ ਬੀਚਾਰ ਭੀ ਜੋ ਵੀਚਾਰਦੇ ਹਨ, ਸਭ ਦ੍ਰਿਸ਼ਟਮਾਨ ਤ੍ਰੈਗੁਣੀ ਅੱਖਰਾਂ ਦੁਆਰਾ ਹੀ ਵਿਚਾਰਦੇ ਹਨ। ਸ਼ਾਸਤ੍ਰ ਸਿਮ੍ਰਿਤਿ ਪੁਰਾਣ ਆਦਿਕ ਭੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਹਨ। ਏਹਨਾਂ ਦਾ ਕਥਨ ਤੇ ਵਖਿਆਨ ਆਦਿਕ ਭੀ ਦ੍ਰਿਸ਼ਟਮਾਨ ਅੱਖਰਾਂ ਪੂਰਤ ਹੀ ਹੈ। ਆਨਮਤੀ ਪੁਸਤਕਾਂ ਦੀ ਬਣਤਰ ਭੈ ਭਰਮ ਮਈ ਮੁਕਤਿ ਜੁਗਤਿ ਵਾਲੇ ਅੱਖਰਾਂ ਸੰਜੁਕਤ ਹੈ। ਆਨਮਤ ਧਰਮ ਵਿਚ ਵਿਸਥਾਰੇ ਕਰਮ ਕਾਂਡ ਆਦਿਕ ਸੁਚਤਾ ਦੇ ਅਸੂਲ ਭੀ ਦ੍ਰਿਸ਼ਟਮਾਨ ਬਨਾਵਟੀ ਅੱਖਰਾਂ ਦੇ ਬਣਾਏ ਹੋਏ ਹਨ। ਸਾਰਾ ਤ੍ਰੈਗੁਣੀ ਦ੍ਰਿਸ਼ਟਮਾਨ ਪਸਾਰਾ ਦ੍ਰਿਸ਼ਟਮਾਨ ਅੱਖਰਾਂ ਦਾ ਹੀ ਅਖੱਰਕ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਪਾਰਬ੍ਰਹਮ ਪਰਮੇਸ਼ਰ ਪਰਮਾਤਮਾ (ਵਾਹਿਗੁਰੂ) ਹੀ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਤੋਂ ਨਿਰਲੇਪ ਹੈ। ਵਾਹਿਗੁਰੂ ਨੇ ਜੋ ਤ੍ਰੈਗੁਣਾਂ ਵਾਲੀ ਸ੍ਰਿਸ਼ਟੀ ਉਤਪੰਨ ਕੀਤੀ ਹੋਈ ਹੈ, ਉਹ ਸਾਰੀ ਤ੍ਰੈਗੁਣੀ ਬੋਲੀ ਦੇ ਅੱਖਰਾਂ ਦੁਆਰਾ ਹੀ ਮਹਿਦੂਦ ਹੈ। ਕੇਵਲ ਵਾਹਿਗੁਰੂ ਹੀ ਇਹਨਾਂ ਦ੍ਰਿਸ਼ਟਮਾਨ ਅੱਖਰਾਂ ਦੀ ਕੈਦ ਤੋਂ ਬਾਹਰ ਹੈ। ਵਾਹਿਗੁਰੂ ਨਾਮ ਦੀ ਬਣਤਰ ਭੀ ਤੁਰੀਆ ਗੁਣੀ ਅਦ੍ਰਿਸ਼ਟ ਬਣਤਰੀ ਅੱਖਰਾਂ ਦੀ ਹੈ, ਜੋ ਅੱਖਰ ਏਹਨਾਂ ਦ੍ਰਿਸ਼ਟਮਾਨ ਅੱਖਰਾਂ ਵਿਚ ਹੈ ਹੀ ਨਹੀਂ।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯਰ ॥ ਕੀਨੇ ਰਾਮ ਨਾਮ ਇਕ ਆਖ੍ਯਰ ॥੧॥੧॥

[ਗਉ: ਸੁਖਮਨੀ ਮ: ੫, ਪੰਨਾ ੨੬੨

ਸੁਧ ਅੱਖਰੀ ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਆਦਿਕ ਇਕੋ ਵਾਹਿਗੁਰੂ ਨਾਮ ਦੇ ਅਦ੍ਰਿਸ਼ਟ ਅੱਖਰ ਦੇ ਕੀਤੇ ਹੋਏ ਹੀ ਹਨ। ਭਾਵ, ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਆਦਿਕ ਪੁਸਤਕ ਚਾਹੇ ਕਿੰਨੇ ਹੀ ਸੁਧ ਅੱਖਰਾਂ ਦੇ ਲਿਖੇ ਹੋਏ ਹਨ, ਪਰ ਇਹ ਸੁਧ ਅੱਖਰ ਦ੍ਰਿਸ਼ਟਮਾਨ ਅੱਖਰਾਂ ਦੀ ਬਣਤਰ ਵਾਲੇ ਹੀ ਹਨ। ਏਹਨਾਂ ਸਭਨਾਂ ਦੇ ਸਿਰ 'ਤੇ ਤੁਰੀਆ ਗੁਣੀ ਅਦ੍ਰਿਸ਼ਟ ਅੱਖਰੀ ਵਾਹਿਗੁਰੂ ਨਾਮ ਦਾ ਇਕ ਅੱਖਰ ਹੀ ਏਹਨਾਂ ਪੁਸਤਕਾਂ ਦੀ ਬਣਤਰ ਦੇ ਡੰਡੇ ਵਾਲਾ ਹੈ। ਨਾਮੀ ਵਾਹਿਗੁਰੂ ਦੀ ਨਿਆਈਂ ਵਾਹਿਗੁਰੂ ਨਾਮ ਭੀ ਸਾਰੀ ਕਾਇਨਾਤ ਵਿਚ ਰਮਿਆ ਹੋਇਆ, ਰਮਿਆ ਹੋਇਆ ਹੁੰਦਾ ਭੀ ਇਸ ਕਾਇਨਾਤੀ ਬਣਤਰ ਤੋਂ ਉੱਕਾ ਹੀ ਅਲੇਪ ਨਿਰਲੇਪ ਹੈ। ਉਹ ਕੇਵਲ ਗੁਰਮਤਿ ਹੀ ਹੈ ਜੋ ਇਸ ਤੁਰੀਆ ਗੁਣੀ ਅਦ੍ਰਿਸ਼ਟ ਗੁਰਮਤਿ ਨਾਮ ਦੀ ਨਿਰਲੇਪ ਬਣਤਰ ਨੂੰ ਦ੍ਰਿੜ੍ਹਾਉਂਦੀ ਵਿਦਤਾਉਂਦੀ ਹੈ। 'ਕੀਨੇ' ਪਦ ਤੋਂ ਭਾਵ ਕੀਤੇ ਹੋਏ। ਜੋ ਗਿਆਨੀ ਵੇਦ-ਭਗਤ ਇਸ ਪੰਗਤੀ ਦੇ ਇਸ ਬਿਧਿ ਅਰਥ ਕਰਦੇ ਹਨ ਕਿ ਬੇਦ ਸ਼ਾਸਤ੍ਰ ਪੁਰਾਨ ਨੇ ਭੀ ਇਕੋ ਨਾਮ ਨੂੰ ਦ੍ਰਿੜ੍ਹਾਇਆ ਹੈ, ਉਹ ਬੜੇ ਹੀ ਮਹਾਂ ਗ਼ਲਤੀ ਵਾਲੇ ਅਰਥ ਹਨ, ਕਿਉਂਕਿ ਗੁਰਬਾਣੀ ਦੀ ਲਗ ਮਾਤ੍ਰੀ ਨਿਯਮਾ-ਵਲੀ ਅਨੁਸਾਰ ਇਹ ਅਰਥ ਏਹਨਾਂ ਵੇਦ-ਭਗਤ ਅਗਿਆਨੀਆਂ ਦੇ ਕੀਤੇ ਹੋਏ ਪੂਰੇ

ਹੋ ਨਹੀਂ ਉਤਰਦੇ, ਕਿਉਂਕਿ ਨਾ ਹੀ ਬੇਦ ਦੇ ਦੱਦੇ ਨੂੰ ਸਿਹਾਰੀ ਹੈ, ਨਾ ਪੁਰਾਨ ਦੇ ਨੰਨੇ ਨੂੰ ਹੈ। ਸਿਮ੍ਰਿਤੀ ਦਾ ਵਾਚਕ ਹੋਣ ਕਰਕੇ ਤੱਤੇ ਨੂੰ ਸਿਹਾਰੀ ਜੋ ਹੈ, ਉਹ 'ਨੇ' ਦਾ ਅਰਥ ਨਹੀਂ ਦਿੰਦੀ।

# ੪੦. ਸ੍ਰਿਸ਼ਟੀ ਰਚਨਾ ਤੇ ਬੇਦ

ਹਰਿ ਸਿਮਰਨੁ ਕਰਿ ਭਗਤ ਪ੍ਰਗਟਾਏ ॥
ਹਰਿ ਸਿਮਰਨਿ ਲਗਿ ਬੇਦ ਉਪਾਏ ॥੮॥੧॥
[ਗਉ: ਸੁਖ: ਮ: ੫, ਪੰਨਾ ੨੬੩

ਗੁਰਮਤਿ ਅਨੁਸਾਰ ਇਹ ਅਸੂਲ ਮੰਨਿਆ ਦਸਿਆ ਗਿਆ ਹੈ ਕਿ ਸਾਰੀ ਚਰਾਚਰ ਰਚਨਾ ਅਕਾਲ ਪੁਰਖ ਦੀ ਰਚਾਈ ਬਣਾਈ ਹੋਈ ਹੈ। ਇਹੋ ਸਿਧਾਂਤ ਸ੍ਰੀ ਦਸਮੇਸ਼ ਜੀ ਦੇ ਬਚਿਤ੍ਰ ਨਾਟਕ ਵਿਖੇ ਆਏ ਏਹਨਾਂ ਸ੍ਰੀ ਮੁਖ ਵਾਕਾਂ ਤੋਂ ਸਿਧ ਹੁੰਦਾ ਹੈ, ਜੋ ਨਿਜ ਅਕਾਲ ਪੁਰਖੀ ਬਚਨ ਹਨ ਤੇ ਸ੍ਰੀ ਗੁਰੂ ਦਸਮੇਸ਼ ਦੇ ਸਨਮੁਖ ਉਚਾਰੇ ਗਏ ਹਨ, ਜਿਨ੍ਹਾਂ ਦੀ ਅਰੰਭਨਾ "ਜਬ ਪਹਿਲੇ ਹਮ ਸ੍ਰਿਸਟਿ ਬਨਾਈ"* ਪੰਗਤੀ ਤੋਂ ਅਰੰਭ ਹੁੰਦੀ ਹੈ। ਅਗੇ ਜਾ ਕੇ ਏਹਨਾਂ ਗੁਰਵਾਕਾਂ ਦੀ ਸ਼ਰੇਣੀ ਵਿਖੇ ਇਉਂ ਦਰਜ ਹੈ:—

ਬ੍ਰਹਮਾ ਚਾਰ ਹੀ ਬੇਦ ਬਨਾਏ ॥ ਸਰਬ ਲੋਕ ਤਿਹ ਕਰਮ ਚਲਾਏ ॥
ਜਿਨ ਕੀ ਲਿਵ ਹਰਿ ਚਰਨਨ ਲਾਗੀ ॥ ਤੇ ਬੇਦਨ ਤੇ ਭਏ ਤਿਆਗੀ ॥੧੯॥
ਜਿਨ ਮਤ ਬੇਦ ਕਤੇਬਨ ਤਿਆਗੀ ॥ ਪਾਰਬ੍ਰਹਮ ਕੇ ਭਏ ਅਨੁਰਾਗੀ ॥
ਤਿਨ ਕੇ ਗੂੜ ਮਤ ਜੇ ਚਲਹੀ ॥ ਭਾਂਤਿ ਅਨੇਕ ਦੁਖਨ ਸੋ ਦਲਹੀ ॥੨੦॥
[ਬਚਿੱਤ੍ਰ ਨਾਟਕ, ਅਧਿ: ੬

ਏਹਨਾਂ ਗੁਰਵਾਕਾਂ ਤੋਂ ਇਹ ਸਿਧ ਹੁੰਦਾ ਹੈ ਕਿ ਚਾਹੇ ਬੇਦ ਆਦਿਕਾਂ ਦਾ ਬਣਾਉਣਹਾਰਾ ਬ੍ਰਹਮਾ ਹੀ ਸੀ, ਓੜਕ ਇਹ ਰਚਨਾ ਅਕਾਲ ਪੁਰਖ ਦੀ ਪ੍ਰੇਰਨਾ ਨਾਲ ਹੀ ਹੋਈ। ਸਭ ਤੋਂ ਵਡੇ ਸਿਧਾਂਤ ਦੀ ਇਹ ਗੱਲ ਹੈ ਕਿ ਅਕਾਲ ਪੁਰਖ ਦੀ ਸਾਰੀ ਰਚਨਾ ਦਾ ਰਚਨਹਾਰਾ ਸਿਧ ਹੋਣਾ ਇਸ ਗੱਲ ਦਾ ਸਿਧਾਂਤ ਨਹੀਂ ਸਿਧ ਕਰਦਾ ਕਿ ਜੋ ਜੋ ਰਚਨਾ ਭੀ ਰਚੀ ਗਈ, ਉਸ ਰਚਨਾ ਨੂੰ ਅਕਾਲ ਪੁਰਖ ਦੀ ਰਚੀ ਹੋਈ ਰਚਨਾ ਸਮਝ ਕੇ ਅਮਿਟ ਅਤੇ ਸਿਧਾਂਤਕ ਮੰਨ ਲਿਆ ਜਾਏ। ਵਾਹਿਗੁਰੂ ਦੇ ਨੇਤ ਭਾਣੇ ਅਨੁਸਾਰ ਬੇਦਾਂ ਤੇ ਜੋ ਬੇਦ-ਭਗਤਾਂ ਦੀ ਰਚਨਾ ਹੋਈ, ਇਹ ਸਿਧਾਂਤਕ ਰਚਨਾ ਸਿਧ ਨਹੀਂ ਹੁੰਦੀ। ਜੇ ਮੰਨ ਭੀ ਲਿਆ ਜਾਵੇ ਕਿ ਬੇਦਾਂ ਦਾ ਉਪਜਾਇ ਜਾਣਾ ਸਿਮਰਨ ਨਮਿਤ ਹੀ ਹੋਇਆ, ਤਦ ਇਸ ਨਮਿਤਕ ਕਾਰਨ ਕਰਕੇ ਹੀ ਬੇਦਾਂ ਦਾ ਵਿਧਾਨ ਮੰਡਨ ਨਹੀਂ ਮੰਨਿਆ ਜਾ ਸਕਦਾ। ਗੁਰੂ ਦਸਮੇਸ਼ ਵਾਕ ਦੇ ਭਾਵ

* ਬਚਿਤ੍ਰ ਨਾਟਕ, ॥੬॥, ਅਧਿਆਇ ੬

ਅਨੁਸਾਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਅੰਦਰ ਦਰਸਾਈ ਗੁਰਮਤਿ ਅਨੁਸਾਰ ਬੇਦ ਅਤੇ ਬੇਦਾਂ ਨੂੰ ਬਣਾਉਣਹਾਰ ਬ੍ਰਹਮਾ ਨਮਿਤਕ ਅਭਿਪਰੇ ਤੋਂ ਖੁੰਝ ਅਤੇ ਘੁੱਥ ਗਏ। ਐਸੇ ਖੁੰਝੇ ਤੇ ਘੁੱਥੇ ਕਿ ਅਕਾਲ ਪੁਰਖ ਦੀ ਉਪਾਸ਼ਨਾ ਨੂੰ ਛਡ ਕੇ ਦੂਜੇ ਭਾਵ ਦੀ ਉਪਾਸ਼ਨਾ ਵਿਚ ਹੀ ਲੱਥ ਪੱਥ ਹੋ ਗਏ। ਤਾਂ ਤੇ ਬੇਦ-ਭਗਤਾਂ ਦਾ ਇਹ ਦਾਅਵਾ ਕਿ ਇਸ ਉੱਪਰ ਪ੍ਰਮਾਣੀ ਗੁਰ-ਪੰਗਤੀ ਅੰਦਰ ਵੇਦਾਂ ਦਾ ਜ਼ਿਕਰ ਆਇਆ ਹੈ, ਇਸ ਕਰਕੇ ਵੇਦਾਂ ਦਾ ਮੰਡਨ ਸਿਧ ਹੈ, ਉੱਕਾ ਹੀ ਖ਼ਾਰਜ ਹੈ।

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥੧॥੩॥

[ਸਲੋਕ, ਗਉ: ਸੁਖ: ਮ: ੫, ਪੰਨਾ ੨੬੫

ਹਿੰਦੂ ਮਤ ਆਨਮਤ ਅਵਲੰਬੀ ਸ਼ਾਸਤ੍ਰ ਸਿਮ੍ਰਿਤਿ ਵੇਦ ਆਦਿਕ ਪੁਸਤਕਾਂ ਬਹੁ ਬਹੁ ਭਾਂਤ ਸਾਰੇ ਹੀ ਪੜਚੋਲ ਕੇ ਦੇਖ ਲਏ ਅਤੇ ਢੰਢੋਲ ਕੇ ਗਾਖ ਲਏ, ਓਹ ਕਿੰਚਤ ਮਾਤਰ ਭੀ ਗੁਰਮਤਿ ਦਰਸਾਏ ਅਮੋਲਕ ਨਾਮ ਦੀ ਬਰਾਬਰੀ ਕਰ ਹੀ ਨਹੀਂ ਸਕਦੇ, ਨਾਮ ਦੇ ਤੁਲ ਪੁੱਜ ਹੀ ਨਹੀਂ ਸਕਦੇ। ਇਹ ਗੁਰੂ ਸਾਹਿਬ ਦੀ ਵਿਗਿਆਨਕ ਗੁਰਮਤਿ ਫ਼ਿਲਾਸਫ਼ੀ ਦਾ ਤੱਤ ਨਿਚੋੜ ਹੈ। ਇਸ ਸਲੋਕ ਦੇ ਨਾਲ ਲਗਦੀਆਂ ਪਉੜੀਆਂ ਅੰਦਰ ਇਸੇ ਸਲੋਕ ਦਾ ਉਪਰ ਦੱਸਿਆ ਅਭਿਪਰਾ ਮੁਖ ਰਖ ਕੇ ਆਨ-ਮਤੀ ਜਾਤ ਪਾਤ ਗਿਆਨ ਧਿਆਨ ਸਭ ਖੰਡਨ ਕੀਤੇ ਗਏ ਹਨ, ਖਟ ਸ਼ਾਸਤ੍ਰ ਅਤੇ ਸਿਮ੍ਰਿਤੀਆਂ ਦੇ ਵਖਿਆਣ ਸਭ ਨਿਖੇਧੇ ਗਏ ਹਨ। ਹਠ ਜੋਗ ਸ਼ਾਸਤ੍ਰ ਦੇ ਹਠ-ਕਰਮੀ ਜੋਗ-ਅਭਿਆਸ-ਧਰਮ-ਕਿਰਿਆਵਾਂ ਉੱਕੀਆਂ ਹੀ ਨਿਖੇਧਤ ਸਿਧ ਕੀਤੀਆਂ ਗਈਆਂ ਹਨ। ਸੰਨਿਆਸੀਆਂ ਦਾ ਗ੍ਰਿਹਸਤ ਤਜ ਕੇ ਬਨਵਾਸ ਲੈਣ ਦੀ ਪਾਖੰਡ-ਕਿਰਿਆ ਦਾ ਮੱਕੂ ਠਪਿਆ ਹੋਇਆ ਹੈ। ਆਨਮਤ ਕਰਮੀ ਪੁੰਨ ਦਾਨ ਬਹੁ ਰਤਨਾਂ ਦੇ ਹੋਮਣ ਵਾਲੀ ਹੋਮੀ ਕਿਰਿਆ, ਰਤੀ ਰਤੀ ਕਰਕੇ ਸਰੀਰ ਕਟਾਉਣ ਵਾਲੀ ਪਾਖੰਡ ਆਹੂਤੀ ਸਭ ਹੀ ਭਲੀ ਭਾਂਤ ਖੰਡਨ ਕੀਤੀ ਗਈ ਹੈ। ਆਨਮਤ ਕਰਣੀ, ਬਹੁ ਬਹੁ ਭਾਂਤ ਦੇ ਵਰਤ ਨੇਮ ਸਾਰੇ ਹੀ ਸੁਸ਼ਕ ਸਿਧ ਕੀਤੇ ਗਏ ਹਨ। ਨਾਮ ਦੇ ਅਭਿਆਸ ਰੂਪੀ ਬੀਚਾਰ ਦੀ ਤਿਲ ਮਾਤਰ ਤੁਲਤਾ ਭੀ ਨਹੀਂ ਰਖਦੇ। ਗੁਰਮਤਿ ਨਾਮ ਵਾਹਿਗੁਰੂ ਦਾ ਇਕ ਵਾਰ ਮੁਖੋਂ ਰਟਿਆ ਜਾਪ ਏਹਨਾਂ ਸਮੂਹ ਕਿਰਿਆਵਾਂ ਤੋਂ ਅਤੀ ਅਫ਼ਜ਼ਲ ਸਿਧ ਕੀਤਾ ਗਿਆ ਹੈ। ਹਿੰਦੂ ਆਨਮਤੀ ਭੀ ਨਉਖੰਡ ਪ੍ਰਿਥਵੀ ਦੇ ਗਵਨ ਕਰਨ ਤੇ ਚਿਰੰਕਾਲ ਜੀਉਂਦੇ ਰਹਿਣ ਦੀ ਫ਼ਜ਼ੀਲਤ ਸਿਧ ਕਰਦੇ ਹਨ, ਉਹ ਗੁਰਮਤਿ ਅਨੁਸਾਰ ਸਭ ਫ਼ਜ਼ੂਲ ਗਰਦਾਨੀ ਗਈ ਹੈ। ਆਨਮਤ ਤਪੀਸ਼ਰਾਂ ਦੀ ਮਹਾਂ ਉਦਾਸ ਰਹਿਣ ਵਾਲੀ ਉਦਾਸੀਨਤਾ ਅਤੇ ਏਹਨਾਂ ਆਨਮਤੀਆਂ ਦੀ ਅਗਨੀ ਵਿਖੇ ਪ੍ਰਾਣ ਹੋਮ ਦੇਣ ਵਾਲੀ ਹਮਾਕਤ ਨੂੰ ਖ਼ੂਬ ਪਾਖੰਡ ਰੂਪ ਗਰਦਾਨ ਕੇ ਸੋਧਿਆ ਗਿਆ ਹੈ। ਅਨੇਕ ਪ੍ਰਕਾਰ ਦੇ ਵਡਮੁੱਲੇ ਹਾਥੀ ਘੋੜੇ ਅਤੇ ਭੂਮੀਆਂ ਨੂੰ ਦਾਨ ਵਿਚ ਅਰਪਨ ਕਰ

ਦੇਣਾ ਨਖਿਧ ਸਿਧ ਕੀਤਾ ਗਿਆ ਹੈ। ਜੋਗੀਆਂ ਦੇ ਨਿਉਲੀ ਕਰਮ ਅਤੇ ਅਨੇਕ ਪ੍ਰਕਾਰ ਦੇ ਆਸਣ ਜਮਾਉਣੇ ਪਾਖੰਡਾਂ ਦੀ ਤਾਂ ਖ਼ੂਬ ਖ਼ਬਰ ਲਈ ਗਈ ਹੈ। ਜੈਨੀਆਂ ਦੇ ਸੰਜਮ ਸਾਧਨੀ-ਮਾਰਗ ਨੂੰ ਤਾਂ ਗੱਜ ਵੱਜ ਕੇ ਲਤਾੜਿਆ ਗਿਆ ਹੈ। ਆਨਮਤੀ ਲੋਗ ਚਾਹੇ ਆਪਣੀ ਪਾਖੰਡ ਭਰੀ ਆਨਮਤ ਕਿਰਿਆ ਦੁਆਰਾ ਆਪਣੇ ਸਰੀਰ ਨੂੰ ਨਿਮਖ ਨਿਮਖ ਕਰਕੇ ਕਟਾ ਲੈਣ, ਤਿਨ੍ਹਾਂ ਦੀ ਹਉਮੈ ਦੀ ਮੈਲ ਓਹਨਾਂ ਦੇ ਅੰਦਰੋਂ ਫੇਰ ਭੀ ਕਟੀ ਨਹੀਂ ਜਾ ਸਕਦੀ। ਉਪਰ ਦੱਸੀਆਂ ਸਾਰੀਆਂ ਆਨਮਤ ਘਾਲਾਂ ਘਾਲੀਆਂ ਗੁਰਮਤਿ ਨਾਮ-ਜਾਪ ਦੇ ਤੁਲ ਰਾਈ ਮਾਤਰ ਭੀ ਪੁੱਜ ਨਹੀਂ ਸਕਦੀਆਂ। ਉਪਰ ਦੱਸੀਆਂ ਆਨਮਤ ਕਿਰਿਆਵਾਂ ਦੁਆਰਾ ਪ੍ਰਾਣੀ ਦੀ ਗਤਿ ਕਲਿਆਨ ਹੈ ਹੀ ਨਹੀਂ। ਗਤਿ ਕਲਿਆਨ ਹੁੰਦੀ ਹੈ ਤਾਂ ਗੁਰਮਤਿ ਨਾਮ ਜਪਿਆਂ ਹੀ ਹੁੰਦੀ ਹੈ।

ਇਸ ਸਮੁੱਚੀ ਅਸ਼ਟਪਦੀ ਅੰਦਰ ਆਨਮਤ ਦੀ ਮਨਮਤਿ ਦਾ ਖੰਡਨ ਤੇ ਗੁਰਮਤਿ ਤੱਤ ਮਤਿ ਦਾ ਮੰਡਨ ਖ਼ੂਬ ਨਿਖਾਰ ਕੇ ਕੀਤਾ ਗਿਆ ਹੈ। ਹਿੰਦੂ ਮਤ ਅਨੁਸਾਰ ਤੀਰਥਾਂ ਉਤੇ ਦੇਹੀ ਛਡਣ ਨੂੰ ਤੇ ਪ੍ਰਾਣ ਤਿਆਗਣ ਨੂੰ ਮਨੋ-ਕਾਮਨਾ ਦਾ ਪੂਰਨਹਾਰਾ ਅਨਮਾਨ ਕੀਤਾ ਗਿਆ ਹੈ, ਪਰ ਗੁਰਮਤਿ ਅਨੁਸਾਰ ਏਹ ਸਾਰੀਆਂ ਗੱਲਾਂ ਫੋਕੇ ਗਰਬ ਗੁਮਾਨ ਦੀਆਂ ਹੀ ਹਨ, ਜੋ ਏਹਨਾਂ ਪਾਖੰਡੀ-ਕਿਰਿਆ ਵਾਲੇ ਗਰਬ ਗੁਮਾਨੀਆਂ ਦੇ ਮਨਾਂ ਤੋਂ ਫੁਰਦੀਆਂ ਨਿਖੁਟਦੀਆਂ ਹੀ ਨਹੀਂ। ਭਾਵੇਂ ਅਨਮਤੀ ਲੋਗ ਸਾਰਾ ਜ਼ੋਰ ਲਾ ਕੇ ਦਿਨੇ ਰਾਤ ਪਏ ਸਰੀਰਕ ਸੁਚਮਤਾ ਰਖਣ, ਪਰ ਮਨ ਦੀ ਮੈਲ ਉਹਨਾਂ ਦੇ ਤਨਾਂ ਤੋਂ ਜਾਂਦੀ ਹੀ ਨਹੀਂ। ਇਸ ਦੇਹੀ ਦੀ ਕੂੜਾਵੀ ਸਾਧਨਾ "ਵਰਮੀ ਮਾਰੀ ਸਾਪੁ ਨਾ ਮਰੈ"* ਵਾਲੇ ਗੁਰਵਾਕ ਦੇ ਭਾਵ ਵਾਲੀ ਸਿਧ ਕੀਤੀ ਹੈ। ਏਹਨਾਂ ਵਰਮੀ-ਮਾਰ ਸਾਧਨਾਵਾਂ ਦੁਆਰਾ ਤਿਨ੍ਹਾਂ ਦੇ ਮਨਾਂ ਤੋਂ ਬਿਖਿਆ ਕਦੇ ਟਲਦੀ ਹੀ ਨਹੀਂ। ਜਲ ਨਾਲ ਦੇਹੀ ਦਾ ਧੋਵਣਾ, ਨਿਰਾ ਇਸ਼ਨਾਨ ਮਜਨ ਕਰਨਾ, ਜਿਸ ਨੂੰ ਕਿ ਉਹ ਅਨਮਤੀ ਲੋਗ ਪੱਕਾ ਧਰਮ ਸਿਧ ਕਰਦੇ ਹਨ, ਉੱਕਾ ਹੀ ਨਿਖੇ-ਧਿਆ ਗਿਆ ਹੈ। ਦੇਹੀ ਰੂਪੀ ਕੱਚੀ ਕੰਧ ਇਸ ਪਾਖੰਡ ਕਿਰਿਆ ਦੁਆਰਾ ਸੁੱਧ ਹੁੰਦੀ ਹੀ ਨਹੀਂ। ਨਾਮ ਦੇ ਨਾਲ ਹੀ ਦਾਨ ਇਸ਼ਨਾਨ ਕਿਰਿਆ ਸੱਭਨੀਕ ਸਿੱਧ ਕੀਤੀ ਹੈ। ਇਹ ਗੁਰਮਤਿ ਦਾ ਹੀ ਪਰਮ ਅਨੂਪਮ ਸਿਧਾਂਤ ਹੈ। ਗੁਰਮਤਿ ਅਨੁਸਾਰ ਇਹ ਆਨਮਤ ਕਿਰਿਆਵਾਂ ਸਭ ਮਨਮਤਿ ਸਿਧ ਕੀਤੀਆਂ ਗਈਆਂ ਹਨ। ਏਸੇ ਪ੍ਰਕਾਰ ਨਿਰੀਆਂ ਮਨ ਦੀਆਂ ਸਿਆਣਪਾਂ ਭਉ ਬਿਆਪਣੀਆਂ ਗਰਦਾਨ ਕੇ ਆਨਮਤੀਆਂ ਵਲੋਂ ਮਨਮਤਰੀ ਦਰਸਾਈਆਂ ਗਈਆਂ ਹਨ। ਏਹਨਾਂ ਭੇਖੀਆਂ ਦੇ ਅਨਿਕ ਜਤਨੀ ਤ੍ਰਿਸ਼ਨਾਲੂ ਭੇਖ ਤਿਨ੍ਹਾਂ ਦੇ ਅੰਦਰ ਦੀ ਅਗਨੀ ਨਹੀਂ ਬੁਝਾ ਸਕਦੇ। ਚਾਹੇ ਉਹ ਕੋਟ ਉਪਾਉ ਕਰਨ, ਦਰਗਹ ਨਹੀਂ ਸਿਝਾ ਸਕਦੇ। ਆਨਮਤੀਆਂ ਦੇ ਪੁੱਠੇ ਹੋ ਕੇ ਲਟਕਣ ਦੀਆਂ ਮਨਮਤਾਂ ਅਤੇ ਬਹੁ ਪ੍ਰਕਾਰੀ ਪੁੱਠੇ ਸਿਧੇ ਹੋਣ ਦੀਆਂ

* ਮ: ੩, ੨॥੬॥, ਵਾਰ ਵਡਹੰਸ, ਪੰਨਾ ੫੮੮

ਕਰਤੂਤਾਂ ਸਭ ਮੋਹ ਵਿਆਪੀ ਮਾਇਆ ਜਾਲ ਹੀ ਸਿਧ ਕੀਤੇ ਗਏ ਹਨ। ਸਾਰੀਆਂ ਆਨਮਤ ਭੇਖ ਦੀਆਂ ਕਰਤੂਤਾਂ ਕਰਨ ਕਰਕੇ ਜਮ ਡੰਗਣੋਂ ਨਹੀਂ ਰਹਿੰਦੇ। ਜਮ ਦਾ ਡੰਡਾ ਆਨਮਤੀ ਕਰਤੂਤਾਂ ਕਰਨ ਵਾਲਿਆਂ ਨੂੰ ਜ਼ਰੂਰ ਲਗਦਾ ਹੈ। ਵਾਹਿਗੁਰੂ-ਜਾਪ-ਭਜਨ ਕਰਨ ਵਾਲਿਆਂ ਦੇ ਜਮ ਨੇੜੇ ਨਹੀਂ ਆਉਂਦਾ। ਗੁਰਮਤਿ ਨਾਮ ਜਪਿਆਂ ਹੀ ਜਮ ਦਾ ਦੁਖ ਦੂਰ ਹੁੰਦਾ ਹੈ। ਗੁਰੂ ਨਾਨਕ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਸਹਿਜ ਸੁਭਾਇ ਹੀ ਗੁਰਮਤਿ ਨਾਮ ਲਇਆਂ ਜਮ ਦਾ ਦੁੱਖ ਭੱਜ ਜਾਂਦਾ ਹੈ। ਗੁਰਮਤਿ ਨਾਮ ਦੀ ਭਜਨ-ਕਸੌਟੀ ਬਿਨਾਂ ਤਿਲ ਮਾਤਰ ਭੀ ਜਮ ਨਹੀਂ ਮੰਨਦਾ। ਆਪਣੀ ਆਦਤ ਤੋਂ ਇਸ ਜਮ ਨੇ ਟਲਣਾ ਨਾ ਹੋਇਆ, ਆਨਮਤ ਕਰਤੂਤੀ ਕਰਮਾਂ ਦੇ ਗਲ ਪੈ ਕੇ ਹੀ ਰਹਿੰਦਾ ਹੈ।

# ੪੧. ਸੱਚਾ ਸਾਧ, ਅਪਰਸ, ਵੈਸ਼ਨੋ ਤੇ ਪੰਡਿਤ

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥
੮॥੭॥ [ਗਉ: ਸੁਖ: ਮ: ੫, ਪੰਨਾ ੨੭੨

ਅਨਮਤੀ ਹਿੰਦੂਆਂ ਦੇ ਪੁਸਤਕਾਂ ਚਹੁੰ ਵੇਦਾਂ ਨੇ ਗੁਰਮਤਿ ਨਾਮ ਦੀ ਮਹਿਮਾ ਤਾਂ ਕੀ ਜਾਨਣੀ ਸੀ, ਉਹ ਤਾਂ ਚਾਰੇ ਵੇਦ ਹੀ ਸੱਚੇ ਸਤਿਗੁਰੂ ਰੂਪੀ ਸੱਚੇ ਸਾਧ ਦੀ ਮਹਿਮਾ ਭੀ ਨਹੀਂ ਜਾਣਦੇ। ਐਵੇਂ ਸੁਣੀ ਸੁਣਾਈ ਗੱਲ ਹੀ ਜਿੰਨੀ ਕੁ ਜਾਣਦੇ ਹਨ ਤਿੰਨੀ ਕੁ ਹੀ ਵਖਿਆਣਦੇ ਹਨ। ਐਵੇਂ ਸੁਣੀ ਸੁਣਾਈ ਗੱਲ ਨੂੰ ਹੀ ਕਥਨ ਕਰਦੇ ਹਨ। ਪੂਰੇ ਤੌਰ ਤੇ ਬਿਆਨ ਨਹੀਂ ਕਰ ਸਕਦੇ, ਕਿਉਂਕਿ ਇਹ ਚਾਰੇ ਵੇਦ ਤਿੰਨਾਂ ਗੁਣਾਂ ਦੀ ਖੇਡ ਅੰਦਰ ਹੀ ਖੇਡਦੇ ਹਨ, ਚੌਥੇ ਪਦ ਤੁਰੀਆ ਗੁਣ ਦਾ ਏਹਨਾਂ ਨੂੰ ਵਕੂਫ਼ ਹੀ ਨਹੀਂ। ਗੁਰੂ ਦੀ ਉਪਮਾ (ਗੁਰੂ ਰੂਪ ਸਾਧ ਦੀ ਮਹਿਮਾ) ਤਿਹਾਂ ਗੁਣਾਂ ਤੋਂ ਅਪਰੰਪਰ ਹੈ, ਚਉਥੀ ਅਵਸਥਾ ਵਾਲੀ ਹੈ। ਐਵੇਂ ਸੁਣੀ ਸੁਣਾਈ ਕੰਨਾਂ ਵਿਚ ਪਈ ਭਿਣਕ ਏਹਨਾਂ ਦੀ ਊਰੀ ਵਾਕਫ਼ੀਅਤ ਹੈ। ਪੂਰੀ ਹਰਗਿਜ਼ ਨਹੀਂ। ਤਾਂ ਤੇ ਇਸ ਦੁਤੁਕੀ ਅੰਦਰ ਵੇਦਾਂ ਦੀ ਨਿਰੀ ਨਿਪੁੰਸਕਤਾ ਹੀ ਸਿਧ ਹੁੰਦੀ ਹੈ। ਤੁਰੀਆ ਗੁਣੀ ਅਵਸਥਾ ਦਾ ਵੇਦਾਂ ਨੂੰ ਰਾਈ ਮਾਤਰ ਭੀ ਪਤਾ ਨਹੀਂ

ਸੁਖਮਨੀ ਸਾਹਿਬ ਜੀ ਦੀ ਨੌਵੀਂ ਅਸ਼ਟਪਦੀ ਦੀਆਂ ਪਹਿਲੀਆਂ ਚਹੁੰਆਂ ਪਉੜੀਆਂ ਅੰਦਰ ਸੱਚੇ ਅਪਰਸ, ਸੱਚੇ ਵੈਸ਼ਨੋ, ਸੱਚੇ ਭਗਉਤੀ ਅਤੇ ਸੱਚੇ ਪੰਡਿਤ ਦੀ ਅਸਲ ਤੇ ਗੁਰਮਤਿ ਡੈਫ਼ੀਨੀਸ਼ਨ ਦਰਜ ਹੈ। ਆਨਮਤ ਭੇਖ ਦਾ ਨਾ ਕੋਈ ਅਪਰਸ, ਨਾ ਕੋਈ ਵੈਸ਼ਨੋ, ਨਾ ਕੋਈ ਭਗਉਤੀ ਤੇ ਨਾ ਹੀ ਕੋਈ ਪੰਡਿਤ ਕਹਾ ਸਕਦਾ ਹੈ। ਸਭ ਝੂਠੇ ਪੰਡਿਤ, ਝੂਠੇ ਭਗਉਤੀਏ, ਝੂਠੇ ਵੈਸ਼ਨੋ ਤੇ ਝੂਠੇ

ਅਪਰਸ ਹੀ ਹਨ, ਐਵੇਂ ਆਨਮਤ ਭੇਖ ਦੇ ਪਸੂ ਕਰਤੂਤੀਏ ਪਾਖੰਡੀ ਮਾਨੁਖ ਹਨ। ਗੁਰਮਤਿ ਅੰਦਰ ਏਹਨਾਂ ਪਖੰਡੀਆਂ ਨੂੰ ਕੋਈ ਭੀ ਥਾਉਂ ਨਹੀਂ। ਏਹਨਾਂ ਚਹੁੰਆਂ ਪਉੜੀਆਂ ਅੰਦਰ ਗੁਰੂ ਸੱਚੇ ਪਾਤਸ਼ਾਹ ਨੇ ਭਲੀ ਬਿਧਿ ਦਰਸਾ ਦਿਤਾ ਹੈ ਕਿ ਗੁਰਮਤਿ ਅਨੁਸਾਰ ਸੱਚਾ ਅਪਰਸ ਉਹ ਹੈ ਜੋ ਰਸਨਾ ਦੁਆਰਾ ਮਿਥਿਆ ਝੂਠੀ ਬਾਤ ਕਥਦਾ ਹੀ ਨਹੀਂ। ਗੁਰਮਤਿ ਨਾਮ ਤੋਂ ਬਿਨਾਂ ਹੋਰ ਝੂਠੀ ਬਾਤ ਨੂੰ ਉਹ ਜੀਭ ਨਾਲ ਛੋਹਣ ਤਕ ਨਹੀਂ ਦਿੰਦਾ। ਉਸ ਦੇ ਮਨ ਅੰਦਰ ਕੇਵਲ ਨਿਰੰਜਨ ਦੇ ਨਿਰੰਕਾਰੀ ਦਰਸ਼ਨ ਦੀ ਪ੍ਰੀਤ ਖੁਭੀ ਰਹਿੰਦੀ ਹੈ। ਗੁਰਮਤਿ ਅਪਰਸ ਜਨ ਨੇਤਰ ਕਰਕੇ ਪਰਾਈ ਇਸਤ੍ਰੀ ਦਾ ਰੂਪ ਪੇਖਦਾ ਹੀ ਨਹੀਂ। ਸਦਾ ਹੀ ਉਸ ਦਾ ਸਚਾ ਹੇਤ, ਪ੍ਰੇਮ ਪਿਆਰ ਸੰਤਾਂ ਦੀ ਸੰਗਤ ਨਾਲ ਹੀ ਰਹਿੰਦਾ ਹੈ। ਸੰਤ ਸਾਧ ਭੀ ਓਹ ਜੋ ਗੁਰੂ ਘਰ ਦੇ ਨਾਮ ਰਸੀਏ ਗੁਰਮੁਖਿ ਜਨ ਹੋਣ। ਉਹਨਾਂ ਦੀ ਟਹਿਲ ਹੀ ਸੱਚੇ ਅਪਰਸ ਜਨ ਨੂੰ ਭਾਉਂਦੀ ਹੈ। ਕੰਨਾਂ ਕਰਕੇ ਉਹ ਕਿਸੇ ਦੀ ਭੀ ਨਿੰਦਾ ਨਹੀਂ ਸੁਣਦਾ। ਸਭ ਤੋਂ ਆਪਣੇ ਆਪ ਨੂੰ ਮੰਦਾ ਸਮਝਦਾ ਹੈ। ਜੈਸੇ ਗੁਰਵਾਕ ਹੈ "ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ।"† ਸਤਿਗੁਰੂ ਦੀ ਅਪਾਰ ਮੇਹਰ ਪ੍ਰਸਾਦਨੀ ਕਿਰਪਾ ਦੁਆਰਾ ਨਾਮ ਤੋਂ ਛੁਟ ਹੋਰ ਦ੍ਰਿਸ਼ਟਮਾਨ ਤ੍ਰੈਗੁਣੀ ਸਮੱਗਰੀ ਬਿਖ ਰੂਪ ਕਰਕੇ ਜਾਣਦਾ ਹੈ ਤੇ ਬਿਖਿਆ ਸਮਝ ਕੇ ਉਸ ਦਾ ਮਨੋਂ ਤਨੋਂ ਉੱਕਾ ਤਿਆਗ ਕਰ ਦਿੰਦਾ ਹੈ। ਇਸ ਕਰਕੇ ਉਸ ਦੀਆਂ ਮਨ ਦੀਆਂ ਸਾਰੀਆਂ ਵਾਸ਼ਨਾਵਾਂ, ਤ੍ਰਿਸ਼ਨਾਮਈ ਸੰਕਲਪ ਵਿਕਲਪ ਫੁਰਨੇ ਕੁਫੁਰਨੇ ਉਸ ਦੇ ਮਨ ਤੋਂ ਹੀ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਉਹ ਇੰਦਰੇ ਜਿਤਣ ਵਾਲਾ ਹੋ ਜਾਂਦਾ ਹੈ ਅਤੇ ਕਾਮ ਆਦਿਕਾਂ ਦੇ ਅਸਰਾਂ ਤੋਂ, ਪੰਚ ਦੋਖਾਂ ਤੋਂ, ਸਦਾ ਰਹਿਤ ਹੀ ਰਹਿੰਦਾ ਹੈ। ਕ੍ਰੋੜਾਂ ਵਿਚੋਂ ਕੋਈ ਇਕ ਅੱਧ ਹੀ ਐਸਾ ਅਪਰਸ ਹੁੰਦਾ ਹੈ। ਓਹ ਕ੍ਰੋੜਾਂ ਮਧੇ ਅਪਰਸ ਕੇਵਲ ਗੁਰਮੁਖਿ ਜਨ ਹੀ ਹੁੰਦਾ ਹੈ, ਜਿਸ ਨੂੰ ਗੁਰਮਤਿ ਤੋਂ ਹੀ ਸੱਚੀ ਸੁਮਤਿ ਆਉਂਦੀ ਹੈ। ਕਾਦਰ ਦੀ ਅਰਬਾਂ ਖ਼ਰਬਾਂ ਦੀ ਗਿਣਤੀ ਵਾਲੀ ਕੁਦਰਤ ਅਤੇ ਅਨਗਿਣਤ ਖੰਡਾਂ ਬ੍ਰਹਿਮੰਡਾਂ ਦੇ ਵਸਨੀਕਾਂ ਮਨੁੱਖਾਂ ਦੇ ਮੁਕਾਬਲੇ ਵਿਚ ਇਹ ਮੱਧ ਕੋਟੀ ਵਾਲੀ ਗਿਣਤੀ ਇਥੇ ਗਿਣੀ ਗਈ ਹੈ। ਇਸ ਸਾਰੀ ਅਰਬ ਖ਼ਰਬੀ ਕਾਇਨਾਤ ਵਿਚੋਂ, ਮਨੁਖੀ ਵਸੋਂ ਵਿਚੋਂ ਗੁਰੂ ਘਰ ਵਿਖੇ ਹੀ ਚੁਣ-ਕਢੇ ਲਧੋਵਾਰੇ ਪੂਰਬਲੇ ਕਰਮਾਂ ਅਨੁਸਾਰ ਆ ਕੇ ਵਸਦੇ ਹਨ। ਗੁਰੂ ਘਰ ਵਾਸਤਵ ਵਿਚ ਏਹਨਾਂ ਕੋਟ ਮਧੀਸ਼ਰੀ ਸ਼ਰੇਣੀ ਵਿਖੇ ਚੁਣੇ ਗਏ ਗੁਰਮੁਖਿ ਵਿਰਲੀਸ਼ਰਾਂ ਦਾ ਸਮੁਦਾਇ ਹੀ ਹੈ "ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ"।* ਗੁਰਮੁਖਿ ਜਨ ਅਗਾਧ ਕਰਮਗਤੀ ਅਨੁਸਾਰ ਗੁਰੂ ਘਰ ਰੂਪੀ ਗੁਰਮੁਖਿ ਮੰਡਲ ਵਿਚ ਜਾ ਕੇ ਹੀ ਵਾਸਾ ਪਾਉਂਦੇ ਹਨ। ਤਾਂ ਤੇ ਇਹ ਗੱਲ ਕੋਈ ਅਣਹੋਣੀ

---

† ਮਾਰੂ ਮ: ੧, ੪॥੭॥ ਪੰਨਾ ੯੯੧
* ਪਉੜੀ ੧, ਗਉੜ ਕੀ ਵਾਰ ਮ: ੪, ਪੰਨਾ ੩੦੬

ਨਹੀਂ ਕਿ ਕੋਟਿ ਮਧੇ ਵਾਲੀ ਗਿਣਤੀ ਅਨੁਸਾਰ ਕੇਵਲ ਗੁਰੂ ਘਰ ਦੇ ਵਿਰਲੇ ਚੋਣੀਸਰਾਂ ਦਾ ਚੋਣ ਹੀ ਮੁਖ ਰਖਿਆ ਗਿਆ ਹੈ।

ਗੁਰਮਤਿ ਅਨੁਸਾਰ ਸੱਚਾ ਬੈਸਨੋ ਸੋ ਹੈ ਜਿਸ ਦੇ ਉਪਰ ਵਾਹਿਗੁਰੂ ਦੀ ਸੱਚੀ ਪ੍ਰਸੰਨਤਾ ਹੋਵੇ। ਇਸ ਸੁਪ੍ਰਸੰਨਤਾ ਕਰਕੇ ਸਦਾ ਹੀ ਮਾਇਆ ਤੋਂ ਭਿੰਨ ਅਰਥਾਤ ਸੁਤੇ ਹੀ ਨਿਰਲੇਪ ਰਹਿੰਦਾ ਹੈ। ਐਸੇ ਵੈਸ਼ਨੋ ਨੂੰ ਤ੍ਰੈਗੁਣੀ ਕਰਮ ਕਰਨ ਦਾ ਲੇਪ ਛੇਪ ਭੀ ਨਹੀਂ ਲਗਦਾ, ਕਿਉਂਕਿ ਉਹ ਸਦਾ ਨੇਕ-ਕਰਮ ਕਰਣੀ ਕਮਾਉਂਦਾ ਹੈ (ਭਾਵ.ਨਾਮ ਜਪਦਾ ਹੈ)। ਨੇਕ-ਕਰਮੀ ਸੋ ਹੈ ਜੋ ਕੀਤੇ ਕੰਮ ਦਾ ਫਲ ਮੰਗਣ ਵਾਲਾ ਨ ਹੋਵੇ। ਐਸੇ ਗੁਰਮਤਿ ਵੈਸ਼ਨੋ ਦਾ ਨਿਰਾਲਾ ਧਰਮ ਹੈ। ਤਾਂ ਤੇ ਖਾਲਸਈ ਖਾਲਸ ਧਰਮ ਵਾਲੇ ਹੀ ਸੱਚੇ ਵੈਸ਼ਨੋ ਹਨ। ਐਸਾ ਗੁਰਮੁਖਿ ਵੈਸ਼ਨੋ ਜਨ ਕਿਸੇ ਪ੍ਰਕਾਰ ਦੀ ਫਲ ਦੀ ਇੱਛਾ ਹੀ ਨਹੀਂ ਬਾਂਛਦਾ। ਕੇਵਲ ਵਾਹਿਗੁਰੂ ਦੀ ਭਗਤੀ ਅਤੇ ਸਿਫਤਿ ਸਾਲਾਹ ਰੂਪੀ ਕੀਰਤਨ ਵਿਖੇ ਹੀ ਜੁਟਿਆ ਰਚਿਆ ਰਹਿੰਦਾ ਹੈ। ਉਸ ਦੇ ਮਸਤਕ ਅੰਦਰ ਗੋਪਾਲ ਦਾ ਸਿਮਰਨ ਹੀ ਰੋਮ ਰੋਮ ਕਰਕੇ ਵਸਿਆ ਰਸਿਆ ਰਹਿੰਦਾ ਹੈ।

ਐਸੇ ਗੁਰਮੁਖਿ ਵੈਸ਼ਨੋ ਜਨ ਦੀ ਕਿਸੇ ਉਪਰ ਭੀ ਕਦੇ ਕਰੂਰ ਦ੍ਰਿਸ਼ਟੀ ਨਹੀਂ ਹੁੰਦੀ, ਸਭ ਉਪਰ ਮੇਹਰ ਦ੍ਰਿਸ਼ਟੀ ਨਾਲ ਹੀ ਦੇਖਦਾ ਹੈ, ਸਭ ਨੂੰ ਗੁਰਮਤਿ ਨਾਮ ਅਭਿਆਸ ਦੇ ਜੀਆ ਦਾਨ ਰੂਪੀ ਪਰਉਪਕਾਰ ਦਾਇਰੇ ਅੰਦਰਿ ਲਿਆਉਣ ਦੀ ਕਿਰਪਾਲਤਾ ਭਰੀ ਦ੍ਰਿਸ਼ਟੀ ਰਖਦਾ ਹੈ। ਪ੍ਰਿਥਮੇ ਆਪਣੇ ਆਪ ਨੂੰ ਹੀ ਪਰਬੋਧਦਾ, ਗੁਰਮਤਿ ਨਾਮ ਦ੍ਰਿੜ੍ਹ ਕਰਦਾ ਹੈ ਤੇ ਦ੍ਰਿੜ੍ਹ ਕਰਕੇ ਗੁਰਮਤਿ ਨਾਮ ਦਾ ਅਭਿਆਸ ਕਮਾਉਂਦਾ ਹੈ। ਖ਼ੁਦ ਕਮਾਈ ਕਰਕੇ ਹੋਰਨਾਂ ਨੂੰ ਭੀ ਨਾਮ ਜਪਣ ਦੀ ਰਸਾਈ ਵਲ ਪ੍ਰੇਰਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਐਸਾ ਗੁਰਮਤਿ ਨਦਰੀ ਗੁਰਮੁਖਿ ਵੈਸ਼ਨੋ ਜਨ ਉੱਚੀ ਤੋਂ ਉੱਚੀ ਕਲਿਆਣ ਗਤੀ ਨੂੰ ਪ੍ਰਾਪਤ ਹੁੰਦਾ ਹੈ।

ਆਨਮਤੀ ਭਗਉਤੀਏ ਉਹ ਹਨ ਜੋ ਲੋਗ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਆਦਿ ਦੀ ਪੂਜਾ ਵਿਚ ਲਗੇ ਹੋਏ ਰਾਸਾਂ ਪਾਉਣ ਵਿਚ ਹੀ ਪਰਵਿਰਤ ਰਹਿੰਦੇ ਹਨ ਅਤੇ ਨੱਚਣ ਕੁੱਦਣ ਕਰਕੇ ਹੀ ਆਪਣੀ ਭਗਤੀ-ਪਖੰਡ ਨੂੰ ਜ਼ਾਹਰ ਕਰਦੇ ਹਨ। ਆਨਮਤੀਆਂ ਅੰਦਰ ਅਜਿਹੀ ਹੋਛੀ ਭਗਤੀ ਮਾਰਗ ਦੇ ਮੰਨਣ ਵਾਲਾ ਇਹ ਇਕ ਹੋਛਾ ਫਿਰਕਾ ਹੈ, ਜਿਸ ਨੂੰ ਭਗਉਤੀ ਦੇ ਨਾਮ ਨਾਲ ਅੰਕਤਾਇਆ ਗਿਆ ਹੈ। ਗੁਰਮਤਿ ਅਨੁਸਾਰ ਸੱਚਾ ਭਗਉਤੀਆ ਉਹ ਪੁਰਸ਼ ਜਗਿਆਸੂ ਜਨ ਹੈ ਜਿਸ ਨੂੰ ਵਾਹਿਗੁਰੂ ਭਗਵੰਤ ਦੀ ਭਗਤੀ ਦਾ ਗੂੜ੍ਹਾ ਮਜੀਠੀ ਰੰਗ ਸਦਾ ਚੜ੍ਹਿਆ ਰਹੇ। ਐਸਾ ਸਚੜਾ ਗੁਰਮੁਖਿ ਭਗਉਤੀ ਜਨ ਪਸ਼ੂ ਕਰਤੂਤੀਏ ਦੁਸ਼ਟਾਂ ਦਾ ਕੁਸੰਗ ਸਦਾ ਹੀ ਤਿਆਗੀ ਰਖਦਾ ਹੈ। ਸੱਚੇ ਗੁਰਮਤਿ ਭਗਉਤੀਏ ਮਹਾਂ ਪੁਰਸ਼ ਦੇ ਮਨ ਤੋਂ ਕੇਵਲ ਗੁਰਮਤਿ ਨਾਮ ਤੋਂ ਬਿਨਾਂ ਹੋਰ ਸਗਲੀ ਉਪਾਸ਼ਨਾ ਦਾ ਭਰਮ ਉੱਕਾ ਹੀ

ਮਿਟ ਜਾਂਦਾ ਹੈ । ਨਾਮ ਦਾ ਗੂੜ੍ਹਾ ਰੰਗ ਚੜ੍ਹਨ ਕਰਕੇ ਉਸ ਦੀ ਦਿਬ ਦ੍ਰਿਸ਼ਟੀ ਅੰਦਰ ਪਾਰਬ੍ਰਹਮ ਹੀ ਪਾਰਬ੍ਰਹਮ ਨਜ਼ਰ ਆਉਂਦਾ ਹੈ, ਇਸ ਕਰਕੇ ਉਹ ਨਿਰੋਲ ਨਿਰੰਕਾਰ ਪਾਰਬ੍ਰਹਮ ਦਾ ਹੀ ਪੁਜਾਰੀ, ਸੱਚਾ ਗੁਰਮਤਿ ਪੁਜਾਰੀ ਬਣਿਆ ਰਹਿੰਦਾ ਹੈ। ਉਹ ਗੁਰਮਤਿ ਸਤਿਸੰਗ ਮੰਡਲ ਵਿਖੇ ਹੀ ਸਦਾ ਵਾਸਾ ਰਖਣ ਕਰਕੇ, ਸਗਲ ਪਾਪਾਂ ਦੀ ਮੈਲ ਨੂੰ ਆਪਣੇ ਤਨ ਮਨ ਵਿਚੋਂ ਖੋ ਦਿੰਦਾ ਹੈ। ਐਸੇ ਗੁਰਮਤਿ ਭਗਉਤੀ ਦੀ ਮਤਿ ਸਦਾ ਹੀ ਉਜਲੀ ਅਤੇ ਸਰਬੋਤਮ ਹੁੰਦੀ ਹੈ। ਉਹ ਨਿਤਾਪ੍ਰਤਿ ਗੁਰਮਤਿ ਨਾਮ ਦਾ ਸੁਆਸ ਗਿਰਾਸੀ ਅਭਿਆਸੀ ਹੋਣ ਕਰਕੇ ਵਾਹਿਗੁਰੂ ਭਗਵੰਤ ਦਾ ਟਹਿਲੀਆ ਬਣਿਆ ਰਹਿੰਦਾ ਹੈ। ਆਪਣਾ ਤਨ ਤੇ ਮਨ ਵਾਹਿਗੁਰੂ ਦੇ ਪ੍ਰੀਤ-ਪ੍ਰੇਮ ਦੀ ਭੇਟਾ ਹੀ ਕਰ ਦਿੰਦਾ ਹੈ। ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਹਰਦਮ ਹਿਰਦੇ ਅੰਦਰ ਵਸਾਈ ਰਖਦਾ ਹੈ। ਗੁਰਮਤਿ ਰਸੀਅੜਾ ਐਸਾ ਭਗਉਤੀ ਜਨ ਹੀ ਭਗਵੰਤ (ਵਾਹਿਗੁਰੂ) ਨੂੰ ਪਾਵਣਹਾਰਾ ਹੁੰਦਾ ਹੈ। ਉਪਰ ਦੱਸੀ ਗੁਰਮਤਿ ਭਗਉਤੀ ਜਨ ਦੀ ਵਿਸਥਾਰ ਪੂਰਬਕ ਸੱਚੀ ਮਹਿਮਾ ਮਈ ਗੁਰਮਤਿ ਡੈਫ਼ੀਨੀਸ਼ਨ ਹੈ।

ਗੁਰਮਤਿ ਅਨੁਸਾਰ ਸੱਚਾ ਪੰਡਿਤ ਉਹ ਹੈ ਜੋ ਗੁਰਮਤਿ-ਕਸੌਟੀ ਤੇ ਲਗਾ ਕੇ ਆਪਣਾ ਮਨ ਪਰਬੋਧਦਾ ਹੈ ਅਤੇ ਆਪਣੀ ਆਤਮਾ ਵਿਖੇ ਰਮ ਰਹੇ ਵਾਹਿਗੁਰੂ ਦੀ ਦ੍ਰਿੜ੍ਹ ਕਰ ਕੇ ਸੋਧਨਾ ਸਾਧਦਾ ਹੈ। ਵਾਹਿਗੁਰੂ ਦੇ ਸਰਬੱਤਰ ਰਮ ਰਹੇ ਨਾਮ ਦਾ ਤੱਤ ਸਾਰ ਰੂਪੀ ਰਸ ਸਦਾ ਹੀ ਪੀਂਦਾ ਰਹਿੰਦਾ ਹੈ। ਐਸੇ ਗੁਰਮਤਿ ਗੀਧੇ ਪੰਡਿਤ ਦੇ ਉਪਦੇਸ਼ ਅਨੁਸਾਰ ਚਲਣਹਾਰਾ ਸਾਰਾ ਜਗ ਜੀਉਂਦਾ ਜਾਗਦਾ ਹੋ ਜਾਂਦਾ ਹੈ। ਉਸ ਦੀ ਨਜ਼ੀਰ ਮਿਸਾਲ ਹੀ ਉਪਦੇਸ਼ ਰੂਪ ਹੁੰਦੀ ਹੈ। ਉਸ ਨੂੰ ਮੁਖੋਂ ਕੂੜਾਵੇ ਉਪਦੇਸ਼ਕ ਵਾਂਗੂੰ ਕੂੜਾ ਉਪਦੇਸ਼ ਕਰਨ ਦੀ ਧਤ (ਵਾਦੀ) ਨਹੀਂ ਹੁੰਦੀ। ਚੰਨਣ ਬਿਰਖ ਦੀ ਨਿਆਈਂ ਉਸ ਦੇ ਜੀਵਨ ਦੀ ਮਹਿਕ ਐਸੀ ਮਹਿਕ ਉਠਦੀ ਹੈ ਕਿ ਮਹਿਕ ਮਹਿਕ ਹੋ ਆਪਣਾ ਸਾਰਾ ਉਦਾਲਾ ਪੁਦਾਲਾ ਚੰਦਨ ਰੂਪ ਹੀ ਬਣਾ ਲੈਂਦਾ ਹੈ। ਵਾਹਿਗੁਰੂ ਨਾਮ ਦੇ ਅਭਿਆਸ ਰੂਪੀ ਸਚੜੀ ਕਥਾ ਨੂੰ ਹਿਰਦੇ ਅੰਦਰ ਸੁਆਸ ਸੁਆਸ ਹੀ ਵਸਾਈ ਰਖਦਾ ਹੈ। ਹੋਰ ਚੁੰਚ ਕਥਾ ਕਥੌਲੀ ਕਰਨ ਦੀ ਉਸ ਨੂੰ ਲੋੜ ਨਹੀਂ। ਗੁਰਮਤਿ ਨਾਮ ਅਭਿਆਸ ਰੂਪੀ ਕਥਾ ਨੂੰ ਸਦਾ ਹਿਰਦੇ ਵਿਚ ਵਸਾਈ ਰਖਣ ਵਾਲਾ ਪੰਡਿਤ ਫਿਰ ਮੁੜ ਕੇ ਚੁਰਾਸੀ ਦੇ ਗੇੜ ਵਿਚ ਨਹੀਂ ਪੈਂਦਾ, ਗਰਭ ਜੋਨ ਵਿਖੇ ਕਦੇ ਨਹੀਂ ਆਉਂਦਾ, ਸੁਤੇ ਸੁਭਾਵ ਹੀ ਬੇਦ ਪੁਰਾਨ ਸਿਮ੍ਰਿਤੀਆਂ ਦਾ ਮੂਲ ਬੂਝਣ ਵਾਲਾ ਹੁੰਦਾ ਹੈ। ਗੁਰਮਤਿ ਨਾਮ ਦੀ ਕਲਾ ਦੁਆਰਾ ਉਸ ਦੇ ਅੰਦਰ ਇਸ ਮੂਲ ਦੇ ਬੁਝਣ ਦੀ ਸੁਤੇ ਸੂਝ ਹੁੰਦੀ ਹੈ। ਸਚੜੇ ਗੁਰੂ ਸਤਿਗੁਰੂ ਦੀ ਕਿਰਪਾ ਕਟਾਖਸ਼ ਦੁਆਰਾ ਮੂੜ੍ਹ ਮੁਗਧਾਂ ਉਪਰ ਭੀ ਅਜਿਹੀ ਕਲਾ ਵਰਤ ਜਾਂਦੀ ਹੈ ਕਿ ਓਹਨਾਂ ਨੂੰ ਸੁਤੇ ਸੁਭਾਵ ਹੀ ਵੇਦਾਂ ਸਿਮ੍ਰਿਤੀਆਂ ਦੀ ਇਕ ਫੋਰੇ ਵਿਚ ਹੀ ਸੁਤੇ ਸੋਝੀ ਹੋ ਜਾਂਦੀ ਹੈ, ਜੈਸੇ ਕਿ ਸ੍ਰੀ ਪੰਜੋਖਰਾ ਸਾਹਿਬ ਵਿਖੇ ਸਿਰੀ ਗੁਰੂ ਹਰਿਕ੍ਰਿਸ਼ਨ

ਸਾਹਿਬ ਜੀ ਨੇ ਕਲਾ-ਕ੍ਰਿਸ਼ਮੀ ਛਿਟੀ ਲਾ ਕੇ ਇਕ ਮੂੜ੍ਹ ਮੁਗਧ ਨਿਰੇ ਅਨਪੜ੍ਹ ਪੁਰਸ਼ ਨੂੰ ਸਪਤ ਸਲੋਕੀ ਗੀਤਾ ਦਾ ਤੱਤ ਗਿਆਤਾ ਬਣਾ ਦਿਤਾ ਸੀ; ਜਿਸ ਨੇ ਗੁਰੂ ਕਲਾ ਵਰਤਣ ਦੇ ਪਰਤਾਪ ਨਾਲ ਸੰਸਕ੍ਰਿਤ ਵਿਖੇ ਲਿਖੀ ਸਪਤ ਸਲੋਕੀ ਗੀਤਾ ਦਾ ਅਰਥ ਬੋਧਨੀ ਟੀਕਾ ਕਰਕੇ ਅਭਿਮਾਨੀ ਅਤੇ ਆਨਮਤੀ ਪੰਡਿਤ ਨੂੰ ਪਰਤੱਖ ਦਿਖਾਇਆ । ਇਸ ਕਰਕੇ ਉਕਤ ਆਨਮਤੀ ਅਗਿਆਨੀ ਪੰਡਿਤ ਤੱਤਕਾਲ ਹੀ ਗੁਰਮਤਿ ਦਾ ਧਾਰਨੀ ਹੋ ਗਿਆ। ਕਲਾਧਾਰੀ ਸਤਿਗੁਰ ਦੀ ਨਦਰ ਸਵੱਲੀ ਹੋਣ ਕਰਕੇ ਆਨਮਤ ਮਤਿ ਅਵਲੰਬੀ ਭਗਤਾਂ ਭੱਟਾਂ ਉਤੇ ਭੀ ਇਹ ਕਲਾ ਵਰਤ ਗਈ। ਜਿਸ ਗੁਰੂ ਕਲਾ ਦੇ ਵਰਤਣ ਕਰਕੇ ਉਹਨਾਂ ਦੇ ਮੁਖੋਂ ਉਚਾਰੀ ਬਾਣੀ ਗੁਰਮਤਿ ਕਲਾ ਵਾਲੀ ਗੁਰਬਾਣੀ ਹੀ ਕਹਾਉਂਦੀ ਹੈ । ਉਹ ਮੂੜ੍ਹ ਮੁਗਧ ਅਗਿਆਨੀ ਪੁਰਸ਼ ਹੀ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਆਈ ਭਗਤਾਂ ਭੱਟਾਂ ਦੇ ਨਾਮ ਵਾਲੀ ਬਾਣੀ ਨੂੰ ਗੁਰਬਾਣੀ ਨਹੀਂ ਸਮਝਦੇ। ਤਾਂ ਤੇ ਗੁਰੂ ਕਲਾ ਦਾ ਪਾਤਰ ਹਰੇਕ ਗੁਰਮੁਖਿ ਜਨ ਵੇਦਾਂ ਸਿਮ੍ਰਿਤੀਆਂ ਦਾ ਤੱਤ-ਬੇਤਾ ਸੱਚਾ ਪੰਡਿਤ ਆਪਣੇ ਦਿੱਬ ਦ੍ਰਿਸ਼ਟੀ ਵਾਲੇ ਸੂਖਮ ਮੰਡਲ ਵਿਚਿ ਸਾਰੀ ਚਰਾਚਰ ਅਸਥੂਲ ਰਚਨਾ ਨੂੰ ਪਰਤੱਖ ਪੇਖਦਾ ਹੈ। ਗੁਰਮਤਿ ਅਨੁਸਾਰ ਸੱਚਾ ਪੰਡਿਤ ਸੋ ਹੈ ਜੋ ਸਾਰੇ ਵਰਨਾਂ ਆਸ਼ਰਮਾਂ ਨੂੰ ਇਕੋ ਸਮ-ਦ੍ਰਿਸ਼ਟੀ ਨਾਲ ਵੇਖਦਾ ਹੈ। ਚਹੁੰਆਂ ਵਰਨਾਂ ਨੂੰ ਹੀ ਗੁਰ-ਮਤਿ ਉਪਦੇਸ਼ ਦੀਖਿਆ ਦਾ ਪਾਤਰ ਸਮਝ ਕੇ ਗੁਰਦੀਖਿਆ ਉਪਦੇਸ਼ ਸਭ ਨੂੰ ਸਾਂਝਾ ਹੀ ਦਿੰਦਾ ਹੈ। ਆਨਮਤੀ ਪੰਡਿਤਾਂ ਵਾਂਗੂ ਇਸ ਉਪਦੇਸ਼ ਰੂਪੀ ਸਾਂਝੀ-ਵਾਲਤਾ ਤੋਂ ਬ੍ਰਾਹਮਣਾਂ ਤੋਂ ਬਿਨਾਂ ਛਤਰੀ, ਸੂਦਰ, ਵੈਸ਼ ਆਦਿਕਾਂ ਨੂੰ ਇਸ ਗੁਰ ਦੀਖਿਆ ਤੋਂ ਵਾਂਝੇ ਨਹੀਂ ਰਖਦਾ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਨਿਰੋਲ ਗੁਰਮਤਿ ਧਾਰਨੀ ਪੰਡਿਤ ਨੂੰ ਸਾਡੀ ਸਦਾ ਹੀ ਆਦੇਸ (ਨਮਸਕਾਰ) ਹੈ। ਗੁਰਮਤਿ ਅਨੁਸਾਰ ਗੁਰਮੰਤਰ ਦੀਖਿਆ ਰੂਪੀ ਤੱਤ ਗਿਆਨ ਸਾਰਿਆਂ ਲਈ ਸਾਂਝਾ ਹੈ। ਕੋਈ ਭੀ ਇਸਤ੍ਰੀ ਪੁਰਸ਼ ਇਸ ਤੋਂ ਵਾਂਝਾ ਨਹੀਂ। ਗੁਰ-ਦੀਖਿਆ-ਗੁਰਮੰਤਰ ਦੇ ਦਾਇਰੇ ਵਿਚ ਆਉਣ ਲਈ ਸਾਰਿਆਂ ਨੂੰ ਇਕੋ ਜਿਹਾ ਅਧਿਕਾਰ ਹੈ, ਚਹੁੰਆਂ ਵਰਨਾਂ ਵਿਚੋਂ ਭਾਵੇਂ ਕੋਈ ਨਾਮ ਜਪੇ, ਯਥਾ ਗੁਰਵਾਕ—

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ ॥੧੭॥

[ਥਿਤੀ ਗਉ: ਮ: ੫, ਪੰਨਾ ੩੫੦

ਤਥਾ—ਖਤਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੫੦॥

[ਸੂਹੀ ਮ: ੫, ਪੰਨਾ ੭੪੭

**ਐਸੇ ਗੁਰਮਤਿ ਗਿਆਨ ਦੇ ਤੱਤ-ਬੇਤਾ ਪੰਡਿਤ ਸਚੜੇ ਗੁਰਮੁਖਿ ਜਨ ਪਰਮਾਤਮ - ਦਰਸੀ ਤੱਤ ਗਿਆਨੀ ਗੁਰੂ ਘਰ ਵਿਖੇ ਹੀ ਪਾਏ ਜਾਂਦੇ ਹਨ। ਯਥਾ ਗੁਰ ਪ੍ਰਮਾਣ—**

ਮਿਥਿਆ ਨਾਹੀ ਰਸਨਾ ਪਰਸ ॥ ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥
ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ ॥ ਸਾਧ ਕੀ ਟਹਲ ਸੰਤ ਸੰਗਿ ਹੇਤ ॥
ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਸਭ ਤੇ ਜਾਨੈ ਆਪਸ ਕਉ ਮੰਦਾ ॥
ਗੁਰ ਪ੍ਰਸਾਦਿ ਬਿਖਿਆ ਪਰਹਰੈ ॥ ਮਨ ਕੀ ਬਾਸਨਾ ਮਨ ਤੇ ਟਰੈ ॥
ਇੰਦ੍ਰੀਜਿਤ ਪੰਚ ਦੋਖ ਤੇ ਰਹਤ ॥ ਨਾਨਕ ਕੋਟਿ ਮਧੇ ਕੋ ਐਸਾ ਅਪਰਸ ॥੧॥
ਬੈਸਨੋ ਸੋ ਜਿਸੁ ਊਪਰਿ ਸੁਪ੍ਰਸੰਨ ॥ ਬਿਸਨ ਕੀ ਮਾਇਆ ਤੇ ਹੋਇ ਭਿੰਨ ॥
ਕਰਮ ਕਰਤ ਹੋਵੈ ਨਿਹਕਰਮ ॥ ਤਿਸੁ ਬੈਸਨੋ ਕਾ ਨਿਰਮਲ ਧਰਮ ॥
ਕਾਹੂ ਫਲ ਕੀ ਇਛਾ ਨਹੀ ਬਾਛੈ ॥ ਕੇਵਲ ਭਗਤਿ ਕੀਰਤਨ ਸੰਗਿ ਰਾਚੈ ॥
ਮਨ ਤਨ ਅੰਤਰਿ ਸਿਮਰਨ ਗੋਪਾਲ ॥ ਸਭ ਊਪਰਿ ਹੋਵਤ ਕਿਰਪਾਲ ॥
ਆਪਿ ਦ੍ਰਿੜੈ ਅਵਰਹ ਨਾਮੁ ਜਪਾਵੈ ॥ ਨਾਨਕ ਓਹੁ ਬੈਸਨੋ ਪਰਮ ਗਤਿ ਪਾਵੈ॥੨॥
ਭਗਉਤੀ ਭਗਵੰਤ ਭਗਤਿ ਕਾ ਰੰਗੁ ॥ ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲਾ ਭਰਮੁ ॥ ਕਰਿ ਪੂਜੈ ਸਗਲ ਪਾਰਬ੍ਰਹਮੁ ॥
ਸਾਧ ਸੰਗਿ ਪਾਪਾ ਮਲੁ ਖੋਵੈ ॥ ਤਿਸੁ ਭਗਉਤੀ ਕੀ ਮਤਿ ਊਤਮ ਹੋਵੈ ॥
ਭਗਵੰਤ ਕੀ ਟਹਲ ਕਰੈ ਨਿਤ ਨੀਤਿ ॥ ਮਨੁ ਤਨੁ ਅਰਪੈ ਬਿਸਨ ਪਰੀਤਿ ॥
ਹਰਿ ਕੇ ਚਰਨ ਹਿਰਦੈ ਬਸਾਵੈ॥ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥੩॥
ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥
ਰਾਮ ਨਾਮ ਸਾਰੁ ਰਸੁ ਪੀਵੈ ॥ ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥
ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥ ਸੂਖਮ ਮਹਿ ਜਾਨੈ ਅਸਥੂਲੁ ॥
ਚਹੁ ਵਰਨਾ ਕਉ ਦੇ ਉਪਦੇਸੁ ॥ ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥੪॥
ਬੀਜ ਮੰਤ੍ਰ ਸਰਬ ਕੋ ਗਿਆਨੁ ॥ ਚਹੁ ਵਰਨਾ ਮਹਿ ਜਪੈ ਕੋਊ ਨਾਮੁ ॥੫॥੯॥
[ਗਉ: ਸੁਖ: ਮ: ੫, ਪੰਨਾ ੨੭੪

ਏਹਨਾਂ ਦੋਹਾਂ ਪਿਛਲੇਰੀਆਂ ਤੁਕਾਂ ਲਈ ਦੇਖੋ 'ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਨਾਮੇ ਪੁਸਤਕ ।

# ੪੨. ਵੇਦਾਂ ਪੁਰਾਣਾਂ ਦਾ ਖੰਡਨ

ਕਈ ਕੋਟਿ ਬੇਦ ਪੁਰਾਨ ਸਿਮ੍ਰਿਤਿ ਅਰੁ ਸਾਸਤ ॥੪॥੧੦॥
[ਗਉ: ਸੁਖ: ਮ: ੫, ਪੰਨਾ ੨੭੬

ਇਸ ਗੁਰਵਾਕ ਤੁਕ ਦਾ ਭਾਵ ਇਹ ਨਹੀਂ ਦਸਦਾ ਕਿ ਐਸੀ ਤੁਕ ਦਾ ਜ਼ਿਕਰ ਮਾਤਰ ਆਉਣ ਕਰਕੇ ਹੀ ਵੇਦਾਂ ਪੁਰਾਣਾਂ ਸਿਮ੍ਰਿਤੀਆਂ ਸ਼ਾਸਤ੍ਰਾਂ ਦੀ ਮਹੱਤਤਾ

ਮਈ ਮੰਡਨ ਸਿਧ ਹੋ ਜਾਂਦਾ ਹੈ, ਬਲਕਿ ਚਹੁੰਆਂ ਵੇਦਾਂ ਦੇ ਅਗਿਆਨੀਆਂ ਲਈ ਇਹ ਅਭਿਮਾਨ-ਦਮਨੀ ਪੈਜ਼ਾਰ ਹੈ ਕਿ ਅਜਿਹੇ ਵੇਦ ਸਿਮ੍ਰਿਤੀ ਸ਼ਾਸਤ੍ਰ ਆਦਿਕ ਐਸੇ (ਅਣਗਿਣਤ) ਕਈ ਕੋਟਿ ਪੁਸਤਕ ਸਰਸਰੀ ਤੌਰ ਤੇ ਰਚੇ ਗਏ ਹਨ। ਚਹੁੰਆਂ ਵੇਦਾਂ ਦਾ ਕੀ ਮਾਣ ਹੈ, ਸ੍ਰਿਸ਼ਟੀ ਦੀ ਅਣਗਿਣਤ ਕੋਟੀ ਵਾਲੀ ਰਚਨਾ ਵਿਚੋਂ ਇਹਨਾਂ ਵੇਦਾਂ ਪੁਰਾਣਾਂ ਆਦਿ ਦਾ ਜ਼ਿਕਰ ਆ ਗਿਆ ਹੈ। ਸਰਸਰੀ ਪੁਸਤਕਾਂ ਦੀ ਸ਼੍ਰੇਣੀ ਕੋਟੀ ਵਿਚ ਏਹਨਾਂ ਹਿੰਦੂਆਂ ਦੇ ਮੰਨੇ ਦੰਨੇ ਵੇਦਾਂ ਸ਼ਾਸਤ੍ਰਾਂ ਨੂੰ ਗਿਣਿਆ ਗਿਆ, ਤਾਂ ਤੇ ਗੁਰਮਤਿ ਅਨੁਸਾਰ ਆਨਮਤੀ ਮਨੌਤੀ ਵਾਲੇ ਚਹੁੰਆਂ ਵੇਦਾਂ ਦੀ ਹੈਸੀਅਤ ਹੀ ਕੁਛ ਨਹੀਂ।

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥੫॥੧੬॥

[ਗਉ: ਸੁਖ: ਮ: ੫, ਪੰਨਾ ੨੮੪

ਇਸ ਦੀ ਵਿਆਖਿਆ ਲਈ ਦੇਖੋ ਕਈ ਕੋਟ ਵਾਲੀ ਉਪਰ ਦਿਤੀ ਵਿਆਖਿਆ।

ਅਨਿਕ ਉਪਾਵ ਨ ਛੂਟਨਹਾਰੇ ॥ ਸਿਮ੍ਰਿਤਿ ਸਾਸਤ ਬੇਦ ਬੀਚਾਰੇ ॥
ਹਰਿ ਕੀ ਭਗਤਿ ਕਰਹੁ ਮਨੁ ਲਾਇ ॥
ਮਨਿ ਬੰਛਤ ਨਾਨਕ ਫਲ ਪਾਇ ॥੪॥੧੯॥

[ਗਉ: ਸੁਖ: ਮ: ੫, ਪੰਨਾ ੨੮੮

ਆਨਮਤੀਆਂ ਦੇ ਅਨੇਕ ਉਪਾਵਾਂ ਵਿਚੋਂ ਇਸ ਚੁਰਾਸੀ ਦੇ ਗੇੜ ਤੋਂ ਛੁਟਕਾਰੇ ਦਾ ਇਕ ਉਪਾਉ ਸਿਮ੍ਰਿਤਿ ਸ਼ਾਸਤ੍ਰ ਬੇਦਾਂ ਦਾ ਬੀਚਾਰ ਹੈ। ਸੋ ਇਹ ਗੁਰਵਾਕ ਸਪੱਸ਼ਟ ਦ੍ਰਿੜ੍ਹਾਉਂਦਾ ਹੈ ਕਿ ਸਿਮ੍ਰਿਤਿ ਸ਼ਾਸਤ੍ਰ ਬੇਦ ਦੇ ਬੀਚਾਰ ਕੀਤਿਆਂ ਉੱਕਾ ਹੀ ਛੁਟਕਾਰਾ ਨਹੀਂ ਹੁੰਦਾ। ਛੁਟਕਾਰਾ ਹੈ ਤਾਂ ਗੁਰਮਤਿ ਦੁਆਰਾ ਵਾਹਿਗੁਰੂ ਦੀ ਭਗਤੀ ਕੀਤਿਆਂ ਹੁੰਦਾ ਹੈ, ਮਨ ਲਾਇ ਕੇ ਭਗਤੀ ਕਰੇ ਤਾਂ ਮਨ-ਬਾਂਛਤ ਫਲ ਮਿਲਦੇ ਹਨ।

ਜਹ ਸਰਬ ਕਲਾ ਆਪਹਿ ਪਰਬੀਨ ॥
ਤਹ ਬੇਦ ਕਤੇਬ ਕਹਾ ਕੋਊ ਚੀਨ ॥੫॥੨੧॥

[ਗਉ: ਸੁਖ: ਮ: ੫, ਪੰਨਾ ੨੯੧

ਜਿਸ ਤੁਰੀਆ ਗੁਣ ਵਿਚ ਵਾਹਿਗੁਰੂ ਆਪਣੇ ਆਪ ਨੂੰ ਜਾਨਣਹਾਰ (ਪਰਬੀਨਣਹਾਰ) ਆਪ ਹੀ ਆਪ ਹੈ, ਉਥੇ ਬੇਦ ਕਤੇਬਾਂ ਦਾ ਕੀ ਬਟੀਦਾ ਹੈ, ਜੋ ਤ੍ਰੈ ਗੁਣਾਂ ਵਿਚ ਹੀ ਖੇਲ ਰਹੇ ਹਨ, ਤ੍ਰੈਗੁਣਾਂ ਤੋਂ ਉਪਰ ਕੁਛ ਨਹੀਂ ਜਾਣਦੇ। ਤਾਂ ਤੇ ਸਿਧ ਹੋਇਆ ਕਿ ਬੇਦ ਕਤੇਬਾਂ ਨੂੰ ਤੁਰੀਆ ਗੁਣ ਅਵੰਸਥਾ ਦਾ ਉੱਕਾ ਹੀ ਨ ਪਤਾ ਹੋਣ ਕਰਿ, ਨਿਰੀ ਨਿਰਾਲਮ ਤੁਰੀਆ ਗੁਣ ਅਵਸਥਾ ਵਾਲੇ ਵਾਹਿਗੁਰੂ ਦਾ

ਕੀ ਪਤਾ ਹੋ ਸਕਦਾ ਹੈ ? ਤੁਰੀਆ ਅਵਸਥਾ ਵਿਚ ਖੇਲਦਾ ਹੋਇਆ ਵਾਹਿਗੁਰੂ ਨਿਰੰਕਾਰ ਨਿਰਾਲਮ ਵਾਹਿਗੁਰੂ ਆਪਣੇ ਆਪ ਨੂੰ ਆਪ ਹੀ ਜਾਣ ਪਛਾਣ ਸਕਦਾ ਹੈ। ਉਥੇ ਬੇਦ ਕਤੇਬਾਂ ਦਾ ਕੀ ਮਕਦੂਰ ਹੈ ਕਿ ਇਸ ਤੁਰੀਆ ਗੁਣੀ ਜਾਨਣੀ ਦਾ ਦਮ ਮਾਰ ਸਕਣ।

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ ॥
ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥੩॥੨੩॥
[ਗਉ: ਸੁਖ: ਮ: ੫, ਪੰਨਾ ੨੯੪

ਨਿਰਗੁਣ ਰੂਪ ਵਾਹਿਗੁਰੂ ਦੀ ਵਿਆਪਕਤਾ ਜੈਸੀ ਸੂਰਜ ਚੰਦ ਤੇ ਤਾਰਿਆਂ ਵਿਚ ਇਕੋ ਜਿਹੀ ਹੈ, ਤੈਸੀ ਹੀ ਬੇਦਾਂ ਪੁਰਾਣਾਂ ਸਿਮ੍ਰਿਤੀਆਂ ਸ਼ਾਸਤ੍ਰਾਂ ਵਿਚ ਹੈ। ਤਾਂ ਤੇ ਇਸ ਗੁਰਵਾਕ ਰੂਪੀ ਤੁਕ ਵਿਚ ਬੇਦਾਂ ਪੁਰਾਣਾਂ ਸਿਮ੍ਰਿਤੀਆਂ ਦੀ ਮੰਡਨ ਰੂਪ ਮਹੱਤਤਾ ਨਹੀਂ ਪਾਈ ਜਾਂਦੀ, ਐਵੇਂ ਸਰਸਰੀ ਜ਼ਿਕਰ ਜਿਵੇਂ ਹੋਰ ਰਚਨਾ ਦਾ ਆਇਆ ਹੈ ਤਿਵੇਂ ਇਹਨਾਂ ਦਾ ਭੀ ਆ ਗਿਆ ਹੈ। ਵਾਹਿਗੁਰੂ ਦੀ ਬਾਣੀ ਸਭ ਕੋਈ ਬੋਲਣ ਦਾ ਯਤਨ ਕਰਦਾ ਹੈ, ਪਰ ਤੱਤ ਗੁਰਮਤਿ ਬਾਣੀ ਕੋਈ ਨਹੀਂ ਬੋਲ ਸਕਦਾ। ਇਹ ਗੁਰੂ ਨਾਨਕ ਸਾਹਿਬ ਦੇ ਘਰ ਨੂੰ ਹੀ ਤੌਫ਼ੀਕ ਹੈ, ਜਿਸ ਨੂੰ ਧੁਰੋਂ ਆਈ ਅਕਾਲੀ ਬਾਣੀ ਪ੍ਰਾਪਤਿ ਹੋਈ। ਇਸ ਧੁਰ ਦੀ ਆਈ ਮੰਤਰ ਰੂਪ ਗੁਰਬਾਣੀ ਦੁਆਰਾ ਹੀ ਅਕਾਲ ਪੁਰਖ ਵਾਹਿਗੁਰੂ ਪਤੀਜਿਆ ਪਸੀਜਿਆ ਜਾ ਸਕਦਾ ਹੈ ਅਤੇ ਆਕਰਖਣ ਸ਼ਕਤੀ ਦਾ ਸ਼ਕਤੀਸ਼ਰ ਵਾਹਿਗੁਰੂ ਅੰਮ੍ਰਿਤ ਰਸਾਇਣੀ ਆਕਰਖਣੀ ਬਾਣੀ ਗੁਰਬਾਣੀ ਦੁਆਰਾ ਹੀ ਹਲੂਣਿਆ ਜਾ ਸਕਦਾ ਹੈ। ਨਹੀਂ ਤਾਂ ਉਹ ਕਦੇ ਨਹੀਂ ਡੋਲਦਾ, ਸਦਾ ਹੀ ਅਡੋਲ ਰਹਿੰਦਾ ਹੈ। ਬੇਦ ਪੁਰਾਣ ਸਿਮ੍ਰਿਤਿ ਆਦਿਕ ਤ੍ਰੈਗੁਣੀ ਬਾਣੀਆਂ ਦੇ ਯਤਨ ਵਾਹਿਗੁਰੂ ਨੂੰ ਰੀਝਾਉਣ ਲਈ ਸਭ ਬਿਰਥੇ ਹੀ ਜਾਂਦੇ ਹਨ।

## ੪੩. ਗੁਰਬਾਣੀ ਤੇ ਬੇਦ-ਬਾਣੀ ਦਾ ਫ਼ਰਕ

ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥
ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥
੭॥੨੪॥ [ਗਉ: ਸੁਖਮਨੀ ਮ: ੫, ਪੰਨਾ ੨੯੬

ਸਾਰੇ ਹੀ ਮਤ-ਮਤਾਂਤਰਾਂ ਉਪਰ ਕੇਵਲ ਵਾਹਿਗੁਰੂ ਨਾਮ ਸੰਪੰਨ ਜੋ ਗੁਰਮਤਿ ਮਤ ਹੈ, ਸਭ ਤੋਂ ਅਫ਼ਜ਼ਲ ਹੈ। ਇਸ ਗੁਰਮਤਿ ਨਾਮ ਦਾ ਕੇਵਲ ਗੁਰੂ ਵਰੋਸਾਏ ਗੋਬਿੰਦ ਵਾਹਿਗੁਰੂ ਦੇ ਭਗਤਾਂ ਦੇ ਮਨ ਵਿਖੇ ਹੀ ਬਿਸਰਾਮ ਹੁੰਦਾ ਅਤੇ ਰਹਿੰਦਾ ਹੈ। ਇਹੀ ਗੁਣੀ ਗੋਬਿੰਦ ਵਾਹਿਗੁਰੂ ਦੇ ਗੁਣਾਂ ਰੂਪੀ ਗੁਰਮਤਿ ਨਾਮ ਦੀ ਧੁਨੀ ਵਾਲੀ

ਬਾਣੀ ਹੀ ਕੇਵਲ ਗੁਰਮਤਿ ਨੇ ਹੀ ਵਖਾਣੀ ਹੈ। ਗੁਰਮਤਿ ਵਿਖੇ ਇਹੋ ਗੁਰਬਾਣੀ ਹੀ ਸਿਮ੍ਰਿਤਿ, ਸ਼ਾਸਤ੍ਰ ਹੈ ਤੇ ਬੇਦ ਹੈ, ਹੋਰ ਸ਼ਾਸਤ੍ਰ ਬੇਦ ਆਨਮਤ ਦੇ ਵਖਾਣੇ ਹੋਏ ਕੋਈ ਭੀ ਹੈਸੀਅਤ ਨਹੀਂ ਰਖਦੇ।

ਸੋ ਇਸ ਗੁਰਵਾਕ ਵਿਚ ਸਿਮ੍ਰਿਤਿ ਸ਼ਾਸਤ੍ਰ ਤੇ ਬੇਦਾਂ ਦਾ ਜੋ ਜ਼ਿਕਰ ਆਇਆ ਹੈ ਸੋ ਗੁਰਬਾਣੀ ਨੇ ਸਾਫ਼ ਤੱਤ ਨਿਖਾਰ ਦਿਤਾ ਹੈ ਕਿ ਉਹ ਗੁਰਬਾਣੀ ਦਾ ਵਖਾਨਣਾ ਹੈ। ਇਸ ਗੁਰਬਾਣੀ ਰੂਪੀ ਸੱਚੀ ਇਲਾਹੀ ਦਾਤਿ ਤੋਂ ਉਪਰੰਤ ਨਾ ਹੀ ਕੋਈ ਬੇਦ ਹੈ, ਨਾ ਹੀ ਕੋਈ ਸ਼ਾਸਤ੍ਰ ਹੈ ਤੇ ਨਾ ਹੀ ਕੋਈ ਸਿਮ੍ਰਿਤੀ ਹੈ। ਜੋ ਕੁਝ ਹੈ ਸੋ ਗੁਰਬਾਣੀ ਹੀ ਗੁਰਬਾਣੀ ਹੈ, ਤੇ ਗੁਰਮਤਿ ਨਾਮ ਹੈ। ਉਹ ਬੜੇ ਅਨਜਾਣ ਲੋਗ ਹਨ ਜੋ ਇਹੋ ਜਿਹੇ ਅਵੈੜੇ ਅਰਥ ਕਰਦੇ ਹਨ ਕਿ ਗੁਰਮਤਿ ਨਾਮ ਨੂੰ, ਗੁਰਬਾਣੀ ਨੂੰ ਬੇਦਾਂ ਸ਼ਾਸਤ੍ਰਾਂ ਤੇ ਸਿਮ੍ਰਿਤੀਆਂ ਨੇ ਵਖਾਣਿਆ ਹੈ। ਜੇ ਇਹ ਗੱਲ ਸਹੀ ਮੰਨੀ ਜਾਂਦੀ ਤਾਂ ਬੇਦ ਦੇ ਦੱਦੇ ਅੱਖਰ ਨੂੰ ਤੇ ਸ਼ਾਸਤ੍ਰ ਪਦ ਦੇ ਅਖ਼ੀਰਲੇ ਅੱਖਰ ਤੱਤੇ ਦੇ ਪੈਰ ਰਾਰੇ ਨੂੰ ਜ਼ਰੂਰ ਹੀ ਸਿਹਾਰੀ ਲਗੀ ਹੋਈ ਹੁੰਦੀ। ਤਾਂ ਤੇ ਇਸ ਗੁਰਬਾਣੀ ਲਗ ਮਾਤ੍ਰੀ ਅਟੱਲ ਨਿਯਮ ਅਨੁਸਾਰ ਇਹ ਅਵੈੜੇ ਅਰਥ ਬਣ ਹੀ ਨਹੀਂ ਸਕਦੇ। ਅਨਜਾਣ ਲੋਕਾਂ ਦਾ ਤਾਂ ਕੀ ਆਖਣਾ ਹੈ, ਬੜੇ ਬੜ ਪੜ੍ਹੇ ਲਿਖੇ ਸ਼ਬਦਾਰਥੀਏ ਗਿਆਨੀ ਭੀ ਇਹੋ ਜਿਹੇ ਅਵੈੜੇ ਅਰਥਾਂ ਦੇ ਕਰਨ ਦੇ ਵਹਿਣ ਵਿਚ ਰੁੜ੍ਹੇ ਜਾਂਦੇ ਹਨ। ਲਗ ਮਾਤ੍ਰੀ ਨਿਯਮਾਂ ਦੇ ਜਾਣੂ ਪਛਾਣੂ ਸਜਣ, ਇਹਨਾਂ ਨਿਯਮਾਂ ਦੇ ਕਾਢੂ ਹੋਣ ਦਾ ਦਾਅਵਾ ਕਰਦੇ ਹੋਏ ਭੀ ਐਨ ਗੁਰਮਤਿ ਤੋਂ ਉਲਟ ਅਨਮਤੀ ਬੇਦ-ਭਗਤਾਂ ਵਾਲੇ ਅਰਥ ਕਰ ਜਾਂਦੇ ਹਨ।

ਬੇਦ ਪੁਰਾਨ ਸਿਮ੍ਰਿਤਿ ਸੁਨੇ ਬਹੁ ਬਿਧਿ ਕਰਉ ਬੀਚਾਰੁ ॥
ਪਤਿਤ ਉਧਾਰਨ ਭੈ ਹਰਨ ਸੁਖ ਸਾਗਰ ਨਿਰੰਕਾਰ ॥
ਦਾਤਾ ਭੁਗਤਾ ਦੇਨਹਾਰੁ ਤਿਸੁ ਬਿਨੁ ਅਵਰੁ ਨ ਜਾਇ ॥
ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥੧॥ਪਉੜੀ॥

[ਥਿਤੀ ਗਉ: ਮ: ੫, ਪੰਨਾ ੨੯੬

ਇਸ ਗੁਰਵਾਕ ਦੀ ਚਾਰ-ਤੁਕੀ ਅੰਦਰ ਤੀਜੀ ਤੁਕ ਦੀ ਅੰਤਲੀ ਅੱਧ ਪੰਗਤੀ "ਤਿਸੁ ਬਿਨੁ ਅਵਰੁ ਨ ਜਾਇ" ਸਾਫ਼ ਸਪੱਸ਼ਟ ਕਰਾਉਂਦੀ ਹੈ ਕਿ ਵਾਹਿਗੁਰੂ ਬਿਨਾਂ ਸੱਚੀ ਸਮਰੱਥਤਾ ਰਖਣ ਵਾਲੀ ਵਿਅਕਤੀ ਹੋਰ ਕੋਈ ਭੀ ਨਹੀਂ। ਦਾਤਾ ਭੁਗਤਾ ਦੇਨਹਾਰਾ ਇਕੋ ਵਾਹਿਗੁਰੂ ਹੈ। ਪਤਿਤਾਂ ਦੇ ਉਧਾਰਨਹਾਰਾ, ਜਨਮ ਮਰਨ ਦੇ ਭੈ ਹਰਨਹਾਰਾ ਸਰਬ ਪ੍ਰਕਾਰ ਦੇ ਸੁੱਖਾਂ (ਆਤਮ ਅਧਿਆਤਮੀ) ਦਾ ਸਾਗਰ ਇਕੋ ਨਿਰੰਕਾਰ ਹੀ ਹੈ, ਦੂਜਾ ਕੋਈ ਨਹੀਂ। ਇਹ ਗੱਲ ਕੇਵਲ ਗੁਰਮਤਿ ਗੁਰਬਾਣੀ ਨੇ ਹੀ ਦ੍ਰਿੜ੍ਹਾਈ ਸੁਝਾਈ ਹੈ, ਹੋਰ ਕਿਸੇ ਮਤਾਂਤਰੀ ਨੇਤਾ ਨੂੰ ਜਾਂ ਕਿਸੇ ਵਡੇ ਆਨਮਤ ਦੇ ਨੇਤਾ ਨੂੰ ਨਹੀਂ ਸੁਝੀ, ਨ ਬੁਝੀ ਹੈ। ਬਹੁਤਾ ਕੀ ਆਖਣਾ ਹੈ, ਹਿੰਦੂ ਮਤ ਦੀਆਂ

ਸ਼ਰੋਮਣੀ ਮੰਨੀਆਂ ਦੰਨੀਆਂ ਪੁਸਤਕਾਂ ਬੇਦਾਂ ਪੁਰਾਣਾਂ ਸ਼ਾਸਤਾਂ ਬਹੁ ਪ੍ਰਕਾਰ ਸੁਣ ਸੁਣ ਕੇ ਤੇ ਘੋਖ ਘੋਖ ਕੇ ਪੜਤਾਲ ਲਿਆ, ਉਥੇ ਭੀ ਇਹ ਤੱਤ ਗੁਰਮਤਿ ਵਾਲੀ ਗੱਲ ਉੱਕੀ ਹੀ ਨਹੀਂ ਦਿਖਾਈ ਦਿੰਦੀ। ਵਾਹਿਗੁਰੂ ਗੁਰਮਤਿ ਗੁਰਬਾਣੀ ਰੂਪੀ ਗੁਣ ਗਾਉਣ ਕਰਿ ਮਨ ਬਾਂਛਤ ਫਲ ਜੋ ਭੀ ਕੋਈ ਚਾਹੇ ਸੋ ਮਿਲ ਰਹਿੰਦਾ ਹੈ, ਪਰਤੂ ਗੁਰਬਾਣੀ ਦੇ ਸੱਚੇ ਆਸ਼ਕ, ਗੁਰਮਤਿ ਨਾਮ ਦੇ ਤੱਤ ਉਪਾਸ਼ਕ ਬਿਨਾਂ ਨਾਮ ਬਾਣੀ ਦੇ ਹੋਰ ਕੁਛ ਮੰਗਦੇ ਹੀ ਨਹੀਂ। ਹੋਰ ਕਿਸੇ ਫਲ ਦੀ ਬਾਂਛਾ ਨਹੀਂ ਰਖਦੇ। ਮਾਇਕ ਪਦਾਰਥ ਸੁਤੇ ਸਿਧ ਹੀ ਤਿਨ੍ਹਾਂ ਦੇ ਪਿਛੇ ਲਗੇ ਫਿਰਦੇ ਹਨ, ਪਰ ਓਹਨਾਂ ਨੂੰ ਅਕਾਂਖਿਆ ਕੁਛ ਨਹੀਂ ਹੁੰਦੀ। ਤ੍ਰੈਗੁਣੀ ਮਾਇਕ ਪਦਾਰਥਾਂ ਦੇ ਦੇਣਹਾਰੇ ਬੇਦਾਂ ਪੁਰਾਣਾਂ ਸਿਮ੍ਰਿਤੀਆਂ ਦੇ ਸੁਨਣ ਪੜ੍ਹਨ ਘੋਖਣ ਦੀ ਓਹਨਾਂ ਨੂੰ ਕੀ ਲੋੜ ਹੋ ਸਕਦੀ ਹੈ।

ਚਤੁਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ॥
ਸਰਬ ਖੇਮ ਕਲਿਆਣ ਨਿਧਿ ਰਾਮ ਨਾਮੁ ਜਪਿ ਸਾਰੁ ॥...
ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ॥
ਮਨੁ ਨਿਰਮਲੁ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ॥੪॥ਪਉੜੀ॥
[ਥਿਤੀ ਗਉ: ਮ: ੫, ਪੰਨਾ ੨੯੭

ਚੌਥੀ ਥਿਤ ਦੁਆਰਾ ਗੁਰੂ ਸਾਹਿਬ ਇਉਂ ਉਪਦੇਸ਼ ਕਰਦੇ ਹਨ ਕਿ ਸਾਰੀਆਂ ਖੇਮ-ਕਲਿਆਣੀ ਖੁਸ਼ੀਆਂ ਦੇ ਖ਼ਜ਼ਾਨੇ ਸਾਰੇ ਰਮੇ ਹੋਏ ਵਾਹਿਗੁਰੂ ਦਾ ਨਾਮ ਹੀ ਜਪੋ, ਇਹੀ ਸਾਰ ਤੱਤ ਵਸਤੂ ਹੈ ਜਪਣ ਜੋਗ। ਇਹੋ ਤੱਤ ਸਾਰ ਵਸਤੂ ਗੁਰਮਤਿ ਨਾਮ ਰੂਪੀ ਤੱਤ ਵੀਚਾਰ ਦਾ ਵੀਚਾਰ ਸੁਨਣਾ ਕਥਨਾ ਹੀ ਗੁਰਮਤਿ ਅੰਦਰ (ਗੁਰਮਤਿ ਦੇ ਭਾਵ ਅਨੁਸਾਰ) ਚਹੁੰਆਂ ਬੇਦਾਂ ਦਾ ਸੁਨਣਾ ਕਥਨਾ ਹੈ। ਇਸੇ ਤੱਤ ਸਾਰ ਬੀਚਾਰੀ ਗੁਰਮਤਿ ਨਾਮ ਗੁਰਬਾਣੀ ਰੂਪੀ ਗੁਰਮਤਿ ਗੁਣਾਂ ਤੋਂ ਉਪਰੰਤ ਹੋਰ ਵੀਚਾਰਨ ਜੋਗ ਕੋਈ ਭੀ ਬੇਦ ਆਦਿਕ ਪੁਸਤਕ ਨਹੀਂ। ਚਾਰੇ ਬੇਦ ਸੁਨਣੇ ਘੋਖਣੇ ਸਭ ਏਹਨਾਂ ਗੁਣਾਂ ਤੋਂ ਹੇਠਾਂ ਹੀ ਰਹਿ ਜਾਂਦੇ ਹਨ। ਜਿਸ ਗੁਰਮੁਖਿ ਜਨ ਨੇ ਗੁਰਮਤਿ ਗੁਣਾਂ ਰੂਪੀ ਗੁਰਬਾਣੀ ਨੂੰ ਸੁਣ ਪੜ੍ਹ ਲਿਆ ਅਤੇ ਤੱਤ ਗੁਰਮਤਿ ਨਾਮ ਦਾ ਜਾਪ ਅਭਿਆਸ ਕਰ ਲਿਆ, ਉਸ ਨੇ ਮਾਨੋ ਇਕ ਪ੍ਰਕਾਰ ਚਾਰੇ ਬੇਦ ਸੁਣ ਪੜ੍ਹ ਲਏ, ਭਾਵ, ਆਨਮਤ ਬਿਦਤਾਏ ਚਹੁੰਆਂ ਬੇਦਾਂ ਦੇ ਪੜ੍ਹਨ ਦੀ ਗੁਰਮਤਿ ਵਰੋਸਾਏ ਗੁਰਮੁਖ ਜਨਾਂ ਨੂੰ ਉੱਕਾ ਹੀ ਲੋੜ ਨਹੀਂ। ਹਿੰਦੂ ਮਤ ਦੇ ਮੰਨੇ ਦੰਨੇ ਬੜੇ ਤੋਂ ਬੜੇ ਦੇਵਤੇ ਨਰ ਮਨੁਖ ਮੁਨੀ ਜਨ ਸੁਖ ਸਾਗਰ (ਸੁਖਾਂ ਦੇ ਸਾਗਰ) ਪ੍ਰਿਥਮੀ ਦੇ ਪ੍ਰਤਿਪਾਲਕ ਵਾਹਿਗੁਰੂ ਨੂੰ ਖੋਜਣ ਦੀਆਂ ਬਥੇਰੀਆਂ ਟੱਕਰਾਂ ਮਾਰਦੇ ਰਹੇ, ਪਰ ਓਹਨਾਂ ਦਾ ਕੁਛ ਨ ਬਣਿਆ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਨਾਮ ਅਭਿਆਸੀ ਸਾਧੂ ਦੀ ਰੇਣਕਾ ਬਾਂਛਿਆਂ ਮਨ ਨਿਰਮਲ ਤੇ ਮੁਖ ਉੱਜਲਾ ਹੋ ਜਾਂਦਾ ਹੈ।

ਸਲੋਕ॥ ਖਟ ਸਾਸਤ੍ਰ ਊਚ ਕਹਹਿ ਅੰਤੁ ਨ ਪਾਰਾਵਾਰ ॥
ਭਗਤ ਸੋਹਹਿ ਗੁਣ ਗਾਵਤੇ ਨਾਨਕ ਪ੍ਰਭ ਕੈ ਦੁਆਰ ॥੬॥
ਪਉੜੀ॥ ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥
ਊਤਮੁ ਊਚੋ ਪਾਰਬ੍ਰਹਮੁ ਗੁਣ ਅੰਤੁ ਨ ਜਾਣਹਿ ਸੇਖ ॥
ਨਾਨਕ ਮੁਨਿ ਜਨ ਸੁਕ ਬਿਆਸ ਜਸੁ ਗਾਵਤ ਗੋਵਿੰਦ ॥
ਰਸ ਗੀਧੇ ਹਰਿ ਸਿਉ ਬੀਧੇ ਭਗਤ ਰਚੇ ਭਗਵੰਤ ॥੬॥ਪਉੜੀ॥

[ਥਿਤੀ ਗਉ: ਮ: ੫, ਪੰਨਾ ੨੯੭

ਹਿੰਦੂ ਮਤ ਦੇ ਛੇਈ ਸ਼ਾਸਤ੍ਰਾਂ ਨੂੰ ਉੱਚੀ ਉੱਚੀ ਪੁਕਾਰਦੇ ਬਥੇਰੇ ਕਹਿੰਦੇ ਸੁਣਦੇ ਹਨ, ਪਰ ਵਾਹਿਗੁਰੂ ਦਾ ਅੰਤ ਪਾਰਾਵਾਰ ਏਹਨਾਂ ਤੋਂ ਨਹੀਂ ਪਾਇਆ ਜਾਣਾ। ਏਹਨਾਂ ਤੋਂ ਕੀ ਪਾਇਆ ਜਾਣਾ ਸੀ, ਏਹਨਾਂ ਅਨਮਤੀਆਂ ਦੇ ਖਟ ਸ਼ਾਸਤ੍ਰ ਆਦਿਕ ਪੂਜਯ ਪੁਸਤਕ ਭੀ ਇਸ ਮਾਰਗ ਦਾ ਕੁਛ ਨਿਸ਼ਾਨ ਪਤਾ ਨਹੀਂ ਦੇ ਸਕਦੇ। ਓਹ ਤਾਂ ਨਿਰੀਆਂ ਤ੍ਰੈਗੁਣੀ ਮਾਇਕ ਪਦਾਰਥਾਂ ਦੀਆਂ ਗੱਲਾਂ ਹੀ ਕਥਦੇ ਹਨ। ਏਹਨਾਂ ਸਾਰੀਆਂ ਹੋਛੀਆਂ ਖਟ ਸ਼ਾਸਤ੍ਰੀ ਉੱਚ ਪੁਕਾਰੀ ਗੱਲਾਂ ਨੂੰ ਛਡ ਕੇ ਗੁਰੂ ਘਰ ਦੇ ਭਗਤ ਜਨ ਕੇਵਲ ਗੁਰਮਤਿ ਗੁਣਾਂ ਦੇ ਗ੍ਰਾਹਕ ਹੀ ਬਣਦੇ ਹਨ ਅਤੇ ਗੁਰਮਤਿ ਗੁਣਾਂ ਨੂੰ ਹੀ ਗਾਉਂਦੇ ਹਨ। ਵਾਹਿਗੁਰੂ ਦੇ ਦੁਆਰੇ ਜਾ ਖਲੋਂਦੇ ਹਨ ਤੇ ਵਾਹਿਗੁਰੂ ਦਾ ਦੁਆਰਾ ਪ੍ਰਾਪਤਿ ਕਰ ਕੇ ਵਾਹਿਗੁਰੂ ਦੇ ਸਨਮੁਖੀ ਦਰਸ਼ਨ ਦਿਦਾਰੇ ਕਰਦੇ ਹੋਏ ਭੀ ਸਗੋਂ ਹੋਰ ਅਨੰਦ ਮਈ ਸਨਮੁਖਈ ਗੁਣ ਗਾਵੰਦੇ ਹਨ।

ਛੇਵੀਂ ਥਿਤ ਦੁਆਰਾ ਗੁਰਮਤਿ ਦਾ ਇਹ ਉਪਦੇਸ਼ ਹੈ ਕਿ ਛੇਈ ਸ਼ਾਸਤ੍ਰ ਕਹਿਣ ਵਾਲੇ, ਸਿਮ੍ਰਿਤੀਆਂ ਦੇ ਕਥਨਹਾਰੇ ਅਨੇਕਾਂ ਹੀ ਝੱਖ ਮਾਰ ਥਕੇ, ਓਹਨਾਂ ਦਾ ਕੱਖ ਭੀ ਨਾ ਬਣਿਆ। ਵਾਹਿਗੁਰੂ ਸਰਬੋਤਮੀ ਸਭ ਤੋਂ ਉੱਚਾ ਪਾਰਬ੍ਰਹਮ ਨਿਰਾਲਾ ਅਗਮ ਅਗੋਚਰ ਹੀ ਰਹਿ ਗਿਆ। ਉਸ ਦੇ ਗੁਣਾਂ ਦਾ ਅੰਤ ਸ਼ੇਸ਼ਨਾਗ ਜੈਸੇ ਹਿੰਦੂ ਦੇਵਤੇ ਭੀ ਪਾ ਨਹੀਂ ਸਕੇ। ਆਨਮਤ ਦੇਵਤੇ ਤੇ ਨਾਰਦ ਮੁਨੀ, ਸੁਕਦੇਵ, ਬਿਆਸ ਜੈਸੇ ਭੀ ਬਥੇਰੀਆਂ ਧਾਵਨੀਆਂ ਧਾਇ ਚੁਕੇ, ਮਨਉਕਤ ਜਸ ਗਾਵਨੀਆਂ ਗਾਇ ਚੁਕੇ, ਸੁਣੇ ਸੁਣਾਏ ਗੋਬਿੰਦ ਦੀਆਂ ਸਿਫਤਿ-ਕਹਾਣੀਆਂ ਕਰਿ ਥਕੇ, ਪਰ ਤਿਨ੍ਹਾਂ ਨੂੰ ਵਾਹਿਗੁਰੂ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਵਾਹਿਗੁਰੂ ਅਕਾਲ ਪੁਰਖ ਭਗਵੰਤ ਦੇ ਗੁਰਮਤਿ ਵਰੋਸਾਏ ਗੁਰਮੁਖਿ ਭਗਤ ਜਨ ਰਸਿਕ ਰਸਾਇ ਗੁਰਮਤਿ ਗੁਣਾਂ ਵਿਚ ਮੰਨੇ ਗਏ, ਵਾਹਿਗੁਰੂ ਦੇ ਨਾਮ ਨਾਲ ਵਿੰਨ੍ਹੇ ਗਏ। ਕੇਵਲ ਓਹੀ ਵਾਹਿਗੁਰੂ ਦੇ ਸੱਚੇ ਸਰੂਪ ਵਿਚ ਸਾਖਸ਼ਾਤਕਾਰੀ ਦਰਸ਼ਨ ਵਿਚ ਰਚ ਮਿਚ ਕੇ ਇਕ-ਮਿਕ ਹੋ ਗਏ।

ਗੁਰਮਤਿ ਤੇ ਆਨਮਤ ਦੀ ਉਪਾਸ਼ਨਾ ਦਾ ਕਿਆ ਖ਼ੂਬ ਨਿਖੇੜਵਾਂ ਅਤੇ ਨਿੱਤਰਵਾਂ ਨਿਰਣਾ ਏਹਨਾਂ ਉਪਰਲੀਆਂ ਗੁਰਵਾਕ ਤੁਕਾਂ ਦੁਆਰਾ ਹੋਇਆ ਹੈ, ਜਿਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਜਗਿਆਸੂ ਜਨ ਦਾ ਨਿਸਤਾਰਾ ਹੈ ਤਾਂ ਕੇਵਲ


www.sikhbookclub.com

ਗੁਰਮਤਿ ਦੁਆਰਾ ਹੀ ਹੈ। ਆਨਮਤ ਦੁਆਰਾ ਕਦੇ ਭੀ ਛੁਟਕਾਰਾ ਨਹੀਂ। ਏਦੂੰ ਵਧੇਰੇ ਗੁਰਮਤਿ ਮੰਡਨ ਅਤੇ ਆਨਮਤ ਖੰਡਨ ਦਾ ਕੀ ਤਫ਼ੱਰਕਾ ਹੋ ਸਕਦਾ ਹੈ।

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥੧੨॥

[ਪਉੜੀ, ਗਉ: ਕੀ ਵਾਰ ਮ: ੪, ਪੰਨਾ ੩੦੬

ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਸੰਤ ਜਨ ਜੋ ਗੁਰਮਤਿ ਨਾਮ ਅਭਿਆਸ ਵੀਚਾਰਨੀ ਵੀਚਾਰਦੇ ਹਨ, ਇਹੀ ਤਿਨ੍ਹਾਂ ਦੀ ਚਾਰ ਵੇਦ ਵਖਾਨਣੀ ਮੁਖਾਰਬਿੰਦਤਾ ਹੈ। ਗੁਰਮਤਿ ਗੁਣਾਂ ਤੋਂ ਭਿੰਨ ਗੁਰੂ ਨਾਨਕ ਦੇ ਘਰ ਦੇ ਸੰਤ ਜਨ ਹੋਰ ਕੁਛ ਕੱਚੀ ਬਾਣੀ ਆਦਿਕ ਉਚਾਰਦੇ ਵੀਚਾਰਦੇ ਹੀ ਨਹੀਂ। ਚਹੁੰਆਂ ਬੇਦਾਂ ਦੀ ਕਚੀ ਬਾਣੀ ਦੀ ਕਥਨੀ ਬਦਨੀ ਗੁਰਮੁਖਿ ਸੰਤ ਜਨਾਂ ਦੇ ਨੇੜੇ ਹੀ ਨਹੀਂ ਢੁਕਦੀ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਗੁਰਬਾਣੀ ਰੂਪੀ ਸਿਫਤਿ ਸਲਾਹ ਕਰਨ ਤੋਂ ਵਧੀਕ ਹੋਰ ਕਿਹੜੀ ਵੇਦ ਵਖਾਨਣੀ ਹੋ ਸ਼ਕਦੀ ਹੈ? ਚਾਰੇ ਵੇਦਾਂ ਦਾ ਮੁਖਾਗਰ ਪਾਠ ਆਨਮਤੀਏ ਵੇਦ-ਪੂਜਾਰੀ ਵੇਦ-ਭਗਤ ਭਾਵੇਂ ਕਰਦੇ ਫਿਰਨ। ਗੁਰਮਤਿ ਤੱਤ, ਗੁਰਮਤਿ ਵੀਚਾਰੀ ਭਗਤ ਜਨਾਂ ਨੂੰ ਵੇਦਾਂ ਦੇ ਵੀਚਾਰਨ ਦੀ ਕੱਖ ਲੋੜ ਨਹੀਂ, ਕਿਉਂਕਿ ਏਹਨਾਂ ਚਹੁੰਆਂ ਹੀ ਵੇਦਾਂ ਅੰਦਰ ਤ੍ਰੈਗੁਣੀ ਮਾਇਆ ਦਾ ਹੀ ਵਿਸਥਾਰ ਹੈ। ਗੁਰਮੁਖਿ ਭਗਤ ਜਨ ਆਪਣੇ ਮੁਖਾਰਬਿੰਦ ਤੋਂ ਸਿਵਾਏ ਗੁਰਬਾਣੀ, ਗੁਰਮਤਿ ਨਾਮ ਅਭਿਆਸ ਦੇ ਹੋਰ ਕੁਛ ਬੋਲਦੇ ਹੀ ਨਹੀਂ। ਜਦੋਂ ਭੀ ਗੁਰਮੁਖਿ ਜਨ ਆਪਣੇ ਮੁਖਾਰਬਿੰਦ ਤੋਂ ਕੋਈ ਬੋਲ ਬੋਲਦੇ ਹਨ, ਸੋ ਨਾਮ ਅਭਿਆਸ ਗੁਰਮਤਿ ਸਿਫਤਿ ਸਾਲਾਹ ਰੂਪੀ ਬੋਲੀ ਹੀ ਬੋਲਦੇ ਹਨ। ਐਸੇ ਬੋਲ ਬਚਨ ਬੋਲਣੇ ਹੀ ਗੁਰਮੁਖਿ ਭਗਤ ਜਨਾਂ ਦੇ ਮੁਖੋਂ ਬੋਲੇ ਹੋਏ ਥਾਇਂ ਪੈਂਦੇ ਹਨ।

ਸਿਮ੍ਰਿਤਿ ਸਾਸਤ੍ਰ ਸੋਧਿ ਸਭਿ ਕਿਨੈ ਕੀਮ ਨ ਜਾਣੀ ॥
ਜੋ ਜਨ ਭੇਟੈ ਸਾਧ ਸੰਗਿ ਸੋ ਹਰਿ ਰੰਗੁ ਮਾਣੀ ॥
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ ॥੪॥

[ਪਉੜੀ, ਗਉ: ਕੀ ਵਾਰ ਮ: ੫, ਪੰਨਾ ੩੧੯

ਆਨਮਤੀਆਂ ਦੇ ਇਸ਼ਟ ਧਰਮ ਵਾਲੇ ਪੁਸਤਕ ਸ਼ਾਸਤ੍ਰ ਸਿਮ੍ਰਿਤੀਆਂ ਸਭ ਸੋਧ ਕੇ ਦੇਖ ਲਏ, ਸੋਧ ਕੇ ਪੜਤਾਲ ਲਏ, ਵਾਹਿਗੁਰੂ ਦੀ ਕੀਮਤ ਕਿਸੇ ਨੇ ਨਹੀਂ ਜਾਣੀ। ਗੁਰੂ ਘਰ ਦੀ ਸਤਿਸੰਗ ਦਾ ਜੋ ਜਨ ਭੇਟਣ ਕਰਦਾ ਹੈ, ਸੋ ਅਵੱਸ਼ ਵਾਹਿ-ਗੁਰੂ ਦਾ ਰੰਗ ਮਾਣਦਾ ਹੈ। ਸੱਚਾ ਗੁਰਮਤਿ ਨਾਮ ਵਾਹਿਗੁਰੂ ਇਹੀ 'ਸਚੁ' ਪਦਾਰਥ ਹੈ। ਸੋ ਕਰਤਾ ਪੁਰਖ ਹੈ। ਉਸ ਦਾ ਸੱਚਾ ਨਾਮ ਰਤਨਾਂ ਦੀ ਖਾਣ ਹੈ। ਸੋਈ ਪ੍ਰਾਣੀ ਇਸ ਗੁਰਮਤਿ ਨਾਮ 'ਵਾਹਿਗੁਰੂ' ਨੂੰ ਸਿਮਰਦਾ ਹੈ ਜਿਸ ਦੇ ਮਸਤਕ ਉਤੇ ਧੁਰੋਂ ਲਿਖਿਆ ਹੁੰਦਾ ਹੈ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ ॥
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ ॥
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ ॥੫॥

[ਪਉੜੀ, ਗਉ: ਕੀ ਵਾਰ ਮ: ੫, ਪੰਨਾ ੩੧੯

ਗੁਰੂ ਘਰ ਦੇ ਗੁਰਮੁਖਿ ਸਾਧ ਜਨ ਸਤਸੰਗਤਿ ਅਸਥਾਨ ਤੇ ਜਿਥੇ ਮਿਲ ਕੇ ਬੈਠਦੇ ਹਨ ਤੇ ਬੈਸ ਕੇ ਕੀਰਤਨ ਨਾਮ ਵਿਚ ਜੁਟਦੇ ਹਨ, ਉਹ ਅਸਥਾਨ ਬੜਾ ਹੀ ਸੁਭਾਇਮਾਨ ਹੁੰਦਾ ਹੈ। ਮਿਲ ਬੈਠ ਕੇ ਕੀਰਤਨ ਵਿਚ ਜੁੜ ਕੇ ਓਹ ਗੁਰਮੁਖ ਜਨ ਆਪਣੇ ਸਮਰੱਥ ਸਾਹਿਬ ਵਾਹਿਗੁਰੂ ਨੂੰ ਸੇਂਵਦੇ ਸਿਮਰਦੇ ਹਨ। ਜਿਸ ਸਿਮਰਨ ਦੇ ਪਰਤਾਪ ਕਰਕੇ ਸਭ ਮੰਦ ਮਤਾਂ ਦੇ ਪਰਾਗੰਦਗੀ ਵਾਲਾ ਗੰਦ ਮੰਦ ਤਿਨ੍ਹਾਂ ਦੀ ਸ੍ਰਿਸ਼ਤ ਵਿਚੋਂ ਨਿਕਲ ਜਾਂਦਾ ਹੈ, ਉੱਕਾ ਹੀ ਮਿਟ ਜਾਂਦਾ ਹੈ। ਸੰਤ ਮਤੇ ਵਾਲਾ ਗੁਰਮਤਿ ਨਾਮ ਰੂਪੀ ਬੇਦ, ਪਤਿਤ ਉਧਾਰਨ ਪਾਰਬ੍ਰਹਮ ਕਹਾਉਂਦਾ ਹੈ। ਇਸ ਬੇਦ ਦਾ ਭਾਵ ਉਹੀ ਹੈ ਜੋ "ਅਹਰਣਿ ਮਤਿ ਵੇਦ" ਵਾਲੀ ਗੁਰਵਾਕ ਦੀ ਵਿਆਖਿਆ ਵਿਚ ਵਰਨਣ ਹੋ ਚੁਕਾ ਹੈ। ਦੇਖੋ ਪਿਛੇ ਕੀਤੀ ਗਈ ਵਿਆਖਿਆ।

# ੪੪. ਨਾਂਗੇ ਰਹਿਣ ਤੇ ਮੁੰਡਨ ਆਦਿ ਸੰਸਕਾਰਾਂ ਦਾ ਖੰਡਨ

ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥੧॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮਰਾਮ ॥੧॥ਰਹਾਉ॥
ਮੂਡ ਮੁੰਡਾਏ ਜੋ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ ॥੨॥
ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮ ਗਤਿ ਪਾਈ ॥੩॥
ਕਹੁ ਕਬੀਰ ਸੁਨਹੁ ਨਰ ਭਾਈ ॥ ਰਾਮ ਨਾਮ ਬਿਨੁ ਕਿਨਿ ਗਤਿ ਪਾਈ॥੪॥੪॥

[ਗਉ: ਕਬੀਰ ਜੀ, ਪੰ: ੩੨੪

ਇਹ ਗੁਰਵਾਕ ਆਨਮਤੀ ਨਗਨ ਪੰਥ ਨਾਂਗਿਆਂ ਨੂੰ ਸੋਧਣ ਪਰਬੋਧਣ ਲਈ ਉਚਾਰਨ ਹੋਇਆ ਹੈ ਕਿ ਨੰਗੇ ਫਿਰੇ ਤੇ ਹੀ ਜੇਕਰ ਜੋਗ ਪ੍ਰਾਪਤਿ ਹੋ ਜਾਂਦਾ ਹੈ ਤਾਂ ਬਨਾਂ ਵਿਚ ਜੰਗਲਾਂ ਵਿਚ ਰਹਿਣ ਵਾਲਾ ਮਿਰਗ ਪਸ਼ੂ ਜੋਨੀ ਵਿਚ ਹੀ ਮੁਕਤੀ ਨੂੰ ਪ੍ਰਾਪਤਿ ਹੋ ਜਾਣਾ ਚਾਹੀਦਾ ਹੈ। ਕਿਉਂਕਿ ਇਹ ਮਿਰਗ ਜੂਨੀ ਵਾਲਾ ਜੰਤੂ ਬਾਹਰ ਬੀਆਬਾਨਾਂ ਵਿਚ ਹੀ ਨੰਗੇ ਬਦਨ ਹੀ ਫਿਰਦਾ ਰਹਿੰਦਾ ਹੈ। ਕੀ ਸਿਆਲ ਕੀ ਉਨ੍ਹਾਲ, ਨੰਗਿਆਂ ਰਹਿ ਕੇ ਹੀ ਕਟਦਾ ਹੈ। ਜੰਗਲਾਂ ਵਿਚ ਫਿਰਨ ਵਾਲੇ ਚੌਪਾਏ

ਪਸ਼ੂ ਸਭ ਮਿਰਗ ਹੀ ਕਹਾਉਂਦੇ ਹਨ। ਬਨਾਂ ਵਿਚ ਰਹਿਣ ਵਾਲਾ ਵਿਸ਼ੇਸ਼ ਚੌਪਾਇਆ ਪਸ਼ੂ ਚੂੰਕਿ ਮਿਰਗ ਹੀ ਹੁੰਦਾ ਹੈ ਅਤੇ ਨੰਗੇ ਧੜ ਹੀ ਸਿਆਲਾ ਉਨ੍ਹਾਲਾ ਆਪਣੇ ਬਦਨ ਤੇ ਸਹਿੰਦਾ ਹੈ, ਇਸ ਕਰਕੇ ਏਥੇ ਮਿਰਗ ਪਸ਼ੂ ਦੇ ਹੀ ਉਦਾਹਰਣ ਉਤੇ ਜ਼ੋਰ ਦਿਤਾ ਗਿਆ ਹੈ। ਜੋ ਲੋਗ ਬਨਾਂ ਜੰਗਲਾਂ ਪਹਾੜਾਂ ਬੀਆਬਾਨਾਂ ਵਿਚ ਜਾਂ ਤਾਂ ਨਿਰੋਲ ਨੰਗੇ ਰਹਿ ਕੇ ਬਿਚਰਦੇ ਹਨ ਯਾ ਸਰੀਰ ਕਜਣ ਲਈ ਪਸ਼ੂਆਂ ਦਾ ਚੰਮ ਪੋਸਤੀਨ ਆਪਣੇ ਸਰੀਰ ਤੇ ਬੰਨ੍ਹ ਲੈਂਦੇ ਹਨ, ਮੁਕਤੀ ਦੇ ਮਾਰਗ ਵਿਚ ਏਹਨਾਂ ਦੀ ਕੁਛ ਭੀ ਵਿਸ਼ੇਸ਼ਤਾ ਵਾਲੀ ਗੱਲ ਨਹੀਂ। ਇਸ ਬਿਧਿ ਨੰਗੇ ਰਹਿਆਂ ਜਾਂ ਚਮੜ-ਪੋਸ਼ੀਏ ਹੋਇਆਂ ਵਾਹਿਗੁਰੂ (ਜੋ ਸਾਰੇ ਰਮਿਆ ਹੋਇਆ ਹੈ) ਕਦਾਚਿਤ ਨਹੀਂ ਮਿਲ ਸਕਦਾ, ਚੀਨਿਆ ਨਹੀਂ ਜਾ ਸਕਦਾ। ਜਦ ਇਸ ਬਿਧਿ ਰਮਤ ਰਾਮ ਚੀਨਿਆ ਜਾਣਿਆ ਨਹੀਂ ਜਾ ਸਕਦਾ ਤਾਂ ਨਿਰੇ ਨਗਨ-ਵੇਸੀਏ ਜਾਂ ਚਮੜ-ਪੋਸ਼ੀਏ ਹੋਣ ਦਾ ਕੀ ਲਾਭ? ਇਹ ਨਿਰੀ ਮਨਮਤਿ ਹੈ, ਜਿਸ ਨੂੰ ਗੁਰਮਤਿ ਖੰਡਨ ਕਰਦੀ ਹੈ।

ਅਗੇ ਚਲ ਕੇ ਮੂੰਡ ਮੁੰਡਾਉਣ ਵਾਲਿਆਂ ਨੂੰ ਭੀ ਖ਼ੂਬ ਧਰ ਕੇ ਦਬੱਲਿਆ ਗਿਆ ਹੈ। ਜੇਕਰ ਸਿਰ ਚਟਮ ਕਰਾ ਕੇ ਤੇ ਮੁੰਨ ਮੰਨਾ ਕੇ ਸਿਧੀ ਮਿਲਦੀ ਤਾਂ ਭੇਡ ਨੂੰ ਮੁਕਤੀ ਕਿਉਂ ਨਾ ਮਿਲ ਗਈ ਹੁੰਦੀ। ਭੇਡ ਇਕ ਐਸਾ ਪਸ਼ੂ ਹੈ ਜਿਸ ਦੇ ਪਿੰਡੇ ਉਤੇ ਆਈ ਜਤ ਨੂੰ ਘਟ ਤੋਂ ਘਟ ਸਾਲ ਵਿਚ ਦੋ ਵਾਰ ਮੁੰਨਦੇ ਹਨ। ਤਾਂ ਤੇ ਇਹ ਮੂੰਡ ਮੁੰਡਾ ਕੇ, ਨਿਰੀ ਮੂੰਡ ਮੁੰਡਾਉਣ ਕਰਕੇ ਜੋ ਮੁਕਤੀ ਮੰਗਦੇ ਹਨ, ਉਹ ਭੇਡ-ਪੰਥੀਏ ਅਨਮਤੀ ਹਨ। ਗੁਰਬਾਣੀ ਦਾ ਇਹ ਗੁਰਵਾਕ ਏਹਨਾਂ ਭੇਡ-ਪੰਥੀਏ ਮੁੰਡਣ ਕਰਾਉਣ ਵਾਲਿਆਂ ਦੀ ਖ਼ੂਬ ਗਤਿ ਬਣਾਉਂਦਾ ਹੈ —

ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ॥
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ॥੧੦੧॥

[ਪੰਨਾ ੧੩੬੯

ਗੁਰਮਤਿ ਅਨੁਸਾਰ ਮੂੰਡਾ ਮੂੰਡ ਨਿਰੀ ਮਨਮਤਿ ਅਤੇ ਕੁਹਜੀ ਕੁਮਤਿ ਭਰੀ ਅਨਮਤਿ ਹੈ। ਕਈ ਪਾਖੰਡੀ ਸੁਆਂਗ-ਧਾਰੀ ਅਨਮਤੀ ਆਪਣੀ ਮੂੰਡਾ ਮੂੰਡ ਵਾਲੀ ਕੁਕ੍ਰਿਤ ਕਰਣੀ ਨੂੰ ਜਤਲਾਉਣ ਲਈ ਇਸ ਅਗਲੇਰੇ ਗੁਰਵਾਕ ਦਾ ਪ੍ਰਮਾਣ ਦਿਆ ਕਰਦੇ ਹਨ—"ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁੰਡਾਇ।"* ਸੋ ਓਹਨਾਂ ਦਾ ਇਸ ਗੁਰਵਾਕ ਦੇ ਪ੍ਰਮਾਣ ਦਿਤਿਆਂ ਇਹ ਅਭਿਪਰਾ ਸਿਧ ਨਹੀਂ ਹੁੰਦਾ ਜੈਸਾ ਕਿ ਉਹ ਸਿਧ ਕਰਨ ਦਾ ਤਰਲਾ ਲਿਆ ਕਰਦੇ ਹਨ ਕਿ ਭਾਵੇਂ ਕੋਈ ਕੇਸ ਮੁੰਨ ਦੇਵੇ ਜਾਂ ਨਾ ਮੁੰਨੇ। ਇਹ ਹਰਗਿਜ਼ ਅਸਲ ਅਭਿਪਰਾ ਨਹੀਂ। ਏਥੇ ਤਾਂ ਮਾਨਵੀ ਕਿਰਤ ਵਾਲੀ ਕੁਕਿਰਿਆ ਦਾ ਖੰਡਨ ਹੈ।

---

* ਸਲੋਕ ਭਗਤ ਕਬੀਰ ਜੀਉ, ॥੨੫॥, ਪੰਨਾ ੧੩੬੫

ਗੁਰਮਤਿ ਅਨੁਸਾਰ ਆਰਾਸਤਨ ਤੇ ਪੈਰਾਸਤਨ ਵਾਲੇ ਦੋਈ ਕੁਹਜੇ ਕੁਕ੍ਰਿਤ ਕਰਮ ਨਿੰਦਤ ਹਨ। ਆਰਾਸਤਨ ਵਾਲੇ ਕੁਕ੍ਰਿਤ ਕਰਮ ਏਹ ਹਨ ਜੈਸੇ ਕਿ ਸਰੀਰ ਉਤੇ ਬਿਭੂਤ ਚੜ੍ਹਾਈ ਜਾਵੇ ਤੇ ਬਿਭੂਤੀ ਲਾ ਕੇ ਜਟਾਂ ਨੂੰ ਵਧਾਇਆ ਜਾਵੇ, ਕੇਸਾਂ ਦੀਆਂ ਜਟਾਂ ਬਣਾਈਆਂ ਜਾਣ ਅਤੇ ਭਸਮ ਲਾ ਕੇ ਮਨ-ਉਕਤ ਮਨਮਤਿ ਦੁਆਰਾ ਕੇਸਾਂ ਨੂੰ ਵਧਾਇਆ ਜਾਵੇ। ਅੱਖੀਆਂ ਵਿਚ ਅੰਜਨ ਸੁਰਮਾ ਪਾਉਣਾ ਅਤੇ ਸਰੀਰ ਦੇ ਅੰਗਾਂ ਤੇ ਵਧ ਚੜ੍ਹ ਕੇ ਸੀਗਾਰ ਬਣਾਉਣਾ ਇਹ ਭੀ ਆਰਾਸਤਨ ਸਜਾਉਣ ਵਾਲਾ ਕਰਮ ਹੈ। ਗੁਰਮਤਿ ਅਨੁਸਾਰ ਨਿਰੀ ਮਨਮਤਿ ਹੈ। ਪੈਰਾਸਤਨ ਕੁਹਜੀ ਕਿਰਿਆ ਉਹ ਹੁੰਦੀ ਹੈ ਜੋ ਸਰੀਰ ਦੇ ਕਿਸੇ ਅੰਗ ਜਾਂ ਰੋਮਾਵਲੀ ਨੂੰ ਘਸਾ ਮੁਨਾ ਕੇ ਬਣਾਉਟੀ ਸੀਗਾਰ ਕੀਤਾ ਜਾਵੇ। ਜੈਸੇ ਕਿ ਸੇਲੀਆਂ ਕੱਢਣਾ, ਜਾਂ ਕੇਸਾਂ ਦੀ ਮੂੰਡ ਮੁੰਡਾਈ ਕਰਨੀ, ਇਹ ਸਭ ਬਨਾਵਟੀ ਕਿਰਿਆ ਆਨਮਤਿ ਭਰੀ ਕੁਮਤਿ ਹੈ।

ਤਾਂ ਤੇ ਗੁਰਮਤਿ ਅਨੁਸਾਰ ਸਿਰ ਦੇ ਬਾਲਾਂ ਕੇਸਾਂ ਨੂੰ ਮੁਨਾਉਣਾ ਅਤੇ ਬਨਾਵਟੀ ਜਟਾਂ ਬਣਾ ਕੇ ਵਧਾਉਣਾ ਦੋਈ ਮਨਮਤਿ ਕਿਰਿਆਵਾਂ ਹਨ, ਜੋ ਨਿਰਾ ਆਨਮਤੀਆਂ ਵਾਲਾ ਯਾ ਮਾੜਾ ਕੰਮ ਹੈ। ਮਨਮਤੀਏ ਆਨਮਤ ਕਰਮੀ ਆਪਣੀ ਮੁੰਡਣ ਕਿਰਿਆ ਨੂੰ ਕੇਸ ਰੱਖਣ ਦੀ ਸਦਰਸਤਾ ਦੇ ਕੇ ਇਕ ਪ੍ਰਕਾਰ ਤੱਤ ਅਰਥਾਂ ਦਾ ਘਾਲਾ-ਮਾਲਾ ਕਰਿਆ ਲੋੜਦੇ ਹਨ। 'ਲਾਂਬੇ ਕੇਸ ਕਰੁ' ਅਧ-ਪੰਗਤੀ ਵਿਚ 'ਕਰੁ' ਪਦ ਦੀ ਕਿਰਿਆ ਸਾਫ਼ ਦਸਦੀ ਹੈ ਕਿ ਸਪੱਸ਼ਟ ਬਨਾਵਟੀ ਤੌਰ ਤੇ ਬਣਾਈ ਕ੍ਰਿਤੀ ਹੋਈ ਕਿਰਿਆ ਹੈ, ਜਿਸ ਦਾ ਭਾਵ ਜਟਾਂ ਵਧਾਉਣ ਤੋਂ ਹੈ। ਸੋ ਗੁਰਮਤਿ ਅੰਦਰ ਜਟਾਂ ਵਧਾਉਣਾ, ਘਰੜ ਮੁਨਾਉਣੇ ਦੋਈ ਨਿੰਦਿਤ ਕੁਕਰਮ ਹਨ, ਜੋ ਆਨ-ਮਤੀ ਮਨਮਤੀਏ ਹੀ ਕਰਦੇ ਹਨ, ਜਿਹਨਾਂ ਨੂੰ ਗੁਰਮਤਿ ਦਾ ਮੁਸ਼ਕ ਮਾਤਰ ਭੀ ਸ਼ਊਰ ਨਹੀਂ।

ਅਗੇ ਚਲ ਕੇ ਐਸੇ ਕੁਚੱਜੇ ਆਨਮਤੀਆਂ ਦੀ ਆਨਮਤਿ ਕਿਰਿਆ ਨੂੰ ਖੰਡਨ ਕੀਤਾ ਗਿਆ ਹੈ, ਜੋ ਕੇਵਲ ਬਣਾਵਟੀ ਮਨਮਰਜ਼ੀ ਨਾਲ ਬੀਰਜ ਨੂੰ ਥੰਮ ਕੇ ਰਖਦੇ ਹਨ। ਬੀਰਜ ਨੂੰ ਥੰਮਣਾ ਪਰਮ ਧਰਮ ਹੀ ਏਹਨਾਂ ਆਨਮਤੀਆਂ ਨੇ ਮੰਨਿਆ ਹੋਇਆ ਹੈ, ਜੋ ਕਿ ਹਰਗਿਜ਼ ਐਸਾ ਨਹੀਂ। ਜੇਕਰ ਬਿੰਦ ਬੀਰਜ ਨੂੰ ਮਨ-ਮਰਜ਼ੀ ਦੀ ਮਨਮਤਿ ਹਠ-ਕਿਰਿਆ ਨਾਲ ਠੱਲ੍ਹਿਆ ਜਾਣ ਕਰਕੇ ਹੀ ਭਵ-ਸਾਗਰ ਤੋਂ ਤਰ ਜਾਈਦਾ ਹੈ, ਤਾਂ ਤੇ ਖੁਸਰੇ ਤਾਂ ਸੁਤੇ ਤੇ ਨਿਰਯਤਨ ਹੀ ਪਰਮਗਤਿ ਨੂੰ ਪ੍ਰਾਪਤਿ ਹੋ ਜਾਣੇ ਚਾਹੀਦੇ ਹਨ। ਅੱਜ ਕਲ੍ਹ ਨਵੀਨ ਫ਼ੈਸ਼ਨੀਏ ਬਨਾਵਟੀ ਕੰਟਰੋਲ ਦੁਆਰਾ ਆਪਣੇ ਬੀਰਜ ਨੂੰ ਵਸ ਕਰਨ ਦਾ ਯਤਨ ਕਰਦੇ ਹਨ, ਜੋ ਨਿਰੀ ਮਨਮਤਿ ਤੇ ਕੁਹਜੀ ਕੁਮਤਿ ਹੈ। ਪੰਜ-ਭੂਤਕੀ ਮਨ ਨੂੰ ਤਾਂ ਵਸ ਨਹੀਂ ਕਰਦੇ, ਬਨਾਵਟੀ ਬਝਣ-ਕੁਮੱਤਾਂ ਦੁਆਰਾ ਬੀਰਜ ਬੰਨ੍ਹਣ ਕਪੋਲ ਕਿਰਿਆ ਵਿਚ ਪਰਵਿਰਤ ਹੁੰਦੇ ਹਨ। ਗੁਰਮਤਿ ਅਨੁਸਾਰ ਇਸ ਨਵੀਨ ਫ਼ੈਸ਼ਨੀ ਕੰਟਰੋਲ ਕਿਰਿਆ ਦਾ ਪਹਿਲਾਂ ਹੀ

ਖ਼ੂਬ ਖੰਡਨ ਕੀਤਾ ਗਿਆ ਹੈ। ਇਸ ਗੁਰਮਤਿ ਬਚਨ ਦੇ ਪੂਰਨ ਅਨੁਸਾਰੀ ਹੋਣ ਕਰਕੇ ਗੁਰਮੁਖਿ ਜਨ ਗੁਰੂ ਦੇ ਪੂਰੇ ਸੂਰੇ ਸਿਖ ਇਸ ਕੰਟਰੋਲ-ਗਰਦੀ ਕਰੂਰ ਕਿਰਿਆ ਵਿਚ ਪੈਂਦੇ ਹੀ ਨਹੀਂ। ਹੋਰ ਸਾਰਾ ਆਨਮਤੀ ਜੱਗ ਏਸੇ ਕਰੂਰ ਕਿਰਿਆ ਵਿਚ ਉਲਝਿਆ ਪਿਆ ਹੈ। ਇਸ ਬਿਧਿ ਕਰੂਰ ਕਿਰਿਆਂ ਵਿਚ ਉਲਝਿਆਂ ਸ੍ਰੀ ਭਗਵਾਨ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਕਦਾਚਿਤ ਨਹੀਂ ਹੋ ਸਕਦੀ। ਪ੍ਰਾਪਤੀ ਤੇ ਕਲਿਆਣ-ਗਤੀ ਕੇਵਲ ਗੁਰਮਤਿ ਅਨੁਸਾਰ ਵਾਹਿਗੁਰੂ ਦੇ ਗੁਰਮਤਿ ਨਾਮ ਅਭਿਆਸ ਬਿਨਾਂ, ਕਿਸੇ ਭੀ ਆਨਮਤੀ ਪੁਰਸ਼ ਨੇ ਮਹਿਜ਼ ਉਪਰ ਦੱਸਿਆ ਕੁਕਰਮ ਕ੍ਰਿਤ ਕਰਕੇ ਕਦੇ ਭੀ ਗਤੀ ਨਹੀਂ ਪਾਈ ਤੇ ਨਾ ਹੀ ਕੋਈ ਆਨਮਤੀ ਪੁਰਸ਼ ਇਸ ਗਤੀ ਨੂੰ ਪਾ ਸਕੇਗਾ। ਗੁਰਮਤਿ ਦਾ ਬਖਸ਼ਿਆ ਹੋਇਆ ਗਿਆਨ-ਚਾਨਣਾ ਹੀ ਅਜਿਹੀਆਂ ਆਨਮਤਿ ਕਿਰਿਆਂ ਤੇ ਮਨਮਤਾਂ ਨੂੰ ਖੋਲ੍ਹ ਕੇ ਖੰਡਨ ਕਰਦਾ ਹੈ।

# ੪੫. ਆਨਮਤੀ ਕਰਮਾਂ ਦਾ ਖੰਡਨ

ਸੰਧਿਆ ਪ੍ਰਾਤ ਇਸ੍ਨਾਨੁ ਕਰਾਹੀ ॥ ਜਿਉ ਭਏ ਦਾਦੁਰ ਪਾਨੀ ਮਾਹੀ ॥੧॥
ਜਉਪੈ ਰਾਮ ਨਾਮ ਰਤਿ ਨਾਹੀ ॥ ਤੇ ਸਭਿ ਧਰਮਰਾਇ ਕੈ ਜਾਹੀ॥੧॥ਰਹਾਉ॥
ਕਾਇਆ ਰਤਿ ਬਹੁ ਰੂਪ ਰਚਾਹੀ ॥ ਤਿਨ ਕਉ ਦਇਆ ਸੁਪਨੈ ਭੀ ਨਾਹੀ॥੨॥
ਚਾਰਿ ਚਰਨ ਕਹਹਿ ਬਹੁ ਆਗਰ ॥ ਸਾਧੂ ਸੁਖੁ ਪਾਵਹਿ ਕਲਿ ਸਾਗਰ ॥੩॥
ਕਹੁ ਕਬੀਰ ਬਹੁ ਕਾਇ ਕਰੀਜੈ ॥ ਸਰਬਸੁ ਛੋਡਿ ਮਹਾ ਰਸੁ ਪੀਜੈ ॥੪॥੫॥
[ਗਉ: ਕਬੀਰ ਜੀ, ਪੰਨਾ ੩੨੪

ਗੁਰਮਤਿ ਦੀ ਸੱਚੀ ਕਸੌਟੀ ਤੇ ਚੜ੍ਹੇ ਬਿਨਾਂ ਨਿਰੀ ਆਨਮਤ ਮਤਿ ਦੁਆਰਾ ਆਨਮਤ ਜਗਿਆਸੂਆਂ ਦਾ ਪ੍ਰਮਾਰਥ ਭੀ ਸੁੰਨਾ ਹੈ। ਆਨਮਤ ਅਤੇ ਮਨਮਤਿ ਦਾ ਸਹੇੜਿਆ ਹੋਇਆ ਪ੍ਰਮਾਰਥ ਕਦੇ ਭੀ ਸਿਰੇ ਨਹੀਂ ਚੜ੍ਹ ਸਕਦਾ। ਆਨਮਤ ਖ਼ਿਆਲਾਂ ਵਾਲੇ ਹਿੰਦੂਆਂ ਦਾ ਆਥਣ ਵੇਲੇ ਅਨਮਤ ਕੱਚੀ ਬਾਣੀ ਦਾ ਨਿਤਨੇਮ ਸੰਧਿਆ ਕਿਰਿਆ ਵਾਲਾ ਕੀਤਾ ਹੋਇਆ ਤੇ ਪ੍ਰਾਤਾਕਾਲ ਵੇਲੇ ਇਸ਼ਨਾਨ ਕੀਤਾ ਹੋਇਆ ਐਵੇਂ ਬਿਰਥਾ ਹੀ ਜਾਂਦਾ ਹੈ। ਜਿਸ ਪ੍ਰਕਾਰ ਕਿ ਡੱਡੂਆਂ ਦਾ ਅਹਿਨਿਸ ਪਾਣੀ ਵਿਚ ਰਹਿ ਕੇ ਉਦਕ-ਮਜਨੀ ਹੋਣਾ ਨਿਰਾਰਥ ਹੀ ਹੈ, ਏਸ ਪ੍ਰਕਾਰ ਆਨਮਤ ਗ੍ਰਸੇ ਪਖੰਡੀਆਂ ਦਾ ਪ੍ਰਭਾਤੀ ਇਸ਼ਨਾਨ ਕੀਤਾ ਹੋਇਆ ਪਖੰਡ ਰੂਪ ਹੀ ਹੈ। ਆਨਮਤੀਆਂ ਦੀ ਸੰਧਿਆ ਤਰਪਣ ਗਾਇਤ੍ਰੀ ਭੀ ਕਿਸੇ ਲੇਖੇ ਨਹੀਂ ਪੈਂਦੀ। ਜਦ ਤਾਈਂ ਕਿ ਗੁਰਮਤਿ ਮਾਰਗ ਗ੍ਰਹਿਣ ਕਰ ਕੇ ਅਤੇ ਗੁਰਦੀਖਿਆ ਲੈ ਕੇ ਵਾਹਿਗੁਰੂ ਦੇ ਨਾਮ ਅਭਿਆਸ ਅੰਦਰ ਗਹਿ ਕਰ ਪ੍ਰੇਮ-ਪਲੀਤੀ ਨਹੀਂ ਲਗਦੀ ਓਦੋਂ ਤਾਈਂ ਆਨਮਤ ਪਾਖੰਡ ਕਿਰਿਆ ਕੀਤੀ ਨਿਸਫਲ ਜਾਂਦੀ ਹੈ। ਨਿਸਫਲ ਹੀ ਨਹੀਂ,

ਬਲਕਿ ਇਸ ਵਾਕ ਦੀ ਇਸ ਪੰਗਤੀ ਦੇ ਭਾਵ ਅਨੁਸਾਰ, "ਤੇ ਸਭਿ ਧਰਮਰਾਇ ਕੈ ਜਾਹੀ",* ਸਾਰੇ ਆਨਮਤ ਪਾਖੰਡ ਕਿਰਿਆ ਕਰਨ ਵਾਲਿਆਂ ਨੂੰ ਧਰਮਰਾਇ ਦੇ ਅਗੇ ਜਾ ਕੇ ਲੇਖਾ ਦੇਣਾ ਪੈਂਦਾ ਹੈ। ਲੇਖਾ ਦੇਣਾ ਫੇਰ ਭੀ ਸਿਰ ਰਹਿੰਦਾ ਹੈ, ਲੇਖ ਦੇਣ ਦੀ ਕਾਰ ਚੁਕਦੀ ਹੀ ਨਹੀਂ, ਸਿਰ ਤੇ ਕਰਜ਼ ਚੜ੍ਹਿਆ ਹੀ ਰਹਿੰਦਾ ਹੈ, ਮੁੜਿ ਮੁੜਿ ਚੁਰਾਸੀ ਦੇ ਗੇੜ ਵਿਚ ਗਿੜਿਆ ਹੋਇਆ ਅਨਿਕ ਪ੍ਰਕਾਰੀ ਸੱਟਾਂ ਖਾਂਦਾ ਰਹਿੰਦਾ ਹੈ। ਮਤ ਖ਼ਿਆਲ ਕਰੋ ਕਿ ਸਰੀਰ ਮੁੱਕ ਗਿਆ ਤਾਂ ਸਭ ਕੁਛ ਮੁੱਕ ਚੁੱਕ ਗਿਆ। ਏਹਨਾਂ ਖ਼ਿਆਲਾਂ ਦਾ ਸਿਰਫ਼ ਫੂਸ ਵਾਲਾ ਹੀ ਨਿਘਾਸ ਹੈ। ਜਿਨ੍ਹਾਂ ਦੇ ਅੰਦਰ ਇਹ ਆਨਮਤ ਆਲੂਦਗੀ ਭਰੀ ਹੋਈ ਹੈ ਤੇ ਜਿਨ੍ਹਾਂ ਨੂੰ ਕੁਮਤਿ-ਚਾਰੀਆਂ ਖ਼ਾਮ ਖ਼ਿਆਲੀਆਂ ਦੀ ਇਹ ਖ਼ੁਮਾਰੀ ਚੜ੍ਹੀ ਹੋਈ ਹੈ ਕਿ ਅੱਗਾ ਉੱਗਾ ਕੁਛ ਨਹੀਂ, ਅਸੀਂ ਏਸ ਸੱਚੀ ਬਾਣੀ ਦੇ ਪੂਰਨ ਭਰਵਾਸੇ ਭਰੋਸੇ 'ਤੇ ਓਹਨਾਂ ਦੀ ਇਸ ਖ਼ਾਮ ਖ਼ਿਆਲੀ ਅਤੇ ਕਜਫ਼ਹਿਮੀ ਨੂੰ ਡੰਕੇ ਦੀ ਚੋਟ ਨਾਲ ਦੂਰ ਕਰਦੇ ਹਾਂ। ਮੁਰਦਾ ਸਰੀਰ ਭਾਵੇਂ ਏਥੇ ਰਹਿ ਜਾਂਦਾ ਹੈ, ਇਸਦੇ ਅੰਦਰਲਾ ਜੀਵ, ਸੂਖਮ ਸਰੀਰ (*astral body*) ਵਾਲਾ ਰੂਪ ਨਾਲ ਲੈ ਕੇ ਤੇ ਅਗੇ ਜਾ ਕੇ ਇਸ ਮਨੁਖਾ ਜਨਮ ਵਿਚ ਕੀਤੇ ਕੁਕਰਮਾਂ ਕੁਰੀਤੀਆਂ ਦੀਆਂ ਸੱਟਾਂ ਖਾਂਦਾ ਰਹਿੰਦਾ ਹੈ। ਇਸ ਗੁਰਮਤਿ-ਗੀਧੀ ਸਚਾਈ ਨੂੰ ਸੱਚ ਕਰਕੇ ਜਾਣੋ। ਗੁਰਮਤਿ ਦਾ ਲੜ ਫੜਿਆਂ ਹੀ ਨਿਸਤਾਰਾ ਹੈ।

ਭੇਖਧਾਰੀ ਲੋਗ ਆਨਮਤ ਖ਼ਿਆਲਾਂ ਦੇ ਗ੍ਰਸੇ ਹੋਏ ਇਸ ਲੋਕ ਵਿਖੇ ਕਾਇਆਂ ਦੀ ਰੂਪ ਭੇਖ ਪਲਟਣੀ ਸ੍ਵਾਂਗਾ ਸੁਆਂਗੀ ਵਿਚ ਹੀ ਰਚੇ ਪਚੇ ਰਹਿੰਦੇ ਹਨ ਅਤੇ ਇਸ ਕਾਇਆਂ ਦੇ ਪਾਲਣ ਪੋਸਣ ਲਈ ਅਨੇਕ ਪ੍ਰਕਾਰ ਦੇ ਜੀਵ-ਹਤਿਆ ਵਾਲੇ ਕੁਕਰਮ ਭੀ ਕਮਾਉਂਦੇ ਹਨ। ਤਿਨ੍ਹਾਂ ਨੂੰ ਇਹ ਸਮਝ ਲਵੋ ਕਿ ਸੁਪਨੇ ਮਾਤਰ ਵਿਚ ਭੀ ਜੀਵਾਂ ਉਤੇ ਦਇਆ ਪਾਲਣ ਦਾ ਖ਼ਿਆਲ ਨਹੀਂ ਉਪਜਦਾ। "ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ"** ਦੇ ਗੁਰਵਾਕ ਪੰਗਤੀ ਅਨੁਸਾਰ ਓਹਨਾਂ ਨੂੰ ਆਪਣੀ ਕਰਤੂਤ ਕਰਣੀ ਅਗੇ ਜਾ ਕੇ ਜ਼ਰੂਰ ਭਰਨੀ ਪਵੇਗੀ। ਬਹੁਤ ਸਾਰੇ ਆਨ-ਮਤੀ ਸਿਆਣੇ ਲੋਗ ਆਪੋ ਆਪਣੇ ਮਨੋ-ਮਨੀ ਨਿਸਚੇ ਅਨੁਸਾਰ ਮਨਮੰਨੇ ਧਰਮ ਦੇ ਚਾਰ ਪੈਰ ਦਸਦੇ ਹਨ, ਪਰ ਗੁਰਮੁਖਿ ਜਨ ਅਜਿਹੀ ਕਸੌਟੀ ਦੀ ਖਲਜਗਣ ਵਿਚ ਨਹੀਂ ਪੈਂਦੇ। ਇਸ ਕਲੇਸ਼ ਦੇ ਸਾਗਰ ਵਿਚੋਂ, ਬਿਨਾਂ ਇਸ ਪ੍ਰਕਾਰ ਦੇ ਝਗੜੇ ਰਗੜੇ ਵਿਚ ਪਇਆਂ ਹੀ, ਗੁਰਮਤਿ ਨਾਮ ਦੇ ਆਸਰੇ ਸੱਚੇ ਪ੍ਰਮਾਰਥੀ ਸੁਖ ਨੂੰ ਜਾਇ ਪ੍ਰਾਪਤਿ ਹੁੰਦੇ ਹਨ। ਗੁਰਮਤਿ ਧਾਰਨ ਕਰਨ ਦਾ ਇਹੋ ਵਾਧਾ ਹੈ ਕਿ ਉਹਨਾਂ ਨੂੰ ਏਹਨਾਂ ਆਨਮਤੀ ਖ਼ਿਆਲਾਂ ਵਾਲੇ ਵਹਿਣ ਵਿਚ ਰੁੜ੍ਹਨ ਦਾ ਮੇਨੀਆ ਹੀ ਨਹੀਂ ਲਗਦਾ ਤੇ ਨ ਕੋਈ ਖ਼ਤਰਾ ਵਿਆਪਦਾ ਹੈ। ਕਬੀਰ ਸਾਹਿਬ ਗੁਰਮਤਿ-ਪ੍ਰੇਰਨੀ

---

* ਗਉੜੀ ਕਬੀਰ ਜੀ, ਪੰਨਾ ੩੨੪

**ਸਾਰੰਗ ਪਰਮਾਨੰਦ ਜੀ, ੩॥੧॥੬॥, ਪੰਨਾ ੧੨੫੩

ਇਹ ਬਾਣੀ ਉਚਰਦੇ ਹਨ ਤੇ ਉਪਦੇਸ਼ ਕਰਦੇ ਹਨ ਕਿ ਉੱਪਰ ਦੱਸੇ ਹੋਏ ਵਹਿਣਾਂ ਵਿਚ ਰੁੜ੍ਹਨ ਦੀ ਲੋੜ ਨਹੀਂ। ਇਹ ਸਭ ਕੁਛ ਛਡ ਕੇ ਨਾਮ ਮਹਾਂ ਰਸ ਦੇ ਗੁਰਮਤਿ ਅਭਿਆਸ ਵਿਚ ਹੀ ਲੀਨ ਰਹਿਣਾ ਚਾਹੀਦਾ ਹੈ। ਇਸ ਬਿਧੀ ਗੁਰਮਤਿ ਗ੍ਰਹਿਣ ਕੀਤਿਆਂ ਜੀਵ ਦਾ ਸੁਤੇ ਸਿਧ ਹੀ ਨਿਸਤਾਰਾ ਹੈ।

ਅਗਲਾ ਗੁਰਵਾਕ ਭੀ ਅਜਿਹੇ ਮਨਮਤਿ ਸੰਸਿਆਂ ਦੀ ਨਵਿਰਤੀ ਕਰਾਉਂਦਾ ਹੈ ਕਿ ਦੂਜੇ ਭਾਵ ਵਾਲੀ ਭਾਉ ਭਗਤੀ ਕਦੇ ਭੀ ਪਰਵਾਨ ਨਹੀਂ ਪੈਂਦੀ, ਭਾਵੇਂ ਆਨਮਤ ਉਪਦੇਸ਼ਿਆ ਹੋਇਆ ਜਪ, ਤਪ, ਬ੍ਰਤ, ਪੂਜਾ ਆਦਿਕ ਕਿਰਿਆ-ਕਰਮ ਕੋਈ ਕਿਤਨਾ ਹੀ ਕਰ ਲਵੇ। ਇਹ ਗੁਰਵਾਕ ਸਗੋਂ ਇਹ ਦ੍ਰਿੜ੍ਹਾਉਂਦਾ ਹੈ ਕਿ ਗੁਰਮਤਿ ਗ੍ਰਹਿਣ ਕਰ ਕੇ ਮਨ ਬਚਨ ਕਰਮ ਨਾਲ ਵਾਹਿਗੁਰੂ ਸੰਗਿ ਸੁਰਤੀ ਬਿਰਤੀ ਜੋੜਨੀ ਚਾਹੀਦੀ ਹੈ ਅਤੇ ਆਨਮਤੀਆਂ ਵਾਲੀਆਂ ਸਿਆਣਪਾਂ ਚਤੁਰਾਈਆਂ ਸਭ ਛਡ ਦੇਣੀਆਂ ਚਾਹੀਦੀਆਂ ਹਨ। ਚਤੁਰਾਈ ਦੁਆਰਾ (ਚਤੁਰਾਈ ਕੀਤਿਆਂ) ਵਾਹਿ-ਗੁਰੂ ਅੰਤਰਜਾਮੀ ਹਰਗਿਜ਼ ਨਹੀਂ ਪਾ ਸਕੀਦਾ। ਚਤੁਰਾਈ ਛਡਿਆਂ ਹੀ ਚਤੁਰਭੁਜ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਪਰ ਇਹ ਚਤੁਰਾਈ ਤਦੇ ਹੀ ਛਡੀ ਜਾ ਸਕਦੀ ਹੈ ਜੇਕਰ ਆਨਮਤ ਗ੍ਰਸੇ ਮਨਮਤਿ ਖ਼ਿਆਲਾਂ ਨੂੰ ਛਡਿਆ ਜਾਵੇ। ਗੁਰਮਤਿ ਅਨੁਸਾਰੀ ਹੁੰਦਿਆਂ ਹੋਇਆਂ ਉਕਤ ਚਤੁਰਾਈ ਭਰੇ ਵਹਿਣ ਸੰਸੇ ਸਭ ਨਵਿਰਤ ਹੋ ਜਾਂਦੇ ਹਨ। ਗੁਰਮਤਿ ਗ੍ਰਹਿਣੀ ਗੁਰਮੁਖਿ ਜਨਾਂ ਨੂੰ ਇਸ ਪ੍ਰਕਾਰ ਦੇ ਚਤੁਰਾਈ ਭਰੇ ਸੰਸਕਾਰ ਕਦੇ ਸੁਪਨੇ ਮਾਤਰ ਭੀ ਨਹੀਂ ਸਤਾਉਂਦੇ। ਗੁਰਮਤਿ ਗ੍ਰਹਿਣ ਕਰਨ ਵਾਲੇ ਉਤਮ ਜਗਿਆਸੂ ਨੂੰ ਨਾ-ਕੇਵਲ ਇਹ ਚਤੁਰਾਈ ਸਿਆਣਪ ਭਰੇ ਸੰਸਕਾਰ ਹੀ ਛਡਣੇ ਪੈਂਦੇ ਹਨ, ਬਲਕਿ ਲੋਭ ਅਤੇ ਲੋਕਾਚਾਰ ਵਾਲੇ ਵਿਕਾਰੀ ਸੰਸਕਾਰ ਸਭ ਤਜ ਦੇਣੇ ਪੈਂਦੇ ਹਨ। ਏਹਨਾਂ ਲੋਭ ਲੋਕਾਚਾਰੀ ਸੰਸਕਾਰਾਂ ਦਾ ਗੁਰਮਤਿ ਗ੍ਰਹਿਣ ਕੀਤਿਆਂ ਸੁਤੇ ਹੀ ਪਰਹਾਰ ਹੋ ਜਾਂਦਾ ਹੈ, ਪਰੰਤੂ ਗੁਰਮਤਿ ਦੇ ਉਤਮ ਜਗਿਆਸੂ ਜਨ ਏਹਨਾਂ ਸੰਸਕਾਰਾਂ ਨੂੰ ਨੇੜੇ ਨਹੀਂ ਢੁਕਣ ਦਿੰਦੇ। ਕਾਮ ਕ੍ਰੋਧ ਹੰਕਾਰ ਮਈ ਸੰਸਕਾਰ ਭੀ ਤਿਆਗ ਦਿੰਦੇ ਹਨ (ਪਰਹਰ ਕਰ ਦਿੰਦੇ ਹਨ)।

ਅਗਲੀ ਤੀਜੀ ਪੰਗਤੀ ਅੰਦਰ ਇਹ ਗੁਰਵਾਕ ਇਹੋ ਦ੍ਰਿੜ੍ਹਾਉਂਦਾ ਹੈ ਕਿ ਆਨਮਤ ਖ਼ਿਆਲਾਂ ਵਾਲੇ ਕਰਮ ਕੀਤਿਆਂ ਅਹੰਮਤੀ ਹੰਕਾਰ ਸੰਸਕਾਰ ਸਗੋਂ ਹੋਰ ਵਧ ਜਾਂਦਾ ਹੈ। ਕਰਮ ਕਰਨ ਦੀ ਅਹੰਮੇਵੀ ਕਰਤੂਤ, ਆਨਮਤੀ ਕੁਮਤਿ ਦੇ ਅਧੀਨ ਹੋਇਆਂ ਸਗੋਂ ਹੋਰ ਵਧ ਜਾਂਦੀ ਹੈ। ਉਪਰੋਂ ਇਕ ਹੋਰ ਲੋਹੜਾ ਹੋ ਜਾਂਦਾ ਹੈ, ਉਹ ਓਹਨਾਂ ਨੂੰ ਪੱਥਰ ਰੂਪੀ ਬੁੱਤ ਮਿਲ ਜਾਂਦਾ ਹੈ, ਜਿਸ ਪੱਥਰ ਦੇ ਮਿਲਿਆਂ ਉਹ ਬੁੱਤ-ਪੂਜਾ ਕਰਨ ਲਗ ਪੈਂਦੇ ਹਨ, ਜੋ ਹੋਰ ਭੀ ਆਨਮਤਿ ਭਰੀ ਕੁਮਤਿ ਹੈ। ਕਿਉਂਕਿ ਬੁੱਤ-ਪੂਜਾ ਕੀਤਿਆਂ ਪਰਮਾਤਮਾ ਨੂੰ ਕਦੇ ਨਹੀਂ ਪਾ ਸਕੀਦਾ। ਕੇਵਲ ਗੁਰਮਤਿ ਭਗਤੀ ਦੁਆਰਾ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਭੋਲੇ ਭਾਵ

ਨਾਲ ਨਿਸ਼ਕਪਟ ਭਗਤੀ ਕੀਤਿਆਂ ਹੀ ਵਾਹਿਗੁਰੂ ਦੀ ਪ੍ਰਾਪਤੀ ਹੋ ਸਕਦੀ ਹੈ। ਇਹ ਗੁਰਮਤਿ ਦੀ ਤੱਤ ਸਿੱਟੇ ਵਾਲੀ ਤੱਤ ਉਪਦੇਸ਼ਨਾ ਹੈ। ਯਥਾ ਗੁਰਵਾਕ :

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
ਜਾ ਕੈ ਰਿਦੈ ਭਾਉ ਹੈ ਦੂਜਾ ॥੧॥
ਰੇ ਜਨ ਮਨੁ ਮਾਧਉ ਸਿਉ ਲਾਈਐ ॥
ਚਤੁਰਾਈ ਨ ਚਤੁਰਭੁਜੁ ਪਾਈਐ ॥੧॥ਰਹਾਉ॥
ਪਰਹਰੁ ਲੋਭੁ ਅਰੁ ਲੋਕਾਚਾਰੁ ॥ ਪਰਹਰੁ ਕਾਮੁ ਕ੍ਰੋਧੁ ਅਹੰਕਾਰੁ ॥੨॥
ਕਰਮ ਕਰਤ ਬਧੇ ਅਹੰਮੇਵ ॥ ਮਿਲਿ ਪਾਥਰ ਕੀ ਕਰਹੀ ਸੇਵ ॥੩॥
ਕਹੁ ਕਬੀਰ ਭਗਤਿ ਕਰਿ ਪਾਇਆ ॥
ਭੋਲੇ ਭਾਇ ਮਿਲੇ ਰਘੁਰਾਇਆ ॥੪॥੬॥ [ਗਉ: ਕਬੀਰ ਜੀ, ਪੰਨਾ ੩੨੪

ਜੋਗੀ ਜਤੀ ਤਪੀ ਬ੍ਰਹਮਚਾਰੀ ॥
ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥
ਸਾਕਤ ਮਰਹਿ ਸੰਤ ਸਭਿ ਜੀਵਹਿ ॥
ਰਾਮ ਰਸਾਇਨੁ ਰਸਨਾ ਪੀਵਹਿ ॥੩॥੧੩॥ [ਗਉ: ਕਬੀਰ ਜੀ, ਪੰਨਾ ੩੨੬

ਆਨਮਤੀ ਭੇਖ, ਜੋਗੀ ਜਤੀ ਤਪੀ ਬ੍ਰਹਮਚਾਰੀ ਇਹ ਸਭ ਚੁਰਾਸੀ ਦੇ ਗੇੜ ਵਿਚ ਹਨ। ਇਹ ਆਨਮਤੀਏ ਲੋਗ ਜੋਗ ਜਪ ਤਪ ਬ੍ਰਹਮਚਰਜ ਜੋ ਕੁਛ ਧਾਰਦੇ ਹਨ, ਸੋ ਤ੍ਰੈਗੁਣੀ ਮਨੋਰਥ ਸਿਧ ਕਰਨ ਲਈ ਧਾਰਦੇ ਹਨ। ਸੋ ਉਸ ਮਨੋਰਥ ਅਨੁਸਾਰ ਕਦੇ ਉਹ ਰਾਜੇ ਬਣਦੇ ਹਨ, ਕਦੇ ਛਤ੍ਰਪਤੀ ਛਤ੍ਰਧਾਰੀ ਕਹਾਉਂਦੇ ਹਨ, ਕਦੇ ਭੇਖਾਰੀ ਬਣ ਜਾਂਦੇ ਹਨ। ਇਸ ਪ੍ਰਕਾਰ ਜੂਨਾਂ ਵਿਚ ਘੁੰਮਦੇ ਹੀ ਰਹਿੰਦੇ ਹਨ। 'ਤਪੋਂ ਰਾਜ ਤੇ ਰਾਜੋਂ ਨਰਕ' ਦੀ ਕਹਾਵਤ ਸਪੱਸ਼ਟ ਹੈ। ਏਹਨਾਂ ਦੀ ਐਨ ਸਾਕਤਾਂ ਵਾਲੀ ਦੁਰਦਸ਼ਾ ਹੀ ਹੁੰਦੀ ਹੈ। ਮਾਇਕ ਵਿਸ਼ਿਆਂ ਵਿਚ ਲਗੇ ਹੋਏ ਇਹ ਜਪ, ਤਪ, ਜੋਗ ਸਾਧਨਹਾਰੇ, ਫੋਕਾ ਬ੍ਰਹਮਚਰਜ ਕਮਾਉਣਹਾਰੇ ਸਭ ਸਾਕਤ ਹੀ ਬਣਦੇ ਹਨ ਤੇ ਸਾਕਤ ਬਣਿ ਬਣਿ, ਮੁੜਿ ਮੁੜਿ ਜੰਮਦੇ ਮਰਦੇ ਹਨ। ਜੰਮਣ ਮਰਨ ਤੋਂ ਏਹਨਾਂ ਦਾ ਗੇੜ ਮੁਕਦਾ ਹੀ ਨਹੀਂ। ਇਹ ਕੇਵਲ ਗੁਰਮਤਿ **ਧਾਰੀ** ਸੱਚੇ ਗੁਰਮੁਖਿ ਸੰਤ ਹੀ ਹਨ, ਜੋ ਸਦਾ ਲਈ ਗੁਰਮੁਖਿ ਜੀਵਨੀ ਜੀਵ ਕੇ ਅਸਥਿਰ ਰਹਿੰਦੇ ਹਨ। ਏਹਨਾਂ ਦਾ ਦੀਨ ਦੁਨੀ ਸਭ ਸੰਵਰਿਆ ਹੀ ਰਹਿੰਦਾ ਹੈ।

ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥
ਰਾਮ ਭਗਤਿ ਬੈਠੇ ਘਰਿ ਆਇਆ ॥੨॥੧੯॥
[ਗਉ: ਕਬੀਰ ਜੀ, ਪੰਨਾ ੩੨੭

ਆਨਮਤੀ ਹਿੰਦੂਆਂ ਦੇ ਦੇਵਤਾ ਵੇਦ-ਬੇਤਾ ਕਹਾਉਣ ਵਾਲੇ ਬ੍ਰਹਮੇ ਨੇ

ਖਥੇਰੀਆਂ ਕਥਨੀਆਂ ਬਦਨੀਆਂ ਕੀਤੀਆਂ, ਪਰ ਉਸ ਨੂੰ ਏਹਨਾਂ ਕੀਤੀਆਂ ਕਤਰੀਆਂ ਕਥਨੀਆਂ ਬਦਨੀਆਂ ਦੁਆਰਾ ਵਾਹਿਗੁਰੂ ਦਾ ਅੰਤ ਨ ਆ ਸਕਿਆ। ਗੁਰਮਤਿ ਧਾਰਨੀ ਭਗਤ ਜਨਾਂ ਦੇ (ਘਟ ਵਿਖੇ) ਰਮਤ ਰਾਮ ਵਾਹਿਗੁਰੂ ਬੈਠੇ ਬਿਠਾਏ ਹੀ ਆ ਜ਼ਹੂਰ ਪਜ਼ੀਰ ਹੋਇਆ। ਗੁਰਮਤਿ ਦਾ ਇਹੋ ਵਾਧਾ ਹੈ ਕਿ ਆਨਮਤੀਆਂ ਦੀ ਬਾਹਰ ਢੂੰਢਣੀ ਤੋਂ ਛੁਟ ਕੇ, ਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਨਾਮ ਅਭਿਆਸ ਕਮਾਈਆਂ ਕਰਕੇ, ਹਿਰਦੇ ਅੰਦਰ ਹੀ ਵਾਹਿਗੁਰੂ ਦਾ ਦਰਸ਼ਨ ਆ ਹੁੰਦਾ ਹੈ।

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥੧॥
ਆਪਨ ਨਗਰੁ ਆਪ ਤੇ ਬਾਧਿਆ ॥
ਮੋਹ ਕੈ ਫਾਧਿ ਕਾਲ ਸਰੁ ਸਾਂਧਿਆ ॥੧॥ਰਹਾਉ॥
ਕਟੀ ਨ ਕਟੈ ਤੂਟਿ ਨਹ ਜਾਈ ॥ ਸਾ ਸਾਪਨਿ ਹੋਇ ਜਗੁ ਕਉ ਖਾਈ ॥੨॥
ਹਮ ਦੇਖਤ ਜਿਨਿ ਸਭੁ ਜਗੁ ਲੂਟਿਆ ॥
ਕਹੁ ਕਬੀਰ ਮੈ ਰਾਮ ਕਹਿ ਛੂਟਿਆ॥੩॥੩੦॥ [ਗਉ:ਕਬੀਰ ਜੀ,ਪੰਨਾ ੩੨੯

ਬੇਦਾਂ ਦੀ ਵਿਆਖਿਆ ਰੂਪ ਹੋਣ ਕਰਕੇ ਸਿਮ੍ਰਿਤੀ ਵੇਦਾਂ ਦੇ ਅਧਾਰ 'ਤੇ ਲਿਖੀ ਹੋਈ ਹੈ, ਇਸ ਕਰਕੇ ਵੇਦ ਦੀ ਪੁਤ੍ਰੀ ਕਹਾਉਂਦੀ ਹੈ। ਇਹ ਸਿਮ੍ਰਿਤੀ ਕਰਮ ਕਾਂਡਾਂ ਤੇ ਵਰਨਾਂ ਦੀ ਕੈਦ ਰੂਪ ਸੰਗਲੀ ਜੇਵਰੀ ਲੈ ਕੇ ਹੀ ਆਈ ਹੈ ਤੇ ਇਸ ਨੇ ਮੋਹ ਦੇ ਫਾਹੇ ਵਿਚ ਜੀਵਾਂ ਨੂੰ ਫਸਾ ਕੇ ਜਨਮ ਮਰਨ (ਮੌਤ) ਦਾ ਤੀਰ ਹੀ ਜੀਵਾਂ ਤੇ ਸਿੰਨ੍ਹਿਆ ਹੋਇਆ ਹੈ (ਕਸਿਆ ਹੋਇਆ ਹੈ)। ਚੁਰਾਸੀ ਦੇ ਗੇੜ ਵਾਲੇ ਜੀਵਾਂ ਦੇ ਗਲ ਵਿਖੇ ਇਹ ਕਾਲ-ਜੇਵਰੀ ਪਈ ਰਹਿੰਦੀ ਹੈ, ਕਿਸੇ ਬਿਧਿ ਕਟਿਆਂ ਕੱਟੀ ਨਹੀਂ ਜਾਂਦੀ, ਤੋੜੀ ਤੋਂ ਤੁਟਦੀ ਨਹੀਂ, ਸਗੋਂ ਇਹ ਮੋਹ ਦੀ ਫਾਸ ਸਰਪਨ ਹੋ ਕੇ ਸਾਰੇ ਜਗ-ਜੰਤੂਆਂ ਨੂੰ ਖਾ ਰਹੀ ਹੈ। ਸਾਡੇ ਦੇਖਦਿਆਂ ਹੀ (ਭਾਵ, ਅਸੀਂ ਏਸ ਗੱਲ ਦੇ ਸ਼ਾਹਦ ਹਾਂ) ਕਿ ਇਸ ਲੁਟੇਰੀ ਮਾਇਆ ਮੋਹ ਨੇ ਸਾਰਾ ਜਗ ਹੀ ਲੁੱਟ ਖਸੁੱਟ ਛਡਿਆ ਹੈ। ਕੰਬੀਰ ਸਾਹਿਬ ਫ਼ੁਰਮਾਂਦੇ ਹਨ ਕਿ ਗੁਰਮਤਿ ਜਗਿਆਸੂ ਹੋਣ ਕਰਕੇ ਹਰੇਕ ਗੁਰਮੁਖਿ ਜਨ ਗੁਰ-ਦੀਖਿਆ ਰੂਪੀ ਵਾਹਿਗੁਰੂ ਨਾਮ ਗੁਰਮੰਤਰ ਭਾਖ ਕੇ (ਵੀਚਾਰ ਕੇ) ਇਸ ਮੋਹ-ਫਾਸ ਤੋਂ ਛੁਟ ਗਿਆ ਹੈ। ਗੁਰਮਤਿ ਦੀ ਏਹੋ ਵਿਸ਼ੇਸ਼ਤਾ ਹੈ ਕਿ ਆਨਮਤੀਆਂ ਦੀ ਨਿਆਈਂ ਗੁਰਮਤਿ ਧਾਰਨੀ ਪੁਰਸ਼ ਇਸ ਮੋਹ-ਫਾਸ ਵਿਚ ਫਸਦਾ ਹੀ ਨਹੀਂ। ਗੁਰਮਤਿ ਦੇ ਆਸਰੇ ਇਸ ਮੋਹ-ਫਾਸ ਦਾ ਲੇਸ ਗੁਰਮਤਿ-ਧਾਰਨੀਆਂ ਨੂੰ ਲਗਦਾ ਹੀ ਨਹੀਂ। ਬ੍ਰਹਮਾ ਸਾਰਖੇ ਬੇਦ-ਬੇਤਾ ਅਤੇ ਸਿਮ੍ਰਿਤੀਆਂ ਦੇ ਬਕਤਾ ਰਿਖੀ ਜਨ ਸਭੇ ਹੀ ਏਸ ਮੋਹ-ਫਾਸ ਵਿਚ ਫਸੇ ਹੋਏ ਭੂਲੇ ਭਟਕਾਂ ਖਾਂਦੇ ਫਿਰਦੇ ਰਹਿੰਦੇ ਹਨ। ਏਹਨਾਂ ਦਾ ਚੁਰਾਸੀ ਦਾ ਗੇੜ ਮੁਕਦਾ ਹੀ ਨਹੀਂ।

ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥੩॥੩੧॥
[ਗਉ: ਕਬੀਰ ਜੀ, ਪੰਨਾ ੩੨੯

ਗੁਰਮਤਿ ਨਾਮ ਰੂਪੀ ਅਭਿਆਸ ਕਮਾਈ ਦੀ ਸੁਆਸਿ ਸੁਆਸਿ ਰਫ਼ਤਾਰ ਵਾਲੀ ਅਸਵਾਰੀ ਤੇ ਸਵਾਰ ਹੋ ਕੇ ਸਹਜ ਸੁਭਾਵ ਹੀ ਗੁਰਮੁਖਿ ਜਨ ਪ੍ਰਮਾਰਥ ਦੇ ਪੰਧ ਨੂੰ ਮੁਕਾ ਲੈਂਦਾ ਹੈ। ਬੇਦਾਂ ਅਤੇ ਕਤੇਬਾਂ ਦੋਹਾਂ ਦੇ ਮਤਾਂ ਤੋਂ ਇਹ ਗੁਰਮਤਿ-ਪੰਥ-ਨਿਹਾਰਨੀ-ਅਭਿਆਸੀ-ਜਨ ਨਿਆਰਾ (ਵਿਲੱਖਣ) ਅਸਵਾਰ ਹੈ। ਜਿਥੇ ਇਸ ਦੀ ਗੰਮਤਾ ਹੈ ਓਥੇ ਨਾ ਹੀ ਬੇਦ-ਅਵਲੰਬੀ ਮਤ ਵਾਲੇ ਦੀ ਗੰਮਤਾ ਹੈ ਅਤੇ ਨਾ ਹੀ ਯਵਨ ਮਤ ਮਤੀਸ਼ਰੀ ਕੁਰਾਨ ਕਤੇਬ ਦੇ ਮਤ ਵਾਲਿਆਂ ਦੀ ਪਹੁੰਚ ਹੈ। ਇਹ ਗੁਰਮਤਿ ਮੰਡਨੀ ਵਿਲੱਖਣਤਾ ਬੇਦਾਂ ਕਤੇਬਾਂ ਰੂਪੀ ਆਨਮਤ ਮਲੀਨਤਾ ਤੋਂ ਨਿਖਰਵੀਂ ਅਤੇ ਨਿਆਰੀ ਅਫ਼ਜ਼ਲ ਮਤਿ ਹੈ। ਵੇਦ ਕੁਰਾਨੀ ਮੱਤਾਂ ਇਸ ਗੁਰਮਤਿ ਤੋਂ ਬ... *

# ੪੬. ਸੱਚਾ ਸੁਖ

ਸੁਖੁ ਮਾਂਗਤ ਦੁਖੁ ਆਗੈ ਆਵੈ ॥ ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ਰਹਾਉ॥
ਇਸੁ ਸੁਖ ਤੇ ਸਿਵ ਬ੍ਰਹਮ ਡਰਾਨਾ ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ ॥੨॥
ਸਨਕਾਦਿਕ ਨਾਰਦ ਮੁਨਿ ਸੇਖਾ ॥
ਤਿਨ ਭੀ ਤਨ ਮਹਿ ਮਨੁ ਨਹੀ ਪੇਖਾ ॥੩॥੩੬॥

[ਗਉ: ਗੁਅ: ਅਸ਼ਟ: ਕਬੀਰ ਜੀ, ਪੰਨਾ ੩੩੦

ਮਾਇਆਵੀ ਸੁਖ ਦੇ ਮੰਗਤੇ ਨੂੰ ਮੰਗਦਿਆਂ ਮੰਗਦਿਆਂ ਸਗੋਂ ਸੁਖ ਦੇ ਥਾਉਂ ਦੁਖ ਅਗੇ ਆ ਖੜ੍ਹੰਦਾ ਹੈ। ਗੁਰਮਤਿ-ਗ੍ਰਾਹੀ ਗੁਰਮੁਖਿ ਜਨ ਐਸੇ ਦੁਖਦਾਈ ਸੁਖ ਨੂੰ ਮੰਗਦਾ ਹੀ ਨਹੀਂ। ਉਸ ਨੂੰ ਐਸੀ ਮੰਗ ਦਾ ਮੰਗਣਾ ਭਾਉਂਦਾ ਹੀ ਨਹੀਂ। ਮਾਇਆਵੀ ਵਿਸ਼ਿਆਂ ਤੋਂ ਤੰਗ ਆ ਕੇ ਭੀ ਅਤੇ ਇਹ ਗੱਲ ਤਜਰਬੇ ਵਿਚ ਲਿਆ ਕੇ ਭੀ ਕਿ ਮਾਇਆਵੀ ਪਦਾਰਥਾਂ ਦੀ ਮੰਗ ਸੁਖ ਦੇ ਥਾਉਂ ਦੁਖ ਹੀ ਸਹੇੜਦੀ ਹੈ, ਐਸਾ ਤਲਖ਼ ਤਜਰਬਾ ਦੇਖ ਕੇ ਮਾਇਅ-ਤ੍ਰਿਸ਼ਨਾਲੂ ਜੰਤਾਂ ਦੀ ਸੁਰਤੀ ਅਜੇ ਭੀ ਅਜਿਹੇ ਸੁਸ਼ਕ ਸੁਖਾਂ ਦੀ ਆਸ ਰਖਦੀ ਹੈ। ਐਸੇ ਅਦ੍ਰਿਸ਼ਟਮਾਨ ਤ੍ਰੈਗੁਣੀ ਮਾਇਆ ਦੇ ਤ੍ਰਿਸ਼ਨਾਲੂਆਂ ਦਾ ਚਿਤ ਕਿਸ ਤਰ੍ਹਾਂ ਅਦ੍ਰਿਸ਼ਟ ਪਦਾਰਥ ਗੁਰਮਤਿ ਨਾਮ ਤੇ ਨਾਮੀ ਵਾਹਿਗੁਰੂ ਵਲ ਲਗ ਸਕਦਾ ਹੈ ? ਕਦਾਚਿਤ ਨਹੀਂ ਲਗ ਸਕਦਾ। ਹਿੰਦੂਆਂ ਦੇ ਦੇਵਤਾ ਮੰਨੇ ਦੰਨੇ ਵਡੇ ਪੂਜਯ ਅਜਿਹੇ ਸੁਖ ਮੰਗਣ ਦੇ ਹੀ ਪੁਜਾਰੀ ਬਥੇਰੇ ਬਣਿ ਬਣਿ ਹੰਭ ਚੁਕੇ ਅਤੇ ਇਸ ਵਿਸ਼ਿਆਂ ਵਾਲੇ ਸੁਖ ਤੋਂ ਤਿਨ੍ਹਾਂ ਨੇ ਤਲਖ਼ ਤਜਰਬਾ ਭੀ ਉਠਾਇਆ।

* ਪ੍ਰਤੀਤ ਹੁੰਦਾ ਹੈ ਕਿ ਖਰੜੇ ਤੋਂ ਪੜ੍ਹਿਆ ਨਹੀਂ ਜਾ ਸਕਿਆ। —ਸੰਪਾਦਕ

ਤਲਖ਼ ਤਜਰਬਾ ਉਠਾਉਣ ਕਰਕੇ ਐਸੇ ਸੁਖ ਤੋਂ ਡਰ ਡਰ ਕੇ ਮਰਦੇ ਭੀ ਰਹੇ, ਫੇਰ ਭੀ ਇਸ ਕਨਿਸ਼ਟ ਸੁਖ ਨੂੰ ਏਹਨਾਂ ਦੇਵਤਿਆਂ ਦੇ ਪੂਜਾਰੀ ਆਨਮਤੀ ਲੋਗ ਸੱਚ ਕਰਕੇ ਹੀ ਮੰਨਦੇ ਰਹੇ। ਆਨਮਤੀ ਦੇਵਤਿਆਂ ਤੋਂ ਉਤਰ ਕੇ ਸਨਕਾਦਿਕ ਨਾਰਦ ਮੁਨੀ ਸ਼ੇਖ਼ਨਾਗ ਜੈਸੇ ਜਿਤਨੇ ਭੀ ਰਿਖੀਸੁਰ ਹੋਏ ਹਨ, ਤਿਨ੍ਹਾਂ ਨੇ ਭੀ ਇਸ ਸਰੀਰ ਦੇ ਅੰਦਰ ਹੀ ਆਤਮ ਰੂਪ ਮਨ ਨੂੰ ਨਹੀਂ ਪਛਾਣਿਆ। ਹਾਲਾਂਕਿ ਇਹੋ ਆਤਮ ਸੁਖ ਹੀ ਸੱਚਾ ਸੁਖੁ ਹੈ। ਅੰਤਰਿ ਆਤਮੇ ਅਨੰਦੀ ਵਾਹਿਗੁਰੂ ਨੂੰ ਪੇਖਣਾ ਇਹ ਪਰਮਾਨੰਦੀ ਸੁਖੁ ਹੈ। ਦੂਜੇ ਪਦਾਂ ਵਿਚ ਇਸ ਨੂੰ ਪਰਮ ਅਨੰਦ ਕਹਿੰਦੇ ਹਨ। ਇਹ ਸੱਚਾ ਸੁਖੁ, ਆਤਮ ਪਰਮਾਤਮ ਸੁਖੁ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤਿ ਹੋ ਸਕਦਾ ਹੈ। ਸੋ ਆਨਮਤੀ ਲੋਗ ਗੁਰਮਤਿ ਦੇ ਨੇੜੇ ਹੀ ਨਹੀਂ ਆਉਂਦੇ। ਇਸ ਗੱਲ ਦੀ ਖੋਜ ਹੀ ਨਹੀਂ ਕਰਦੇ ਕਿ ਇਸ ਤਨ ਦੇ ਅੰਦਰ ਹੀ ਆਤਮੀ ਪਰਮਾਤਮੀ ਆਪਾ ਪਦ ਚੀਨ ਲਈਦਾ ਹੈ। ਇਸ ਆਪਾ ਪਦ ਚੀਨੇ ਬਿਨਾਂ ਭਰਮ ਦੀ ਕਾਈ ਮਿਟਦੀ ਹੀ ਨਹੀਂ, ਜਿਸ ਨੂੰ ਕੇਵਲ ਗੁਰਮਤਿ ਨਾਮ ਅਭਿਆਸ ਦੀ ਕਮਾਈ ਹੀ ਮਿਟਾਉਂਦੀ ਹੈ।

ਬ੍ਰਹਮਾ ਬਡਾ ਕਿ ਜਾਸੁ ਉਪਾਇਆ ॥
ਬੇਦੁ ਬਡਾ ਕਿ ਜਹਾਂ ਤੇ ਆਇਆ ॥੨॥੪੨॥

[ਗਉ: ਗੁਆ: ਕਬੀਰ ਜੀ, ਪੰਨਾ ੩੩੧

ਇਸ ਦੁਤੁਕੀ ਅੰਦਰ ਬ੍ਰਹਮਾ ਜਾਂ ਬੇਦਾਂ ਦੀ ਵਡਿਆਈ ਸਿਧ ਨਹੀਂ ਹੁੰਦੀ, ਸਗੋਂ ਛੁਟਿਆਈ ਸਿਧ ਹੁੰਦੀ ਹੈ। ਜਿਸ ਨੇ ਬ੍ਰਹਮਾ ਨੂੰ ਬਣਾਇਆ ਹੈ ਉਹ ਵਡਾ ਹੈ ਤੇ ਜਿਥੋਂ ਵੇਦ ਆਇਆ ਹੈ ਉਹ ਵਡਾ ਹੈ। ਭਾਵ, ਵਾਹਿਗੁਰੂ ਹੀ ਵਡਾ ਹੈ, ਉਸ ਦੀ ਵਡਿਆਈ ਸਿਧ ਹੁੰਦੀ ਹੈ।

ਜੋਗੀ ਕਹਹਿ ਜੋਗੁ ਭਲ ਮੀਠਾ ਅਵਰੁ ਨ ਦੂਜਾ ਭਾਈ ॥
ਰੁੰਡਿਤ ਮੁੰਡਿਤ ਏਕੈ ਸਬਦੀ ਏਇ ਕਹਹਿ ਸਿਧਿ ਪਾਈ ॥੧॥
ਹਰਿ ਬਿਨੁ ਭਰਮਿ ਭੁਲਾਨੇ ਅੰਧਾ ॥
ਜਾ ਪਹਿ ਜਾਉ ਆਪੁ ਛੁਟਕਾਵਨਿ ਤੇ ਬਾਧੇ ਬਹੁ ਫੰਧਾ ॥੧॥ਰਹਾਉ॥
ਜਹ ਤੇ ਉਪਜੀ ਤਹੀ ਸਮਾਨੀ ਇਹ ਬਿਧਿ ਬਿਸਰੀ ਤਬ ਹੀ ॥
ਪੰਡਿਤ ਗੁਣੀ ਸੂਰ ਹਮ ਦਾਤੇ ਏਹਿ ਕਹਹਿ ਬਡ ਹਮ ਹੀ ॥੨॥
ਜਿਸਹਿ ਬੁਝਾਏ ਸੋਈ ਬੂਝੈ ਬਿਨੁ ਬੂਝੇ ਕਿਉ ਰਹੀਐ ॥
ਸਤਿਗੁਰੁ ਮਿਲੈ ਅੰਧੇਰਾ ਚੂਕੈ ਇਨ ਬਿਧਿ ਮਾਣਕੁ ਲਹੀਐ ॥੩॥੫੧॥

[ਗਉ: ਬੈਰਾਗਣਿ ਕਬੀਰ ਜੀ, ਪੰਨਾ ੩੩੪

ਵਾਹਿਗੁਰੂ ਨਾਮ ਬਿਨ ਆਨਮਤੀਆਂ ਦਾ ਮਤ ਸਭ ਅੰਧ ਮਤ ਹੈ। ਗੁਰਮਤਿ ਅਨੁਸਾਰੀਆਂ ਦੇ ਮਤ ਬਿਨਾਂ ਹੋਰ ਸਾਰੇ ਅੰਧ-ਮਤੀ ਮਨਮਤੀ ਪੁਰਸ਼ ਭਰਮ ਵਿਚ

ਹੀ ਭੁਲੇ ਫਿਰਦੇ ਹਨ। ਜੋ ਪੁਰਸ਼ ਜਗਿਆਸੂ ਬਣ ਕੇ ਏਹਨਾਂ ਅੰਧ-ਮਤੀਆਂ ਪਾਸ ਆਪਣਾ ਨਿਸਤਾਰਾ ਕਰਨ ਲਈ ਜਾਂਦੇ ਹਨ, ਉਹ ਮਹਾਂ ਮੂਰਖ ਤੇ ਮੂੜ ਜਗਿਆਸੂ ਹਨ। ਜੋ ਆਪੋਂ ਸਹੇੜੇ ਆਪਣੇ ਫੰਧੇ ਵਿਚ ਹੀ ਬੰਧੇ ਹੋਏ ਹਨ, ਓਹਨਾਂ ਨੇ ਭਲਾ ਏਹਨਾਂ ਮੂਰਖ ਜਗਿਆਸੂਆਂ ਦਾ ਕੀ ਸੰਵਾਰਨਾ ਹੈ, ਜੋ ਅੰਧ-ਮਤੀਆਂ ਦੇ ਮਗਰ ਅੰਧਾ ਧੁੰਧ ਹੀ ਲਗੇ ਫਿਰਦੇ ਹਨ। ਆਪੋ ਆਪਣੀ ਅੰਧ ਮਤਿ ਕੁਠਾਲੀ ਨੂੰ ਸਭੋ ਕੋਈ ਸਲਾਹੁੰਦਾ ਹੈ।

ਅੰਧ-ਮਤੀ ਆਨਮਤ ਜੋਗੀ ਕਹਿੰਦੇ ਹਨ ਕਿ ਹਠ ਜੋਗ ਹੀ ਬੜਾ ਭਲਾ ਅਤੇ ਮਿੱਠਾ ਹੈ। ਇਹ ਆਪਣੇ ਮਤ ਤੋਂ ਬਿਨਾਂ ਹੋਰ ਕਿਸੇ ਦੂਜੇ ਮਾਰਗ ਨੂੰ ਨਦਰ ਤਲੇ ਨਹੀਂ ਲਿਆਉਂਦੇ, ਓਹਨਾਂ ਨੂੰ ਹੋਰ ਕੁਛ ਭਾਉਂਦਾ ਹੀ ਨਹੀਂ। ਅਤੇ ਕੰਨ-ਪਾਟੇ ਰੁੰਡਿਤ ਜੋਗੀ ਤੇ ਮੂੰਡ ਮੁਨਾਉਣ ਵਾਲੇ ਮੁੰਡਿਤ ਭੇਖੀ ਅਤੇ ਅਲੱਖ ਜਗਾ ਕੇ ਅਲੱਖ ਅਲੱਖ ਆਖਣ ਵਾਲੇ ਇਕ-ਸਬਦੀ ਅਵਧੂਤ ਇਹ ਕਹਿੰਦੇ ਹਨ ਕਿ ਅਸੀਂ ਹੀ ਸਿੱਧੀ ਪ੍ਰਾਪਤਿ ਕੀਤੀ ਹੋਈ ਹੈ। ਏਹ ਸਭ ਭਰਮ ਭੁਲਾਨੇ ਅੰਧ-ਮਤੀ ਅੰਧ-ਮਤੀਏ ਹੀ ਹਨ। ਗੁਰਮਤਿ ਏਹਨਾਂ ਸਾਰਿਆਂ ਦਾ ਖੰਡਨ ਕਰਦੀ ਹੈ ਤੇ ਰੱਜ ਪੁਜ ਕੇ ਖੰਡਨ ਕਰਦੀ ਹੈ। ਬੜੇ ਬੜੇ ਪੰਡਿਤ ਕਹਾਉਣ ਵਾਲੇ ਆਨਮਤੀ ਗੁਣੀ ਗਿਆਨੀ ਤੇ ਸੂਰਮਤਾ ਦੇ ਅਭਿਮਾਨ ਵਾਲੇ ਅਤੇ ਆਪੋਂ ਬਣ ਬੈਠੇ ਦਾਤੇ ਕਹਾਉਣ ਵਾਲੇ ਇਹ ਹੰਕਾਰ ਕਰਦੇ ਹਨ ਕਿ ਸਾਡੇ ਜਿਹਾ ਹੋਰ ਕੋਈ ਉੱਚਾ ਤੇ ਵਡਾ ਪੈਦਾ ਹੀ ਨਹੀਂ ਹੋਇਆ। ਇਹ ਹੰਕਾਰੀ ਸੁਰਤੀ ਬਿਰਤੀ ਵਾਹਿਗੁਰੂ ਦੇ ਸਰੂਪ ਵਿਚ ਲੀਨ ਹੋਇਆਂ ਹੀ ਵਿਸਰਦੀ ਹੈ ਤੇ ਵਾਹਿਗੁਰੂ ਦੇ ਸਰੂਪ ਵਿਚ ਲੀਨ ਹੋਣਾ ਕੇਵਲ ਗੁਰਮਤਿ ਦੁਆਰਾ ਹੀ ਸੰਭਵ ਹੈ। ਗੁਰਮਤਿ ਮਾਰਗ ਵਿਚ ਚਲਣ ਵਾਲੀ ਸੁਮੱਤ ਜਿਸ ਨੂੰ ਵਾਹਿਗੁਰੂ ਬੁਝਾਇ ਦੇਵੇ, ਉਹੀ ਗੁਰਮੁਖਿ ਜਨ ਤੱਤ ਗੁਰਮਤਿ ਨੂੰ ਬੁਝਦਾ ਹੈ। ਬਿਨਾਂ ਐਸੀ ਤਤਮਤੀ ਗੁਰਮਤਿ ਨੂੰ ਬੁਝਣ ਦੇ ਜਗਿਆਸੂ ਜਨ ਦਾ ਜੀਣਾ ਹੀ ਬਿਰਥਾ ਹੈ। ਆਨਮਤ ਵਾਲਾ ਅੰਧੇਰਾ ਤਦੇ ਚੁਕਿਆ ਜਾਂਦਾ ਹੈ ਜੇ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੋ ਜਾਵੇ। ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੋਇਆਂ ਹੀ ਆਤਮ ਪਰਮਾਤਮੀ ਗਿਆਨ ਰੂਪੀ ਰਤਨ ਮਾਣਕ ਮਿਲਦਾ ਹੈ।

ਤੁਰਕ ਤਰੀਕਤਿ ਜਾਨੀਐ ਹਿੰਦੂ ਬੇਦ ਪੁਰਾਨ॥
ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥੫॥
[ਗਉ: ਪੂਰ: ਬਾਵਨ ਅਖਰੀ ਕਬੀਰ ਜੀ, ਪੰਨਾ ੩੪੦

ਤੁਰਕ ਮੁਸਲਮਾਨ ਲੋਗ ਆਪਣੇ ਕੁਰਾਨ ਕਤੇਬੀ ਮਤ ਨੂੰ ਹੀ ਸੱਚੀ ਤਰੀਕਤ ਦਾ ਮਾਰਗ ਕਰਕੇ ਸਮਝਦੇ ਹਨ ਅਤੇ ਹਿੰਦੂ ਲੋਗ ਬੇਦ ਪੁਰਾਨਾਂ ਦੇ ਮੱਤ ਨੂੰ ਤੱਤ ਮਤ ਕਰਕੇ ਜਾਣਦੇ ਹਨ। ਵਾਸਤਵ ਵਿਚ ਇਹ ਦੋਈ ਆਨਮਤੀ ਮਤ ਗੁਰਮਤਿ ਦੀ ਕਸੌਟੀ ਨਾਲ ਪੂਰੇ ਨਹੀਂ ਉਤਰਦੇ। ਏਹਨਾਂ ਮਨਮਤੀਆਂ ਨੂੰ ਆਪਣੇ

ਮਨ ਨੂੰ ਸਮਝਾਵਣ ਲਈ ਸਦਾ ਗੁਰਮਤਿ ਗਿਆਨ ਗ੍ਰਹਿਣ ਕਰਨਾ ਪੈਂਦਾ ਹੈ। ਇਸ ਸੱਚੇ ਗੁਰਮਤਿ ਮਾਰਗ ਦੇ ਗ੍ਰਹਿਣ ਕੀਤੇ ਬਿਨਾਂ ਤੁਰਕ ਭੀ ਤੇ ਹਿੰਦੂ ਭੀ ਉਰੇ ਮੂਰੇ ਹੀ ਰਹਿੰਦੇ ਹਨ। ਊਰੀ ਤੇ ਮੂਰੀ ਮਤ ਵਾਲੇ ਹੀ ਤੱਤ ਗੁਰਮਤਿ ਮਾਰਗ ਤੋਂ ਬੰਚਿਤ ਰਹਿ ਜਾਂਦੇ ਹਨ। ਗੁਰਮਤਿ ਹੀ ਏਹਨਾਂ ਆਨਮਤੀਆਂ ਨੂੰ ਸਿਧੇ ਰਸਤੇ 'ਤੇ ਲਿਆ ਸਕਦੀ ਹੈ।

# ੪੭. ਚਹੁੰਆਂ ਜੁਗਾਂ ਦਾ ਧਰਮ ਤੇ ਕਲਜੁਗ ਦਾ ਵਾਧਾ

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਆਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥ ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾ ਗਵਨੁ ਬਿਲਾਇ ॥੧॥ਰਹਾਉ॥
ਬਹੁ ਬਿਧਿ ਧਰਮ ਨਿਰੂਪੀਐ ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ ਸੰਕਾ ਸੁਨਿ ਬੇਦ ਪੁਰਾਨ ॥
ਸੰਸਾ ਸਦ ਹਿਰਦੈ ਬਸੈ ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ ਸੁਚ ਕੁੰਚਰ ਬਿਧਿ ਬਿਉਹਾਰ ॥੪॥
[ਗਉ: ਬੈਰਾਗਣਿ ਰਵਿਦਾਸ ਜੀਉ, ਪੰਨਾ ੩੪੬

ਉਧਾਰਨ ਜੋਗ ਗੁਰਮਤਿ ਨਾਮ ਦਾ ਕੇਵਲ ਸਰਬ ਜਗਤ ਕਲਿਆਣ ਮਈ ਉਦੇਸ਼ ਕਲਜੁਗ ਅੰਦਰ ਹੀ ਪਰਧਾਨ ਕਰਕੇ ਪ੍ਰਗਟਾਇਆ ਹੋਇਆ ਹੈ। ਹੋਰਨਾਂ ਜੁਗਾਂ ਵਿਖੇ ਹੋਰ ਹੀ ਹੋਰ ਪੂਜਾ ਮੁਖ ਰਖੀ ਗਈ ਹੈ, ਜਿਨ੍ਹਾਂ ਦੁਆਰਾ ਤੱਤ ਕਲਿਆਣ ਸੰਭਵ ਹੀ ਨਹੀਂ। ਸਤਜੁਗ ਵਿਖੇ ਸੱਤ (ਆਮ ਵਰਤੋਂ ਵਿਹਾਰ ਵਾਲਾ ਸੱਤ) ਪ੍ਰਧਾਨ ਸੀ, ਤ੍ਰੇਤੇ ਜੁਗ **ਵਿਖੇ** ਜੱਗਾਂ ਦਾ ਕਰਨਾ ਹੀ ਮੁਖ ਕਲਿਆਣ ਕਰਮ ਮੰਨਿਆ ਗਿਆ ਸੀ। ਦੁਆਪਰ ਜੁਗ ਵਿਖੇ ਪੂਜਾ ਆਚਾਰ ਆਦਿਕ ਕਰਮਾਂ ਨੂੰ ਸਾਰ-ਗ੍ਰਾਹੀ ਕਰਮ ਮੰਨਿਆ ਗਿਆ ਸੀ। ਇਸ ਪ੍ਰਕਾਰ ਤਿਹਾਂ ਜੁਗਾਂ ਅੰਦਰ ਇਹ ਉੱਪਰ ਦੱਸੇ ਤਿੰਨੇ ਪ੍ਰਕਾਰ ਦੇ ਆਨਮਤ ਕਰਮ ਪ੍ਰਵਿਰਤ ਸਨ, ਪ੍ਰੰਤੂ ਕਲਜੁਗ ਨੂੰ ਹੀ ਇਹ ਵਡਿਆਈ ਹੈ ਜਿਸ ਵਿਖੇ ਕਿ ਤੱਤ ਕਲਿਆਣ ਕਾਰਕ ਸਾਰ-ਗ੍ਰਾਹੀ ਕਰਮ ਗੁਰਮਤਿ ਨਾਮ ਰੂਪੀ ਸੱਚਾ ਧਰਮ ਹੀ ਪਰਧਾਨ ਕਰਕੇ ਮੰਨਿਆ ਗਿਆ ਹੈ। ਹੋਰਨਾਂ ਜੁਗਾਂ ਦੇ ਜੀਆਂ ਦਾ


www.sikhbookclub.com

ਤੱਤ ਕਲਿਆਣ ਕਦੇ ਭੀ ਨਹੀਂ ਹੋ ਸਕੇਗਾ। ਓਹ ਮੁੜ ਮੁੜ ਕੇ, ਭਉਂ ਭਉਂ ਕੇ ਕਲਜੁਗ ਵਿਖੇ ਆ ਕੇ ਅਵਤਰਨਗੇ (ਜਨਮ ਧਾਰਨਗੇ)। ਏਹਨਾਂ ਵਿਚੋਂ ਭੀ ਭਾਗਾਂ ਸੇਤੀ ਜਿਨ੍ਹਾਂ ਵਡਭਾਗੇ ਜਗਿਆਸੂਆਂ ਦਾ ਗੁਰੂ ਘਰ ਨਾਲ ਵਾਸਤਾ ਹੋ ਗਿਆ ਤੇ ਗੁਰੂ ਘਰ ਦੇ ਗੁਰਮਤਿ ਸਤਸੰਗੀ ਮੰਡਲ ਵਿਚ ਜੋ ਆ ਗਏ ਤਿਨ੍ਹਾਂ ਦਾ ਨਿਸੰਗ ਨਿਰਸੰਦੇਹ ਨਿਸਤਾਰਾ ਹੈ। ਬੜੇ ਸੰਸੇ ਵਾਲੀ ਗੱਲ ਤਾਂ ਇਹ ਹੈ ਕਿ ਏਹਨਾਂ ਤ੍ਰੈਜੁਗੀ ਆਵਾਗਵਨੀ ਜੀਵਾਂ ਦਾ ਨਿਸਤਾਰਾ ਕਿਸ ਤਰ੍ਹਾਂ ਹੋਵੇਗਾ। ਬਸ, ਇਸੇ ਤਰ੍ਹਾਂ ਹੀ ਹੋਵੇਗਾ ਕਿ ਜਿਨ੍ਹਾਂ ਦਾ ਨਿਸਤਾਰਾ ਹੋਣਾ ਏਜ਼ਦੀ ਮਨਜ਼ੂਰ ਹੈ, ਤਿਨ੍ਹਾਂ ਦਾ ਮੁੜ ਕੇ ਜਨਮ ਕਲਜੁਗ ਵਿਖੇ ਹੁੰਦਾ ਹੋਇਆ ਗੁਰੂ ਨੇਤ ਅਨੁਸਾਰ ਗੁਰੂ ਨਾਨਕ ਦੇ ਘਰ ਵਿਖੇ ਪਰਵੇਸ਼ ਹੋਵੇਗਾ, ਜਿਥੋਂ ਗੁਰਮਤਿ-ਦੀਖਿਆ ਲੈ ਕੇ ਹੀ ਪਾਰ ਉਤਰ ਸਕਣਗੇ। ਹੋਰਨਾਂ ਜੁਗਾਂ ਵਾਲੇ ਬੜੇ ਬੜੇ ਵੀਚਾਰਸ਼ੀਲ ਕਹਿਣ ਕਹਾਉਣ ਵਾਲੇ ਪੰਡਿਤ ਭੀ ਬੇਦ ਪੁਰਾਨੀ ਸੰਸਿਆਂ ਅਤੇ ਸ਼ੰਕਿਆਂ ਵਿਚ ਹੀ ਅੜੇ ਰਹਿਣਗੇ। ਚੰਗੇ ਮੰਦੇ ਕਰਮਾਂ ਦਾ ਗੇੜ ਤਿਨ੍ਹਾਂ ਦਾ ਮੁਕੇਗਾ ਹੀ ਨਹੀਂ (ਦੇਖੋ 'ਗੁਰਮਤਿ ਕਰਮ ਫ਼ਿਲਾਸਫ਼ੀ')। ਸੰਸਾ ਅਤੇ ਸੰਦੇਹ ਤਿਨ੍ਹਾਂ ਦੇ ਹਿਰਦੇ ਅੰਦਰ ਵਸਿਆ ਹੀ ਰਹੇਗਾ। ਤਿਨ੍ਹਾਂ ਦਾ ਕਰਨੀ ਸੁਕਰਨੀ, ਕਰਮੀ ਸੁਕਰਮੀ, ਧਰਮੀ ਸੁਧਰਮੀ ਕਹਾਉਣ ਵਾਲਾ ਅਭਿਮਾਨ ਦੂਰ ਹੋ ਹੀ ਨਹੀਂ ਸਕਦਾ, ਜਦ ਤਾਈਂ ਕਿ ਓਹ ਗੁਰਮਤਿ ਅਨੁਸਾਰੀ ਹੋ ਕੇ ਸੱਚੇ ਸਾਰਗ੍ਰਾਹੀ ਨਹੀਂ ਬਣ ਜਾਂਦੇ। ਨਿਰੇ ਬਾਹਰੋਂ ਨੀਰ ਵਿਰੋਲਣ ਵਾਲੇ ਉਦਕ ਪਖਾਰਨਹਾਰੇ ਆਨਮਤੀ ਤੀਰਥਾਂ ਵਿਚ ਨ੍ਹਾਉਣ ਦੇ ਅਭਿਆਸੀ ਸ਼ੁਧ ਹੋ ਹੀ ਨਹੀਂ ਸਕਣਗੇ। ਜੈਸੇ ਕਿ ਹਾਥੀ ਚਾਹੇ ਕਿਤਨਾ ਹੀ ਨਹਾਵੇ, ਉਹ ਪਾਣੀ ਤੋਂ ਬਾਹਰ ਨਿਕਲ ਕੇ ਛਾਰ ਹੀ ਉਡਾਉਂਦਾ ਹੈ। ਐਸਾ ਹੀ ਵਿਹਾਰ ਫੋਕਟ ਉਦਕ-ਇਸ਼ਨਾਨੀਆਂ ਅਤੇ ਆਨਮਤ ਤੀਰਥ-ਮਜਨਾਨੀਆਂ ਦਾ ਹੈ।

ਤਾਤਪਰਜ ਇਹ ਹੈ ਕਿ ਸਾਰੇ ਆਨਮਤ ਜੋ **ਮਨਮਤਿ** ਕਰਮ ਦ੍ਰਿੜ੍ਹਾਉਂਦੇ ਰਹੇ ਹਨ, ਉਨ੍ਹਾਂ ਦਾ ਫਲ ਤੱਤ ਕਲਿਆਣ ਤੋਂ ਖ਼ਾਲੀ ਹੀ ਹੈ। ਹੋਰ ਤਿਨ੍ਹਾਂ ਕਰਮਾਂ ਦੇ ਚਾਹੇ ਕਿੰਨੇ ਹੀ ਭੁਗਤਣ ਜੋਗ ਫਲ ਅਨਮਤਾਂ ਅੰਦਰ ਦੱਸੇ ਗਏ ਹਨ, ਓਹ ਸਭ ਨਿਸਫਲ ਹਨ। ਕੇਵਲ ਗੁਰਮਤਿ ਮਤ ਹੀ ਐਸਾ ਹੈ ਜਿਸ ਦੇ ਧਾਰਨੀ ਸੱਚੇ ਮਾਰਗ 'ਤੇ ਚਲ ਕੇ ਸਿਧੇ ਹੀ ਪ੍ਰਮਾਰਥ ਪ੍ਰਾਇਣੀ ਸਾਰ ਕਲਿਆਣ ਨੂੰ ਪ੍ਰਾਪਤ ਹੋਣਗੇ।

ਗ੍ਰਿਹੁ ਬਨੁ ਸਮਸਰਿ ਸਹਜਿ ਸੁਭਾਇ॥ਦੁਰਮਤਿ ਗਤੁ ਭਈ ਕੀਰਤਿ ਠਾਇ ॥
ਸਚ ਪਉੜੀ ਸਾਚਉ ਮੁਖਿ ਨਾਉ ॥ ਸਤਿਗੁਰੁ ਸੇਵ ਪਾਏ ਨਿਜ ਥਾਉ ॥੧॥
ਮਨ ਚੂਰੇ ਖਟੁ ਦਰਸਨ ਜਾਣੁ ॥ ਸਰਬ ਜੋਤਿ ਪੂਰਨ ਭਗਵਾਨੁ ॥੧॥ਰਹਾਉ॥
ਅਧਿਕ ਤਿਆਸ ਭੇਖ ਬਹੁ ਕਰੈ ॥ ਦੁਖੁ ਬਿਖਿਆ ਸੁਖੁ ਤਨਿ ਪਰਹਰੈ ॥
ਕਾਮੁ ਕ੍ਰੋਧੁ ਅੰਤਰਿ ਧਨੁ ਹਿਰੈ ॥ ਦੁਬਿਧਾ ਛੋਡਿ ਨਾਮਿ ਨਿਸਤਰੈ ॥੨॥

ਸਿਫਤਿ ਸਲਾਹਣੁ ਸਹਜ ਅਨੰਦ ॥ ਸਖਾ ਸੈਨੁ ਪ੍ਰੇਮੁ ਗੋਬਿੰਦ ॥
ਆਪੇ ਕਰੇ ਆਪੇ ਬਖਸਿੰਦੁ ॥ ਤਨੁ ਮਨੁ ਹਰਿ ਪਹਿ ਆਗੈ ਜਿੰਦੁ ॥੩॥
ਝੂਠ ਵਿਕਾਰ ਮਹਾ ਦੁਖੁ ਦੇਹ ॥ ਭੇਖ ਵਰਨ ਦੀਸਹਿ ਸਭਿ ਖੇਹ ॥
ਜੋ ਉਪਜੈ ਸੋ ਆਵੈ ਜਾਇ ॥ ਨਾਨਕ ਅਸਥਿਰੁ ਨਾਮੁ ਰਜਾਇ ॥੪॥੧੧॥

[ਆਸਾ ਮ: ੧, ਪੰਨਾ ੩੫੧-੫੨

ਗੁਰੂ ਘਰ ਵਿਖੇ ਕੀਰਤਨ ਸਿਫਤ ਸਾਲਾਹ ਪਰਧਾਨ ਹੋਣ ਦੇ ਕਾਰਨ ਸਹਿਜ ਸੁਭਾਵ ਹੀ ਜਗਿਆਸੂ ਜਨਾਂ ਦੀ ਗਤਿ ਕਲਿਆਣ ਹੋ ਜਾਂਦੀ ਹੈ। ਦੁਰਮਤਿ ਮਤਿ ਸਭ ਹੱਤੀ ਜਾਂਦੀ ਹੈ। ਗ੍ਰਿਹਸਤ ਅਤੇ ਬਨਵਾਸ ਦਾ ਨਿਵਾਸ ਤਿਨ੍ਹਾਂ ਨੂੰ ਸਮਸਰ ਹੀ ਪ੍ਰਤੀਤ ਹੁੰਦਾ ਹੈ। ਆਨਮਤ ਅੰਦਰ ਗ੍ਰਿਹਸਤ ਆਸ਼ਰਮੀ ਆਨਮਤ ਧਰਮੀਆਂ ਨੂੰ ਭੀ ਬਿਪਤਾ ਹੀ ਬਿਪਤਾ ਹੈ। ਗ੍ਰਿਹਸਤ ਤਜ ਕੇ ਬਨਬਾਸ ਕਰਮੀ ਬਾਨ-ਪ੍ਰਸਤੀਆਂ ਦਾ ਭੀ ਕੁਛ ਸਉਰਦਾ ਸੰਵਰਦਾ ਨਹੀਂ। ਗੁਰਮਤਿ-ਧਾਰਨੀਆਂ ਨੂੰ ਸਹਿਜ ਸੁਭਾਵ ਹੀ ਕਲਿਆਣ ਰੂਪੀ ਗੀਤੀ ਪ੍ਰਾਪਤਿ ਹੋਣ ਕਰਕੇ ਗ੍ਰਿਹਸਤ ਅਤੇ ਬਨਬਾਸ ਇਕ ਸਾਰ ਹੀ ਕਲਿਆਣਕਾਰੀ ਹਨ, ਕਿਉਂਕਿ ਕਲਿਆਣ ਹੋਣੀ ਹੈ ਤਾਂ ਕੇਵਲ ਗੁਰਮਤਿ ਨਾਮ ਦੇ ਅਭਿਆਸੀ ਬਣੇ ਹੀ ਹੋਣੀ ਹੈ। ਗੁਰਮਤਿ ਧਰਮ ਧਾਰਨੀਆਂ ਨੂੰ ਗੁਰਮਤਿ ਨਾਮ ਦਾ ਅਭਿਆਸ ਗ੍ਰਿਹਸਤ ਕੁਟੰਬ ਵਿਖੇ ਭੀ ਨਹੀਂ ਵਿਸਰਦਾ ਤੇ ਬਨ ਬੀਆਬਾਨਾਂ ਵਿਖੇ ਭੀ ਨਾਮ ਅਭਿਆਸ ਤਿਨ੍ਹਾਂ ਦਾ ਚਲਦਾ ਹੀ ਰਹਿੰਦਾ ਹੈ। ਐਥੋਂ ਤਾਈਂ ਕਿ ਅਪਦਾ ਕਾਲ ਸਮੇਂ ਬਿਪਤਾ ਬਿਆਪਣ ਪਰ ਭੀ ਜੇਲ੍ਹ ਯਾਤਰਾ ਆਦਿ ਦੇ ਕਸ਼ਟ ਸਹਿਣ ਕਰਿ ਭੀ ਨਹੀਂ ਵਿਸਰਦਾ। ਨਰਕਾਂ ਦਾ ਨਿਵਾਸ ਤਿਨ੍ਹਾਂ ਨੂੰ ਡਰਾਉਂਦਾ ਨਹੀਂ। ਸੁਰਗਾਂ ਦੀ ਬਾਂਛਾ ਤਿਨ੍ਹਾਂ ਨੂੰ ਹਰਖਾਉਂਦੀ, ਖੁਸ਼ ਕਰਾਉਂਦੀ ਨਹੀਂ। ਗੁਰਮਤਿ ਤੱਤ ਰੂਪੀ ਸੱਚ ਦੀ ਸੱਚੀ ਪਉੜੀ ਚੜ੍ਹੇ ਹੋਏ ਉਹ ਚੜ੍ਹੇ ਹੀ ਰਹਿੰਦੇ ਹਨ, ਕਿਉਂਕਿ ਓਹਨਾਂ ਦੇ ਮੁਖਾਰਬਿੰਦ ਵਿਖੇ ਸੱਚੜਾ ਨਾਮ ਵਾਹਿਗੁਰੂ ਸਦਾ ਜਾਰੀ ਰਹਿੰਦਾ ਹੈ। ਗੁਰਮਤਿ ਨਾਮ ਦਾ ਸਿਮਰਨ ਹੀ ਸੱਚੀ ਸਤਿਗੁਰ-ਸੇਵਾ ਹੈ, ਸੱਚੀ ਗੁਰਮਤਿ ਧਾਰਨ ਦਾ ਮੇਵਾ ਹੈ। ਅਜਿਹੀ ਗੁਰਮਤਿ ਸੇਵਾ ਮਿਲਣ ਕਰਿ ਓਹਨਾਂ ਦਾ ਵਾਸਾ ਸਦਾ ਸੱਚੀ ਗੁਰਮਤਿ-ਮੰਜ਼ਲੀ ਅਕਾਲ-ਮੰਡਲੀ ਨਿਜ ਅਸਥਾਨ ਵਿਖੇ ਹੀ ਰਹਿੰਦਾ ਹੈ। ਇਹ ਗੱਲ ਸੱਚ ਕਰਕੇ ਜਾਣੋ। ਤਹਿਕੀਕੀ ਪਛਾਨਣੀ ਪਛਾਣੋ ਕਿ ਖਟ ਦਰਸ਼ਨਾਂ (ਛੇਈ ਸ਼ਾਸਤ੍ਰਾਂ) ਆਨਮਤੀ ਪੁਸਤਕਾਂ ਦੇ ਅਧੀਨ ਕਰਨਹਾਰਿਆਂ ਦੇ ਮਨ ਚੂਰ ਚੂਰ ਹੋ ਜਾਂਦੇ ਹਨ, ਪ੍ਰਮਾਰਥ ਵਲ ਲੱਗਣ ਜੋਗੇ ਰਹਿੰਦੇ ਹੀ ਨਹੀਂ। ਇਹ ਕੇਵਲ ਗੁਰਮਤਿ ਹੀ ਹੈ, ਜੋ ਸੁਰਤੀ ਨੂੰ ਸਦਾ ਸਾਵਧਾਨ ਰਖਦੀ ਹੈ ਤੇ ਜੋਤੀ ਸਰੂਪ ਪੂਰਨ ਭਗਵਾਨ ਵਾਹਿਗੁਰੂ ਦੀ ਜੋਤਿ ਵਿਚ ਲੀਨ ਹੋ ਕੇ ਸਰਬ ਜੋਤੀਸ਼ਰ ਬਣਾ ਦਿੰਦੀ ਹੈ।

ਬਹੁਤੇ ਭੇਖ ਕੀਤਿਆਂ ਬਹੁਤੀ ਤ੍ਰਿਸ਼ਨਾ ਹੀ ਵਿਆਪਦੀ ਹੈ। ਇਹ ਅਧਿਕ

ਤ੍ਰਿਸ਼ਨਾ ਬਿਖਿਆ ਰੂਪੀ ਦੁਖ ਸਹੇੜਨ ਦਾ ਹੀ ਕਾਰਨ ਬਣਦੀ ਹੈ। ਸੱਚਾ ਸੁਖ, ਆਤਮ ਸੁਖ ਤਨ ਅੰਦਰੋਂ ਦੂਰ ਹੋ ਜਾਂਦਾ ਹੈ। ਆਨਮਤਾਂ ਦੇ ਧਾਰਨ ਕੀਤਿਆਂ ਝੂਠ ਵਿਕਾਰ ਹੀ ਬਿਆਪਦੇ ਹਨ, ਜੋ ਮਹਾਂ ਦੁਖ ਦੇਣਹਾਰੇ ਹਨ। ਅਨਮਤਾਂ ਦੇ ਵਰਨ-ਆਸ਼ਰਮੀ ਭੇਖਾਂ ਤੋਂ ਇਹੋ ਕੁਛ ਪ੍ਰਾਪਤੀ ਹੁੰਦੀ ਹੈ। ਤਾਂ ਤੇ ਭੇਖ ਵਰਨ ਸਭ ਖੇਹ ਵਿਚ ਰਲਣ ਵਾਲੇ ਹੀ ਹਨ। ਭਾਵ, ਏਹਨਾਂ ਤੋਂ ਕੁਛ ਭੀ ਪ੍ਰਾਪਤ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਫ਼ੁਰਮਾਂਦੇ ਹਨ ਕਿ ਗੁਰਮਤਿ ਨਾਮ ਦੀ ਸਿਫ਼ਤ ਸਲਾਹੀ ਰਾਇ ਅਨੁਸਾਰ ਚਲਣਾ ਹੀ ਗੁਣਕਾਰੀ ਹੈ। ਆਨਮਤੀ ਭੇਖ-ਵਰਨ ਆਦਿਕਾਂ ਵਿਚੋਂ ਜੋ ਉਪਜਦਾ ਹੈ, ਸੋਈ ਬਿਨਾਸ ਹੋ ਜਾਂਦਾ ਹੈ। ਏਹਨਾਂ ਆਨਮਤਾਂ ਦੇ ਧਾਰਨ ਕਰਨ ਵਾਲਾ ਜਗਿਆਸੂ ਭੀ ਚੁਰਾਸੀ ਦੇ ਗੇੜ ਵਿਚ ਜਾ ਪੈਂਦਾ ਹੈ।

ਬਿਰਲਾ ਬੂਝੈ ਪਾਵੈ ਭੇਦੁ ॥ ਸਾਖਾ ਤੀਨਿ ਕਹੈ ਨਿਤ ਬੇਦੁ ॥
ਨਾਦ ਬਿੰਦ ਕੀ ਸੁਰਤਿ ਸਮਾਇ ॥ ਸਤਿਗੁਰੁ ਸੇਵਿ ਪਰਮ ਪਦੁ ਪਾਇ ॥੨॥੧੨॥

[ਆਸਾ ਮ: ੧, ਪੰਨਾ ੩੫੨

ਵਿਰਲੇ ਵਡਭਾਗੇ ਜਨ ਨੂੰ ਹੀ ਗੁਰਮਤਿ ਦਾ ਸੱਚਾ ਰਮਜ਼ੀ ਭੇਦ ਮਲੂਮ ਹੁੰਦਾ ਹੈ। ਵੇਦ ਤਾਂ ਨਿਤ (ਹਰ ਦਮ) ਤਿੰਨਾਂ ਗੁਣਾਂ ਦੀਆਂ ਵੰਡਾਂ ਹੀ ਪਾਉਂਦਾ ਰਹਿੰਦਾ ਹੈ, ਤ੍ਰੈਗੁਣੀ ਮਾਇਆ ਦੇ ਵਿਸਥਾਰ ਦਾ ਹੀ ਕਥਨ ਕਰਦਾ ਰਹਿੰਦਾ ਹੈ। ਸਤਿਗੁਰ ਸੇਵਾ ਦੁਆਰਾ, ਭਾਵ, ਗੁਰ-ਦੀਖਿਆ ਲੈ ਕੇ ਸਤਿਗੁਰੂ ਦਾ ਸੇਵਕ ਸਿਖ ਬਣਿਆਂ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ, ਸ਼ਬਦ ਅਤੇ ਸ਼ਬਦੀ ਵਾਹਿਗੁਰੂ ਦੀ ਜੋਤਿ ਵਿਚ ਸਮਾਈ ਹੁੰਦੀ ਹੈ।

ਸਾਸਤ ਬੇਦ ਸਿੰਮ੍ਰਿਤਿ ਬਹੁ ਭੇਦ ॥
ਅਠਸਠਿ ਮਜਨੁ ਹਰਿ ਰਸੁ ਰੇਦ ॥...੪॥੧੭॥

[ਆਸਾ ਮ: ੧, ਪੰਨਾ ੩੫੩

ਸ਼ਾਸਤ੍ਰਾਂ ਬੇਦ ਸਿਮ੍ਰਿਤੀਆਂ ਦੇ ਭਾਵਾਂ ਦੇ ਬਹੁ-ਪ੍ਰਕਾਰੀ ਭੇਦ ਹਨ, ਇਕ ਖ਼ਾਸ ਤੱਤ-ਭਾਵੀ ਅਰਥ ਨਹੀਂ ਦਿੰਦੇ। ਤਾਂ ਤੇ ਏਹਨਾਂ ਆਨਮਤੀ ਪੁਸਤਕਾਂ ਦਾ ਅਧੈਨ ਕਰਨਾ ਬਿਰਥਾ ਹੀ ਹੈ। ਗੁਰਮਤਿ ਦੁਆਰਾ ਵਾਹਿਗੁਰੁ ਨਾਮ ਦਾ ਰਸ ਰਿਦੰਤਰਿ ਵਸਾਇਆਂ ਅਠਸਠ ਮਜਨ ਇਸ਼ਨਾਨ ਸੁਤੇ ਸਿਧ ਹੀ ਹੋ ਜਾਂਦਾ ਹੈ। ਸ਼ਾਸਤ੍ਰ ਬੇਦ ਸਿਮ੍ਰਿਤੀਆਂ ਦੇ ਬਹੁ ਪ੍ਰਕਾਰੀ ਭੇਦ ਭੀ ਆਪੇ ਖੁਲ੍ਹ ਜਾਂਦੇ ਹਨ। ਭਾਵ, ਏਹਨਾਂ ਦੇ ਘੋਖਣ ਦੀ ਲੋੜ ਨਹੀਂ ਰਹਿੰਦੀ। ਗੁਰਮਤਿ ਦੇ ਤੱਤ-ਸਾਰੀ-ਭੇਦ ਖੋਜਣ ਵਿਚ ਹੀ ਸਭ ਕੁਛ ਆ ਜਾਂਦਾ ਹੈ।

# ੪੮. ਇਕ ਖ਼ਾਸ ਸ਼ੰਕੇ ਦਾ ਨਿਰਣਾ

ਕਥਨੀ ਕਹਹਿ ਕਹਹਿ ਸੇ ਮੂਏ ॥
ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ ॥... ੪॥੧੭॥
[ਆਸਾ ਮ: ੧, ਪੰਨਾ ੩੫੪

ਜੋ ਲੋਗ ਮਹਿਜ਼ ਇਹ ਕਥਨੀ ਕਰਦੇ ਹਨ, ਕਥਨ ਦੁਆਰਾ ਹੀ ਇਹ ਗੱਲ ਕਹਿੰਦੇ ਹਨ ਕਿ–"ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ।" ਓਹ ਇਹ ਕਥਨੀ ਕਹਿ ਕਹਿ ਕੇ ਮਰ ਜਾਂਦੇ ਹਨ, ਓਹਨਾਂ ਦੇ ਹੱਥ ਕੁਛ ਨਹੀਂ ਆਉਂਦਾ। ਇਸ ਗੁਰਵਾਕ ਦੁਆਰਾ ਸ਼ਬਦ ਵੇਦਾਂਤ ਦੇ ਇਸ ਭਾਵ ਦਾ ਖੰਡਨ ਹੈ ਕਿ ਉਹ ਨਿਰੀ ਕਥਨੀ ਕਰਿ ਕਰਿ ਹੀ ਸਿਧ ਕਰਦੇ ਹਨ ਕਿ ਵਾਹਿਗੁਰੂ ਕਿਤੇ ਦੂਰ ਹੈ, ਤੂੰ ਹੀ ਵਾਹਿਗੁਰੂ ਹੈਂ, ਮੈਂ ਹੀ ਵਾਹਿਗੁਰੂ ਹਾਂ। 'ਹਮਾ ਓਸਤ', 'ਓ ਹਮਾ ਅਸਤ' ਵਾਲੇ ਭਾਵ ਦੇ ਸੂਫ਼ੀ ਮਤ ਦੇ ਭਾਵ ਦਾ ਏਥੇ ਸਪੱਸ਼ਟ ਖੰਡਨ ਹੈ। ਵੇਦਾਂਤ-ਮਤੀਆਂ ਅਤੇ ਸੂਫ਼ੀ ਮਤ ਵਾਲਿਆਂ ਨੂੰ ਇਸ ਗੁਰਮਤਿ ਭਾਵ ਦੁਆਰਾ ਇਹ ਸੁਮਤਿ ਦਿਤੀ ਹੈ ਕਿ ਕੇਵਲ ਕਥਨੀ ਮਾਤਰ ਕਹਿਆਂ 'ਤੂੰ ਮੈਂ' 'ਮੈਂ ਤੂੰ' ਵਾਹਿਗੁਰੂ ਨਹੀਂ ਬਣ ਜਾਂਦਾ। ਇਸ ਵਿਚ ਸੰਦੇਹ ਨਹੀਂ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ, ਉਸ ਦੀ ਜੋਤਿ ਸਭ ਵਿਖੇ ਵਿਆਪਕ ਹੈ, ਸਭ ਘਟ ਅੰਤਰਿ ਵਾਹਿਗੁਰੂ ਭਰਪੁਰ ਲੀਣਾ ਹੈ, ਪਰੰਤੂ ਹਰ ਇਕ ਦੇ ਅੰਦਰ ਜੋਤੀ ਸਰੂਪ ਵਾਹਿਗੁਰੂ ਦੀ ਜੋਤਿ ਮੌਜੂਦ ਹੋਣ ਕਰਕੇ ਉਕਤ ਜੋਤਿ-ਅੰਸ-ਮੌਜੂਦੀ-ਘਟ ਵਾਹਿਗੁਰੂ ਨਹੀਂ ਬਣ ਜਾਂਦਾ। 'ਅਹੰ ਬ੍ਰਹਮ ਅਸਮੀ' ਮਤ ਦਾ ਇਸ ਗੁਰਵਾਕ ਰੂਪੀ ਦੁਤੁਕੀ ਦੇ ਭਾਵ ਅੰਦਰ ਸਪੱਸ਼ਟ ਖੰਡਨ ਹੈ। ਇਸ ਦੁਤੁਕੀ ਦੇ ਭਾਵ ਨੂੰ ਵੇਦ ਮਤ ਅਨੁਸਾਰ ਅਰਥਾਉਣ ਵਾਲੇ ਅਖੌਤੀ ਗੁਰਮਤਿ ਗਿਆਨੀ ਬੜੀ ਭਾਰੀ ਗ਼ਲਤੀ 'ਤੇ ਹਨ। ਪਿਛਲੀ ਤੁਕ ਦਾ ਭਾਵ ਕਿਸੇ ਤਰ੍ਹਾਂ ਭੀ ਤੱਤ ਗੁਰਮਤਿ ਦੇ ਭਾਵ ਨਾਲ ਇਕ-ਮਿੱਕ ਨਹੀਂ ਹੋ ਸਕਦਾ। "ਪ੍ਰਭੁ ਤੂੰ ਹੈ" ਦਾ ਅਰਥ ਇਉਂ ਕਰਨ ਵਾਲੇ ਕਿ 'ਉਹ ਤਾਂ ਪਰਤੱਖ ਸਾਹਮਣੇ ਹੈਂ' ਲਗ ਮਾਤ੍ਰੀ ਨਿਯਮਾਂ ਅਨੁਸਾਰ ਇਹ ਅਰਥ ਕਰਨ ਵਿਚ ਮਹਾਂ ਗ਼ਲਤੀ ਕਰ ਰਹੇ ਹਨ। ਇਹ ਅਰਥ ਭੀ ਨਹੀਂ ਹੋ ਸਕਦੇ–ਹੇ ਪ੍ਰਭੂ ! ਤੂੰ ਹੀ ਤੂੰ ਸਾਰੇ ਪਰੀਪੂਰਨ ਹੈਂ। ਜੇ ਇਉਂ ਅਰਥ ਹੁੰਦੇ ਤਾਂ 'ਪ੍ਰਭੁ' ਦੇ ਭੱਭੇ ਅੱਖਰ ਨੂੰ ਔਂਕੁੜ ਨਾ ਹੁੰਦਾ। ਸੰਬੋਧਨ ਰੂਪ ਭਾਵ ਵਿਚ ਇਹ ਔਂਕੁੜ ਨਿਯਮ ਅਨੁਸਾਰ ਦੂਰ ਹੋ ਜਾਂਦਾ ਹੈ। ਤਾਂ ਤੇ ਅੱਖਰੀ ਅਰਥ ਠੀਕ ਇਹੋ ਹੀ ਬਣਨਗੇ ਜਿਹੜਾ ਪ੍ਰਭੂ ਦੂਰ ਨਹੀਂ, (ਅੰਗ ਸੰਗ ਵਸਦਾ ਹੈ) ਉਹ ਪ੍ਰਭੂ (ਹੇ ਵਾਹਿਗੁਰੂ !) ਤੂੰ ਹੀ ਹੈਂ। ਇਸ ਦਾ ਭਾਵ ਇਹ ਲੈਣਾ ਕਿ (ਪ੍ਰਭੂ) ਦੀ ਅੰਸ਼ ਅੰਦਰ ਹੋਣ ਦੇ ਨਾਤੇ ਮੈਂ ਖ਼ੁਦ ਹੀ ਵਾਹਿਗੁਰੂ ਹਾਂ, ਗੁਰਮਤਿ

ਭਾਵ ਤੋਂ ਉੱਕਾ ਹੀ ਪ੍ਰਤਿਕੂਲ ਹੈ। ਇਹ ਗੁਰਮਤਿ ਪ੍ਰਤਿਕੂਲੀਅਤ ਅਰਥਾਂ ਦਾ ਭਾਵ ਸੁਸ਼ਕ ਵੇਦਾਂਤੀ ਕਹਿਣ ਵਾਲੇ, ਮਹਿਜ਼ ਕਥਨੀ ਵਿਚ ਲਿਆਉਣ ਵਾਲੇ ਅਨੇਕਾਂ ਹੀ ਕਹਿੰਦੇ ਗਏ, ਪਰ ਓਹਨਾਂ ਦਾ ਕੁਛ ਬਣਿਆ ਨਹੀਂ। ਬਥੇਰੇ ਅਜਿਹੇ ਸੁਸ਼ਕ ਵੇਦਾਂਤੀ ਇਸ ਪ੍ਰਕਾਰ ਦੀਆਂ ਸੁਸ਼ਕ ਵੇਦਾਂਤ ਬਾਤਾਂ ਕਥ ਕਥ ਕੇ ਮਰ ਗਏ।

# ੪੯. ਸੱਚੀ ਬ੍ਰਹਮ ਬੀਚਾਰ

ਕਾਇਆ ਬ੍ਰਹਮਾ ਮਨੁ ਹੈ ਧੋਤੀ ॥ ਗਿਆਨੁ ਜਨੇਊ ਧਿਆਨੁ ਕੁਸਪਾਤੀ ॥
ਹਰਿਨਾਮਾ ਜਸੁ ਜਾਚਉ ਨਾਉ ॥ ਗੁਰ ਪਰਸਾਦੀ ਬ੍ਰਹਮਿ ਸਮਾਉ ॥੧॥
ਪਾਂਡੇ ਐਸਾ ਬ੍ਰਹਮ ਬੀਚਾਰੁ ॥
ਨਾਮੇ ਸੁਚਿ ਨਾਮੋ ਪੜਉ ਨਾਮੇ ਚਜ ਆਚਾਰੁ ॥੧॥ਰਹਾਉ॥
ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ ॥ ਧੋਤੀ ਟਿਕਾ ਨਾਮੁ ਸਮਾਲਿ ॥
ਐਥੈ ਓਥੈ ਨਿਬਹੀ ਨਾਲਿ ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ ॥੨॥
ਪੂਜਾ ਪ੍ਰੇਮ ਮਾਇਆ ਪਰਜਾਲਿ ॥ ਏਕੋ ਵੇਖਹੁ ਅਵਰੁ ਨ ਭਾਲਿ ॥
ਚੀਨੈ ਤਤੁ ਗਗਨ ਦਸ ਦੁਆਰ ॥ ਹਰਿ ਮੁਖਿ ਪਾਠ ਪੜੈ ਬੀਚਾਰ ॥੩॥
ਭੋਜਨੁ ਭਾਉ ਭਰਮੁ ਭਉ ਭਾਗੈ ॥ ਪਾਹਰੂਅਰਾ ਛਬਿ ਚੋਰੁ ਨ ਲਾਗੈ ॥
ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥੪॥
ਆਚਾਰੀ ਨਹੀ ਜੀਤਿਆ ਜਾਇ ॥ ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ॥ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥
੫॥੨੦॥ [ਆਸਾ ਮ: ੧, ਪੰਨਾ ੩੫੫

ਇਸ ਗੁਰਵਾਕ ਦੁਆਰਾ ਗੁਰਮਤਿ ਦੇ **ਦਰਸਾਏ** ਤੱਤ ਅਤੇ ਤੌਰ ਤਰੀਕੇ ਮੰਨਣ ਵਿਚ ਆਨਮਤੀਆਂ ਵਾਲੀ ਹੋਛੇ ਕਰਮ ਕਾਂਡ ਦੀ ਨਕਲ, ਬੜੀਆਂ ਰੁਕਾਵਟਾਂ ਪਾਉਂਦੀ ਹੈ। ਇਸ ਗੁਰਵਾਕ ਅੰਦਰ ਕਰਮ-ਕਾਂਡੀ ਬ੍ਰਾਹਮਣ ਦੇ ਰਸਮੀ ਚਿੰਨ੍ਹ ਤੇ ਪਾਠ ਪੂਜਾ ਨੂੰ ਲੈ ਕੇ ਉਸ ਦੇ ਮੁਕਾਬਲੇ 'ਤੇ ਅਸਲੀ ਗੁਰਮਤਿ ਰਹਿਣੀ ਦਰਸਾਈ ਹੈ, ਜਿਸ ਦਾ ਤੱਤ ਗੁਰ-ਦੀਖਿਆ ਰੂਪੀ ਨਾਮ ਜਪਣਾ ਹੈ। ਬ੍ਰਾਹਮਣ ਲੋਗ ਆਪਣੇ ਸਰੀਰ ਦੇ ਉਦਾਲੇ ਧੋਤੀ ਲਪੇਟ ਕੇ ਅਤੇ ਜਨੇਊ ਗਲ ਵਿਚ ਪਾ ਕੇ, ਕੁਸ਼ਾ ਦੇ ਛੱਲੇ ਉਂਗਲੀਆਂ ਵਿਚ ਪਾ ਕੇ ਲੋਕਾਂ ਨੂੰ ਰੀਝਾਉਂਦੇ ਹਨ ਕਿ ਅਸੀਂ ਪਰਮਾਤਮਾ ਦਾ ਧਿਆਨ ਧਰਦੇ ਹਾਂ। ਗੁਰਮਤਿ ਅਨੁਸਾਰ ਇਹ ਸਭ ਪਾਖੰਡ ਰੂਪ ਹੈ। ਗੁਰਮਤਿ ਗਿਆਨ ਧਿਆਨ ਨੂੰ ਹੀ ਏਹਨਾਂ ਸਭ ਆਨਮਤੀ ਰਸਮਾਂ ਤੋਂ ਉੱਪਰ ਦੀ ਤੱਤ

ਚਿੰਨ੍ਹ ਕਰਕੇ ਦਰਸਾਇਆ ਹੈ। ਗੁਰਮਤਿ ਨਾਮ ਰੂਪੀ ਜਸ ਦੀ ਜਾਚਨਾ ਹੀ **ਬਾਰੰਬਾਰ** ਮੰਗੀ ਹੈ। ਇਸ ਬਿਧਿ ਗੁਰਮਤਿ ਧਾਰਨ ਕੀਤਿਆਂ ਅਤੇ ਗੁਰ-ਦੀਖਿਆ ਰੂਪੀ ਗੁਰਮਤਿ ਨਾਮ ਦਾ ਗਿਆਨ ਪ੍ਰਚੰਡ ਧਿਆਨ ਧਰਿਆਂ ਪਾਰਬ੍ਰਹਮ ਵਾਹਿਗੁਰੂ ਵਿਚ ਸਮਾਈਦਾ ਹੈ। ਪੰਡਤਾਂ ਨੂੰ ਪ੍ਰਬੋਧਨਾ ਕੀਤੀ ਹੈ ਕਿ ਹੇ ਪਾਂਡਿਓ ! ਵੀਚਾਰਨਾ ਹੈ ਤਾਂ ਐਸਾ ਆਤਮਿਕ ਵੀਚਾਰ ਵੀਚਾਰੋ। ਗੁਰਮਤਿ ਅਨੁਸਾਰ ਨਾਮ ਅਭਿਆਸ ਰੂਪੀ ਵੀਚਾਰ ਹੀ ਸੱਚੀ ਵੀਚਾਰ ਹੈ। ਗੁਰਮਤਿ ਨਾਮ ਦੇ ਬਾਰੰਬਾਰ ਜਾਪ ਕਰਨ ਦੀ ਪੜ੍ਹਾਈ ਪੜ੍ਹਨੀ ਹੀ ਸੱਚੀ ਪੜ੍ਹਾਈ ਹੈ। ਕਰਨਯੋਗ ਸੱਚਾ ਚੱਜ ਅਚਾਰ ਕੇਵਲ ਨਾਮ ਅਭਿਆਸ ਦੀ ਕਾਰ ਹੀ ਕਮਾਉਣਾ ਹੈ। ਆਨਮਤੀ ਬ੍ਰਾਹਮਣਾਂ ਦਾ ਧਾਰਨ ਕੀਤਾ ਤੇ ਕਮਾਇਆ ਹੋਇਆ ਜਨੇਊ ਉਤਨਾ ਚਿਰ ਹੀ ਰਹਿੰਦਾ ਹੈ ਜਿਤਨਾ ਚਿਰ ਕਿ ਸਰੀਰ ਵਿਚ ਜਾਨ ਹੈ। ਸਰੀਰ ਦੇ ਝੜਨ ਨਾਲ ਹੀ ਜਨੇਊ ਭੀ ਝੜ ਜਾਂਦਾ ਹੈ। ਏਸ ਲਈ ਗੁਰਮਤਿ ਨਾਮ ਨੂੰ ਸਦਾ ਯਾਦ ਕਰਨਾ ਹੀ ਧੋਤੀ ਟਿੱਕਾ ਆਦਿ ਸੱਚੇ ਚਿੰਨ੍ਹ ਬਣਾਇਆਂ ਹੀ ਪਾਰ-ਉਤਾਰਾ ਹੈ। ਗੁਰਮਤਿ ਨਾਮ ਰੂਪੀ ਧਾਰਨ ਕੀਤਾ ਜਨੇਊ ਟਿੱਕਾ ਆਦਿ ਜੀਵਾਂ ਦੇ ਨਾਲ ਜਾਂਦਾ ਹੈ। ਇਸ ਲੋਕ ਵਿਖੇ ਤੇ ਅਗਲੇ ਲੋਕ ਵਿਖੇ ਕੰਮ ਆਉਣ ਵਾਲਾ ਜਨੇਊ ਆਦਿਕ ਇਹੋ ਗੁਰਮਤਿ ਨਾਮ ਹੀ ਹੈ। ਗੁਰ-ਮਤਿ ਨਾਮ ਤੋਂ ਬਿਨਾਂ ਹੋਰ ਆਨਮਤ ਕਰਮਾਂ ਵਿਚ ਪ੍ਰਵਿਰਤ ਹੋਇਆਂ ਕੋਈ ਭੀ ਲਾਭ ਲਾਹਾ ਨਹੀਂ। ਨਾ ਹੀ ਲੋਕ ਦਾ ਨਾ ਹੀ ਪਰਲੋਕ ਦਾ। ਗੁਰਮਤਿ ਅਨੁਸਾਰ ਸੱਚੀ ਪ੍ਰੇਮ-ਪੂਜਾ ਨਾਮ ਅਭਿਆਸ ਦੇ ਜਾਪ ਦੀ ਹੈ, ਜਿਸ ਕਰਕੇ ਮਾਇਆਵੀ ਜੰਜਾਲ ਸਭ ਜਾਲੇ ਜਾਂਦੇ ਹਨ। ਨਾਮ ਅਭਿਆਸ ਦੀ ਧੂਪ ਧੁਖਾਇਆਂ ਹੀ ਸਭ ਪਾਪ ਦਗਧ ਹੁੰਦੇ ਹਨ, ਇਸ ਕਰਕੇ ਇਕੋ ਗੁਰਮਤਿ ਨਾਮ ਦਾ ਧਿਆਨ ਧਰਿਆਂ ਅਦ੍ਰਿਸ਼ਟ ਵਾਹਿਗੁਰੂ ਦਾ ਦਰਸ਼ਨ ਹੁੰਦਾ ਹੈ। ਦ੍ਰਿਸ਼ਟਮਾਨ ਪਦਾਰਥਾਂ ਦਾ ਦੇਖਣਾ ਭਾਲਣਾ ਸਭ ਨਿਰਾਰਥ ਹੈ। ਗੁਰਮਤਿ ਦਰਸਾਏ ਨਾਮ ਰੂਪੀ ਤੱਤ ਗਿਆਨ ਪ੍ਰਾਣਾਯਾਮ ਦੀ ਉੱਚੀ ਤੋਂ ਉੱਚੀ ਧਾਰਨਾ ਦਾ ਸਾਧਨ ਹੈ। ਤੱਤ ਵਾਹਿਗੁਰੂ ਨੂੰ ਸਮਝਣਾ ਇਹੋ ਪ੍ਰਾਣਾਯਾਮ ਦੀ ਦਸਮ ਦੁਆਰੀ ਦਸ਼ਾ ਨੂੰ ਅਪੜਨਾ ਹੈ, ਹੋਰ ਮਨ-ਹਠ ਦੁਆਰਾ ਯੋਗੀਆਂ ਵਾਲੇ ਹਠ-ਯੋਗ ਪ੍ਰਾਣਾਯਾਮ ਕਰਨੇ ਸਭ ਮਹਾਂ ਮਨਮਤਿ ਤੇ ਨਿਸਫਲ ਹੀ ਹਨ। ਵਾਹਿਗੁਰੂ ਨਾਮ ਨੂੰ ਇਕ-ਮਨ ਇਕ-ਚਿਤ ਹੋ ਕੇ ਮੁਖਾਰਬਿੰਦ ਦੁਆਰਾ ਰਟਣਾ ਸੱਚਾ ਪਾਠ-ਵੀਚਾਰ ਵੀਚਾਰਨਾ ਹੈ ਅਤੇ ਇਹੋ ਸੱਚੀ ਵਿਦਿਆ ਰੂਪ ਪੜ੍ਹਾਈ ਹੈ। ਗੁਰਮਤਿ ਨਾਮ ਰੂਪੀ ਸੱਚੇ ਭੋਜਨ ਨੂੰ ਭੁੰਚਣਾ ਹੀ ਗੁਰਮਤਿ ਜਗਿਆਸੂ ਨੂੰ ਸੰਤੁਸ਼ਟ ਕਰਦਾ ਹੈ। ਆਨਮਤੀਆਂ ਵਾਂਗੂੰ ਮੂਰਤੀਆਂ ਬੁੱਤਾਂ ਨੂੰ ਭੋਗ ਲਵਾਉਣਾ ਇਹ ਨਿਰੀ ਹੀ ਮਨ-ਮਤੀਆਂ ਵਾਲੀ ਭਰਮ ਕਰਮੀ ਕਿਰਿਆ ਹੈ। ਮੱਥੇ ਤੇ ਤਿਲਕ ਆਦਿਕਾਂ ਦਾ ਲਾਉਣਾ ਫ਼ਜ਼ੂਲ ਆਨਮਤ ਕਰਮ ਕਾਂਡ ਵਾਲੀ ਕਿਰਿਆ ਹੈ। ਗੁਰਮਤਿ ਨੂੰ ਧਾਰਨ ਕੀਤਿਆਂ ਇਕੋ ਵਾਹਿਗੁਰੂ ਹੀ ਮਸਤਕ ਤੇ

ਆਇ ਦਗਦਾ ਹੈ। ਏਸ ਦਗ ਦਮਕਦੀ ਤੇਜਸੀ ਚਮਕ ਤੋਂ ਵਧੇਰੀ ਅਤੇ ਉਚੇਰੀ ਹੋਰ ਕੋਈ ਤਿਲਕ ਲਿਲਾਟੀ ਟਿੱਕਾ-ਕਢਣੀ-ਕਿਰਿਆ ਹੈ ਹੀ ਨਹੀਂ। ਅੰਤਰ-ਆਤਮੇ ਧਾਰਨ ਕੀਤਾ ਸੱਚਾ ਬਿਬੇਕ ਇਹੋ ਹੈ ਕਿ ਪਾਰਬ੍ਰਹਮ ਵਾਹਿਗੁਰੂ ਤੱਤ ਜੋਤਿ ਰੰਗਾਂ ਵਿਚ ਬੁੱਝਿਆ ਜਾਵੇ। ਆਨਮਤੀ ਕਰਮ ਕਾਂਡਾਂ ਨਾਲ ਵਾਹਿਗੁਰੂ ਹਰਗਿਜ਼ ਵਸ ਵਿਚ ਨਹੀਂ ਆਉਂਦਾ। ਵੇਦਾਂ ਆਦਿਕ ਅਨਮਤੀ ਸ਼ਾਸਤ੍ਰ ਪੁਸਤਕਾਂ ਦੇ ਪਾਠ ਪੜ੍ਹਿਆਂ ਬੇਅੰਤ ਵਾਹਿਗੁਰੂ ਦੀ ਕੀਮਤ ਕਦੇ ਨਹੀਂ ਪੈਂਦੀ। ਅਠਾਰ੍ਹਾਂ ਪੁਰਾਣਾਂ ਅਤੇ ਚਹੁੰਆਂ ਵੇਦਾਂ ਦੁਆਰਾ ਬੇਅੰਤ ਵਾਹਿਗੁਰੂ ਦਾ ਭੇਦ ਪਾਇਆ ਹੀ ਨਹੀਂ ਜਾ ਸਕਦਾ। ਸਤਿਗੁਰੂ ਨਾਨਕ ਸਾਹਿਬ ਸੱਚੇ ਸਤਿਗੁਰੂ ਹਨ, ਜਿਨ੍ਹਾਂ ਨੇ ਅਪਾਰ ਵਾਹਿਗੁਰੂ ਦਾ ਘਟ ਅੰਤਰਿ ਹੀ ਦਰਸ਼ਨ ਦਿਖਾਇ ਦਿਤਾ ਹੈ, ਇਹ ਸੱਚੀ ਗੁਰਮਤਿ ਧਾਰਨ ਕਰਨ ਦੀ ਵਿਸ਼ੇਸ਼ ਵਡਿਆਈ ਹੈ, ਜਿਸ ਦੇ ਤੁਲ ਅਣਗਿਣਤ ਆਨਮਤੀ ਕਿਰਿਆਵਾਂ ਸਭ ਤੁਛ ਮਾਤ੍ਰ ਹਨ।

ਪੰਡਿਤ ਪੜਹਿ ਵਖਾਣਹਿ ਵੇਦੁ ॥ ਅੰਤਰਿ ਵਸਤੁ ਨ ਜਾਣਹਿ ਭੇਦੁ ॥
ਗੁਰ ਬਿਨੁ ਸੋਝੀ ਬੂਝ ਨ ਹੋਇ ॥ ਸਾਚਾ ਰਵਿ ਰਹਿਆ ਪ੍ਰਭੁ ਸੋਇ ॥੪॥੨੧॥
[ਆਸਾ ਮ: ੧, ਪੰਨਾ ੩੫੫

ਪੰਡਿਤ ਲੋਗ ਬਥੇਰਾ ਵੇਦ ਪੜ੍ਹਦੇ ਤੇ ਵਖਾਣਦੇ ਫਿਰਦੇ ਹਨ, ਪਰ ਵੇਦ ਵਖਾਣਿਆਂ ਥੋਥਾ ਨਿਰਾ ਸੁਸ਼ਕ ਗਿਆਨ ਹੀ ਪ੍ਰਾਪਤ ਹੁੰਦਾ ਹੈ। ਜੋ ਕੁਛ ਵੇਦਾਂ ਵਿਚ ਹੈ ਓਹੀ ਪ੍ਰਾਪਤਿ ਹੋਣਾ ਸੀ। ਨਾ ਹੀ ਵੇਦਾਂ ਨੂੰ ਨਾ ਹੀ ਵੇਦ-ਵੀਚਾਰੀ-ਪੰਡਿਤਾਂ ਨੂੰ ਇਸ ਤੱਤ ਵਸਤੂ ਦਾ ਭੇਦ ਹੈ ਕਿ ਘਟ ਆਤਮਾ ਅੰਦਰ ਹੀ ਵਾਹਿਗੁਰੂ ਨੂੰ ਲਭ ਲਈਦਾ ਹੈ। ਇਹ ਭੇਦ ਕੇਵਲ ਗੁਰਮਤਿ ਗਿਆਨ ਦੁਆਰਾ ਹੀ ਸੁਝਦਾ ਹੈ। ਸਤਿਗੁਰੂ ਦਰਸਾਏ ਤੱਤ ਗੁਰਮਤਿ ਨਾਮ ਰੂਪੀ ਗਿਆਨ ਬਿਨਾਂ ਇਹ ਸੋਝੀ ਤੇ ਸੱਚੀ ਬੂਝ ਆਉਂਦੀ ਹੀ ਨਹੀਂ। ਅੰਤਰਿ ਪ੍ਰਕਾਸ਼ ਹੋਇਆਂ ਵਾਹਿਗੁਰੂ ਦਾ ਦਰਸ ਹੀ ਬਾਹਰਵਾਰ ਸਾਰੇ ਖੰਡਾਂ ਬ੍ਰਹਮੰਡਾਂ ਵਿਖੇ ਆਪਣੀ ਜੋਤਿ ਚਮਤਕਾਰ ਪਸਰਾਇ ਕੇ ਵਾਹਿਗੁਰੂ ਨੂੰ ਸਰਬਤ੍ਰ ਰਵ ਰਹੇ ਸਰੂਪ ਵਿਚ ਪਰਤੱਖ ਦਰਸਾਇ ਦਿੰਦਾ ਹੈ।

ਲਖ ਸਾਸਤ ਸਮਝਾਵਣੀ ਲਖ ਪੰਡਿਤ ਪੜਹਿ ਪੁਰਾਣ ॥
ਜਾਂ ਪਤਿ ਲੇਖੈ ਨਾ ਪਵੈ ਤਾਂ ਸਭੇ ਕੁਪਰਵਾਣ ॥੩॥
ਸਚ ਨਾਮਿ ਪਤਿ ਊਪਜੈ ਕਰਮਿ ਨਾਮੁ ਕਰਤਾਰੁ ॥
ਅਹਿਨਿਸ ਹਿਰਦੈ ਜੇ ਵਸੈ ਨਾਨਕ ਨਦਰੀ ਪਾਰੁ ॥੪॥੧॥੩੧॥
[ਆਸਾ ਘਰੁ ੩ ਮ: ੧, ਪੰਨਾ ੩੫੯

**ਇਹ** ਖਟ-ਸ਼ਾਸਤ੍ਰੀ ਵਿਦਿਆ ਲੱਖਾਂ ਸ਼ਾਸਤ੍ਰ ਵਿਦਿਆ ਰੂਪੀ ਪੜ੍ਹਾਈਆਂ ਦੀ ਪੜ੍ਹਾਈ ਪੰਡਿਤ ਲੋਗ ਪੜ੍ਹਦੇ ਪੜ੍ਹਾਉਂਦੇ ਸਮਝਦੇ ਸਮਝਾਉਂਦੇ ਫਿਰਨਿ ਅਤੇ ਲੱਖ ਲੱਖ ਪੁਰਾਣਾਂ ਦੀ ਪੜ੍ਹਾਈ ਪੜ੍ਹਦੇ ਫਿਰਨਿ, ਏਹ ਲੱਖ ਸ਼ਾਸਤ੍ਰੀ ਵਿਦਿਆ,

ਲੱਖ ਪੁਰਾਣਾਂ ਦੀ ਪੜ੍ਹਾਈ ਸਭ ਅਪਰਵਾਣ ਹੈ, ਕਿਉਂਕਿ ਏਹਨਾਂ ਦੁਆਰਾ ਸੱਚੀ ਦਰਗਾਹੇ ਪਤਿ ਲੇਖੇ ਨਹੀਂ ਪੈਂਦੀ। ਪਤਿ ਤਾਂ ਸੱਚੇ ਗੁਰਮਤਿ ਨਾਮ ਦੁਆਰਾ ਹੀ ਪੈਂਦੀ ਹੈ (ਉਪਜਦੀ ਹੈ) ਅਤੇ ਗੁਰਮਤਿ ਨਾਮ ਵਾਹਿਗੁਰੂ ਕਰਤਾਰ ਨਾਮੀ ਕਰਮਾਂ ਦੁਆਰਾ ਤੇ ਨਦਰਾਂ ਦੁਆਰਾ ਹੀ ਮਿਲਦਾ ਹੈ। ਐਸੀ ਨਦਰਿ ਕਰੰਮੀ ਦਾਤਿ ਪ੍ਰਾਪਤਿ ਹੋਵੇ ਕਿ ਦਿਨੇ ਰਾਤ ਹਿਰਦੇ ਵਿਖੇ ਵਾਹਿਗੁਰੂ ਨਾਮ ਅਤੇ ਨਾਮੀ ਵਸਿਆ ਰਹੇ, ਤਦ ਹੀ ਸੱਚਾ ਪਾਰ-ਉਤਾਰਾ ਹੈ।

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥
ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥੧॥
ਤਉ ਕਾਰਣਿ ਸਾਹਿਬਾ ਰੰਗਿ ਰਤੇ ॥
ਤੇਰੇ ਨਾਮ ਅਨੇਕਾ ਰੂਪ ਅਨੰਤਾ ਕਹਣੁ ਨ ਜਾਈ ਤੇਰੇ ਗੁਣ ਕੇਤੇ ॥੧॥ਰਹਾਉ॥
ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ ॥
ਪੀਰ ਪੈਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥੨॥
ਸਾਦ ਸਹਜ ਸੁਖ ਰਸ ਕਸ ਤਜੀਅਲੇ ਕਾਪੜ ਛੋਡੇ ਚਮੜ ਲੀਏ ॥
ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥੩॥
ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨੀ ॥
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥੪॥੧॥੩੩॥

[ਆਸਾ ਘਰੁ ੪ ਮ: ੧, ਪੰਨਾ ੩੫੮

ਆਨਮਤੀ ਦੇਵਤਿਆਂ ਨੇ ਵਾਹਿਗੁਰੂ ਦੇ ਦਰਸ਼ਨ ਨਮਿਤ ਬਥੇਰੇ ਤਤਿਖਸ਼ਾ ਮਈ ਦੁਖ ਭੁਖ ਸਹੇ, ਬਰਤ ਨੇਮ ਤੀਰਥ ਕੀਤੇ, ਪਰ ਕਿਸੇ ਕੰਮ ਨ ਆਏ। ਆਨ-ਮਤੀ ਜੋਗੀ ਜਤੀ ਸਦਾਉਣਹਾਰੇ ਭੇਖੀ ਆਪਣੀ ਆਪਣੀ ਮਨ-ਹਠ ਜੁਗਤੀਆਂ ਅਨੁਸਾਰ, ਬਥੇਰੀਆਂ ਮਨ-ਉਕਤ ਯੁਕਤੀਆਂ ਅੰਦਰ ਪ੍ਰਵਿਰਤ ਹੋ ਹੋ ਕੇ ਹੰਭ ਥਕੇ ਅਤੇ ਭਗਵੇ ਭੇਸ ਕਰ ਕਰ ਕੇ ਬਥੇਰੀਆਂ ਉਦਾਸ-ਬਿਰਤੀਆਂ ਕਰ ਹਟੇ (ਪਰ ਏਹਨਾਂ ਦੇ ਸਾਰੇ ਯਤਨ ਕੀਤੇ ਕਿਸੇ ਲੇਖੇ ਨ ਲਗੇ)। ਏਹ ਸਾਰੇ ਯਤਨ ਹੇ ਵਾਹਿਗੁਰੂ! ਤੈਨੂੰ ਲਭਣ ਕਾਰਨ ਹੀ ਆਪੋ ਆਪਣੇ ਮਨ-ਉਕਤ ਰੰਗਾਂ ਤਰੰਗਾਂ ਵਿਚ ਰਤ ਕੇ ਆਨਮਤੀ ਭੇਖਧਾਰੀਆਂ ਨੇ ਕੀਤੇ। ਤੇਰੇ ਅਨੇਕ ਪ੍ਰਕਾਰ ਦੇ ਨਾਮਾਂ ਨੂੰ ਆਪਣੀ ਮਨ-ਉਕਤੀ ਯੁਕਤੀ ਦੁਆਰਾ ਹੀ ਅਨਿਕ ਪ੍ਰਕਾਰ ਰਟਦੇ ਰਹੇ। ਪਰ ਹੇ ਵਾਹਿਗੁਰੂ! ਤੇਰਾ ਪਾਰਾਵਾਰ ਨ ਪਾ ਸਕੇ। ਤੇਰੇ ਅਨੰਤ ਰੂਪ ਜਾਣ ਕੇ ਤੈਨੂੰ ਨਾਨਾ ਪ੍ਰਕਾਰੀ ਰੂਪਾਂ ਰੰਗਾਂ ਵਿਚ ਢੂੰਢਦੇ ਭਟਕਦੇ ਫਿਰਦੇ ਰਹੇ। ਤੇਰੇ ਅਨੇਕ ਪ੍ਰਕਾਰ ਦੇ ਗੁਣ ਬੇਅੰਤ ਅਗਿਣਤ ਕਿਤਨੇ ਹੀ ਹਨ, ਓਹ ਕਹੇ ਨਹੀਂ ਜਾ ਸਕਦੇ। ਕਿਹੜੇ ਕਿਹੜੇ ਗੁਣ ਦੁਆਰਾ ਤੈਨੂੰ ਓਹ ਕਹਿਣ ਕਥਨ ਦਾ ਯਤਨ ਕਰਨ। ਮਨ-ਉਕਤੀ ਯਤਨ ਮਨ-ਹਠ ਸਾਰੇ ਉਪਾਵ ਅਨਿਕ ਪ੍ਰਕਾਰ ਕੀਤੇ ਹੋਏ ਤਿਨ੍ਹਾਂ ਦੇ

ਕਿਸੇ ਕੰਮ ਨਾ ਆਏ।

ਆਨਮਤ ਮਨ-ਹਠੀ ਮੱਤਾਂ ਅਨੁਸਾਰ ਸੰਨਿਆਸ-ਤਿਆਗ, ਵੈਰਾਗ ਭੀ ਬਥੇਰੇ ਕੀਤੇ, ਦਰਾਂ ਘਰਾਂ, ਮਹਲਾਂ, ਮਾੜੀਆਂ, ਹਾਥੀਆਂ, ਘੋੜਿਆਂ ਨੂੰ ਛਡ ਕੇ ਆਪਣੇ ਦੇਸ ਵਿਲਾਇਤ ਭੀ ਤਜ ਗਏ (ਫੇਰ ਭੀ ਕੁਛ ਨ ਬਣਿਆ)। ਏਹ ਆਨਮਤੀ ਤਿਆਗ-ਸੰਨਿਆਸ ਕੀਤੇ ਕਿਸੇ ਕੰਮ ਨਾ ਆਏ। ਅਨੇਕਾਂ ਹੀ ਯਵਨ ਮਤੀ ਪੀਰਾਂ ਪੈਗ਼ੰਬਰਾਂ ਦੇ ਸਮੂਹਾਂ ਦੇ ਸਮੂਹ ਹੋ ਗੁਜ਼ਰੇ। ਅਨੇਕਾਂ ਹੀ ਰਾਹ ਦੱਸਣਹਾਰੇ ਸਾਲਕ ਸਾਦਕ ਮੁਰਸ਼ਦ ਮੁਰੀਦ ਹੋ ਹੋ ਗੁਜ਼ਰ ਗਏ, ਜਿਨ੍ਹਾਂ ਨੇ ਦੁਨੀਆ ਛਡ ਛਡ ਕੇ ਸੰਨਿਆਸ-ਧਾਰਨੀ ਮਾਰਗ ਅਖ਼ਤਿਆਰ ਕੀਤੇ, ਸੁਆਦਾਂ ਭਰੇ ਸੁਖ ਆਰਾਮ ਰਸ ਕਸ ਭੀ ਤਜ ਤਜ ਕੇ ਦੇਖ ਲਏ, ਬਸਤਰ ਤਨੋਂ ਲਾਹ ਕੇ ਨਗਨ ਹੋ ਬਥੇਰੇ ਫਿਰੇ ਤੇ ਕਈਆਂ ਨੇ ਕਪੜਿਆਂ ਦੇ ਥਾਉਂ ਚਮੜੇ ਭੀ ਆਪਣੇ ਤਨ ਬਦਨ ਤੇ ਪਹਿਰੇ (ਚਮੜਿਆਂ ਦੇ ਪੁਸ਼ਾਕੇ ਕੀਤੇ), ਓਹ ਅੰਤਰ-ਆਤਮੇ ਦੁਖੀਏ ਤੇ ਦਰਦਵੰਦ ਹੀ ਹੋ ਕੇ ਤੇਰੇ ਦਰ ਤੇ ਬਿਲਲਾਉਂਦੇ ਰਹੇ। ਸੱਚੇ ਦਰਵੇਸ਼ ਤੇਰੇ ਦਰ ਦਰਗਾਹ ਨੂੰ ਪੁੱਜੇ ਹੋਏ ਸੇਈ ਪਰਵਾਨ ਥੀਏ ਜੋ ਗੁਰਮਤਿ ਨਾਮ ਦੇ ਰੰਗ ਵਿਚ ਰੱਤੇ ਗਏ। ਨਹੀਂ ਤਾਂ ਖਲੜੀ ਪਹਿਰਨ ਵਾਲੇ, ਚਮੜਾ ਪਾਉਣ ਵਾਲੇ, ਖੱਪਰ ਠੂਠੇ ਫੜ ਕੇ ਭਿਖਿਆ ਲੈਣ ਵਾਲੇ **ਡੰਡਾਧਾਰੀ** ਸੰਨਿਆਸੀ, ਮਿਰਗਛਾਲਾ ਪਹਿਰਨ ਵਾਲੇ, ਜਨੇਊ ਤੇ ਧੋਤੀ ਪਾਉਣ ਵਾਲੇ ਅਨੇਕਾਂ ਹੀ ਹੋ ਗੁਜ਼ਰੇ ਹਨ। ਜਨੇਊ, ਬੋਦੀਆਂ ਅਤੇ ਧੋਤੀਆਂ ਪਾਣ ਵਾਲੇ ਭੀ ਬੇਅੰਤ ਭੇਖਧਾਰੀ, ਭੇਖ-ਹਠੀ ਹੁੰਦੇ ਰਹੇ ਹਨ, ਜੋ ਰੱਬ ਦੇ ਲੱਭਣ ਲਈ ਹੀ ਸਵਾਂਗਧਾਰੀ ਬਣੇ ਰਹੇ। ਹੇ ਵਾਹਿਗੁਰੂ ! ਤੂੰ ਏਹਨਾਂ ਸਵਾਂਗ-ਧਾਰੀਆਂ ਤੋਂ ਤਾਂ ਬਹੁਤ ਪਰੇ ਪਰੇਡੇ ਦੀ ਦੂਰੀ 'ਤੇ ਰਿਹਾ। ਕੇਵਲ ਗੁਰਮਤਿ ਨਾਮ ਵਿਚ ਰੱਤੇ ਜਾਣ ਦੀ ਗੁਰਮਤਿ ਧਾਰਨ ਦੁਆਰਾ ਹੀ ਪੂਰੀ ਪਈ, ਹੋਰ ਆਨਮਤ ਧਾਰਨ ਕੀਤੀ ਕਿਰਿਆ ਆਨਮਤੀਆਂ ਦੀ ਸਭ ਬਿਰਥੀ ਗਈ।

ਇਸ ਗੁਰਵਾਕ ਅੰਦਰ ਸੱਚੇ ਪਾਤਸ਼ਾਹ ਭੇਖਧਾਰੀਆਂ ਦਾ ਆਨਮਤ ਤੇ ਭੇਖ ਖੰਡਨ ਕਰਦੇ ਹੋਏ ਨਿਮਰਤਾ ਪੂਰਬਕ ਸਾਰੀ ਇਹ ਖੇਡ ਆਪਣੇ ਮਨ ਦੇ ਉਪਰ ਘਟਾਉਂਦੇ ਹਨ। ਸੱਚੀ ਸਿਖਸ਼ਾ ਇਸ ਬਿਧਿ ਆਨਮਤ ਭੇਖਧਾਰੀਆਂ ਨੂੰ ਹੀ ਦ੍ਰਿੜ੍ਹਾਉਂਦੇ ਹਨ ਅਤੇ ਦ੍ਰਿੜ੍ਹਤਾ ਕਰਿ ਨਿਸਚੇ ਕਰਾਉਂਦੇ ਹਨ ਕਿ ਗੁਰਮਤਿ ਨਾਮ ਵਿਚ ਹਮਾਤਨ ਹੋ ਕੇ ਰੱਤੇ ਜਾਣ ਬਿਨਾਂ ਹੋਰ ਕਿਤੇ ਭੀ ਠਿਕਾਣਾ ਨਹੀਂ। ਹੋਰ ਕਿਸੇ ਬਿਧਿ ਭੀ ਅਦ੍ਰਿਸ਼ਟ ਨਿਰਗੁਣ ਸਰੂਪਾ ਪਾਰਬ੍ਰਹਮ ਨਿਰੰਕਾਰ ਨਹੀਂ ਮਿਲਦਾ। ਨਿਰੰਕਾਰ ਨੂੰ ਮਿਲਾਉਣ ਵਾਲੀ ਸੱਚੀ ਜੁਗਤੀ ਤੇ ਸੱਚੀ ਗੁੜ੍ਹਤੀ ਗੁਰਮਤਿ-ਦੀਖਿਆ ਦੇ ਸਰੂਪ ਵਿਚ ਜੇ ਮਿਲਦੀ ਹੈ ਤਾਂ ਗੁਰੂ ਘਰ ਵਿਚੋਂ ਹੀ ਮਿਲਦੀ ਹੈ, ਤੱਤ ਗੁਰਮਤਿ ਧਰਮ ਧਾਰਨ ਕੀਤਿਆਂ ਹੀ ਮਿਲਦੀ ਹੈ। ਹੋਰ ਆਨਮਤੀ ਭੇਖਾਂ ਵਿਚ ਭਟਕਣ ਨਾਲ ਕੱਖ ਭੀ ਪੱਲੇ ਨਹੀਂ ਪੈਂਦਾ। ਸੋ ਹੇ ਭਰਮੀਓ, ਭੇਖੀਓ !

ਗੁਰਮਤਿ ਰੂਪੀ ਸੱਚਾ ਪ੍ਰਮਾਰਥੀ ਮਾਰਗ ਗੁਰੂ ਦੁਆਰੇ, ਸੱਚੇ ਸਤਿਗੁਰੂ ਦੇ ਦੁਆਰੇ ਆ ਕੇ ਗ੍ਰਹਿਣ ਕਰੋ। ਇਸ ਬਿਧਿ, ਕੇਵਲ ਇਸ ਬਿਧਿ ਹੀ ਸੱਚੀ ਦ੍ਰਿੜ੍ਹਤਾ ਸਹਿਤ ਇਹ ਪ੍ਰਮਾਰਥੀ ਸੁਮਾਰਗ, ਗੁਰਮਤਿ ਮਾਰਗ ਗ੍ਰਹਿਣ ਕੀਤਾ ਜਾ ਸਕਦਾ ਹੈ, ਜਿਸ ਤੋਂ ਕਿ ਸੱਚੀ ਕਰਤਾਰ ਸੁਦਰਸ਼ਨੀ ਕਲਿਆਣ ਪ੍ਰਾਪਤੀ ਹੁੰਦੀ ਹੈ।

# ੫੦. ਹਠ ਜੋਗ ਦੇ ਮੁਕਾਬਲੇ ਸਹਜ ਜੋਗ

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

[ਆਸਾ ਮ: ੧, ਪੰਨਾ ੩੫੯-੬੦

ਇਹ ਗੁਰਵਾਕ ਗੁਰਮਤਿ ਰੂਪੀ ਸੱਚਾ ਸਹਜ ਜੋਗ ਗੁਰਸਿਖਾਂ ਪ੍ਰਤੀ ਦ੍ਰਿੜ੍ਹਾਵਣ ਲਈ ਅਤੇ ਹਠ ਯੋਗ ਦਾ ਖੰਡਨ ਕਰਨ ਲਈ ਉਚਾਰਨ ਹੋਇਆ ਹੈ। ਜੋਗੀ ਜਨ ਜੋ ਕੰਨਾਂ ਨੂੰ ਪੜਵਾ ਕੇ ਮੁੰਦਰਾਂ ਪਾਉਂਦੇ ਹਨ, ਉਨ੍ਹਾਂ ਮੁੰਦਰਾਂ ਦੀ ਥਾਉਂ ਸਤਿਗੁਰੂ ਨੇ ਗੁਰਮਤਿ ਦੇ ਆਸ਼ੇ ਅਨੁਸਾਰ ਗੁਰ-ਦੀਖਿਆ ਗੁਰ-ਸ਼ਬਦ ਮੰਤਰ ਰੂਪੀ ਮੁੰਦਰਾਂ ਦਾ ਮਨ ਅੰਦਰ ਪ੍ਰੋਣਾ ਦ੍ਰਿੜ੍ਹਾਇਆ ਹੈ। ਹਠ ਜੋਗੀ ਜਨ ਜੋ ਸਦਾ ਦਿਖਾਵੇ ਮਾਤਰ ਗੋਦੜੀ (ਖਿੰਥਾ) ਪਹਿਰ ਕੇ ਸਾਰੀ ਉਮਰ ਲਈ ਭੇਖਧਾਰੀ ਬਣ ਕੇ ਵਿਚਰਦੇ ਹਨ, ਉਸ ਦੇ ਥਾਉਂ ਗੁਰੂ ਸਾਹਿਬ ਨੇ ਖਿਮਾ ਧਾਰਨ ਲਈ ਸੱਚੀ ਗੁਰਮਤਿ ਗੋਦੜੀ ਹੰਢਾਵਣ ਦਾ ਹੁਕਮ ਦਿਤਾ ਹੈ। ਗੁਰੂ ਘਰ ਦੀ ਸਹਿਜ ਜੋਗ ਬਿਵਸਥਾ ਦੀ ਪਰਖ ਇਹ ਹੈ ਕਿ ਸੱਚੇ ਗੁਰਮੁਖਿ ਜਨ ਵਾਹਿਗੁਰੂ ਦਾ ਭਾਣਾ ਹਰ ਹਾਲਤ ਵਿਚ ਭਲਾ ਕਰਕੇ ਮੰਨਦੇ ਹਨ, ਜੋ ਕੁਛ ਵਾਹਿਗੁਰੂ ਕਰੇ, ਉਸੇ ਵਿਚ ਭਲਾ ਮਨਾਉਣਾ ਸੱਚੀ ਹੁਕਮ-ਰਜ਼ਾ ਉੱਪਰ ਚਲਣਾ ਹੈ। ਗੁਰਮੁਖਿ ਜਨਾਂ ਨੇ ਰੱਬ ਦੇ ਭਾਣੇ ਨੂੰ ਮਿੱਠਾ ਕਰ ਕੇ ਮੰਨਣ ਦੀ ਜੋ ਗੁਰਮਤਿ-ਜੁਗਤ ਗੁਰੂ ਪਾਸੋਂ ਸਿੱਖੀ ਹੈ, ਇਹ ਹੀ ਸਹਿਜ ਜੋਗ ਦੀ ਪ੍ਰਾਪਤੀ ਦਾ ਖ਼ਜ਼ਾਨਾ ਹੈ। ਗੁਰਮਤਿ ਦਾ ਸਹਿਜ ਜੋਗ ਹਠ ਯੋਗ ਦੇ ਮੁਕਾਬਲੇ ਤੇ

ਆਉਂਦਾ ਹੈ। ਨਾਮ, ਸਿਮਰਨ, ਸੇਵਾ, ਸੰਗਤ ਤੇ ਕੀਰਤਨ ਆਦਿ ਦਵਾਰਾ ਗੁਰਮੁਖਾਂ ਦੀ ਸੁਰਤੀ ਬਿਰਤੀ ਸਹਜੇ ਹੀ ਪ੍ਰਮਾਰਥੀ ਗਗਨ-ਮੰਡਲਾਂ ਵਿਚ ਜਾ ਜੁੜਦੀ ਹੈ। ਇਹ ਗੁਰਮਤਿ ਦਾ ਸਹਿਜ ਜੋਗ ਹੈ। ਗੁਰਮੁਖਾਂ ਦਾ ਗੁਰਮਤਿ ਜੁਗਤਿ ਦੁਆਰਾ ਜੀਉੜਾ ਸਦਾ ਹੀ ਵਾਹਿਗੁਰੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ, ਐਸੇ ਗੁਰਮੁਖਿ ਜਨ ਸਦਾ ਹੀ ਜੋਗ ਬ੍ਰਿਤ ਧਾਰੀ ਰਹਿੰਦੇ ਹਨ, ਕਿਉਂਕਿ ਉਨ੍ਹਾਂ ਦਾ ਪਰਮ ਤੱਤ ਵਾਹਿਗੁਰੂ ਵਿਚ ਸਦਾ ਮੇਲ ਮਿਲਿਆ ਰਹਿੰਦਾ ਹੈ। ਹਠ ਯੋਗ ਦੀ ਸਮਾਧੀ ਦਵਾਰਾ ਆਨਮਤ ਯੋਗੀ ਯੋਗ-ਸਾਧਨਾ ਕਰ ਕੇ ਮਹਿਜ਼ ਸਰੀਰਕ ਰਸ ਹੀ ਪ੍ਰਾਪਤ ਕਰਦਾ ਹੈ, ਪਰੰਤੂ ਗੁਰਮਤਿ ਸਹਿਜ ਜੋਗ ਦਾ ਅਭਿਆਸੀ ਜਨ ਅੰਮ੍ਰਿਤ ਨਾਮ ਨਿਰੰਜਨ ਦੀ ਪ੍ਰਾਪਤੀ ਕਰ ਕੇ ਅਤੇ ਨਾਮ ਅਭਿਆਸ ਕਮਾਈਆਂ ਕਰ ਕੇ ਆਤਮ ਗਿਆਨ ਰਸ ਦੇ ਪ੍ਰਮਾਰਥੀ ਭੋਗ ਭੋਗਦਾ ਹੈ।

ਆਨਮਤ ਭੇਖਧਾਰੀ ਜੋਗੀਆਂ ਦੇ ਆਸਨ ਬੈਸਨ ਭੇਖ ਸਭ ਹਠ ਯੋਗ ਦੇ ਹੁੰਦੇ ਹਨ ਅਤੇ ਕਲਪਨਾ ਝਗੜੇ ਵਿਚ ਹੀ ਉਨ੍ਹਾਂ ਦੀ ਬ੍ਰਿਤੀ ਖਚਤ ਰਹਿੰਦੀ ਹੈ। ਪਰੰਤੂ ਗੁਰਮਤਿ ਸਹਿਜ ਜੋਗੀ ਆਤਮ ਮੰਡਲ ਵਿਚ ਸੁਰਤੀ ਬਿਰਤੀ ਜਮਾਉਣ ਰੂਪੀ ਆਸਣ, ਸੱਚੀ ਆਸਣ ਰੂਪੀ ਗੁਰਮਤਿ ਬਿਰਤੀ ਲਗਾ ਕੇ ਬੈਠਦਾ ਹੈ, ਬਾਹਰਲੇ ਬਖੇੜਿਆਂ ਝਗੜਿਆਂ ਵਿਚ ਪੈਂਦਾ ਹੀ ਨਹੀਂ। ਭੇਖਧਾਰੀ ਆਨਮਤ ਜੋਗੀ ਬਾਰਾਂਸਿੰਗੇ ਬਜਾ ਕੇ ਕੂੜ ਦੀਆਂ ਬਾਹਰਮੁਖੀ ਧੁਨੀਆਂ ਉਠਾਉਂਦੇ ਹਨ। ਗੁਰਮਤਿ ਸਹਿਜ ਜੋਗੀ ਗੁਰਮੰਤਰ ਰੂਪੀ ਸ਼ਬਦ ਅਭਿਆਸ ਵਿਖੇ ਬ੍ਰਿਤੀ ਜੋੜ ਕੇ ਸੱਚੀਆਂ ਸ਼ਬਦ-ਧੁਨੀਆਂ ਦਸਮ ਦਵਾਰ ਵਿਖੇ ਪਹੁੰਚ ਕੇ ਸੁਣਦਾ ਹੈ, ਜਿਥੇ ਦਿਨੇ ਰਾਤ ਅਨਹਦ ਨਾਦ ਪੂਰੀਦੇ (ਵਜਦੇ) ਹੀ ਰਹਿੰਦੇ ਹਨ।

ਹਠ ਯੋਗੀ ਆਨਮਤ ਭੇਖ ਜੋਗ ਦਿਖਾਉਣ ਲਈ ਖੱਪਰ, ਚਿੱਪੀ ਹੱਥ ਵਿਚ ਲਈ ਫਿਰਦੇ ਹਨ। ਗੁਰਮੁਖਿ ਜਨਾਂ ਨੇ, ਗੁਰਮਤਿ ਸਹਿਜ ਜੋਗੀਆਂ ਨੇ ਨਾਮ ਅਭਿ-ਆਸ, ਗੁਰਮਤਿ ਬੀਚਾਰ ਰੂਪੀ ਖੱਪਰ ਸਦਾ ਲਈ ਧਾਰਨ ਕੀਤਾ ਹੋਇਆ ਹੈ ਅਤੇ ਜੋਗੀਆਂ ਦੇ ਚਿੰਨ੍ਹ ਡੰਡੇ ਦੀ ਥਾਉਂ ਗੁਰਮਤਿ ਗਿਆਨ ਰੂਪੀ ਡੰਡਾ ਹਰ ਦਮ ਉਬਾਰਿਆ ਹੋਇਆ ਹੈ। ਮਨਮਤੀ ਹਠ ਜੋਗ ਵਾਲੇ ਜੋਗੀ ਜਨ ਜੋ ਬਿਭੂਤੀ (ਸਵਾਹ) ਸਰੀਰ 'ਤੇ ਮਲਦੇ ਹਨ, ਉਸ ਦੇ ਥਾਉਂ ਗੁਰਮਤਿ ਸਹਿਜ ਜੋਗੀ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣ-ਮਈ ਆਤਮ-ਬਿਭੂਤੀ ਦੇ ਸਵਾਹੀ (ਸਵਾਹ ਮਲਣ ਵਾਲੇ) ਹੁੰਦੇ ਹਨ। ਹਠ ਜੋਗੀ ਜਨ (ਆਨਮਤੀ ਜੋਗੀ) ਜੋ ਸਰੀਰ ਤੇ ਸੁਆਹ ਮਲਦੇ ਹਨ ਉਹ ਆਪਣੇ ਸਰੀਰ ਨੂੰ ਸੁਥਰਾ ਰਖਣ ਦੀ ਥਾਉਂ ਸੁਆਹ ਨਾਲ ਲਿਬੜਿਆ ਹੋਇਆ ਰਖਣ ਵਿਚ ਸੰਸਾਰਕ ਸੁਖਾਂ ਤੋਂ ਵੈਰਾਗੀ ਤਿਆਗੀ ਬਣਨ ਦਾ ਦਿਖਾਵਾ ਦਿਖਾਉਂਦੇ ਹਨ, ਇਹ ਸਭ ਪਾਖੰਡ ਰੂਪ ਹਠ-ਜੋਗ ਹੈ। ਸੋ ਗੁਰਮੁਖਿ ਜਨ ਨਾਮ ਅਭਿਆਸ ਦੀ ਬਰਕਤ ਨਾਲ ਵਾਹਿਗੁਰੂ ਦੇ ਸਰੂਪ ਵਿਖੇ ਸੁਰਤੀ ਬਿਰਤੀ ਨੂੰ, ਧਿਆਨ ਨੂੰ

ਜੋੜੀ ਰਖਣ ਮਈ ਸੱਚੀ ਬਿਭੂਤੀ ਲਾਈ ਰਖਦੇ ਹਨ, ਯਥਾ ਗੁਰਵਾਕ—"ਧਿਆਨ ਕੀ ਕਰਹਿ ਬਿਭੂਤਿ ॥"* ਹਠ ਜੋਗੀਆਂ ਦੀ ਉਲਟੀ ਰਹੁ-ਰੀਤ ਦੇ ਥਾਉਂ ਗੁਰਮੁਖਿ ਜਨਾਂ ਦੀ ਹਰਿ ਕੀਰਤਿ, ਹਰਿ-ਜਸ ਰੂਪੀ ਰਹਿਰਾਸ ਹੀ ਸੱਚੀ ਰਹੁ-ਰੀਤੀ ਹੈ। ਇਸ ਸੱਚੀ ਰਹਿਰਾਸ ਦਵਾਰਾ ਗੁਰਮੁਖਿ ਜੋਗੀ ਜਨਾਂ ਦਾ ਸਹਿਜ ਵੈਰਾਗ, ਬਿਰਤੀ ਵਿਚ ਅਸਥਿਰ ਰਹਿੰਦਾ ਹੈ, ਝੂਠੇ ਪਦਾਰਥਾਂ ਵਿਚ ਲਗਦਾ ਹੀ ਨਹੀਂ, **ਗ੍ਰਿਹਸਤ** ਵਿਚ ਰਹਿੰਦੇ ਹੋਏ ਹੀ ਗੁਰਮਤਿ ਪੰਥ ਧਾਰਨੀ ਹਰ ਦਮ ਅਤੀਤ ਜੋਗੀ ਬਣੇ ਰਹਿੰਦੇ ਹਨ ("ਗੁਰਮੁਖਿ ਪੰਥ ਅਤੀਤੰ")।

ਵਾਹਿਗੁਰੂ ਪਰਮਾਤਮਾ ਦੀ ਸੱਚੇ ਅਤੇ ਸਨਮੁਖ ਪ੍ਰਕਾਸ਼ਤ ਜੋਤਿ ਵਿਚ ਸਦਾ ਲਿਵਲੀਨ ਰਹਿਣਾ ਤੇ ਇਸੇ ਵਿਚ ਹੀ ਬ੍ਰਿਤੀ ਨੂੰ ਟਿਕਾਈ ਰਖਣਾ ਇਹੀ ਗੁਰਮੁਖਿ ਸਹਿਜ ਜੋਗੀਆਂ ਦੀ ਸੱਚੀ ਟਿਕਟਿਕੀ ਹੈ। ਹਠ ਜੋਗੀ ਟਿਕਟਿਕੀ ਬੈਰਾਗਨ ਵਰਤ ਕੇ, ਉਸ ਉਪਰ ਸਹਾਰਾ ਦੇ ਕੇ ਆਪਣੀਆਂ ਬਾਹਾਂ ਜੋ ਪਸਾਰਦੇ ਹਨ, ਇਹ ਸਭ ਲੋਕ-ਦਿਖਾਵੇ ਲਈ ਸੰਮਿਆ (ਬੈਰਾਗਨ) ਦਾ ਵਰਤਣਾ ਨਿਰੀ ਉਨ੍ਹਾਂ ਦੀ ਫੋਕਟ ਹੀ ਕ੍ਰਿਆ ਹੁੰਦੀ ਹੈ, ਕਿਉਂਕਿ ਉਹ ਗੁਰਮਤਿ ਨਾਮ ਅਭਿਆਸ ਦੇ ਨ ਜਾਣੂ ਹੋਣ ਕਰਕੇ ਸਵਾਸ, ਸੁਰਤ ਤੇ ਬਿਰਤੀ ਨੂੰ ਜੋੜਨਾ ਤਾਂ ਜਾਣਦੇ ਹੀ ਨਹੀਂ, ਐਵੇਂ ਘੁੱਗੂ ਮੱਟ-ਵਾਸੀ ਹੋ ਕੇ ਟਿਕਟਿਕੀ (ਬੈਰਾਗਨ) ਉਤੇ ਬਾਹਾਂ ਮੋਢੇ ਪਸਾਰੀ ਰਖਦੇ ਹਨ। ਗੁਰਮਤਿ ਅਭਿਆਸੀ ਜਨ ਸਰੀਰਕ ਨਿਰਬਲਤਾ ਅਤੇ ਬ੍ਰਿਧਤਾ ਬਿਆਪਣ ਕਰਕੇ ਉਕਤ ਨਿਰਬਲ ਅਤੇ ਬ੍ਰਿਧ ਸਰੀਰ ਨੂੰ ਸਹਾਰਾ ਦੇਣ ਲਈ ਅਤੇ ਸਾਰੀ ਸਰੀਰੀ ਕ੍ਰਾਂਤੀ ਸਾਵਧਾਨਤਾ ਵਿਚ ਰਖਣ ਲਈ ਬੈਰਾਗਨ ਚਾਹੇ ਵਰਤ ਲੈਣ, ਪਰੰਤੂ ਸੱਚੀ ਟੇਕ, ਆਤਮ ਬ੍ਰਿਧਤਨੀ ਟੇਕ ਤਿਨ੍ਹਾਂ ਦੀ ਗੁਰਮਤਿ ਜੁਗਤਿ ਜੋਗ, ਨਾਮ ਅਭਿਆਸ ਦੀ ਸਵਾਸ ਸਵਾਸ ਕਮਾਈ ਉਪਰ ਹੀ ਹੁੰਦੀ ਹੈ। ਇਸ ਬਿਧਿ ਜੋਤੀਸ਼ ਵਾਹਿਗੁਰੂ ਦੀ ਅੰਤਰ ਬਾਹਰ ਪ੍ਰਵੇਸ਼ ਹੋਈ ਸਗਲੀ ਜੋਤਿ ਹੀ ਤਿਨ੍ਹਾਂ ਦੀ ਸੰਮਿਆ (ਬੈਰਾਗਨ) ਹੀ ਬਣੀ ਰਹਿੰਦੀ ਹੈ। ਨਾਨਾ ਪ੍ਰਕਾਰ ਦੇ ਆਤਮ ਰੰਗਾਂ ਵਿਚ ਲੀਨ ਰਹਿਣਾ, ਅਨਿਕ ਤਰੰਗੀ ਨਾਮ ਜਪਣਾ, ਗੁਰਮਤਿ ਸਹਿਜ ਜੋਗੀਆਂ ਦਾ ਸੱਚਾ ਵਰਨ ਆਸ਼੍ਰਮ ਹੈ। ਗੁਰੂ ਨਾਨਕ ਸਾਹਿਬ ਭਰਥਰਿ ਨਾਮੇ ਜੋਗੀ ਨੂੰ ਸੁਣਾ ਕੇ ਏਸ ਉਪਦੇਸ਼ ਦਵਾਰਾ ਇਹੀ ਗੱਲ ਦ੍ਰਿੜ੍ਹਾਉਂਦੇ ਹਨ ਕਿ ਇਕੋ ਅਕਾਲ ਪੁਰਖ ਵਾਹਿਗੁਰੂ ਵਿਚ ਹੀ ਹਰ ਦਮ ਬਿਰਤੀ ਜੋੜੀ ਰਖਣੀ ਚਾਹੀਦੀ ਹੈ।

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥
ਲਾਲ ਬਹੁ ਗੁਣਿ ਕਾਮਣਿ ਮੋਹੀ ॥
ਤੇਰੇ ਗੁਣ ਹੋਹਿ ਨ ਅਵਰੀ ॥੧॥ਰਹਾਉ॥

* ਜਪੁਜੀ ਸਾਹਿਬ, ਅੰਕ ੨੮

ਹਰਿ ਹਰਿ ਹਾਰੁ ਕੰਠਿ ਲੇ ਪਹਿਰੈ ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ ਇਨ ਬਿਧਿ ਚਿਤੁ ਧਰੇਈ ॥੨॥
ਮਧੁਸੂਦਨੁ ਕਰ ਮੁੰਦਰੀ ਪਹਿਰੈ ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ ਸ੍ਰੀ ਰੰਗੁ ਸੁਰਮਾ ਦੇਈ ॥੩॥
ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥
ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥੪॥੧॥੩੫॥

[ਆਸਾ ਘਰੁ ੬ ਮ: ੧, ਪੰਨਾ ੩੫੯

ਇਸ ਗੁਰਵਾਕ ਦੁਆਰਾ ਸਭ ਆਨਮਤੀ ਸ਼ਿੰਗਾਰਾਂ ਨੂੰ ਖੰਡਨ ਕੀਤਾ ਗਿਆ ਹੈ ਤੇ ਕੇਵਲ ਇਕੋ ਸੱਚਾ ਸ਼ਿੰਗਾਰ ਗੁਰਮਤਿ ਨਾਮ ਦਾ ਪਹਿਨਣਾ ਹੀ ਦ੍ਰਿੜ੍ਹਾਇਆ ਗਿਆ ਹੈ। ਸਵਾਸਾਂ ਰੂਪੀ ਡੋਰੀ ਨਾਲ ਮਨ ਰੂਪੀ ਮੋਤੀ ਨੂੰ ਪ੍ਰੋ ਕੇ ਦ੍ਰਿੜ੍ਹਾਇਆ ਗਿਆ ਹੈ। ਗੁਰਮਤਿ ਜਗਿਆਸਾ ਰੂਪੀ ਸੱਚੀ ਇਸਤ੍ਰੀ ਉਹ ਹੈ ਜੋ ਖਿਮਾ ਰੂਪੀ ਸ਼ਿੰਗਾਰ ਪਹਿਰਦੀ ਹੈ ਅਤੇ ਇਸ ਬਿਧਿ ਸੱਚੇ ਲਾਲ ਵਾਹਿਗੁਰੂ ਪਰਮਾਤਮਾ ਨੂੰ ਰਾਵ ਰਾਵ ਕੇ ਉਸ ਦੀ ਪਿਆਰੀ ਬਣਦੀ ਹੈ। ਹੇ ਲਾਲ ਵਾਹਿਗੁਰੂ! ਜੋ ਗੁਣ ਤੇਰੇ ਵਿਚ ਹਨ, ਹੋਰਨਾਂ ਵਿਚ ਕਦਾਚਿਤ ਨਹੀਂ ਹੋ ਸਕਦੇ। ਰਾਵਣ ਜੋਗ ਲਾਲ ਪਿਆਰਾ ਬਹੁਤੇ ਗੁਣਾਂ ਵਾਲਾ ਕੇਵਲ ਵਾਹਿਗੁਰੂ ਪਤੀ ਪਰਮਾਤਮਾ ਹੀ ਹੈ। ਸੱਚੀ ਕਾਮਣ ਜਗਿਆਸਾ ਇਸਤ੍ਰੀ ਪ੍ਰਮਾਰਥ ਦੀ ਉਹ ਹੀ ਹੈ ਜੋ ਪਰਮਾਤਮਾ ਦੇ ਇਨ੍ਹਾਂ ਗੁਣਾਂ ਨਾਲ ਮੋਹੀ ਜਾਂਦੀ ਹੈ। ਚਾਹੇ ਕਿਤਨੀ ਹੀ ਵਡਮੁੱਲੀ ਕੀਮਤ ਵਾਲਾ ਹਾਰ ਹੋਵੇ (ਸੋਨੇ ਮੋਤੀਆਂ ਦਾ), ਉਸ ਨੂੰ ਪਹਿਰ ਕੇ ਭੀ ਕਾਮਣ ਇਸਤ੍ਰੀ ਦੁਹਾਗਣ ਹੀ ਰਹਿੰਦੀ ਹੈ, ਸੱਚੀ ਸੋਹਾਗਣ ਨਹੀਂ ਬਣ ਸਕਦੀ। ਗੁਰੂ ਸਾਹਿਬ ਨੇ ਗੁਰਮਤਿ ਨਾਮ ਅਭਿਆਸ ਰੂਪੀ ਸੱਚਾ ਹਾਰ ਕੰਠ ਵਿਖੇ ਪਹਿਰਣ ਲਈ, ਅਤੇ ਪਹਿਰ ਕੇ ਸਦਾ ਹੀ ਸਵਾਸ ਸਵਾਸ ਉਚਾਰਨ ਲਈ ਪ੍ਰੇਰ੍ਹਤਾ ਕੀਤੀ ਹੈ।

## ਬਾਵਨ ਅਖਰੀ ਦੀ ਸਾਖੀ

ਇਸ ਪ੍ਰਥਾਇ ਇਕ ਬੜੀ ਸੁੰਦਰ ਸਾਖੀ ਆਉਂਦੀ ਹੈ, ਜਿਸ ਦਾ ਏਥੇ ਦਰਜ ਕਰਨਾ ਅਤੀਯੰਤ ਜ਼ਰੂਰੀ ਹੈ। ਉਹ ਇਹ ਹੈ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਗੁਰੂ ਸਾਹਿਬ ਜੀ ਅੰਤਰਜਾਮੀ ਨੇ ਇਕ ਵਾਰ ਮਾਤਾ ਗੰਗਾ ਜੀ ਨੂੰ (ਜੋ ਉਨ੍ਹਾਂ ਦੇ ਮਹਿਲ ਸਨ) ਸੁਤੇ ਸੁਭਾਵ ਹੀ ਐਉਂ ਪ੍ਰੇਰਨਾ ਕੀਤੀ ਕਿ ਤੁਹਾਡੇ ਪਾਸ ਮੁਲਾਕਾਤ ਲਈ ਸ਼ਹਿਰ ਦੀਆਂ ਖਤਰਾਣੀਆਂ, ਮਹਾਜਨਾਂ ਦੀਆਂ ਇਸਤ੍ਰੀਆਂ ਆਉਂਦੀਆਂ ਹਨ, ਉਹ ਦੁਨੀਆ ਕਰਕੇ ਕਿਤਨੀਆਂ ਹੀ ਵਡੀਆਂ ਹੋਵਣ, ਓੜਕ ਅਨਮਤਣਾਂ ਹੀ ਹਨ, ਤੁਸੀਂ ਖ਼ਬਰਦਾਰ ਰਹਿਣਾ, ਕਦੇ ਭੀ ਉਹਨਾਂ ਦੀ ਆਨਮਤ ਭਰੀ ਉਪਦੇਸ਼ ਪ੍ਰੇਰਨਾ ਦੇ ਅਧੀਨ ਨਹੀਂ ਹੋਣਾ। ਐਉਂ ਸੁਤੇ ਸੁਭਾਉ ਬਚਨ ਕਰ ਕੇ ਗੁਰੂ ਸਾਹਿਬ

ਗੁਰ ਦਰਬਾਰ ਵਿਖੇ ਜਾ ਬਿਰਾਜਮਾਨ ਹੋਏ। ਉਸ ਦਿਨ ਐਸੀ ਘਟਨਾ ਹੋਈ ਕਿ ਕਿਸੇ ਭਾਰੀ ਗਿਰੰਬਾਰੀ ਮਾਇਆਧਾਰੀ ਸੇਠ ਨੇ ਨੌਲੱਖਾ ਹਾਰ ਗੁਰੂ ਸਾਹਿਬ ਜੀ ਦੀ ਆਣ ਭੇਟਾ ਕੀਤਾ। ਤਿਸ ਨੌਲੱਖੇ ਹਾਰ ਦੇ ਗੁਰੂ ਸਾਹਿਬ ਜੀ ਦੇ ਅਗੇ ਭੇਟਾ ਕਰਨ ਦੀ ਚਰਚਾ ਸਾਰੇ ਸ਼ਹਿਰ ਵਿਚ ਹੋ ਗਈ। ਸ਼ਹਿਰ ਦੀਆਂ ਬੜੀਆਂ ਬੜੀਆਂ ਮਹਾਜਨ ਇਸਤ੍ਰੀਆਂ ਇਸ ਹਾਰ ਨੂੰ ਵੇਖਣ ਗਈਆਂ ਤੇ ਅੱਖੀਂ ਵੇਖ ਕੇ ਅਸ਼ ਅਸ਼ ਕਰਦੀਆਂ ਹੀ ਰਹਿ ਗਈਆਂ। ਫੇਰ ਸਾਰੀਆਂ ਇਕੱਠੀਆਂ ਹੋ ਕੇ ਮਾਤਾ ਗੰਗਾ ਜੀ ਦੇ ਪਾਸ ਗਈਆਂ ਤੇ ਐਉਂ ਬੇਨਤੀਆਂ ਕਰਨ ਲਗੀਆਂ ਕਿ ਤੁਸੀਂ ਸਾਰੇ ਜਗ ਦੀ ਪੂਜ-ਮਾਤਾ ਹੋ, ਤੁਸੀਂ ਕੋਈ ਭੀ ਗਹਿਣਾ ਨਹੀਂ ਪਹਿਨਿਆ ਹੋਇਆ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਮਹਿਲ ਵਿਚ ਹੁੰਦੇ ਹੋਏ ਤੁਸੀਂ ਗਹਿਣੇ ਵਿਹੂਣ ਅਛੇ ਨਹੀਂ ਲਗਦੇ। ਅਜ ਗੁਰੂ ਸਾਹਿਬ ਜੀ ਦੀ ਭੇਟਾ ਗੁਰ ਦਰਬਾਰ ਵਿਖੇ ਇਕ ਨੌਲੱਖਾ ਹਾਰ ਕਿਸੇ ਪ੍ਰੇਮੀ ਨੇ ਭੇਟ ਕੀਤਾ ਹੈ, ਉਸ ਨੌਲੱਖੇ ਹਾਰ ਦੀ ਸ਼ਾਨ ਇਹ ਹੀ ਦਸਦੀ ਹੈ ਕਿ ਉਹ ਹਾਰ ਆਪ ਦੇ ਗਲੇ ਵਿਖੇ ਹੀ ਸਜਾਇਆ ਜਾਏ, ਤਦੇ ਹੀ ਸੋਭਦਾ ਹੈ। ਤੁਸੀਂ ਅਜ ਗੁਰੂ ਸਾਹਿਬ ਜੀ ਨੂੰ ਪ੍ਰੇਰਨਾ ਕਰਕੇ ਉਕਤ ਹਾਰ ਨੂੰ ਆਪਣੇ ਪਹਿਰਨ ਲਈ ਹੀ ਮੰਗੋ। ਗੱਲ ਕੀ, ਅਜਿਹੀਆਂ ਚਿਕਨੀਆਂ ਚੋਪੜੀਆਂ ਗੱਲਾਂ ਕਰ ਕੇ ਸ੍ਰੀ ਮਾਤਾ ਜੀ ਨੂੰ ਉਸ ਹਾਰ ਦੇ ਪਹਿਰਨ ਲਈ ਤਿਆਰ ਕਰ ਲਿਆ। ਗੁਰੂ ਪੰਚਮ ਪਾਤਸ਼ਾਹ ਜੀ ਦੇ ਗੁਰ ਦਰਬਾਰ ਤੋਂ ਆਉਣ ਤੋਂ ਪਹਿਲਾਂ ਹੀ ਮਾਤਾ ਜੀ ਖਣਪੱਟੀ ਲੈ ਕੇ ਰੁਸ ਕੇ ਪਲੰਘ ਤੇ ਬਿਰਾਜਮਾਨ ਹੋ ਗਏ। ਅੰਤਰਜਾਮੀ ਗੁਰੂ ਸਾਹਿਬ ਨੂੰ ਇਸ ਘਟਨਾ ਦਾ ਪਹਿਲੇ ਹੀ ਪਤਾ ਸੀ, ਉਨ੍ਹਾਂ ਨੇ ਮਾਤਾ ਗੰਗਾ ਜੀ ਨੂੰ ਕਿਹਾ ਕਿ ਤੁਹਾਨੂੰ ਅਜ ਕਿਸੇ ਇਸਤ੍ਰੀ-ਟੋਲੇ ਦੀ ਆਨਮਤ ਉਪਦੇਸ਼ ਦੀ ਪਾਣ ਚੜ੍ਹ ਗਈ ਹੈ, ਇਸ ਤੋਂ ਬਚਣ ਲਈ ਤੁਸਾਂ ਨੂੰ ਵਰਜਿਆ ਗਿਆ ਸੀ। ਸ੍ਰੀ ਮਾਤਾ ਜੀ ਸਾਵਧਾਨ ਹੋ ਕੇ ਦੋਏ ਕਰ ਜੋੜ ਗਲ ਵਿਚ ਪਲਾ ਪਾ ਕੇ ਗੁਰੂ ਸਾਹਿਬ ਅਗੇ ਐਉਂ ਅਰਜ਼ੋਈ ਕਰਨ ਲਗੇ, 'ਹੇ ਗੁਰੂ ਸਚੇ ਪਾਤਸ਼ਾਹ! ਅਜ ਤਾਈਂ ਇਸ ਦਾਸਰੀ ਨੇ ਆਪ ਪਾਸੋਂ ਕੋਈ ਮੰਗ ਨਹੀਂ ਕੀਤੀ, ਪਹਿਲੀ ਮੰਗ ਕਰਨ ਲਗੀ ਹਾਂ, ਆਸ ਹੈ ਕਿ ਉਹ ਤੁਸੀਂ ਉਦਾਰਤਾ ਸਹਿਤ ਕਬੂਲ ਕਰੋਗੇ।' ਸ੍ਰੀ ਗੁਰੂ ਸੱਚੇ ਪਾਤਸ਼ਾਹ ਹੱਸ ਵਿਗੱਸ ਕੇ (ਮੁਸਕਰਾ ਕੇ) ਸ੍ਰੀ ਮਾਤਾ ਜੀ ਪਾਸੋਂ ਪੁਛਣ ਲਗੇ, ਦਸੋ ਸਹੀ ਕਿ ਤੁਹਾਡੀ ਮੰਗ ਕੀ ਹੈ। ਮਾਤਾ ਜੀ ਨੇ ਤੁਰਤ ਹੀ ਉਹ ਮੰਗ ਐਉਂ ਪ੍ਰਗਟ ਕੀਤੀ ਕਿ ਅਜ ਜੋ ਨੌਲੱਖਾ ਹਾਰ ਤੁਹਾਡੇ ਦਰਬਾਰ ਵਿਖੇ ਤੁਸਾਂ ਨੂੰ ਭੇਟਾ ਹੋਇਆ ਹੈ, ਉਹ ਮੈਨੂੰ ਗਲ ਵਿਚ ਪਹਿਨਣ ਲਈ ਬਖ਼ਸ਼ ਦਿਓ। ਸ੍ਰੀ ਗੁਰੂ ਸਾਹਿਬ ਇਹ ਸੁਣ ਕੇ ਬੜੇ ਹੀ ਹੱਸੇ ਅਤੇ ਫ਼ੁਰਮਾਉਣ ਲਗੇ ਕਿ ਅਜ ਜ਼ਰੂਰ ਹੀ ਆਨਮਤੀ ਮੁਲਾਕਾਤਣਾਂ ਦਾ ਅਸਰ ਤੁਸਾਂ ਉਤੇ ਹੋ ਗਿਆ ਹੈ। ਭੋਲੀਏ, ਚਾਹੇ ਕ੍ਰੋੜਾਂ, ਅਰਬਾਂ ਦੀ ਕੀਮਤ ਦਾ ਹਾਰ ਹੋਵੇ ਉਹ ਕੂੜਾ ਵਿਵਹਾਰ ਹੀ ਹੈ, ਅਸੀਂ ਅਜ ਤੁਹਾਡੇ ਲਈ ਉਹ

ਹਾਰ ਤਿਆਰ ਕਰਨ ਲਗੇ ਹਾਂ ਜਿਸ ਨੂੰ ਉਰ ਅੰਦਰ ਧਾਰ ਕੇ ਤੁਹਾਡਾ ਲੋਕ ਪ੍ਰਲੋਕ ਹਲਤ ਪਲਤ ਸਭ ਹੀ ਸੁਧਰ ਜਾਏਗਾ।

ਇਸ ਪ੍ਰਥਾਇ ਗੁਰੂ ਪੰਚਮ ਪਾਤਸ਼ਾਹ ਜੀ ਮਹਾਰਾਜ ਸ੍ਰੀ ਬਾਵਨ ਅਖਰੀ ਦੀ ਬਾਣੀ ਉਚਾਰਨ ਲੱਗੇ ਅਤੇ ਐਸੀ ਅੱਖਰ ਬਣਤਰ ਕਲਾ ਵਰਤਾਈ ਕਿ ਜਿਉਂ ਜਿਉਂ ਸ੍ਰੀ ਬਾਵਨ ਅਖਰੀ ਬਾਣੀ ਉਚਾਰਨ ਕੀਤੀ ਜਾਵੇ ਤਿਉਂ ਤਿਉਂ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਆਪਣੇ ਅੰਤਰ-ਆਤਮੇ ਇਸ ਬਾਣੀ ਦੇ ਤੱਤ ਭਾਵ ਨੂੰ ਅੰਤਰ ਹਿਰਦੇ ਵਿਖੇ ਉਤਾਰੀ ਜਾਣ। ਐਸੀ ਅਚਰਜ ਖੇਡ ਵਰਤੀ ਕਿ ਸਮੱਗਰ ਬਾਣੀ ਸ੍ਰੀ ਬਾਵਨ ਅਖਰੀ ਜੀ ਦੀ ਸ੍ਰੀ ਗੁਰੂ ਸਾਹਿਬ ਜੀ ਦੇ ਮੁਖੋਂ ਉਚਾਰਨ ਹੋ ਗਈ ਤੇ ਨਾਲੋ ਨਾਲ ਹੀ ਸ੍ਰੀ ਮਾਤਾ ਜੀ ਦੇ ਕੰਠਹਾਰ ਹੋ ਕੇ ਧਾਰਨ ਹੋ ਗਈ। ਸ੍ਰੀ ਮਾਤਾਂ ਜੀ ਦਾ ਹਿਰਦਾ-ਕਮਲ ਅੰਤਰਗਤੀ ਐਸਾ ਜਗਮਗਾ ਉਠਿਆ ਕਿ ਜੜਾਊ ਗਹਿਣੇ ਵਾਲੇ ਨੌਲੱਖੇ ਹਾਰ ਦੇ ਪਹਿਰਨ ਦੀ ਅਕਾਂਖਿਆ ਸਾਰੀ ਹੀ ਬਿਬਰਜਤ ਹੋ ਗਈ। ਐਉਂ ਸੱਚਾ ਹਾਰ ਗੁਰਮਤਿ ਨਾਮ ਪ੍ਰੀਤੀ ਗਹਿਣੇ ਦਾ ਉਰ ਧਾਰ ਕੇ ਸ੍ਰੀ ਮਾਤਾ ਜੀ ਨੂੰ ਕੂੜਾਵੇ ਨੌਲੱਖੇ ਹਾਰ ਦਾ ਪਹਿਰਨਾ ਉੱਕਾ ਹੀ ਵਿਸਰ ਗਿਆ ਅਤੇ ਨਿਰਾ ਹੀ ਕੂੜਾਵਾ ਪ੍ਰਤੀਤ ਹੋਇਆ।

ਸੋਈ ਭਾਵ ਇਸ ਉਪਰਲੇ ਗੁਰਵਾਕ ਅੰਦਰ—"ਹਰਿ ਹਰਿ ਹਾਰੁ ਕੰਠਿ ਲੇ ਪਹਿਰੈ" ਗੁਰ-ਪੰਗਤੀ ਤੋਂ ਹੈ। ਅਨਮੱਤਣਾਂ ਦੇ ਦੰਦਾਸੇ ਦੇ ਥਾਉਂ ਵਾਹਿਗੁਰੂ (ਦਾਮੋਦਰ) ਦੇ ਸੱਚੇ ਨਾਮ, ਗੁਰਮਤਿ ਨਾਮ ਵਾਹਿਗੁਰੂ ਨੂੰ ਮੁਖ ਦੰਤਾਂ ਅੰਦਰ ਧਾਰਨਾ ਹੈ, ਇਹ ਹੀ ਸੱਚੀ ਗੁਰਮਤਿ ਹੈ। ਹੋਰ ਆਨਮਤੀ ਕੰਗਣਾਂ ਨੂੰ ਤਿਆਗ ਕੇ ਵਾਹਿਗੁਰੂ ਕਰਤੇ ਪੁਰਖ ਦੀ, ਉਸ ਦੇ ਸੱਚੇ ਨਾਮ ਦੀ ਮਾਲਾ ਹੀ ਹਸਤ ਕਮਲਾਂ ਅੰਦਰ ਧਾਰਨੀ ਹੈ, ਅਤੇ ਇਸ ਬਿਧਿ ਚਿਤ ਟਿਕਾਵਣਾ ਹੈ, ਸੱਚੀ ਧਾਰਨਾ ਵਿਖੇ ਧਾਰੀ ਰਖਣਾ ਹੈ। ਵਾਹਿਗੁਰੂ (ਮਧੁਸੂਦਨ) ਦੇ ਨਾਮ ਦੀ ਸੁੱਚੀ ਮੁੰਦਰੀ ਪਹਿਰ ਕੇ, ਹੋਛੀਆਂ ਮੁੰਦਰੀਆਂ ਛਾਪਾਂ ਦਾ ਉੱਕਾ ਹੀ ਪ੍ਰੀਤਿਆਗ ਕਰਨਾ ਹੈ, ਅਤੇ ਸਾਰੇ ਪਾਟ-ਪਟੰਬਰੀ ਰੇਸ਼ਮਾਂ ਦੇ ਬਸਤਰ ਤਿਆਗ ਕੇ ਕੇਵਲ ਵਾਹਿਗੁਰੂ (ਪਰਮੇਸ਼ਰ) ਦੇ ਨਾਮ ਦੇ ਸੱਚੇ ਸੁੱਚੇ ਸਾਦਗੀ ਵਾਲੇ ਬਸਤਰ ਨੂੰ ਹੀ ਹਰ ਦਮ ਪਹਿਨੀ ਰਖਣਾ ਹੈ। ਉਸ ਸੱਚੀ ਗੁਰਮਤਿ ਪ੍ਰਮਾਰਥ ਦੀ ਸੱਚੀ ਇਸਤ੍ਰੀ ਲਈ ਕੂੜਾਵੀਆਂ ਕੰਘੀਆਂ ਪੱਟੀਆਂ ਵਾਲੀਆਂ ਅਨਮੱਤਣਾਂ ਦੀਆਂ ਮਾਂਗਾਂ ਸਵਾਰਨੀਆਂ ਗੁਰਮਤਿ ਅੰਦਰ ਉੱਕੀਆਂ ਹੀ ਬਿਵਰਜਤ ਹਨ। ਇਸ ਮਾਂਗ ਪੱਟੀ ਰੂਪੀ ਧੜੀ ਦੇ ਥਾਉਂ, ਵਾਹਿਗੁਰੂ ਨਾਮ ਰੂਪੀ ਨਾਮ ਧਾਰਨੀ ਧੀਰਜ (ਧਾਰੀ ਰਖਣੀ) ਹੈ, ਅਤੇ ਅੱਖੀਆਂ ਵਿਖੇ ਸੁਰਮੇ ਪਾਉਣ ਦੇ ਥਾਉਂ ਨਾਮ ਰੂਪੀ ਸੱਚਾ ਸੁਰਮਾ ਪਾਈ ਰਖਣਾ ਹੈ ਅਤੇ ਇਸ ਬਿਧਿ ਵਾਹਿਗੁਰੂ ਨਾਮ ਦੀਆਂ ਭਉ ਭਾਉ ਸਰਧਾ ਰੂਪੀ ਸੁਰਮੇ ਦੀਆਂ ਸਲਾਈਆਂ ਅੱਖੀਆਂ ਅੰਦਰ ਦੇਈ (ਪਾਈ) ਰਖਣੀਆਂ ਹਨ, ਸੋਈ ਭਾਵ—"ਭੈ ਕੀਆ ਦੇਹਿ ਸਲਾਈਆ

ਨੈਣੀ ਭਾਵ ਕਾ ਕਰਿ ਸੀਗਾਰੋ* ਰੂਪੀ ਗੁਰ ਪੰਗਤੀ ਦਾ ਹੈ। ਇਸ ਬਿਧਿ ਸੱਚਾ ਪ੍ਰਮਾਰਥੀ ਸ਼ਿੰਗਾਰ ਕਰ ਕੇ ਮਨ ਰੂਪੀ ਮੰਦਰ ਵਿਖੇ, ਜੋਤਿ ਵਿਗਾਸੀ (ਗੁਰਮਤਿ ਨਾਮ ਰੂਪੀ) ਦੀਪਕ (ਦੀਵੇ) ਨੂੰ ਪਰਜੁਲਤ ਕਰਨਾ ਹੈ ਅਤੇ ਸਾਰੀ ਕਾਇਆਂ ਰੂਪੀ ਸੇਜੜੀ ਨੂੰ ਜਗਮਗਾਉਣਾ ਹੈ। ਇਸ ਜੋਤਿ ਜਗਮਗਾਹਟ ਦਵਾਰਾ ਜੋਤੀਸ਼ਰ ਵਾਹਿ-ਗੁਰੂ ਹਿਰਦੇ ਵਿਖੇ ਜਦੋਂ ਆਇ ਉਤਰਦਾ ਹੈ, ਉਦੋਂ ਹੀ ਸੱਚਾ ਆਤਮ-ਭੋਗ, ਪ੍ਰਮਾਤਮ-ਵਿਗਾਸੀ-ਭੋਗ ਰਚਾਇਆ ਜਾਂਦਾ ਹੈ। ਇਸ ਸਾਰੇ ਵਾਕ ਦੇ ਭਾਵ ਤੋਂ ਸਿਧ ਹੋਇਆ ਕਿ ਆਨਮਤੀਆਂ ਵਾਲੇ ਕੂੜੇ ਸ਼ਿੰਗਾਰ ਸਾਰੇ ਹੀ ਤਿਆਗ ਦੇਣੇ ਗੁਰਮਤਿ ਜਗਿਆਸੂ ਲਈ ਲਾਜ਼ਮੀ ਹਨ।

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ ॥
ਜੋ ਕਿਛੁ ਕਰੈ ਭਲਾ ਕਰਿ ਮਾਨਉ ਸਹਜ ਜੋਗ ਨਿਧਿ ਪਾਵਉ ॥੧॥
ਬਾਬਾ ਜੁਗਤਾ ਜੀਉ ਜੁਗਹ ਜੁਗ ਜੋਗੀ ਪਰਮ ਤੰਤ ਮਹਿ ਜੋਗੰ ॥
ਅੰਮ੍ਰਿਤੁ ਨਾਮੁ ਨਿਰੰਜਨ ਪਾਇਆ ਗਿਆਨ ਕਾਇਆ ਰਸ ਭੋਗੰ ॥੧॥ਰਹਾਉ॥
ਸਿਵ ਨਗਰੀ ਮਹਿ ਆਸਣਿ ਬੈਸਉ ਕਲਪ ਤਿਆਗੀ ਬਾਦੰ ॥
ਸਿੰਙੀ ਸਬਦੁ ਸਦਾ ਧੁਨਿ ਸੋਹੈ ਅਹਿਨਿਸਿ ਪੂਰੈ ਨਾਦੰ ॥੨॥
ਪਤੁ ਵੀਚਾਰੁ ਗਿਆਨ ਮਤਿ ਡੰਡਾ ਵਰਤਮਾਨ ਬਿਭੂਤੰ ॥
ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ ॥੩॥
ਸਗਲੀ ਜੋਤਿ ਹਮਾਰੀ ਸੰਮਿਆ ਨਾਨਾ ਵਰਨ ਅਨੇਕੰ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥੪॥੩॥੩੭॥

[ਆਸਾ ਮ: ੧, ਪੰਨਾ ੬੫੯-੬੦

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਸਮੁੱਚੇ ਜੋਗ ਸੰਨਿਆਸ ਰੂਪੀ ਆਨਮਤ ਭੇਖਾਂ ਨੂੰ ਖੰਡਨ ਕਰਿ ਦਿਖਲਾਇਆ ਹੈ ਅਤੇ ਸੱਚੇ ਜੋਗ ਸੰਨਿਆਸ ਦਾ ਸੱਚਾ ਗੁਰਮਤਿ ਮਾਰਗ ਦਰਸਾਇਆ ਹੈ। ਕੂੜਾਵੇ ਆਨਮਤ ਜੋਗੀ, ਜੋ ਕੰਨ ਪਾੜ ਕੇ ਮੁੰਦਰਾਂ ਪਹਿਨਦੇ ਹਨ, ਉਹਨਾਂ ਪਾਖੰਡ ਰੂਪੀ ਮੁੰਦਰਾਂ ਦਾ ਖੰਡਨ ਕਰ ਕੇ ਗੁਰੂ ਸਾਹਿਬ ਨੇ ਗੁਰ-ਸ਼ਬਦ ਰੂਪੀ ਸੱਚੀਆਂ ਮੁੰਦਰਾਂ ਮਨ ਵਿਖੇ ਧਾਰਨ ਲਈ ਗੁਰਮਤਿ ਉਪਦੇਸ਼ ਦਿਤਾ ਹੈ। ਜੋਗੀਆਂ ਦੀ ਗੋਦੜੀ (ਖਿੰਥਾ) ਪਹਿਰਨ ਵਾਲੀ ਕੂੜਾਵੀ ਆਨਮਤ ਕ੍ਰਿਆ ਨੂੰ ਖੰਡਨਾਇ ਕੇ ਇਸ ਦੇ ਥਾਉਂ ਗੁਰਮਤਿ ਨਾਮ ਰੂਪੀ ਅਜਰ ਵਸਤੂ ਨੂੰ ਅੰਦਰੇ ਅੰਦਰ ਜਰਨ ਵਾਲੀ ਖਿਮਾ ਰੂਪੀ ਸੱਚੀ ਖਿੰਥਾ ਨੂੰ ਹੰਢਾਉਣਾ ਸੱਚਾ ਗੁਰਮਤਿ ਮਾਰਗੀ ਜੋਗ ਸੰਨਿਆਸ ਧਾਰਨ ਕਰਾਇਆ ਹੈ। ਜੋਗੀਆਂ ਸੰਨਿ-ਆਸੀਆਂ ਦੇ ਪਾਖੰਡ ਯੋਗ ਸੰਨਿਆਸ ਨੂੰ ਖੰਡਨ ਕਰ ਕੇ ਵਾਹਿਗੁਰੂ ਦੀ ਰਜ਼ਾ ਵਿਚ ਸਦਾ ਚੱਲਣ ਵਾਲੀ ਸਹਜ ਜੋਗ ਸਿਧੀ ਦੀ ਪ੍ਰਾਪਤੀ ਕਰਵਾਈ ਹੈ। ਜੋ ਜੀਵ

*ਤਿਲੰਗ ਮਹਲਾ ੧, ॥੧॥੪॥ ਪੰਨਾ ੭੨੨

ਜਗਿਆਸੂ ਵਾਹਿਗੁਰੂ ਦੇ ਨਾਮ ਵਿਖੇ ਸਦਾ ਜੁੜਿਆ ਹੋਇਆ ਹੈ, ਉਹ ਹੀ ਸਦੀਵੀ ਜੋਗ ਧਾਰਨੀ ਸੱਚਾ ਗੁਰਮਤਿ ਅਨੁਸਾਰੀ ਜੋਗੀ ਹੈ। ਇਸ ਜੋਗ-ਧਾਰਨਾ ਦੁਆਰਾ ਜੀਵ-ਆਤਮਾ ਜੁਗੋ ਜੁਗ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਕਿਉਂਕਿ ਉਸ ਦਾ ਵਾਹਿਗੁਰੂ (ਪਰਮ ਤੱਤ) ਵਿਖੇ ਸਦੀਵ ਮੇਲ ਹੋ ਚੁਕਿਆ ਹੁੰਦਾ ਹੈ। ਹਠ ਜੋਗ ਦੁਆਰਾ ਹਠੀ ਅਤੇ ਪਾਖੰਡੀ ਜੋਗੀ ਦਸਮ ਦੁਆਰ ਦੀ ਘੂੰ ਘੂੰ ਸੁਣਦੇ ਹਨ। ਗੁਰਮਤਿ ਸੱਚਾ ਸੁੱਚਾ ਜੋਗ ਅਭਿਆਸ ਅਤੇ ਸੱਚਾ ਜੋਗ ਸੰਨਿਆਸ ਇਹ ਦ੍ਰਿੜ੍ਹਾਉਂਦਾ ਹੈ, ਕਿ ਅੰਮ੍ਰਿਤ ਨਾਮ ਨਿਰੰਜਨ ਨੂੰ ਕਮਾਉਂਦਿਆਂ ਹੋਇਆਂ ਸੱਚੀ ਜੋਗ-ਸਮਾਧੀ ਨਿਰੰਜਨ ਵਾਹਿਗੁਰੂ ਦੇ ਸਰੂਪ ਵਿਖੇ ਜਾ ਜੁੜਦੀ ਹੈ, ਜਿਥੇ ਕਿ ਵਾਹਿਗੁਰੂ-ਪ੍ਰਾਪਤੀ ਰੂਪੀ, ਸੱਚੇ ਗੁਰਮਤਿ ਗਿਆਨ ਰੂਪੀ ਅਧਿਆਤਮ ਰਸ ਨੂੰ ਸਦਾ ਲਈ ਭੋਗੀਦਾ ਹੈ।

ਗੁਰੂ ਸਾਹਿਬ (ਧੰਨ ਗੁਰੂ ਨਾਨਕ ਦੇਵ ਜੀਉ) ਇਸ ਗੁਰਮਤਿ ਜੋਗ ਦੀ ਕਮਾਈ ਨੂੰ ਹੱਡਾਂ ਵਿਚ ਰਸਾਈ ਜੋਤਿ ਰਸੈਣੀ ਕਲਾ ਵਿਚ ਮਸਤ ਹੋ ਕੇ ਐਉਂ ਉਚਾਰਨ ਕਰਦੇ ਹਨ ਕਿ ਸਭ ਪ੍ਰਕਾਰ ਦੀਆਂ ਤ੍ਰਿਸ਼ਨਾਵਾਂ ਕਲਪਨਾਵਾਂ ਫੁਰਨੇ ਕੁਫੁਰਨੇ ਰੂਪੀ ਬਾਦ-ਬਿਬਾਦ ਝਗੜੇ ਝੇੜੇ ਤਿਆਗ ਕੇ ਆਤਮ ਰਸੈਣੀ ਗੁਰਮਤਿ ਜੋਗੀ ਦੀ ਸਮਾਈ ਸਦਾ ਹੀ ਪ੍ਰਮਾਤਮੀ ਮੰਡਲਾਂ ਵਿਚ ਰਹਿੰਦੀ ਹੈ ਅਤੇ ਪਰਮਾਤਮਾ ਦੇ ਮੰਡਲਾਂ ਵਿਚ ਹੀ ਸੱਚੇ ਜੋਗੀ ਦਾ ਆਸਣ ਬਝਿਆ ਰਹਿੰਦਾ ਹੈ। ਏਸੇ ਆਤਮ ਪਰਮਾਤਮ ਅਸਥਾਪਣੀ ਆਸਣ ਵਿਖੇ ਗੁਰਮਤਿ ਜੋਗੀ ਦਾ ਸਮਾਧੀ ਲਾ ਕੇ ਬੈਠੇ ਰਹਿਣਾ, ਭਾਵ, ਸਦਾ ਸਮਾਧ-ਸਥਿਤ ਰਹਿਣਾ ਨਸੀਬ ਹੋ ਜਾਂਦਾ ਹੈ। ਤਿਸ ਸਮਾਧ-ਸਥਿਤ ਸਿੰਘਾਸਣ ਤੇ ਬਿਰਾਜਮਾਨ ਹੋਇਆਂ ਸੱਚੇ ਗੁਰਮਤਿ ਜੋਗੀ ਸੰਨਿਆਸੀ ਦੀ ਸਦਾ ਹੀ ਸ਼ਬਦ ਰੂਪੀ ਸਿੰਙੀ ਬਜਦੀ ਰਹਿੰਦੀ ਹੈ, ਜਿਸ ਦੀ ਧੁਨੀ ਅਤੀ ਅਸਚਰਜ ਸੋਭਾ ਵਾਲੀ ਹੁੰਦੀ ਹੈ ਅਤੇ ਇਸ ਸਿੰਙੀ ਦਾ ਨਾਦ ਦਿਨੇ ਰਾਤ ਹੀ ਪੂਰੀਦਾ ਰਹਿੰਦਾ ਹੈ (ਬਜਦਾ ਰਹਿੰਦਾ ਹੈ)।

ਇਹ ਜੋ ਜੋਗੀਆਂ ਪਾਸ ਪਾਖੰਡ ਮਈ ਖੱਪਰ ਚਿੱਪੀ ਹੁੰਦੀ ਹੈ, ਇਸ ਚਿੱਪੀ ਖੱਪਰ ਨੂੰ ਹੱਥ ਵਿਚ ਫੜੀ ਰਖਣ ਦਾ ਅਭਿਮਾਨ ਹੀ ਜੋਗੀਆਂ ਸੰਨਿਆਸੀਆਂ ਨੂੰ ਖਾ ਜਾਂਦਾ ਹੈ। ਕਈ ਪਾਖੰਡੀ ਸੰਨਿਆਸੀ ਜੋਗੀ ਤਾਂ ਇਸ ਫੋਕਟ ਕਿਰਿਆ ਵਿਚ ਫੋਕਾ ਪਾਣੀ ਪਾ ਕੇ ਅਤੇ ਲੋਕਾਂ ਨੂੰ ਵਰਤਾ ਕੇ ਬੜੇ ਫੋਕੇ ਪਾਖੰਡ ਰਚਾਉਂਦੇ ਹਨ। ਇਸ ਫੋਕੀ ਚਿੱਪੀ ਮਈ ਫੋਕੇ ਖੱਪਰ ਦੇ ਥਾਉਂ ਗੁਰ ਤਿ ਵਿਚਾਰ ਨੂੰ ਸਦੀਵ ਲਈ ਹਿਰਦੇ ਅੰਦਰ ਧਾਰੀ ਰਖਣਾ ਸੱਚੇ ਪਾਤਸ਼ਾਹ ਨੇ ਗੁਰਸਿੱਖਾਂ ਪ੍ਰਤੀ ਦ੍ਰਿੜ੍ਹਾਇਆ ਹੈ। ਪਾਖੰਡੀ ਜੋਗੀ ਸੰਨਿਆਸੀ ਸਰੀਰ ਤੇ ਸਵਾਹ ਮਲ ਕੇ ਸੱਚੇ ਜੋਗ ਸੰਨਿਆਸ ਵਲੋਂ ਸਦਾ ਹੀ ਉਖੜੇ ਰਹਿੰਦੇ ਹਨ। ਗੁਰਮਤਿ ਅੰਦਰ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਸਮਝਣਾ, ਇਹ ਹੀ ਸੱਚੀ ਭਸਮ ਚੜ੍ਹਾਉਣਾ ਹੈ, ਅਤੇ ਸੰਨਿਆਸੀਆਂ ਜੋਗੀਆਂ ਵਾਲੇ ਫੋਕਟ ਕੂੜਾਵੀ ਡੰਡੇ ਦੇ ਥਾਂ ਗੁਰਮਤਿ ਨਾਮ ਰੂਪੀ ਸੱਚਾ ਡੰਡਾ

ਧਾਰੀ ਰਖਣਾ ਪਰਮ ਸਾਰ ਤੱਤ ਬ੍ਰਹਮ-ਗਿਆਨ ਹੈ। ਸਾਡੀ ਅਰਥਾਤ ਗੁਰਮਤਿ ਧਾਰਨੀ ਸੱਚੇ ਜਗਿਆਸੂਆਂ ਦੀ ਸੱਚੀ ਰਹਿਰਾਸ ਵਾਹਿਗੁਰੂ ਕੀਰਤਨ ਅਤੇ ਗੁਰਬਾਣੀ ਦਾ ਅਖੰਡ ਰਟਨ ਹੀ ਹੈ। ਸਰੀਰ ਨੂੰ ਕੂੜਾਵੀ ਕਿਰਿਆ ਦੁਆਰਾ ਸਵਾਰਨ ਪਲੋਸਣ ਦੇ ਥਾਉਂ ਸਦਾ ਹੀ ਗੁਰਮੁਖਿ ਬਣ ਕੇ ਸੱਚਾ ਗੁਰਮਤਿ ਪੰਥ ਧਾਰਨਾ, ਇਹ ਹੀ ਸੁਚੜੀ ਅਤੀਤ ਕਿਰਿਆ ਹੈ, ਜੋ ਗੁਰਮਤਿ ਜੋਗੀ ਸੰਨਿਆਸੀਆਂ ਨੇ ਸਦਾ ਹੀ ਧਾਰੀ ਰਖਣੀ ਹੈ; ਅਤੇ ਪਰਮਾਤਮਾ ਜੋਤੀ ਸਰੂਪ ਦੀ ਸਗਲੀ ਜੋਤਿ ਵਿਖੇ ਬ੍ਰਿਤੀ ਨੂੰ ਜੋੜੀ ਰਖਣਾ ਹੀ ਗੁਰਮਤਿ ਸੱਚੇ ਜੋਗੀਆਂ ਸੰਨਿਆਸੀਆਂ ਦੀ ਸੱਚੀ ਸੰਮਿਆ (ਬੈਰਾਗਣੰ) ਟਿਕਟਿਕੀ ਹੈ। ਅਨੇਕ ਪ੍ਰਕਾਰ ਦੇ ਵਰਨਾਂ ਵਿਚ ਜੋ ਏਕ ਜੋਤਿ ਸਮਾਏ ਰਹੀ ਹੈ, ਉਸੇ ਜੋਤਿ-ਕਲਾ-ਆਧਾਰ ਉਤੇ ਹੀ ਗੁਰਮੁਖਿ ਜੋਗੀ ਸੰਨਿਆਸੀਆਂ ਨੇ ਸੱਚੀ ਬ੍ਰਿਤੀ ਜੋੜੀ ਰਖਣੀ ਹੈ। ਗੁਰੂ ਨਾਨਕ ਸਾਹਿਬ ਭਰਥਰ ਜੋਗੀ ਪ੍ਰਥਾਇ ਇਹ ਉਪਦੇਸ਼ ਉਚਾਰਣ ਕਰ ਕੇ ਸਗਲ ਜੋਗੀ ਸੰਨਿਆਸੀਆਂ ਭੇਖ-ਧਾਰੀਆਂ ਨੂੰ ਸੱਚੇ ਮਾਰਗ 'ਤੇ ਪਾਉਂਦੇ ਹਨ ਅਤੇ ਸੱਚੇ ਪਾਰਬ੍ਰਹਮ ਏਕੋ ਵਾਹਿਗੁਰੂ ਦੇ ਸਰੂਪ ਵਿਚ ਲਿਵ ਲਾਉਣੀ ਸਿਖਾਉਂਦੇ ਹਨ।

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ ॥
ਭਾਠੀ ਭਵਨੁ ਪ੍ਰੇਮ ਕਾ ਪੋਚਾ ਇਤੁ ਰਸਿ ਅਮਿਉ ਚੁਆਈਐ ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ ਸਹਜ ਰੰਗ ਰਚਿ ਰਹਿਆ ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ ਸਬਦੁ ਅਨਾਹਦ ਗਹਿਆ ॥੧॥ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ ਤਿਸਹਿ ਪੀਆਏ ਜਾ ਕਉ ਨਦਰਿ ਕਰੇ ॥
ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣੁ ਭਇਆ ॥
ਦਰ ਦਰਸਨ ਕਾ ਪ੍ਰੀਤਮੁ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ॥੩॥
ਸਿਫਤੀ ਰਤਾ ਸਦਾ ਬੈਰਾਗੀ ਜੂਐ ਜਨਮੁ ਨ ਹਾਰੈ ॥
ਕਹੁ ਨਾਨਕ ਸੁਣਿ ਭਰਥਰਿ ਜੋਗੀ ਖੀਵਾ ਅੰਮ੍ਰਿਤ ਧਾਰੈ ॥੪॥੪॥੩੮॥
[ਆਸਾ ਮ: ੧, ਪੰਨਾ ੩੬੦

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਜੋਗੀਆਂ ਦੀ ਸ਼ਰਾਬ-ਪੀਣੀ-ਵਾਦੀ ਨੂੰ ਖੰਡਨ ਕਰਦੇ ਹੋਏ ਇਕ ਪ੍ਰਕਾਰ ਸੰਸਾਰ ਭਰ ਦੇ ਸਾਰੇ ਸ਼ਰਾਬੀਆਂ ਨੂੰ, ਸ਼ਰਾਬ ਪੀਣੇ ਹੋਛੇ ਮਤਵਾਲਿਆਂ ਨੂੰ ਸੰਬੋਧਨ ਕਰਕੇ ਕੂੜਾਵੀ ਸ਼ਰਾਬ ਨੂੰ ਨਿੰਦਤ ਗਰਦਾਨਿਆ ਹੈ ਤੇ ਗੁਰਮਤਿ ਰੂਪੀ ਸੱਚੀ ਸ਼ਰਾਬ ਨੂੰ ਸਰਾਹਿਆ ਹੈ, ਤੇ ਇਸ ਸੱਚੀ ਸ਼ਰਾਬ ਨੂੰ ਝੂਠੀ ਸਰਾਬ ਦੇ ਮੁਕਾਬਲੇ ਕੱਢਣ ਦਾ ਇਸ ਬਿਧ ਯਤਨ ਉਦਮ ਪ੍ਰਤੀਪਾਦਨ ਕੀਤਾ ਹੈ—

ਕੂੜਾਵੇ ਸ਼ਰਾਬੀਆਂ ਦੀ ਸ਼ਰਾਬ ਵਿਚ ਗੁੜ ਪੈਂਦਾ ਹੈ, ਉਸ ਦੇ ਥਾਉਂ ਸੱਚੇ

**ਪਾਤਸ਼ਾਹ** ਗੁਰਮਤਿ-ਗਿਆਨ ਰੂਪੀ ਸੱਚਾ ਗੁੜ ਪਾਉਂਦੇ ਹਨ ਅਤੇ ਮਹੂਏ (ਧਾਵੈ) ਨੂੰ ਸੱਚਾ ਗੁਰਮਤਿ-ਧਿਆਨ ਬਣਾਉਂਦੇ ਹਨ, ਭਾਵ, ਗੁਰਮਤਿ ਧਿਆਨ ਨੂੰ ਧਾਵੈ (ਮਹੂਏ) ਦੇ ਥਾਉਂ ਵਰਤਦੇ ਹਨ। ਗੁਰਮਤਿ ਅੰਦਰ ਨਾਮ ਅਭਿਆਸ ਰੂਪੀ ਸੱਚਾ ਧਿਆਨ ਜਮਾਉਣਾ ਮਹੂਏ ਰੂਪੀ ਧਾਵੈ ਨੂੰ ਸੱਚੀ ਸ਼ਰਾਬ ਵਿਖੇ ਮਿਲਾਉਣਾ ਹੈ। ਗੁਰਮਤਿ ਨਾਮ ਅਭਿਆਸ 'ਤੇ ਧਿਆਨ ਜਮਾਇਆਂ ਉਹ ਸੱਚਾ ਅਮਲ (ਨਸ਼ਾ) ਗੁਰਮਤਿ-ਜਗਿਆਸੂ ਜਨ ਨੂੰ ਚੜ੍ਹਦਾ ਹੈ ਕਿ ਜਿਸ ਦੇ ਚੜ੍ਹਨ ਸਾਰ ਹੀ ਗੁਰਮਤਿ-ਗਿਆਨ ਰੂਪੀ ਰਸ-ਜੋਤਿ ਦਾ ਨਿਵਾਸ ਹੋ ਜਾਂਦਾ ਹੈ ਅਤੇ ਨਕਲੀ ਸ਼ਰਾਬ ਦੇ ਬਨਾਉਣ ਵਾਂਗੂ ਨਾ ਹੀ ਗੁੜ ਦੇ ਮਿਲਾਉਣ ਦੀ ਲੋੜ ਪੈਂਦੀ ਹੈ ਅਤੇ ਨਾ ਧਾਵੈ ਦੇ ਫੁੱਲ (ਮਹੂਏ) ਨੂੰ ਵਿਚ ਪਾਉਣ ਦੀ ਲੋੜ ਪੈਂਦੀ ਹੈ। ਕਿੱਕਰ ਦੇ ਕਸ ਨੂੰ ਨਕਲੀ ਸ਼ਰਾਬ ਵਿਚ ਇਸ ਕਰਕੇ ਪਾਇਆ ਜਾਂਦਾ ਹੈ ਕਿ ਇਸ ਕਸ ਨਾਲ ਸ਼ਰਾਬ ਦਾ ਨਸ਼ਾ ਬਹੁਤ ਚੜ੍ਹੇ, ਕਸ ਦੇ ਥਾਉਂ ਗੁਰਮਤਿ ਅੰਦਰ ਕਰਣੀ ਹੀ ਪ੍ਰਧਾਨ ਹੈ, ਭਾਵ ਨਾਮ ਅਭਿਆਸ ਦੀ ਕਮਾਈ (ਕਰਨੀ) ਜਿਉਂ ਜਿਉਂ ਅਧਿਕ ਸੁਕ੍ਰਿਤ ਸਹਿਤ ਕੀਤੀ ਜਾਵੇਗੀ, ਤਿਉਂ ਤਿਉਂ ਨਾਮ ਦੇ ਨਸ਼ੇ ਭੀ ਅਧਿਕ ਤੋਂ ਅਧਿਕ ਗੂੜ੍ਹੇ ਰੰਗਾਂ ਵਿਚ ਚੜ੍ਹਨਗੇ। ਤਾਂ ਤੇ ਕਰਣੀ (ਸੁਕ੍ਰਿਤ ਕਰਣੀ) ਕਰਨ ਨੂੰ, ਭਾਵ, ਗੁਰਮਤਿ ਨਾਮ ਅਭਿਆਸ ਕਮਾਈ ਕਰਨ ਨੂੰ, ਨਾਮ ਦਾ ਰੰਗ ਖਿੜਾਉਣ ਲਈ ਸੱਚਾ ਕਸ ਗੁਰੂ ਸਾਹਿਬ ਨੇ ਪ੍ਰਧਾਨ ਮੰਨਿਆ ਹੈ—"ਕਰਿ ਕਰਣੀ ਕਸੁ ਪਾਈਐ" ਦਾ ਭਾਵ—ਕਮਾਈ ਕਰਨਾ ਹੀ ਕਸ ਪਾਉਣਾ ਹੈ। ਸ਼ਰਾਬੀ ਲੋਗ ਜੋ ਸ਼ਰਾਬ ਦੀ ਭੱਠੀ ਪਾਉਂਦੇ ਹਨ, ਉਸ ਭੱਠੀ ਦੇ ਥਾਉਂ ਸ਼ਰਧਾ ਭਾਵਨੀ (ਭਵਨੁ) ਰੂਪੀ ਭੱਠੀ ਦਾ ਚਾੜ੍ਹਨਾ ਗੁਰਮਤਿ ਅੰਦਰ ਪ੍ਰਵਾਨ ਹੈ ਅਤੇ ਸ਼ਰਾਬੀ ਲੋਗ ਭੱਠੀ ਚੋਂ ਸ਼ਰਾਬ ਕੱਢਣ ਲਈ ਜੋ ਠੰਡੇ ਪਾਣੀ ਦਾ ਪੋਚਾ ਦੇਂਦੇ ਹਨ, ਉਸ ਪੋਚੇ ਦੇ ਥਾਉਂ ਪ੍ਰੇਮ ਦਾ ਪੋਚਾ ਹੀ ਦਿਤਾ ਜਾਂਦਾ ਹੈ, ਅਰਥਾਤ, ਨਾਮ ਅਭਿਆਸੀ ਨੂੰ ਸ਼ਰਧਾ ਭਾਵਨੀ ਦੀ ਸੱਚੀ ਭੱਠੀ ਦੀ ਤਪਸ਼ (ਤੇਜ਼ੀ) ਦੂਰ ਕਰਨ ਲਈ ਪ੍ਰੇਮ ਮਈ ਸੱਚੇ ਪੋਚੇ ਦੇਣ ਦੀ ਲੋੜ ਹੈ। ਇਸ ਪ੍ਰਕਾਰ ਦੇ ਬਣੇ ਰਸ ਤੋਂ ਅੰਮ੍ਰਿਤ ਚੁਆਈਦਾ ਹੈ ਅਤੇ ਅੰਮ੍ਰਿਤ-ਭਿੰਨਾ ਸੱਚਾ ਅਮਲ (ਨਸ਼ਾ) ਚੜ੍ਹਾਈਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ-ਰਸ ਪੀ ਕੇ ਮਨ ਸਦਾ ਲਈ ਖੀਵਾ (ਮਤਵਾਲਾ) ਰਹਿੰਦਾ ਹੈ, ਅਤੇ ਸਹਜ ਅਵਸਥਾ ਦੇ ਆਤਮ ਚਲੂਲੇ ਰੰਗਾਂ ਵਿਚ ਰਚਿਆ ਸੁਰਚਿਆ ਰਹਿੰਦਾ ਹੈ ਅਤੇ ਪ੍ਰੇਮ-ਰੰਗਾਂ ਵਿਚ ਐਸੀ ਲਿਵ ਲਗਦੀ ਹੈ ਕਿ ਅਨਦਿਨ ਲਿਵ ਬਣੀ ਹੀ ਰਹਿੰਦੀ ਹੈ। ਗੁਰਮਤਿ ਕੀਰਤਨ ਰਹੱਸ ਮਈ ਅਨਹਦ ਸ਼ਬਦ ਬੱਜਣਾ ਐਸਾ ਅਰੰਭ ਹੁੰਦਾ ਹੈ ਕਿ ਸਦਾ ਬਜਦਾ ਹੀ ਰਹਿੰਦਾ ਹੈ। ਇਸ ਅੰਮ੍ਰਿਤ ਮਈ ਸੱਚੀ ਸ਼ਰਾਬ ਦਾ ਪਿਆਲਾ ਪੂਰ ਕੇ ਨਾਮ ਅਭਿਆਸੀ ਜਨ ਇਸ ਨੂੰ ਗਟ ਗਟ ਪੀਂਦਾ ਹੀ ਰਹਿੰਦਾ ਹੈ ਅਤੇ ਪੀ ਕੇ ਸਹਜ ਬਿਵਸਥਾ ਵਿਚ ਜੀਰੀਂਦਾ ਹੀ ਰਹਿੰਦਾ ਹੈ, ਪ੍ਰੰਤੂ ਇਹ ਸਭ ਨਦਰ ਮੇਹਰ ਦੀ ਖੇਡ ਹੀ ਹੈ।

 www.sikhbookclub.com

ਇਸ ਮਸਤੁਲ ਮਸਤ ਕਰਨਹਾਰੇ ਉਲਸ ਪਿਆਲੇ ਦੀ ਅਜਰ ਜਰਨੀ ਜੀਰਾਂਦ ਤਿਸੇ ਵਡਭਾਗੇ ਅਭਿਆਸੀ ਜਨ ਨੂੰ ਹੀ ਜੀਰਾਉਂਦਾ ਪਿਆਉਂਦਾ ਹੈ ਜਿਸ ਉਪਰ ਸੱਚਾ ਨਦਰਾਲੂ ਵਾਹਿਗੁਰੂ ਨਦਰਿ ਮਿਹਰ ਕਰੇ। ਇਹ ਅੰਮ੍ਰਿਤ ਰਸ ਦਾ ਵਾਪਾਰੀ ਅਭਿਆਸਾ-ਚਾਰੀ ਜੋ ਜਨ ਹੋ ਜਾਂਦਾ ਹੈ, ਸੋ ਹੋਛੇ ਅਤੇ ਛੂਛੇ ਰਸਾਂ ਕਸਾਂ ਸ਼ਰਾਬ ਆਦਿਕਾਂ ਨਾਲ ਉੱਕਾ ਹੀ ਭਾਉ ਲਗਾਉ ਪਿਆਰ ਨਹੀਂ ਧਰਦਾ, ਗੁਰੂ ਦੀ ਸਿਖਿਆ (ਸਾਖੀ) ਗੁਰ-ਦੀਖਿਆ ਰੂਪੀ ਅੰਮ੍ਰਿਤ ਬਾਣੀ ਨੂੰ ਪੀ ਕੇ ਹੀ ਸਦਾ ਸ਼ਾਦਾਬ ਰਹਿੰਦਾ ਹੈ, ਉਸ ਅੰਮ੍ਰਿਤ ਰੂਪੀ ਗੁਰਬਾਣੀ ਦੇ ਨਸ਼ੇ ਨੂੰ ਸੋਈ ਜਨ ਜਾਣਦਾ ਹੈ ਜਿਸ ਨੇ ਇਹ ਅੰਮ੍ਰਿਤ ਰਸਾਇਣੀ ਸੱਚੀ ਸ਼ਰਾਬ ਪੀਤੀ ਹੋਵੇ, ਬਸ—"ਪੀਵਤ ਹੀ ਪਰਵਾਣੁ ਭਇਆ" ਵਾਲੀ ਗੱਲ ਹੈ। ਦਰ ਦਰਸ਼ਨ ਦਾ ਪ੍ਰੀਤਮ (ਪ੍ਰੇਮੀ ਜਨ) ਜੋ ਹੋ ਜਾਂਦਾ ਹੈ, ਉਸ ਨੂੰ ਮੁਕਤ ਬੈਕੁੰਠ ਬਾਂਛਣ ਦੀ ਕੋਈ ਲੋੜ ਨਹੀਂ ਰਹਿੰਦੀ, ਵਾਹਿਗੁਰੂ ਨਾਮ ਦੀ ਸਿਫਤ ਸਾਲਾਹ ਵਿਚ ਰੱਤਾ ਹੋਇਆ ਅਜਿਹਾ ਖੀਵਾ ਜਨ ਸਦਾ ਹੀ ਬੈਰਾਗੀ ਅਤੇ ਹੋਛੀ ਸ਼ਰਾਬ ਵਰਗੇ ਹੋਛੇ ਰਸਾਂ ਦਾ ਤਿਆਗੀ ਰਹਿੰਦਾ ਹੈ, ਉਹ ਆਪਣੇ ਅਮੋਲਕ ਮਨੁਸ਼ਾ ਜਨਮ ਨੂੰ ਭੰਗ ਦੇ ਭਾੜੇ ਜੂਏ ਵਿਚ ਨਹੀਂ ਹਾਰਦਾ। ਗੁਰੂ ਸਾਹਿਬ ਜੋਗੀਆਂ ਵਿਚ ਭਰਥਰ ਜੋਗੀ ਨੂੰ ਸੌਹੇਂ ਹੋ ਕੇ ਇਉਂ ਉਚਾਰਦੇ (ਫ਼ੁਰਮਾਉਂਦੇ) ਹਨ ਕਿ ਸੁਣ ਭਰਥਰ ਜੋਗੀ! ਕੇਵਲ ਅੰਮ੍ਰਿਤ ਧਾਰੀ ਹੋ ਕੇ ਸੱਚਾ ਮਸਤ ਮਤਵਾਲਾ ਖੀਵਾ ਬਣੀਦਾ ਹੈ—

ਖਟੁ ਦਰਸਨ ਵਰਤੈ ਵਰਤਾਰਾ ॥ ਗੁਰ ਕਾ ਦਰਸਨੁ ਅਪਰ ਅਪਾਰਾ ॥
੧॥੪੦॥ [ਆਸਾ ਮਹਲਾ ੩, ਪੰਨਾ ੩੬੦-੬੧

ਵਾਲੇ ਗੁਰਵਾਕ ਅੰਦਰ ਆਈ ਇਸ ਤੋਂ ਉਪਰ ਲਿਖੀ ਦੋ-ਤੁਕੀ ਦਾ ਸਪਸ਼ਟ ਭਾਵ ਇਹ ਹੈ ਕਿ ਸੰਸਾਰੀ ਬੌਂਦਾਚਾਰੀ ਲੋਗ ਛਿਆਂ ਸ਼ਾਸਤ੍ਰਾਂ (ਖਟ ਦਰਸ਼ਨਾਂ) ਦੀ ਵਰਤੋਂ ਵਿਚ ਹੀ ਉਲਝੇ ਰਹਿੰਦੇ ਹਨ, ਪਰੰਤੂ ਗੁਰਮਤਿ ਨਾਮ ਅਭਿਆਸਾ-ਚਾਰੀ ਅਭਿਆਸੀ ਜਨ ਅਗਮ ਅਪਾਰੀ ਵਾਹਿਗੁਰੂ ਗੁਰੂ ਦਰਸ਼ਨ ਦੇ ਵਾਪਾਰੀ ਬਣੇ ਰਹਿੰਦੇ ਹਨ। ਇਹ ਵਾਹਿਗੁਰੂ ਦਾ ਦਰਸ਼ਨ ਵਡੇ ਭਾਗਾਂ ਨਾਲ ਗੁਰ ਸ਼ਬਦ ਦੀ ਅਭਿਆਸ ਕਮਾਈ ਦੁਆਰਾ ਹੀ ਪ੍ਰਾਪਤ ਕਰੀਦਾ ਹੈ ਅਤੇ ਸੱਚੇ ਵੈਰਾਗ ਦੀ ਮੁਕਤ-ਦਰਸ਼ਨੀ-ਪ੍ਰਾਪਤੀ ਭੀ ਏਥੋਂ ਹੀ ਹੁੰਦੀ ਹੈ। ਹੋਰ ਭੇਖਾਂ ਮਜ਼ਹਬਾਂ ਤੋਂ ਕਢ ਕੇ ਨਿਰੋਲ ਵਾਹਿਗੁਰੂ ਭਾਉ-ਭਗਤੀ ਤੇ ਉਤਮ ਮਾਰਗ ਵਲ ਲਿਆਉਣਹਾਰਾ ਕੇਵਲ ਗੁਰਮਤਿ-ਗਿਆਨ ਤੇ ਵਾਹਿਗੁਰੂ-ਦਰਸ਼ਨ-ਧਿਆਨ ਹੀ ਹੈ। ਖਟ ਦਰਸ਼ਨਾਂ ਛਿਆਂ ਸ਼ਾਸਤ੍ਰਾਂ, ਹਿੰਦੂ ਮਤ ਦੇ ਚਹੁੰਆਂ ਵੇਦਾਂ ਵਿਚ ਕੁਛ ਨਹੀਂ ਧਰਿਆ ਪਿਆ; ਖਟ ਦਰਸ਼ਨ, (ਛੇ ਸ਼ਾਸਤ੍ਰ) ਅਤੇ ਚਾਰੇ ਵੇਦ ਸੱਚੀ ਸ਼ਕਤੀ ਤੇ ਕਲਿਆਣ ਕਰਾਉਣ ਨੂੰ ਸਮਰੱਥ ਨਹੀਂ, ਵਾਹਿਗੁਰੂ-ਦਰਸ਼ਨ ਤਾਂ ਇਹਨਾਂ ਕੀ ਕਰਵਾਉਣਾ ਸੀ! ਇਹ ਕੇਵਲ ਗੁਰਮਤਿ ਰੂਪੀ ਦਰਸ਼ਨ ਹੀ ਹੈ ਜਿਸ ਦੁਆਰਾ ਕਿ ਵਾਹਿਗੁਰੂ-ਦਰਸ਼ਨ ਰੂਪੀ ਸੱਚੀ

ਕਲਿਆਣ (ਗਤੀ) ਪ੍ਰਾਪਤ ਹੁੰਦੀ ਹੈ।

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਬਾਜੈ ਬੇਨ ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ ॥੧॥ਰਹਾਉ॥
ਗਾਵਹਿ ਰਾਗ ਭਾਤਿ ਬਹੁ ਬੋਲਹਿ ਇਹੁ ਮਨੂਆ ਖੇਲੈ ਖੇਲ ॥
ਜੋਵਹਿ ਕੂਪ ਸਿੰਚਨ ਕਉ ਬਸੁਧਾ ਉਠਿ ਬੈਲ ਗਏ ਚਰਿ ਬੇਲ ॥੨॥
ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ ॥
ਮਨੂਆ ਅਸਥਿਰੁ ਬੈਲੁ ਮਨ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ ॥੩॥
ਜੋਗੀ ਜੰਗਮ ਸ੍ਰਿਸਟਿ ਸਭ ਤੁਮਰੀ ਜੋ ਦੇਹੁ ਮਤੀ ਤਿਤੁ ਚੇਲ ॥
ਜਨ ਨਾਨਕ ਕੇ ਪ੍ਰਭ ਅੰਤਰਜਾਮੀ ਹਰਿ ਲਾਵਹੁ ਮਨੂਆ ਪੇਲੁ ॥੪॥੯॥੬੧॥
[ਆਸਾ ਮਹਲਾ ੪, ਪੰਨਾ ੩੬੮

ਇਸ ਗੁਰਵਾਕ ਦੁਆਰਾ ਜੋਗੀਆਂ ਦੀ ਥੋਥੀ ਕਿਰਿਆ, ਗਾਉਣ ਬਜਾਉਣ ਦੀ, ਖੰਡਨ ਕੀਤੀ ਗਈ ਹੈ, ਗੁਰਮਤਿ ਸੰਗੀਤ ਕੀਰਤਨ ਸਿਫਤ ਸਾਲਾਹ ਨੂੰ ਹੀ ਮੁਖ ਜਣਾਇ ਕੇ ਮੰਡਨਾਇਆ ਗਿਆ ਹੈ। ਜੋਗੀ ਲੋਕ ਜੋ ਹੱਥਾਂ ਨਾਲ ਤੰਤੀ ਨੂੰ ਬਜਾਉਂਦੇ ਫਿਰਦੇ ਹਨ ਤੇ ਘਰ ਘਰ ਮੰਗਦੇ ਹਨ, ਇਸ ਕਿਰਿਆ ਨੂੰ ਗੁਰਮਤਿ ਅਨੁਸਾਰ ਫੋਕਟ ਹੀ ਗਰਦਾਨਿਆ ਗਿਆ ਹੈ। ਜੋਗੀਆਂ ਨੂੰ ਸਨਮੁਖ ਸੰਬੋਧਨ ਕਰ ਕੇ ਬਥੇਰਾ ਸਮਝਾਇਆ ਗਿਆ ਕਿ ਹੇ ਜੋਗੀ! ਜੋ ਤੂੰ ਹੱਥਾਂ ਨਾਲ ਥੋਥੀ ਕਿੰਗਰੀ ਬਜਾਉਂਦਾ ਹੈਂ, ਇਹ ਤੇਰੀ ਬੇਅਰਥੀ ਬੀਨ ਬਜਦੀ ਹੈ, ਇਸ ਦੇ ਥਾਉਂ ਜੇ ਤੂੰ ਗੁਰੂ ਦਵਾਰਾ ਗੁਰ-ਦੀਖਿਆ ਲੈ ਕੇ ਵਾਹਿਗੁਰੂ ਦੇ ਗੁਣ ਗਾਵੇਂ ਤਾਂ ਤੇਰਾ ਇਹ ਮਨੂਆ ਵਾਹਿਗੁਰੂ ਦੇ ਰੰਗਾਂ ਵਿਚ ਭਿਜ ਜਾਵੇ, ਤਾਹੀਂ ਤੇਰਾ ਗਾਵਣਾ ਬਜਾਵਣਾ ਥਾਇਂ ਪੈ ਸਕਦਾ ਹੈ। ਲੋਕਾਂ ਨੂੰ ਸੁਣਾਵਣਾ ਭੀ ਤਦੇ ਥਾਂ ਪੈ ਸਕਦਾ ਹੈ ਜੇ ਤੂੰ ਗੁਰਮਤਿ-ਉਪਦੇਸ਼ ਲੈ ਕੇ ਗਾਵੇਂ ਬਜਾਵੇਂ ਤੇ ਸੁਣਾਵੇਂ। ਹੇ ਜੋਗੀ ਲੋਗੋ! ਜੋ ਤੁਸੀਂ ਪਰਸਪਰ (ਆਪਸ ਮੇਂ) ਆਦੇਸ ਆਦੇਸ ਦੀ ਧੁਨੀ ਲਾ ਕੇ ਇਕ ਦੂਜੇ ਨੂੰ ਪ੍ਰਨਾਮ ਕਰਦੇ ਹੋ, ਇਸ ਦੇ ਥਾਉਂ ਗੁਰਮਤਿ ਅਨੁਸਾਰ ਸੱਚੇ ਵਾਹਿਗੁਰੂ ਨੂੰ ਹੀ, ਜੋ ਸਦਾ ਇਕੋ ਜਿਹਾ ਵਰਤਦਾ ਹੈ, ਆਦੇਸ ਕਰਨਾ ਪ੍ਰਵਾਨ ਹੈ। ਸ਼ਿਵ ਜੀ ਗੋਰਖ ਆਦਿ ਵੇਲੇ ਸਿਰ ਬਦਲਦੇ ਅਵਤਾਰਾਂ ਨੂੰ ਮੰਨਣਾ ਤੇ ਆਦੇਸ ਕਰਨਾ ਮਹਾਂ ਮਨਮਤਿ ਹੈ। ਗੁਰਮਤਿ ਅਨੁਸਾਰ ਸਦਾ ਇਕ-ਰਸ ਰਹਿਣ ਵਾਲੇ ਆਦਿ ਜੁਗਾਦੀ ਤੇ ਸਦੀਵੀ ਰਹਿਣ ਵਾਲੇ ਵਾਹਿਗੁਰੂ ਪਰਮਾਤਮਾ ਨੂੰ ਹੀ ਪ੍ਰਨਾਮ ਕਰਨਾ ਗੁਰਮਤਿ ਹੈ।

ਜੋ ਤੁਸੀਂ ਆਪਣੇ ਮਨ-ਮੰਨੇ ਤਰੀਕੇ ਨਾਲ ਮੂੰਹ-ਆਈਆਂ ਬੋਲੀਆਂ ਬੋਲ ਕਰ ਕੇ ਭਾਂਤ ਭਾਂਤ ਦੇ ਰਾਗ ਅਲਾਪਦੇ ਹੋ ਅਤੇ ਕੱਚੀਆਂ ਬਾਣੀਆਂ ਬੋਲਦੇ ਫਿਰਦੇ

ਹੋ, ਇਹ ਸਭ ਨਿਸਫਲ ਹਨ, ਕਿਉਂਕਿ ਇਹਨਾਂ ਕੱਚੀਆਂ ਬਾਣੀਆਂ, ਬੋਲਾਂ-ਕੁਬੋਲਾਂ ਦੁਆਰਾ ਤੁਹਾਡੀ ਸੁਰਤੀ ਬਿਰਤੀ ਸਦਾ ਖਿੰਡੀ ਰਹਿੰਦੀ ਹੈ ਅਤੇ ਮਨ ਤੁਸਾਡਾ ਹੋਰ ਹੋਰ ਹੀ ਖੇਡਾਂ ਖੇਡਦਾ ਰਹਿੰਦਾ ਹੈ, ਕਦੇ ਅਸਥਿਰ ਨਹੀਂ ਰਹਿੰਦਾ। ਇਹ ਚੰਚਲ ਮਨੂਆ ਕੇਵਲ ਪਾਰਸ ਰੂਪੀ ਅੰਮ੍ਰਿਤ ਬਾਣੀ ਦੁਆਰਾ ਹੀ ਅਸਥਿਰ ਰਹਿੰਦਾ ਹੈ ਅਤੇ ਸੂਤ ਹੋਇ ਆਉਂਦਾ ਹੈ। ਖੂਹ ਇਸ ਲਈ ਜੋਈਦਾ ਹੈ ਕਿ ਖੇਤ ਨੂੰ ਪਾਣੀ ਮਿਲੇ ਅਤੇ ਸਬਜ਼ੀ ਵਧੇ ਫੁਲੇ, ਪਰ ਹੁੰਦਾ ਇਹ ਹੈ ਕਿ ਖੂਹ ਵਾਲੇ ਬਲਦ ਹੀ ਬੇਲਾਂ ਖਾ ਜਾਂਦੇ ਹਨ, ਤੇ ਖੂਹ ਜੋੜਨ ਦਾ ਆਹਰ ਸਭ ਬੇਅਰਥ ਜਾਂਦਾ ਹੈ। ਇਹ ਮਨੂਆ ਬੈਲ ਦੀ ਨਿਆਈਂ ਹੈ, ਜੋ ਸਦਾ ਬੇਲ ਪ੍ਰਾਈ ਹੀ ਜੋਹਿੰਦਾ ਰਹਿੰਦਾ ਹੈ, ਅਸਥਿਰ ਕਦੇ ਨਹੀਂ ਹੁੰਦਾ ਅਤੇ ਉਤੋਂ ਉਤੋਂ ਹੀ ਰਾਗ ਨਾਦ ਅਲਾਪਦਾ ਰਹਿੰਦਾ ਹੈ। ਇਹ ਅਲਾਪਿਆ ਹੋਇਆ ਰਾਗ ਕਿਸੇ ਅਰਥ ਨਹੀਂ ਆਉਂਦਾ। ਇਹ ਤੁਸਾਡੀ ਮਨ-ਮੰਨੀ ਰਾਗ-ਨਾਦੀ-ਧਾਰਮਿਕ ਕਿਰਿਆ ਸਾਰੀ ਦੀ ਸਾਰੀ ਹੀ ਬਿਰਥੀ ਜਾਂਦੀ ਹੈ, ਕੋਈ ਅਮਲੀ ਜੀਵਨ ਨਹੀਂ ਬਣਾਉਂਦੀ। ਨਾ ਤੁਹਾਡੇ ਗਾਵਣਹਾਰਿਆਂ ਦਾ ਅਮਲੀ ਜੀਵਨ ਬਣਦਾ ਹੈ, ਨਾ ਸੁਨਣਹਾਰਿਆਂ ਦਾ।

ਜੇਕਰ ਤੁਸੀਂ ਗੁਰਮਤਿ ਗੁਰਦੀਖਿਆ ਲੈ ਕੇ ਨਾਮ ਅਭਿਆਸ ਕਮਾਈਆਂ ਕਰੋ ਅਤੇ ਕਾਂਇਆ ਰੂਪੀ ਨਗਰੀ ਵਿਖੇ ਹੀ ਸੁਕ੍ਰਿਤ ਕਰਣੀ ਰੂਪੀ ਬੀਜ ਨੂੰ ਬੋਵੋ ਤਾਂ ਤੁਸਾਡਾ ਸਗਰਾ ਹੀ ਕਾਂਇਆ ਰੂਪੀ ਖੇਤ ਹਰਿਆ ਭਰਿਆ ਹੋ ਜਾਏ, ਅਤੇ ਨਾਮ-ਕਮਾਈਆਂ ਰੂਪੀ ਜੋਤਿ-ਰਸ-ਰੰਗੀ ਸਬਜ਼ੀ ਹੀ ਸਬਜ਼ੀ ਸਾਰੇ ਖੇਤ ਵਿਖੇ ਜੰਮ ਉਠੇ। ਗੁਰਮਤਿ ਨਾਮ ਕਮਾਈ ਦੁਆਰਾ ਅਸਥਿਰ ਹੋਇਆ ਮਨੂਆ ਸਦਾ ਹੀ ਨਾਮ-ਰੰਗ-ਰਸਾਂ ਦੀ ਕਮਾਈ ਵਿਖੇ ਜੁੜਿਆ ਰਹੇ, ਤਿਸ ਨਾਲ ਗੁਰਮਤਿ ਅੰਮ੍ਰਿਤ-ਰਸ ਦਾ ਸਿੰਚਨ ਸਦਾ ਹੀ ਕਾਂਇਆ ਰੂਪੀ ਖੇਤੀ ਵਿਖੇ ਹੁੰਦਾ ਰਹੇ।

ਇਹ ਜੋਗੀ ਜੰਗਮਾਂ ਦੀ, ਆਪ-ਹੁਦਰੀ ਖੇਡ ਜੋ ਤੁਸੀਂ ਰਚੀ ਹੋਈ ਹੈ, ਇਹ ਸਭ ਤੁਹਾਡੀ ਮੂੜ੍ਹ ਮਤਿ ਹੈ। ਜੋਗੀ ਜੰਗਮਾਂ ਦਾ ਫ਼ਿਰਕਾ, ਸਿਰ ਤੇ ਸਰਪ ਦੇ ਸ਼ਕਲ ਦੀ ਰੱਸੀ ਬੰਨ੍ਹ ਕੇ ਅਤੇ ਕੰਨਾਂ ਵਿਚ ਪਿੱਤਲ ਦੀਆਂ ਨੱਤੀਆਂ ਪਾ ਕੇ ਹੀ ਐਵੇਂ ਬੜ੍ਹਾਏ ਫਿਰਦੇ ਹਨ, ਤੇ ਏਸੇ ਫੋਕਟ ਕਿਰਿਆ ਨੂੰ ਹੀ ਕਲਿਆਣਕਾਰੀ ਸਮਝਦੇ ਹਨ, ਇਹ ਨਿਰੀ ਮਨਮਤਿ ਹੈ ਅਤੇ ਗੁਰਮਤਿ ਅਨੁਸਾਰ ਖੰਡਨਕਾਰੀ ਹੈ। ਆਪਣੀ ਮਨ-ਮਤੀ ਰਹੁ-ਰੀਤੀ ਅਨੁਸਾਰ ਤੁਸੀਂ ਕੰਨਾਂ ਵਿਚ ਮੁੰਦਰਾਂ ਪਾ ਕੇ ਚੇਲੇ ਬਣਾਉਂਦੇ ਹੋ, ਸੋ ਕਿਸੇ ਲੇਖੇ ਨਹੀਂ। ਅਸੀਂ ਤਾਂ ਸੱਚੇ ਵਾਹਿਗੁਰੂ ਅੰਤਰਜਾਮੀ ਦੇ ਕਾਇਲ ਅਤੇ ਸ਼ਰਧਾਲੂ ਹਾਂ ਅਤੇ ਉਸੇ ਦੇ ਭਾਣੇ ਅੰਦਰ ਚਲ ਕੇ ਜਿਧਰ ਉਹ ਲਾਉਂਦਾ ਹੈ, ਉਧਰ ਹੀ ਲਗਦੇ ਹਾਂ।

ਅਗਲੇ ਗੁਰਵਾਕ ਅੰਦਰ ਭੀ ਫੋਕਟ ਕਰਣੀ, ਨੱਚਣ ਟੱਪਣ ਵਾਲੇ ਇਹ ਘੁੰਗਰੂ ਤਾਲ ਬਜਾ ਕੇ ਫੋਕੇ ਗੀਤ ਗਾਵਣਹਾਰੇ ਭਗਤੀਆਂ ਦੇ ਭਗਤੀ ਫ਼ਿਰਕੇ ਨੂੰ

 www.sikhbookclub.com

ਖੰਡਨ ਕੀਤਾ ਗਿਆ ਹੈ। ਇਸ ਨੱਚਣ ਟੱਪਣ ਦੀ ਫੋਕਟ ਕਿਰਿਆ ਨੂੰ ਗੁਰੂ ਸਾਹਿਬ ਇਸ ਬਿਧ ਖੰਡਨ ਕਰਦੇ ਹਨ ਅਤੇ ਸੱਚੇ ਗੁਰਮਤਿ ਮਾਰਗ ਮਈ ਉਪਦੇਸ਼ ਦਾ ਮੰਡਨ ਕਰਦੇ ਹਨ—ਘੁੰਗਰੂ ਤਾਲ ਆਦਿਕ ਇਨ੍ਹਾਂ ਨੂੰ ਟੋਲਦਿਆਂ ਤੇ ਇਕੱਠੇ ਕਰਦਿਆਂ ਤਕੜਾ ਸਮਾਂ ਲਗਦਾ ਹੈ ਅਤੇ ਐਵੇਂ ਵਕਤ ਜ਼ਾਇਆ ਜਾਂਦਾ ਹੈ, ਇਸ ਬਿਧ ਵਕਤ ਜ਼ਾਇਆ ਕਰਨ ਦੇ ਥਾਉਂ ਨਾਮ ਜਪਣ ਵਿਚ ਹੀ ਕਿਉਂ ਨਾ ਜੁਟਿਆ ਜਾਵੇ, ਗੁਰਮਤਿ ਨਾਮ-ਰਸ-ਭਿੰਨੇ ਸਚੜੇ ਭਗਤੀ ਭਾਇ ਵਾਲੇ ਗੁਰਮੁਖਿ ਜਨ ਨੂੰ ਏਨੀ ਵਿਹਲ ਭੀ ਨਹੀਂ ਹੁੰਦੀ ਕਿ ਉਹ ਦੋ ਘੜੀ ਮਨ ਦੀ ਖ਼ੁਸ਼ੀ ਮਾਨਣ ਲਈ ਇਨ੍ਹਾਂ ਚੀਜ਼ਾਂ ਮਗਰ ਦੌੜਦਾ ਫਿਰੇ ਅਤੇ ਅਜਾਈਂ ਸਮਾਂ ਗੁਆ ਦੇਵੇ।

ਯਥਾ— ਕਬ ਕੋ ਭਾਲੈ ਘੁੰਘਰੂ ਤਾਲਾ ਕਬ ਕੋ ਬਜਾਵੈ ਰਬਾਬੁ ॥
ਆਵਤ ਜਾਤ ਬਾਰ ਖਿਨੁ ਲਾਗੈ ਹਉ ਤਬ ਲਗੁ ਸਮਾਰਉ ਨਾਮੁ ॥੧॥੬੨॥
[ਆਸਾ ਮ: ੪, ਪੰਨਾ ੩੬੮

ਗੁਰਮੁਖਾਂ ਦੇ ਅੰਤਰਗਤਿ ਤਾਂ ਹਰ ਦਮ ਹੀ ਸਾਸ ਗਿਰਾਸ ਭਾਉ-ਭਗਤੀ ਵਾਲੀ ਉਤਸ਼ਾਹਨਾ ਬਣੀ ਰਹਿੰਦੀ ਹੈ, ਉਹ ਤਾਂ ਖਿਨ ਪਲ ਭੀ ਵਾਹਿਗੁਰੂ ਦੀ ਭਗਤੀ ਨਾ ਕਰਨ ਤਾਂ ਵਾਹਿਗੁਰੂ ਨਾਮ ਅਭਿਆਸ ਬਿਨਾਂ ਨਹੀਂ ਰਹਿ ਸਕਦੇ, ਜੈਸੇ ਕਿ ਮਛਲੀ ਖਿਨ ਮਾਤਰ ਭੀ ਜਲ ਬਿਹੂਨ ਮਰ ਜਾਂਦੀ ਹੈ। ਐਨ ਇਹੋ ਭਾਵ ਇਸ ਗੁਰਵਾਕ ਦੀ ਅਗਲੇਰੀ ਰਹਾਉ ਵਾਲੀ ਦੋ-ਪੰਗਤੀ ਦਾ ਹੈ। ਯਥਾ—

ਮੇਰੈ ਮਨਿ ਐਸੀ ਭਗਤਿ ਬਨਿ ਆਈ ॥
ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ
ਜੈਸੇ ਜਲ ਬਿਨੁ ਮੀਨੁ ਮਰਿ ਜਾਈ ॥੧॥ਰਹਾਉ॥੬੨॥ [ਪੰਨਾ ੩੬੮

ਪੰਜਾਂ ਤਾਰਾਂ ਤੇ ਸੱਤਾਂ ਸੁਰਾਂ ਵਾਲੇ ਰਾਗ ਅਲਾਪਣ ਦੇ ਖਲਜਗਣ ਵਿਚ ਕਿਹੜਾ ਪਵੇ, ਕਿਉਂਕਿ ਰਾਗ-ਅਲਾਪਣੀ ਤੇ ਸੁਰਾਂ-ਮੇਲਣੀ ਫੋਕਟ-ਕਿਰਿਆ ਵਿਚ ਓੜਕ ਕੁਝ ਚਿਰ ਲਗ ਹੀ ਜਾਂਦਾ ਹੈ, ਸੁਰਾਂ ਮੇਲਦਿਆਂ, ਰਾਗਾਂ ਨੂੰ ਚੁਣਦਿਆਂ ਐਵੇਂ ਫ਼ਾਲਤੂ ਵਕਤ ਹੀ ਜਾਂਦਾ ਹੈ। ਉਤਨਾ ਚਿਰ ਗੁਰਮੁਖ ਜਨ ਵਾਹਿਗੁਰੂ ਦੇ ਗੁਣ ਗਾਵਣ ਵਿਚ ਸਫਲ ਕਰਦੇ ਹਨ। ਯਥਾ—

ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ ਰਾਗ ਧੁਨਿ ਉਠਾਵੈ ॥
ਮੇਲਤ ਚੁਨਤ ਖਿਨੁ ਪਲੁ ਚਸਾ ਲਾਗੈ
ਤਬ ਲਗੁ ਮੇਰਾ ਮਨੁ ਰਾਮ ਗੁਣ ਗਾਵੈ ॥੨॥੬੨॥ (ਪੰਨਾ ੩੬੮)

ਇਸ ਬਿਧ ਭਗਤੀ ਪਾਵਣ ਵਾਲੇ ਨਾਚੇ ਲੋਗ ਪੈਰਾਂ ਵਿਚ ਘੁੰਗਰੂ ਪਾ ਕੇ ਨਚਦੇ ਟਪਦੇ ਹਨ। ਸੋ ਇਸ ਨੱਚਣ ਕੁੱਦਣ ਦੇ ਭੈ ਵਿਚ, ਹੱਥਾਂ ਤੇ ਪੈਰਾਂ ਨੂੰ ਕੌਣ ਪਸਾਰਦਾ ਫਿਰੇ। ਹੱਥਾਂ ਪੈਰਾਂ ਨੂੰ ਪਸਾਰਨ ਵਾਲੇ ਯਤਨ ਵਿਚ ਐਵੇਂ ਢਿਲ ਬਿਲਮ ਲਗਦੀ ਫਿਰਦੀ ਹੈ। ਉਤਨਾ ਚਿਰ ਇਸ ਪ੍ਰਕਾਰ ਦੀ ਫੋਕਟ ਕਿਰਿਆ ਵਿਚ ਮਨ

ਨੂੰ ਖਚਤ ਕਰਨ ਦੇ ਥਾਉਂ ਵਾਹਿਗੁਰੂ ਨਾਮ ਅਭਿਆਸ ਦੇ ਵਿਚ ਜੁਟਣਾ ਹੀ ਭਲੇਰਾ ਹੈ। ਯਥਾ—

ਕਬ ਕੋ ਨਾਚੈ ਪਾਵ ਪਸਾਰੈ ਕਬ ਕੋ ਹਾਥ ਪਸਾਰੈ ॥
ਹਾਥ ਪਾਵ ਪਸਾਰਤ ਬਿਲਮੁ ਤਿਲੁ ਲਾਗੈ
ਤਬ ਲਗੁ ਮੇਰਾ ਮਨੁ ਰਾਮ ਸਮ੍ਹਾਰੈ ॥੩॥੬੨॥ (ਪੰਨਾ ੩੬੮)

ਇਹ ਸਾਰੀ ਨੱਚਣ ਕੁੱਦਣ ਅਤੇ ਹੱਥ ਪੈਰ ਪਸਾਰਨ ਵਾਲੀ ਫੋਕਟ ਕਿਰਿਆ, ਇਹ ਪਾਖੰਡੀ ਲੋਗ ਸਿਰਫ਼ ਲੋਗ-ਪਚਾਰੇ ਲਈ ਕਰਦੇ ਹਨ, ਲੋਗਾਂ ਨੂੰ ਪਤਿਆਉਣ ਅਤੇ ਪਰਚਾਉਣ ਲਈ ਇਹ ਲੋਕ-ਦਿਖਾਵਾ ਕੀਤਾ ਜਾਂਦਾ ਹੈ, ਪਰੰਤੂ ਇਸ ਬਿਧ ਲੋਕਾਂ ਨੂੰ ਪਤਿਆਉਣ ਪਰਚਾਵਣ ਵਾਲੀ ਪਾਖੰਡ-ਕਿਰਿਆ ਕਰਕੇ ਸੱਚੀ ਦਰਗਾਹੇ ਸੱਚੀ ਪਤਿ ਪ੍ਰਾਪਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਜਿਹੇ ਕੁਢੰਗ ਵਿਚ ਪੈਣ ਦੇ ਥਾਉਂ ਵਾਹਿਗੁਰੂ ਦੀ ਦਮ-ਬਦਮ ਯਾਦ ਗੁਰਮਤਿ ਅਨੁਸਾਰ ਕੀਤੀ ਜਾਵੇ ਤੇ ਸੱਚੀ ਸਿਫ਼ਤ ਸਾਲਾਹ ਦੀ ਪ੍ਰੀਤ ਪ੍ਰਤੀਤੀ ਜਾਵੇ ਤਾਂ ਲੋਕ ਪ੍ਰਲੋਕ ਵਿਖੇ ਜੈ ਜੈਕਾਰ ਹੋ ਜਾਂਦੀ ਹੈ, ਜੈਸਾ ਕਿ ਇਸ ਗੁਰਵਾਕ ਦੀਆਂ ਛੇਕੜਲੀਆਂ ਦੋ ਤੁਕਾਂ ਦਾ ਭਾਵ ਹੈ। ਯਥਾ—

ਕਬ ਕੋਊ ਲੋਗਨ ਕਉ ਪਤੀਆਵੈ ਲੋਕਿ ਪਤੀਣੈ ਨਾ ਪਤਿ ਹੋਇ ॥
ਜਨ ਨਾਨਕ ਹਰਿ ਹਿਰਦੈ ਸਦ ਧਿਆਵਹੁ
ਤਾ ਜੈ ਜੈ ਕਰੇ ਸਭੁ ਕੋਇ ॥੪॥੧੦॥੬੨॥ [ਆਸਾ ਮ: ੪, ਪੰਨਾ ੩੬੮

# ੫੧. ਮਾਇਆ ਦਾ ਪ੍ਰਭਾਵ ਤੇ ਏਸ ਤੋਂ ਛੁਟਕਾਰਾ

ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ ॥
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ ॥
ਭਾਈ ਮੀਤ ਕੁਟੰਬ ਦੇਖਿ ਬਿਬਾਦੇ ॥
ਹਮ ਆਈ ਵਸਗਤਿ ਗੁਰ ਪਰਸਾਦੇ ॥੧॥
ਐਸਾ ਦੇਖਿ ਬਿਮੋਹਿਤ ਹੋਏ ॥
ਸਾਧਿਕ ਸਿਧ ਸੁਰ ਦੇਵ ਮਨੁਖਾ ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ ॥੧॥ਰਹਾਉ॥
ਇਕਿ ਫਿਰਹਿ ਉਦਾਸੀ ਤਿਨ੍ਹ ਕਾਮਿ ਵਿਆਪੈ ॥
ਇਕਿ ਸੰਚਹਿ ਗਿਰਹੀ ਤਿਨ੍ਹ ਹੋਇ ਨ ਆਪੈ ॥
ਇਕ ਸਤੀ ਕਹਾਵਹਿ ਤਿਨ੍ਹ ਬਹੁਤੁ ਕਲਪਾਵੈ ॥

ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥੨॥
ਤਪੁ ਕਰਤੇ ਤਪਸੀ ਭੂਲਾਏ ॥ ਪੰਡਿਤ ਮੋਹੇ ਲੋਭਿ ਸਬਾਏ ॥
ਤ੍ਰੈ ਗੁਣ ਮੋਹੇ ਮੋਹਿਆ ਆਕਾਸੁ ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ ॥੩॥
ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥
ਜੋ ਤੂੰ ਕਹਹਿ ਸੋ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥
੪॥੧॥ [ਆਸਾ ਘਰੁ ੨ ਮ: ੫, ਪੰਨਾ ੩੭੦

ਇਸ ਗੁਰਵਾਕ ਦੁਆਰਾ ਜੋਗੀ, ਗਿਰਹੀ, ਤਪੱਸੀ, ਉਦਾਸੀ ਆਦਿਕ ਸਾਰੇ ਆਨਮਤ ਭੇਖਾਂ ਦਾ ਖੰਡਨ ਕੀਤਾ ਗਿਆ ਹੈ, ਇਕੋ ਗੁਰਮਤਿ ਮੰਡਨ ਦਰਸਾਇਆ ਗਿਆ ਹੈ।

ਮਾਇਆ ਵਡੇ ਵਡੇ ਕਰਮੀਆਂ, ਧਰਮੀਆਂ ਨੂੰ ਆ ਚਿਮੜਦੀ ਹੈ, ਆਨਮਤ ਕਰਮੀਆਂ ਨੂੰ ਆਣ ਚਿਮੜਦੀ ਹੈ, ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਇਸ ਡਾਇਣ ਤੋਂ ਬਚਦੇ ਹਨ, ਨਹੀਂ ਤਾਂ ਜਿਸ ਪੁਰਸ਼ ਨੇ ਭੀ ਮਾਇਆ ਨਾਲ ਪ੍ਰੀਤ ਲਾਈ ਹੈ, ਉਹ ਉਸੇ ਨੂੰ ਖਾ ਜਾਂਦੀ ਹੈ, ਜਿਸ ਕਿਸੇ ਨੇ ਭੀ ਇਸ ਮਾਇਆ ਦਾ ਆਦਰ ਕੀਤਾ ਹੈ, ਤਿਸੇ ਨੂੰ ਹੀ ਇਸ ਡਾਇਣ ਮਾਇਆ ਨੇ ਭੈ-ਭੀਤਨੀ ਦੰਦ ਦਿਖਾਏ ਹਨ। ਸੰਸਾਰੀ ਭਾਈ ਕੁਟੰਬੀ ਇਸ ਬਪੁਰੀ ਮਾਇਆ ਦੇ ਪਿਛੇ ਲਗ ਕੇ ਆਪਸ ਵਿਚ ਹੀ ਲੜਦੇ ਝਗੜਦੇ ਫਿਰਦੇ ਹਨ। ਸੋਈ ਗੁਰਮੁਖਿ ਜਨ ਇਸ ਤੋਂ ਬਚਦੇ ਹਨ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਪ੍ਰਸਾਦ ਦੇ ਕਾਰਨ ਗੁਰਮਤਿ ਮਤਿ ਦ੍ਰਿੜ੍ਹ ਹੋਣ ਦੀ ਕਿਰਪਾ ਹੁੰਦੀ ਹੈ; ਤਿਨ੍ਹਾਂ ਗੁਰਮਤਿ ਮਾਰਗੀ ਗੁਰਮੁਖਿ ਜਨਾਂ ਦੇ ਤਾਂ, ਇਹ ਲੋਕਾਂ ਨੂੰ ਭਰਮਾਉਣ ਵਾਲੀ ਮਾਇਆ, ਸਗੋਂ ਵਸਗਤਿ ਆ ਜਾਂਦੀ ਹੈ। ਮਾਇਆ ਐਸੀ ਮੋਹਿਣੀ ਅਤੇ ਛਲਣ ਵਾਲੀ ਹੈ ਕਿ ਇਸ ਨੂੰ ਵੇਖ ਕੇ ਸਾਰੇ ਲੋਗ ਹੀ ਮੋਹੇ ਜਾਂਦੇ ਹਨ। ਇਹ ਜਿਹੜੇ ਸਾਧਿਕ ਸਿਧ ਕਮਾਈਆਂ ਕਰਨ ਵਾਲੇ, ਸੁਰ, ਦੇਵ, ਮਨੁਖ ਆਨਮਤੀ ਲੋਗ ਹਨ, ਸਾਰੇ ਹੀ ਇਸ ਠਗਣੀ ਮਾਇਆ ਨੇ ਠਗ ਲਏ ਹਨ, ਇਸ ਦੇ ਧ੍ਰੋਹੇ ਹੋਏ ਤਾਬ ਨਹੀਂ ਲਿਆ ਸਕਦੇ। ਕੇਵਲ ਉਹ ਹੀ ਗੁਰਮਤਿ ਮਾਰਗੀ ਗੁਰਮੁਖਿ ਜਨ ਇਸ ਤੋਂ ਬਚਦੇ ਹਨ ਜਿਨ੍ਹਾਂ ਨੇ ਸਚੇ ਸਾਧੂ ਸਤਿਗੁਰੂ ਮਹਾਰਾਜ ਜੀ ਤੋਂ ਗੁਰ-ਦੀਖਿਆ ਲਈ ਹੈ।

ਇਹ ਜੋ ਉਦਾਸੀ ਦਾ ਭੇਖ ਧਾਰੀ ਫਿਰਦੇ ਹਨ, ਪਖੰਡੀ ਜਨ, ਅਤੇ ਗੁਰ-ਮਤਿ ਵਾਲਾ ਸੁੱਚਾ ਭੇਖ ਧਾਰਨ ਨਹੀਂ ਕਰਦੇ, ਤਿਨ੍ਹਾਂ ਨੂੰ ਇਹ ਮਾਇਆ ਕਾਮ ਦੀ ਸ਼ਕਲ ਧਾਰ ਕੇ ਆ ਚਿਮੜਦੀ ਹੈ। ਇਕ ਜਿਹੜੇ ਗ੍ਰਿਹਸਤੀ ਬਣ ਕੇ ਬਿਨਾਂ ਗੁਰਮਤਿ ਮਾਰਗ ਉੱਪਰ ਚੱਲੇ ਤੇ, ਇਸ ਮਾਇਆ ਨੂੰ ਸੰਚਨ (ਇਕਤ੍ਰ) ਕਰਨ ਵਿਚ ਦਿਨ ਰਾਤ ਖਚਤ ਰਹਿੰਦੇ ਹਨ, ਉਨ੍ਹਾਂ ਦੀ ਭੀ ਇਹ ਮਾਇਆ ਆਪਣੀ ਨਹੀਂ ਬਣਦੀ, ਸਗੋਂ ਧੋਖਾ ਹੀ ਦੇ ਜਾਂਦੀ ਹੈ। ਇਕ ਐਸੇ ਭੀ ਲੋਗ ਹਨ ਜੋ ਆਪਣੇ ਆਪ ਨੂੰ ਸਤੀ

**ਅਖਵਾਉਂਦੇ** ਹਨ, ਤਿਨ੍ਹਾਂ ਨੂੰ ਭੀ ਇਹ ਮਾਇਆ ਪ੍ਰਬਲ ਹੋ ਕੇ ਕਲਪਾਉਂਦੀ ਹੈ ਅਤੇ **ਦੁਖ** ਪੁਚਾਉਂਦੀ ਹੈ । ਕੇਵਲ ਤਿਨ੍ਹਾਂ ਗੁਰਮੁਖਿ ਜਨਾਂ ਦੀ ਹੀ ਇਸ ਮਾਇਆ ਨਾਗਣ **ਤੋਂ** ਰੱਖਿਆ ਹੁੰਦੀ ਹੈ, ਜੋ ਸੱਚੇ ਸਤਿਗੁਰ ਤੋਂ ਦੀਖਿਆ ਲੈ ਕੇ ਸੱਚੇ ਗੁਰਸਿਖ **ਬਣਦੇ** ਹਨ ਅਤੇ ਗੁਰਮਤਿ ਨਾਮ ਦੀਆਂ ਕਮਾਈਆਂ ਕਰਦੇ ਹਨ ।

ਇਸ ਬਪੁੜੀ ਮਾਇਆ ਨੇ ਕਈ ਵੇਸ ਧਾਰਨ ਕਰ ਕੇ ਤਪ ਕਰਦਿਆਂ ਤਪੱਸਵੀ ਜਨਾਂ ਨੂੰ ਭੀ ਰੁਲਾਇਆ ਤੇ ਭੁਲਾਇਆ ਹੈ ਅਤੇ ਤਿਨ੍ਹਾਂ ਆਨਮਤੀ ਤਪੀਸ਼ਰਾਂ ਦੇ ਤਪ ਨੂੰ ਭੰਗ ਕੀਤਾ ਹੈ । ਬੜੇ ਬੜੇ ਪੰਡਤ ਗਿਆਨੀ ਗੁਣੀ ਕਹਾਵਣ ਵਾਲੇ ਆਨਮਤੀ ਜਨ ਭੀ ਸਾਰੇ ਦੇ ਸਾਰੇ ਹੀ ਇਸ ਮਾਇਆ ਨੇ ਮੋਹ ਅਤੇ ਲੁਭਾਇ ਲਏ ਹਨ । ਗੱਲ ਕੀ, ਇਸ ਧਰਤੀ ਦੇ ਉੱਪਰ ਰਹਿਣ ਵਾਲੇ ਸਾਰੇ ਹੀ ਤ੍ਰੈਗੁਣੀ ਜੀਵ ਮਾਇਆ ਦੇ ਹੱਥੋਂ ਮੋਹੇ ਗਏ ਹਨ ਅਤੇ ਆਕਾਸ਼ ਉਤੇ ਰਹਿਣ ਦੀ ਰਿਹਾਇਸ਼ ਨੂੰ ਤਸੱਵਰ ਕਰਨ ਵਾਲੇ ਦੇਵ ਲੋਕ ਭੀ ਇਸ ਮਾਇਆ ਨੇ ਮੋਹ ਲਏ ਹਨ । ਕੇਵਲ ਉਹ ਗੁਰਮੁਖਿ ਜਨ ਹੀ ਇਸ ਬਹੁ-ਰੰਗਨੀ ਮਾਇਆ ਦੇ ਦੁਫੇੜ ਤੋਂ ਬਚੇ ਹਨ ਜਿਨ੍ਹਾਂ ਨੂੰ ਸਤਿਗੁਰੂ ਨੇ ਆਪਣਾ ਹੱਥ ਦੇ ਕੇ ਬਚਾਇਆ ਹੈ ।

ਐਸੇ ਬਚੇ ਰਹਿਣ ਵਾਲੇ ਲੋਕ ਕੇਵਲ ਗੁਰਮਤਿ ਮਾਰਗੀ ਗੁਰਮੁਖਿ ਜਨ ਹੀ ਹਨ, ਜੋ ਖਿਨ ਖਿਨ ਸਤਿਗੁਰੂ ਦੁਆਰਿਓਂ ਪ੍ਰਾਪਤ ਹੋਈ ਗੁਰਦੀਖਿਆ ਦੀਆਂ ਕਮਾ-ਈਆਂ ਕਰਦੇ ਹਨ । ਅਜਿਹੇ ਗੁਰਮੁਖਿ ਗਿਆਨੀਆਂ ਦੀ ਇਹ ਮਾਇਆ ਸਗੋਂ ਦਾਸੀ ਹੋ ਕੇ ਵਰਤਦੀ ਹੈ ਅਤੇ ਉਹਨਾਂ ਦੇ ਅੱਗੇ ਪਿੱਛੇ ਹੱਥ ਜੋੜੀ ਫਿਰਦੀ ਹੈ ਅਤੇ ਹੱਥ ਜੋੜ ਕੇ ਅਰਦਾਸ ਕਰਦੀ ਹੈ ਕਿ ਜੋ ਤੁਸੀਂ ਕਹੋਗੇ ਉਹ ਹੀ ਕਾਰ ਕਰੂੰਗੀ ਤੇ ਗੁਰਮੁਖਾਂ ਗੁਰਸਿਖਾਂ ਦੇ ਨੇੜੇ ਨਹੀਂ ਆਵਾਂਗੀ, ਗੁਰੂ ਘਰ ਦੇ ਗੁਰਮੁਖਾਂ (ਗੁਰੂ ਨਾਨਕ-ਪੰਥੀਆਂ) ਦੇ ਨਾ ਨੇੜੇ ਢੁੱਕਾਂਗੀ ।

ਗੱਲ ਕੀ, ਇਸ ਬਹੁ ਰੂਪ ਬਿਖਾਣੀ ਮਾਇਆ ਨੇ ਕਿਸੇ ਭੀ ਭੇਖੀ, ਆਨਮਤੀ, ਪਾਖੰਡੀ, ਤੀਰਥ-ਵਾਸੀ, ਜੋਗੀ, ਸੰਨਿਆਸੀ ਨੂੰ ਨਹੀਂ ਛਡਿਆ, ਨਾ ਹੀ ਕਿਸੇ ਸ਼ਾਸਤ੍ਰ, ਸਿਮ੍ਰਿਤ, ਬੇਦ ਅਭਿਆਸੀਆਂ ਨੂੰ ਛਡਿਆ ਹੈ । ਉਹ ਬਥੇਰਾ ਸਿਮ੍ਰਿਤ, ਸ਼ਾਸਤ੍ਰ ਪੜ੍ਹ ਕਰ ਕੇ ਅਤੇ ਵੇਦਾਂ ਦਾ ਪਾਠ ਕਰ ਕਰ ਕੇ ਥਕ ਗਏ । ਕੇਵਲ ਗੁਰਮੁਖਿ ਅਭਿਆਸੀ ਜਨਾਂ ਦਾ ਹੀ ਇਸ ਤੋਂ ਛੁਟਕਾਰਾ ਹੋਇਆ ਹੈ, ਜਿਨ੍ਹਾਂ ਨੇ ਸਤਿਗੁਰੂ ਤੋਂ ਸੱਚਾ ਉਪਦੇਸ਼ ਲੈ ਕੇ ਗੁਰਮੰਤਰ ਗੁਰ-ਦੀਖਿਆ ਨੂੰ ਦ੍ਰਿੜ੍ਹ ਕਰਕੇ ਪੂਰੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੀ ਹੈ । ਯਥਾ—

**ਧੁਰ ਕੀ ਭੇਜੀ ਆਈ ਆਮਰਿ ॥ ਨਉਖੰਡ ਜੀਤੇ ਸਭਿ ਥਾਨ ਥਨੰਤਰ ॥**
**ਤਟਿ ਤੀਰਥਿ ਨ ਛੋਡੇ ਜੋਗ ਸੰਨਿਆਸ ॥**
**ਪੜਿ ਥਾਕੇ ਸਿਮ੍ਰਿਤਿ ਬੇਦ ਅਭਿਆਸ ॥੨॥**
**ਜਹ ਬੈਸਉ ਤਹ ਨਾਲੇ ਬੈਸੈ ॥ ਸਗਲ ਭਵਨ ਮਹਿ ਸਬਲ ਪ੍ਰਵੇਸੈ ॥**

ਹੋਛੀ ਸਰਣਿ ਪਇਆ ਰਹਣੁ ਨ ਪਾਈ ॥
ਕਹੁ ਮੀਤਾ ਹਉ ਕੈ ਪਹਿ ਜਾਈ ॥੩॥
ਸੁਣਿ ਉਪਦੇਸੁ ਸਤਿਗੁਰ ਪਹਿ ਆਇਆ ॥
ਗੁਰਿ ਹਰਿ ਹਰਿ ਨਾਮੁ ਮੋਹਿ ਮੰਤ੍ਰੁ ਦ੍ਰਿੜਾਇਆ ॥
ਨਿਜ ਘਰਿ ਵਸਿਆ ਗੁਣ ਗਾਇ ਅਨੰਤਾ ॥
ਪ੍ਰਭੁ ਮਿਲਿਓ ਨਾਨਕ ਭਏ ਅਚਿੰਤਾ ॥੪॥੪॥

[ਆਸਾ ਮ: ੫, ਪੰਨਾ ੩੭੧

# ੫੨. ਪਾਖੰਡ ਕਿਰਿਆ ਦਾ ਖੰਡਨ

ਦਾਨੁ ਦੇਇ ਕਰਿ ਪੂਜਾ ਕਰਨਾ ॥ ਲੈਤ ਦੇਤ ਉਨੁ ਮੂਕਰਿ ਪਰਨਾ ॥
ਜਿਤੁ ਦਰਿ ਤੁਮ ਹੈ ਬ੍ਰਾਹਮਣ ਜਾਣਾ ॥ ਤਿਤੁ ਦਰਿ ਤੂੰ ਹੀ ਹੈ ਪਛੁਤਾਣਾ ॥੧॥
ਐਸੇ ਬ੍ਰਾਹਮਣ ਡੂਬੇ ਭਾਈ ॥
ਨਿਰਾਪਰਾਧ ਚਿਤਵਹਿ ਬੁਰਿਆਈ ॥੧॥ਰਹਾਉ॥
ਅੰਤਰਿ ਲੋਭੁ ਫਿਰਹਿ ਹਲਕਾਏ ॥ ਨਿੰਦਾ ਕਰਹਿ ਸਿਰਿ ਭਾਰੁ ਉਠਾਏ ॥
ਮਾਇਆ ਮੂਠਾ ਚੇਤੈ ਨਾਹੀ ॥ ਭਰਮੇ ਭੂਲਾ ਬਹੁਤੀ ਰਾਹੀ ॥੨॥
ਬਾਹਰਿ ਭੇਖ ਕਰਹਿ ਘਨੇਰੇ ॥ ਅੰਤਰਿ ਬਿਖਿਆ ਉਤਰੀ ਘੇਰੇ ॥
ਅਵਰ ਉਪਦੇਸੈ ਆਪਿ ਨ ਬੂਝੈ ॥ ਐਸਾ ਬ੍ਰਾਹਮਣੁ ਕਹੀ ਨ ਸੀਝੈ ॥੩॥
ਮੂਰਖ ਬਾਮਣ ਪ੍ਰਭੂ ਸਮਾਲਿ ॥ ਦੇਖਤ ਸੁਨਤ ਤੇਰੈ ਹੈ ਨਾਲਿ ॥
ਕਹੁ ਨਾਨਕ ਜੇ ਹੋਵੀ ਭਾਗੁ ॥ ਮਾਨੁ ਛੋਡਿ ਗੁਰ ਚਰਣੀ ਲਾਗੁ ॥੪॥੮॥

[ਆਸਾ ਮ: ੫, ਪੰਨਾ ੩੭੨

ਇਸ ਗੁਰਵਾਕ ਦੁਆਰਾ ਗੁਰੂ ਸਾਹਿਬ ਨੇ ਲੋਕ-ਪ੍ਰਚਲਤ ਬਾਹਮਣੀ ਮਤ ਦਾ ਖੰਡਨ ਕੀਤਾ ਹੈ ਅਤੇ ਪਾਖੰਡ ਨੂੰ ਖ਼ੂਬ ਉਘਾੜਿਆ ਹੈ। ਅਨਰਸ ਵਾਲੇ ਪੁਰਖ ਦਾ ਨਮੂਨਾ ਇਕ ਬ੍ਰਾਹਮਣ ਲਿਆ ਹੈ।

ਬ੍ਰਾਹਮਣਾਂ ਨੂੰ ਲੋਗ ਦਾਨ ਦੇ ਕੇ ਪੂਜਾ ਕਰਦੇ ਹਨ, ਪਰ ਉਹ ਲੈ ਦੇ ਕੇ ਮੁੱਕਰ ਜਾਂਦੇ ਹਨ, ਦਾਨ ਲੈਣਾ ਆਪਣਾ ਹੱਕ ਮੰਨਦੇ ਹਨ ਅਤੇ ਲੋਕਾਂ ਦਾ ਅਹਿਸਾਨ ਨਹੀਂ ਮੰਨਦੇ, ਪਰ ਇਹ ਨਹੀਂ ਜਾਣਦੇ ਕਿ ਧੁਰ ਦਰਗਾਹੇ ਉਨ੍ਹਾਂ ਨੂੰ ਪੂਰਾ ਲੇਖਾ ਦੇਣਾ ਪਵੇਗਾ ਅਤੇ ਪਛੋਤਾਣਾ ਪਵੇਗਾ। ਅਜਿਹੇ ਬ੍ਰਾਹਮਣ ਅੱਗੇ ਜਾ ਕੇ ਜ਼ਰੂਰ ਡੁੱਬਣਗੇ, ਕਿਉਂਕਿ ਉਹ ਨਿਰ-ਅਪਰਾਧ ਪੁਰਸ਼ਾਂ ਦੀ ਸਦਾ ਬੁਰਿਆਈ ਹੀ ਚਿਤਵਦੇ ਹਨ। ਯਥਾ —

ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਏ ॥੧॥੧੯॥

[ਭੈਰਉ ਮ: ੩, ਪੰਨਾ ੧੧੩੨

ਜੋ ਉਲਟੀ ਨਿੰਦਾ ਕਰ ਕਰ ਕੇ ਆਪਣੇ ਸਿਰ 'ਤੇ ਹੋਰ ਭਾਰ ਚੜ੍ਹਾਉਂਦੇ ਹਨ। ਐਸਾ ਲੋਭੀ ਅਤੇ ਨਿੰਦਕ ਬ੍ਰਾਹਮਣ ਮਾਇਆ ਦਾ ਮੁੱਠਿਆ ਹੋਇਆ ਈਸ਼ਵਰ ਪਰਮਾਤਮਾ ਨੂੰ ਤਾਂ ਚੇਤਦਾ ਹੀ ਨਹੀਂ, ਸਗੋਂ ਅਨਿਕ ਪ੍ਰਕਾਰ ਦੀਆਂ ਕੁਮੱਤੜੀਆਂ ਵਿਚ ਲਗਿਆ ਹੋਇਆ ਭਰਮ ਵਿਚ ਹੀ ਭੁੱਲਿਆ ਫਿਰਦਾ ਹੈ। ਅੰਤਰਗਤਿ ਤਾਂ ਮਾਇਆ ਰੂਪੀ ਬਿਖਿਆ ਦਾ ਲਿਬੜਿਆ ਹੋਇਆ ਹੁੰਦਾ ਹੈ ਅਤੇ ਬਾਹਰਵਾਰ ਭੇਖ ਪਾਖੰਡ ਘਨੇਰੇ ਹੈਂ, ਲੋਕਾਂ ਨੂੰ ਉਪਦੇਸ਼ਦਾ ਹੈ ਅਤੇ ਆਪ ਕਮਾਉਂਦਾ ਨਹੀਂ। ਅਜਿਹੇ ਬ੍ਰਾਹਮਣ ਦੀ ਕਿਤੇ ਭੀ ਪੂਰੀ ਨਹੀਂ ਪੈਂਦੀ।

ਓੜਕ ਗੁਰੂ ਸਾਹਿਬ ਐਸੇ ਬ੍ਰਾਹਮਣ ਪ੍ਰਤੀ ਬੜੀ ਕਰੜਾਈ ਨਾਲ ਉਪਦੇਸ਼ ਕਰਦੇ ਹਨ ਕਿ ਹੇ ਮੂਰਖ ਮਤ ਵਾਲੇ ਬ੍ਰਾਹਮਣ ! ਤੂੰ ਵਾਹਿਗੁਰੂ ਨਾਮ ਦੇ ਸਿਮਰਨ ਰੂਪੀ ਗੁਰਮਤਿ ਸੁਮਾਰਗ ਉਤੇ ਆ ਜਾ ਅਤੇ ਉਸ ਮਾਰਗ ਉਤੇ ਚਲ ਕੇ ਆਪਣਾ ਲੋਕ ਪ੍ਰਲੋਕ ਸਵਾਰ। ਵਾਹਿਗੁਰੂ ਅੰਤਰਜਾਮੀ ਤੇਰਿਆਂ ਸਾਰਿਆਂ ਪਾਖੰਡਾਂ ਕਰਤੂਤਾਂ ਨੂੰ ਦੇਖਦਾ ਸੁਣਦਾ ਹੈ ਅਤੇ ਨਾਲ ਹੀ ਨਾਲ ਵਰਤਦਾ ਹੈ। ਪਰੰਤੂ ਅਜਿਹੇ ਲੋਭੀ ਬ੍ਰਾਹਮਣ ਦੇ ਐਸੇ ਭਾਗ ਕਿੱਥੇ ਕਿ ਗੁਰਮਤਿ ਦੀ ਸੁਮਤਿ ਉਤੇ ਲਗ ਜਾਵੇ ? ਬ੍ਰਾਹਮਣ ਲੋਗ ਤਾਂ ਆਪਣੀ ਨਿਰੀ ਵਡਿਆਈ ਦੇ ਅਭਿਮਾਨ ਵਿਚ ਹੀ ਮੱਤੇ ਫਿਰਦੇ ਹਨ, ਗੁਰ-ਚਰਣੀ ਲੱਗਣ ਨੂੰ ਕਸਰੇ-ਸ਼ਾਨ ਸਮਝਦੇ ਹਨ, ਗੁਰ-ਦੀਖਿਆ ਤਾਂ ਉਨ੍ਹਾਂ ਕੀ ਲੈਣੀ ਸੀ, ਬਸ, ਫੋਕੇ ਮਾਣ ਵਿਚ ਡੁੱਬੇ ਹੋਏ ਭੰਬਲ-ਭੂਸੇ ਖਾਣਗੇ।

ਬਾਹਰੁ ਧੋਇ ਅੰਤਰੁ ਮਨੁ ਮੈਲਾ ਦੁਇ ਠਉਰ ਅਪੁਨੇ ਖੋਏ ॥
ਈਹਾ ਕਾਮਿ ਕ੍ਰੋਧਿ ਮੋਹਿ ਵਿਆਪਿਆ ਆਗੈ ਮੁਸਿ ਮੁਸਿ ਰੋਏ ॥੧॥
ਗੋਬਿੰਦ ਭਜਨ ਕੀ ਮਤਿ ਹੈ ਹੋਰਾ ॥
ਵਰਮੀ ਮਾਰੀ ਸਾਪੁ ਨ ਮਰਈ ਨਾਮੁ ਨ ਸੁਨਈ ਡੋਰਾ ॥੧॥ਰਹਾਉ॥
ਮਾਇਆ ਕੀ ਕਿਰਤਿ ਛੋਡਿ ਗਵਾਈ ਭਗਤੀ ਸਾਰ ਨ ਜਾਨੈ ॥
ਬੇਦ ਸਾਸਤ੍ਰ ਕਉ ਤਰਕਨਿ ਲਾਗਾ ਤਤੁ ਜੋਗੁ ਨ ਪਛਾਨੈ ॥੨॥੪੨॥

[ਆਸਾ ਮ: ੫, ਪੰਨਾ ੩੮੧

ਇਸ ਗੁਰਵਾਕ ਦੁਆਰਾ ਸੱਚੇ ਪਾਤਸ਼ਾਹ ਗੁਰੂ ਸਾਹਿਬ ਨੇ ਗੁਰਮਤਿ ਦਾ ਮੰਡਨ, ਮੁਕਾਬਲੇ ਵਿਚ ਆਨਮਤ ਪਾਖੰਡ ਦਾ ਖ਼ੂਬ ਖੰਡਨ ਕੀਤਾ ਹੈ ਅਤੇ ਦਿਖਾਵੇ ਮਾਤਰ ਦੀ ਭਗਤੀ ਨੂੰ ਸੋਧ ਪ੍ਰਬੋਧ ਕੇ ਸੱਚਾ ਸੁਮਾਰਗ ਦਰਸਾਇਆ ਹੈ। ਜੋ ਲੋਗ ਬਾਹਰੋਂ "ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ"* ਗੁਰਵਾਕ ਦੇ ਭਾਵ

---

*ਮ: ੧, ਵਾਰ ਸੂਹੀ ਮ: ੩, ॥੨॥੧੨॥ ਪੰਨਾ ੭੮੯

ਅਨੁਸਾਰ ਦਿਖਾਵੇ ਮਾਤਰ ਤਾਂ ਲੋਕਾਂ ਨੂੰ ਫੋਕੀ ਸਰੀਰਕ ਪੋਚਾ ਪੋਚੀ ਦਿਖਾਉਂਦੇ ਹਨ, ਪਰ ਅੰਦਰ ਉਨ੍ਹਾਂ ਦਾ ਮਲ ਮਲੀਣ ਹੀ ਰਹਿੰਦਾ ਹੈ, ਅਜਿਹੇ ਪਾਖੰਡੀ ਲੋਗਾਂ ਨੇ ਲੋਕ ਪ੍ਰਲੋਕ ਦੋਨੋਂ ਹੀ ਖੋ ਲਏ ਹਨ। ਬਾਹਰ ਦਾ ਦਿਖਲਾਵਾ ਭਾਵੇਂ ਕਿਤਨਾ ਹੀ ਦਿਖਾਵਣ, ਪਰ ਅੰਤਰਗਤੀ ਉਹ ਕਾਮ, ਕ੍ਰੋਧ, ਲੋਭ, ਮੋਹ ਦੇ ਮੁੱਠੇ ਹੋਏ ਹੁੰਦੇ ਹਨ। ਇਨ੍ਹਾਂ ਪਾਪੀ ਪਾਖੰਡੀ ਪੁਰਸ਼ਾਂ ਨੂੰ ਅਗੇ ਜਾ ਕੇ ਰੋਣਾ ਪਵੇਗਾ। ਸੱਚੀ ਗੁਰਮਤਿ ਮਤਿ ਵਾਹਿਗੁਰੂ ਭਜਨ ਦੀ ਨਿਰਾਲੀ ਹੀ ਹੈ। ਗੁਰਮਤਿ ਮਾਰਗੀ ਗੁਰਮੁਖਿ ਜਨ, ਅੰਮ੍ਰਿਤ ਵੇਲੇ ਇਸ਼ਨਾਨ ਜੋ ਕਰਦੇ ਹਨ, ਸਭ ਭਜਨ ਵਿਖੇ ਸਾਵਧਾਨ ਰਹਿਣ ਲਈ ਕਰਦੇ ਹਨ, ਲੋਕਾਂ ਨੂੰ ਦਿਖਾਵਣ ਲਈ ਨਹੀਂ ਕਰਦੇ ਕਿ ਅਸੀਂ ਬੜੇ ਉਦਕ-ਇਸ਼ਨਾਨੀ ਹਾਂ। ਉਦੱਕ-ਇਸ਼ਨਾਨ ਦਾ ਨਿਰਾ ਫੋਕਾ ਘਮੰਡ ਗੁਰਮੁਖਿ ਜਨਾਂ ਦੇ ਨੇੜੇ ਨਹੀਂ ਆਉਂਦਾ, ਮੁਖ ਤਾਤਪਰਜ ਤਾਂ ਉਨ੍ਹਾਂ ਦਾ ਗੋਬਿੰਦ ਭਜਨ ਗੁਰਮਤਿ ਮਤਿ ਵਾਲਾ ਹੁੰਦਾ ਹੈ। ਉਪਰੋਂ ਨਿਰੀ ਸਰੀਰ ਧੋਵਣ ਦੀ ਫੋਕਟ ਕਿਰਿਆ ਜੋ ਕਰਦੇ ਹਨ ਅਤੇ ਨਾਮ ਨਹੀਂ ਜਪਦੇ ਤਾਂ ਇਸ ਪ੍ਰਕਾਰ ਦੀ ਫੋਕਟ ਕਿਰਿਆ ਦੁਆਰਾ ਵਰਮੀ ਮਾਰੇ 'ਤੇ ਸੱਪ ਨਹੀਂ ਮਰਦਾ; ਅੰਦਰਲਾ ਮਨੂਆ ਕੇਵਲ ਸਰੀਰ ਧੋਵਣ ਨਾਲ ਨਹੀਂ ਸੋਧਿਆ ਜਾਂਦਾ। ਅਜਿਹੇ ਪਾਖੰਡੀ ਪੁਰਸ਼ ਨਾਮ ਜਪਣ ਤੇ ਸੁਨਣ ਵਲੋਂ ਉੱਕੇ ਹੀ ਕੋਰੇ ਅਤੇ ਡੋਰੇ (ਬਹਿਰੇ) ਹੁੰਦੇ ਹਨ। ਐਸਾ ਬਾਹਰ-ਮੁਖੀ ਪਾਖੰਡੀ ਪੁਰਸ਼ ਜੋ ਹੁੰਦਾ ਹੈ, ਉਸ ਨੇ ਦੋਨੋਂ ਜਹਾਨ ਗਵਾ ਲਏ ਸਮਝੋ।

ਸੰਸਾਰੀਆਂ ਲੋਕਾਚਾਰੀਆਂ ਵਾਲੀ ਪਾਖੰਡ-ਰਹਿਣੀ ਬਹਿਣੀ ਕਿਸੇ ਕੰਮ ਨਹੀਂ ਆਉਂਦੀ ਅਤੇ ਭਗਤਾਂ ਵਾਲੀ ਭਗਤੀ ਦੀ ਸੋਝੀ ਭੀ ਨਹੀਂ ਰਹਿੰਦੀ। ਉਹ ਪਾਖੰਡੀ ਧਰਮ ਕੇਵਲ ਏਸੇ ਗੱਲ ਵਿਚ ਸਮਝ ਰਿਹਾ ਹੈ ਕਿ ਆਪਣੀਆਂ ਮਨ-ਮੰਨੀਆਂ ਧਾਰਮਿਕ ਪੁਸਤਕਾਂ ਦੀ ਪੜਚੋਲ ਕਰ ਛੱਡੀ, ਬਸ ਹੋਰ ਕੁਝ ਨਹੀਂ। ਵਾਹਿਗੁਰੂ ਦੇ ਮਿਲਣ ਦੇ ਅਸਲੀ ਰਸਤੇ ਦੀ ਪਛਾਣ ਤਾਂ ਕਰਦੇ ਹੀ ਨਹੀਂ, ਮਾਇਆ ਦੀ ਕਿਰਤ ਕਮਾਈ ਛਡ ਬਹਿੰਦੇ ਹਨ, ਅਤੇ ਏਸੇ ਪਾਖੰਡ ਨੂੰ ਹੀ ਲੋਗਾਂ ਪ੍ਰਤੀ ਭਾਉ-ਭਗਤੀ ਕਰਿ ਜਣਾਉਂਦੇ ਹਨ। ਤੱਤ ਗੁਰਮਤਿ ਭਗਤੀ ਦੀ ਉਨ੍ਹਾਂ ਨੂੰ ਸੂਝ ਬੂਝ ਹੀ ਨਹੀਂ ਆਉਂਦੀ। ਤੱਤ ਗੁਰਮਤਿ ਜੋਗ ਪਛਾਣ ਹੀ ਨਹੀਂ ਸਕਦੇ, ਆਪਣੀਆਂ ਮਨ-ਮੰਨੀਆਂ ਆਨਮਤ ਪੁਸਤਕਾਂ, ਬੇਦ ਸ਼ਾਸਤ੍ਰਾਂ ਨੂੰ ਬਾਦ ਬਿਬਾਦ ਵਿਚ ਹੀ ਤਰਕਨ ਕੁਤਰਕਨ ਲਗ ਪੈਂਦੇ ਹਨ। ਐਸੇ ਪਾਖੰਡੀ ਲੋਕਾਂ ਦਾ ਪਾਖੰਡ ਐਉਂ ਉਘੜ ਜਾਏਗਾ ਜਿਵੇਂ ਖੋਟੇ ਤੇ ਪਾਜਲ ਸਿੱਕੇ ਦਾ ਪਾਜ ਉਘੜ ਜਾਂਦਾ ਹੈ। ਸੱਚੇ ਗੁਰਮਤਿ ਗ੍ਰਾਹਕੀ ਸਰਾਫ਼ਾਂ ਦੀ ਪਾਰਖੂ ਦ੍ਰਿਸ਼ਟੀ ਨਜ਼ਰ ਅੰਦਰ ਨਿਰੇ ਖੋਟੇ ਤੇ ਪਾਖੰਡੀ ਹੀ ਸਾਬਤ ਹੁੰਦੇ ਹਨ ਅਤੇ ਅੰਤਰਜਾਮੀ ਵਾਹਿਗੁਰੂ ਤਾਂ ਉਨ੍ਹਾਂ ਦੇ ਖੋਟ ਪਾਖੰਡ ਨੂੰ ਖ਼ੂਬ ਅੱਛੀ ਤਰ੍ਹਾਂ ਪਛਾਣਦਾ ਹੀ ਹੈ ਤੇ ਸਭ ਕੁਝ ਜਾਣਦਾ ਹੈ। ਉਸ ਦਾ ਪਾਖੰਡ, ਪਾਜ, ਗੁੱਝਾ ਛਿਪਾ ਨਹੀਂ ਰਹਿ ਸਕਦਾ। ਅਜਿਹੀ ਥੋਥੀ ਜ਼ਿੰਦਗੀ ਵਾਲਾ ਪ੍ਰਾਣੀ

ਝੂਠ ਫ਼ਰੇਬ ਅਤੇ ਧੋਖੇ ਦੇ ਕਾਰਨ ਤੁਰਤ ਹੀ ਨਸ਼ਰ (ਬਦਨਾਮ) ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਇਸ ਭੇਦ ਨੂੰ ਸਤਿ ਸਤਿ ਕਰਕੇ ਜਣਾਇਆ ਹੈ। ਸੋ ਇਸ ਰਮਜ਼ ਦੀ ਹਰ ਇਕ ਗੁਰਮਤਿ ਜਗਿਆਸੂ ਨੂੰ ਹਿਰਦੇ ਵਿਚ ਗੰਢ ਬੰਨ੍ਹ ਲੈਣੀ ਚਾਹੀਦੀ ਹੈ।

ਇਸ ਗੁਰਵਾਕ ਅੰਦਰ ਬੇਦਾਂ ਸ਼ਾਸਤ੍ਰਾਂ ਆਨਮਤ ਪੁਸਤਕਾਂ ਦਾ ਗੁਰਮਤਿ ਅੰਦਰ ਮੰਡਨ ਹਰਗਿਜ਼ ਸਿਧ ਨਹੀਂ ਹੁੰਦਾ, ਬਲਕਿ ਖੰਡਨ ਹੀ ਹੈ। ਬੇਦ ਸ਼ਾਸਤ੍ ਆਦਿਕ ਮੱਤਾਂ ਦੇ ਉਪਾਸ਼ਕ ਹੀ ਇਹਨੂੰ ਤਰਕਨ ਲਗ ਪੈਂਦੇ ਹਨ। ਲੋਗ-ਦਿਖਾਵੇ ਦੀ ਪਾਖੰਡ-ਕਿਰਿਆ ਹੀ ਸਿਧ ਹੁੰਦੀ ਹੈ। ਗੁਰਮਤਿ-ਮਾਰਗੀਆਂ ਨੂੰ ਇਸ ਤੋਂ ਸਿਖਸ਼ਾ ਲੈਣੀ ਚਾਹੀਦੀ ਹੈ ਅਤੇ ਉਹ ਆਨਮਤ ਮਤ ਅਵਲੰਬੀਆਂ ਦੀ ਨਿਆਈਂ ਤਰਕ ਕੁਤਰਕ ਦੀ ਬਾਦੀ ਨੂੰ ਨਾ ਸਹੇੜ ਬੈਠਣ।

ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ ॥੧॥
ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ ॥੧॥ਰਹਾਉ॥
ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥੨॥
ਕਰ ਸੰਗਿ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ ॥
ਮਨੁ ਤਨੁ ਅਰਪਿ ਧਰੇ ਗੁਰ ਆਗੈ ਸਤਿ ਪਦਾਰਥੁ ਪਾਵੈ ॥੩॥
ਜੋ ਜੋ ਸੁਨੈ ਪੇਖੈ ਲਾਇ ਸਰਧਾ ਤਾ ਕਾ ਜਨਮ ਮਰਨ ਦੁਖੁ ਭਾਗੈ ॥
ਐਸੀ ਨਿਰਤਿ ਨਰਕ ਨਿਵਾਰੈ ਨਾਨਕ ਗੁਰਮੁਖਿ ਜਾਗੈ ॥੪॥੪॥੪੩॥

[ਆਸਾ ਮ: ੫, ਪੰਨਾ ੩੮੧

ਇਹ ਗੁਰਵਾਕ ਗੁਰੂ ਸਚੇ ਪਾਤਸ਼ਾਹ ਨੇ ਆਨਮਤਾਂ ਦੇ ਬਾਹਰਲੀ ਦਿਖਾਵੇ ਦੀ ਕਿਰਿਆ ਸੋਧਣ ਪ੍ਰਬੋਧਣ ਲਈ ਨਿਰੂਪਨ ਕੀਤਾ ਹੈ ਕਿ ਇਸ ਵਾਕ ਦੁਆਰਾ ਅੰਦਰਲੀ ਲਗਨ ਕਿਵੇਂ ਲਗਦੀ ਹੈ ਅਤੇ ਅਸਲ ਗੁਰਮਤਿ ਭਗਤੀ ਕਿਵੇਂ ਹੁੰਦੀ ਹੈ। ਇਕ ਫ਼ਿਰਕਾ ਹੈ ਜੋ ਸਰੰਗੀ, ਤਬਲੇ, ਛੈਣੇ, ਘੁੰਗਰੂ ਆਦਿਕ ਨਾਲ ਨਾਚ ਕਰਨ ਨੂੰ ਭਗਤੀ ਕਹਿੰਦੇ ਹਨ। ਗੁਰੂ ਸਾਹਿਬ ਇਸ ਗੁਰਵਾਕ ਅੰਦਰ ਅਸਲੀ ਗੁਰਮਤਿ ਨਿਰਤਕਾਰੀ ਦਾ ਰੂਪ ਦਸਦੇ ਹਨ, ਜਿਸ ਦੁਆਰਾ ਗੁਰਮਤਿ ਜਗਿਆਸੂ ਗੁਰੂ ਦੇ ਰਾਹੀਂ ਦੀਖਿਆ ਲੈ ਕੇ ਸੱਚੀ ਆਤਮਕ ਜਾਗ ਪ੍ਰਾਪਤ ਕਰਦਾ ਹੈ ਅਤੇ ਨਰਕਾਂ ਦੇ ਦੁਖਾਂ ਤੋਂ ਬਚ ਕੇ ਜਨਮ ਸਫਲਾ ਕਰ ਲੈਂਦਾ ਹੈ। ਉਹ ਗੁਰਮਤਿ ਜਗਿਆਸੂ ਜਿਉਂ ਜਿਉਂ ਇਸ ਪ੍ਰਕਾਰ ਦਾ ਗੁਰਮਤਿ ਜੀਵਨ ਬਣਾਉਣ ਲਈ ਉਦਮ ਕਰਦਾ ਹੈ ਤਿਉਂ ਤਿਉਂ ਉਸ ਦਾ ਮਨ ਸਾਫ਼ ਹੁੰਦਾ ਜਾਂਦਾ ਹੈ। ਕੁਝ ਪਾਖੰਡੀ ਨੱਚਣ ਟੱਪਣ

 www.sikhbookclub.com

ਨੂੰ ਅਤੇ ਤਬਲੇ ਆਦਿ ਸਾਜ ਬਜਾਉਣ ਨੂੰ ਹੀ ਭਗਤੀ ਦਸਦੇ ਹਨ, ਉਸ ਦੇ ਥਾਉ ਗੁਰੂ ਸਾਹਿਬ ਇਹ ਦ੍ਰਿੜ੍ਹਾਉਂਦੇ ਹਨ ਕਿ ਪ੍ਰਿਥਮੇ ਹਉਮੈ ਦੂਰ ਕਰੋ ਅਤੇ ਗੁਰਮਤਿ ਨਾਮ ਅਭਿਆਸ ਦੁਆਰਾ ਐਸੀ ਸੁਰਤੀ ਬ੍ਰਿਤੀ ਧਾਰਨ ਕਰੋ ਕਿ ਸੱਚੇ ਗੁਰ-ਸ਼ਬਦ ਦੀ ਗੁਰ-ਦੀਖਿਆ ਦੇ ਪ੍ਰਤਾਪ ਦਾ ਸਦਕਾ ਦਸਮ ਦੁਆਰ ਵਿਖੇ ਅਖੰਡ ਕੀਰਤਨ ਲਈ ਅਨਹਦ ਸ਼ਬਦ ਮਈ ਧੁਨੀ ਬਝ ਜਾਵੇ। ਜਦ ਮਨਮੁਖ ਲੋਕਾਂ ਨੂੰ ਤੱਤ ਭਗਤੀ ਦੀ ਸਾਰ ਨਹੀਂ ਆਉਂਦੀ ਤਾਂ ਲੋਕਾਂ ਨੂੰ ਦਿਖਾਵਣ ਲਈ ਇਸ ਪ੍ਰਕਾਰ ਦੀ ਪਾਖੰਡ-ਭਗਤੀ ਵਿਚ ਪ੍ਰਵਿਰਤ ਹੋ ਜਾਂਦੇ ਹਨ। ਗੁਰਮਤਿ ਜਗਿਆਸੂ ਦਾ ਮਨ, ਗੁਰਮਤਿ ਅਭਿਆਸ ਕਮਾਈ ਲਈ ਤਿਆਰ ਹੋਣ ਦਾ ਉਦਮ ਕਰਨ ਸਾਰ ਹੀ ਨਿਰਮਲ ਹੋ ਜਾਂਦਾ ਹੈ ਅਤੇ ਆਪਾ ਭਾਵ (ਹਉਮੈ) ਦੂਰ ਕਰ ਦੇਵੇ, ਕਾਮ ਆਦਿਕ ਪੰਜ ਵਿਸ਼ਿਆਂ ਨੂੰ ਕਾਬੂ ਵਿਚ ਰੱਖੇ, ਅਤੇ ਹਰ ਦਮ ਹਿਰਦੇ ਅੰਦਰ ਏਕੰਕਾਰ ਵਾਹਿਗੁਰੂ ਦੇ ਅਭਿਆਸ ਵਿਚ ਜੁਟਿਆ ਰਹੇ, ਇਸ ਬਿਧ, ਕੇਵਲ ਇਸ ਬਿਧ ਹੀ ਪੰਜੇ ਵਿਸ਼ੇ ਵਸਗਤਿ ਹੋ ਸਕਦੇ ਹਨ। ਵਾਹਿਗੁਰੂ ਦਾ ਅਸਲੀ ਗੁਰਮੁਖਿ ਜਨ ਵਾਹਿਗੁਰੂ ਦੇ ਗੁਣ ਗਾਵਣ ਦੀ ਨਿਰਤਕਾਰੀ ਵਿਚ ਹੀ ਖਿਨ ਖਿਨ ਰਚਿਆ ਰਹਿੰਦਾ ਹੈ। ਰਬਾਬ, ਤਬਲਾ, ਛੈਣੇ, ਘੁੰਗਰੂ ਆਦਿਕ ਬਾਹਜ ਸਾਜ ਬਜਾ ਕੇ ਨੱਚਣ ਟੱਪਣ ਦੇ ਥਾਉਂ ਉੱਪਰ ਦੱਸੇ ਅਨੁਸਾਰ ਅਨਹਦ ਸ਼ਬਦ ਹੀ ਬਜਾਉਂਦਾ ਹੈ। ਇਸ ਬਿਧ ਸੱਚੀ ਨਿਰਤਕਾਰੀ ਗੁਰਮੁਖਿ ਜਨਾਂ ਦੇ ਹਿਰਦੇ ਅੰਦਰ ਹਰ ਦਮ ਹੁੰਦੀ ਰਹਿੰਦੀ ਹੈ, ਉਹ ਪਹਿਲਾਂ ਆਪਣੇ ਮਨ ਨੂੰ ਸਮਝਾਉਂਦਾ ਹੈ, ਪਿਛੋਂ ਹੋਰਨਾਂ ਨੂੰ ਰੀਝਾਉਂਦਾ ਹੈ (ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ)"* । ਅਕਾਲ ਪੁਰਖ ਵਾਹਿਗੁਰੂ ਦੇ ਨਾਮ ਦੀ ਅਭਿਆਸ ਲਿਵਤਾਰ, ਵਾਹਿਗੁਰੂ ਦੇ ਨਾਮ ਦੇ ਜਪ ਜਾਪ ਨਾਲ ਹੀ ਅੰਤਰ-ਆਤਮੇ ਲਗਦੀ ਹੈ, ਅੰਤਰ-ਆਤਮੇ ਅਭਿਆਸ ਕਰਦਾ ਹੋਇਆ ਗੁਰਮੁਖਿ ਜਨ, ਉੱਚੀ ਅਭਿਆਸ ਕਰਕੇ ਹੋਰਨਾਂ ਨੂੰ ਭੀ ਸੁਣਾਉਂਦਾ ਹੈ ("ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ")। ਹੱਥਾਂ ਨਾਲ ਗੁਰਮੁਖਿ ਜਨਾਂ ਦੇ ਚਰਨ ਪਖਾਰਨੇ ਗੁਰਮਤਿ ਜਗਿਆਸੂ ਜਨਾਂ ਦੀ ਅਹਿਮ ਜਗਿਆਸਾ ਹੈ। ਸਾਧ ਸੰਗਤ ਦੀ ਧੂੜੀ ਲੈ ਕੇ ਸਰੀਰ ਵਿਖੇ ਲਾਉਣੀ ਗੁਰਮਤਿ ਜਗਿਆਸੂ ਨੂੰ ਨਾਮ-ਰੰਗਾਂ ਵਿਚ ਮਸਤੁਲ ਮਸਤ ਕਰ ਲੈਂਦੀ ਹੈ। ਸਤਿ ਪਦਾਰਥੁ ਵਾਹਿਗੁਰੂ ਨਾਮ ਅਭਿਆਸ ਨੂੰ ਪ੍ਰਾਪਤ ਕਰਕੇ ਮਨ ਤਨ ਗੁਰ ਸਤਿਗੁਰੂ ਵਾਹਿਗੁਰੂ ਅਗੇ ਅਰਪਨ, ਭੇਟ ਕਰ ਛੱਡੇ। ਜੋ ਜੋ ਗੁਰਮਤਿ ਜਗਿਆਸੂ ਇਸ ਆਤਮ-ਅਵਸਥਾ ਨੂੰ ਸ਼ਰਧਾ ਲਾ ਕੇ ਸੁਣਦਾ ਪੇਖਦਾ ਹੈ, ਤਿਸ ਦਾ ਜਨਮ ਮਰਨ ਚੁਰਾਸੀ ਦੇ ਗੇੜ ਵਾਲਾ ਦੁਖ ਸਭ ਨਵਿਰਤ ਹੋ ਜਾਂਦਾ ਹੈ। ਐਸੀ ਉਤਮ ਨਿਰਤਕਾਰੀ ਕੀਤਿਆਂ ਨਰਕ ਨਿਵਾਰ ਦੇਈਦਾ ਹੈ। ਗੁਰੂ ਤੋਂ ਵਰੋਸਾਏ ਗੁਰਮੁਖਿ ਜਨ ਨੂੰ ਸੱਚੀ ਨਿਰਤਕਾਰੀ ਦੀ

* .. ੨॥੪॥੪੩॥ [ਆਸਾ ਮ: ੫, ਪੰ: ੩੮੧

ਜਾਗ੍ਰਤੀ ਪ੍ਰਾਪਤ ਹੁੰਦੀ ਹੈ।

ਰਾਜ ਲੀਲਾ ਤੇਰੈ ਨਾਮਿ ਬਨਾਈ ॥ ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥੧॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥੧॥ਰਹਾਉ॥
ਹੁਕਮੁ ਬੂਝਿ ਰੰਗ ਰਸ ਮਾਣੇ ॥ ਸਤਿਗੁਰ ਸੇਵਾ ਮਹਾ ਨਿਰਬਾਣੇ ॥੨॥
ਜਿਨਿ ਤੂੰ ਜਾਤਾ ਸੋ ਗਿਰਸਤ ਉਦਾਸੀ ਪਰਵਾਣੁ॥ਨਾਮਿ ਰਤਾ ਸੋਈ ਨਿਰਬਾਣੁ॥੩॥
ਜਾ ਕਉ ਮਿਲਿਓ ਨਾਮੁ ਨਿਧਾਨਾ ॥ ਭਨਤਿ ਨਾਨਕ ਤਾ ਕਾ ਪੂਰ ਖਜਾਨਾ ॥
੪॥੬॥੫੭॥ [ਆਸਾ ਮ: ੫, ਪੰਨਾ ੩੮੫

ਗੁਰਮਤਿ ਰਾਜ ਲੀਲ੍ਹਾ ਨਿਰੰਕਾਰੀ ਨਾਮ ਦੇ ਰੰਗਾਂ ਵਿਚ ਰੰਗੀਜੇ ਰਹਿਣ ਦਾ ਨਾਉਂ ਹੈ। ਸੰਸਾਰੀ ਰਸਾਂ ਕਸਾਂ ਵਿਚ ਖਚਤ ਹੋ ਕੇ ਲਿਪਾਇਮਾਨ ਰਹਿਣਾ ਇਹ ਸਭ ਮਨ ਮਈ ਖੋਟੀ ਰਾਜ ਲੀਲ੍ਹਾ ਦਾ ਵਿਸ਼ਾ ਹੈ। ਗੁਰਮਤਿ ਕੀਰਤਨ ਗਾਵਣਾ, ਗੁਰਬਾਣੀ ਦੇ ਅਖੰਡ ਕੀਰਤਨ ਵਿਚ ਸਦਾ ਲਿਵਲੀਨ ਰਹਿਣਾ ਸੱਚਾ ਰਾਜ-ਜੋਗ ਕਮਾਵਣਾ ਹੈ। ਇਹ ਆਤਮ ਬਿਵਸਥਾ ਗੁਰਮੁਖ ਰਾਜ ਜੋਗੀਆਂ ਨੂੰ ਗ੍ਰਿਹਸਤ ਵਿਚ ਰਹਿ ਕੇ ਹੀ ਪ੍ਰਾਪਤ ਹੋ ਜਾਂਦੀ ਹੈ। ਗ੍ਰਿਹਸਤ ਨੂੰ ਛਡ ਕੇ ਬਾਹਰ ਬੈਠ ਕੇ ਜੋਗ ਕਮਾਉਣਾ, ਇਹ ਆਨਮਤ ਦੀ ਮਨਮਤਿ ਗ੍ਰਸੇ ਜੋਗੀਆਂ ਦਾ ਹੀ ਪਾਖੰਡ-ਕਿਰਿਆ ਮਈ ਪਾਖੰਡ ਹੈ। ਸੱਚਾ ਰਾਜ-ਜੋਗ ਗੁਰਮੁਖਿ ਜਨਾਂ ਨੂੰ ਗ੍ਰਿਹਸਤ ਵਿਚ ਰਹਿ ਕੇ, ਗੁਰਸਿਖ ਸੰਗਤਾਂ ਵਿਚ ਬਹਿ ਕੇ, ਗੁਰਬਾਣੀ ਦੇ ਅਖੰਡ ਕੀਰਤਨ ਵਿਚ ਲਿਵਤਾਰ ਜਮਾ ਕੇ ਪ੍ਰਾਪਤ ਹੋ ਜਾਂਦਾ ਹੈ। ਗੁਰਮਤਿ ਜੋਗੀਸ਼ਰਾਂ ਨੂੰ ਬਨ ਖੰਡ ਵਿਚ ਜਾ ਕੇ ਜੋਗ ਤਪ ਕਰਨ ਦੀ ਉੱਕੀ ਹੀ ਲੋੜ ਨਹੀਂ, ਐਸੀ ਪਾਖੰਡ ਕਿਰਿਆ ਗੁਰਮਤਿ ਤੱਤ ਆਸ਼ੇ ਤੋਂ ਪ੍ਰਤਿਕੂਲ ਹੈ। ਇਸ ਸੱਚੀ ਰਾਜ-ਜੋਗ ਆਤਮ ਬਿਵਸਥਾ ਦੇ ਸਗਲੇ ਸੁਖ ਵਾਹਿਗੁਰੂ ਨਾਮ ਦੀ ਓਟ ਵਿਚ ਹੀ ਮਾਣੀਦੇ ਹਨ। ਸਤਿਗੁਰ ਨਾਨਕ ਦੇਵ ਜੀ ਨੇ ਕੂੜਾਵੀ ਰਾਜ ਲੀਲ੍ਹਾ ਮਈ ਤਿਮਰ ਗਿਆਨ ਦੇ ਸਾਰੇ ਭਰਮ ਪਰਦੇ ਖੋਲ੍ਹ ਦਿਤੇ ਹਨ।

ਸਤਿਗੁਰੂ ਦਾ ਵਾਹਿਗੁਰੂ ਨਾਮ ਅਭਿਆਸ ਲਈ ਹੁਕਮ ਮੰਨਣਾ ਸਮੱਗਰ ਆਤਮ ਰੰਗਾਂ ਰਸਾਂ ਨੂੰ ਮਾਨਣਾ ਹੈ। ਸਤਿਗੁਰੂ ਦੀ ਦਰਸਾਈ ਹੋਈ ਸਿਮਰਨ ਰੂਪੀ ਸੇਵਾ ਵਿਚ ਲੀਨ ਹੋਣਾ ਸੱਚਾ ਨਿਰਬਾਣ ਪਦ, ਮਹਾਨ ਪਦ ਮਾਨਣਾ ਹੈ। ਬੋਧੀਆਂ ਦੀ ਜਾਣਾਈ ਹੋਈ ਫੋਕੀ ਨਿਰਬਾਣ ਪਦ ਦੀ ਦਿਸਾਵਟ, ਗੁਰਮਤਿ ਅਨੁਸਾਰ ਕਿਸੇ ਲੇਖੇ ਦੀ ਭੀ ਨਹੀਂ। ਬੁਧ ਮਤ ਦੇ ਮੋਢੀ ਸੰਸਾਰਕ ਰਸਾਂ ਕਸਾਂ ਚੋਂ ਕੇਵਲ ਹਠ ਦੁਆਰੇ ਬਿਰਤੀ ਉਚਾਟ ਕਰਨ ਨੂੰ ਹੀ ਨਿਰਬਾਣ ਪਦ ਗ੍ਰਹਿਣ ਕਰਨਾ ਦਸਦੇ ਹਨ, ਸਹਿਜੇ ਹੀ ਜੋ ਫੋਕਟ ਨਿਰਬਾਣ ਕਿਰਿਆ ਨਿਰੀ ਹਠ ਧਰਮੀ ਹੈ, ਜਿਸਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਗੁਰਮਤਿ ਮਤ ਅਨੁਸਾਰ ਸੇਵਾ ਵਿਚ ਲੀਨ ਹੋਣਾ ਹੀ ਮਹਾਂ ਨਿਰਬਾਣ ਪਦ ਧਾਰਨਾ ਹੈ।

ਜਿਸ ਗੁਰਮੁਖ ਜਗਿਆਸੂ ਜਨ ਨੇ ਗੁਰਮਤਿ-ਨਾਮ-ਅਭਿਆਸੀ ਕਮਾਈਆਂ ਕਰਿ ਕਰਿ ਵਾਹਿਗੁਰੂ ਅਕਾਲ ਪੁਰਖ ਦਾ ਤੱਤ ਪ੍ਰਚੰਡੀ ਅਪਰੋਖਸ਼ ਗਿਆਨ ਗ੍ਰਿਹਸਤ ਵਿਖੇ ਰਹਿ ਕੇ ਪ੍ਰਾਪਤ ਕਰ ਲਿਆ ਹੈ, ਸੋਈ ਜਨ ਗ੍ਰਿਹਸਤ ਉਦਾਸ ਪ੍ਰਵਾਨ ਹੈ। ਵਾਹਿਗੁਰੂ ਅਭਿਆਸ ਦੇ ਨਾਮ-ਰੰਗਾਂ ਵਿਚ ਰੱਤਾ ਹੋਇਆ ਗੁਰਮੁਖਿ ਜਨ ਹੀ ਸੱਚੇ ਨਿਰਬਾਣ ਪਦ ਦੀ ਪ੍ਰਾਪਤੀ ਵਾਲਾ ਹੈ। ਜਿਸ ਵਡਭਾਗੇ ਗੁਰਮੁਖਿ ਜਨ ਨੂੰ ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰ-ਦੀਖਿਆ ਮਈ ਸੱਚੀ ਬਿਧੀ ਪ੍ਰਾਪਤ ਹੋ ਗਈ ਹੈ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਸ ਗੁਰਮੁਖਿ ਜਨ ਦੇ ਨਾਮ-ਖਜ਼ਾਨੇ ਸਦਾ ਭਰਪੂਰ ਰਹਿੰਦੇ ਹਨ।

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥੧॥
ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥੧॥ਰਹਾਉ॥
ਸਾਸਤ੍ਰ ਬੇਦ ਪਾਪ ਪੁੰਨ ਵੀਚਾਰ॥ਨਰਕਿ ਸੁਰਗਿ ਫਿਰਿ ਫਿਰਿ ਅਉਤਾਰ ॥੨॥
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥੩॥
ਪ੍ਰਭ ਕਿਰਪਾ ਤੇ ਮਨੁ ਵਸਿ ਆਇਆ ॥
ਨਾਨਕ ਗੁਰਮੁਖ ਤਰੀ ਤਿਨਿ ਮਾਇਆ ॥੪॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨੁ ਗੁਰੂ ਤੇ ਪਾਈਐ ॥੧॥ਰਹਾਉ ਦੂਜਾ ॥੭॥੫੮॥

[ਆਸਾ ਮ: ੫, ਪੰਨਾ ੩੮੫

ਇਸ ਗੁਰਵਾਕ ਦੁਆਰਾ ਗੁਰੂ ਸੱਚੇ ਪਾਤਸ਼ਾਹ ਨੇ ਪ੍ਰਿਥਮ ਤਾਂ ਆਨਮਤੀ ਤੀਰਥਾਂ ਤੇ ਨਹਾਵਣ ਨੂੰ ਖ਼ੂਬ ਖੰਡਨ ਕੀਤਾ ਹੈ। ਆਨਮਤੀ ਲੋਗ ਤੀਰਥਾਂ 'ਤੇ ਜਾਂਦੇ ਹਨ ਤਾਂ ਹਉਂ ਹਉਂ ਕਰਦੇ ਜਾਂਦੇ ਹਨ।

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ ॥
ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥...੨॥੧੨॥

[ਵਾਰ ਸੂਹੀ, ਸਲੋਕ ਮ: ੧, ਪੰਨਾ ੭੮੯

ਬਸ, ਹੰਕਾਰ ਦਾ ਰੰਗ-ਭਾਉ ਹੀ ਚਾੜ੍ਹਦੇ ਹਨ, ਉਨ੍ਹਾਂ ਦਾ ਸੌਰਨਾ ਕੁਝ ਨਹੀਂ। ਗੁਰਮਤਿ ਅਨੁਸਾਰ ਨਾਮ-ਰੰਗਾਂ ਵਿਚ ਅਤੇ ਸ਼ਬਦ ਅਭਿਆਸ ਉਪਜਾਏ ਪ੍ਰਚੰਡ ਗਿਆਨ ਵਿਚ ਬ੍ਰਿਤੀ ਲਾਉਣਾ ਹੀ ਸੱਚਾ ਤੀਰਥ ਨਹਾਵਣਾ ਹੈ। ਯਥਾ ਗੁਰਵਾਕ—

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥...੧॥੧॥

[ਧਨਾਸਰੀ ਮ: ੧ ਛੰਤ, ਪੰਨਾ ੬੮੭

ਗੁਰੂ ਰਾਮ ਦਾਸ ਸਰੋਵਰ ਰੂਪੀ ਸੱਚੇ ਗੁਰਮਤਿ ਤੀਰਥਾਂ ਦਾ ਨ੍ਹਾਵਣਾ ਗੁਰ-ਮਤਿ ਅੰਦਰ ਏਸੇ ਕਰਕੇ ਹੀ ਪ੍ਰਵਾਨੀਕ ਹੈ ਕਿ ਇਨ੍ਹਾਂ ਤੀਰਥਾਂ ਅੰਦਰ ਨਾਮ ਅਭਿਆਸ ਰੂਪੀ ਅਤੇ ਅਖੰਡ ਕੀਰਤਨ ਰੂਪੀ ਪ੍ਰਚੰਡ ਆਤਮ ਕਮਾਈਆਂ ਸਦੀਵ ਕਾਲ ਦਿਨੇ ਰਾਤ ਹੁੰਦੀਆਂ ਹੀ ਰਹਿੰਦੀਆਂ ਹਨ ਅਤੇ ਮੁਢ ਤੋਂ ਹੀ ਇਨ੍ਹਾਂ ਗੁਰਮਤਿ ਤੀਰਥਾਂ ਦੇ ਰਚਣਹਾਰੇ ਸਤਿਗੁਰਾਂ ਨੇ ਅੰਮ੍ਰਿਤ ਨਾਮ ਦੀ ਸਪਰਸਨ ਕਲਾ ਸੁਤੇ ਹੀ ਪ੍ਰਵੇਸ਼ ਕੀਤੀ ਹੋਈ ਹੈ, ਜਿਸ ਕਰਕੇ ਗੁਰਮਤਿ ਤੀਰਥਾਂ ਦਾ ਨ੍ਹਾਵਣਾ ਸੁਤੇ ਸਿਧ ਹੀ ਪ੍ਰਵਾਨ ਹੋ ਜਾਂਦਾ ਹੈ; ਤਾਹੀਂ ਤੇ ਇਹ ਗੁਰਵਾਕ ਉਚਾਰਨ ਹੋਏ ਹਨ—

ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥੨॥੬੦॥

[ਸੋਰਠਿ ਮ: ੫, ਪੰਨਾ ੬੨੪

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥੧॥੬੫॥

[ਸੋਰਠਿ ਮ: ੫, ਪੰਨਾ ੬੨੫

ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਗੁਰਮਤਿ ਤੀਰਥਾਂ ਦਾ ਨ੍ਹਾਵਣਾ ਐਨ ਗੁਰਮਤਿ ਅਨੁਸਾਰ ਹੈ। ਗੁਰਮਤਿ ਤੀਰਥਾਂ ਦੇ ਇਸ਼ਨਾਨ ਅੰਤਰ ਦੀ ਮੈਲ ਉਤਾਰਦੇ ਹਨ, ਕਮਾਤੇ ਪਾਪਾਂ ਦਾ ਬਿਨਾਸ ਕਰ ਦੇਂਦੇ ਹਨ। ਆਨਮਤੀ ਤੀਰਥਾਂ ਵਿਚ ਨਹਾਤਿਆਂ ਹਉਮੈ ਹੀ ਵਧਦੀ ਹੈ ਅਤੇ ਦੁਰਮਤਿ ਮੈਲ ਨਹੀਂ ਉਤਰਦੀ। ਤਾਹੀਂ ਤੇ ਭਾਈ ਗੁਰਦਾਸ ਜੀ ਦਾ ਮਹਾਂਵਾਕ ਹੈ—"ਦੁਰਮਤਿ ਮੈਲੁ ਨ ਉਤਰੈ ਕਿਉਂ ਤੀਰਥਿ ਨ੍ਹਾਈਐ ॥"* ਗੁਰਮਤਿ ਤੀਰਥਾਂ ਤੇ ਇਸ਼ਨਾਨ ਕੀਤਿਆਂ ਇਹ ਦੁਰਮਤਿ ਮੈਲ ਸਾਰੀ ਉਤਰ ਜਾਂਦੀ ਹੈ, ਕਿਉਂਕਿ ਇਨ੍ਹਾਂ ਗੁਰਮਤਿ ਤੀਰਥੀ-ਸਰੋਵਰ-ਅਸਥਾਨਾਂ ਵਿਖੇ ਵਾਹਿਗੁਰੂ ਨਾਮ ਦਾ ਕੀਰਤਨ ਸਦਾ ਹੀ ਹੁੰਦਾ ਰਹਿੰਦਾ ਹੈ। ਮਨਮਤੀ ਆਨਮਤੀ ਤੀਰਥਾਂ ਉਤੇ ਸ਼ਾਸਤ੍ਰ ਵੇਦ ਆਦਿਕ ਦੇ ਆਨਮਤੀ ਕਚਪਿਚੇ ਫੋਕੇ ਗਿਆਨ ਹੀ ਘੋਖੇ ਜਾਂਦੇ ਹਨ। ਇਨ੍ਹਾਂ ਸ਼ਾਸਤ੍ਰ ਵੇਦਾਂ ਵਿਖੇ ਕੇਵਲ ਕਰਮਾਂ ਅਕਰਮਾਂ ਰੂਪੀ ਪਾਪ ਪੁੰਨ ਦੀ ਫੋਕੀ ਵਿਚਾਰ ਹੀ ਹੁੰਦੀ ਹੈ। ਇਸ ਫੋਕੀ ਵਿਚਾਰ ਦੇ ਵੀਚਾਰਿਆਂ ਮੁੜ ਨਰਕਾਂ ਸੁਰਗਾਂ ਵਿਚ ਹੀ ਉਤਰੀਦਾ ਹੈ। ਤਾਂ ਤੇ ਇਸ ਗੁਰਵਾਕ ਵਿਖੇ ਖੰਡਨ ਵੇਦਾਂ ਸ਼ਾਸਤ੍ਰਾਂ ਦਾ ਹੈ। ਗੁਰਮਤਿ ਗ੍ਰਿਹਸਤ ਧਰਮ ਇਸ ਕਰਕੇ ਹੀ ਸ਼ੋਭਨੀਕ ਹੈ ਕਿ ਇਸ ਗੁਰਮਤਿ ਧਰਮ ਦੇ ਧਾਰਨ ਕੀਤਿਆਂ ਸਦਾ ਸਦਾ ਆਤਮਕ ਚੜ੍ਹਦੀ ਕਲਾ ਹੀ ਰਹਿੰਦੀ ਹੈ। ਆਨਮਤੀਆਂ ਦੇ ਦਰਸਾਏ ਗ੍ਰਿਹਸਤ ਧਰਮ ਧਾਰਨ ਕੀਤਿਆਂ ਚਿੰਤਾ ਤੇ ਨਿਖਤੰਮੀ ਉਦਾਸੀਨਤਾ ਅਤੇ ਹੰਕਾਰ ਹੀ ਵਧਦਾ ਹੈ। ਆਨਮਤੀ ਧਰਮਾਂ ਦੇ ਨਿਰੂਪਨ ਕੀਤੇ ਕਰਮ ਨਿਰੇ ਚੁਰਾਸੀ ਦੇ ਗੇੜ ਵਾਲੇ ਹਨ। ਇਨ੍ਹਾਂ ਆਨਮਤੀ ਫੋਕੇ ਕਰਮਾਂ

*ਭਾਈ ਗੁਰਦਾਸ ਜੀ, ਵਾਰ ੨੭, ਪਉੜੀ ੧੫

 www.sikhbookclub.com

ਦੇ ਆਸਰੇ ਰਹਿਣ ਨਾਲ ਜੀਵ-ਆਤਮਾ ਨੂੰ ਬੰਧਨ ਹੀ ਪਏ ਰਹਿੰਦੇ ਹਨ ਅਤੇ ਜੰਜਾਲਾਂ ਵਿਚ ਹੀ ਜੀਵ-ਆਤਮਾ ਜਕੜਿਆ ਰਹਿੰਦਾ ਹੈ। ਗੁਰਮਤਿ ਕਰਮ ਧਰਮ ਕੀਤਿਆਂ ਸਗੋਂ ਰੰਗ ਰਸ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵਰੋਸਾਏ ਗੁਰਮੁਖਿ ਜਨ ਗੁਰਮਤਿ ਦੇ ਆਸਰੇ ਸੁਤੇ ਸੁਖੈਨ ਹੀ ਇਸ ਮਾਇਆ ਰੂਪੀ ਸਾਗਰ ਨੂੰ ਤਰ ਜਾਂਦੇ ਹਨ। ਇਹ ਕੇਵਲ ਗੁਰੂ ਘਰ ਦੀ ਸਾਧ ਸੰਗਤ ਹੀ ਹੈ, ਜਿਥੇ ਨਿਤਾ-ਪ੍ਰਤਿ ਹਰਿ-ਕੀਰਤਨ ਦੀ ਦਾਤਿ ਪ੍ਰਾਪਤ ਹੈ। ਤਾਂ ਤੇ ਐਸਾ ਸਤਿ-ਸੰਗ-ਅਸਥਾਨ ਕੇਵਲ ਗੁਰੂ ਸਾਹਿਬ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਇਸ ਕਰਕੇ ਹੀ ਗੁਰਮਤਿ ਧਰਮ ਸਭ ਆਨਮਤਾਂ ਤੋਂ ਸ੍ਰੇਸ਼ਟ ਧਰਮ ਹੈ।

ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ॥੪॥੩॥੧੦੫॥

[ਆਸਾ ਮ: ੫, ਪੰਨਾ ੩੯੭

ਬੇਦ ਹਿੰਦੂ ਮਤ ਦੇ ਧਾਰਮਕ ਪੁਸਤਕ, ਕਤੇਬ ਆਦਿਕ ਯਵਨ ਮਤ ਦੇ ਧਾਰਮਕ ਪੁਸਤਕ ਇਹ ਸਭ ਤ੍ਰੈ ਗੁਣਾਂ ਅੰਦਰ ਹੀ ਹਨ, ਇਹ ਸੰਸਾਰਾਕਾਰ ਸੰਸਕਾਰਾਂ ਨਾਲ ਭਰੇ ਪਏ ਹਨ। ਕੇਵਲ ਇਕੋ ਨਿਰੰਕਾਰ ਵਾਹਿਗੁਰੂ ਨੂੰ ਪ੍ਰਤੀਪਾਦਨਹਾਰਾ ਕੇਵਲ ਗੁਰਮਤਿ ਮਤ ਹੀ ਹੈ, ਗੁਰੂ ਨਾਨਕ ਦੇ ਘਰ ਵਿਚ, ਭਾਵ, ਗੁਰਮਤਿ ਅੰਦਰ ਹੀ ਵਰਤ ਕੇ ਤ੍ਰੈਗੁਣ ਅਤੀਤ ਸਤਿਗੁਰੂ ਸੱਚੇ ਪਾਤਸ਼ਾਹ ਨੂੰ ਤੁਰੀਆ ਗੁਣੀ ਸਰੂਪ ਵਿਚ ਹੀ ਪਾ ਸਕੀਦਾ ਹੈ। ਇਹ ਤੁਰੀਆ ਗੁਣੀ ਸਰੂਪ ਵਾਲਾ ਨਿਰੰਕਾਰ ਤ੍ਰੈ ਗੁਣੀ ਬੇਦਾਂ ਕਤੇਬਾਂ ਆਦਿ ਸੰਸਾਰੀ ਬਿਵਸਥਾ ਤੋਂ ਅਗਮ ਅਗੋਚਰਾ (ਬਾਹਿਰਾ) ਹੈ। ਗੁਰਮਤਿ ਮਤ ਅਤੇ ਆਨਮਤ ਮੱਤਾਂ ਵਿਚ ਇਹੋ ਫ਼ਰਕ ਹੈ ਕਿ ਜਿਤਨੇ ਭੀ ਆਨਮਤੀ ਮੱਤ ਹਨ, ਇਹ ਸਭ ਤ੍ਰੈਗੁਣ ਅੰਦਰ ਵਰਤਦੇ ਹਨ। ਗੁਰਮਤਿ ਮਤ ਦੀ ਵਿਲੱਖਣਤਾ ਏਹੀ ਹੈ ਕਿ ਇਹ ਇਨ੍ਹਾਂ ਤ੍ਰੈਗੁਣਾਂ ਤੋਂ ਅਪਰੰਪਰ ਤੁਰੀਆ ਗੁਣੀ ਅਦ੍ਰਿਸ਼ਟ ਗੁਣਾਂ ਨੂੰ ਦਰਸਾਉਂਦਾ ਹੈ। ਵਾਹਿਗੁਰੂ ਸੱਚਾ ਪਾਤਸ਼ਾਹ ਤੁਰੀਆ ਗੁਣੀ ਹੋਣ ਕਰਕੇ ਅਦ੍ਰਿਸ਼ਟ ਹੈ। ਸਭ ਸੰਸਾਰ ਅਤੇ ਸੰਸਾਰਕ ਧਾਰਮਕ ਪੁਸਤਕ ਬੇਦ ਕਤੇਬ ਆਦਿਕ ਸਾਰੇ ਤ੍ਰੈ ਗੁਣਾਂ ਵਿਚ ਹੀ ਵਰਤ ਰਹੇ ਹਨ, ਇਸ ਤੋਂ ਉਪਰ ਉਠ ਹੀ ਨਹੀਂ ਸਕਦੇ, ਗੁਰਮਤਿ ਤੱਤ ਪ੍ਰਮਾਰਥ ਨੂੰ ਦਰਸਾ ਹੀ ਨਹੀਂ ਸਕਦੇ। ਅਗਮ ਅਗੋਚਰ ਅਦ੍ਰਿਸ਼ਟ ਵਾਹਿਗੁਰੂ ਨੂੰ ਦਰਸ਼ਾਉਣਹਾਰਾ ਕੇਵਲ ਤੱਤ ਪ੍ਰਮਾਰਥੀ ਗੁਰਮਤਿ ਮਤ ਹੀ ਹੈ।

ਇਸ ਤੋਂ ਅਗਲੇਰਾ ਗੁਰਵਾਕ ਸਾਫ਼ ਤੌਰ 'ਤੇ ਪ੍ਰਤੀਪਾਦਨ ਕਰਦਾ ਹੈ ਕਿ ਗੁਰਮਤਿ-ਹੀਣੇ ਆਨਮਤ ਭਗਤੀ ਦੇ ਭਗਤ ਜਨ ਗੁਰਮਤਿ ਪ੍ਰਮਾਰਥ ਦੇ ਭਗਤ ਜਨਾਂ ਦੇ ਤੁਲ ਨਹੀਂ ਪੁਜ ਸਕਦੇ।

ਗੁਰਮਤਿ-ਹੀਣੇ ਗੁਰਮੰਤ੍ਰ ਹੀਣਸ ਨਿਗੋਸਾਏ, ਗੁਰ-ਦੀਖਿਆ ਤੋਂ ਬਾਹਰੇ ਲੱਖਾਂ

ਹੀ ਭਗਤ ਜਨ ਆਪਣੀ ਮਤਿ ਅਨੁਸਾਰ ਆਪ-ਹੁਦਰੇ ਹੀ ਅਦ੍ਰਿਸ਼ਟ ਵਾਹਿਗੁਰੂ ਨੂੰ ਅਰਾਧਦੇ ਫਿਰਦੇ ਹਨ ਅਤੇ ਆਨਮਤ ਦੀ ਸਿਖਸ਼ਾ ਅਨੁਸਾਰ ਪੀਉ ਪੀਉ (ਹੇ ਪਿਆਰੇ, ਹੇ ਪਿਆਰੇ) ਆਖ ਕੇ ਜਪਦੇ ਫਿਰਦੇ ਹਨ; ਪਰ ਇਨ੍ਹਾਂ ਨਿਰਗੁਣ ਗੁਰਮਤਿ-ਹੀਣੇ ਜੀਵਾਂ ਦਾ ਵਾਹਿਗੁਰੂ ਨਾਲ ਮਿਲਾਪ ਕਿਸੇ ਜੁਗਤੀ ਨਾਲ ਭੀ ਨਹੀਂ ਹੋ ਸਕਦਾ; ਹੋ ਸਕਦਾ ਹੈ ਤਾਂ ਗੁਰਮਤਿ ਦਰਸਾਈ ਸੱਚੀ ਜੁਗਤੀ ਨਾਲ ਹੋ ਸਕਦਾ ਹੈ। ਇਹ ਸੱਚੀ ਗੁਰਮਤਿ ਸਚਾਈ ਵਾਲੀ ਟੇਕ ਲੈਣੀ ਕੇਵਲ ਗੁਰਮਤਿ ਦੀ ਪ੍ਰਮਾਰਥ ਜੁਗਤੀ ਹੀ ਦਰਸਾਉਂਦੀ ਹੈ। ਗੋਬਿੰਦ ਗੁਪਾਲ ਦਿਆਲ (ਵਾਹਿਗੁਰੂ) ਦਾ ਅਦਿਸ਼ਟ (ਤੁਰੀਆ ਗੁਣੀ) ਸਰੂਪ ਕੇਵਲ ਇਕੋ ਗੁਰਮਤਿ ਦਰਸਾਇਣੀ ਜੁਗਤੀ ਨਾਲ ਪ੍ਰਗਟ ਹੋ ਸਕਦਾ ਹੈ। ਰਚਨਹਾਰ (ਸਿਰਜਨਹਾਰ) ਵਾਹਿਗੁਰੂ ਹੀ ਸਾਰੀ ਸ੍ਰਿਸ਼ਟੀ ਦਾ ਨਾਥ ਹੈ, ਹੋਰ ਸਭ ਸ੍ਰਿਸ਼ਟੀ ਨਾਥ ਵਾਹਿਗੁਰੂ ਦੀ ਰਚੀ ਹੋਈ ਹੈ। ਭਲਾ ਰਚਨਹਾਰ ਵਾਹਿਗੁਰੂ ਸ੍ਰਿਸ਼ਟੀ ਦੇ ਨਾਥ ਨੂੰ, ਉਸ ਦੀ ਰਚੀ ਹੋਈ ਸ੍ਰਿਸ਼ਟੀ ਆਪਣੀ ਮਨ-ਮੰਨੀ ਜੁਗਤੀ ਨਾਲ ਕਿਸ ਬਿਧ ਮਿਲ ਸਕਦੀ ਹੈ! ਵਾਹਿਗੁਰੂ ਆਪ ਹੀ ਮਿਲਾਵੇ ਤਾਂ ਮਿਲਾਵੇ। ਇਸ ਸੱਚੇ ਮਿਲਾਪ ਦਾ ਵਸੀਲਾ ਵਾਹਿਗੁਰੂ ਅਕਾਲ ਪੁਰਖ ਨੇ ਗੁਰੂ ਨਾਨਕ ਨਿਰੰਕਾਰੀ ਨੂੰ ਥਾਪ ਕੇ ਇਸ ਸੰਸਾਰ ਵਿਖੇ ਭੇਜਿਆ, ਤਦੇ ਹੀ ਇਸ ਸੰਸਾਰ ਦੀ ਸਦਗਤੀ ਹੋਈ।

ਗੁਰੂ ਸਾਹਿਬ, ਗੁਰੂ ਨਾਨਕ ਤੋਂ ਸਚੜੀ ਨਿਰੰਕਾਰੀ ਮਤਿ (ਗੁਰਮਤਿ) ਲੈ ਕੇ, ਗੁਰੂ ਨਾਨਕ ਸਾਹਿਬ ਦੇ ਮਤ ਦੇ ਅਨੁਸਾਰੀ ਨਿਰੰਕਾਰੀ ਸੰਤ ਜਨ ਗੁਰ-ਦੀਖਿਆ ਤੋਂ ਦੀਖਿਅਤ ਹੋ ਕੇ ਹੀ ਅਦ੍ਰਿਸ਼ਟ ਤ੍ਰਿਗੁਣ ਅਤੀਤ ਵਾਹਿਗੁਰੂ ਨੂੰ ਸਦਾ ਹਾਜ਼ਰ ਨਾਜ਼ਰ ਵੇਖ ਸਕਦੇ ਹਨ। ਹੋਰ ਜਿਤਨੇ ਭੀ ਸੰਸਾਰੀ ਜਨ ਇਸ ਨਿਰੰਕਾਰੀ ਗੁਰਮਤਿ ਦੀਖਿਆ ਮਈ ਮਤਿ ਤੋਂ ਹੀਣੇ ਅਤੇ ਨਾਮ-ਬਿਹੂਨੜੇ ਹਨ, ਸੋ ਸਾਰੇ ਵਸੂਰ ਵਸੂਰ ਕੇ ਮਰਨਗੇ। ਉਨ੍ਹਾਂ ਦਾ ਆਪ-ਹੁਦਰੋਂ, ਆਪਣੀ ਮਤਿ-ਹੁਦਰੋਂ ਕੀਤਾ ਹੋਇਆ ਪੀਉ ਪੀਉ ਐਵੇਂ ਬਿਰਥਾ ਹੀ ਜਾਵੇਗਾ, ਪਪ ਪਪ ਹੀ ਰਹਿ ਜਾਏਗਾ, ਕਿਉਂਕਿ ਸੱਚਾ ਗੁਰਦੀਖਿਆ ਮਈ ਸੇਵਕ ਭਾਵ, ਸਿਮਰਨ ਮਈ ਸ਼ਕਤੀ ਵਾਲਾ ਭਾਵ, ਕੇਵਲ ਗੁਰ-ਮਤਿ ਦੁਆਰੇ ਹੀ ਦ੍ਰਿਸ਼ਟਾਇਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੂੰ ਹੀ ਇਹ ਦਾਸ-ਦਸੰਤਣੀ ਭਾਵ ਵਾਲੀ ਸੇਵਕ ਪਦਵੀ ਗਰੀਬੀ (ਸੱਚੀ ਗਰੀਬੀ) ਦਰਗਾਹੋਂ ਸਚਖੰਡ ਤੋਂ ਮਿਲੀ, ਤੇ ਇਹੋ ਦਾਸ-ਦਸਾਨਣੀ ਭਾਵ ਵਾਲੀ ਸਪਿਰਟ ਗੁਰੂ ਨਾਨਕ ਨਿਰੰਕਾਰੀ ਦੇ ਸੇਵਕਾ ਸਿਖਾਂ ਨੂੰ ਗੁਰੂ ਨਾਨਕ ਸਾਹਿਬ ਦੇ ਦਰਬਾਰ ਤੋਂ ਪ੍ਰਾਪਤ ਹੋਈ। ਇਨ੍ਹਾਂ ਗੁਰੂ ਨਾਨਕ ਨਿਰੰਕਾਰੀ ਗੁਰਮਤਿ ਅਨੁਸਾਰੀ ਸੇਵਕਾਂ ਸਿਖਾਂ ਦਾ ਆਵਾਗੌਣ ਹੀ ਗੁਰ ਪ੍ਰਤਾਪ ਕਰਿ ਮਿਟਿਆ ਹੈ। ਜਿਨ੍ਹਾਂ ਅਭਾਗੇ ਪੁਰਸ਼ਾਂ ਨੇ ਗੁਰੂ ਨਾਨਕ ਨਿਰੰਕਾਰੀ ਦੇ ਦਰਬਾਰੋਂ ਪ੍ਰਾਪਤ ਹੋਈ ਗੁਰਮਤਿ ਨਾਮ ਮਈ ਦੀਖਿਆ ਨੂੰ ਵਿਸਾਰਿਆ ਹੈ, ਪੋਤਾ ਨਹੀਂ, ਤਿਨ੍ਹਾਂ ਦਾ ਕੀ ਹਾਲ ਹੋਵੇਗਾ, ਭਾਵ, ਬੁਰਾ ਹੀ ਹਾਲ ਹੋਵੇਗਾ।

ਇਹ ਸਾਰੇ ਸੰਸਾਰੀ ਲੋਗ ਗੁਰਮਤਿ ਮਤਿ ਵਾਲੀ ਗੁਰਦੀਖਿਆ ਤੋਂ ਹੀਣੇ ਹੋਣ ਕਰਿ ਹਰਿਆਏ ਪਸੂ ਦੀ ਨਿਆਈਂ ਹੀ ਫਿਰਨਗੇ, ਇਨ੍ਹਾਂ ਦਾ ਥਾਂਗੀ ਹੀ ਕੋਈ ਨਹੀਂ ਬਣੇਗਾ—"ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ ॥"* ਗੁਰੂ ਨਾਨਕ ਸਾਹਿਬ ਹੀ ਇਨ੍ਹਾਂ ਆੜ-ਫਾਥੇ ਜੀਵਾਂ ਦੇ ਬੰਧਨ ਕਾਟਨਹਾਰੇ ਹਨ ਅਤੇ ਉਹ ਹੀ ਆਪਣੀ ਕਿਰਪਾ-ਦ੍ਰਿਸ਼ਟੀ ਦੁਆਰਾ ਦੁਨੀਆਦਾਰਾਂ ਨੂੰ ਵਾਹਿਗੁਰੂ ਨਾਲ ਮਿਲਾਵਣਹਾਰੇ ਹਨ । ਇਹ ਸਾਰੀ ਵਿਚਾਰ ਹੇਠ ਲਿਖੇ ਸ਼ਬਦ ਦੀ ਵਿਆਖਿਆ ਹੈ—

ਲਾਖ ਭਗਤ ਆਰਾਧਹਿ ਜਪਤੇ ਪੀਉ ਪੀਉ ॥
ਕਵਨ ਜੁਗਤਿ ਮੇਲਾਵਉ ਨਿਰਗੁਣ ਬਿਖਈ ਜੀਉ ॥੧॥
ਤੇਰੀ ਟੇਕ ਗੋਵਿੰਦ ਗੁਪਾਲ ਦਇਆਲ ਪ੍ਰਭ ॥
ਤੂੰ ਸਭਨਾ ਕੇ ਨਾਥ ਤੇਰੀ ਸ੍ਰਿਸਟਿ ਸਭ ॥੧॥ਰਹਾਉ॥
ਸਦਾ ਸਹਾਈ ਸੰਤ ਪੇਖਹਿ ਸਦਾ ਹਜੂਰਿ ॥
ਨਾਮ ਬਿਹੂਨੜਿਆ ਸੇ ਮਰਨਿ੍ ਵਿਸੂਰਿ ਵਿਸੂਰਿ ॥੨॥
ਦਾਸ ਦਾਸਤਣ ਭਾਇ ਮਿਟਿਆ ਤਿਨਾ ਗਉਣੁ ॥
ਵਿਸਰਿਆ ਜਿਨ੍ਹਾ ਨਾਮੁ ਤਿਨਾੜਾ ਹਾਲੁ ਕਉਣੁ ॥੩॥
ਜੈਸੇ ਪਸੁ ਹਰ੍ਹਿਆਉ ਤੈਸਾ ਸੰਸਾਰੁ ਸਭ ॥
ਨਾਨਕ ਬੰਧਨ ਕਾਟਿ ਮਿਲਾਵਹੁ ਆਪਿ ਪ੍ਰਭ ॥੪॥੪॥੧੦੬॥
[ਆਸਾ ਮ: ੫, ਪੰਨਾ ੩੯੭

ਅਰਥ ਉਤੇ ਹੋ ਚੁਕੇ ਹਨ ।

ਊਠਤ ਬੈਸਉ ਰਹਿ ਭਿ ਨ ਸਾਕਉ ਦਰਸਨੁ ਖੋਜਿ ਖੋਜਾਵਉ ॥
ਬ੍ਰਹਮਾਦਿਕ ਸਨਕਾਦਿਕ ਸਨਕ ਸਨੰਦਨ ਸਨਾਤਨ ਸਨਤ ਕੁਮਾਰ
ਤਿਨ ਕਉ ਮਹਲੁ ਦੁਲਭਾਵਉ ॥੨॥
ਅਗਮ ਅਗਮ ਅਗਾਧਿ ਬੋਧ ਕੀਮਤਿ ਪਰੈ ਨ ਪਾਵਉ ॥
ਤਾਕੀ ਸਰਣਿ ਸਤਿ ਪੁਰਖ ਕੀ ਸਤਿਗੁਰੁ ਪੁਰਖੁ ਧਿਆਵਉ ॥੩॥
ਭਇਓ ਕ੍ਰਿਪਾਲੁ ਦਇਆਲੁ ਪ੍ਰਭੁ ਠਾਕਰੁ ਕਾਟਿਓ ਬੰਧੁ ਗਰਾਵਉ ॥
ਕਹੁ ਨਾਨਕ ਜਉ ਸਾਧ ਸੰਗੁ ਪਾਇਓ ਤਉ ਫਿਰਿ ਜਨਮਿ ਨ ਆਵਉ ॥
੪॥੧॥੧੨੧॥ [ਆਸਾ ਮ: ੫, ਪੰਨਾ ੪੦੧

ਜੋ ਜਨ ਗੁਰਮਤਿ ਦੇ ਸੱਚੇ ਖੋਜੀ ਹਨ ਤਿਨ੍ਹਾਂ ਵਡਭਾਗੇ ਜਨਾਂ ਨੂੰ ਗੁਰੂ ਦੁਆਰਿਓਂ ਗੁਰ-ਦੀਖਿਆ ਪ੍ਰਾਪਤ ਕਰਕੇ, ਉਨ੍ਹਾਂ ਨੂੰ ਗੁਰਮਤਿ ਨਾਮ ਐਸਾ ਦ੍ਰਿੜ੍ਹ ਹੋ ਜਾਂਦਾ ਹੈ ਕਿ ਉਹ ਉਠਦੇ ਬਹਿੰਦੇ ਇਕ ਖਿਨ ਭੀ ਵਾਹਿਗੁਰੂ ਨਾਮ ਨੂੰ ਨਹੀਂ ਵਿਸਾਰਦੇ, ਵਾਹਿਗੁਰੂ ਨਾਮ ਦੇ ਜਾਪ ਅਭਿਆਸ ਬਿਨਾਂ ਰਹਿ ਹੀ ਨਹੀਂ ਸਕਦੇ

---

*ਸਲੋਕ ਭਗਤ ਕਬੀਰ ਜੀਉ, ॥੫੧॥ ਪੰ: ੧੩੬੭

ਉਨ੍ਹਾਂ ਨੂੰ ਇਸ ਗੁਰਮਤਿ ਨਾਮ ਦੇ ਅਤੁੱਟ ਅਭਿਆਸ ਦੁਆਰਾ ਓੜਕ ਵਾਹਿਗੁਰੂ ਦਾ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ, ਗੁਰ-ਦੀਖਿਆ-ਹੀਣੇ ਹੋਣ ਕਰਿ ਬ੍ਰਹਮਾਦਿਕ, ਸਨਕਾਦਿਕ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ, ਤਿਨ੍ਹਾਂ ਸਾਰਿਆਂ ਨੂੰ ਵਾਹਿਗੁਰੂ ਦਾ ਮਹਿਲ ਜੋ ਅਤੀ ਅਗਮ ਅਗਮ ਤੇ ਅਗਾਧ ਬੋਧ ਹੈ, ਇਸ ਦੀ ਕੀਮਤ ਮਨ **ਮਤਸਰੀ** ਦੁਆਰਾ ਪਾਈ ਨਹੀਂ ਜਾ ਸਕਦੀ। ਜਿਨ੍ਹਾਂ ਨੇ ਮਨ ਬਚਨ ਕਰਮ ਕਰਕੇ ਵਾਹਿਗੁਰੂ ਸਤਿਪੁਰਖ ਦੀ ਸਰਣ ਤਕੀ ਹੈ ਤਿਨ੍ਹਾਂ ਨੂੰ ਗੁਰੂ ਦਵਾਰਿਓਂ ਗੁਰ-ਦੀਖਿਆ-ਪ੍ਰਾਪਤ ਹੋਈ ਹੈ, ਤਿਨ੍ਹਾਂ ਨੇ ਹੀ ਵਾਸਤਵ ਵਿਚ ਸਤਿਗੁਰੂ ਸਰੂਪ ਵਾਹਿਗੁਰੂ ਅਕਾਲ ਪੁਰਖ ਸੱਚ ਧਿਆਵਣਾ ਧਿਆਇਆ ਹੈ; ਤਿਨ੍ਹਾਂ ਉਤੇ ਹੀ ਪ੍ਰਭੂ ਠਾਕੁਰ (ਵਾਹਿਗੁਰੂ) ਕਿਰਪਾਲ ਦਿਆਲ ਹੋਇਆ ਹੈ; ਤਿਨ੍ਹਾਂ ਦਾ ਹੀ ਚੌਰਾਸੀ ਦੀਆਂ ਜੂਨਾਂ ਵਿਚ ਗ੍ਰਸੇ ਜਾਣ ਵਾਲਾ ਬੰਧਨ ਕੱਟਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੀ ਸਾਧ ਸੰਗਤ ਤਿਨ੍ਹਾਂ ਨੂੰ ਪ੍ਰਾਪਤ ਹੋਈ ਹੈ, ਤਾਹੀਂ ਤਾਂ ਉਹ ਫਿਰ ਜਨਮ ਮਰਨ ਦੀ ਫਾਂਸੀ ਵਿਚ ਨਹੀਂ ਆਉਂਦੇ।

ਮੇਰੇ ਮਨ ਧਿਆਇ ਹਰਿ ਹਰਿ ਨਾਉ ॥
ਹਲਤਿ ਪਲਤਿ ਸਹਾਇ ਸੰਗੇ ਏਕ ਸਿਉ ਲਿਵ ਲਾਉ ॥੧॥ਰਹਾਉ॥
ਬੇਦ ਸਾਸਤ੍ਰ ਜਨ ਧਿਆਵਹਿ ਤਰਣ ਕਉ ਸੰਸਾਰੁ ॥
ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ ॥੨॥੧੩੭॥
[ਆਸਾ ਮ: ੫, ਪੰਨਾ ੪੦੫

ਗੁਰਮਤਿ ਅੰਦਰ ਕੇਵਲ ਵਾਹਿਗੁਰੂ ਨਾਮ ਦਾ ਧਿਆਵਣਾ ਹੀ ਕਲਿਆਣ-ਕਾਰੀ ਹੈ, ਅਤੇ ਇਸ ਲੋਕ ਤੇ ਪਰਲੋਕ ਵਿਖੇ ਕੇਵਲ ਇਕੋ ਗੁਰਮਤਿ ਨਾਮ ਦਾ ਅਭਿਆਸ ਹੀ ਸਹਾਈ ਹੁੰਦਾ ਹੈ। ਤਾਂ ਤੇ ਗੁਰਮਤਿ ਦੀ ਓਟ ਲੈ ਕੇ ਇਕੋ ਵਾਹਿਗੁਰੂ ਅਕਾਲ ਪੁਰਖ ਨਾਲ ਲਿਵ ਲਾਉਣੀ ਹੀ ਉਚਿਤ ਹੈ। ਜੇਹੜੇ ਲੋਗ ਬੇਦਾਂ ਸ਼ਾਸਤ੍ਰਾਂ ਦਾ ਸੰਸਾਰ ਤਰਨ ਲਈ ਅਧੈਨ ਕਰਦੇ ਹਨ, ਉਹ ਬੜੇ ਹੀ ਮੁਗ਼ਾਲਤੇ ਵਿਚ ਹਨ, ਕਿਉਂਕਿ ਇਨ੍ਹਾਂ ਆਨਮਤ ਪੁਸਤਕਾਂ ਵੇਦਾਂ ਸ਼ਾਸਤ੍ਰਾਂ ਅੰਦਰ ਕੇਵਲ ਆਨਮਤ ਦੇ ਕਰਮ ਧਰਮ ਮਈ ਅਨੇਕ ਪ੍ਰਕਾਰ ਦੀ ਕਿਰਿਆ ਹੀ ਪ੍ਰਧਾਨ ਹੈ। ਇਨ੍ਹਾਂ ਸਭ ਆਨਮਤ ਕਰਮਾਂ ਧਰਮਾਂ **ਉਪਰ ਦੀ** ਕੇਵਲ ਨਾਮ ਹੀ ਕਰਨ ਯੋਗ ਸ੍ਰੇਸ਼ਟ ਕਰਮ ਹੈ। (ਅਧਕ ਵਿਚਾਰ ਲਈ ਦੇਖੋ 'ਗੁਰਮਤਿ ਕਰਮ ਫ਼ਿਲਾਸਫ਼ੀ' ਨਾਮੇ ਪੁਸਤਕ)।

ਮਿਲੁ ਰਾਮ ਪਿਆਰੇ ਤੁਮ੍ ਬਿਨੁ ਧੀਰਜੁ ਕੋ ਨ ਕਰੈ ॥੧॥ਰਹਾਉ॥
ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ॥
ਪ੍ਰਭ ਤੁਮ੍ਰੇ ਦਰਸ ਬਿਨੁ ਸੁਖੁ ਨਾਹੀ ॥੧॥
ਵਰਤ ਨੇਮ ਸੰਜਮ ਕਰਿ ਥਾਕੇ ॥
ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ॥੨॥੨॥੧੫੧॥[ਆਸਾ ਮ:੫,ਪੰਨਾ੪੦੮

ਇਸ ਗੁਰਵਾਕ ਦਾ ਸਮੁੱਚਾ ਭਾਵ ਇਹ ਹੈ ਕਿ ਵਾਹਿਗੁਰੂ ਪਿਆਰੇ ਦੇ ਮਿਲਾਪ ਬਿਨਾਂ ਸ਼ਾਂਤ ਕਿਤੇ ਭੀ ਨਹੀਂ ਆਉਂਦੀ। ਪਹਿਲੇ ਪਹਿਲ ਨਾਮ ਅਭਿਆਸ ਬਿਨਾਂ ਨਿਰੀ ਸ਼ਾਂਤੀ ਕੋਈ ਨਹੀਂ ਪਾ ਸਕਦਾ। ਸਿਮਰਤੀਆਂ ਅਤੇ ਸ਼ਾਸਤ੍ਰਾਂ ਆਦਿਕ ਆਨਮਤ ਪੁਸਤਕਾਂ ਨੇ ਕੇਵਲ ਫੋਕਟ ਕਰਮ ਹੀ ਕਮਾਉਣਾ ਦਸੇ ਹਨ, ਸੋ ਇਨ੍ਹਾਂ ਫੋਕਟ ਕਰਮਾਂ ਦੇ ਕਮਾਉਣਹਾਰੇ ਸੱਚੇ ਪ੍ਰਮਾਰਥੀ, ਧਰਮ ਦੀ ਪ੍ਰਾਪਤੀ ਵਲੋਂ ਫੋਕੇ ਤੇ ਕੋਰੇ ਹੀ ਰਹਿੰਦੇ ਹਨ। ਸ੍ਰੀ ਵਾਹਿਗੁਰੂ ਅਕਾਲ ਪੁਰਖ ਪ੍ਰਭੂ! ਤੇਰੇ ਦਰਸ਼ਨ ਬਿਨਾਂ ਸੁਖ ਚੈਨ ਨਹੀਂ ਆਉਂਦਾ। ਇਹ ਦਰਸ਼ਨ ਮਈ ਸੱਚਾ ਸੁਖ ਮਿਲਾਪ ਕੇਵਲ ਵਾਹਿਗੁਰੂ ਨਾਮ ਦੇ ਰੰਗਾਂ ਵਾਲੀ ਕਮਾਈ ਕੀਤੇ ਹੀ ਮਿਲਦਾ ਹੈ। ਇਹ ਕਮਾਈ ਗੁਰਮਤਿ ਨਾਮ, ਕੇਵਲ ਗੁਰਮਤਿ ਨਾਮ ਦੇ ਅਭਿਆਸ ਕੀਤਿਆਂ ਹੀ ਕੀਤੀ ਜਾ ਸਕਦੀ ਹੈ। ਆਨਮਤੀ ਲੋਗ ਆਨਮਤੀ ਪੁਸਤਕਾਂ ਪੜ੍ਹ ਪੜ੍ਹ ਕੇ ਬਥੇਰੇ ਵਰਤ ਨੇਮ ਸੰਜਮ ਕਰ ਥਕੇ ਹਨ, ਅੰਤ ਗੁਰੂ ਨਾਨਕ ਦੇ ਦਰਸਾਏ ਗੁਰੂ ਘਰ ਵਿਚ ਆ ਕੇ ਹੀ ਵਾਹਿਗੁਰੂ ਦਾ ਪ੍ਰਤੱਖ ਦਰਸ਼ਨ ਹਿਰਦੇ ਅੰਦਰ ਹੀ ਹੋਇ ਆਉਂਦਾ ਹੈ। (ਦੇਖੋ 'ਗੁਰਮਤਿ ਕਰਮ ਫ਼ਿਲਾਸਫ਼ੀ' ਨਾਮੇ ਪੁਸਤਕ)।

ਬਿਕਾਰ ਮਾਇਆ ਮਾਦਿ ਸੋਇਓ ਸੂਝ ਬੂਝ ਨ ਆਵੈ ॥
ਪਕਰਿ ਕੇਸ ਜਮਿ ਉਠਾਰਿਓ ਤਦ ਹੀ ਘਰਿ ਜਾਵੈ ॥੧॥
ਲੋਭ ਬਿਖਿਆ ਬਿਖੈ ਲਾਗੇ ਹਿਰਿ ਵਿਤ ਚਿਤ ਦੁਖਾਹੀ ॥
ਖਿਨ ਭੰਗੁਨਾ ਕੈ ਮਾਨਿ ਮਾਤੇ ਅਸੁਰ ਜਾਣਹਿ ਨਾਹੀ ॥੧॥ਰਹਾਉ॥
ਬੇਦ ਸਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ ॥
ਨਿਪਟਿ ਬਾਜੀ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ ॥੨॥
ਡਾਨੁ ਸਗਲ ਗੈਰ ਵਜਹਿ ਭਰਿਆ ਦੀਵਾਨ ਲੇਖੈ ਨ ਪਰਿਆ ॥
ਜੇਂਹ ਕਾਰਜਿ ਰਹੈ ਓਲ੍ਹਾ ਸੋਇ ਕਾਮੁ ਨ ਕਰਿਆ ॥੩॥
ਐਸੋ ਜਗੁ ਮੋਹਿ ਗੁਰਿ ਦਿਖਾਇਓ ਤਉ ਏਕ ਕੀਰਤਿ ਗਾਇਆ ॥
ਮਾਨੁ ਤਾਨੁ ਤਜਿ ਸਿਆਨਪ ਸਰਣਿ ਨਾਨਕੁ ਆਇਆ ॥੪॥੧॥੧੫੨॥

[ਆਸਾ ਮ: ੫ ਘਰੁ ੧੫ ਪੜਤਾਲ, ਪੰਨਾ ੪੦੮

ਆਮ ਸੰਸਾਰੀ ਜਨ ਬਿਕਾਰਾਂ ਅਤੇ ਮਾਇਆ ਦੇ ਮਦ ਵਿਚ ਹੀ ਸੁੱਤਾ ਰਹਿੰਦਾ ਹੈ, ਉਸ ਨੂੰ ਪ੍ਰਮਾਰਥ ਦੇ ਰਸਤੇ ਦੀ ਸੂਝ ਬੂਝ ਹੀ ਨਹੀਂ ਆਉਂਦੀ। ਜਦੋਂ ਜਮਦੂਤ, ਮਰਨ ਸਮੇਂ ਉਸ ਨੂੰ ਬੋਦੀਓਂ ਫੜ ਕੇ ਯਾ ਵਾਲਾਂ ਤੋਂ ਘਸੀਟ ਕੇ ਜਮ-ਲੋਕ ਨੂੰ ਉਠਾਈ ਲਈ ਜਾਂਦਾ ਹੈ, ਤਦੇ ਹੀ ਉਹ ਹੋਸ਼ ਵਿਚ ਆਉਂਦਾ ਹੈ ਕਿ ਮੈਂ ਹੁਣ ਤਾਈਂ ਕੀ ਕਰਦਾ ਰਿਹਾ ਹਾਂ। ਉਸ ਦੀ ਹੋਸ਼ ਠਿਕਾਣੇ ਤਦੋਂ ਹੀ ਆਉਂਦੀ ਹੈ ਜਦੋਂ ਜਮਾਂ ਦੇ ਧੱਕੇ ਖਾਂਦਾ ਹੈ। ਜਿਹੜੇ ਵਿਸ਼ਿਆਂ ਦੇ ਲੋਭ ਵਿਚ ਲੱਗੇ ਹੋਏ ਪਾਪੀ ਪੁਰਸ਼ ਹਨ, ਉਹ ਹੋਰਨਾਂ ਦੇ ਧਨ ਚੁਰਾ ਕੇ ਉਨ੍ਹਾਂ ਦੇ ਦਿਲ

ਦੁਖਾਉਂਦੇ ਹਨ, ਪ੍ਰੰਤੂ ਖਿਨ ਵਿਚ ਨਾਸ ਹੋਣ ਵਾਲੀਆਂ ਚੀਜ਼ਾਂ ਦੇ ਮਾਣ ਵਿਚ ਖਰਮਸਤ ਹੋਏ ਰਾਖਸ਼ ਲੋਕ ਸਮਝਦੇ ਨਹੀਂ। ਫੋਕਟ ਕਰਮੀ ਬੇਦਾਂ ਸ਼ਾਸਤ੍ਰਾਂ ਆਨਮਤ ਕਰਮ ਧਰਮਾਂ ਵਿਚ ਲੱਗੇ ਹੋਏ ਆਨਮਤੀ ਲੋਗਾਂ ਦੀ ਉੱਪਰ ਦੱਸੀ ਹੋਈ ਦਸ਼ਾ ਹੁੰਦੀ ਹੈ, ਪ੍ਰੰਤੂ "ਸਭਿ ਨਾਦ ਬੇਦ ਗੁਰਬਾਣੀ"* ਗੁਰਵਾਕ ਅਨੁਸਾਰੀ ਨਾਮ ਬਾਣੀ ਰੂਪੀ ਬੇਦ ਸ਼ਾਸਤ੍ਰ ਗੁਰਮੁਖਿ ਜਨ ਉਚਾਰਦੇ ਹਨ, ਉਨ੍ਹਾਂ ਨੂੰ ਤੱਤ ਪ੍ਰਮਾਰਥ ਵਲੋਂ ਸੁੰਞਾ ਡੋਰਾ ਆਦਮੀ ਸੁਣਦਾ ਹੀ ਨਹੀਂ, ਜਦੋਂ ਮਨੁਖਾ ਜੀਵਨ ਦੀ ਖੇਡ ਉੱਕਾ ਹਾਰ ਬਹਿੰਦਾ ਹੈ ਤਦੋਂ ਇਹ ਭੋਰੂ ਬੇਵਕੂਫ਼ ਆਦਮੀ, ਮਨ ਹੀ ਮਨ ਵਿਚ ਪਛਤਾਉਂਦਾ ਹੈ। ਇਹ ਸਾਰਾ ਡੰਡ ਉਹ ਬਿਲਾ ਵਜ੍ਹਾ ਅਕਾਰਨ ਹੀ ਭਰਦਾ ਹੈ, ਸਾਰੇ ਆਨਮਤੀ ਕਰਮ ਧਰਮ ਡੰਡ ਵਜੋਂ ਕੀਤੇ ਹੋਏ ਸਾਰੇ ਬਿਰਥੇ (ਕੁਲੇਖੇ) ਹੀ ਜਾਂਦੇ ਹਨ। ਕੋਈ ਆਨਮਤੀ ਕਰਮ ਕੀਤਾ ਹੋਇਆ ਭੀ ਸੱਚੇ ਦਰਬਾਰ ਵਿਚ ਲੇਖੇ ਨਹੀਂ ਪੈਂਦਾ। ਇਸ ਸੱਚੇ ਕਾਰਜ ਦੇ ਕਰਨ ਕਰਕੇ ਉਸ ਦਾ ਪਤ-ਪ੍ਰਤਿਸ਼ਟੀ-ਉਹਲਾ ਰਹਿ ਜਾਂਦਾ ਹੈ, ਉਹ ਨਾਮ ਰੂਪੀ ਸੱਚਾ ਕੰਮ ਉਸ ਨੇ ਕੀਤਾ ਹੀ ਨਹੀਂ, ਨਾ ਕਰਨਾ ਹੀ ਹੈ। ਗੁਰੂ ਸੱਚੇ ਪਾਤਸ਼ਾਹ ਨੇ ਇਸ ਪ੍ਰਕਾਰ ਦੇ ਨਿਖਟੰਮੇ ਗੁਰਮਤਿ-ਹੀਣੇ ਕੰਮ ਕਰਦਾ ਹੋਇਆ ਜਦੋਂ ਸਾਰਾ ਸੰਸਾਰ ਹੀ ਮੈਨੂੰ (ਗੁਰਮੁਖਿ ਜਗਿਆਸੂ) ਨੂੰ ਅੱਖੀਂ ਦਿਖਾ ਦਿਤਾ; ਤਦ ਏਸੇ ਤਲਖ਼ ਤਜਰਬੇ ਨੂੰ ਵੇਖ ਕੇ ਸੱਚਾ ਗੁਰਮੁਖਿ ਜਗਿਆਸੂ ਜਨ ਇਨ੍ਹਾਂ ਆਨਮਤ ਕਰਮਾਂ ਨੂੰ ਬਿਬਰਜਤ ਸਮਝ ਕੇ ਛਡ ਬਹਿੰਦਾ ਹੈ ਅਤੇ ਇਕੋ ਨਾਮ ਸਿਫ਼ਤ ਸਾਲਾਹ ਦੀ ਹੀ ਸੱਚੀ ਗੁਰਮਤਿ ਓਟ ਲੈਂਦਾ ਹੈ ਅਤੇ ਸਹਿਸ ਸਿਆਣਪੀ ਮਾਣ ਤਾਣ ਛਡ ਕੇ ਗੁਰੂ ਨਾਨਕ ਦੇ ਸਰਣੀ ਆ ਪੈਂਦਾ ਹੈ। ਗੁਰੂ ਦਰੋਂ, ਗੁਰੂ ਘਰ ਦੀ ਗੁਰਮਤਿ ਸਰਨ ਮਤਿ ਲੈਣ ਨੂੰ ਹੀ ਉਹ ਕਲਿਆਣਕਾਰੀ ਸਮਝਦਾ ਹੈ।

ਹਰਖ ਸੋਗ ਬੈਰਾਗ ਅਨੰਦੀ ਖੇਲੁ ਰੀ ਦਿਖਾਇਓ ॥੧॥ਰਹਾਉ॥
ਖਿਨਹੂੰ ਭੈ ਨਿਰਭੈ ਖਿਨਹੂੰ ਖਿਨਹੂੰ ਉਠਿ ਧਾਇਓ ॥
ਖਿਨਹੂੰ ਰਸ ਭੋਗਨ ਖਿਨਹੂੰ ਖਿਨਹੂ ਤਜਿ ਜਾਇਓ ॥੧॥
ਖਿਨਹੂੰ ਜੋਗ ਤਾਪ ਬਹੁ ਪੂਜਾ ਖਿਨਹੂੰ ਭਰਮਾਇਓ ॥
ਖਿਨਹੂੰ ਕਿਰਪਾ ਸਾਧੂ ਸੰਗ ਨਾਨਕ ਹਰਿ ਰੰਗੁ ਲਾਇਓ ॥੨॥੫॥੧੫੬॥

[ਆਸਾ ਮ: ੫, ਪੰਨਾ ੪੦੯

ਇਹ ਮਨੁਖ ਕਦੇ ਸਰਸ਼ਾਰ ਖ਼ੁਸ਼ੀ ਮਈ ਹਰਖ, ਕਦੇ ਸੰਸੇ ਮਈ ਸੋਗ, ਕਦੇ ਬੈਰਾਗ ਤਿਆਗ ਤੇ ਬੈਰਾਗ ਤਿਆਗ ਦੇ ਮਾਣ, ਤੇ ਕਦੇ ਗ੍ਰਿਹਸਤ ਅਨੰਦੀ ਆਰਜ਼ੀ ਤਾਣ ਮਈ ਖੇਡ ਦੇ ਵਿਚ ਪੈ ਕੇ ਝੂਠੀ ਰਚਨਾ ਵਿਚ ਖਚਤ ਹੋਇਆ ਇਸ ਖੇਡ ਨੂੰ ਦੇਖਦਾ ਰਿਹਾ। ਇਨ੍ਹਾਂ ਛਿਨ ਭੰਗਰੀ ਆਦਤਾਂ ਵਿਚ ਪੈ ਕੇ ਕਿਸੇ ਵੇਲੇ ਭੈ ਵਿਚ ਗੋਤੇ ਖਾਂਦਾ ਰਿਹਾ ਅਤੇ ਕਿਸੇ ਵੇਲੇ ਕੂੜਾਵੀ ਨਿਰਭੈਤਾ ਨੂੰ ਛਿਨ ਭੰਗਰ ਮਾਤਰ

*ਰਾਮਕਲੀ ਮ: ੧, ॥੩॥੧੦॥ ਪੰਨਾ ੮੭੯

ਲਈ ਮਾਨਣ ਵਿਚ ਹੀ ਲਿਪਾਇਮਾਨ ਰਿਹਾ। ਓਦੋਂ ਪਤਾ ਲੱਗਾ ਕਿ ਸਾਰੀ ਆਰਬਲਾ ਇਨ੍ਹਾਂ ਫੋਕਟ ਸੋਚਾਂ ਵਿਚਾਰਾਂ ਵਿਚ ਪੈ ਕੇ ਵਿਹਾ ਗਈ ਅਤੇ ਚਲਦਾ ਲੱਗਾ (ਸਿਧਾਇਆ)। ਕਿਸੇ ਖਿਨ ਵਿਸ਼ੇ ਵਿਕਾਰਾਂ ਰਸ ਭੋਗਾਂ ਨੂੰ ਭੋਗਦਾ ਰਿਹਾ ਅਤੇ ਇਸ ਰਸ-ਭੋਗ ਨੂੰ ਹੀ ਜੱਫਾ ਪਾ ਕੇ ਸਾਰੀ ਉਮਰ ਵਿਹਾ ਦਿਤੀ। ਓੜਕ ਪਤਾ ਲਗਾ ਜਦ ਛਿਨ ਵਿਚ ਹੀ ਤਿਆਗ ਕਰ ਕੇ ਪ੍ਰਲੋਕ ਚਲਾ ਗਿਆ। ਇਹ ਆਨਮਤੀ ਜੋਗ, ਤਪ, ਬਹੁ ਪ੍ਰਕਾਰੀ ਪੂਜਾ ਭੀ ਛਿਨ ਭੰਗਰੀ ਹੀ ਨਿਕਲੀ, ਇਨ੍ਹਾਂ ਆਨਮਤਿ ਕਰਮਾਂ ਦੇ ਕਰਨ ਵਿਚ ਖਚਤ ਰਿਹਾ। ਅਤੇ ਕਦੇ ਹੀ ਉਹ ਅਵਸਰ ਭਲਾ ਹੱਥ ਆਇਆ ਜਦੋਂ ਸਤਗੁਰੂ ਸਾਧ ਸੰਗਤ ਦੀ ਕਿਰਪਾ ਹੋਈ, ਅਤੇ ਗੁਰੂ ਨਾਨਕ ਦੇ ਘਰ ਵਿਚ ਆ ਕੇ ਵਾਹਿਗੁਰੂ-ਪ੍ਰਾਪਤੀ ਅਤੇ ਵਾਹਿਗੁਰੂ-ਨਾਮ ਦੇ ਸੱਚੇ ਰੰਗ ਲੱਗੇ।

ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ ॥
ਮੈ ਇਕੁ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ ॥੨॥
ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ ॥
ਗੁਰ ਕਾ ਸਬਦੁ ਨ ਚੀਨਹੀ ਤਤੁ ਸਾਰੁ ਨਿਰੰਤਰ ॥੩॥
ਪੰਡਿਤ ਪਾਧੇ ਜੋਇਸੀ ਨਿਤ ਪੜਹਿ ਪੁਰਾਣਾ ॥
ਅੰਤਰਿ ਵਸਤੁ ਨ ਜਾਣਨੀ ਘਟਿ ਬ੍ਰਹਮੁ ਲੁਕਾਣਾ ॥੪॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ ॥
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ ॥੫॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ ॥੬॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ ॥੭॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਵਾਣੈ ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ ॥੮॥੧੪॥

[ਆਸਾ ਮ: ੧, ਪੰਨਾ ੪੧੮-੧੯

ਇਸ ਗੁਰਵਾਕ ਅੰਦਰ ਕਈ ਪ੍ਰਕਾਰ ਦੇ ਮਨਮਤੀਆਂ ਅਤੇ ਅਨਮਤੀਆਂ **ਭੇਖ**-ਧਾਰੀਆਂ ਨੂੰ ਖੰਡਨ ਕੀਤਾ ਗਿਆ ਹੈ ਤੇ ਇਸ ਦੇ ਮੁਕਾਬਲੇ ਵਿਚ ਇਕੋ ਗੁਰ-ਮਤਿ ਦਾ ਮੰਡਨ ਕੀਤਾ ਗਿਆ ਹੈ।

ਸਿਧ ਪੀਰ ਆਦਿਕ ਭੇਖੀ ਜਨ ਜੋ ਸਿੱਧੀਆਂ ਨੂੰ ਸੇਂਵਦੇ ਹਨ, ਉਹ ਕੇਵਲ ਰਿਧੀ ਸਿਧੀ ਦੀਆਂ ਮੰਗਾਂ ਹੀ ਮੰਗਦੇ ਹਨ, ਇਹ ਸਭ ਕੂੜਾ ਪਾਜ ਹੈ। ਗੁਰਮਤਿ ਅਨੁਸਾਰ—"ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥"* ਜੋ ਪੁਰਸ਼

* ਸਲੋਕ ਮ: ੩, ਵਡਹੰਸ ਕੀ ਵਾਰ, ॥੧॥੧੯॥ ਪੰਨਾ ੫੯੩

ਭੀ ਰਿਧੀਆਂ ਸਿਧੀਆਂ ਵਿਚ ਫਸ ਜਾਂਦੇ ਹਨ ਉਹ ਬਸ, ਮਾਇਆ ਮਮਤਾ ਰੂਪੀ ਮੋਹ-ਜਾਲਾਂ ਵਿਚ ਪੈ ਗਏ, ਗੁਰਮਤਿ ਨਾਮ ਉਨ੍ਹਾਂ ਦੇ ਹਿਰਦੇ ਵਿਚ ਕਦੇ ਨਹੀਂ ਵਸ ਸਕਦਾ, ਉਹ ਪ੍ਰਮਾਰਥ ਨੂੰ ਪਿੱਠ ਹੀ ਦੇ ਦੇਂਦੇ ਹਨ। ਗੁਰਮਤਿ ਅਨੁਸਾਰ ਗੁਰਮਤਿ ਦੇ ਪ੍ਰੇਮੀ ਜਨ ਇਸ ਕੂੜਾਵੀ ਸਿਧੀ ਮਈ ਮੋਹ-ਮਮਤਾ ਦਾ ਮੁਸ਼ਕ ਮਾਤਰ ਭੀ ਨੇੜੇ ਨਹੀਂ ਆਉਣ ਦੇਂਦੇ, ਕਿਉਂਕਿ ਉਹਨਾਂ ਦੇ ਹਿਰਦੇ ਅੰਦਰ ਸੱਚੇ ਗੁਰੂ ਦੀ ਬਖ਼ਸ਼ੀ ਬੁੱਧੀ ਅਨੁਸਾਰ ਸੱਚਾ ਗੁਰ-ਨਾਮ ਸਦਾ ਹੀ ਵਸਿਆ ਰਹਿੰਦਾ ਹੈ, ਕਦੇ ਨਹੀਂ ਵਿਸਰਦਾ। ਦੁਨੀਆ ਉਤੇ ਫੋਕਟ ਸਾਧਨਾਂ ਵਾਲੇ ਜੋਗੀ ਬਥੇਰੇ ਬਣੇ ਫਿਰਦੇ ਹਨ ਅਤੇ ਭੋਗਾਂ ਦੇ ਭੋਗਣ ਵਾਲੇ ਭੋਗੀ ਭੀ ਬਥੇਰੇ ਅਖਵਾਉਂਦੇ ਹਨ। ਪੀਰਾਂ ਦਾ ਚੋਲਾ ਪਾ ਕੇ ਫਿਰਨ ਵਾਲੇ ਫ਼ਕੀਰ ਕਾਪੜੀ ਆਪਣੇ ਆਪ ਨੂੰ ਅਖਵਾਉਂਦੇ ਹਨ, ਪਏ ਦੇਸ ਦੇਸੰਤਰਾਂ ਵਿਚ ਭਉਂਦੇ ਫਿਰਦੇ ਹਨ, ਉਹਨਾਂ ਦੇ ਪੱਲੇ ਕੁਝ ਨਹੀਂ ਪੈਂਦਾ; ਉਹ ਗੁਰ-ਸ਼ਬਦ ਰੂਪੀ ਤਤਸਾਰ ਆਪਣੇ ਹਿਰਦੇ ਅੰਦਰ ਖੋਜ ਹੀ ਨਹੀਂ ਸਕਦੇ, ਕਿਉਂਕਿ ਉਹਨਾਂ ਨੂੰ ਗੁਰਮੰਤਰ ਗੁਰਦੀਖਿਆ ਪ੍ਰਾਪਤ ਹੀ ਨਹੀਂ ਹੁੰਦੀ।

ਪੰਡਤ ਪਾਂਧੇ ਜੋਤਸ਼ੀ ਨਿਤਾਪ੍ਰਤਿ ਬੇਦਾਂ ਪੁਰਾਣਾਂ ਨੂੰ ਪੜ੍ਹਦੇ ਫਿਰਦੇ ਹਨ, ਉਹਨਾਂ ਨੂੰ ਭੀ ਅੰਤਰ-ਆਤਮੇ ਸੱਚੀ ਵਸਤੂ ਗੁਰਮਤਿ ਨਾਮ ਦੀ ਕਲਾ ਦਾ ਪਤਾ ਹੀ ਨਹੀਂ ਲਗਦਾ। ਬ੍ਰਹਮ ਉਹਨਾਂ ਦੇ ਘਟ ਅੰਦਰ ਹੀ ਲੁਕਿਆ ਛਿਪਿਆ ਰਹਿੰਦਾ ਹੈ, ਜਿਸ ਨੂੰ ਉਹ ਪ੍ਰਗਟ ਹੀ ਨਹੀਂ ਕਰ ਸਕਦੇ, ਜੋ ਗੁਰਮਤਿ ਨਾਮ ਦੀ ਕਲਾ ਦੁਆਰੇ ਹੀ ਪ੍ਰਗਟ ਪਹਾਰੇ ਹੋ ਸਕਦਾ ਹੈ।

ਕਈ ਭਰਮ-ਭੁੱਲੇ ਲੋਕ ਬਨਾਂ ਜੰਗਲਾਂ ਵਿਚ ਜਾ ਕੇ ਫੋਕਾ ਤਪ ਕਰਨ ਲਗ ਜਾਂਦੇ ਹਨ ਅਤੇ ਆਪਣੇ ਆਪ ਨੂੰ ਤਪੱਸਵੀ ਅਖਵਾਉਂਦੇ ਹਨ, ਨਿਤਾਪ੍ਰਤਿ ਅਨਮਤੀ ਤੀਰਥਾਂ ਤੇ ਪਏ ਖੱਜਲ ਹੋਇ ਫਿਰਦੇ ਹਨ, ਉਹਨਾਂ ਦੇ ਅੰਦਰ ਹੰਕਾਰ-ਮਈ ਤਾਮਸੀ ਪਿੱਤਾ ਕ੍ਰੋਧ ਸਦਾ ਹੀ ਵਸਿਆ ਰਹਿੰਦਾ ਹੈ। ਸੱਚੀ ਉਦਾਸੀ ਤਾਂ ਉਨ੍ਹਾਂ ਨੂੰ ਆਉਂਦੀ ਹੀ ਨਹੀਂ, ਉਂਜ ਆਪਣੇ ਆਪ ਨੂੰ ਉਦਾਸੀ ਕਹਾਉਂਦੇ ਹਨ। ਆਪਣੇ ਅੰਦਰ ਵਸ ਰਹੇ ਆਤਮ ਪਰਮਾਤਮ ਸ਼ਕਤੀਸ਼ਰ ਨੂੰ ਉਹ ਚੀਨਦੇ ਹੀ ਨਹੀਂ।

ਇਕ ਐਸੇ ਭੇਖੀ ਭੀ ਹਨ ਕਿ ਆਪਣੇ ਬੀਰਜ ਨੂੰ ਜ਼ਿਦ ਕਰਕੇ ਰੋਕਦੇ ਹਨ, ਆਰਟੀਫ਼ੀਸ਼ੀਅਲੀ ਕੰਟਰੋਲ (artificially control) ਕਰਦੇ ਹਨ ਅਤੇ ਇਸ ਬਿਧ ਦੀ ਬਨਾਵਟੀ ਬਿੰਦ ਨੂੰ ਰੋਕ ਰੁਕਾਈ ਕਰਨ ਨਾਲ ਉਹ ਆਪਣੇ ਆਪ ਨੂੰ ਜਤੀ ਕਹਾਉਂਦੇ ਹਨ। ਪਰ ਇਹ ਸਭ ਭੇਖੀ ਨਾਨਾ ਪ੍ਰਕਾਰ ਦੀਆਂ ਜੂਨੀਆਂ ਵਿਚ ਭਰਮਦੇ ਫਿਰਦੇ ਰਹਿੰਦੇ ਹਨ, ਗੁਰ ਸ਼ਬਦ ਬਿਨਾਂ ਛੁਟਕਾਰਾ ਉਨ੍ਹਾਂ ਦਾ ਹੋ ਹੀ ਨਹੀਂ ਸਕਦਾ।

ਹਾਂ, ਗੁਰਮਤਿ ਦੇ ਉਤੇ ਚੱਲਣ ਵਾਲੇ ਗੁਰਮੁਖਿ ਸੇਵਕ ਜਨ ਵਿਰਲੇ ਹੀ ਹੁੰਦੇ ਹਨ, ਜੋ ਗ੍ਰਿਹਸਤ ਵਿਚ ਰਹਿ ਕੇ ਸੇਵਾ ਸਾਧਨਾ ਕਮਾਉਂਦੇ ਹਨ ਅਤੇ ਸੱਚੀ

 www.sikhbookclub.com

ਗੁਰਮਤਿ 'ਤੇ ਆਪਣੇ ਆਪ ਨੂੰ ਲਾਉਂਦੇ ਹਨ, ਨਾਮ ਦਾਨ ਇਸ਼ਨਾਨ ਦ੍ਰਿੜ੍ਹ ਕੇ ਸੱਚੀ ਗੁਰਮਤਿ ਨੂੰ ਕਮਾਉਂਦੇ ਹਨ ਅਤੇ ਸੱਚੀ ਵਾਹਿਗੁਰੂ-ਭਗਤੀ ਵਿਚ ਸਾਵਧਾਨ ਹੋ ਕੇ ਜਾਗਦੇ ਹਨ। ਗੁਰੂ ਦੁਆਰਾ ਉਨ੍ਹਾਂ ਨੂੰ ਵਾਹਿਗੁਰੂ ਦਾ ਦਰ ਘਰ ਦੁਆਰਾ ਲਭ ਪੈਂਦਾ ਹੈ, ਉਸ ਨੂੰ ਲਭ ਕੇ ਉਹ ਸਿਆਣ ਲੈਂਦੇ ਹਨ, ਫੇਰ ਉਸ ਦੁਆਰੇ ਤੋਂ ਕਦੇ ਦੂਰ ਨਹੀਂ ਹੁੰਦੇ। ਏਥੇ ਉਥੇ ਲੋਕ ਪ੍ਰਲੋਕ ਵਿਖੇ ਉਨ੍ਹਾਂ ਨੂੰ ਨਾਮ ਵਿਸਰਦਾ ਹੀ ਨਹੀਂ ਅਤੇ ਸਦਾ ਸਦਾ ਉਨ੍ਹਾਂ ਦਾ ਮਨ ਅਭਿਆਸ ਵਿਖੇ ਹੀ ਜੁੜਿਆ ਰਹਿੰਦਾ ਹੈ।

# ਪ੩. ਅਵਤਾਰ ਤੇ ਦੇਵਤੇ ਆਦਿ

ਸਾਸਤੁ ਬੇਦੁ ਸਿੰਮ੍ਰਿਤਿ ਸਰੁ ਤੇਰਾ ਸੁਰਸਰੀ ਚਰਣ ਸਮਾਣੀ ॥
ਸਾਖਾ ਤੀਨਿ ਮੂਲੁ ਮਤਿ ਰਾਵੈ ਤੂੰ ਤਾਂ ਸਰਬ ਵਿਡਾਣੀ ॥੧॥
ਤਾ ਕੇ ਚਰਣ ਜਪੈ ਜਨੁ ਨਾਨਕੁ ਬੋਲੇ ਅੰਮ੍ਰਿਤ ਬਾਣੀ ॥੧॥ਰਹਾਉ॥
ਤੇਤੀਸ ਕਰੋੜੀ ਦਾਸ ਤੁਮ੍ਹਾਰੇ ਰਿਧਿ ਸਿਧਿ ਪ੍ਰਾਣ ਅਧਾਰੀ ॥
ਤਾ ਕੇ ਰੂਪ ਨ ਜਾਹੀ ਲਖਣੇ ਕਿਆ ਕਰਿ ਆਖਿ ਵੀਚਾਰੀ ॥੨॥
ਤੀਨਿ ਗੁਣਾ ਤੇਰੇ ਜੁਗ ਹੀ ਅੰਤਰਿ ਚਾਰੇ ਤੇਰੀਆ ਖਾਣੀ ॥
ਕਰਮੁ ਹੋਵੈ ਤਾ ਪਰਮ ਪਦੁ ਪਾਈਐ ਕਥੇ ਅਕਥ ਕਹਾਣੀ ॥੩॥
ਤੂੰ ਕਰਤਾ ਕੀਆ ਸਭੁ ਤੇਰਾ ਕਿਆ ਕੋ ਕਰੇ ਪਰਾਣੀ ॥
ਜਾ ਕਉ ਨਦਰਿ ਕਰਹਿ ਤੂੰ ਅਪਣੀ ਸਾਈ ਸਚਿ ਸਮਾਣੀ ॥੪॥
ਨਾਮੁ ਤੇਰਾ ਸਭੁ ਕੋਈ ਲੇਤੁ ਹੈ ਜੇਤੀ ਆਵਣ ਜਾਣੀ ॥
ਜਾ ਤੁਧੁ ਭਾਵੈ ਤਾ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ ॥੫॥
ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ॥
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ ॥੬॥
ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ ॥
ਤਿਨ ਭੀ ਅੰਤੁ ਨ ਪਾਇਆ ਤਾ ਕਾ ਕਿਆ ਕਰਿ ਆਖਿ ਵੀਚਾਰੀ ॥੭॥
ਤੂੰ ਸਚਾ ਤੇਰਾ ਕੀਆ ਸਭੁ ਸਾਚਾ ਦੇਹਿ ਤ ਸਾਚੁ ਵਖਾਣੀ ॥
ਜਾ ਕਉ ਸਚੁ ਬੁਝਾਵਹਿ ਅਪਣਾ ਸਹਜੇ ਨਾਮਿ ਸਮਾਣੀ ॥੮॥੧॥੨੩॥

[ਆਸਾ ਮ: ੩ ਅਸਟ:, ਪੰਨਾ ੪੨੨-੨੩

ਇਸ ਗੁਰਵਾਕ ਦੁਆਰਾ ਉਨ੍ਹਾਂ ਨਾਨਾ ਪ੍ਰਕਾਰੀ ਸਮੱਗਰ ਮਨਮਤੀ ਤਰੀਕਿਆਂ ਦਾ ਖੰਡਨ ਕੀਤਾ ਗਿਆ ਹੈ ਜੋ ਆਪਣਾ ਮਨ-ਮੰਨਿਆ ਭੇਖ ਧਾਰੀ ਫਿਰਦੇ ਹਨ। ਇਸ ਗੁਰਵਾਕ ਦੇ ਭਾਵ ਦੁਆਰਾ ਇਹ ਗੱਲ ਤਾਂ ਬਿਲਕੁਲ ਸਪੱਸ਼ਟ ਹੋ ਗਈ ਹੈ ਕਿ ਬੇਦ, ਸ਼ਾਸਤ੍ਰ, ਦੇਵੀ, ਦੇਵਤੇ, ਆਨਮਤੀ ਅਵਤਾਰ ਕਹਾਵਣ ਵਾਲੇ ਭੀ ਗੁਰਮਤਿ

ਨਾਮ ਦੀ ਮਹਿਮਾ ਨੂੰ ਨਹੀਂ ਜਾਣ ਸਕੇ। ਗੁਰਮਤਿ ਅਨੁਸਾਰ ਗੁਰਮਤਿ ਨਾਮ ਸਰੋਵਤ ਹੀ ਸ਼ਾਸਤ੍ਰ ਵੇਦ ਸਿਮਰਤੀਆਂ ਨਾਮ ਦ੍ਰਿੜ੍ਹਾਉਂਦੇ ਹਨ, ਇਸ ਨਾਮ ਸਿਮਰਨ ਤੋਂ ਬਿਨਾਂ ਹੋਰ ਕੋਈ ਸ਼ਾਸਤ੍ਰ ਸਿਮਰਤ ਵੇਦ ਨਹੀਂ। ਸ਼ਾਸਤ੍ਰ ਸਿਮਰਤ ਵੇਦ ਦੇ ਦੱਸੇ ਆਨਮਤੀ ਤੀਰਥਾਂ ਵਿਚ ਇਸ਼ਨਾਨ ਕਰਨਾ ਇਸ ਗੁਰਵਾਕ ਦੁਆਰਾ ਉੱਕਾ ਹੀ ਖੰਡਨ ਕੀਤਾ ਹੋਇਆ ਹੈ। ਸੁਰਸਰੀ, ਗੰਗਾ ਆਦਿਕ ਤੀਰਥ ਸਭ ਵਾਹਿਗੁਰੂ ਨਾਮ ਦੇ ਰੰਗਾਂ ਵਿਚ ਹੀ ਸਮਾ ਰਹੇ ਹਨ। ਜਿਨ੍ਹਾਂ ਗੁਰਮੁਖਿ ਜਨਾਂ ਨੇ, ਹੇ ਵਾਹਿਗੁਰੂ ! ਤੇਰਾ ਨਾਮ ਜਪ ਲਿਆ ਹੈ, ਉਹਨਾਂ ਨੇ ਸਾਰੇ ਤੀਰਥ ਕਰ ਲਏ ਹਨ ਅਤੇ ਸ਼ਾਸਤ੍ਰ ਸਿਮ੍ਰਿਤਿ ਵੇਦ ਸਭ ਪੜ੍ਹ ਲਏ ਹਨ। ਤ੍ਰੈ ਗੁਣੀ ਸੰਸਾਰ ਨੂੰ (ਤਿੰਨਾਂ ਸ਼ਾਖ਼ਾਂ ਵਾਲੇ ਪੌਦੇ ਨੂੰ) ਪ੍ਰਾਣੀ ਦੀ ਮਤਿ ਸਮਝ ਸਕਦੀ ਹੈ, ਪਰ ਸਭ ਤੋਂ ਅਪਰੰਪਰ ਅਤੇ ਨਿਰਾਲੇ ਤੁਰੀਆ ਗੁਣਾਂ ਵਾਲੇ ਸਰਬੱਗ ਪਾਰਬ੍ਰਹਮ ਨੂੰ ਅਲਪੱਗ ਬੁਧੀ ਵਾਲੇ ਪ੍ਰਾਣੀ ਕੀ ਜਾਣ ਸਕਦੇ ਹਨ। ਜੋ ਗੁਰਮਤਿ ਜਨ ਅੰਮ੍ਰਿਤ ਨਾਮ ਰੂਪੀ ਗੁਰਬਾਣੀ ਦਾ ਜਾਪ ਧਿਆਨ ਕਰਦੇ ਹਨ, ਉਹਨਾਂ ਦੀ ਸੰਗਤ ਕੀਤਿਆਂ ਸਭ ਦੀ ਸਦਗਤੀ ਹੁੰਦੀ ਹੈ।

ਹਿੰਦੂ ਮਤੀਆਂ ਦੇ ਮੰਨੇ ਹੋਏ ਤੇਤੀ ਕ੍ਰੋੜ ਦੇਵਤੇ ਉਹ ਸਭ ਵਾਹਿਗੁਰੂ ਦੇ ਦਾਸ ਹਨ ਅਤੇ ਉਸ ਦੇ ਪ੍ਰਾਇਣ ਹਨ। ਕਰਾਮਾਤਾਂ ਵਾਲੇ, ਰਿਧੀਆਂ ਸਿਧੀਆਂ ਵਾਲੇ, ਪ੍ਰਾਣਾਯਾਮ ਕਰਨ ਵਾਲੇ ਜੋਗੀ ਉਸ ਕਰਤਾਰ ਕਰਤਾ ਪੁਰਖ ਦੇ ਰੂਪ ਨਹੀਂ ਸਮਝ ਸਕਦੇ, ਐਵੇਂ ਫੋਕੀਆਂ ਵਿਚਾਰਾਂ ਵਿਚਾਰ ਕੇ ਝਖ ਮਾਰਦੇ ਫਿਰਦੇ ਹਨ। ਤਮੋ, ਸਤੋ, ਰਜੋ ਗੁਣ ਇਹ ਸਭ ਤੇਰੇ (ਕਰਤਾਰ ਦੇ) ਕੀਤੇ ਜਗਤ ਵਿਚ ਹੀ ਵਸਦੇ ਹਨ ਅਤੇ ਚਾਰੇ ਖਾਣੀਆਂ ਭੀ ਤੇਰੀਆਂ ਹੀ ਕੀਤੀਆਂ ਹੋਈਆਂ ਹਨ। ਭਾਵ, ਇਹ ਤਿੰਨਾਂ ਗੁਣਾਂ ਅਤੇ ਚਹੁੰਆਂ ਖਾਣੀਆਂ ਵਾਲੀ ਸ੍ਰਿਸ਼ਟੀ ਵਾਹਿਗੁਰੂ ਦੀ ਰਚਨਾ ਦੇ ਅੰਦਰ ਹੀ ਅੰਦਰ ਹੈ, ਬਾਹਰ ਨਹੀਂ। ਵਾਹਿਗੁਰੂ ਇਸ ਹਦ ਤੋਂ ਬਹੁਤ ਅਪਰੰਪਰ ਅਤੇ ਵੱਡਾ ਹੈ। ਜੇ ਉਸ ਦੀ ਮੇਹਰ ਹੋਵੇ ਤਾਂ ਇਸ ਵਡਿਆਈ ਦੇ ਪਦ ਨੂੰ ਪਾ ਸਕੀਦਾ ਹੈ ਅੰਤੇ ਨਾ ਕਹੀ ਜਾਣ ਵਾਲੀ ਵਾਹਿਗੁਰੂ ਦੀ ਵਡਿਆਈ ਕਹਿ ਕੇ ਗੁਣ ਗਾ ਸਕੀਦੇ ਹਨ।

ਹੇ ਵਾਹਿਗੁਰੂ ! ਤੂੰ ਸਭਨਾਂ ਦਾ ਕਰਤਾ ਹੈਂ; ਅਤੇ ਸਭ ਜੀਅ ਜੰਤ ਤੇਰਾ ਕੀਤਾ ਹੋਇਆ ਹੈ। ਕਿਸੇ ਪ੍ਰਾਣੀ ਮਨੁਖ ਦੀ ਤਾਕਤ ਨਹੀਂ ਕਿ ਆਪੌਂ ਏਥੇ ਦਮ ਮਾਰ ਸਕੇ। ਜਿਸ ਗੁਰਮੁਖਿ ਜਨ ਉਤੇ ਤੇਰੀ ਨਦਰ ਮੇਹਰ ਹੁੰਦੀ ਹੈ, ਸੋਈ ਵਡਭਾਗਾ ਜਨ ਵਾਹਿਗੁਰੂ ਨਾਮ ਰੂਪੀ ਸੱਚ ਵਿਖੇ ਸਮਾ ਜਾਂਦਾ ਹੈ। ਚੌਰਾਸੀ ਦੇ ਗੇੜ ਵਿਚ ਜੋ ਕੋਈ ਭੀ ਜੀਅ ਜੰਤ ਹੈ, ਸਭ ਕੋਈ ਤੇਰਾ ਨਾਮ-ਲੇਵਾ ਕਹਾਉਂਦਾ ਹੈ, ਪਰ ਤੂੰ, ਹੇ ਵਾਹਿਗੁਰੂ ! ਜੋ ਗੁਰਮੁਖਿ ਜਨ ਤੈਨੂੰ ਭਾਉਂਦਾ ਹੈ, ਉਹ ਹੀ ਤੇਰੀ ਗੁਰਮਤਿ ਨਾਮ ਰੂਪੀ ਵਡਿਆਈ ਨੂੰ ਅੰਤਰਗਤਿ ਧਾਰਨ ਕਰਦਾ ਹੈ, ਹੋਰ ਸਭ ਲੋਕਾਈ ਇਸ ਤੱਤ ਗੁਰਮਤਿ ਪ੍ਰਚੰਡ ਗਿਆਨ ਤੋਂ ਅਨਜਾਣ ਹੀ ਫਿਰਦੀ ਰਹਿੰਦੀ ਹੈ।


www.sikhbookclub.com

ਕਹਿੰਦੇ ਹਨ ਕਿ ਰੱਬ ਨੇ ਚਾਰੇ ਵੇਦ ਬ੍ਰਹਮਾ ਨੂੰ ਦਿਤੇ ਅਤੇ ਉਹ ਪੜ੍ਹ ਪੜ੍ਹ ਕੇ ਉਨ੍ਹਾਂ ਨੂੰ ਵਿਚਾਰ ਕਰਦਾ ਰਿਹਾ ਅਤੇ ਵਿਚਾਰਾ ਉਸ ਰੱਬ ਦੇ ਹੁਕਮ ਨਾ ਸਮਝ ਸਕਿਆ, ਅਤੇ ਨਰਕਾਂ ਸੁਰਗਾਂ ਵਿਚ ਹੀ ਮੁੜ ਮੁੜ ਭਉਂਦਾ ਰਿਹਾ। ਇਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਬੇਦਾਂ ਆਦਿਕਾਂ ਦੀ ਪੜ੍ਹਾਈ ਚੌਰਾਸੀ ਦੇ ਗੇੜ ਵਿਚ ਹੀ ਫੇਰਦੀ ਫਿਰਾਉਂਦੀ ਰਹਿੰਦੀ ਹੈ ਪੜ੍ਹਨਹਾਰਿਆਂ ਨੂੰ। ਜੇ ਵੇਦਾਂ ਦੇ ਭੰਡਾਰੀ ਬ੍ਰਹਮਾ ਦਾ ਹੀ ਇਹ ਹਾਲ ਹੋਇਆ ਤਾਂ ਵੇਦ ਪੜ੍ਹਨਹਾਰਿਆਂ ਦਾ ਬੜਾ ਹੀ ਦੁਰਗਤੀ ਵਾਲਾ ਹਾਲ ਹੋਵੇਗਾ। ਵਾਹਿਗੁਰੂ ਦੇ ਭਾਣੇ ਅੰਦਰ ਹੀ ਬ੍ਰਹਮਾ ਵੇਦਾਂ ਦਾ ਉਚਾਰਨਹਾਰਾ ਹੋਇਆ, ਪਰ ਇਨ੍ਹਾਂ ਵੇਦਾਂ ਨੂੰ ਵਿਚਾਰ ਕੇ ਹੰਕਾਰੀ ਹੀ ਬਣ ਗਿਆ। ਇਹ ਕੇਵਲ ਗੁਰਮਤਿ ਨਾਮ ਹੀ ਹੈ ਜੋ ਨਿਰੰਕਾਰੀ ਹੋਣ ਕਰਿ ਸਭ ਜੀਵਾਂ ਦਾ ਕਲਿਆਣਕਾਰੀ ਹੋ ਸਕਦਾ ਹੈ, ਹੋਰ ਆਨਮਤ ਮਤ ਇਸ ਦੇ ਮੁਕਾਬਲੇ ਵਿਚ ਠੇਡੇ ਹੀ ਖਾਂਦੇ ਫਿਰਦੇ ਹਨ।

ਪੰਡਿਤ ਪੜਦੇ ਜੋਤਕੀ ਤਿਨ ਬੂਝ ਨ ਪਾਇ ॥੨॥
ਆਪੈ ਥੈ ਸਭੁ ਰਖਿਓਨੁ ਕਿਛੁ ਕਹਣੁ ਨ ਜਾਈ ॥...੩॥੨੭॥

[ਆਸਾ ਮ: ੩, ਪੰਨਾ ੪੨੫

ਨਿਰੇ ਪੁਸਤਕੀ ਗਿਆਨ ਘੋਖਣ ਵਾਲੇ ਲੋਗ, ਪੰਡਤ ਲੋਗ ਪੰਡਤਾਈ ਵਾਲੀ ਵਿਦਿਆ ਪੜ੍ਹਦੇ ਹਨ ਅਤੇ ਜੋਤਸ਼ੀ ਲੋਗ ਜੋਤਸ਼ ਪੜ੍ਹ ਪੜ੍ਹ ਸਿਰ ਖਪਾਉਂਦੇ ਹਨ ਅਤੇ ਤਿਨ੍ਹਾਂ ਨੂੰ ਪ੍ਰਮਾਰਥ ਦੀ ਸੱਚੀ ਸੂਝ ਬੂਝ ਆਉਂਦੀ ਹੀ ਨਹੀਂ। ਆਉਣੀ ਕੀ ਸੀ, ਉਹ ਤਾਂ ਆਪਣੇ ਹੱਥੀਂ ਆਪ ਹੀ ਕੂਚਾ ਲਾਈ ਫਿਰਦੇ ਹਨ, ਸੱਚੀ ਵਿਦਿਆ ਦੇ ਥਾਉਂ ਅਵਿੱਦਿਆ ਦੀਆਂ ਵਿਦਿਆਂ ਪੜ੍ਹਦੇ ਫਿਰਦੇ ਹਨ। ਖ਼ਬਰੇ ਉਨ੍ਹਾਂ ਦੀ ਮਤਿ ਨੂੰ ਕੀ ਹੋ ਗਿਆ ਹੈ, ਕੁਝ ਆਖਿਆ ਨਹੀਂ ਜਾਂਦਾ। ਇਹ ਸਭ ਵਿਦਿਆ ਦਾ ਕੁਫ਼ੇਰ ਹੈ। ਸੱਚੀ ਗੁਰਮਤਿ ਨੂੰ ਉਹ ਧਾਰਨ ਕਰਦੇ ਹੀ ਨਹੀਂ, ਇਸੇ ਕਰਕੇ ਭਰਮਦੇ ਫਿਰਦੇ ਹਨ। ਇਸ ਗੁਰਵਾਕ ਦੁਆਰਾ ਪੰਡਤਾਂ ਦੀ ਪੰਡਤਾਈ ਅਤੇ ਜੋਤਸ਼ੀਆਂ ਦੀ ਜੋਤਿਸ਼-ਵਿਦਿਆ ਦਾ ਸਾਫ਼ ਖੰਡਨ ਹੈ।

ਇਕਿ ਕੁਚਲ ਕੁਚੀਲ ਵਿਖਲੀਪਤੇ ਨਾਵਹੁ ਆਪਿ ਖੁਆਏ ॥
ਨਾ ਓਨ ਸਿਧਿ ਨ ਬੁਧਿ ਹੈ ਨ ਸੰਜਮੀ ਫਿਰਹਿ ਉਤਵਤਾਏ ॥੫॥੩੨॥

[ਆਸਾ ਮ: ੩, ਪੰਨਾ ੪੨੭

ਇਹ ਗੁਰਵਾਕ ਖ਼ਾਸ ਕਰਕੇ ਸਰੇਵੜਿਆਂ ਜੈਨੀਆਂ ਦੀ ਕੁਚਲ ਕੁਚੀਲ ਕਿਰਿਆ ਪਰਥਾਇ ਉਚਾਰਨ ਹੋਇਆ ਹੈ। ਆਮ ਤੌਰ ਤੇ ਜੋ ਲੋਗ ਨਾਮ ਤੋਂ ਘੁੱਥੇ ਹੋਏ ਹਨ ਸੋ ਅਨਦਿਨ ਮੈਲੇ ਫਿਰਦੇ ਰਹਿੰਦੇ ਹਨ, ਨਾ ਨਹਾਉਂਦੇ ਹਨ, ਨਾ ਧੋਂਦੇ ਹਨ। ਇਹ ਕੇਵਲ ਗੁਰਮਤਿ ਦੀ ਹੀ ਵਿਸ਼ੇਸ਼ਤਾ ਹੈ ਕਿ ਗੁਰਮੁਖਿ ਜਨ ਅੰਮ੍ਰਿਤ ਵੇਲੇ ਉਠ ਕੇ ਪਹਿਲੇ ਇਸ਼ਨਾਨ ਕਰਦੇ ਹਨ, ਫੇਰ ਸਾਵਧਾਨ ਹੋ ਕੇ ਇਕ-

ਚਿਤ ਇਕ-ਬਿਰਤੀ ਦੁਆਰਾ ਨਾਮ ਜਪਦੇ ਹਨ। ਕੁਚਲ ਕੁਚੀਲ ਕਿਰਿਆ ਰੱਖਣ ਵਾਲੇ ਆਪਣੇ ਆਪ ਨੂੰ ਲੋਕਾਂ ਤਾਈਂ ਇਹ ਜਣਾਉਂਦੇ ਹਨ ਕਿ ਅਸੀਂ ਬਿਨਾਂ ਸੋਚ ਇਸ਼ਨਾਨ ਤੋਂ ਹੀ ਪੁਗ ਖਲੋਤੇ ਹਾਂ। ਵਾਸਤਵ ਵਿਚ ਨਾ ਇਨ੍ਹਾਂ ਨੂੰ ਸਿਧੀ ਪ੍ਰਾਪਤ ਹੁੰਦੀ ਹੈ ਨਾ ਅਕਲ ਬੁਧ ਹੀ ਠਿਕਾਣੇ ਹੁੰਦੀ ਹੈ, ਨਾ ਹੀ ਸੰਜਮੀ ਹੁੰਦੇ ਹਨ, ਏਵੇਂ ਡਾਵਾਂ ਡੋਲ ਅੰਦਰੋਂ ਉਖੜੇ ਹੋਇ ਹੀ ਫਿਰਦੇ ਹਨ। ਨਾ ਹੀ ਉਹ ਚੰਗੀ ਰਹਿਣੀ ਬਹਿਣੀ ਵਾਲੇ ਹੁੰਦੇ ਹਨ, ਉਹ ਧੁੰਧਲੇ ਹੋਇ ਹੀ ਫਿਰਦੇ ਹਨ। ਭੁਲੀ ਹੋਈ ਲੁਕਾਈ ਅਜਿਹੇ ਮਲੀਨ ਕਿਰਿਆ ਵਾਲੇ ਭੇਖੀਆਂ ਦੇ ਪਿਛੇ ਪਈ ਧਾਈ ਕਰੀ ਫਿਰਦੀ ਹੈ। ਜੋ ਭੇਖੀ ਲੋਗ, ਕੁੱਤਿਆਂ ਦਾ ਜੂਠਾ ਖਾਣ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਇਹ ਭਰਮ-ਭੁੱਲੇ ਹੋਏ ਲੋਗ ਸਗੋਂ ਬਹੁਤਾ ਪੁੱਜਿਆ ਹੋਇਆ ਸਮਝਦੇ ਹਨ, ਉਸ ਦੇ ਉਲਟ ਉਨ੍ਹਾਂ ਦੇ ਅੰਦਰ ਕੁਝ ਭੀ ਨਹੀਂ ਹੁੰਦਾ। ਭਖ ਅਭੱਖ ਖਾ ਜਾਣ ਵਾਲੇ ਮਲੀਨ ਕਿਰਿਆ ਵਾਲੇ ਲੋਗ, ਆਪਣੀ ਮਨਮਤਿ ਕਿਰਿਆ ਦੇ ਕਾਰਨ ਬਹੁਤ ਚੋਟਾਂ ਖਾਣਗੇ ਅਤੇ ਉਹਨਾਂ ਦੇ ਪਿਛੇ ਲੱਗਣ ਵਾਲਿਆਂ ਮਨਮਤੀਆਂ ਦਾ ਜੋ ਹਾਲ ਹੋਵੇਗਾ, ਉਹ ਤਾਂ ਬਹੁਤ ਹੀ ਭਿਅੰਕਰ ਹੈ।

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥
੪॥੧੧॥੧੮॥ [ਆਸਾ ਮ: ੪, ਪੰਨਾ ੪੫੦

ਇਸ ਵਾਕ ਤੋਂ ਸਾਫ਼ ਸਿਧ ਹੁੰਦਾ ਹੈ ਕਿ ਗੁਰਮਤਿ ਅੰਦਰ ਗੁਰਬਾਣੀ ਤੋਂ ਛੁਟ ਹੋਰ ਨਾਦ ਮਈ ਕੱਚੀਆਂ ਬਾਣੀਆਂ ਗਾਵਣੀਆਂ ਉੱਕੀਆਂ ਹੀ ਅਪ੍ਰਵਾਨ ਹੈਂ। ਜੋ ਲੋਗ ਕੱਚੀਆਂ ਬਾਣੀਆਂ ਵਾਲੇ ਤੇ ਨਿਰੀ ਮਨਮਤਿ ਭਰੇ ਰਾਗ ਗਾਉਂਦੇ ਹਨ, ਸੰਖ, ਸਿੰਗੀ ਆਦਿਕ ਨਾਦ ਵਜਾਉਂਦੇ ਹਨ ਅਤੇ ਆਨਮਤਿ ਪੁਸਤਕਾਂ ਵੇਦਾਂ ਆਦਿਕਾਂ ਨੂੰ ਪੜ੍ਹਦੇ ਪੜ੍ਹਾਉਂਦੇ ਹਨ, ਬਹੁ ਬਹੁ ਭਾਂਤ ਦੀਆਂ ਮਨ-ਹੁਦਰੀਆਂ ਕੁਬਾਣੀਆਂ ਬਾਹਰੋਂ ਟੱਪੇ ਲਾ ਲਾ ਕੇ ਲੋਕਾਂ ਨੂੰ ਸੁਣਾਉਂਦੇ ਹਨ, ਸਭ ਮਨਮਤਿ ਕਿਰਿਆ ਦੁਆਰਾ ਪਤੀਜ ਜਾਂਦੇ ਹਨ, ਪਰੰਤੂ ਵਾਹਿਗੁਰੂ ਤੇ ਵਾਹਿਗੁਰੂ ਦੇ ਅਨਿੰਨ ਭਗਤ ਉੱਕੇ ਹੀ ਨਹੀਂ ਭਿਜਦੇ। ਜਿਨ੍ਹਾਂ ਮਨਮਤੀਆਂ ਦੇ ਅੰਦਰ ਆਨਮਤਿ ਭਰਿਆ ਕਪਟ ਅਤੇ ਨਿਰਾ ਵਿਕਾਰ ਹੀ ਵਿਕਾਰ ਹੁੰਦਾ ਹੈ ਤਿਨ੍ਹਾਂ ਦੇ ਉਪਰੋਂ ਉਪਰੋਂ ਰੋਏ ਤੇ ਕੀ ਬਣਦਾ ਹੈ, ਇਹ ਨਿਰਾ ਹੀ ਆਪਣੇ ਆਪ ਨੂੰ ਬੈਰਾਗੀ ਜਣਾਉਣ ਦਾ ਦਿਖਾਵਾ ਭੇਖ ਹੀ ਹੁੰਦਾ ਹੈ, ਜੈਸੇ ਕਿ ਕਪਟੀ ਲੋਗ ਇਸ ਗੁਰਵਾਕ ਦੀ ਤੁਕ ਅਨੁਸਾਰ ਕਪਟ ਕਮਾਉਂਦੇ ਹਨ, "ਆਖਨ ਭੀਤਰ ਤੇਲ ਕੋ ਡਾਰ ਸੁ ਲੋਗਨਿ ਨੀਰ ਬਹਾਇ

ਦਿਖਾਵੇ''* । ਭਲਾ ਇਧ ਬਿਧ ਰੋਵਣ ਗਾਵਣ ਦੇ ਦਿਖਾਵੇ ਨਾਲ ਕੀ ਬਣਦਾ ਹੈ । ਅੰਤਰਜਾਮੀ ਵਾਹਿਗੁਰੂ ਇਨ੍ਹਾਂ ਕਪਟੀਆਂ ਦੇ ਅੰਦਰਲੇ ਕਪਟ ਨੂੰ ਭਲੀ ਬਿਧ ਜਾਣਦਾ ਹੈ, ਭਾਵੇਂ ਇਹ ਕਪਟੀ ਆਪਣੇ ਕਪਟ ਨੂੰ ਕਿਤਨਾ ਹੀ ਛੁਪ ਛੁਪਾ ਕੇ ਰਖਣ ਅਤੇ ਆਪਣੇ ਸਿਰ (ਦਿਮਾਗ) ਬੁਰਾਈ ਦੇ ਰੋਗ ਨੂੰ ਕਿਤਨਾ ਹੀ ਹੱਥ ਦੇ ਕੇ ਰੋਕਣ ਦੇ ਯਤਨ ਕਰਨ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਗੁਰਮੁਖਿ ਜਨਾਂ ਦਾ ਹਿਰਦਾ ਸ਼ੁਧ ਹੁੰਦਾ ਹੈ ਉਨ੍ਹਾਂ ਨੂੰ ਹੀ ਵਾਹਿਗੁਰੂ ਦੀ ਸੱਚੀ ਭਗਤੀ ਮਿਲਦੀ ਹੈ ।

ਜਾ ਕਉ ਖੋਜਹਿ ਅਸੰਖ ਮੁਨੀ ਅਨੇਕ ਤਪੇ ॥
ਬ੍ਰਹਮੇ ਕੋਟਿ ਅਰਾਧਹਿ ਗਿਆਨੀ ਜਾਪ ਜਪੇ ॥
ਜਪ ਤਾਪ ਸੰਜਮ ਕਿਰਿਆ ਪੂਜਾ ਅਨਿਕ ਸੋਧਨ ਬੰਦਨਾ ॥
ਕਰਿ ਗਵਨੁ ਬਸੁਧਾ ਤੀਰਥਹ ਮਜਨੁ ਮਿਲਨ ਕਉ ਨਿਰੰਜਨਾ ॥
ਮਾਨੁਖ ਬਨੁ ਤਿਨੁ ਪਸੂ ਪੰਖੀ ਸਗਲ ਤੁਝਹਿ ਅਰਾਧਤੇ ॥
ਦਇਆਲ ਲਾਲ ਗੋਬਿੰਦ ਨਾਨਕ ਮਿਲੁ ਸਾਧ ਸੰਗਤਿ ਹੋਇ ਗਤੇ ॥੧॥
ਕੋਟਿ ਬਿਸਨ ਅਵਤਾਰ ਸੰਕਰ ਜਟਾਧਾਰ ॥
ਚਾਹਹਿ ਤੁਝਹਿ ਦਇਆਰ ਮਨਿ ਤਨਿ ਰੁਚ ਅਪਾਰ ॥
ਅਪਾਰ ਅਗਮ ਗੋਬਿੰਦ ਠਾਕੁਰ ਸਗਲ ਪੂਰਕ ਪ੍ਰਭ ਧਨੀ ॥
ਸੁਰ ਸਿਧ ਗਣ ਗੰਧਰਬ ਧਿਆਵਹਿ ਜਖ ਕਿੰਨਰ ਗੁਣ ਭਨੀ ॥
ਕੋਟਿ ਇੰਦ੍ਰ ਅਨੇਕ ਦੇਵਾ ਜਪਤ ਸੁਆਮੀ ਜੈ ਜੈ ਕਾਰ ॥
ਅਨਾਥ ਨਾਥ ਦਇਆਲ ਨਾਨਕ ਸਾਧ ਸੰਗਤਿ ਮਿਲਿ ਉਧਾਰ ॥੨॥
ਕੋਟਿ ਦੇਵੀ ਜਾ ਕਉ ਸੇਵਹਿ ਲਖਿਮੀ ਅਨਿਕ ਭਾਤਿ ॥
ਗੁਪਤ ਪ੍ਰਗਟ ਜਾ ਕਉ ਆਰਾਧਹਿ ਪਉਣ ਪਾਣੀ ਦਿਨਸੁ ਰਾਤਿ ॥
ਨਖਿਅਤ੍ਰ ਸਸੀਅਰ ਸੂਰ ਧਿਆਵਹਿ ਬਸੁਧ ਗਗਨਾ ਗਾਵਏ ॥
ਸਗਲ ਖਾਣੀ ਸਗਲ ਬਾਣੀ ਸਦਾ ਸਦਾ ਧਿਆਵਏ ॥
ਸਿਮ੍ਰਿਤਿ ਪੁਰਾਣ ਚਤੁਰ ਬੇਦਹ ਖਟੁ ਸਾਸਤ੍ਰ ਜਾ ਕਉ ਜਪਾਤਿ ॥
ਪਤਿਤ ਪਾਵਨ ਭਗਤਿ ਵਛਲ ਨਾਨਕ ਮਿਲੀਐ ਸੰਗਿ ਸਾਤਿ ॥੩॥
ਜੇਤੀ ਪ੍ਰਭੂ ਜਨਾਈ ਰਚਨਾ ਤੇਤ ਭਨੀ ॥
ਅਨਜਾਨਤ ਜੋ ਸੇਵੈ ਤੇਤੀ ਨਹ ਜਾਇ ਗਨੀ ॥
ਅਵਿਗਤ ਅਗਨਤ ਅਥਾਹ ਠਾਕੁਰ ਸਗਲ ਮੰਝੇ ਬਾਹਰਾ ॥
ਸਰਬ ਜਾਚਿਕ ਏਕੁ ਦਾਤਾ ਨਹ ਦੂਰਿ ਸੰਗੀ ਜਾਹਰਾ ॥
ਵਸਿ ਭਗਤ ਥੀਆ ਮਿਲੇ ਜੀਆ ਤਾ ਕੀ ਉਪਮਾ ਕਿਤ ਗਨੀ ॥
ਇਹੁ ਦਾਨੁ ਮਾਨੁ ਨਾਨਕ ਪਾਏ ਸੀਸੁ ਸਾਧਹ ਧਰਿ ਚਰਨੀ ॥੪॥੨॥੫॥

† ਤੇਤੀ ਸਵੱਯੇ, ਅੰਕ ੩੦ [ਆਸਾ ਮ: ੫ ਛੰਤ, ਪੰਨਾ ੪੫੫-੫੬


www.sikhbookclub.com

ਇਸ ਗੁਰਵਾਕ ਦੇ ਭਾਵ ਤੋਂ ਸਾਫ਼ ਸਿਧ ਹੁੰਦਾ ਹੈ ਕਿ ਗੁਰਮਤਿ ਮਤ ਬਿਹੂਨੇ ਆਨਮਤੀ ਲੋਗ ਭਾਵੇਂ ਕਿੰਨੇ ਹੀ ਜਪ ਤਾਪ ਸੰਜਮ ਪੂਜਾ ਕਰਦੇ ਫਿਰਨ, ਉਨ੍ਹਾਂ ਦਾ ਕਦੇ ਨਿਸਤਾਰਾ ਤੇ ਪਾਰ-ਉਤਾਰਾ ਨਹੀਂ ਹੋ ਸਕਦਾ। ਜਿਸ ਵਾਹਿਗੁਰੂ ਨੂੰ ਵਡੇ ਵਡੇ ਰਿਸ਼ੀ ਮੁਨੀ ਅਵਤਾਰ ਗੁਰਮਤਿ ਬਿਪਰਜੇ ਨਾਮਾਂ ਕਰਮਾਂ ਧਰਮਾਂ ਰਾਹੀਂ ਢੂੰਡਦੇ ਫਿਰਦੇ ਹਨ, ਉਸ ਵਾਹਿਗੁਰੂ ਦੀ ਪ੍ਰਾਪਤੀ ਕੇਵਲ ਗੁਰਮਤਿ ਦੁਆਰਾ ਸੰਭਵ ਹੈ, ਯਥਾ ਵਿਆਖਿਆ—

ਅਨਗਿਣਤ ਹੀ ਮੋਨ ਧਾਰਨ ਵਾਲੇ ਆਨਮਤੀ ਅਤੇ ਅਸੰਖ ਆਨਮਤਿ ਦਾ ਤਪ ਕਰਨ ਵਾਲੇ ਤਪੀ ਤਪੀਸ਼ਰ ਆਪੋ ਆਪਣੇ ਮੱਤਾਂ ਦੁਆਰਾ ਵਾਹਿਗੁਰੂ ਦੇ ਮੁਤਲਾਸ਼ੀ ਬਣਦੇ ਹਨ। ਕ੍ਰੋੜਾਂ ਹੀ ਬ੍ਰਹਮੇ ਸਾਰਖੇ ਦੇਵਤੇ ਆਪਣੀ ਆਪਣੀ ਮਤਿ ਅਨੁਸਾਰ (ਆਪ-ਹੁਦਰੇ ਹੀ) ਉਸ ਵਾਹਿਗੁਰੂ ਨੂੰ ਅਰਾਧਦੇ ਹਨ ਅਤੇ ਕੋਟਾਨ ਕੋਟਿ ਗਿਆਨੀ ਆਪੋ ਆਪਣੀ ਅਲਪੱਗ ਮਤਿ ਦੇ ਗਿਆਨ ਅਨੁਸਾਰ ਵਾਹਿਗੁਰੂ ਦਾ ਜਾਪ ਜਪਦੇ ਫਿਰਦੇ ਹਨ। ਇਸ ਪ੍ਰਕਾਰ ਦੀ ਆਨਮਤ ਸਾਧਨਾ ਵਾਲੀ ਜਪ ਤਾਪ ਸੰਜਮੀ ਕਿਰਿਆ ਚਾਹੇ ਲਖ ਵਾਰ ਕਰ ਲੈਣ, ਅਨੇਕ ਪ੍ਰਕਾਰ ਦੀ ਇੰਦਰੀਆਂ ਨੂੰ ਰੋਕਣ ਵਾਲੀ ਸਾਧਨਾ ਕਰ ਕੇ ਆਪਣੇ ਆਪ ਨੂੰ ਸੁਧ ਕਰਨ ਦੇ ਮਨਮਤੀ ਸੰਸਕਾਰਾਂ ਨੂੰ ਭਾਵੇਂ ਕਿਤਨਾ ਹੀ ਕਰ ਲੈਣ, ਪਰ ਉਨ੍ਹਾਂ ਦਾ ਕੁਝ ਨਹੀਂ ਬਣਦਾ। ਅਨੇਕਾਂ ਹੀ ਮਨਮਤੀ ਲੋਗ ਮੁਢ ਤੋਂ ਹੀ ਆਨਮਤੀ ਤੀਰਥਾਂ 'ਤੇ ਭਰਮਣ ਕਰਦੇ ਫਿਰਦੇ ਤੇ ਨਹਾਉਂਦੇ ਰਹਿੰਦੇ ਹਨ, ਇਸ ਪ੍ਰਕਾਰ ਦਾ ਤੀਰਥ-ਗਵਨ ਬਸੁਧਾ-ਭਰਮਣੀ-ਦੌਰਾ ਉਹੋ ਵਾਹਿਗੁਰੂ ਨਿਰੰਜਨ ਨੂੰ ਮਿਲਣ ਲਈ ਕਰਦੇ ਹਨ, ਏਹ ਸਭ ਬਿਰਥਾ ਹੀ ਜਾਂਦਾ ਹੈ। ਬਨਾਂ ਬਿਰਛਾਂ ਦੇ ਫਲ ਪੱਤਰ ਖਾ ਕੇ ਬਹੁਤ ਸਾਰੇ ਮਾਨੁਖ, ਹੇ ਵਾਹਿਗੁਰੂ! ਤੈਨੂੰ ਅਰਾਧਣ ਦਾ ਜਤਨ ਕਰਦੇ ਹਨ। ਇਹ ਸਾਰੇ ਪਸ਼ੂ ਪੰਖੀ ਭੀ ਤੈਨੂੰ ਹੀ ਅਰਾਧਦੇ ਸੁਣੀਦੇ ਹਨ, ਪਰੰਤੂ ਹੇ ਦਿਆਲ ਲਾਲ ਗੋਬਿੰਦ ਵਾਹਿਗੁਰੂ! ਗੁਰੂ ਨਾਨਕ ਸਾਹਿਬ ਦੀ (ਗੁਰੂ ਘਰ ਦੀ) ਸਾਧ ਸੰਗਤ ਵਿਚ ਮਿਲਿਆਂ ਹੀ, ਅਮੁਲ ਗੁਰਮਤਿ ਧਾਰਿਆਂ ਹੀ ਸਭ ਦੀ ਸਦਗਤੀ ਕਲਿਆਣ ਹੋ ਸਕਦੀ ਹੈ। ਗੁਰਮਤਿ-ਹੀਣਿਆਂ ਨਿਗੁਰਿਆਂ ਦੇ ਉੱਪਰ ਦੱਸੇ ਜਪ, ਤਪ ਅਤੇ ਹੋਰ ਸਾਧਨ ਸਭ ਬਿਰਥੇ ਜਾਂਦੇ ਹਨ।

ਹੋਰ ਤਾਂ ਹੋਰ, ਕ੍ਰੋੜਾਂ ਹੀ ਬਿਸ਼ਨੂੰ ਅਵਤਾਰ ਅਤੇ ਜਟਾਧਾਰੀ ਸ਼ਿਵ ਜੀ (ਸ਼ੰਕਰ) ਦੇਵਤੇ ਆਪਣੀ ਅਪਾਰ ਰੁਚੀ ਦੁਆਰਾ ਤੈਨੂੰ ਚਾਹੁੰਦੇ ਹਨ, ਪਰੰਤੂ ਹੇ ਅਪਰੰਪਰ ਅਗਮ ਅਗੋਚਰ ਵਾਹਿਗੁਰੂ, ਗੋਬਿੰਦ, ਠਾਕੁਰ! ਤੂੰ ਭਾਵੇਂ ਸਭਨਾਂ ਦੀ ਪਾਲਨਾ ਕਰਨ ਵਾਲਾ ਸੱਚਾ ਮਾਲਿਕ ਹੈਂ, (ਪਰ ਤੈਨੂੰ ਧਿਆਉਣਾ ਤਿਨ੍ਹਾਂ ਦਾ ਹੀ ਬਾਂਇ ਪੈਂਦਾ ਹੈ ਜਿਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਦੀ ਮਤਿ ਸੁਮਤਿ ਗੁਰਮਤਿ ਧਾਰਨ ਕੀਤੀ ਹੈ)। ਸੁਰ, ਸਿਧ, ਗੰਧਰਬ, ਮੁਨ, ਜਨ, ਜਖ, ਕਿਨਰ ਬੇਸ਼ੁਮਾਰ ਹੀ ਆਪੋ ਆਪਣੀ ਮਤਿ ਅਨੁਸਾਰ ਤੈਨੂੰ ਧਿਆਉਂਦੇ ਤੇ ਤੇਰੇ ਗੁਣ ਗਾਵਣ ਦਾ ਜਤਨ

ਕਰਦੇ ਹਨ। ਕੋਟਾਨ ਕੋਟਿ ਇੰਦਰ ਆਦਿਕ ਅਨੇਕ ਦੇਵਤੇ, ਹੇ ਵਾਹਿਗੁਰੂ ਸੁਆਮੀ! ਤੈਨੂੰ ਆਪੋ ਆਪਣੀ ਮਤਿ ਅਨੁਸਾਰ ਜਪਦੇ ਹਨ ਅਤੇ ਆਪਣੇ ਜਾਣੇ ਤੇਰਾ ਜੈ ਜੈ-ਕਾਰ ਵੀ ਬਥੇਰਾ ਕਰਦੇ ਹਨ, ਪਰੰਤੂ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਹੇ ਨਾਥਾਂ ਦੇ ਨਾਥ ਦਿਆਲ ਅਕਾਲ ਵਾਹਿਗੁਰੂ! ਕੇਵਲ ਗੁਰੂ ਘਰ ਦੀ ਸਾਧ ਸੰਗਤ ਨੂੰ ਮਿਲ ਕੇ ਹੀ ਉਹਨਾਂ ਦਾ ਉਧਾਰ ਹੋ ਸਕਦਾ ਹੈ।

ਕ੍ਰੋੜਾਂ ਦੇਵੀਆਂ ਅਤੇ ਲਛਮੀਆਂ ਨਾਨਾ ਪ੍ਰਕਾਰ ਦੀ ਆਪੋਂ ਹੁਦਰੀ ਤੇਰੀ ਸੇਵਾ ਸਾਧਨਾ ਕਰਦੀਆਂ ਹਨ, ਅਨੇਕਾਂ ਹੀ ਗੁਪਤ ਪ੍ਰਗਟ ਲੋਗ ਅਰਾਧਨੀ ਤੇਰੀ ਅਰਾਧਨਾ ਕਰਦੇ ਹਨ, ਉਵ ਤਾਂ ਪੌਣ ਪਾਣੀ ਬੈਸੰਤਰ ਆਦਿਕ ਦਿਨਸ ਰਾਤਿ ਤੇਰੀ ਸੇਵਾ ਕਰਦੇ ਦਸੀਦੇ ਹਨ ਅਤੇ ਇਉਂ ਭੀ ਦਿਸ ਆਉਂਦਾ ਹੈ ਕਿ ਬੇਅੰਤ ਤਾਰੇ, ਸਤਾਰੇ ਚੰਦ, ਸੂਰਜ ਆਦਿਕ ਅਨੇਕ ਪ੍ਰਕਾਰ ਦੀਆਂ ਅਕਾਸ਼-ਮੰਡਲ ਵਿਚ ਦਿਸਣ ਵਾਲੀਆਂ ਤਾਰਾ-ਗਣੀ-ਧਰਤੀਆਂ (planets) ਤੈਨੂੰ ਹੀ ਧਿਆਉਂਦੇ ਗਾਉਂਦੇ ਸੁਣੀਂਦੇ ਹਨ। ਸਗਲੀਆਂ ਬਾਣੀਆਂ ਬੋਲ ਬਬਾਣੀਆਂ ਸਦਾ ਸਦਾ ਤੈਨੂੰ ਹੀ ਧਿਆਉਂਦੇ ਦਸੀਦੇ ਹਨ ਅਤੇ ਸਾਰੀਆਂ ਸਿਮਰਤੀਆਂ, ਸਾਰੇ ਪੁਰਾਣ, ਚਾਰੇ ਵੇਦ, ਛੇ ਹੀ ਸ਼ਾਸਤ੍ਰ ਇਸ ਵਾਹਿਗੁਰੂ ਨੂੰ ਜਪਣ ਦਾ ਤਰਲਾ ਮਾਰਦੇ ਹਨ, ਪਰ ਉਹ ਪਤਿਤ ਪਾਵਨ ਭਗਤ-ਵਛਲ ਵਾਹਿਗੁਰੂ, ਗੁਰੂ ਨਾਨਕ ਦੇਵ ਜੀ ਦੇ (ਗੁਰੂ ਘਰ ਦੇ) ਸਤਿਸੰਗ ਰੂਪ ਵਿਖੇ ਹੀ ਲਭਦਾ ਹੈ।

ਜਿਤਨੀ ਭੀ ਸ੍ਰਿਸ਼ਟੀ ਵਾਹਿਗੁਰੂ ਨਿਰੰਕਾਰ ਸਿਰਜਨਹਾਰ ਨੇ ਸਾਡੀ ਸਮਝ ਗੋਚਰੀ ਕੀਤੀ ਹੈ, ਦਾਸ ਨੇ ਉਤਨੀ ਹੀ ਬਿਆਨ ਕਰ ਦਿਤੀ ਹੈ, ਇਸ ਤੋਂ ਇਲਾਵਾ ਜੋ ਸਾਡੇ ਜਾਣੇ ਤੋਂ ਬਿਨਾਂ ਹੈ, ਉਸ ਨੂੰ ਸੇਵਨ ਦਾ ਤਰਲਾ ਮਾਰਦੀ ਹੈ, ਉਹ ਸਾਥੋਂ ਗਿਣੀ ਨਹੀਂ ਜਾਂਦੀ ("ਹੋਰਿ ਕੇਤੇ ਤੁਧ ਨੋ ਗਾਵਨਿ ਸੇ ਮੈ ਚਿਤਿ ਨ ਆਵਨਿ")*। ਹੇ ਅਬਿਨਾਸ਼ੀ (ਅਬਿਗਤ) ਬੇਅੰਤ ਅਤੇ ਅਥਾਹ ਠਾਕਰ (ਵਾਹਿਗੁਰੂ)! ਤੂੰ ਸਾਰਿਆਂ ਦੇ ਵਿਚ ਅਤੇ ਬਾਹਰ ਦਿਸਦਾ ਹੈਂ, ਤੂੰ ਹੀ ਵਸਦਾ ਹੈਂ, ਪਰ ਇਸ ਭੇਦ ਨੂੰ ਪ੍ਰਤੱਖ ਲਖਦਾ ਕੋਈ ਗੁਰਮੁਖਿ ਜਨ ਹੀ ਹੈ। ਮੰਨਣ ਵਾਲੇ ਬਥੇਰੇ ਅਤੇ ਅਣ-ਗਿਣਤ ਹਨ, ਦਾਤਾ ਤੂੰ ਸਭ ਦਾ ਇਕੋ ਹੀ ਹੈਂ, ਜੋ ਕਿਸੇ ਤੋਂ ਵੀ ਦੂਰ ਨਹੀਂ। ਸਾਰਿਆਂ ਦਾ ਸੰਗੀ, ਸਾਰਿਆਂ ਦੇ ਨਿਕਟ, ਜ਼ਾਹਰ ਜ਼ਹੂਰ ਵਰਤਣ ਵਾਲਾ ਭੀ ਤੂੰ ਹੀ ਹੈਂ। ਪਰ ਹੇ ਵਾਹਿਗੁਰੂ! ਤੂੰ ਸੱਚੇ ਭਗਤਾਂ, ਗੁਰੂ ਘਰ ਦੇ ਗੁਰਮੁਖਿ ਜਨਾਂ ਦੇ ਹੀ ਵਸਗਤਿ ਆਉਂਦਾ ਹੈਂ, ਉਹ ਹੀ ਤੈਨੂੰ ਪਰਗਟ ਪਹਾਰੇ ਸਾਮਰਤੱਖ ਦੇਖਦੇ ਪੇਖਦੇ ਹਨ। ਅੰਤਰ-ਆਤਮੇ ਹੀ, ਹੇ ਪਰਮਾਤਮਾ ਵਾਹਿਗੁਰੂ! ਤੂੰ ਜਿਨ੍ਹਾਂ ਗੁਰਮੁਖਿ ਜਨਾਂ ਨੂੰ ਮਿਲ ਕੇ ਦਰਸ ਦਿਖਲਾਂਵਦਾ ਹੈਂ, ਇਸ ਦੀ ਉਪਮਾ ਕਿਵੇਂ ਗਿਣੀ ਜਾਵੇ। ਗੁਰੂ ਨਾਨਕ ਸਾਹਿਬ ਇਹ ਅਕਾਂਖਿਆ ਜ਼ਾਹਰ ਕਰਦੇ ਹਨ ਕਿ ਤੇਰੇ ਅਜਿਹੇ ਗੁਰਮੁਖਿ

*ਆਸਾ ਮ: ੧ ਸੋਦਰੁ, ਪੰਨਾ ੩੪੭

 www.sikhbookclub.com

ਸਾਧ ਜਨਾਂ ਦੇ ਚਰਨਾਂ 'ਤੇ ਹੀ ਸਾਡਾ ਸੀਸ ਧਰਿਆ ਰਹੇ, ਬਸ, ਇਹ ਸਭ ਤੋਂ ਵਡਾ ਦਾਨ ਤੇ ਸਭ ਤੋਂ ਵਡਾ ਮਾਨ ਹੈ।

ਇਸ ਸਮੁਚੇ ਗੁਰਵਾਕ ਤੋਂ ਸਿਧ ਹੋਇਆ ਕਿ ਸੱਚੀ ਦਾਨ-ਮਾਨੀ ਕਲਿਆਨ-ਗਤੀ ਕੇਵਲ ਗੁਰੂ ਘਰ ਅੰਦਰ ਹੀ ਹੈ, ਜੋ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਗੁਰਮਤਿ ਗ੍ਰਿਹਿਣੀਆਂ ਗੁਰਮਤਿ ਜਨਾਂ ਨੂੰ ਸਾਰੀ ਕਾਇਨਾਤ ਹੀ ਵਾਹਿਗੁਰੂ ਦਾ ਜਾਪ ਜਪਦੀ ਸੁਣੇਂਦੀ ਹੈ, ਪਰੰਤੂ ਵਾਸਤਵ ਵਿਚ ਤੱਤ ਗੁਰਮਤਿ ਜਾਪ ਕਰਨਹਾਰੇ ਗੁਰੂ ਨਾਨਕ ਸਾਹਿਬ ਦੇ ਘਰ ਦੇ ਵਰੋਸਾਏ ਗੁਰਮੁਖਿ ਜਨ ਹੀ ਹਨ। ਮਤ ਕੋਈ ਇਹ ਖ਼ਿਆਲ ਕਰੇ, ਮਤ ਕੋਈ ਸੁਸ਼ਕ ਗਿਆਨੀ ਅਤੇ ਖ਼ੁਸ਼ਕ ਫ਼ਿਲਾਸਫਰ ਇਹ ਅਨੁਮਾਨ ਲਾਵੇ ਕਿ ਚਰਾਚਰ ਦੀ ਸ੍ਰਿਸ਼ਟੀ ਅਤੇ ਜੀਵ, ਜੋ ਰਚਨਹਾਰ ਸਿਰਜਨ-ਹਾਰ ਦੇ (ਸਿਰਜੇ) ਰਚੇ ਹੋਏ ਹਨ, ਉਹ ਸੁਤੇ ਸੁਭਾਵ ਹੀ ਵਾਹਿਗੁਰੂ ਦਾ ਅਲਾਪ ਜਪਦੇ ਹਨ। ਜੇ ਐਸਾ ਹੁੰਦਾ ਤਾਂ ਉਤਮ ਜਗਿਆਸੂ ਜਨਾਂ ਨੂੰ, ਆਤਮ-ਕੇਲ ਕਰਨ ਦੇ ਅਭਿਆਸੀ ਜਨਾਂ ਨੂੰ ਗੁਰੂ ਦੁਆਰਿਓਂ ਗੁਰ ਦੀਖਿਆ ਲੈ ਕੇ ਅਕੱਥ ਅਤੇ ਅਤੁੱਟ ਅਭਿਆਸ ਕਮਾਈਆਂ ਕਰਨ ਦੀ ਕੀ ਲੋੜ ਸੀ? ਗੁਰਮਤਿ ਦੇ ਤੱਤ ਅਭਿਆਸ ਕਰਨੀ ਦਾਇਰੇ ਅੰਦਰ ਆਉਣ ਤੋਂ ਡਰਪੋਕ ਤੇ ਖਰੜ ਗਿਆਨੀ ਹੀ ਐਸਾ ਖਰੜ ਗਿਆਨ ਘੋਟਦੇ ਹਨ ਕਿ ਜਾਪ ਅਭਿਆਸ ਤਾਂ ਸੁਤੇ ਸੁਭਾਵ ਹੀ ਹੋ ਰਿਹਾ ਹੈ। ਇਹ ਉਨ੍ਹਾਂ ਦਾ ਨਿਰਾ ਕਥਨ ਮਾਤਰ ਹੀ ਢਕੌਂਸਲਾ ਹੈ। ਸਰਗੁਣ ਨਿਰਗੁਣ ਨਿਰੰਕਾਰ ਦੀ ਸੁੰਨ ਸਮਾਧੀ ਵਿਚ ਅਸਥਿਤ ਹੋਣ ਦੀ ਤਤਿਖਸ਼ਾ ਤੋਂ ਡਰਦੇ ਹੋਏ ਹੀ ਐਸੇ ਲੋਕ ਅਜਿਹੀਆਂ ਘਾੜਤਾਂ ਘੜ ਲੈਂਦੇ ਹਨ ਅਤੇ ਉਪਰ ਦੱਸੇ ਗੁਰਵਾਕ ਅੰਦਰ ਆਈਆਂ ਦਲੀਲਾਂ ਅਗੇ ਬੇਦਲੀਲ ਦਲੀਲਾਂ ਡਾਹ ਦੇਂਦੇ ਹਨ।

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥
ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ ॥
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰ ਵਾਸੁ ਬਹਕਾਰੁ ॥
ਜੋਗੀ ਸੁੰਨਿ ਧਿਆਵਨ੍ਹਿ ਜੇਤੇ ਅਲਖ ਨਾਮੁ ਕਰਤਾਰੁ ॥
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ ॥
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ ॥
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ ॥
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ ॥
ਓਇ ਜਿ ਆਖਹਿ ਸੁ ਤੂੰ ਹੈ ਜਾਣਹਿ ਤਿਨਾ ਭਿ ਤੇਰੀ ਸਾਰ ॥

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ ॥੧॥੬॥
[ਸਲੋਕ ਮ: ੧, ਵਾਰ ਆਸਾ, ਪੰਨਾ ੪੬੫

ਇਸ ਗੁਰਵਾਕ ਦੁਆਰਾ ਕੂੜਾਵੇ ਫ਼ਿਰਕੇ-ਬੰਦੀਆਂ, ਕੂੜਾਵੇ ਆਨ ਭੇਖਾਂ ਦਾ ਜ਼ਿਕਰ ਆਉਂਦਾ ਹੈ। ਮੁਸਲਮਾਨ ਮਤ ਜੋ ਹੈ, ਉਸ ਤੇ ਚਲਣਹਾਰੇ ਮੁਸਲਮਾਨ ਲੋਗ ਬਹੁਤਾ ਸ਼ਰਹ ਪਰ ਹੀ ਜ਼ੋਰ ਦੇਂਦੇ ਹਨ, ਇਹ ਸਿਫ਼ਤ ਸਾਲਾਹ ਬੰਦਗੀ ਨੂੰ ਮੁਖ ਨਹੀਂ ਰਖਦੇ। ਸੱਚੀ ਸਿਫ਼ਤ ਸਾਲਾਹ ਬੰਦਗੀ ਮੁਸਲਮਾਨੀ ਮੱਤ ਅੰਦਰ ਹੈ ਹੀ ਨਹੀਂ ਅਤੇ ਸ਼ਰਹ ਸ਼ਰੀਅਤਾਂ ਨੂੰ ਪੜ੍ਹ ਕੇ ਜੋ ਵੀਚਾਰ ਕਰਦੇ ਹਨ ਉਸ ਦੇ ਉੱਪਰ ਹੀ ਜ਼ੋਰ ਦੇਂਦੇ ਹਨ ਬਹੁਤ ਕਰਕੇ। ਅਸਲੀ ਮੁਸਲਮਾਨ ਬੰਦੇ ਉਹ ਹਨ ਜੋ ਵਾਹਿਗੁਰੂ ਦਾ ਦੀਦਾਰ ਦੇਖਣ ਖ਼ਾਤਰ ਸੱਚੀਂ ਸਿਫ਼ਤ ਸਾਲਾਹੀ ਪਾਬੰਦੀ ਵਿਚ ਪੈਂਦੇ ਹਨ, ਨਹੀਂ ਤਾਂ ਨਿਰਾ ਸ਼ਰਹਬਾਜ਼ੀ ਤੇ ਹੀ ਜ਼ੋਰ ਦੇਣਾ ਤਿਨ੍ਹਾਂ ਨੂੰ ਸੱਚੇ ਮੁਸਲਮਾਨ ਨਹੀਂ ਬਣਾ ਸਕਦਾ।

ਇਸੇ ਤਰ੍ਹਾਂ ਸੱਚੇ ਹਿੰਦੂ ਉਹ ਹੀ ਹਨ ਜੋ ਸਾਲਾਹੀ ਵਾਹਿਗੁਰੂ ਨੂੰ ਸਲਾਹੁੰਦੇ ਹਨ, ਉਸ ਦੇ ਅਪਾਰ ਰੂਪ ਦੇ ਦਰਸ਼ਨ ਹਿਤ। ਪਾਖੰਡੀ ਹਿੰਦੂ ਨਿਰਾ ਤੀਰਥਾਂ ਤੇ ਨ੍ਹਾਉਣ ਨੂੰ ਅਤੇ ਸਾਕਾਰ ਮੂਰਤੀਆਂ ਅੱਗੇ ਧੂਪ ਦੀਪ ਕਰਨ ਨੂੰ, ਇਸ ਪ੍ਰਕਾਰ ਦੀ ਨਿਰੀ ਬੁੱਤ-ਪ੍ਰਸਤੀ ਵਾਲੀ ਪੂਜਾ ਨੂੰ ਹੀ ਪਰਮ ਕਰਮ ਧਰਮ ਮੰਨਦੇ ਹਨ। ਜਿਤਨੇ ਭੀ ਜੋਗੀ ਭੇਖ ਵਾਲੇ ਹਨ, ਉਹ ਨਿਰਾ ਸੁਣ ਸੁਣ ਕੇ ਹੀ ਫੋਕਾ ਧਿਆਨ ਜਮਾਉਂਦੇ ਹਨ, ਵਾਹਿਗੁਰੂ ਕਰਤਾਰ ਅਤੇ ਵਾਹਿਗੁਰੂ ਨਾਮ ਅਲੱਖ ਹੀ ਰਹਿ ਜਾਂਦਾ ਹੈ, ਉਸ ਨੂੰ ਜੋਗੀ ਲਖ ਹੀ ਨਹੀਂ ਸਕਦੇ। ਨਿਰੰਜਨ ਅਤੇ ਨਿਰੰਜਨੀ ਨਾਮ ਅਤੀ ਸੂਖ਼ਮ ਰੂਪ ਦਿੱਬ ਸਰੂਪ ਵਾਲੇ ਹਨ, ਉਹ ਭੇਖੀ ਲੋਕ ਨਿਰੰਜਨ ਦੀ ਮਨ-ਕਲਪਤ ਕਾਇਆਂ ਦਾ ਆਕਾਰ ਬਣਾ ਕੇ ਹੀ ਖਚਤ ਰਹਿੰਦੇ ਹਨ, ਉਨ੍ਹਾਂ ਨੂੰ ਅਲੱਖ ਨਿਰੰਜਨ ਆਕਾਰ ਦੀ ਸੂਝ ਬੂਝ ਹੀ ਨਹੀਂ ਆਉਂਦੀ।

ਸੱਚੇ ਸਤੀ ਕਹਾਵਣ ਵਾਲਿਆਂ ਦੇ ਮਨ ਵਿਖੇ ਸੱਚਾ ਸੰਤੋਖ ਉਪਜ ਜਾਣਾ ਚਾਹੀਦਾ ਹੈ। ਸੱਚੇ ਸੰਤੋਖੀ ਸਤੀ ਦਾਤੇ ਉਹ ਹਨ ਜੋ ਦਾਨ ਕਰਨ ਲਗੇ ਕੋਈ ਵੀਚਾਰ ਨਹੀਂ ਕਰਦੇ, ਉਹ ਗੀਟੀਆਂ ਗਿੱਟੀਆਂ ਨਹੀਂ ਗਿਣਦੇ, ਨਾ ਹੀ ਦਾਨ ਦੇਣ ਦਾ ਮਾਣ ਉਨ੍ਹਾਂ ਨੂੰ ਸਤਾਉਂਦਾ ਹੈ। ਦਾਨ ਦੇਣਾ ਉਹ ਹੀ ਪ੍ਰਵਾਨ ਹੈ ਕਿ ਸੱਜੇ ਹੱਥ ਨਾਲ ਦਾਨ ਦੇਵੇ, ਖੱਬੇ ਨੂੰ ਖ਼ਬਰ ਨਾ ਹੋਵੇ। ਦਾਤਿ ਤਾਂ ਸੱਚੇ ਸਤਿਗੁਰੂ ਕਰਤਾਰ ਦੀ ਹੁੰਦੀ ਹੈ, ਦੇਣ ਵਾਲੇ ਆਪੇ ਹੀ ਫੋਕੇ ਦਾਤੇ ਬਣ ਬਣ ਬਹਿੰਦੇ ਹਨ। ਕੀ ਉਹਨਾਂ ਨੂੰ ਸੱਚੇ ਸੰਤੋਖੀ ਕਹਿਣਾ ਠੀਕ ਹੈ? ਹਰਗਿਜ਼ ਨਹੀਂ, ਸਗੋਂ ਐਸੇ ਨਿਖੜੰਮੇ ਤੇ ਸ਼ੁਸ਼ਕ, ਦਾਤੇ ਦਾਤਾਰ ਕਰਤਾਰ ਨੂੰ ਵਿਸਾਰ ਕੇ ਅਤੇ ਦਾਤਿ ਨੂੰ ਪਿਆਰੀ ਜਾਣ ਕੇ ਉਸੇ ਦੇ ਪੁੰਨ ਦਾਨ ਵਿਚ ਲਿਪਾਇਮਾਨ ਹੋ ਜਾਂਦੇ ਹੈਂ। ਉਹ ਜੋ

ਦਾਨ ਵੀ ਕਰਦੇ ਹਨ, ਇਸ ਖ਼ਿਆਲ ਨਾਲ ਕਰਦੇ ਹਨ ਕਿ ਅੱਗੇ ਜਾ ਕੇ ਜੋ ਮਿਲੇਗਾ, ਸੌਗੁਣਾ ਹੋ ਕੇ ਪੁੰਗਰੇਗਾ। ਬਹੁਤੇ ਤਾਂ ਏਸ ਕਰਕੇ ਦਾਨ ਕਰਦੇ ਹਨ ਕਿ ਸੰਸਾਰ ਉਹਨਾਂ ਦੀ ਸੋਭਾ ਕਰੇਗਾ। ਸੰਸਾਰ ਦੀ ਸੋਭਾ ਦੀ ਖ਼ਾਤਰ ਅਤੇ ਅੱਗੇ ਜਾ ਕੇ ਸੌ-ਗੁਣੀ ਹੋਰ ਦਾਤਿ ਲੈਣ ਦੀ ਖ਼ਾਤਰ ਜੋ ਦਾਨ ਕਰਦੇ ਹਨ, ਉਹ ਨਾ ਸੱਚੇ ਸਤੀ ਹਨ ਤੇ ਨਾ ਸੰਤੋਖੀ ਹਨ।

ਚੋਰ, ਯਾਰ ਅਤੇ ਕੂੜਿਆਰ ਜੋ ਲੋਗ ਹਨ, ਉਹ ਵਿਕਾਰਾਂ ਦੀਆਂ ਖ਼ਰਾਬੀਆਂ ਵਿਚ ਹੀ ਮਾਇਆ ਨੂੰ ਖ਼ਰਚ ਕਰਦੇ ਹਨ, ਉਹ ਪਿਉ ਦਾਦੇ ਦੀ ਇਕੱਠੀ ਕੀਤੀ ਹੋਈ ਮਾਇਆ ਨੂੰ ਮੁਫ਼ਤੋਂ ਮੁਫ਼ਤੀ ਆਪਣੇ ਹੱਥ ਵਿਚ ਆਵਣ ਕਰਕੇ ਸਾਰੀ ਦੀ ਸਾਰੀ ਹੀ ਐਵੇਂ ਗੁਵ੍ਹਾ ਦਿੰਦੇ ਹਨ। ਉਹਨਾਂ ਦੀ ਕਮਾਈ ਕਿਸੇ ਲੇਖੇ ਨਹੀਂ ਲਗਦੀ।

ਜਲਾਂ (ਸਮੁੰਦਰਾਂ) ਵਿਖੇ ਤੇ ਥਲਾਂ ਵਿਖੇ ਅਣਗਿਣਤ ਪੁਰੀਆਂ, ਲੋਆਂ ਤੇ ਅਕਾਰਾਂ ਵਿਖੇ ਅਨੇਕ ਪ੍ਰਕਾਰ ਦੇ ਜੀਆ ਜੰਤ ਹਨ, ਤਿਨ੍ਹਾਂ ਸਾਰਿਆਂ ਦੀ ਤੂੰ ਹੀ ਸਾਰ ਲੈਂਦਾ ਹੈਂ ਅਤੇ ਹੇ ਵਾਹਿਗੁਰੂ! ਸਭ ਦੀ ਪ੍ਰਤਿਪਾਲ ਕਰਦਾ ਹੈਂ, ਸਭ ਦੇ ਘਟ ਘਟ ਅੰਤਰ ਦੀ ਤੂੰ ਹੀ ਜਾਣਦਾ ਹੈਂ। ਸਭਨਾਂ ਦਾ ਰਿਜ਼ਕ-ਦਾਤਾ ਤੂੰ ਹੀ ਹੈਂ (ਹੇ ਨਿਰੰਕਾਰ ਪ੍ਰਭੂ)! ਜੇਹੜੇ ਤੇਰੇ ਸਚੇ ਭਗਤ ਹਨ, ਗੁਰੂ ਨਾਨਕ ਸਾਹਿਬ ਫੁਰ-ਮਾਉਂਦੇ ਹਨ, ਉਹਨਾਂ ਨੂੰ ਕੇਵਲ ਸਦਾ ਤੇਰੀ ਸਿਫ਼ਤ ਕਰਨ ਦੀ ਹੀ ਭੁੱਖ ਹੁੰਦੀ ਹੈ। ਅਜਿਹੇ ਸੱਚੇ ਗੁਰਮੁਖਿ ਭਗਤਾਂ ਲਈ ਸੱਚ ਰੂਪ ਸੱਚਾ ਨਾਮ ਹੀ ਅਧਾਰ ਹੁੰਦਾ ਹੈ। ਉਹ ਸਦਾ ਸਚੜੇ ਨਾਮ ਰੂਪੀ ਅਧਾਰ ਵਿਚ ਹੀ ਮਸਤੁਲ ਮਸਤ ਰਹਿਣ ਕਰਕੇ ਦਿਨੇ ਰਾਤ ਅਨੰਦ ਸਰੂਪ ਵਿਚ ਹੀ ਰਹਿੰਦੇ ਹਨ ਅਤੇ ਸੱਚੇ ਗੁਰਮੁਖਿ ਗੁਣਵੰਤ ਲੋਕਾਂ ਦੀ ਪਗ ਛਾਰ ਹੀ ਬਣੇ ਰਹਿੰਦੇ ਹਨ, ਵਾਹਿਗੁਰੂ ਸਚੜੇ ਦੇ ਦਾਸਾਂ ਦੇ ਦਾਸ ਹੋਇ ਰਹਿੰਦੇ ਹਨ।

ਅਗਲੇ ਸਲੋਕ ਵਿਚ ਮੁਸਲਮਾਨ ਲੋਕਾਂ ਦੀ ਇਸ ਗ਼ਲਤ-ਫ਼ਹਿਮੀ ਵਲ ਇਸ਼ਾਰਾ ਹੈ ਕਿ ਜਿਹੜੇ ਸਮਝਦੇ ਹਨ ਕਿ ਜੋ ਲੋਗ ਮਰਨ ਪਿਛੋਂ ਸਾੜੇ ਜਾਣਗੇ, ਉਹ ਦੋਜ਼ਖ਼ ਵਿਚ ਜਾਣਗੇ। ਗੁਰੂ ਸਾਹਿਬ ਦਸਦੇ ਹਨ ਕਿ ਮੁਸਲਮਾਨ ਭਾਵੇਂ ਦੱਬੇ ਜਾਂਦੇ ਹਨ, ਪਰ ਉਹਨਾਂ ਦੀਆਂ ਕਬਰਾਂ ਦੀ ਮਿੱਟੀ ਚੀਕਣੀ ਸਮਝ ਕੇ ਅਕਸਰ ਘੁਮਾਰ ਲੋਕਾਂ ਦੇ ਹੱਥੋਂ ਅੱਗ ਵਿਚ ਜਾ ਕੇ ਪੈਂਦੀ ਹੈ। ਘੁਮਾਰ ਲੋਕ ਉਸ ਮਿੱਟੀ ਨੂੰ ਚੱਕ ਪੁਰ ਚਾੜ੍ਹ ਕੇ ਉਸ ਦੇ ਭਾਂਡੇ ਤੇ ਇੱਟਾਂ ਬਣਾਉਂਦੇ ਹਨ ਤੇ ਆਵੇ ਵਿਚ ਚਿਣ ਕੇ ਜਲਾਉਂਦੇ ਹਨ, ਜਿਥੇ ਜਾ ਕੇ ਉਹ ਹੀ ਮੁਸਲਮਾਨਾਂ ਦੀ ਕਬਰਾਂ ਵਾਲੀ ਮਿੱਟੀ ਜਲ ਜਲ ਕੇ ਦੁਹਾਈ ਦੇਂਦੀ ਹੈ ਤਾਂ ਦੋਜ਼ਖ਼ ਪੈਣੋਂ ਫੇਰ ਭੀ ਨਹੀਂ ਰਹਿੰਦੇ। ਏਥੇ, ਇਸ ਲੋਕ ਵਿਖੇ ਹੀ ਦੋਜ਼ਖ਼ ਵਿਚ ਜਲਦੇ ਹਨ, ਉਨ੍ਹਾਂ ਦੀ ਮਿੱਟੀ ਆਵੇ ਵਿਚ ਸੜਦੀ ਬਲਦੀ ਹੋਈ ਵੀਚਾਰੀ ਪਈ ਰੋਂਦੀ ਕੁਰਲਾਉਂਦੀ ਹੈ ਤੇ ਉਸ ਵਿਚੋਂ-

ਅੰਗਿਆਰ ਝੜ ਝੜ ਕੇ ਪੈਂਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਜਿਸ ਕਰਤੇ ਪੁਰਖ ਨੇ ਕਾਰਣ (ਸਬੱਬ) ਬਣਾਇਆ ਹੈ, ਉਹ ਹੀ ਕਾਰਜ ਜਾਣਦਾ ਹੈ, ਭਾਵ, ਉਸੇ ਕਰਤੇ ਪੁਰਖ ਸਿਰਜਣਹਾਰ ਨੂੰ ਹੀ ਪਤਾ ਹੈ ਕਿ ਮਨੁਖ ਦੀ ਜ਼ਿੰਦਗੀ ਦਾ ਕੀ ਸਿੱਟਾ ਨਿਕਲਦਾ ਹੈ, ਭਾਵੇਂ ਉਹ ਮੁਸਲਮਾਨ ਹੋਵੇ ਭਾਵੇਂ ਹਿੰਦੂ ਹੋਵੇ। ਦੱਬੇ ਜਾਣ ਵਾਲੇ ਨੇ ਯਾ ਸਾੜੇ ਜਾਣ ਵਾਲੇ ਨੇ ਦੋਜ਼ਖ਼ ਵਿਚ ਜਾਣਾ ਹੈ, ਇਹ ਅਕਾਲ ਪੁਰਖ ਦੀ ਦਰਗਾਹ ਵਿਚ ਹੀ ਫ਼ੈਸਲਾ ਹੋਵੇਗਾ, ਯਥਾ ਗੁਰਵਾਕ—

ਮਿਟੀ ਮੁਸਲਮਾਨ ਦੀ ਪੇੜੈ ਪਈ ਕੁਮ੍ਹਿਆਰ ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥ (ਮ: ੧)
ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ ਦਾਤਾ ਪਾਇਆ ॥੬॥ਪਉੜੀ॥ [ਵਾਰ ਆਸਾ, ਪੰਨਾ ੪੬੬

ਗੁਰਮਤਿ ਦਾ ਇਹ ਅਟੱਲ ਨਿਯਮ ਹੈ ਕਿ ਸਤਿਗੁਰ ਤੋਂ ਬਿਨਾਂ ਅਜ ਤਾਈਂ ਨਾ ਕਿਸੇ ਨੇ ਵਾਹਿਗੁਰੂ ਅਕਾਲ ਪੁਰਖ ਨੂੰ ਪਾਇਆ ਹੈ, ਨਾ ਪਾ ਸਕਦਾ ਹੈ ਅਤੇ ਨਾ ਪਾ ਸਕੇਗਾ। ਸਤਿਗੁਰੂ ਦੇ ਆਪਣੇ ਵਜੂਦ ਵਿਚ ਵਾਹਿਗੁਰੂ ਨੇ ਆਪਣੇ ਸਰੂਪ ਦੀ ਲਖਤਾ ਸਾਂਗੋ ਪਾਂਗ ਮੌਜੂਦ ਰੱਖੀ ਹੈ, ਇਹ ਗੱਲ ਪ੍ਰਗਟ ਤੌਰ 'ਤੇ ਡੰਕੇ ਦੀ ਚੋਟ ਨਾਲ ਗੁਰਮਤਿ ਦੁਆਰਾ ਦੱਸੀ ਗਈ ਹੈ। ਜਗਿਆਸੂ ਜੀਵ ਦੀ ਮੁਕਤੀ, ਜਗਿਆਸੂ ਜਨ ਦਾ ਸਦਾ ਸਦਾ ਮੁਕਤ ਹੋਣਾ ਸਤਿਗੁਰ ਦੇ ਮਿਲਾਪ ਉਪਰ ਹੀ ਮੁਨਹਸਿਰ ਹੈ। ਮੁਕਤ ਉਹ ਹੀ ਜਨ ਹੁੰਦਾ ਹੈ ਜਿਸ ਨੇ ਆਪਣੇ ਵਿਚੋਂ ਮੋਹ ਰੂਪ ਦੀ ਅੰਸ ਉੱਕੀ ਹੀ ਉੜਾ ਦਿਤੀ ਹੋਵੇ, ਇਹ ਕੇਵਲ ਸਤਿਗੁਰੂ ਦੇ ਮਿਲਾਪ ਦਾ ਹੀ ਪ੍ਰਤਾਪ ਹੈ। ਵਿਚਾਰਾਂ ਸਿਰ ਉਤਮ ਵਿਚਾਰ ਇਹੋ ਹੈ ਕਿ ਵਾਹਿਗੁਰੂ ਦੇ ਸੱਚੇ ਨਾਮ ਨਾਲ ਚਿਤ ਨੂੰ ਜੋੜਿਆ ਜਾਵੇ। ਵਾਹਿਗੁਰੂ ਦੇ ਚਰਨ ਕਮਲਾਂ ਨਾਲ ਚਿਤ ਨੂੰ ਲਾਉਣਾ, ਅਰਥਾਤ, ਵਾਹਿਗੁਰੂ ਨਾਮ ਦੇ ਅਭਿਆਸ ਵਿਚ ਅਰੂੜ੍ਹ ਹੋਣਾ, ਸਾਰੀਆਂ ਵਿਚਾਰਾਂ ਵਿਚੋਂ ਇਹ ਹੀ ਉੱਤਮ ਵੀਚਾਰ ਹੈ। ਜਗਜੀਵਨ ਦਾਤਾ ਪਾਉਣ ਤੋਂ ਵਧ ਕੇ ਤੇ ਉਸ ਨੂੰ ਪਾਉਣ ਵਾਲੀ ਵੀਚਾਰ ਤੋਂ ਵਧ ਕੇ ਹੋਰ ਕੀ ਵਿਚਾਰ ਹੋ ਸਕਦੀ ਹੈ।

ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ॥
ਲਖ ਤਪ ਉਪਰਿ ਤੀਰਥਾਂ ਸਹਜ ਜੋਗ ਬੇਬਾਣ ॥

ਲਖ ਸੂਰਤਣ ਸੰਗਰਾਮ ਰਣ ਮਹਿ ਛੁਟਹਿ ਪਰਾਣ ॥
ਲਖ ਸੁਰਤੀ ਲਖ ਗਿਆਨ ਧਿਆਨ ਪੜੀਅਹਿ ਪਾਠ ਪੁਰਾਣ ॥
ਜਿਨਿ ਕਰਤੈ ਕਰਣਾ ਕੀਆ ਲਿਖਿਆ ਆਵਣ ਜਾਣੁ ॥
ਨਾਨਕ ਮਤੀ ਮਿਥਿਆ ਕਰਮੁ ਸਚਾ ਨੀਸਾਣੁ ॥੨॥੮॥

[ਵਾਰ ਆਸਾ, ਮ: ੧, ਪੰਨਾ ੪੬੭

ਸਤਿਗੁਰੂ ਦੀ ਨਦਰ-ਕਰੰਮੀ ਮੇਹਰ ਦੁਆਰਾ ਵਾਹਿਗੁਰੂ ਦਾ ਜਪ ਨੀਸਾਣ ਰੂਪੀ ਸੱਚਾ ਨਾਮ ਅਭਿਆਸ ਮਈ ਕਰਮ (ਕਮਾਈ) ਪ੍ਰਾਪਤ ਹੋ ਜਾਵੇ, ਇਸ ਸੱਚੇ ਗੁਰਮਤਿ (ਮਾਰਗ) ਦੇ ਮੁਕਾਬਲੇ ਵਿਚ ਉਹ ਸਭ ਆਨਮਤ ਕੁਮੱਤੜੀਆਂ ਮਿਥਿਆ ਹੀ ਹਨ, ਗੁਰੂ ਨਾਨਕ ਸਾਹਿਬ ਦਾ ਸੱਚਾ ਫ਼ੁਰਮਾਨ ਹੈ। ਸਤਿਗੁਰੂ ਦੀ ਨਦਰ ਕਰਮ ਮੇਹਰ ਪ੍ਰਾਪਤਿ ਹੋਇ ਬਿਨਾਂ ਆਪਣੀ ਅਕਲ ਹੁਦਰੋਂ ਕੀਤੀਆਂ ਇਖ਼ਲਾਕੀ ਲੱਖਾਂ ਹੀ ਨੇਕੀਆਂ ਤੇ ਚੰਗਿਆਈਆਂ, ਲੱਖਾਂ ਹੀ ਕੀਤੇ ਹੋਏ ਪੁੰਨ ਅਤੇ ਪੂਰੇ ਕੀਤੇ ਹੋਏ ਫ਼ਰਜ਼ (duties) ਇਖ਼ਲਾਕੀ ਦੁਨੀਆ ਵਿਚ ਭਾਵੇਂ ਕਿਤਨੇ ਹੀ ਪ੍ਰਵਾਨ ਕੀਤੇ ਪਏ ਹੋਣ, ਉਹ ਗੁਰਮਤਿ ਦੀ ਕਸੌਟੀ 'ਤੇ ਸਭ ਅਪ੍ਰਵਾਨ ਹਨ। ਆਨਮਤ ਤੀਰਥਾਂ ਪਰ ਵਾਸਾ ਰਖ ਕੇ ਲੱਖਾਂ ਹੀ ਤਪ ਕੀਤੇ ਹੋਏ ਅਤੇ ਬੀਆਬਾਨਾਂ ਜੰਗਲਾਂ ਵਿਚ ਰਹਿ ਕੇ ਆਨਮਤਾਂ ਵਾਲੇ ਲੱਖਾਂ ਹੀ ਜੋਗ ਕੀਤੇ ਜਾਣ, ਕਿਸੇ ਲੇਖੇ ਨਹੀਂ। ਜਿੱਤੇ ਜੰਗਾਂ ਵਿਚ ਕੀਤੀਆਂ ਬਹਾਦਰੀਆਂ ਵਾਲੇ ਸੰਗਰਾਮ ਭਾਵੇਂ ਲੱਖ ਹੀ ਕੀਤੇ ਗਏ ਹੋਣ ਅਤੇ ਹਉਮੈ ਦੇ ਅਧੀਨ ਹੋ ਕੇ ਰਣ-ਤੱਤੇ ਵਿਚ ਪ੍ਰਾਣ ਛਡ ਕੇ ਮਰਿਆ ਜਾਵੇ, ਉਹ ਭੀ ਨਿਸਫਲ ਹੈ। ਸੁਰਤੀਆਂ ਬਿਰਤੀਆਂ ਦੇ ਲੱਖਾਂ ਪਾਠ ਭਾਵੇਂ ਕੀਤੇ ਜਾਣ ਅਤੇ ਇਸ ਪ੍ਰਕਾਰ ਦੇ ਬੇਦ ਪਾਠ ਪੁਰਾਣੀ ਗਿਆਨ ਪੜ੍ਹ ਪੜ੍ਹ ਕੇ ਭਾਵੇਂ ਲੱਖਾਂ ਹੀ ਸਾਧੇ ਜਾਣ, ਉਹ ਸਭ ਅਜਾਈਂ ਹੀ ਜਾਂਦੇ ਹਨ। ਕਰਤੇ ਪੁਰਖ ਨੇ ਇਹਨਾਂ ਸਭ ਆਨਮਤੀ ਕਰਮਾਂ ਦੇ ਕਰਨ ਵਾਲਿਆਂ ਦੇ ਸਿਰ ਤੇ ਆਵਣ ਜਾਣ ਹੀ ਲਿਖਿਆ ਹੈ, ਕੇਵਲ ਗੁਰਮਤਿ ਮੱਤ ਹੀ ਅਚੱਲ ਅਤੇ ਅਟੱਲ ਹੈ।

## ੫੪. ਲੇਖੈ ਇਕ ਗਲ

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥੧॥

(ਸਲੋਕੁ ਮ: ੧)

 www.sikhbookclub.com

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥
ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥
ਬਹੁ ਭੇਖ ਕੀਆ ॥ ਦੇਹੀ ਦੁਖੁ ਦੀਆ ॥
ਸਹੁ ਵੇ ਜੀਆ ਅਪਣਾ ਕੀਆ ॥
ਅੰਨੁ ਨ ਖਾਇਆ ਸਾਦੁ ਗਵਾਇਆ ॥
ਬਹੁ ਦੁਖੁ ਪਾਇਆ ਦੂਜਾ ਭਾਇਆ ॥
ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥
ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥
ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥
ਅਲੁ ਮਲੁ ਖਾਈ ਸਿਰਿ ਛਾਈ ਪਾਈ ॥ ਮੂਰਖਿ ਅੰਧੈ ਪਤਿ ਗਵਾਈ ॥
ਵਿਣੁ ਨਾਵੈ ਕਿਛੁ ਥਾਇ ਨ ਪਾਈ ॥
ਰਹੈ ਬੇਬਾਣੀ ਮੜੀ ਮਸਾਣੀ ਅੰਧੁ ਨ ਜਾਣੈ ਫਿਰਿ ਪਛੁਤਾਣੀ ॥
ਸਤਿਗੁਰੁ ਭੇਟੇ ਸੋ ਸੁਖੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥
ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥੨॥੯॥

[ ਮ: ੧, ਵਾਰ ਆਸਾ, ਪੰਨਾ ੪੬੭-੬੮

ਗੁਰਮਤਿ ਨਾਮ ਰੂਪੀ ਸੱਚੀ ਵਿਦਿਆ ਤੇ ਸੱਚੀ ਪੜ੍ਹਾਈ ਤੋਂ ਬਿਨਾਂ ਹੋਰ ਸਭ ਵਿਦਿਆਵਾਂ ਅਤੇ ਪੜ੍ਹਾਈਆਂ, ਕਚ-ਪਿਚੀ ਵਿਦਿਆ ਮਈ ਪੜ੍ਹਾਈਆਂ ਨੂੰ ਪੜ੍ਹ ਪੜ੍ਹ ਕੇ ਭਾਵੇਂ ਕੋਈ ਇਨ੍ਹਾਂ ਅਨਮਤੀ ਅਵਿੱਦਿਆ ਪੜ੍ਹਾਈ ਵਾਲੀਆਂ ਪੁਸਤਕਾਂ ਦੀਆਂ ਗੱਡੀਆਂ ਦੀਆਂ ਗੱਡੀਆਂ ਲੱਦੀ ਫਿਰੇ ਅਤੇ ਪੜ੍ਹ ਪੜ੍ਹ ਕੇ ਅਜਿਹੀਆਂ ਕੱਚੀਆਂ ਪੜ੍ਹਾਈਆਂ ਦੇ ਕਾਫ਼ਲਿਆਂ ਦੇ ਕਾਫ਼ਲੇ ਭਰੀ ਫਿਰੇ ਅਤੇ ਇਨ੍ਹਾਂ ਅਵਿੱਦਿਆ ਮਈ ਕਚਪਿਚੀ ਪੜ੍ਹਾਈਆਂ ਨੂੰ ਪੜ੍ਹ ਪੜ੍ਹ ਕੇ ਬੇੜੀਆਂ ਦੀਆਂ ਬੇੜੀਆਂ ਭਰੀ ਫਿਰੇ, ਤਿਨ੍ਹਾਂ ਕੱਚੀਆਂ ਪੜ੍ਹਾਈਆਂ ਵਾਲੀਆਂ ਪੁਸਤਕਾਂ ਦੇ ਖਾਤਿਆਂ ਦੇ ਖਾਤੇ ਗੱਡੀ ਫਿਰੇ, ਜਿੰਨੇ ਭੀ ਵਰ੍ਹੇ ਅਤੇ ਜਿੰਨੇ ਮਹੀਨੇ ਹਨ, ਅਜਿਹੀਆਂ ਹੀ ਪੜ੍ਹਾਈਆਂ ਪੜ੍ਹ ਪੜ੍ਹ ਕੇ ਕੁਲੇਖੇ ਲਾਏ ਜਾਣ, ਗੱਲ ਕੀ, ਜਿਤਨੀ ਭੀ ਮਾਨੁਖ ਦੀ ਆਰਬਲਾ ਅਤੇ ਜਿਤਨੇ ਭੀ ਮਨੁੱਖੀ ਉਮਰ ਦੇ ਸਾਸ ਹਨ, ਸਾਰਿਆਂ ਦੇ ਸਾਰੇ ਇਨ੍ਹਾਂ ਕੱਚੀਆਂ ਪੜ੍ਹਾਈਆਂ ਦੇ ਪੜ੍ਹਨ ਵਿਚ ਹੀ ਗਵਾਏ ਜਾਣ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਇਹ ਸਭ ਅਵਿੱਦਿਆ ਪੜ੍ਹਾਈ ਦੀ ਸਿਰ-ਖਪਾਈ ਹੀ ਹੈ ਅਤੇ ਹਉਮੈ ਰੂਪੀ ਝਾਖ-ਝਖਾਈ ਹੀ ਹੈ। ਸੱਚੇ ਲੇਖੇ-ਪੈਣੀ ਇਕੋ ਗੱਲ ਹੈ। ਸੋ ਗੁਰਮਤਿ ਨਾਮ ਅਭਿਆਸ ਕਮਾਈ ਵਾਲੀ ਗੱਲ ਹੀ ਲੇਖੇ ਪੈਂਦੀ ਹੈ। ਇਸ ਪ੍ਰਥਾਇ ਇਕ ਹਡ-ਬੀਤੀ ਵਾਰਤਾ ਸਾਨੂੰ ਚੇਤੇ ਆਈ ਹੈ, ਜੋ ਏਥੇ ਅੰਕਤ ਕਰਨੀ ਅਤੀ ਜ਼ਰੂਰੀ ਜਾਪਦੀ ਹੈ।

# ੫੫. ਪੰਡਤ ਮਾਨ ਸਿੰਘ ਸ਼ਾਸਤ੍ਰੀ ਦੀ ਕਹਾਣੀ

ਇਕ ਵਾਰ ਦਾ ਜ਼ਿਕਰ ਹੈ ਕਿ ਨਾਰੰਗਵਾਲ ਬੁੰਗੇ ਵਿਚ ਪ੍ਰਕਾਸ਼ ਕੀਤੇ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਵੇਲੇ ਬੈਠਾ ਹੋਇਆ ਇਹ ਦਾਸਰਾ ਨਾਮ ਅਭਿਆਸ ਕਮਾਈ ਕਰ ਰਿਹਾ ਸੀ, ਕਿ ਦਿਨ ਚੜ੍ਹਦੇ ਹੀ ੨੫-੩੦ ਸਿੰਘਾਂ ਦਾ ਇਕ ਦਰਸ਼ਨ-ਦੀਦਾਰੀ ਜਥਾ ਆਇ ਨਮੂਦਾਰ ਹੋਇਆ । ਆਉਂਦੇ ਹੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਮੱਥਾ ਟੇਕ ਕੇ ਸਜ ਗਏ। ਉਨ੍ਹਾਂ ਵਿਚੋਂ ਇਕ ਸਿੰਘ ਬੜੇ ਹੀ ਖਾਲਸਈ ਜਬ੍ਹੇ ਵਾਲਾ ਅਤੇ ਖੁਲ੍ਹੇ ਦਾੜ੍ਹੇ ਵਾਲਾ ਦੀਦਾਰੀ ਸਿੰਘ ਸੀ ।

ਇਸ ਜਥੇ ਨੂੰ ਦੇਖਦੇ ਹੀ ਦਾਸ ਨੇ ਬੜੇ ਆਦਰ ਦੇ ਨਾਲ ਸਭ ਨੂੰ ਫਤਿਹ ਗਜਾ ਕੇ ਅਤੇ ਖਲੋ ਕੇ ਬੇਨਤੀ ਕੀਤੀ ਕਿ ਅੰਮ੍ਰਿਤ ਵੇਲੇ ਹੀ ਬੜੀ ਕਿਰਪਾ ਹੋਈ ਹੈ, ਆਪ ਸਿੰਘਾਂ ਨੇ ਦੀਦਾਰ ਦੇ ਕੇ ਨਿਹਾਲ ਕੀਤਾ ਹੈ। ਦਾਸ ਦਾ ਦੁਖ-ਦਲਿੱਦਰ ਸਭ ਕਾਫ਼ੂਰ ਹੋ ਗਿਆ ਹੈ। ਦਾਸ ਨੂੰ ਦਾਸ ਗੋਚਰੀ ਕੋਈ ਸੇਵਾ ਦੱਸੋ, ਜਿਸ ਦੇ ਕਰਨ ਵਿਚ ਮੈਂ ਤਤਪਰ ਹੋ ਜਾਵਾਂ ।

ਇਨ੍ਹਾਂ ਵਿਚੋਂ ਜਬ੍ਹੇ ਵਾਲਾ, ਦੀਦਾਰੇ ਵਾਲਾ ਜਥੇਦਾਰ ਸਿੰਘ ਬੋਲਿਆ ਕਿ ਜਿਸ ਸੇਵਾ ਲਈ ਆਏ ਹਾਂ, ਬਸ, ਉਹ ਹੀ ਸੇਵਾ ਸੁਣ ਲਵੋ, ਹੋਰ ਸੇਵਾ ਦੀ ਕੋਈ ਲੋੜ ਨਹੀਂ। ਦਾਸ ਨੇ ਸਨਿਮਰ ਬੇਨਤੀ ਕੀਤੀ ਕਿ ਉਹ ਸੇਵਾ ਭੀ ਪਿਛੋਂ ਕਰੀ ਸੁਣੀ ਜਾਏਗੀ, ਪਹਿਲਾਂ ਆਪ ਛਕਣ ਛਕਾਉਣ ਵਾਲੀ ਸੇਵਾ ਦੱਸੋ, ਕੀ ਕਰੀਏ, ਜਿਸ ਨੂੰ ਕਰ ਕੇ ਅਸੀਂ ਕ੍ਰਿਤਾਰਥ ਹੋ ਸਕੀਏ। ਉਹਨਾਂ ਬਚਨ ਕੀਤਾ ਕਿ ਗੱਫੇ ਤਾਂ ਅਸੀਂ ਸਾਰੇ ਹੀ ਲਾ ਕੇ ਆਏ ਹਾਂ ਅਤੇ ਭਰਪੂਰ ਹੋ ਕੇ ਆਏ ਹਾਂ। ਵਿਚੋਂ ਹੀ ਗੱਲ ਟੁਕ ਕੇ ਦਾਸ ਨੇ ਪੁਛਿਆ ਕਿ ਏਤਨੇ ਸਵੇਰੇ ਹੀ ਗੱਫੇ ਆਪ ਕਿਥੋਂ ਲਾ ਆਏ ? ਉਹਨਾਂ ਨੇ ਉਸ ਵਕਤ ਇਹ ਉਤਰ ਦਿਤਾ ਕਿ ਅਸੀਂ ਕੁਟੀਆ ਤੋਂ ਸਭ ਕੁਛ ਛਕ ਕੇ ਆਏ ਹਾਂ । ਰਾਤ ਅਸੀਂ ਸਭ ਕੁਟੀਆ* ਵਿਚ ਹੀ ਰਹੇ ਸਾਂ ।

ਇਹ ਬਚਨ ਸੁਣ ਕੇ ਮੈਂ ਬੈਠ ਗਿਆ ਅਤੇ ਦਾਸ ਨੇ ਦੂਜਾ ਸਵਾਲ ਇਹ ਕੀਤਾ ਕਿ ਆਪ ਰਾਤੀ ਨਾਰੰਗਵਾਲ ਦੀਆਂ ਕੁਟੀਆਂ ਵਿਖੇ ਰਹੇ ਹੋ ਤੇ ਏਦੂੰ ਪਿਛਲੀ ਰਾਤ ਆਪ ਪਿੰਡ ਰਾਇਪੁਰ ਦੇਵੀ ਪੁਰੀ ਸਾਧ ਦੇ ਡੇਰੇ ਰਹੇ ਹੋਵੋਗੇ ? ਸੁਣ ਕੇ ਉਹਨਾਂ ਨੇ ਕਿਹਾ, ਹਾਂ, ਬਿਲਕੁਲ ਠੀਕ ਹੈ, ਅਸੀਂ ਸਾਰੇ ਪਿਛਲੀ ਰਾਤ ਦੇਵੀ-ਪੁਰੀ ਸਾਧੂ ਦੇ ਡੇਰੇ ਹੀ ਰਹੇ ਸਾਂ ਅਤੇ ਉਥੇ ਹੀ ਇਸ਼ਨਾਨ ਕੀਤਾ ਸੀ ਅਤੇ ਖਾਣ

---

* ਸਾਡੇ ਪਿੰਡ ਨਾਰੰਗਵਾਲ ਤੋਂ ਬਾਹਰ ਕੁਝ ਬੁੱਤ ਬਣੇ ਹੋਏ ਹਨ। ਉਸ ਦੇ ਉਦਾਲੇ ਛੱਪਾਲੇ ਰਹਿਣ ਵਾਲੇ ਬੁੱਤ-ਪ੍ਰਸਤਾਂ ਦੀਆਂ ਜੋ ਝੁੰਗੀਆਂ ਹਨ, ਉਹ ਕੁਟੀਆ ਦੇ ਨਾਮ ਤੋਂ ਮਸ਼ਹੂਰ ਹਨ।

ਪੀਣ ਕੀਤਾ ਸੀ। ਉਹਨਾਂ ਦੀ ਇਹ ਗੱਲ ਸੁਣ ਕੇ ਦਾਸ ਆਪਣੇ ਦਿਲੋਂ ਖਾਲਸਈ ਸਪਿਰਟ ਤੇ ਜੁੱਸੇ ਵਿਚ ਜ਼ਰਾ ਸਖ਼ਤੀ ਨਾਲ ਬੋਲਿਆ ਕਿ ਤੁਸੀਂ ਦੇਖਣ ਪਾਖਣ ਨੂੰ ਗੁਰੂ ਦਸਮੇਸ਼ ਜੀ ਦੇ ਘਰ ਦੇ ਸਜੀਲੇ ਅਤੇ ਤਿਆਰ-ਬਰ-ਤਿਆਰ ਸਿੰਘ ਪ੍ਰਤੀਤ ਹੁੰਦੇ ਹੋ, ਪਰ ਇਹ ਗੱਲ ਬੜੀ ਹੀ ਅਯੋਗ ਹੈ ਕਿ "ਜਾ ਕੋ ਠਾਕੁਰੁ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥"* ਤੁਸੀਂ ਏਡੇ ਸਤਿਗੁਰੂ ਨਾਨਕ ਦਸਮੇਸ਼ ਦੇ ਸੇਵਕ ਹੋ ਕੇ ਇਹਨਾਂ ਆਨਮਤੀ ਭੇਖੀਆਂ ਦੇ ਡੇਰੇ ਕੀ ਖੇਹ ਛਾਨਣ ਗਏ ਸੀ? 'ਉਥੇ ਗਏ ਰਹੇ ਤੁਸੀਂ,' ਸੋ ਮੈਨੂੰ ਇਹ ਸੁਣ ਕੇ ਬੜੀ ਸ਼ਰਮ ਆਉਂਦੀ ਹੈ। ਇਹ ਗੱਲ ਸੁਣ ਕੇ ਉਹ ਜਥੇਦਾਰ ਸਿੰਘ ਨਿਝਕ ਹੋ ਕੇ ਬੋਲਿਆ ਕਿ ਸਿੰਘ ਸਾਹਿਬ ਜੀ, ਭਾਵੇਂ ਮਾਰੋ ਭਾਵੇਂ ਛਡੋ, ਅਸੀਂ ਗਏ ਜ਼ਰੂਰ ਸਾਂ ਇਹਨਾਂ ਦੋਹਾਂ ਥਾਵਾਂ 'ਤੇ, ਨਹੀਂ ਬਲਕਿ ਅਨੇਕਾਂ ਅਜਿਹੇ ਥਾਵਾਂ ਤੇ ਘੁੰਮਦੇ ਆਏ ਹਾਂ। ਆਪ ਪੁਛੋਗੇ ਕਿਉਂ ? ਸੋ ਉਸ ਦਾ ਉਤਰ ਸੁਣ ਲਓ—

ਆਪ ਦੇ ਪਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਹਾਜ਼ਰਾ ਹਜ਼ੂਰ ਸੱਚੋ ਸੱਚ ਹੀ ਦਸਦਾ ਹਾਂ, ਦਾਸ ਦਾ ਨਾਮ (ਸ਼ਾਇਦ ਆਪ ਨੇ ਸੁਣਿਆ ਹੋਵੇ) ਮਾਨ ਸਿੰਘ ਹੈ। ਮੈਂ ਨਿਰਮਲਾ ਹਾਂ। ਮੇਰੇ ਭੇਖ ਤੇ ਨ ਭਿੱਜੋ, ਮੈਂ ਬੜਾ ਸਭਾ-ਜਿੱਤ ਕਹਾਉਂਦਾ ਹਾਂ। ਕਨਖਲ ਆਦਿਕ ਹਿੰਦੂ-ਤੀਰਥਾਂ ਉਤੇ ਹੀ ਘੁੰਮਦਾ ਰਹਿੰਦਾ ਹਾਂ। ਮੇਰੇ ਸਾਹਮਣੇ ਬਹਿਸ ਵਿਚ ਕੋਈ ਨਹੀਂ ਅੜਿਆ। ਬੜੇ ਬੜੇ ਮੱਤਾਂ ਦੇ ਉਘੇ ਪੰਡਤਾਂ ਨੇ ਮੇਰੇ ਨਾਲ ਬਹਿਸ ਕੀਤੀ ਅਤੇ ਸਭ ਨੂੰ ਮੈਂ ਹਾਰ ਦਿਤੀ। ਸਨਾਤਨ ਧਰਮੀਆਂ, ਆਰੀਆ ਸਮਾਜੀਆਂ, ਗੱਲ ਕੀ, ਸਭ ਮਤ-ਮਤਾਂਤਰਾਂ ਦੇ ਵਡੇ ਵਡੇ ਬਹਿਸ ਕਰਨ ਵਾਲਿਆਂ ਨੂੰ ਮੈਂ ਬਹਿਸ ਕਰਨ ਵਿਚ ਹਰਾ ਲਿਆ। ਮੇਰੇ ਸਿੱਕੇ ਨੂੰ ਹਰ ਕੋਈ ਮੰਨਦਾ ਹੈ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੀ ਸ਼ੁਧ ਅਖੰਡਪਾਠੀ ਹਾਂ, ਮੇਰੇ ਸਾਰਖਾ ਕੋਈ ਅਖੰਡ ਪਾਠ ਨਹੀਂ ਕਰ ਸਕਦਾ, ਨਾ ਹੀ ਬਾਣੀ ਪੜ੍ਹ ਸਕਦਾ ਹੈ। ਗੁਰਬਾਣੀ ਦੀ ਕਥਾ ਕਰਨ ਵਿਚ ਮੈਂ ਪ੍ਰਬੀਨ ਹਾਂ। ਇਹ ਸਾਰੇ ਹੀ ਮੇਰੇ ਨਾਲ ਚੌਵੀ-ਪੱਚੀ ਵਿਦਿਆਰਥੀ ਬੈਠੇ ਹਨ। ਅਜਿਹੇ ਵਿਦਿਆਰਥੀਆਂ ਦੇ ਪੂਰਾਂ ਦੇ ਪੂਰ ਸੈਂਕੜੇ ਵਿਦਿਆਰਥੀਆਂ ਨੂੰ ਕਥਾ ਸਿਖਾ ਸਿਖਾ ਕੇ ਮੈਂ ਆਇਆ ਹਾਂ। ਆਪ ਸੱਚ ਕਰਕੇ ਜਾਣੋ ਕਿ ਮੈਨੂੰ ਹਰ ਪ੍ਰਕਾਰ ਦੀ ਗੁਰਮਤਿ ਤੇ ਹੋਰ ਵਿਦਿਆ ਉਤੇ ਬੜਾ ਮਾਣ ਹੈ। ਪਰ ਇੰਨੇ ਮਾਣ ਦੇ ਹੁੰਦਿਆਂ ਤੇ ਇਤਨੀਆਂ ਪੜ੍ਹਾਈਆਂ ਦਾ ਪੜ੍ਹਾਕੂ ਹੁੰਦਿਆਂ ਹੋਇਆਂ ਭੀ ਮੈਂ ਅੰਦਰੋਂ ਸੱਖਣਾ ਹਾਂ, ਮੈਂ ਸੱਚੀ ਸ਼ਾਂਤੀ ਨੂੰ ਪ੍ਰਾਪਤ ਨਹੀਂ ਹੋਇਆ। ਸਮੱਗਰ ਗੁਰਬਾਣੀ ਜਿਸ ਨਾਮ ਨੂੰ ਦ੍ਰਿੜ੍ਹਾਉਂਦੀ ਹੈ ਉਹ ਗੁਰਮਤਿ ਨਾਮ ਮੈਨੂੰ ਉੱਕਾ ਹੀ ਪ੍ਰਾਪਤ ਨਹੀਂ ਹੋਇਆ। ਹੁਣ ਮੈਂ ਆਪਣੇ ਅੰਦਰ ਦੀ ਹਾਲਤ ਨੂੰ ਵਿਚਾਰ ਕੇ ਤੇ ਲੂਹਰੀਆਂ ਲੈ ਕੇ ਇਸ ਅੰਦਰਲੀ ਗੁਪਤ ਸ਼ਾਂਤ ਨੂੰ ਪ੍ਰਾਪਤ ਕਰਨ ਲਈ, ਜੋ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦੀ ਹੈ, ਆਪਣੇ ਮੁਕਾਮ ਧਾਮ ਤੋਂ ਚੜ੍ਹਿਆ ਹਾਂ ਕਿ

---

*ਗਉੜੀ ਭੀ ਸੋਰਠਿ ਭੀ, ਕਬੀਰ ਜੀ ॥੧॥੩੮, ਪੰਨਾ ੩੩੦

ਜਿਥੇ ਭੀ ਇਹ ਸ਼ਾਂਤੀ ਮਿਲੇ ਤੇ ਗੁਰਮਤਿ ਨਾਮ ਪ੍ਰਾਪਤ ਹੋਵੇ, ਉਥੋਂ ਹੀ ਇਹ ਪ੍ਰਾਪਤੀ ਕਰਕੇ ਛਡਣੀ ਹੈ, ਭਾਵੇਂ ਕਿਤੋਂ ਹੋਵੇ। ਏਸ ਨਮਿਤ ਮੈਂ ਕਿਸੇ ਭੀ ਸਾਧ ਸੰਤ ਨੂੰ ਨਹੀਂ ਛਡਿਆ, ਕਿਸੇ ਭੀ ਭੇਖ ਭੇਖ-ਧਾਰੀ ਡੇਰੇ ਤੇ ਜਾਣ ਤੋਂ ਸੰਕੋਚ ਨਹੀਂ ਕੀਤੀ। ਨਾਮਧਾਰੀ, ਕਹੌਤੀ ਨਿਰੰਕਾਰੀ, ਰਾਧਾ ਸਵਾਮੀ ਆਦਿਕ ਜਿਥੇ ਭੀ ਕੋਈ ਉੱਘਾ ਸਾਧ ਸੰਤ ਸੁਣਿਆ ਉਥੇ ਹੀ ਮੈਂ ਪਹੁੰਚਿਆ। ਵਿਚੋਂ ਹੀ ਉਸ ਦੀ ਗੱਲ ਟੁਕ ਕੇ ਮੈਂ ਆਖਿਆ, ਉਥੇ ਭੀ ਤੂੰ ਖੱਜਲ ਖੁਆਰ ਹੀ ਹੋਇਆ, ਪ੍ਰਾਪਤੀ ਕੀ ਹੋਈ ? ਉਤਰ ਵਿਚ ਮਾਨ ਸਿੰਘ ਨੇ ਕਿਹਾ ਕਿ ਪ੍ਰਾਪਤੀ ਕੀ ਹੋਈ, ਕੁਝ ਭੀ ਨਹੀਂ ਹੋਈ, ਮੇਰੀ ਅੰਦਰਲੀ ਤਪਤ, ਅਸ਼ਾਂਤ ਤਪਤ ਦੂਰ ਨਹੀਂ ਹੋਈ। ਹਰ ਇਕ ਭੇਖੀ ਸਾਧ ਸੰਤ ਨੇ ਜਿਸ ਦੇ ਪਾਸ ਮੈਂ ਗਿਆ (ਆਪ ਦੇ ਬਚਨਾਂ ਮੁਤਾਬਕ) ਮੈਂ ਖੱਜਲ ਖੁਆਰ ਹੋਇਆ। ਆਪੋ ਆਪਣੇ ਮੱਤ, ਆਪਣਾ ਮੰਤਰ ਫੂਕਣੋਂ ਸੰਕੋਚ ਨਹੀਂ ਕੀਤਾ ਅਤੇ ਮੈਂ ਲੈਣੋਂ ਸੰਕੋਚ ਨਹੀਂ ਕੀਤਾ, ਪਰ ਮੇਰਾ ਬਣਿਆ ਕੁਛ ਨਹੀਂ।

ਇਸ ਪਰ ਦਾਸ ਨੇ ਆਖਿਆ ਕਿ ਜੇ ਤੇਰਾ ਕੁਝ ਨਹੀਂ ਬਣਿਆ ਤਾਂ ਇਨ੍ਹਾਂ ਮਸੂਮ ਜਿੰਦੜੀਆਂ ਨੂੰ, ਜਿਨ੍ਹਾਂ ਨੂੰ ਤੈਂ ਆਪਣੇ ਵਿਦਿਆਰਥੀ ਬਣਾਇਆ ਹੋਇਆ ਹੈ, ਇਨ੍ਹਾਂ ਨੂੰ ਕਥਾ-ਕਹਾਣੀ ਸਿਖਾ ਕੇ ਉਕੇ ਕੁਫੱਕੜ ਗਿਆਨੀ ਬਣਾਉਣ ਡਿਹਾ ਹੈਂ। ਇਨ੍ਹਾਂ ਨੂੰ ਤੂੰ ਕਿਉਂ ਖੱਜਲ ਖੁਆਰ ਕਰਦਾ ਹੈ ? ਤੈਂ ਮਹਾਂ ਘੋਰ ਪਾਪ ਕੀਤਾ ਹੈ ਕਿ ਇਸ ਗੱਲ ਨੂੰ ਜਾਣਦਿਆਂ ਹੋਇਆਂ ਕਿ ਤੂੰ ਆਪ ਖ਼ੁਦ ਅੰਦਰੋਂ ਸੱਖਣਾ ਹੈਂ, ਇਨ੍ਹਾਂ ਮਸੂਮ ਜਿੰਦੜੀਆਂ ਨੂੰ ਖ਼ਾਹ-ਮਖ਼ਾਹ ਖੱਜਲ ਖੁਆਰ ਕਰਨ ਦਾ ਕਿਉਂ ਚਸਕਾ ਪਿਆ ਹੋਇਆ ਹੈ ? ਤੂੰ ਜਾਹ ਏਥੋਂ ਹੀ ਪਿਛਾਂਹ ਮੁੜ ਜਾਹ, ਹੋਰ ਖੱਜਲ ਖੁਆਰ ਨਾ ਹੋ। ਜਿਹੜੇ ਪੂਰਾਂ ਦੇ ਪੂਰ ਵਿਦਿਆਰਥੀਆਂ ਨੂੰ ਤੈਂ ਫੋਕੀਆਂ ਪੜ੍ਹਾਈਆਂ ਪੜ੍ਹਾ ਪੜ੍ਹਾ ਕੇ ਅਤੇ ਨਿਗੁਣੀਆਂ ਕਥਾਵਾਂ ਸਿਖਾ ਸਿਖਾ ਕੇ ਘਰਾਂ ਤੋਂ ਬੇਘਰ ਕੀਤਾ ਹੈ, ਉਨ੍ਹਾਂ ਨੂੰ ਪਹਿਲਾਂ ਆਪਣੇ ਆਪਣੇ ਘਰੀਂ ਜਾ ਬਿਠਾਇ ਆ, ਫੇਰ ਤੂੰ ਇਕੱਲਾ ਹੀ ਆਈਂ, ਤੇਰੀ ਹਾਲਤ 'ਤੇ ਰਹਿਮ ਕਰ ਕੇ ਇਸ ਗੱਲ ਦਾ ਇਕਰਾਰ ਤੇਰੇ ਨਾਲ ਪੱਕਾ ਕਰਦੇ ਹਾਂ ਕਿ ਨਾਮ ਅਭਿਆਸੀ ਜੋਤਿ ਵਿਗਾਸੀ ਪੰਜਾਂ ਪਿਆਰਿਆਂ ਦਾ ਪੁੰਜ ਤੇਰੇ ਲਈ ਤਿਆਰ ਰਖਾਂਗੇ, ਜਿਨ੍ਹਾਂ ਗੁਰੂ ਸਰੂਪ ਪੰਜਾਂ ਪਿਆਰਿਆਂ ਕੋਲੋਂ ਗੁਰ-ਦੀਖਿਆ ਲੈਂਦੇ ਸਾਰ ਹੀ ਤੇਰੀ ਸ਼ਾਂਤ-ਕਲਿਆਣ ਹੋ ਜਾਵੇਗੀ। ਕਿਉਂਕਿ ਇਸ ਘੋਰ ਕਲਜੁਗੀ ਪਹਿਰੇ ਅੰਦਰ ਦਸਮੇਸ਼ ਪਿਤਾ ਜੀ ਨੇ ਜੋਤਿ-ਕਲਿਆਣੀ ਸੱਚੀ ਗੁਰ-ਦੀਖਿਆ ਦੇ ਵਿਖਾਉਣ ਦਾ ਗੁਰੂ ਸਰੂਪ ਮਰਤਬਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਪੰਜਾਂ ਪਿਆਰਿਆਂ ਨੂੰ ਦੇ ਦਿਤਾ ਹੈ, ਹੋਰ ਭਾਵੇਂ ਕੋਈ ਕਿਤਨਾ ਹੀ ਵਡੇ ਤੋਂ ਵਡਾ ਭੇਖਧਾਰੀ ਸੰਤ ਕਹਾਉਂਦਾ ਫਿਰੇ, ਉਹ ਇਕੱਲਾ ਗੁਰ-ਦੀਖਿਆ ਨਹੀਂ ਦੇ ਸਕਦਾ ਅਤੇ ਨਾ ਕਲਿਆਣਕਾਰੀ ਹੋ ਸਕਦੀ ਹੈ।

ਇਹ ਬਿਲਾਸ ਸੁਣ ਕੇ, ਸਤ ਬਚਨ ਆਖ ਕੇ ਪਿਛੇ ਮੁੜਨ ਨੂੰ ਤੜਫਿਨ ਹੀ

ਤਿਆਰ ਹੋ ਗਿਆ ਤੇ ਕਹਿਣ ਲੱਗਾ, "ਮੇਰੇ ਧੰਨ ਭਾਗ ਹਨ, ਮੈਂ ਏਥੇ ਪੁੱਜਾ, ਬਚਨ ਤੁਹਾਡੇ ਭਾਵੇਂ ਕੋਰੇ ਕਰਾਰੇ ਅਤੇ ਸਖ਼ਤ ਹਨ, ਪਰ ਬੜੇ ਪਿਆਰੇ ਲਗਦੇ ਹਨ। ਮੈਂ ਹਾਲੇਂ ਪਤਾ ਨਹੀਂ ਕਿਥੇ ਕਿਥੇ ਜਾ ਕੇ ਖੱਜਲ ਖੁਆਰ ਹੋਣਾ ਸੀ, ਮੈਂ ਹੁਣ ਅਗਾਹਾਂ ਹੋਰ ਕਿਤੇ ਨਹੀਂ ਜਾਵਾਂਗਾ, ਆਪ ਦੇ ਕਹੇ ਅਨੁਸਾਰ ਇਨ੍ਹਾਂ ਪੂਰਾਂ ਦੇ ਪੂਰ ਮਾਸੂਮ ਜਿੰਦੜੀਆਂ ਦੀ ਬਰਕਰਾਰੀ ਕਰਨ ਦਾ ਪੂਰਾ ਪੂਰਾ ਜਤਨ ਕਰਾਂਗਾ ਅਤੇ ਗੱਡੀਆਂ ਦੀਆਂ ਗੱਡੀਆਂ ਜਿਹੜੀਆਂ ਪੁਸਤਕਾਂ ਮੈਂ ਲੱਦੀ ਫਿਰਦਾ ਹਾਂ, ਉਹ ਸਭ ਵਾਪਸ ਦੇ ਆਵਾਂਗਾ, ਤਾਂਕਿ ਮੇਰਾ ਸਭਾ-ਜੀਤ ਹੋਣ ਦਾ ਕੂੜਾਵਾ ਮਾਣ ਉੱਕਾ ਹੀ ਮੁੱਕ ਠੁੱਕ ਜਾਵੇ।"

ਦੋ ਤਿੰਨ ਸਾਲ ਤਾਈਂ ਅਸੀਂ ਉਸ ਨੂੰ ਬਹੁਤ ਉਡੀਕਿਆ, ਪਰ ਉਹ ਬਹੁੜਿਆ ਨਹੀਂ। ਪਿਛੋਂ ਪਤਾ ਲੱਗਾ ਕਿ ਉਹ ਚੜ੍ਹਾਈਆਂ ਕਰ ਗਿਆ ਹੈ। ਹੁਣ ਤਾਂ ਅਗਲੇ ਜਨਮ ਵਿਚ ਹੀ ਉਸ ਦਾ ਨਿਸਤਾਰਾ ਹੋਵੇਗਾ। ਇਹੋ ਜਹੇ ਲੇਖ ਲਿਖ ਕੇ ਪੜ੍ਹਨ ਵਾਲੇ ਕੇਤੇ ਹੀ ਪੜ੍ਹ ਪੜ੍ਹ ਕੇ, ਕੜ੍ਹ ਕੜ੍ਹ ਕੇ ਚਲੇ ਗਏ, "ਲਿਖ ਲਿਖ ਪੜਿਆ ਤੇਤਾ ਕੜਿਆ" ਵਾਲੀ ਹਉਮੈ-ਮਈ ਝਾਖ ਨੂੰ ਝਖ ਝਖ ਕੇ ਜਾਂਦੇ ਲੱਗੇ।

ਇਸ ਸਾਰੇ ਗੁਰਵਾਕ ਅੰਦਰ ਗੁਰੂ ਸਾਹਿਬ ਨੇ ਕਰਮ ਕਾਂਡ ਤੇ ਹਉਮੈ ਵਾਲੇ ਭੇਖ ਨੂੰ ਭੰਡਿਆ ਹੈ। ਬਹੁਤੇ ਤੀਰਥਾਂ 'ਤੇ ਭਾਲਣ ਵਾਲੇ ਅਤੇ ਤੀਰਥੀਂ ਭਵ ਭਵ ਕੇ ਬਹੁਤਾ ਬੋਲਣ ਵਾਲੇ, ਤੇ ਬਹੁਤਾ ਭੇਖ ਕਰਕੇ ਦੇਹੀ ਨੂੰ ਦੁਖ ਦੇਣ ਵਾਲੇ ਪਾਖੰਡੀਆਂ ਨੂੰ ਖ਼ੂਬ ਦਾਖੂ ਦਾਣੇ ਦਿਤੇ ਹਨ, ਆਪਣਾ ਕੀਤਾ ਕਮਾਉਣ ਅਤੇ ਪਾਉਣਗੇ। ਅੰਨ ਨਾ ਖਾਣ ਵਾਲੇ ਅਤੇ ਅੰਨ ਨਾ ਖਾ ਕੇ ਸਵਾਦ ਗਵਾਣ ਵਾਲੇ ਭੇਖੀਆਂ ਨੂੰ ਭੀ ਗੁਰੂ ਸਾਹਿਬ ਨੇ "ਬਹੁ ਦੁਖੁ ਪਾਇਆ ਦੂਜਾ ਭਾਇਆ" ਦੇ ਗੁਰਵਾਕ ਦੀ ਸੱਟ ਮਾਰੀ ਹੈ। ਗੁਰਮਤਿ ਨੂੰ ਛਡ ਕੇ ਸਭ ਲੁਕਾਈ ਦੂਜੇ ਭਾਵ ਦੀ ਉਪਾਸ਼ਨਾ ਵਿਚ ਖਚਤ ਹੋ ਕੇ ਦੁਖੀ ਹੋਈ ਫਿਰਦੀ ਹੈ। ਜਿਹੜੇ ਪਾਖੰਡੀ ਬਸਤਰ ਨਹੀਂ ਪਹਿਨਦੇ ਅਤੇ ਨੰਗੇ ਹੀ ਰਹਿੰਦੇ ਹਨ, ਉਹਨਾਂ ਉੱਤੇ ਦਿਨ ਰਾਤ ਕਹਿਰ ਕਸ਼ਟ ਹੀ ਵਰਤਦਾ ਰਹਿੰਦਾ ਹੈ। ਜਿਹੜੇ ਮੋਨਧਾਰੀ ਕੂੜਾਵੀ ਪਾਖੰਡ-ਸਮਾਧੀ ਲਾਉਣ ਵਿਚ ਖੁਆਰ ਹੁੰਦੇ ਹਨ, ਉਨ੍ਹਾਂ ਨੂੰ ਸਪੱਸ਼ਟ ਦਸਿਆ ਗਿਆ ਹੈ ਕਿ "ਮੋਨਿ ਵਿਗੂਤਾ ਕਿਉ ਜਾਗੈ ਗੁਰ ਬਿਨੁ ਸੂਤਾ" ਦੇ ਵਾਕ ਅਨੁਸਾਰ ਕਦੇ ਭੀ ਗੁਰੂ ਬਾਝੋਂ ਨਿਸਤਾਰਾ ਨਹੀਂ ਹੋ ਸਕਦਾ। ਜੁਗਾਂ ਜੁਗੰਤਰਾਂ ਦੇ ਸੁੱਤੇ ਹੋਏ, ਉਹ ਗੁਰੂ ਬਾਝੋਂ ਕਦੇ ਭੀ ਜਾਗ ਸੁਜਾਗੇ ਨਹੀਂ ਹੋ ਸਕਦੇ। ਨੰਗੇ ਪੈਰੀਂ ਫਿਰਨ ਵਾਲੇ ਅਤੇ ਭੱਖ ਅਭੱਖ ਖਾਣ ਵਾਲੇ ਤੇ ਸਿਰ ਵਿਚ ਸਵਾਹ ਪਾ ਕੇ ਖ਼ਾਕ ਛਾਨਣ ਵਾਲੇ ਭੇਖ-ਧਾਰੀਆਂ ਦੀ ਖ਼ੂਬ ਖ਼ਬਰ ਲਈ ਗਈ ਹੈ। ਐਸੇ ਮੂਰਖ ਅੰਧਿਆਂ ਨੇ ਏਥੇ ਭੀ ਆਪਣੀ ਪੱਤ ਗਵਾ ਲਈ ਹੈ ਅਤੇ ਪ੍ਰਲੋਕ ਵਿਖੇ ਭੀ ਗਵਾਉਣਗੇ। ਨਾਮ ਤੋਂ ਬਿਨਾਂ ਇਹ ਪਾਖੰਡ ਵਾਲੀ ਕੀਤੀ ਕੋਈ ਗੱਲ ਭੀ ਕਿਸੇ ਥਾਇੰ ਨਹੀਂ ਪੈਣੀ ਅਤੇ ਇਹ ਨਾਮ ਕੇਵਲ ਗੁਰੂ ਦੁਆਰਾ ਹੀ ਮਿਲਦਾ ਹੈ। ਤਾਂ ਤੇ

 www.sikhbookclub.com

ਗੁਰਮਤਿ ਨਾਮ ਦੀ ਦੀਖਿਆ ਲਏ ਬਿਨਾਂ ਕਿਸੇ ਦੀ ਸਦਗਤੀ ਨਹੀਂ। ਬੇਬਾਣਾਂ, ਮੜ੍ਹੀ ਮਸਾਣਾਂ ਵਿਚ ਰਹਿਣ ਵਾਲਿਆਂ ਨੂੰ ਭੀ ਡੁੱਬਣ ਵਾਲੇ ਭੇਖਧਾਰੀ ਦੱਸ ਕੇ ਹੀ ਮਹਾਰਾਜ ਨੇ ਦੱਸਿਆ ਹੈ ਕਿ ਅਜਿਹੇ ਅੰਨ੍ਹੇ ਲੋਕਾਂ ਨੂੰ ਫੇਰ ਪਛਤਾਉਣਾ ਹੀ ਪਵੇਗਾ।

ਸੱਚੇ ਸਤਿਗੁਰੂ ਭੇਟਿਆਂ ਹੀ ਸੱਚੇ ਸੱਚ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਸਤਿਗੁਰੂ ਦੁਆਰਿਓਂ ਹੀ, ਸੱਚੀ ਦੀਖਿਆ ਲੈ ਕੇ ਹੀ ਸੱਚਾ ਨਾਮ ਮਨ ਵਿਖੇ ਵਸਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਉਤੇ ਸਤਿਗੁਰ ਦੀ ਅਪਾਰ ਮੇਹਰ ਹੋਵੇ, ਉਹ ਹੀ ਇਸ ਗੁਰਦੀਖਿਆ ਦੀ ਪ੍ਰਾਪਤੀ ਕਰ ਸਕਦੇ ਹਨ। ਆਸ ਅੰਦੇਸੇ ਵਾਲੀ ਚਿੰਤਾ ਨੂੰ ਅਤੇ ਬਪੜੀ ਮਮਤਾ-ਮਈ ਹਉਮੈ ਨੂੰ ਕੇਵਲ ਗੁਰ-ਸ਼ਬਦ-ਦੀਖਿਆ ਦੁਆਰੇ ਹੀ ਜਲਾ ਸਕੀਦਾ ਹੈ। ਏਸੇ,ਕੇਵਲ ਏਸੇ ਨਿਹਕੇਵਲ ਪਦ ਪ੍ਰਾਪਤ ਹੋਣ ਪਰ ਹੀ ਗਤਿ-ਕਲਿਆਣ ਹੋ ਸਕਦੀ ਹੈ। ਗੁਰਮਤਿ ਤੋਂ ਛੁਟ ਹੋਰ ਆਨਮਤੀ ਭੇਖ-ਧਾਰੀ ਪਾਖੰਡ ਧਾਰਨ ਕੀਤਿਆਂ ਕੱਖ ਨਹੀਂ ਬਣ ਸਕਦਾ।

# ੫੬. ਪਾਖੰਡ ਕਰਮਾਂ ਦਾ ਖੰਡਨ

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥
ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥
ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥੨॥੧੧॥
[ਵਾਰ ਆਸਾ, ਮ: ੧, ਪੰ: ੪੬੮-੬੯

ਇਸ ਸਲੋਕ ਅੰਦਰ ਸੰਸਾਰ ਵਿਖੇ ਜੋ ਕੂੜ-ਵਰਤਾਰਾ ਵਰਤਿਆ ਹੈ, ਉਸ ਦਾ ਵਰਨਣ ਕਰਦੇ ਹਨ ਕਿ ਰਾਜਸੀ ਮੰਡਲ ਅੰਦਰ ਸਾਰੇ ਕੂੜ ਪਾਖੰਡ ਦਾ ਪਹਿਰਾ ਹੋ ਰਿਹਾ ਹੈ; ਕਲਜੁਗ ਦੇ ਰਾਜੇ, ਵਜ਼ੀਰ, ਆਦਿਕ ਸਭ ਲੋਭ ਤੇ ਪਾਪ ਦੇ ਗ੍ਰਸੇ ਹੋਏ ਹਨ। ਪਾਪ-ਰਾਜ ਦਾ ਕੂੜ ਸਿੱਕੇ ਬਣਾਉਣ ਵਾਲਾ ਸਰਦਾਰ ਹੈ, ਜੋ ਕੂੜ ਘੜ ਘੜ ਕੇ ਪ੍ਰਚਲਤ ਕਰਦਾ ਹੈ। ਕਾਮ ਨੇਬੁ ਹੈ, ਜਿਸ ਨਾਲ ਸਲਾਹ ਮਸ਼ਵਰਾ ਕੀਤਾ ਜਾਂਦਾ ਹੈ। ਪਰਜਾ ਭੀ ਅੰਨ੍ਹੀ ਹੀ ਹੈ ਅਤੇ ਗਿਆਨ ਵਿਹੂਣੀ ਹੈ, ਸਮਝ ਤੋਂ ਬਿਨਾਂ ਹੀ

ਹੀ ਮੁਰਦੇ ਵਾਂਗਰ ਭਾਰ ਭਰਦੀ ਹੈ, ਅਤੇ ਨਿਖਤ੍ਰਮੀ ਵਫ਼ਾਦਾਰੀ ਕਰਦੀ ਹੈ। ਕਲਜੁਗ ਦੇ ਜੋ ਗਿਆਨੀ ਲੋਗ ਹਨ ਉਹ ਰਾਸਾਂ ਵਿਚ ਬੈਠਦੇ ਹਨ ਤੇ ਸਾਜ਼ ਬਜਾਉਂਦੇ ਹਨ, ਤੇ ਸਾਂਗ ਬਣਾ ਬਣਾ ਕੇ ਫੋਕਾ ਸ਼ਿੰਗਾਰ ਬਣਾਉਂਦੇ ਹਨ, ਜੋ ਫ਼ਜ਼ੂਲ ਕਹਾਣੀਆਂ ਸੁਣਾ ਕੇ ਗਾਉਂਦੇ ਹਨ ਅਤੇ ਉੱਚੀ ਉੱਚੀ ਲੋਕਾਂ ਨੂੰ ਜੋਧਿਆਂ ਦੀਆਂ ਗੱਲਾਂ ਸੁਣਾ ਕੇ ਭਰਮਾਉਂਦੇ ਹਨ। ਪੜ੍ਹੇ ਹੋਏ ਮੂਰਖ ਲੋਕ (ਮੂਰਖ ਪੰਡਤ) ਨਿਰੀਆਂ ਚਲਾਕੀਆਂ ਅਤੇ ਹੁੱਜਤਾਂ ਹੀ ਛਾਂਟਦੇ ਰਹਿੰਦੇ ਹਨ। ਉਨ੍ਹਾਂ ਦੀ ਰੁਚੀ ਮਾਇਆ ਇਕੱਠੀ ਕਰਨ ਦੀ ਤਰਫ਼ ਹੀ ਜਾਂਦੀ ਹੈ, ਮਾਇਆ ਇਕੱਠੀ ਕਰਨ ਦਾ ਹੀ ਜਤਨ ਹੁੰਦਾ ਹੈ, ਹੋਰ ਕੋਈ ਅਭਿਪਰਾ ਨਹੀਂ ਹੁੰਦਾ। ਅਨੇਕਾਂ ਐਸੇ ਪਾਖੰਡੀ ਹਨ ਜੋ ਆਪਣੇ ਆਪ ਨੂੰ ਜਤੀ ਸਦਵਾਉਂਦੇ ਹਨ, ਪਰ ਜਤੀ ਹੋਣ ਦਾ ਅਸਲ ਤਰੀਕਾ ਨਾ ਜਾਨਣ ਕਰਕੇ ਘਰ ਬਾਰ ਹੀ ਛਡ ਬਹਿੰਦੇ ਹਨ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਜਤੀ ਬਨਣ ਦੀ ਜੁਗਤ ਗ੍ਰਿਹਸਤ ਅੰਦਰ ਰਹਿ ਕੇ ਹੀ ਬਣ ਆਉਂਦੀ ਹੈ। ਗੁਰਮਤਿ ਅੰਦਰ ਜਤੀ ਬਨਣ ਲਈ ਗ੍ਰਿਹਸਤ ਛੱਡਣ ਦੀ ਲੋੜ ਨਹੀਂ ਪੈਂਦੀ, ਗੁਰਵਾਕ—

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥੨॥੧੬॥

[ਗੂਜਰੀ ਵਾਰ, ਮ: ੫, ਪੰਨਾ ੫੨੨

ਭਾਵ—ਗੁਰੂ ਘਰ ਦੀ ਇਹ ਵਡਿਆਈ ਹੈ ਕਿ ਸਤਿਗੁਰ ਨਾਨਕ ਦਾ ਸਿਖ ਬਣ ਕੇ ਜਤੀ ਬਨਣ ਲਈ ਘਰ ਬਾਰ ਛੱਡਣ ਦੀ ਲੋੜ ਨਹੀਂ, ਪਰੰਤੂ ਜਤੀ ਬਨਣ ਦੀ ਪੂਰਨ ਜੁਗਤੀ ਇਹ ਹੈ ਕਿ ਗ੍ਰਿਹਸਤ ਵਿਖੇ ਰਹਿ ਕੇ ਗੁਰਮਤਿ ਜਗਿਆਸੂ ਦੀ ਗ੍ਰਿਹਸਤ ਦੇ ਸਾਰੇ ਗੁਰਮੁਖਿ ਧਰਮੱਗ ਕਾਰਜ ਕਰਦਿਆਂ ਹੀ ਮੁਕਤੀ ਹੋ ਜਾਂਦੀ ਹੈ। 'ਹਸੰਦਿਆ', 'ਖੇਲੰਦਿਆ' ਪਦਾਂ ਤੋਂ ਇਹ ਭਾਵ ਨਹੀਂ ਕਿ ਰਾਗ ਰੰਗਾਂ ਵਿਚ ਪੈ ਕੇ ਮੁਕਤੀ ਹੁੰਦੀ ਹੈ, ਸਗੋਂ ਗੁਰਮਤਿ ਅੰਦਰ ਹੋਛੇ ਰਾਗ ਰੰਗ, ਹੱਸਣ ਖੇਡਣ ਵਾਲੇ ਰੰਗ ਤਮਾਸ਼ੇ ਦੇਖਣੇ ਮਹਾਂ ਨਿਖੇਧਤ ਹਨ। 'ਹਸੰਦਿਆ ਖੇਲੰਦਿਆ' ਦਾ ਸਪੱਸ਼ਟ ਇਹ ਭਾਵ ਹੈ ਕਿ ਗੁਰਮਤਿ ਗ੍ਰਿਹਸਤ ਅੰਦਰ ਰਹਿ ਕੇ ਉਦਾਸੀਨ ਹੋਣ ਦੀ ਕੋਈ ਲੋੜ ਨਹੀਂ, ਗੁਰਮਤਿ ਨਾਮ ਜਪਦਿਆਂ ਸਦਾ ਖਿੜੇ ਮੱਥੇ ਰਹੇ ਅਤੇ ਹਸੂੰ ਹਸੂੰ ਕਰਦਾ ਹੀ ਗੁਰਮਤਿ ਕਾਜ ਮਈ ਸੱਚੀਆਂ ਸੁੱਚੀਆਂ ਖੇਡਾਂ ਖੇਡੇ। ਏਸੇ ਪ੍ਰਕਾਰ ਹੀ 'ਖਾਵੰਦਿਆ ਪੈਨੰਦਿਆ' ਪਦਾਂ ਤੋਂ ਹਰਗਿਜ਼ ਇਹ ਭਾਵ ਨਹੀਂ ਕਿ ਮਨ-ਬਾਂਛਤ ਭੱਖ ਅਭੱਖ ਖਾਣੇ ਖਾਂਦਾ ਫਿਰੇ ਅਤੇ ਹੋਛੇ ਭੜਕਵੇਂ ਪਹਿਰਾਵੇ ਪਹਿਨਦਾ ਫਿਰੇ; ਸਗੋਂ 'ਖਾਵੰਦਿਆ' ਪਦ ਤੋਂ ਸਪੱਸ਼ਟ ਭਾਵ ਇਹ ਹੈ ਕਿ ਗੁਰਮਤਿ ਪ੍ਰਮਾਣੀਕ ਖਾਣ ਯੋਗ ਖਾਣੇ ਖਾਏ ਅਤੇ ਭੱਖ ਅਭੱਖ ਰਸਾਂ ਕਸਾਂ ਵਾਲੇ ਖਾਣੇ ਖਾਣ ਵਿਚ ਖ਼ਚਤ ਨਾ ਹੋਵੇ। 'ਪੈਨੰਦਿਆ' ਪਦ ਤੋਂ ਗੁਰਮੁਖੀ ਬਾਣੇ ਵਾਲੇ ਬਸਤਰ ਪਹਿਨਣ ਤੋਂ ਹੈ, ਇਹ ਨਹੀਂ ਕਿ ਅਨ-ਮਤੀਆਂ ਦੀ ਰੀਸੇ ਅਨਮਤੀ ਬਾਣੇ ਪਹਿਨਣ ਵਿਚ ਖੱਜਲ ਖੁਆਰ ਹੁੰਦਾ ਫਿਰੇ, ਜੈਸਾ

ਕਿ ਅੱਜ ਕਲ੍ਹ ਦੇ ਸਾਰੇ ਨੌਜਵਾਨ ਸਿਖ, ਖ਼ਾਸ ਕਰ ਨੌਕਰੀ-ਪੇਸ਼ਾ ਸਿਖ ਜੈਂਟਲਮੈਨ ਦਾੜ੍ਹੀਆਂ ਨੂੰ ਨਰੜਦੇ ਹਨ, ਪਤਲੂਨਾਂ ਪੈਂਟਾਂ ਪਾਉਂਦੇ ਹਨ। ਕਈ ਅਹਿਮਕ ਸਿਖ ਸ੍ਰੇਣੀ ਵਾਲੇ ਲੋਗ ਅਨਮਤੀਆਂ ਦੀ ਨਿਆਈਂ ਸਿਰੋਂ ਨੰਗੇ ਫਿਰਦੇ ਰਹਿੰਦੇ ਹਨ ਅਤੇ ਸਰੇ-ਬਜ਼ਾਰ ਹੀ ਫਿਰਦੇ ਰਹਿੰਦੇ ਹਨ। ਟੱਟੀ ਭੀ ਨੰਗੇ ਸਿਰ ਹੀ ਜਾਣਗੇ, ਨੰਗੇ ਸਿਰ ਹੀ ਸੌਣਗੇ ਅਤੇ ਭੋਗ ਭੁੰਚਣਗੇ। ਗੁਰੂ ਘਰ ਦੀ ਰਹਿਤ ਬਹਿਤ ਇਸ ਪ੍ਰਕਾਰ ਦੀ ਕੁਰਹਿਤ ਰਹਿਣੀ ਤੋਂ ਬਿਬਰਜਤ ਕਰਦੀ ਹੈ। ਗੁਰੂ ਘਰ ਦੇ ਰਹਿਤਨਾਮਿਆਂ ਵਿਚ ਸਾਫ਼ ਲਿਖਿਆ ਹੈ 'ਨਾਂਗੇ ਸੀਸ ਭੋਗ ਨਾ ਸੁਪਤਾਏ'। ਇਸੇ ਪ੍ਰਕਾਰ ਹੀ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਨੂੰ ਭੀ ਆਨਮਤਾਵਾਂ ਦੀ ਰੀਸੇ ਕੁਰੀਸੇ ਨੰਗੇ ਸੀਸ ਲੈ ਕੇ ਬੇਸਵਾਵਾਂ ਦੀ ਨਿਆਈਂ ਖੁਲ੍ਹੇ ਬਜ਼ਾਰਾਂ ਵਿਚ ਨਹੀਂ ਫਿਰਨਾ ਚਾਹੀਦਾ ਅਤੇ ਦੋ ਦੋ ਗੁੱਤਾਂ ਲਮਕਾ ਕੇ ਅਨਮੱਤਣਾਂ ਦੀ ਨਿਆਈਂ ਭੈੜਾ ਰਿਵਾਜ ਧਾਰਨਾ ਗੁਰਮਤਿ ਤੋਂ ਬਹੁਤ ਉਲਟ ਹੈ। ਅੱਜ ਕਲ੍ਹ ਭੈੜਾ ਰਿਵਾਜ ਇਹ ਬੜਾ ਹੀ ਜ਼ੋਰ ਪਕੜਦਾ ਜਾਂਦਾ ਹੈ ਕਿ ਜੋ ਜੋ ਭੈੜਾ ਕਰਤਵ ਅਣ-ਮੱਤਣਾਂ ਕਰਨਗੀਆਂ, ਇਸੀ ਤਰ੍ਹਾਂ ਗੁਰੂ ਘਰ ਦੀਆਂ ਬੀਬੀਆਂ ਭੁਜੰਗਣਾਂ ਭੀ ਚੱਲਣਗੀਆਂ। ਬੁਲ੍ਹਾਂ ਨੂੰ ਸੁਰਖ਼ੀਆਂ ਲਾ ਕੇ ਪਾਨ ਸੁਪਾਰੀ ਖਾਂਦੇ ਫਿਰਨ ਦੀ ਕੁਵਾਦੀ ਆਮ ਪੈਂਦੀ ਜਾਂਦੀ ਹੈ, ਹਾਲਾਂ ਕਿ ਗੁਰਵਾਕ ਸਾਫ ਹੈ :–

ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥੨॥

[ਤਿਲੰਗ ਮ: ੪, ਪੰਨਾ ੭੨੬

ਵਾਲਾ ਗੁਰਵਾਕ ਅਜਿਹੀਆਂ ਭੈੜੀਆਂ ਰੀਸਾਂ ਕੁਰੀਸਾਂ ਵਾਲੀਆਂ ਕੁਵਾਦੀਆਂ ਤੋਂ ਸਾਫ਼ ਵਰਜਦਾ ਹੈ। ਗੁਰੂ ਘਰ ਦੀ ਰਹਿਣੀ ਬਹਿਣੀ ਵਾਲੇ ਪੁਸ਼ਾਕੇ ਪਹਿਰਾਵਿਆਂ ਦਾ ਉੱਕਾ ਹੀ ਪ੍ਰੀਤਿਆਗ ਹੋ ਰਿਹਾ ਹੈ। ਗੁਰਬਾਣੀ ਦੇ ਇਸ ਗੁਰਵਾਕ, "ਸਾਬਤ ਸੂਰਤਿ ਦਸਤਾਰ ਸਿਰਾ"* ਅਨੁਸਾਰ ਸਭ ਗੁਰਮੁਖਿ ਬੀਬੀਆਂ ਭੈਣਾਂ ਨੂੰ ਸੀਸ ਤੇ ਕੇਸਕੀ (ਦਸਤਾਰ) ਸਜਾਉਣਾ ਲਾਜ਼ਮੀ ਹੈ (ਵੇਖੋ ਪੁਸਤਕ ਸਿੰਘਾਂ ਦਾ ਪੰਥ ਨਿਰਾਲਾ), ਸਗੋਂ ਇਸ ਤੋਂ ਉਲਟ ਨੰਗੀਆਂ ਬਾਵਰੀਆਂ ਛਡ ਕੇ ਯਾ ਪੱਟੀਆਂ ਨੂੰ ਤੇਲ ਲਾ ਕੇ ਖੁਲ੍ਹੇ ਬਾਲਾਂ ਨਾਲ ਫਿਰ ਤੁਰ ਕੇ ਝਾਟਿਆਂ ਵਿਚ ਖੇਹ ਪਵਾਂਦੀਆਂ ਫਿਰਦੀਆਂ ਹਨ। ਯਥਾ ਗੁਰਵਾਕ– "ਉਡਿ ਉਡਿ ਰਾਵਾ ਝਾਟੈ ਪਾਇ॥"† ਜੰਮਦੀਆਂ ਕੁੜੀਆਂ ਦੇ ਸਿਰ ਵਿਚ ਹੀ ਫੂੰਦੇ ਟੰਗ ਕੇ ਟੇਂਗਣੀਆਂ ਪਹਿਨਾਵਣ ਨੂੰ (ਕੁੜੀਆਂ ਮੁੰਡੇ) ਆਨਮਤੀਆਂ ਦੀ ਰੀਸ ਕਰਨ ਨੂੰ ਬੜਾ ਹੀ ਫ਼ਖ਼ਰ ਸਮਝਿਆ ਜਾਂਦਾ ਹੈ ਅਤੇ ਇਹ ਮਹਾਂ ਮਨਮਤਿ ਹੈ। ਤਾਂ ਤੇ ਗੁਰਮਤਿ ਗ੍ਰਿਹਸਤ ਦੀ ਰਹਿਣੀ ਬਹਿਣੀ ਰਹਿਣ ਵਾਲੇ ਗੁਰਮੁਖਿ ਨਰ ਨਾਰੀਆਂ ਨੂੰ ਗੁਰਮੁਖੀ ਪਹਿਰਾਵਾ ਹੀ ਪਹਿਨਣਾ ਉਚਿਤ ਹੈ। ਭੈੜੀ ਮਨ-ਮੰਨੀ

* ਮਾਰੂ ਸੋਲਹੇ ਮ: ੫, ਅੰਕ ੧੨, ਪੰਨਾ ੧੦੪੮

† ਵਾਰ ਆਸਾ, ਮ: ੧, ੨॥੫, ਪੰਨਾ ੪੬੫

 www.sikhbookclub.com

ਆਜ਼ਾਦੀ ਵਾਲੇ ਖਾਣੇ ਖਾਣੇ ਅਤੇ ਪਹਿਰਾਵੇ ਪਹਿਨਣ ਵਾਲਾ ਭਾਵ 'ਖਾਵੰਦਿਆਂ ਪੈਨੰਦਿਆਂ' ਪਦਾਂ ਤੋਂ ਨਹੀਂ ਹੈ, ਗੁਰਮਤਿ ਜੁਗਤੀ ਵਾਲੇ ਪਹਿਰਾਵੇ ਪਹਿਨਣੇ ਅਤੇ ਸਾਦੇ ਮੁਰਾਦੇ ਖਾਣੇ ਖਾਣੇ ਹੀ ਗੁਰਮਤਿ ਕਲਿਆਣ-ਮੁਕਤੀ ਦਾ ਅਧਿਕਾਰੀ ਬਣਾ ਸਕਦੇ ਹਨ। ਗੁਰਮਤਿ ਜੁਗਤੀ ਵਾਲੀ ਹੀ ਪੂਰੀ ਜੁਗਤੀ ਹੱਸਣ, ਖੇਡਣ, ਖਾਣ, ਪਹਿਨਣ ਦੀ ਗੁਰੂ ਘਰ ਵਿਖੇ ਪਰਵਾਨ ਹੈ, ਖੁਲ੍ਹੀ ਆਜ਼ਾਦੀ ਧਾਰਨ ਕਰਨੀ ਨਿਰੀ ਬਰਬਾਦੀ ਹੈ। ਏਦੂੰ ਤਾਂ "ਛਡਿ ਬਹਹਿ ਘਰ ਬਾਰੁ"* ਵਾਲਿਆਂ ਅਨਜਾਣਾਂ ਦੀ ਕੁਜੁਗਤੀ ਹੀ ਚੰਗੀ ਹੈ। ਸਭ ਕੋਈ ਆਪੋ ਆਪਣੀ ਮਨ ਦੀ ਜੁਗਤੀ ਧਾਰਨ ਵਿਚ ਹੀ ਪੂਰਾ ਬਣਿਆ ਫਿਰਦਾ ਹੈ, ਘੱਟ ਕੋਈ ਭੀ ਨਹੀਂ ਆਖਦਾ ਅਖਵਾਉਂਦਾ। ਜਿਸ ਜੁਗਤੀ ਦੇ ਧਾਰਨ ਕੀਤਿਆਂ ਗੁਰੂ ਘਰ ਵਿਖੇ ਪੱਤ ਰਹਿੰਦੀ ਹੋਵੇ ਉਹ ਹੀ ਭਗਤੀ ਪਰਵਾਨ ਹੈ।

ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥
ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥
੨॥੧੩॥ [ਵਾਰ ਆਸਾ, ਮ: ੧, ਪੰਨਾ ੪੭੦

ਇਸ ਤੋਂ ਪਹਿਲੇ ਨਾਲ ਲਗਦੇ ਸਲੋਕ ਵਿਚ ਦੱਸੇ ਅਨੁਸਾਰ ਚਾਰੇ ਵੇਦ ਵੱਖੋ ਵਖਰੇ ਧਰਮ ਅਨਮੱਤੀਆਂ ਨੂੰ ਦਸਦੇ ਹਨ ਅਤੇ ਸੱਚੇ ਬਣਦੇ ਹਨ ਤੇ ਆਨਮਤੀ ਲੋਗ ਭੀ ਏਹਨਾਂ ਚਾਰੇ ਵੇਦਾਂ ਦੇ ਦੱਸੇ ਅਨੁਸਾਰ ਚਲ ਕੇ ਆਪਣੇ ਜਾਣੇ ਸਚਿਆਰ ਬਣਦੇ ਹਨ। ਜੋ ਲੋਗ ਇਹਨਾਂ ਚਹੁੰਆਂ ਵੇਦਾਂ ਨੂੰ ਪੜ੍ਹਦੇ ਤੇ ਵਿਚਾਰਦੇ ਹਨ, ਉਨ੍ਹਾਂ ਨੂੰ ਕੇਵਲ ਤ੍ਰੈਗੁਣੀ ਕਰਮ ਦਾ ਨਿਰਣਾ ਤਾਂ ਹੋ ਜਾਂਦਾ ਹੈ, ਪਰ ਤੱਤ ਪ੍ਰਮਾਰਥੀ ਵਸਤੂ ਉਨ੍ਹਾਂ ਦੇ ਪੱਲੇ ਨਹੀਂ ਪੈਂਦੀ। ਤੱਤ ਪ੍ਰਮਾਰਥ ਤਾਂ ਨਿਰੋਲ ਗੁਰਮਤਿ ਧਰਮ ਧਾਰਿਆਂ ਹੀ ਪ੍ਰਾਪਤ ਹੁੰਦਾ ਹੈ। ਗੁਰਮਤਿ ਧਰਮ ਧਾਰਨ ਕੀਤਿਆਂ ਹੀ ਸੱਚੀ ਭਾਉ ਭਗਤੀ ਕਰਨੀ ਨਸੀਬ ਹੁੰਦੀ ਹੈ ਅਤੇ ਸੱਚੀ ਨੀਵਾਣ ਆਉਂਦੀ ਹੈ, ਆਨਮਤੀਆਂ ਵਾਲੀ ਫੋਕਟ ਹੈਂਕੜ ਜਾਂਦੀ ਹੈ। ਫੋਕਟ ਹੰਕਾਰ ਦੇ ਬਿਨਾਸ ਹੋਇਆਂ ਅਤੇ ਸੱਚੀ ਨਿਮਰਤਾ ਆਇਆਂ ਹੀ ਸੱਚਾ ਮੋਖੰਤਰ ਪਦ ਨਸੀਬ ਹੁੰਦਾ ਹੈ ਤੇ ਸੱਚੀ ਗੁਰਮਤਿ-ਤੱਤ-ਭਗਤੀ ਕੀਤਿਆਂ ਹੀ ਆਉਂਦਾ ਹੈ। ਏਵੇਂ ਕਿਵੇਂ ਭੀ ਬਿਧ ਬਣਦੀ ਹੀ ਨਹੀਂ। ਅਗਲਾ ਸਾਰਾ ਗੁਰਵਾਕ ਆਨਮਤੀ ਪੁਰਸ਼ਾਂ ਦੀ ਪਾਖੰਡ-ਕਿਰਿਆ ਨੂੰ ਹੀ ਨਿਰੂਪਨ ਕਰਾਉਂਦਾ ਹੈ। ਯਥਾ–

ਪੜਿ ਪੁਸਤਕ ਸੰਧਿਆ ਬਾਦੰ ॥ ਸਿਲ ਪੂੰਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕੁ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥ ਸਭਿ ਫੋਕਟ ਨਿਸਚਉ ਕਰਮੰ ॥

---
* ਮ: ੧, ਵਾਰ ਆਸਾ, ੨॥੧੧, ਪੰਨਾ ੪੬੯

 www.sikhbookclub.com

ਕਹੁ ਨਾਨਕ ਨਿਹਚਉ ਧਿਆਵੈ ॥ ਵਿਣੁ ਸਤਿਗੁਰ ਵਾਟ ਨ ਪਾਵੈ ॥
॥੨॥੧੪॥ [ਵਾਰ ਆਸਾ, ਮ: ੧, ਪੰਨਾ ੪੭੦

ਭਾਵ–ਆਨਮਤੀ ਪੁਸਤਕਾਂ ਦਾ ਪੜ੍ਹਨਾ ਅਤੇ ਸੰਧਿਆ ਗਾਇਤ੍ਰੀ ਆਦਿਕ ਆਨਮਤੀ ਕਰਮਾਂ ਦਾ ਕਰਨਾ ਸਭ ਬਾਦ ਅਤੇ ਬੇਫ਼ਾਇਦਾ ਹੀ ਹੈ। ਸਿਲਾਂ ਪੱਥਰਾਂ ਦਾ ਪੂਜਣਾ ਇਹ ਭੀ ਆਨਮਤੀ ਪਾਖੰਡ ਕਰਮ ਹੀ ਹੈ । ਗੁਰਮਤਿ ਅਨੁਸਾਰ ਇਸ ਦਾ ਉੱਕਾ ਹੀ ਵਿਧਾਨ ਨਹੀਂ । ਬਗਲਿਆਂ ਵਾਂਗ ਸਮਾਧੀਆਂ ਲਗਾਉਣਾ ਤਾਂ ਨਿਰਾ ਹੀ ਨਿਖੇਧਤ ਹੈ, ਜੈਸੇ ਕਿ ਸ੍ਰੀ ਦਸਮੇਸ਼ ਮੁਖ ਵਾਕ ਹੈ–"ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ ਬੈਠਿ ਰਹਿਓ ਬਕ ਧਿਆਨ ਲਗਾਇਓ"*......ਮੁਖੋਂ ਝੂਠ ਬੋਲਣਾ ਆਨਮਤੀਆਂ ਦੀ ਸਾਰ-ਕਿਰਿਆ ਦਾ ਗਹਿਣਾ ਭੂਸ਼ਨ ਹੈ। ਤਿੰਨਾਂ ਪਾਲਾਂ (ਸਤਰਾਂ) ਵਾਲੀ ਗਾਇਤ੍ਰੀ ਦਿਨ ਵਿਚ ਤਿੰਨ ਤਿੰਨ ਵਾਰ ਪੜ੍ਹਨਾ ਵੀਚਾਰਨਾ ਸਭ ਆਨਮਤੀ ਕਿਰਿਆ ਹੈ, ਇਸ ਦਾ ਗੁਰਮਤਿ ਨਾਲ ਕੋਈ ਵਾਸਤਾ ਨਹੀਂ । ਗਲਾਂ ਵਿਚ ਫੋਕੀਆਂ ਵਿਖਾਵੇ ਦੀਆਂ ਮਾਲਾ ਪਾਉਣੀਆਂ ਤੇ ਮੱਥੇ ਤਿਲਕ ਆਦਿਕ ਲਾਉਣਾ ਇਹ ਸਭ ਆਨਮਤੀਆਂ ਦੀ ਫੋਕਟ-ਕਿਰਿਆ ਕਰਨੀ ਹੀ ਹੈ । ਤਾਲੂ ਸਿਰ ਉਤੇ ਕਪੜਾ ਰਖਣਾ, ਨਾਲੇ ਤੇੜ ਵਿਖੇ ਧੋਤੀ ਪਾਉਣੀ ਨਿਰੀ ਕੂੜਾਵੀ ਪੰਡਤਾਵੀ ਪਾਖੰਡ-ਕਿਰਿਆ ਹੀ ਹੈ। ਜੇਕਰ ਪਾਰਬ੍ਰਹਮ ਸੰਬੰਧੀ ਦਰਸਾਏ ਸੱਚੇ ਸੁੱਚੇ ਅਤੇ ਉੱਚੇ ਪ੍ਰੇਮ-ਨੇਮੀ-ਕਰਮਾਂ ਤੋਂ ਜਾਣੂ ਹੋਇਆ ਜਾਵੇ ਤਾਂ ਹੀ ਨਿਸਚੇ ਕਰਕੇ ਉੱਪਰ ਦੱਸੇ ਆਨਮਤੀ ਕਰਮ ਫੋਕਟ ਪ੍ਰਤੀਤ ਹੁੰਦੇ ਹਨ । ਗੁਰੂ ਨਾਨਕ ਸਾਹਿਬ ਸਿੱਟੇ ਵਜੋਂ ਇਹ ਪ੍ਰਤੀਪਾਦਨ ਕਰਦੇ ਹਨ ਕਿ ਨਿਸਚੇ ਕਰਕੇ ਵਾਹਿਗੁਰੂ ਨੂੰ ਧਿਆਵਣਾ ਹੀ ਸਭ ਤੋਂ ਸ੍ਰੇਸ਼ਟ ਤੇ ਉਚੇਸ਼ਟ ਕਰਮ ਹੈ । ਇਹ ਸੱਚ ਸੁਮਾਰਗੀ ਰਸਤਾ ਸਤਿਗੁਰੂ ਦੀ ਸਹਾਇਤਾ ਬਿਨਾਂ ਨਿਗੁਰਿਆਂ ਤੋਂ ਹਰਗਿਜ਼ ਧਾਰਨ ਨਹੀਂ ਕੀਤਾ ਜਾ ਸਕਦਾ। ਗੱਲ ਕੀ, ਸਾਰੀ ਆਸਾ ਦੀ ਵਾਰ ਵਿਚ ਆਨਮਤੀ ਪਾਖੰਡ ਕਰਮਾਂ ਦਾ ਨਿਖੇਧ ਕੀਤਾ ਗਿਆ ਹੈ। ਜੈਸਾ ਕਿ ਆਸਾ ਦੀ ਵਾਰ ਦੇ ੧੬ਵੀਂ ਪਉੜੀ ਦੇ ਸਲੋਕ ਦਾ ਸਿਧਾਂਤ ਨਿਰੂਪਨ ਕਰਦਾ ਹੈ। ਜਨੇਊ ਆਦਿਕ ਪਹਿਨਣ ਦੀ ਆਨਮਤੀ ਕਿਰਿਆ ਅਤੇ ਸੂਤਕ ਪਾਤਕ ਕਰਨ ਵਾਲੀ ਸਨਾਤਨੀ ਹਿੰਦੂਆਂ ਦੀ ਫੋਕੀ ਪਾਖੰਡ-ਕਿਰਿਆ ਨੂੰ ਸ੍ਰੀ ਆਸਾ ਜੀ ਦੀ ਵਾਰ ਦੇ ਅਗਲੇਰੇ ਸਲੋਕਾਂ ਵਿਚ ਖ਼ੂਬ ਖੰਡਿਆ ਗਿਆ ਹੈ। ਸਭ ਦੀ ਵਿਆਖਿਆ ਜੇ ਕੀਤੀ ਜਾਵੇ ਤਾਂ ਪੁਸਤਕ ਦੇ ਵਿਸਥਾਰ ਹੋਣ ਦਾ ਡਰ ਹੈ, ਇਸ ਕਰਕੇ ਟੂਕ ਮਾਤਰ ਦੱਸਣਾ ਹੀ ਜ਼ਰੂਰੀ ਹੈ ਕਿ ਸ੍ਰੀ ਆਸਾ ਜੀ ਦੇ ਵਾਰ ਦੇ ਸਲੋਕਾਂ ਵਿਚ ਆਨਮਤ ਕਿਰਿਆ ਦਾ ਖੰਡਨ ਹੀ ਖੰਡਨ ਕੀਤਾ ਪਿਆ ਹੈ।

ਆਸਾ ਦੀ ਵਾਰ ਦੀ ਅਠਾਰ੍ਹਵੀਂ ਪਉੜੀ ਦੇ ਤਿਹਾਂ ਸਲੋਕਾਂ ਵਿਖੇ ਹਿੰਦੂਆਂ

* ...੬॥੨੯॥ [ਤ੍ਵਪ੍ਰਸਾਦਿ ਸਵੱਯੇ ਪਾ: ੧੦

 www.sikhbookclub.com

ਆਨਮਤੀਆਂ ਦੇ ਮੰਨੇ-ਪ੍ਰਮੰਨੇ ਸੂਤਕ ਵਾਲੇ ਪਾਖੰਡ ਨੂੰ ਖ਼ੂਬ ਰੱਜ ਕੇ ਖੰਡਨ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਦਰਸਾਇਆ ਗਿਆ ਹੈ ਕਿ ਗੁਰਮਤਿ ਧਾਰਨੀ ਗੁਰਮੁਖਿ ਜਨਾਂ ਨੂੰ ਇਸ ਸੂਤਕ ਪਾਤਕ ਵਾਲੇ ਸੰਸਕਾਰੀ ਪਾਖੰਡ ਤੋਂ ਬਚਣਾ ਚਾਹੀਦਾ ਹੈ।

ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥
ਐਸੇ ਸੰਤ ਨ ਮੋ ਕਉ ਭਾਵਹਿ ॥
ਡਾਲਾ ਸਿਉ ਪੇਡਾ ਗਟਕਾਵਹਿ ॥੧॥ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥
ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ ॥
ਕਹੁ ਕਬੀਰ ਜਿਸੁ ਸਤਿਗੁਰ ਭੇਟੈ ਪੁਨਰਪਿ ਜਨਮਿ ਨ ਆਵੈ ॥੪॥੨॥

[ਆਸਾ ਕਬੀਰ ਜੀਉ, ਪੰਨਾ ੪੭੫-੭੬

ਇਸ ਗੁਰਵਾਕ ਦੇ ਗੁਰਮਤਿ ਭਾਵ ਦੀ ਰੌਸ਼ਨੀ ਅਨੁਸਾਰ ਵੈਸ਼ਨੂ ਫ਼ਿਰਕੇ ਦੇ ਆਨਮਤੀ ਪਾਖੰਡੀ ਅਪਰਸ ਕਹਾਵਣ ਵਾਲੇ ਭੇਖੀਆਂ ਦਾ ਖ਼ੂਬ ਖੰਡਨ ਕੀਤਾ ਗਿਆ ਹੈ। ਇਹ ਪਾਖੰਡੀ ਲੋਕ ਸਾਢੇ ਤਿੰਨ ਤਿੰਨ ਗਜ ਧੋਤੀਆਂ ਤੇੜ ਪਾ ਕੇ ਅਤੇ ਤਿਹਰੇ ਧਾਗੇ ਵਾਲੇ ਜਨੇਊ ਗਲਾਂ ਵਿਚ ਧਾਰ ਕੇ ਆਪਣੇ ਪਾਖੰਡ ਭੇਖ ਦੀ ਪਵਿਤ੍ਰਤਾ ਬਣਾਉਂਦੇ ਹਨ। ਇਨ੍ਹਾਂ ਦੇ ਗਲਾਂ ਵਿਚ ਰੁਦਰਾਸ ਦੀਆਂ ਮਾਲਾਂ ਪਾਈਆਂ ਹੁੰਦੀਆਂ ਹਨ ਅਤੇ ਹੱਥਾਂ ਵਿਚ ਚੰਗੀ ਤਰ੍ਹਾਂ ਮਾਂਜ ਕੇ ਲਿਸ਼ਕਾਏ ਹੋਏ ਲੋਟੇ (ਗੜਵੇ, ਕਰਮੰਡਲ) ਫੜੇ ਹੋਏ ਹੁੰਦੇ ਹਨ। ਇਹੋ ਜਿਹੇ ਦਿਖਾਵੇ ਦੇ ਪਾਖੰਡੀਆਂ ਭੇਖੀਆਂ ਨੂੰ ਹਰਿ ਕੇ ਸੰਤ ਨਹੀਂ ਆਖੀਦਾ, ਉਹ ਬਨਾਰਸੀ ਠੱਗ ਹੁੰਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ—ਐਸੇ ਸੰਤ ਸਾਨੂੰ ਨਹੀਂ ਭਾਉਂਦੇ; ਉਹ ਅੰਤਰਗਤੀ ਲੁਕ ਛਿਪ ਕੇ ਸਾਰੇ ਪੇੜ ਨੂੰ ਡਾਲੀਆਂ ਸਮੇਤ ਹੜੱਪ ਕਰ ਜਾਣ ਵਾਲੇ ਹੁੰਦੇ ਹਨ। ਭਾਂਡੇ ਮਾਂਜ ਕੇ ਚੁਲ੍ਹਿਆਂ ਤੇ ਚਾੜ੍ਹਦੇ ਹਨ ਅਤੇ ਲਕੜੀਆਂ ਧੋ ਧੋ ਜੁਲਾਉਂਦੇ ਹਨ, ਧਰਤੀ ਖੋਦ ਖੋਦ ਕੇ ਦੂਹਰੇ ਦੂਹਰੇ ਚੁਲ੍ਹੇ ਬਣਾਉਂਦੇ ਹਨ ਅਤੇ ਆਪਣੇ ਆਪ ਨੂੰ ਬਹੁਤੀ ਸੁੱਚਮ ਕਰਨ ਵਾਲੇ ਅਪਰਸ ਜਣਾਉਂਦੇ ਹਨ। ਉਂਞ ਉਹ ਸਾਰੇ ਮਾਣਸ ਖਾਣ ਵਾਲੇ ਹੁੰਦੇ ਹਨ। ਉਹ ਐਸੇ ਪਾਪੀ ਲੋਕ ਅੰਦਰੋਂ ਨਿਰੇ ਅਪਰਾਧੀ ਹੁੰਦੇ ਹਨ, ਉਪਰੋਂ ਲੋਕਾਂ ਪ੍ਰਤੀ ਆਪਣੇ ਮੁਖੋਂ ਹੀ ਆਪ ਨੂੰ ਅਪਰਸ ਕਹਾਉਂਦੇ ਹਨ ਕਿ ਅਸੀਂ

ਕਿਸੇ ਅਪਵਿਤ੍ਰ ਵਸਤੂ (ਖਾਣ ਪੀਣ ਵਾਲੀ ਵਸਤੂ ਨੂੰ) ਨਹੀਂ ਛੋਂਹਦੇ । ਅਜਿਹੇ ਪਾਖੰਡੀ ਲੋਕ ਸਦਾ ਸਦਾ ਅਭਿਮਾਨੀ ਬਣੇ ਹੋਏ ਬਿਚਰਦੇ ਹਨ ਤੇ ਆਪਣੀਆਂ ਪਾਖੰਡ-ਕਰਤੂਤਾਂ ਦਵਾਰਾ ਨਾ ਸਿਰਫ਼ ਆਪਣੇ ਆਪ ਨੂੰ ਹੀ, ਬਲਕਿ ਹੋਰ ਕੁਟੰਬੀਆਂ ਨੂੰ ਡੋਬਣ ਵਾਲੇ ਹੁੰਦੇ ਹਨ। ਤਿਨ੍ਹਾਂ ਦੇ ਪੂਰਬਲੇ ਜਨਮ ਦੇ ਕਰੂਰ ਕਰਮ ਐਸੇ ਹੀ ਕੀਤੇ ਹੋਏ ਹਨ, ਜਿਸ ਦਾ ਫਲ ਇਸ ਜਨਮ ਵਿਖੇ ਭੁਗਤਦੇ ਹਨ । ਕਰਮ-ਬਿਧਾਤੇ ਵਾਹਿਗੁਰੂ ਅਕਾਲ ਪੁਰਖ ਨੇ ਜਿੱਧਰ ਐਸੇ ਪਾਖੰਡੀ ਨੂੰ ਪੂਰਬਲੇ ਕਰਮਾਂ ਦੀ ਗਤੀ ਅਨੁਸਾਰ ਲਾਇਆ ਹੋਇਆ ਹੁੰਦਾ ਹੈ, ਉਧਰ ਉਹ ਲਗਦਾ ਹੈ। ਜਿਸ ਦੇ ਉੱਪਰ ਨਦਰ ਕਰਮ ਹੁੰਦੀ ਹੈ ਉਸ ਨੂੰ ਇਸ ਜਨਮ ਵਿਖੇ ਸੱਚੇ ਸਤਿਗੁਰੂ ਦਾ ਮਿਲਾਪ ਹੋ ਜਾਂਦਾ ਹੈ, ਜਿਸ ਤੋਂ ਗੁਰ-ਦੀਖਿਆ ਲੈ ਕੇ ਉਸ ਦੇ ਛੁਟਕਾਰੇ ਦਾ ਬਾਨ੍ਹਣੂ ਬੱਝ ਜਾਂਦਾ ਹੈ। ਉਹ ਫੇਰ ਮੁੜ ਮੁੜ ਕੇ ਚੁਰਾਸੀ ਦੇ ਜਨਮ-ਮਰਣੀ ਗੇੜੇ ਵਿਚ ਨਹੀਂ ਆਉਂਦਾ ।

ਜੋਗੀ ਜਤੀ ਤਪੀ ਸੰਨਿਆਸੀ ਬਹੁ ਤੀਰਥ ਭ੍ਰਮਨਾ ॥
ਲੁੰਜਿਤ ਮੁੰਜਿਤ ਮੋਨਿ ਜਟਾਧਰ ਅੰਤਿ ਤਊ ਮਰਨਾ ॥੧॥
ਤਾ ਤੇ ਸੇਵੀਅਲੇ ਰਾਮਨਾ ॥
ਰਸਨਾ ਰਾਮ ਨਾਮ ਹਿਤੁ ਜਾ ਕੈ ਕਹਾ ਕਰੈ ਜਮਨਾ॥੧॥ਰਹਾਉ॥
ਆਗਮ ਨਿਰਗਮ ਜੋਤਿਕ ਜਾਨਹਿ ਬਹੁ ਬਹੁ ਬਿਆਕਰਨਾ ॥
ਤੰਤ੍ਰ ਮੰਤ੍ਰ ਸਭ ਅਉਖਧ ਜਾਨਹਿ ਅੰਤਿ ਤਊ ਮਰਨਾ ॥੨॥
ਰਾਜ ਭੋਗ ਅਰੁ ਛਤ੍ਰ ਸਿੰਘਾਸਨ ਬਹੁ ਸੁੰਦਰਿ ਰਮਨਾ ॥
ਪਾਨ ਕਪੂਰ ਸੁਬਾਸਕ ਚੰਦਨ ਅੰਤਿ ਤਊ ਮਰਨਾ ॥੩॥
ਬੇਦ ਪੁਰਾਨ ਸਿੰਮ੍ਰਿਤਿ ਸਭਿ ਖੋਜੇ ਕਹੂ ਨ ਊਬਰਨਾ ॥
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ ॥੪॥੫॥

[ਆਸਾ ਕਬੀਰ ਜੀਉ, ਪੰਨਾ ੪੭੬-੭੭

ਜਿਤਨੇ ਭੀ ਜੋਗੀ, ਜਤੀ, ਤਪੀ, ਸੰਨਿਆਸੀ, ਕਰਮਕਾਂਡੀ, ਪਾਖੰਡੀ ਫ਼ਿਰਕੇ ਹਨ, ਉਹ ਚਾਹੇ ਬਹੁਤੇ ਹੀ ਤੀਰਥਾਂ ਉਤੇ ਭੌਣ ਵਾਲੇ ਹਨ, ਚਾਹੇ ਕਿਤਨੇ ਹੀ ਇਸ ਬਿਧਿ ਭਰਮਦੇ ਫਿਰਨ, ਉਨ੍ਹਾਂ ਦੀ ਅੰਤਕਾਲ ਸਮੇਂ ਸਦਗਤੀ ਨਹੀਂ ਹੁੰਦੀ। ਏਸੇ ਪ੍ਰਕਾਰ ਹੀ ਜੋ ਜੈਨੀ ਲੋਕਾਂ ਦਾ ਪਾਖੰਡ-ਪੂਜ ਫ਼ਿਰਕਾ ਹੈ, ਉਹ ਸਿਰ ਦੇ ਵਾਲ ਮੋਚਨੇ ਨਾਲ ਪੁਟਾਣ ਕਰਕੇ ਆਪਣੇ ਆਪ ਨੂੰ ਸਮਝੀ ਬੈਠੇ ਹੁੰਦੇ ਹਨ ਕਿ ਉਹ ਲੁੰਜਤ ਬਣ ਕੇ ਜਨਮ ਮਰਨ ਤੋਂ ਰਹਿਤ ਹੋ ਜਾਣਗੇ, ਇਹ ਨਿਰਾ ਮੁਗ਼ਾਲਤਾ ਹੈ, ਇਸ ਪਾਖੰਡ ਕਰਕੇ ਉਹ ਜਨਮ ਮਰਨ ਤੋਂ ਰਹਿਤ ਨਹੀਂ ਹੋ ਸਕਦੇ । ਕਈ ਐਸੇ ਹੀ ਪਾਖੰਡੀ ਭੇਖਧਾਰੀ ਹੈਨ, ਜੋ ਮੁੰਜ ਦੀ ਤੜਾਗੀ ਲੱਕ ਦੇ ਉਦਾਲੇ ਬੰਨ੍ਹ ਕੇ ਆਪਣੇ ਆਪ ਵਿਚ ਬੈਰਾਗੀ ਬਣੇ ਫਿਰਦੇ ਹਨ। ਕਬੀਰ ਸਾਹਿਬ ਫ਼ੁਰਮਾਉਂਦੇ

ਹਨ ਕਿ ਐਸੇ ਨਿਗੁਰੇ ਭੀ ਬੇਗਤੇ ਜਾਣਗੇ । ਇਕ ਅਜਿਹੇ ਭੀ ਹਨ, ਜੋ ਉਮਰ ਭਰ ਮੋਨ-ਬ੍ਰਤ ਸਾਧ ਕੇ ਮੋਨੀ ਬਣਦੇ ਫਿਰਦੇ ਹਨ, ਇਹ ਭੀ ਐਵੇਂ ਅਬਗਤ ਹੀ ਜਾਣਗੇ । ਜੋ ਪਾਖੰਡੀ ਸਿਰ ਦੇ ਵਿਚ ਸੁਆਹ ਪਾ ਕੇ ਸਿਰ ਦੇ ਵਾਲ ਵਧਾਉਣ ਲਈ ਲੰਮੀਆਂ ਲੰਮੀਆਂ ਜਟਾਂ ਬਣਾਵੰਦੇ ਹਨ, ਐਸੇ ਜਟਾਧਾਰੀ ਪਾਖੰਡੀ ਭੀ ਅੰਤ ਨੂੰ ਬੇਗਤੇ ਹੀ **ਕਾਲ-ਵਸ ਹੋ** ਜਾਣਗੇ। ਤਾਂ ਤੇ ਵਾਹਿਗੁਰੂ ਨਾਮ ਦਾ ਸਿਮਰਨ ਹੀ ਹਰ ਵੇਲੇ ਕਰੀ ਜਾਣਾ ਚਾਹੀਦਾ ਹੈ। ਜਿਸ ਦੀ ਜੀਭ ਨੂੰ ਵਾਹਿਗੁਰੂ ਨਾਮ ਦਾ ਹਿਤ-ਪਿਆਰੀ ਸੱਚਾ ਇਸ਼ਕ ਹੈ, ਉਸ ਨੂੰ ਮੌਤ ਕੀ ਕਰ ਸਕਦੀ ਹੈ।

ਜੋ ਆਨਮਤੀ ਲੋਗ ਛਿਆਂ ਸ਼ਾਸਤ੍ਰਾਂ ਦਾ ਤੇ ਚਹੁੰਆਂ ਵੇਦਾਂ ਦਾ ਘੋਖਣਾ ਭੀ ਜਾਣਦੇ ਹਨ, ਅਤੇ ਜੋਤਸ਼ ਵਿਦਿਆ ਦੇ ਵੀ ਜਾਣੂ ਹਨ ਅਤੇ ਬੜੀਆਂ ਬੜੀਆਂ ਵਿਆਕਰਣਾਂ ਗਰੈਮਰਾਂ ਦੇ ਇਲਮ ਵੀ ਸਿੱਖੇ ਹੋਏ ਹੁੰਦੇ ਹਨ, ਜਾਦੂ ਟੂਣੇ ਵਾਲੇ ਤੰਤ੍ਰ-ਮੰਤ੍ਰੀ ਔਖਧੀਆਂ ਸਭ ਜਾਣਦੇ ਹਨ, ਅੰਤ ਨੂੰ ਤਿਨ੍ਹਾਂ ਨੇ ਵੀ ਮਰ ਕੇ ਆਵਾ-ਗਉਣੀ ਚੱਕਰ ਵਿਚ ਜਾ ਪੈਣਾ ਹੈ। ਬੜੇ ਬੜੇ ਰਾਜ ਭੋਗ ਕੇ ਅਤੇ ਛੱਤ੍ਰ-ਸਿੰਘਾਸਨੀ ਰਾਜ-ਗੱਦੀਆਂ 'ਤੇ ਬੈਠਣ ਵਾਲੇ ਅਤੇ ਬੜੀਆਂ ਬੜੀਆਂ ਮੌਜਾਂ ਕਰਨ ਵਾਲੇ ਵੀ ਖ਼ਾਲੀ ਹੱਥੀਂ ਹੀ ਮਰ ਜਾਣਗੇ, ਵਿਸ਼ੇ ਵਿਕਾਰਾਂ ਦੇ ਭੋਗਾਂ ਨੇ ਉਨ੍ਹਾਂ ਦਾ ਪਾਰ-ਉਤਾਰਾ ਨਹੀਂ ਕਰਨਾ। ਪਾਨ ਖਾਣ ਵਾਲੇ ਆਨਮਤੀ ਲੋਕ ਅਤੇ ਚੰਦਨ ਕਪੂਰ ਦੀਆਂ ਸੁਗੰਧੀਆਂ ਲੈਣ ਵਾਲੇ ਭੀ ਓੜਕ ਨੂੰ ਐਵੇਂ ਹੀ ਮਰ ਜਾਣਗੇ । ਜਿਹੜੇ ਲੋਕ ਵੇਦਾਂ ਪੁਰਾਣਾਂ ਸਿਮ੍ਰਿਤੀਆਂ ਨੂੰ ਖੋਜ ਖੋਜ ਕੇ ਘੋਖਦੇ ਹਨ, ਉਹ ਸਾਰੇ ਦੇ ਸਾਰੇ ਹੀ ਬੇਗਤੇ ਜਾਣਗੇ। ਓਨ੍ਹਾਂ ਮਿਣੇ ਮਿਥੇ ਹੋਏ ਘੋਖਾ ਘੋਖੀ ਵਾਲੇ ਕਿਸੇ ਵੀ ਆਨਮਤੀ ਪੁਸਤਕ ਦਵਾਰਾ ਉਨ੍ਹਾਂ ਦਾ ਪਾਰ-ਉਤਾਰਾ ਨਹੀਂ ਹੁੰਦਾ। ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਗੁਰਮਤਿ ਨਾਮ ਜਪਣ ਕਰਕੇ ਜਨਮ ਮਰਨ ਮਿਟ ਸਕਦਾ ਹੈ। ਏਸ ਗੁਰਵਾਕ ਦਵਾਰਾ ਬੇਦਾਂ ਪੁਰਾਣਾਂ ਸ਼ਾਸਤ੍ਰਾਂ ਆਦਿਕ ਆਨਮਤ ਪੁਸਤਕਾਂ ਦਾ ਰੱਜ ਰੱਜ ਕੇ ਖੰਡਨ ਕੀਤਾ ਗਿਆ ਹੈ। ਗੁਰਮਤਿ ਅੰਦਰ ਕਿਤੇ ਭੀ ਇਨ੍ਹਾਂ ਦਾ ਮੰਡਨ ਨਹੀਂ, ਨਿਰੀ ਨਿਖੇਧੀ ਹੀ ਨਿਖੇਧੀ ਹੈ।

# ੫੭. ਸੱਚਾ ਜੋਗ

ਬਟੂਆ ਏਕੁ ਬਹਤਰਿ ਆਧਾਰੀ ਏਕੋ ਜਿਸਹਿ ਦੁਆਰਾ ॥
ਨਵੈ ਖੰਡ ਕੀ ਪ੍ਰਿਥਮੀ ਮਾਗੈ ਸੋ ਜੋਗੀ ਜਗਿ ਸਾਰਾ ॥੧॥
**ਐਸਾ ਜੋਗੀ ਨਉ ਨਿਧਿ ਪਾਵੈ ॥**
**ਤਲਕਾ ਬ੍ਰਹਮੁ ਲੇ ਗਗਨਿ ਚਰਾਵੈ ॥੧॥ਰਹਾਉ॥**

ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ ॥
ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ ॥੨॥
ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ ॥
ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ ॥੩॥
ਸਭ ਜੋਗਤਣ ਰਾਮ ਨਾਮੁ ਹੈ ਜਿਸ ਕਾ ਪਿੰਡੁ ਪਰਾਨਾ ॥
ਕਹੁ ਕਬੀਰ ਜੇ ਕਿਰਪਾ ਧਾਰੈ ਦੇਇ ਸਚਾ ਨੀਸਾਨਾ ॥੪॥੭॥

[ਆਸਾ ਕਬੀਰ ਜੀਉ, ਪੰਨਾ ੪੭੭

ਏਸ ਗੁਰਵਾਕ ਵਿਚ ਕਬੀਰ ਸਾਹਿਬ ਨੇ ਸੱਚੇ ਗੁਰਮਤਿ ਜੋਗ ਦੇ ਸਾਧਨ ਦੱਸੇ ਹਨ ਅਤੇ ਪਾਖੰਡ ਜੋਗ ਨੂੰ ਖ਼ੂਬ ਬਣਾ ਕੇ ਭੰਡਿਆ ਹੈ। ਜੋਗੀ ਦਾ ਥੈਲਾ (ਬਟੂਆ), ਜਿਸ ਵਿਚ ਉਹ ਸਵਾਹ ਦਾ ਗੋਲਾ ਰਖਦਾ ਹੈ, ਉਸ ਦੇ ਥਾਉਂ ਬਹੱਤਰ (੭੨) ਪ੍ਰਧਾਨ ਨਾੜੀਆਂ ਦੇ ਆਸਰੇ ਬਣਿਆ ਇਹ ਸਰੀਰ ਰੂਪ ਥੈਲਾ ਹੈ, ਜਿਸ ਦਾ ਦਸਮ ਦਵਾਰ ਰੂਪ ਇੱਕੋ ਹੀ ਦਰਵਾਜ਼ਾ ਹੈ। ਉਹ ਜੋਗੀ ਕਾਹਦਾ ਹੈ ਜੋ ਦਵਾਰੇ ਦਵਾਰੇ ਭਰਮਦਾ ਫਿਰੇ ? ਸੱਚਾ ਜੋਗੀ ਸਾਰੇ ਸੰਸਾਰ ਵਿਚ ਭਟਕਣ ਦੇ ਥਾਉਂ ਨੌਂ ਦਰਵਾਜ਼ੇ ਵਾਲੇ ਸਰੀਰ ਰੂਪੀ ਧਰਤੀ ਵਿਚ ਹੀ ਭਿੱਖਿਆ ਮੰਗਦਾ ਹੈ। ਉਹ ਜੋਗੀ ਸੰਸਾਰ ਵਿਚ ਅਸਲ ਜੋਗੀ ਹੈ। ਸਾਰ-ਤੱਤ ਗੁਰਮਤਿ ਜੋਗ ਦਾ ਕੇਵਲ ਐਸਾ ਜੋਗੀ ਹੀ ਜਾਣੂ ਹੈ। ਐਸੇ ਗੁਰਮਤਿ ਜੋਗੀ ਦੇ ਪਿਛੇ ਨੌਂ-ਨਿਧੀਆਂ ਲਗੀਆਂ ਫਿਰਦੀਆਂ ਹਨ, ਪਰ ਤਿਸ ਨੂੰ ਤਿਲ ਮਾਤਰ ਵੀ ਉਨ੍ਹਾਂ ਦੀ ਤਮ੍ਹਾ ਨਹੀਂ ਹੁੰਦੀ। ਤਲੇ (ਹੇਠਲੇ) ਸਵਾਸਾਂ ਨੂੰ ਗੁਰਮਤਿ ਨਾਮ ਅਭਿਆਸ ਦੁਆਰਾ ਉੱਪਰ ਨੂੰ ਦਸਮੇ ਦਵਾਰ ਵਿਖੇ ਚੜ੍ਹਾਵੇ, ਤਾਂ ਉਹ ਪਾਰਬ੍ਰਹਮ ਦੇ ਦਰਸ਼ਨ ਦਾ ਨਜ਼ਾਰਾ ਦੇਖ ਸਕਦਾ ਹੈ।

ਸੱਚੀ ਗੁਰਮਤਿ ਗਿਆਨ ਰੂਪੀ ਖਿੰਥਾ ਪਹਿਰੇ ਅਤੇ ਧਿਆਨ ਰੂਪੀ ਸੂਈ, ਸ਼ਬਦ ਰੂਪੀ ਧਾਗੇ ਨਾਲ ਉਸ ਨੂੰ ਸੀਵੇ। ਇਸ ਪ੍ਰਕਾਰ ਸ਼ਬਦ ਅਭਿਆਸ ਦਾ ਬਿਲੋਵਨਾ ਬਿਲੋ ਬਿਲੋ ਕੇ ਸੱਚੀ ਗੁਰਮਤਿ ਅਭਿਆਸ ਵਾਲੀ ਘਾਲਣਾ ਘਾਲੇ। ਨਿਰੀ ਮ੍ਰਿਗ ਦੀ ਖਲੜੀ ਪਹਿਰ ਕੇ ਫਿਰੀ ਜਾਣ ਵਾਲਾ ਜੋਗੀ ਪਖੰਡੀ ਜੋਗੀ ਹੈ। ਇਸ ਦਿਖਾਵੇ ਦੀ ਖਲੜੀ ਦੇ ਥਾਉਂ ਸਰੀਰਕ ਪੰਚਾਂ ਤੱਤਾਂ ਰੂਪੀ ਆਸਣ ਬਣਾਵੇ, ਭਾਵ, ਸਰੀਰ ਦੇ ਪੰਜਾਂ ਇੰਦਰਿਆਂ ਨੂੰ ਦਮਨ ਅਤੇ ਵਸਗਤਿ ਕਰੀ ਰਖੇ। ਐਸੀ ਮਿਰਗਾਣੀ ਪਹਿਰੀ ਰੱਖਣ ਵਾਲਾ ਜੋਗੀ ਸੱਚਾ ਗੁਰਮਤਿ ਜੋਗੀ ਹੈ ਅਤੇ ਗੁਰੂ ਦੇ ਸੱਚੇ ਮਾਰਗ ਉਤੇ ਚੱਲਣ ਵਾਲਾ ਹੈ।

ਧੂਣੀ ਦੀ ਸਵਾਹ ਇਕੱਠੀ ਕਰਨ ਲਈ ਜੋਗੀ ਜਨ ਜੋ ਫਾਹੁੜੀ ਰਖਦੇ ਹਨ, ਕਬੀਰ ਸਾਹਿਬ ਫੁਰਮਾਉਂਦੇ ਹਨ—ਉਸ ਦੇ ਥਾਉਂ ਸਰਬ ਜੀਵਾਂ ਉੱਤੇ ਦਇਆ ਧਾਰਨ ਕਰਨ ਵਾਲੀ ਫਾਹੁੜੀ ਆਪਣੇ ਪਾਸ ਰੱਖੇ। ਇਸ ਸਰੀਰ ਰੂਪੀ ਵਿਸ਼ੇ ਵਿਕਾਰਾਂ ਨੂੰ ਮਾਰ ਕੇ ਧੂਣੀ ਬਣਾਵੇ, ਅੱਖਾਂ ਦੀ ਤ੍ਰਿਸ਼ਨਾ ਨੂੰ ਮਾੜੇ ਕੰਮਾਂ ਤੋਂ ਰੋਕ ਕੇ

ਸਾੜੇ। ਇਹ ਅਗਨੀ (ਧੂਈਂ ਵਾਲੀ ਅਗਨ) ਜਲਾਵੇ, ਉਹ ਹੀ ਗੁਰਮਤਿ ਅੰਦਰਿ ਸੱਚਾ ਜੋਗੀ ਹੈ। ਵਾਹਿਗੁਰੂ ਦੀ ਭਾਉ-ਭਗਤੀ ਵਾਲਾ ਸ਼ਰਧਾ ਤੇ ਪ੍ਰੇਮ ਸਦਾ ਹੀ ਦਿਲ ਵਿਚ ਧਾਰਨ ਕਰੀ ਰੱਖੇ, ਤਾਂ ਚਹੁ ਜੁਗ ਵਾਲੀ ਤਾੜੀ (ਲਿਵਤਾਰ) ਬੱਝ ਸਕਦੀ ਹੈ।

ਅਸਲ ਜੋਗੀਪੁਣਾ ਗੁਰਮਤਿ ਨਾਮ ਦਾ ਅਰਾਧਣ ਹੀ ਹੈ, ਸਰੀਰ ਤੇ ਪ੍ਰਾਣ ਜਿਸ ਵਾਹਿਗੁਰੂ ਗੋਚਰੇ ਹਨ, ਉਸੇ ਦਾ ਸਿਮਰਨ ਕਰਨਾ ਹੀ ਸੱਚਾ ਜੋਗ ਕਮਾਣਾ ਹੈ। ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਵਾਹਿਗੁਰੂ ਸੱਚਾ ਪਾਤਸ਼ਾਹ ਜੇ ਗੁਰਮੁਖਿ ਜਗਿਆਸੂ ਜਨ ਉੱਪਰ ਕਿਰਪਾ ਕਰੇ ਤਾਂ ਏਸ ਉੱਪਰ ਸੱਚੇ ਗੁਰਮਤਿ ਨਾਮ-ਨੀਸਾਣ ਦੀ ਬਖਸ਼ਸ਼ ਹੁੰਦੀ ਹੈ।

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਇਹ ਰਾਹ ਚਲਾਈ ॥
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥
ਕਾਜੀ ਤੈ ਕਵਨ ਕਤੇਬ ਬਖਾਨੀ ॥
ਪੜ੍ਹਤ ਗੁਨਤ ਐਸੇ ਸਭ ਮਾਰੇ ਕਿਨ ਹੂੰ ਖਬਰਿ ਨ ਜਾਨੀ ॥੧॥ਰਹਾਉ॥
ਸਕਤਿ ਸਨੇਹੁ ਕਰ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥
ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥
ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥
ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥
ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿ ਹਾਰੀ ॥੪॥੮॥

[ਆਸਾ ਕਬੀਰ ਜੀਉ, ਪੰਨਾ ੪੭੭

ਇਸ ਗੁਰਵਾਕ ਦੁਆਰਾ ਕਬੀਰ ਸਾਹਿਬ ਹਿੰਦੂ ਮੁਸਲਿਮ ਦੋਹਾਂ ਹੀ ਮੱਤਾਂ ਦੇ ਨਿਖਰਵੇਂ ਪਾਖੰਡਾਂ ਦੀ ਨਿਖੇਧੀ ਕਰਦੇ ਹਨ। ਇਨ੍ਹਾਂ ਦੋਹਾਂ ਮੱਤਾਂ ਦੀ ਖਿੱਚੋਤਾਣ ਵਾਲੀ ਪਖੰਡ ਮਈ ਫ਼ਿਰਕੇਦਾਰੀ ਵਾਹਿਗੁਰੂ ਦੇ ਤੱਤ ਗੁਰਮਤਿ ਮਾਰਗ ਤੋਂ ਵਿਛੋੜਦੀ ਹੈ। ਕਿਥੋਂ ਇਹ ਦੋਵੇਂ ਫ਼ਿਰਕੇ ਬਣੇ, ਕਿਥੋਂ ਆਏ ਅਤੇ ਕਿਸ ਨੇ ਇਹ ਦੋਏ ਕੁਮਾਰਗੀ ਰਾਹ ਚਲਾਏ ? ਦਿਲ ਹੀ ਦਿਲ ਵਿਚ ਸੋਚ ਵਿਚਾਰ ਕੇ ਝਗੜਨ ਵਾਲੇ, ਵਾਦ-ਚਰਚਾ ਕਰਨ ਵਾਲੇ ਸੰਨਿਆਸੀ ਲੋਕ, ਦਸ ਨਾਮ ਧਰ ਕੇ ਐਵੇਂ ਵਾਦ-ਵਿਵਾਦ ਹੀ ਕਰਦੇ ਹਨ। ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ 'ਦਰਗਹ ਹੋਨਿ ਖੁਆਰ ਕੁਵਾਦੇ'*, ਨਾ ਹੀ ਕਿਸੇ ਨੇ ਭਿਸਤ ਪਾਣੀ ਹੈ, ਨਾ ਹੀ ਦੋਜ਼ਕ ਮਿਲਣਾ ਹੈ। ਨਾ ਹੀ ਕਿਸੇ ਨੂੰ ਬਹਿਸ਼ਤ (ਸਵਰਗ) ਮਿਲਣਾ ਹੈ ਅਤੇ ਦੋਜ਼ਕ ਭੋਗਣ ਵਾਲੀ ਸਜ਼ਾ ਕਿਸ ਨੂੰ ਮਿਲਣੀ ਹੈ। ਕਾਜ਼ੀ ਲੋਕ ਕੁਰਾਨਾਂ ਦੀਆਂ ਸ਼ਰੀਅਤਾਂ

---

* ਭਾਈ ਗੁਰਦਾਸ ਜੀ, ਵਾਰ ੫, ਪਉੜੀ ੧੧


www.sikhbookclub.com

ਪੜ੍ਹ ਪੜ੍ਹ ਕੇ ਐਵੇਂ ਹੀ ਝੱਖ ਮਾਰਦੇ ਹਨ ਅਤੇ ਫੋਕੀਆਂ ਹੀ ਕਤੇਬਾਂ ਬਖਾਣਦੇ ਫਿਰਦੇ ਹਨ।

ਇਹ ਸੁੰਨਤਿ ਦਾ ਰਿਵਾਜ ਜੋ ਪਿਆ ਹੈ, ਇਸਤ੍ਰੀ (ਸਕਤਿ) ਦੇ ਭੋਗ ਕਰਕੇ ਹੀ ਪਿਆ ਹੈ, ਖ਼ੁਦਾ ਨਾਲ ਇਸ ਦਾ ਕੋਈ ਤਅਲੁਕ ਨਹੀਂ। ਇਹ ਗੱਲ ਦਰੁਸਤ ਨਹੀਂ ਕਿ ਸੁੰਨਤਿ ਕਰਨਾ ਖ਼ੁਦਾਈ ਹੁਕਮ ਹੈ। ਜੇ ਖ਼ੁਦਾ ਨੇ ਸੁੰਨਤਿ ਕਰ ਕੇ ਤੁਰਕ ਬਨਾਣਾ ਮਿਥਿਆ ਹੁੰਦਾ ਤਾਂ ਧੁਰੋਂ ਜੰਮਣ ਮੂਲ ਤੋਂ ਹੀ ਸੁੰਨਤਿ ਕਰੀ ਕਰਾਈ ਆਉਂਦੀ, ਆਪੋਂ ਹੀ ਕਟੀ ਕਟਾਈ ਇੰਦਰੀ ਲੈ ਕੇ ਤੁਰਕ ਜੰਮਦੇ। ਇਹ ਸਭ ਆਪੋਂ ਬਣਾਈ ਸੁੰਨਤਿ ਵਾਲੀ ਪਾਖੰਡ-ਕਿਰਿਆ ਹੈ। ਜੇ ਭਲਾ ਮੰਨ ਭੀ ਲਈਏ ਕਿ ਸੁੰਨਤਿ ਕੀਤਿਆਂ ਹੀ ਤੁਰਕ ਬਣੀਦਾ ਹੈ ਤਾਂ ਮਰਦਾਂ ਦੀ ਤਾਂ ਸੁੰਨਤਿ-ਕਿਰਿਆ ਇਹ ਤੁਰਕ ਲੋਕ ਕਰ ਲੈਂਦੇ ਹਨ, ਔਰਤਾਂ ਦੀ ਸੁੰਨਤਿ ਹੁੰਦੀ ਹੀ ਨਹੀਂ, ਕਰੀ ਹੀ ਨਹੀਂ ਜਾ ਸਕਦੀ। ਬੇਸੁੰਨਤਿ ਔਰਤਾਂ ਦੀ ਭਗ ਉਦਰ ਥਾਣੀ ਜਨਮ ਲੈਣ ਕਰਕੇ ਸਾਰੇ ਤੁਰਕ ਹਿੰਦੂ ਹੀ ਰਹਿੰਦੇ ਹਨ। ਔਰਤਾਂ ਤਾਂ ਉੱਕੀਆਂ ਹੀ ਤੁਰਕਣੀਆਂ ਨਹੀਂ ਬਣ ਸਕਦੀਆਂ। ਅਰਧ-ਸਰੀਰੀ ਨਾਰਾਂ ਨੂੰ ਤੁਰਕ ਛਡ ਨਹੀਂ ਸਕਦੇ, ਨਾ ਛਡਣ ਕਰਕੇ ਉਹ ਹਿੰਦੂ ਹੀ ਰਹਿੰਦੇ ਹਨ। ਛੜੇ ਹੀ ਮੁਸਲਮਾਨ ਨਹੀਂ ਬਣ ਸਕਦੇ।

ਐਸੀਆਂ ਮੁਸਲਮਾਨੀ ਕਿਤਾਬਾਂ ਨੂੰ ਸਹੇੜ ਕੇ ਬਾਵਰੇ ਬਣਨ ਨਾਲੋਂ ਏਨ੍ਹਾਂ ਕਿਤਾਬਾਂ ਨੂੰ ਛਡ ਦੇਣਾ ਹੀ ਉਚਿਤ ਹੈ। ਅਜਿਹੇ ਝੱਲੇ ਪੁਰਖ ਐਵੇਂ ਖੱਪ ਖੱਪ ਮਰਦੇ ਹਨ ਅਤੇ ਭਾਰੀ ਜੁਰਮ ਆਪਣੇ ਉੱਤੇ ਅਤੇ ਆਪਣੇ ਸਾਥੀਆਂ ਉੱਪਰ ਕਰਦੇ ਹਨ। ਕਬੀਰ ਸਾਹਿਬ ਨੇ ਇਕੋ ਵਾਹਿਗੁਰੂ ਨਾਮ ਦੀ ਟੇਕ ਪਕੜੀ ਹੈ, ਇਹ ਹਿੰਦੂ ਤੁਰਕ ਫ਼ਿਰਕੇ ਪੱਚ ਪੱਚ ਕੇ ਹੀ ਰਹਿ ਜਾਣਗੇ।

ਸਨਕ ਸਨੰਦ ਅੰਤੁ ਨਹੀ ਪਾਇਆ ॥
ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥੧॥੧੦॥

[ਆਸਾ ਕਬੀਰ ਜੀਉ, ਪੰਨਾ ੪੭੮

ਇਸ ਗੁਰਵਾਕ ਦੋ-ਤੁਕੀ ਦਵਾਰਾ ਸਾਫ਼ ਵੇਦਾਂ ਦਾ ਖੰਡਨ ਕੀਤਾ ਗਿਆ ਹੈ ਕਿ ਬੇਦਾਂ ਦੇ ਵੀਚਾਰ ਨਾਲ, ਬ੍ਰਹਮਾ ਨੇ ਇਨ੍ਹਾਂ ਬੇਦਾਂ ਨੂੰ ਵੀਚਾਰ ਵੀਚਾਰ ਕੇ, ਘੋਖ ਘੋਖ ਕੇ ਸਾਰਾ ਜਨਮ ਹੀ ਅਜਾਈਂ ਗਵਾ ਲਿਆ। ਬੇਦਾਂ ਉਤੇ ਅਮਲ ਕਰਨਹਾਰੇ ਸਨਕ ਸਨੰਦਨ ਆਦਿਕ ਰਿਖੀਆਂ ਤੋਂ ਭੀ ਵਾਹਿਗੁਰੂ ਦਾ ਅੰਤ ਨਹੀਂ ਪਾਇਆ ਜਾ ਸਕਿਆ। ਐਵੇਂ ਝਖ ਮਾਰਦੇ ਹੀ ਰਹਿ ਗਏ।

ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥
ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਵਤ ਰਹੈ ਗੁਬਾਰਿ ॥੧॥

ਪ੍ਰੀਤਮ ਕਿਉ ਬਿਸਰਹਿ ਮੇਰੇ ਪ੍ਰਾਣ ਅਧਾਰ ॥
ਜਾ ਕੀ ਭਗਤਿ ਕਰਹਿ ਜਨ ਪੂਰੇ ਮੁਨਿ ਜਨ ਸੇਵਹਿ ਗੁਰ ਵੀਚਾਰ।੧।ਰਹਾਉ।
ਰਵਿ ਸਸਿ ਦੀਪਕ ਜਾ ਕੇ ਤ੍ਰਿਭਵਣਿ ਏਕਾ ਜੋਤਿ ਮੁਰਾਰਿ ॥
ਗੁਰਮੁਖਿ ਹੋਇ ਸੁ ਅਹਿਨਿਸਿ ਨਿਰਮਲੁ ਮਨਮੁਖਿ ਰੈਣਿ ਅੰਧਾਰਿ ॥੨॥
ਸਿਧ ਸਮਾਧਿ ਕਰਹਿ ਨਿਤ ਝਗਰਾ ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦੁ ਧੁਨਿ ਜਾਗੈ ਸਤਿਗੁਰੁ ਝਗਰੁ ਨਿਬੇਰੈ ॥੩॥
ਸੁਰਿ ਨਰ ਨਾਥ ਬੇਅੰਤ ਅਜੋਨੀ ਸਾਚੈ ਮਹਲਿ ਅਪਾਰਾ ॥
ਨਾਨਕ ਸਹਜਿ ਮਿਲੇ ਜਗ ਜੀਵਨ ਨਦਰਿ ਕਰਹੁ ਨਿਸਤਾਰਾ ॥੪॥੨॥
[ਗੂਜਰੀ ਮ: ੧, ਪੰਨਾ ੪੮੯

ਇਸ ਗੁਰਵਾਕ ਵਿਖੇ ਵੇਦ ਆਦਿਕ ਆਨਮਤੀ ਗ੍ਰੰਥਾਂ ਦੀ ਨਿਖੇਧੀ ਹੈ। ਗੁਰਮਤਿ ਅਨੁਸਾਰ ਕੁਦਰਤੀ ਤੌਰ ਤੇ ਰਹਿਣ ਨਾਲ ਗ੍ਰਿਹਸਤ ਅਤੇ ਤਿਆਗ ਇਕੋ ਜਿਹੇ ਹੋ ਜਾਂਦੇ ਹਨ। ਗੁਰਮਤਿ ਨਾਮ ਅਭਿਆਸ ਦੀ ਅਜਿਹੀ ਕਲਾ ਵਰਤਦੀ ਹੈ ਕਿ ਘਰ ਬਾਹਰ ਸਭ ਥਾਈਂ ਵਾਹਿਗੁਰੂ ਅਕਾਲ ਪੁਰਖ ਪਤੀ ਨੂੰ ਦੇਖ ਲਈਦਾ ਹੈ। ਗੁਰਮਤਿ ਨਾਮ ਦੇ ਪ੍ਰਤਾਪ ਨਾਲ ਮਨ ਨੂੰ ਮਾਰ ਕੇ ਗੁਰਮਤਿ-ਜਗਿਆਸੂ ਦਾ ਜੀਵਨ ਗੁਰਮਤਿ ਨਾਮ ਅਭਿਆਸ ਨੂੰ ਗ੍ਰਹਿਣ ਕਰ ਕੇ ਉੱਚੀ ਗਤਿ ਪ੍ਰਾਪਤੀ ਵਾਲਾ ਹੋ ਜਾਂਦਾ ਹੈ। ਇਸ ਦੇ ਮੁਕਾਬਲੇ ਵਿਚ ਭੇਖ ਤੇ ਵਰਨ ਸਭ ਖੇਹ ਹਨ।

ਇਹ ਪੁਰਾਤਨ ਕਥਾ ਹੈ ਕਿ ਬ੍ਰਹਮਾ ਕੰਵਲ ਦੀ ਨਾਭੀ ਵਿਚੋਂ ਪੈਦਾ ਹੋਇਆ ਅਤੇ ਮੂੰਹੋਂ ਤੇ ਗਲੇ ਤੋਂ ਸਵਾਰ ਕੇ ਬੇਦ ਉਚਾਰਨ ਲਗ ਪਿਆ ਤੇ ਉਸ ਦਾ ਅੰਤ ਨਾ ਪਾ ਸਕਿਆ, ਅੰਧੇਰੇ ਤੇ ਅਗਿਆਨਤਾ ਦੇ ਪਰਦੇ ਵਿਚ ਹੀ ਭਟਕਦਾ ਰਿਹਾ। ਇਸ ਪ੍ਰਕਾਰ ਦੀਆਂ ਆਨਮਤ ਦੀਆਂ ਕਥਾਂ ਗ੍ਰਹਿਣ ਕਰਨ ਵਾਲੇ ਭਲਾ ਵੇਦਾਂ ਦੀਆਂ ਕਿਤਾਬਾਂ ਤੋਂ ਕੀ ਪ੍ਰਾਪਤ ਕਰ ਸਕਦੇ ਹਨ, ਜਦੋਂ ਕਿ ਬ੍ਰਹਮਾ ਨੂੰ ਏਤਨੀਆਂ ਵੇਦ ਰਟਣ ਦੀਆਂ ਟੱਕਰਾਂ ਮਾਰ ਕੇ ਭੀ ਪ੍ਰਾਪਤੀ ਨਾ ਹੋਈ। ਬ੍ਰਹਮਾ ਤੋਂ ਸਿਖਸ਼ਾ ਲੈ ਕੇ ਆਮ ਮਨਮਤੀ ਲੋਕ ਵੇਦ ਪੜ੍ਹਨ ਲਈ, ਬੈਰਾਗੀ ਤਿਆਰ ਹੋ ਜਾਂਦੇ ਹਨ ਅਤੇ ਪ੍ਰਾਪਤੀ ਉਹਨਾਂ ਦੀ ਕੁਝ ਨਹੀਂ ਹੁੰਦੀ। ਇਸ ਦੇ ਮੁਕਾਬਲੇ ਵਿਚ ਵਾਹਿਗੁਰੂ ਪ੍ਰੀਤਮ ਦਾ ਨਾਮ ਅਭਿਆਸ ਕਰਨ ਵਾਲੇ ਗੁਰਮੁਖ ਜਨ, ਜੋ ਨਾਮ ਅਭਿਆਸ ਨੂੰ ਪ੍ਰਾਣ ਅਧਾਰ ਸਮਝ ਕੇ ਕਦੇ ਨਹੀਂ ਵਿਸਾਰਦੇ, ਉਨ੍ਹਾਂ ਨੂੰ ਗ੍ਰਿਹਸਤ ਵਿਚ ਰਹਿੰਦਿਆਂ ਹੀ ਵਾਹਿਗੁਰੂ-ਦਰਸ਼ਨ ਦੀ ਪ੍ਰਾਪਤੀ ਹੋ ਜਾਂਦੀ ਹੈ। ਉਹ ਜਨ ਪੂਰੇ ਹਨ, ਜੋ ਇਸ ਪ੍ਰਕਾਰ ਦੀ ਗੁਰਮਤਿ ਨਾਮ ਅਭਿਆਸ ਭਗਤੀ ਘਰ ਬੈਠਿਆਂ ਹੀ ਕਰਦੇ ਹਨ, ਸੱਚੇ ਗ੍ਰਿਹਸਤ ਉਦਾਸੀ ਮੁਨੀ ਜਨ ਬਣਦੇ ਹਨ, ਉਹ ਗੁਰਮਤਿ ਨਾਮ ਅਭਿਆਸ-ਮਈ ਵਿਚਾਰ ਦੁਆਰਾ ਹੀ ਸੇਵਾ ਸਿਮਰਨ ਕਰ ਕੇ ਸੱਚੇ ਮੁਨੀ ਜਨ ਬਣਦੇ ਹਨ।

 www.sikhbookclub.com

ਗੁਰਮੁਖਿ ਜਨਾਂ ਨੂੰ ਫ਼ਕਤ ਨਾਮ ਅਭਿਆਸ ਕਮਾਈ ਦੇ ਪ੍ਰਤਾਪ ਨਾਲ ਸਾਰੇ ਤ੍ਰਿਭਵਣ ਵਿਖੇ ਅਕਾਲ ਪੁਰਖ ਵਾਹਿਗੁਰੂ (ਮੁਰਾਰੀ ਜੀ) ਦੀ ਇੱਕੋ ਜੋਤਿ ਹੀ ਪਰਤੱਖ ਦਿਸਦੀ ਹੈ। ਦਿਸਣਹਾਰੇ ਕਈ ਸੂਰ ਚੰਦ ਹਨ, ਉਹ ਇਸ ਜੋਤਿ ਮੁਰਾਰੀ ਦੇ ਚਾਨਣ ਤੋਂ ਉਪਜੇ ਹੋਇ ਮਾਮੂਲੀ ਦੀਵੇ ਹਨ। ਸੱਚਾ ਗੁਰਮੁਖਿ ਉਹ ਹੈ ਜੋ ਦਿਨੇ ਰਾਤ ਅਜਿਹੀ ਜੋਤਿ ਪ੍ਰਚੰਡ ਦਾਤਿ ਦੁਆਰਾ ਨਿਰਮਲ ਅਤੇ ਜੋਗ ਜਗਮਗੀ ਤੇ ਪਵਿਤ੍ਰ ਬਣਿਆ ਰਹਿੰਦਾ ਹੈ ਅਤੇ ਆਪਣੀ ਮਤਿ ਦੇ ਪਿੱਛੇ ਲੱਗਣ ਵਾਲੇ ਮਨਮੁਖ ਤਿਮਰ ਅਗਿਆਨ ਅੰਧੇਰੇ ਵਿਚ ਸਾਰੀ ਉਮਰ ਪਏ ਭਟਕਦੇ ਰਹਿੰਦੇ ਹਨ।

ਜੋ ਜੋ ਆਨਮਤੀ ਸਿਧ ਸਮਾਧੀ ਵਾਲਾ ਹੋਇਆ ਹੈ, ਉਨ੍ਹਾਂ ਦੀ ਤੱਤ ਸਮਾਧੀ ਲਗਦੀ ਹੀ ਨਹੀਂ। ਗੁਰਮਤਿ-ਹੀਣਿਆਂ ਦੀ ਲਿਵ-ਸਮਾਧੀ ਕੀ ਲੱਗਣੀ ਸੀ, ਉਹ ਤਾਂ ਫੋਕਟ ਸਮਾਧੀ ਲਾਉਣ ਦੇ ਵਾਦ ਵਿਵਾਦੀ ਝਗੜੇ ਵਿਚ ਹੀ ਚੂਰ ਰਹਿੰਦੇ ਹਨ। ਉਨ੍ਹਾਂ ਨੂੰ ਇਨ੍ਹਾਂ ਦ੍ਰਿਸ਼ਟਮਾਨ ਨਿਰਣੇ ਦੁਆਰਾ ਕੀ ਦਿਸਣਾ ਸੀ, ਅੰਧਗਤੀ ਵਿਚ ਹੀ ਧੱਕੇ ਖਾਂਦੇ ਫਿਰਦੇ ਹਨ। ਇਹ ਗੁਰਮਤਿ ਸ਼ਬਦ ਦੀ ਧੁਨੀ ਦਾ ਹੀ ਪ੍ਰਤਾਪ ਹੈ ਕਿ ਅਭਿਆਸੀ ਜਨ ਦੇ ਘਟ ਅੰਦਰ ਅਭਿਆਸੀ ਜੋਤਿ ਜਗਮਗਾ ਉਠਦੀ ਹੈ। ਗੁਰਮੁਖਾਂ ਦੀ ਸਤਿਗੁਰੂ ਉਤੇ ਸ਼ਰਧਾ ਲਿਆਉਣੀ ਹੀ ਸਾਰੇ ਝਗੜੇ ਨਿਬੇੜ ਦਿੰਦੀ ਹੈ।

ਗੁਰਮਤਿ ਨਾਮ ਅਭਿਆਸੀ ਜਨਾਂ ਨੂੰ ਸੁਰਾਂ ਨਰਾਂ ਦਾ ਨਾਥ ਅਜੋਨੀ ਵਾਹਿਗੁਰੂ ਅਕਾਲ ਪੁਰਖ ਘਟ ਅੰਤਰ ਜਗਨੀ ਜੋਤਿ ਦੇ ਪ੍ਰਤਾਪ ਨਾਲ ਸੱਚੇ ਅਪਾਰ ਮਹਿਲ-ਮਈ ਘਰ ਵਿਖੇ ਭੀ ਪਰਤੱਖ ਨਜ਼ਰ ਆਵਣ ਲਗ ਜਾਂਦਾ ਹੈ। ਇਹ ਸੱਚਾ ਨਿਸਤਾਰਾ ਸੱਚੇ ਗੁਰਮੁਖਿ ਅਭਿਆਸੀ ਜਨ ਦਾ ਸਤਿਗੁਰੂ ਦੀ ਨਦਰ ਮੇਹਰ ਦੇ ਰਾਹੀਂ ਹੁੰਦਾ ਹੈ। ਗੁਰੂ ਸਾਹਿਬ ਦੇ ਘਰ ਦੀ ਗੁਰਮਤਿ ਗ੍ਰਹਿਣ ਕਰਕੇ ਇਸ ਬਿਧ ਸਹਿਜੇ ਹੀ ਵਾਹਿਗੁਰੂ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ, ਆਨਮਤੀਆਂ ਦੀ ਨਿਆਈਂ ਫ਼ਾਲਤੂ ਝਮੇਲੇ ਵਿਚ ਨਹੀਂ ਪੈਣਾ ਪੈਂਦਾ।

ਕਿਰਿਆਚਾਰ ਕਰਹਿ ਖਟੁ ਕਰਮਾ ਇਤੁ ਰਾਤੇ ਸੰਸਾਰੀ ॥
ਅੰਤਰਿ ਮੈਲੁ ਨ ਉਤਰੈ ਹਉਮੈ ਬਿਨੁ ਗੁਰ ਬਾਜੀ ਹਾਰੀ ॥੧॥
ਮੇਰੇ ਠਾਕੁਰ ਰਖਿ ਲੇਵਹੁ ਕਿਰਪਾ ਧਾਰੀ ॥
ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥
ਸਾਸਤ ਬੇਦ ਸਿਮ੍ਰਿਤਿ ਸਭਿ ਸੋਧੇ, ਸਭ ਏਕਾ ਬਾਤ ਪੁਕਾਰੀ ॥
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰਿ ਬੀਚਾਰੀ ॥੨॥
ਅਠਸਠਿ ਮਜਨੁ ਕਰਿ ਇਸਨਾਨਾ ਭ੍ਰਮਿ ਆਏ ਧਰ ਸਾਰੀ ॥
ਅਨਿਕ ਸੋਚ ਕਰਹਿ ਦਿਨ ਰਾਤੀ ਬਿਨੁ ਸਤਿਗੁਰ ਅੰਧਿਆਰੀ ॥੩॥
ਧਾਵਤ ਧਾਵਤ ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥

ਦੁਰਮਤਿ ਮੇਟਿ ਬੁਧਿ ਪਰਗਾਸੀ ਜਨ ਨਾਨਕ ਗੁਰਮੁਖਿ ਤਾਰੀ ॥੪॥੧॥੨॥
[ਗੂਜਰੀ ਮ: ੫ ਚਉ: ਘਰੁ ੨, ਪੰਨਾ ੪੯੫

ਇਸ ਗੁਰਵਾਕ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰਮਤਿ ਤੋਂ ਘੁੱਥਾ ਹੋਇਆ ਗੁਰੂ-ਹੀਣਾ ਮੀਣਾ ਮਨਮੁਖ ਮਨੁਖ ਕਰਮ ਕਾਂਡ ਵਾਲੇ ਭਰਮ ਭੇਖਾਂ ਵਿਚ ਹੀ ਪਿਆ ਰਹਿੰਦਾ ਹੈ ਅਤੇ ਵਾਹਿਗੁਰੂ ਦੀ ਸੋਝੀ ਉਸ ਨੂੰ ਆਉਂਦੀ ਹੀ ਨਹੀਂ। ਪੂਜਾ, ਯਾਤਰਾ, ਇਸ਼ਨਾਨ ਵਾਲੇ ਆਨਮਤੀ ਕਿਰਿਆ-ਚਾਰ ਕਰਨ ਵਾਲੇ ਲੋਗ ਆਨਮਤ ਦਰਸਾਏ ਖਟ ਕਰਮਾਂ ਵਿਚ ਹੀ ਖਚਤ ਰਹਿੰਦੇ ਹਨ। ਬਸ, ਸਾਰੇ ਸੰਸਾਰੀ ਪੁਰਖ ਇਨ੍ਹਾਂ ਆਨਮਤੀ ਕਰਮਾਂ ਵਿਚ ਹੀ ਸਾਰੀ ਉਮਰ ਲੱਗੇ ਰਹਿੰਦੇ ਹਨ। ਹਾਸਿਲ ਉਨ੍ਹਾਂ ਨੂੰ ਕੁਝ ਨਹੀਂ ਹੁੰਦਾ, ਸਗੋਂ ਅਜਿਹੇ ਖਟ ਕਰਮਾਂ ਦੇ ਕਰਨ ਕਰਕੇ ਉਨ੍ਹਾਂ ਦੇ ਅੰਦਰ ਹਉਮੈ ਦੀ ਮੈਲ ਵਧਦੀ ਹੀ ਜਾਂਦੀ ਹੈ, ਉਤਰਦੀ ਨਹੀਂ। ਗੁਰ ਬਿਨਾਂ ਉਹ ਆਪਣੀ ਸਾਰੀ ਉਮਰ ਦੀ ਬਾਜੀ ਹਾਰ ਜਾਂਦੇ ਹਨ।

ਜਿਨ੍ਹਾਂ ਗੁਰਮੁਖਾਂ ਉਤੇ ਵਾਹਿਗੁਰੂ ਠਾਕਰ ਕਿਰਪਾ ਧਾਰਦੇ ਹਨ ਉਨ੍ਹਾਂ ਦਾ ਹੀ ਨਿਸਤਾਰਾ ਹੁੰਦਾ ਹੈ। ਅਜਿਹਾ ਸੱਚੇ ਸੁੱਚੇ ਸ਼ੁਭ ਕਰਮਾਂ ਵਾਲਾ ਸਿਖ ਸੇਵਕ ਜਨ ਕ੍ਰੋੜਾਂ ਵਿਚੋਂ ਕੋਈ ਵਿਰਲਾ ਹੀ ਹੁੰਦਾ ਹੈ ਜੋ ਨਿਸ਼ਕਾਮ ਭਗਤੀ ਕਮਾਉਂਦਾ ਹੈ, ਹੋਰ ਬਾਕੀ ਸਾਰੇ ਸੌਦੇਬਾਜ਼ ਸੰਸਾਰੀ ਲੋਗ ਹੀ ਹੁੰਦੇ ਹਨ, ਜੇ ਇਕ ਅੱਧਾ ਚੰਗਾ ਕਰਮ ਉਹ ਕਰਦੇ ਭੀ ਹਨ ਤਾਂ ਕਿਸੇ ਗ਼ਰਜ਼ (ਸਵਾਰਥ) ਲਈ ਕਰਦੇ ਹਨ।

ਸ਼ਾਸਤ੍ਰ ਬੇਦ ਸਿਮ੍ਰਿਤ ਸਾਰੇ ਸੋਧ ਕੇ ਵੇਖ ਲਏ ਹਨ, ਸਭ ਏਸੇ ਪ੍ਰਕਾਰ ਦੀ ਉੱਪਰ ਦੱਸੀ ਬਾਤ ਹੀ ਪੁਕਾਰਦੇ ਹਨ। ਸਤਿਗੁਰੂ ਬਿਨਾਂ ਕਿਸੇ ਨੂੰ ਭੀ ਸੱਚੀ ਮੁਕਤੀ ਦੀ ਪ੍ਰਾਪਤੀ ਨਹੀਂ ਹੁੰਦੀ। ਇਸ ਗੱਲ ਨੂੰ ਦ੍ਰਿੜ੍ਹ ਕਰਕੇ ਆਪਣੇ ਮਨ ਵਿਖੇ ਸਮਝ ਲਵੋ, ਆਨਮਤੀ ਅਠਸਠ ਤੀਰਥਾਂ ਦਾ ਭਾਵੇਂ ਕਿਤਨਾ ਹੀ ਮਜਨੀ ਇਸ਼ਨਾਨ ਕੋਈ ਆਨਮਤੀ ਕਰ ਲਵੇ ਤੇ ਸਾਰੀ ਧਰਤੀ ਤੇ ਭੌਂਦਾ ਫਿਰੇ ਅਤੇ ਅਨੇਕ ਪ੍ਰਕਾਰ ਦੀ ਸੁੱਚਮਤਾ ਦਿਨੇ ਰਾਤ ਕਰੇ, ਸਤਿਗੁਰੂ ਦੇ ਧਾਰਨ ਕੀਤੇ ਬਿਨਾਂ, ਸੱਚਾ ਗੁਰਮਤਿ-ਗਿਆਨ ਪ੍ਰਾਪਤ ਕੀਤੇ ਬਿਨਾਂ ਘੋਰ ਅਗਿਆਨ ਅੰਧੇਰਾ ਹੀ ਰਹਿੰਦਾ ਹੈ। ਧਾਇ ਧਾਇ ਕੇ, ਸਾਰੇ ਜੱਗ ਉੱਤੇ ਭਟਕ ਭਟਕ ਕੇ ਸਾਰੀ ਧਰਤੀ ਫਿਰ ਮਾਰੀ, ਓੜਕ ਗੁਰਮਤਿ ਦੁਆਰਾ ਵਾਹਿਗੁਰੂ ਦੇ ਸੱਚੇ ਦਰਬਾਰ ਦੀ ਸੋਝੀ ਪਈ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਜਨਾਂ ਦੀ ਦੁਰਮਤਿ ਬੁੱਧੀ ਮਿਟੀ, ਅਤੇ ਸੱਚੀ ਸੁਬੁੱਧੀ ਪ੍ਰਕਾਸ਼ਤ ਹੋਈ, ਤਾਂ ਉਨ੍ਹਾਂ ਦਾ ਨਿਸਤਾਰਾ ਹੋਇਆ।


www.sikhbookclub.com

# ੫੮. ਮਾਇਆ ਦਾ ਪ੍ਰਭਾਵ

ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥
ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ ॥੧॥
ਬਲਵੰਤਿ ਬਿਆਪਿ ਰਹੀ ਸਭ ਮਹੀ ॥
ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥੧॥ਰਹਾਉ॥
ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥
ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥੨॥੬॥੧੪॥
[ਗੂਜਰੀ ਮ: ੫, ਪੰਨਾ ੪੯੮-੯੯

ਇਸ ਗੁਰਵਾਕ ਦਾ ਇਹ ਸਿਧਾਂਤ ਨਿਕਲਦਾ ਹੈ ਕਿ ਬੜੇ ਬੜੇ ਆਨਮਤੀ ਮੁਨੀ ਅਤੇ ਜੋਗੀ, ਜੋ ਆਪਣੇ ਆਪ ਨੂੰ ਸ਼ਾਸਤ੍ਰਾਂ ਦਾ ਗਿਆਤਾ ਸਦਾਉਂਦੇ ਹਨ, ਇਨ੍ਹਾਂ ਸਾਰਿਆਂ ਨੂੰ ਬਪੜੀ ਮਾਇਆ ਨੇ ਆਪਣੇ ਹੀ ਵਸ ਕਰ ਲਿਆ ਹੈ। ਸਭ ਤੋਂ ਵਡੇ ਹਿੰਦੂਆਂ ਦੇ ਤਿੰਨ ਦੇਵਤੇ (ਬ੍ਰਹਮਾ, ਬਿਸ਼ਨ, ਮਹੇਸ਼), ਹੋਰ ਤੇਤੀਸ ਕ੍ਰੋੜ ਛੋਟੇ ਛੋਟੇ ਦੇਵਤੇ, ਸਭ ਮਾਇਆ ਅੱਗੇ ਹੈਰਾਨ ਹਨ। ਇਨ੍ਹਾਂ ਤਿੰਨਾਂ ਦੀ ਹੈਰਾਨੀ ਪ੍ਰੇਸ਼ਾਨੀ ਦੀ ਕੋਈ ਹੱਦ ਨਹੀਂ, ਕਿਉਂਕਿ ਉਹ ਮਾਇਆ ਨੇ ਜਕੜ ਕੇ ਆਪਣੇ ਅਨੁਸਾਰੀ ਕਰ ਲਏ। ਇਹ ਮਾਇਆ ਬੜੀ ਪ੍ਰਬਲ ਹੈ, ਜੋ ਸਭ ਨੂੰ ਚਿੰਮੜੀ ਹੋਈ ਹੈ। ਹੋਰ ਕੋਈ ਉਸ ਦਾ ਭੇਦ ਨਹੀਂ ਪਾ ਸਕਿਆ; ਸਿਰਫ਼ ਗੁਰੂ ਪਾਤਸ਼ਾਹ ਦੀ ਕਿਰਪਾ ਨਾਲ ਹੀ ਇਹ ਵਸਗਤਿ ਹੁੰਦੀ ਹੈ। ਇਸ ਮਾਇਆ ਨੇ ਸਭ ਥਾਂ ਜਿੱਤ ਲਏ ਤੇ ਸਾਰੇ ਘਰ ਸਰ ਕਰ ਲਏ, ਸਗਲੇ ਭਵਨਾਂ ਨੂੰ ਲੱਗੀ ਹੋਈ ਹੈ। ਸਤਿਗੁਰੂ ਸਾਧ ਤੋਂ ਹੀ ਪਰੇ ਨ਼ਸਦੀ ਹੈ ਤੇ ਉਸ ਦੀ ਦਾਸੀ ਹੋ ਕੇ ਚਰਨ ਝਸਦੀ ਹੈ। ਗੁਰੂ ਦੇ ਗੁਰਮੁਖਾਂ ਨੂੰ ਪੋਹ ਨਹੀਂ ਸਕਦੀ। ਪਰ ਮਨਮੁਖਾਂ ਮਨਮਤੀਆਂ ਨੂੰ ਇਸ ਛਲ-ਨਾਗਨੀ ਮਾਇਆ ਨੇ ਖ਼ੂਬ ਜਕੜ-ਜੱਫਾ ਪਾਇਆ ਹੋਇਆ ਹੈ।

ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ ॥
ਸਾਧ ਸੰਗਤ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥੧॥
ਅਬ ਮੋਹਿ ਆਇ ਪਰਿਓ ਸਰਨਾਇ ॥
ਗੁਹਜ ਪਾਵਕੋ ਬਹੁਤੁ ਪ੍ਰਜਾਰੈ ਮੋ ਕਉ ਸਤਿਗੁਰਿ ਦੀਓ ਹੈ ਬਤਾਇ।੧।ਰਹਾਉ।
ਸਿਧ ਸਾਧਿਕ ਅਰ ਜਖ ਕਿੰਨਰ ਨਰ ਰਹੀ ਕੰਠਿ ਉਰਝਾਇ ॥
ਜਨ ਨਾਨਕ ਅੰਗੁ ਕੀਆ ਪ੍ਰਭਿ ਕਰਤੈ ਜਾ ਕੈ ਕੋਟਿ ਐਸੀ ਦਾਸਾਇ ॥
੨॥੧੩॥੨੧॥ [ਗੂਜਰੀ ਮ: ੫, ਪੰਨਾ ੫੦੦

ਬ੍ਰਹਮ ਪੁਰੀ, ਸ਼ਿਵਪੁਰੀ ਤੇ ਇੰਦਰਪੁਰੀ ਵਿਚ ਲੋਕਾਂ ਨੂੰ ਸਰ ਕਰ ਕੇ ਇਹ


www.sikhbookclub.com

ਬਪੁੜੀ ਮਾਇਆ ਜਦੋਂ ਗੁਰਪੁਰੀ ਨੂੰ ਸਰ ਕਰਨ ਲਈ ਗੁਰੂ ਘਰ ਦੀ ਸਾਧ ਸੰਗਤ ਉਤੇ ਧਾ ਕੇ ਆਉਂਦੀ ਹੈ, ਤਦ ਇਹ ਸ਼ਰਮਿੰਦੀ ਹੋ ਕੇ ਰਹਿ ਜਾਂਦੀ ਹੈ। ਉਹ ਗੁਰ ਸੰਗਤ ਪੁਰੀ ਨੂੰ ਜੋਹ ਹੀ ਨਹੀਂ ਸਕਦੀ, ਬਥੇਰਾ ਪਾਏ ਪਖਾਰ ਪਖਾਰ ਕੇ ਬਿਸਮਾਉਂਦੀ ਹੈ। ਜੋ ਜੋ ਭੀ ਗੁਰੂ ਘਰ ਦੀ ਗੁਰ-ਸੰਗਤ ਦੇ ਆ ਸ਼ਰਨੀ ਪੈਂਦੇ ਹਨ, ਉਹ ਸਾਰੇ ਦੇ ਸਾਰੇ ਇਸ ਬਪੁੜੀ ਮਾਇਆ ਦੇ ਪੰਜੇ ਤੋਂ ਬਚੇ ਰਹਿੰਦੇ ਹਨ। ਗੁੱਝੀ ਅਗਨੀ ਬਹੁਤ ਸਾਰੇ ਆਨਮਤੀ ਲੋਕਾਂ ਨੂੰ ਸਾੜ ਕੇ ਸਵਾਹ ਕਰ ਦੇਂਦੀ ਹੈ, ਪਰੰਤੂ ਸਤਿਗੁਰ ਦੀ ਸ਼ਰਨੀ ਆਏ ਗੁਰਮੁਖਿ ਜਨਾਂ ਦਾ ਵਾਲ ਬਿੰਗਾ ਨਹੀਂ ਕਰ ਸਕਦੀ। ਸਿਧਾਂ, ਸਾਧਕਾਂ, ਜਖਾਂ, ਕਿਨਰਾਂ ਅਤੇ ਦੇਵਤਿਆਂ, ਇਨ੍ਹਾਂ ਸਾਰਿਆਂ ਦੇ ਗਲ ਚਿੰਮੜੀ ਹੀ ਰਹਿੰਦੀ ਹੈ। ਜਿਸ ਗੁਰਮੁਖਿ ਜਨ ਨੂੰ ਵਾਹਿਗੁਰੂ ਨੇ ਆਪਣੇ ਲੜ ਲਾ ਲਿਆ ਹੈ, ਉਸ ਗੁਰੂ ਨਾਨਕ ਸਾਹਿਬ ਦੇ ਘਰ ਚੋਂ ਵਰੋਸਾਏ ਹੋਏ ਸਿਖ ਉੱਤੇ ਕੁਛ ਅਸਰ ਨਹੀਂ ਪਾ ਸਕਦੀ। ਗੁਰੂ ਨਾਨਕ ਸਾਹਿਬ ਦੇ ਘਰ ਅੱਗੇ ਅਜਿਹੀਆਂ ਮਾਇਆ ਵਰਗੀਆਂ ਕ੍ਰੋੜਾਂ ਹੀ ਦਾਸੀਆਂ ਪਈਆਂ ਟੱਕਰਾਂ ਮਾਰਦੀਆਂ ਫਿਰਦੀਆਂ ਹਨ।

ਏਕ ਨਗਰੀ ਪੰਚ ਚੋਰ ਬਸੀਅਲੇ ਬਰਜਤ ਚੋਰੀ ਧਾਵੈ ॥
ਤ੍ਰਿਹਦਸ ਮਾਲ ਰਖੈ ਜੋ ਨਾਨਕ ਮੋਖ ਮੁਕਤਿ ਸੋ ਪਾਵੈ ॥੧॥
ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ਰਹਾਉ॥
ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ ਪੁਹਪ ਪਤ੍ਰ ਤਤੁ ਡਾਲਾ ॥
ਸਰਬ ਜੋਤਿ ਨਿਰੰਜਨ ਸੰਭੂ ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ ਸੋ ਵੈਦੁ ਜਿ ਜਾਣੈ ਰੋਗੀ ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪਤ੍ਰ ਪਾਤਾਲਾ ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥
੮॥੧॥ [ਗੂਜਰੀ ਅਸਟ: ਮ: ੧ ਘਰੁ ੨, ਪੰਨਾ ੫੦੩

ਇਸ ਅਸਟਪਦੀ ਵਿਖੇ ਬ੍ਰਹਮ ਪ੍ਰਥਾਇ ਪ੍ਰਚਲਤ ਭਾਵ ਦੀ, ਖ਼ਿਆਲ ਮਈ ਭੁਲ ਕੱਢ ਕੇ ਗੁਰਮਤਿ ਵਾਲਾ ਸਹੀ ਖ਼ਿਆਲ ਦਰਸਾਇਆ ਗਿਆ ਹੈ। ਮਾਇਆ-ਜਾਲ ਵਾਲੇ ਤ੍ਰੈਗੁਣੀ ਬ੍ਰਹਮ ਦਾ ਖ਼ਿਆਲ ਹਟਾ ਕੇ ਇਕੋ ਅਵਗਤ ਅਬਿਨਾਸ਼ੀ, ਸੁਤੇ ਪ੍ਰਕਾਸ਼ ਨਿਰੰਜਨ ਰੂਪ ਇਕੋ ਹਸਤੀ ਅਕਾਲ ਮੂਰਤ ਦਾ ਗੁਰਮਤਿ ਗਿਆਨ ਦ੍ਰਿੜ੍ਹਾਇਆ ਗਿਆ ਹੈ। ਇਸ ਸਰੀਰ ਰੂਪੀ ਨਗਰੀ ਵਿਚ ਕਾਮ ਕ੍ਰੋਧ ਲੋਭ ਆਦਿਕ ਪੰਚ ਚੋਰ ਵਸਦੇ ਹਨ। ਮਨ ਦੀ ਮਤਿ ਦੁਆਰਾ ਵਰਜਦਿਆਂ ਭੀ ਉਹ ਚੋਰੀ ਕਰਨ ਉਠ ਧਾਉਂਦੇ ਹਨ। ਤਿੰਨਾਂ ਗੁਣਾਂ ਅਤੇ ਦਸੇ ਵਿਸ਼ਿਆਂ, ਤੇਰ੍ਹਾਂ (੧੩) ਹੀ ਗੁਣਾਂ ਤੋਂ ਜੋ ਜਨ ਆਪਣਾ ਮਾਲ ਬਚਾ ਕੇ ਰਖਦੇ ਹਨ, ਸੋਈ ਜਨ ਗੁਰੂ ਨਾਨਕ ਸਾਹਿਬ ਦੀ ਕਿਰਪਾ ਨਾਲ ਮੋਖ ਪਦਵੀ ਨੂੰ ਪ੍ਰਾਪਤ ਹੁੰਦੇ ਹਨ। ਗੁਰੂ ਨਾਨਕ ਸਾਹਿਬ ਦੀ ਕਿਰਪਾ ਉਨ੍ਹਾਂ ਹੀ ਗੁਰਮੁਖਾਂ 'ਤੇ ਹੁੰਦੀ ਹੈ, ਜੋ ਸਰਬ-ਨਿਵਾਸੀ ਪਰਮੇਸ਼ਰ ਕਰਤਾਰ ਵਾਹਿਗੁਰੂ ਨੂੰ ਹਿਰਦੇ ਅੰਦਰ ਹਰ ਦਮ ਵਾਹਿਗੁਰੂ ਨਾਮ ਦੀ ਜਪ-ਮਾਲਾ ਫੇਰ ਕੇ ਯਾਦ ਕਰਦੇ ਰਹਿੰਦੇ ਹਨ। ਅਕਾਲ ਪੁਰਖ ਰੂਪੀ ਪਾਰਬ੍ਰਹਮ ਮਈ ਪ੍ਰਕਾਸ਼ ਰੂਪ ਬ੍ਰਿਛ ਐਸਾ ਹੈ ਜਿਸ ਦੀ ਉਪਰ ਨੂੰ ਉਰਧ ਮੂਲੀ ਜੜ੍ਹ ਹੈ, ਜਿਸ ਦੀਆਂ ਸ਼ਾਖ਼ਾਂ ਅਤੇ ਟਾਹਣੀਆਂ ਹੇਠਾਂ ਨੂੰ ਹਨ। ਹਿੰਦੂਆਂ ਦੇ ਚਾਰੇ ਵੇਦ ਇਨ੍ਹਾਂ ਟਾਹਣੀਆਂ ਨੂੰ ਲੱਗੇ ਹੋਏ ਹਨ। ਇਨ੍ਹਾਂ ਤਿੰਨਾਂ ਗੁਣਾਂ ਦਾ ਵਿਸਥਾਰ ਹੀ ਵੇਦ ਕਰਦੇ ਹਨ, ਚੌਥੇ ਪਦ ਦੀ ਖ਼ਬਰ ਨਹੀਂ ਦਿੰਦੇ। ਯਥਾ ਗੁਰਵਾਕ—

ਚਾਰੇ ਬੇਦ ਕਥਹਿ ਆਕਾਰੁ ॥ ਤੀਨਿ ਅਵਸਥਾ ਕਹਹਿ ਵਖਿਆਨੁ ॥
ਤੁਰੀਅਵਸਥਾ ਸਤਿਗੁਰ ਤੇ ਹਰਿ ਜਾਨੁ ॥੧॥੧੨॥

[ਗਉੜੀ ਮ: ੧, ਪੰਨਾ ੧੫੪

ਏਹਨਾਂ ਤਿਹਾਂ ਗੁਣਾਂ ਨੂੰ ਛਡ ਕੇ ਜੋ ਗੁਰੂ ਵਰੋਸਾਏ ਗੁਰਮੁਖਿ ਜਨ ਚੌਥੇ ਪਦ ਦੀ (ਤੁਰੀਆ) ਸਹਜ ਅਵਸਥਾ ਵਾਲੇ ਭਾਵ ਵਿਚ ਲੀਨ ਹੋ ਜਾਂਦੇ ਹਨ, ਉਹ ਗੁਰਮੁਖਿ ਜਨ ਪਾਰਬ੍ਰਹਮ ਦੇ ਸੱਚੇ ਪ੍ਰੇਮ ਵਿਚ ਸਾਵਧਾਨ ਹੋ ਕੇ ਜਾਗਦੇ ਹੀ ਰਹਿੰਦੇ ਹਨ। ਸਾਰੀਆਂ ਮਨੋ-ਭਾਵਨਾਂ ਪੂਰੀਆਂ ਕਰਨ ਵਾਲਾ ਪਾਰਜਾਤੀ ਬ੍ਰਿਛ ਵਾਹਿਗੁਰੂ ਨਾਮ ਦੇ ਪ੍ਰਤਾਪ ਕਰਕੇ ਮੇਰੇ ਆਂਗਨ ਰੂਪੀ ਘਰ ਵੇਹੜੇ ਵਿਚ (ਘਟ ਅੰਦਰ) ਹੀ ਉਗਵ ਖਲੋਤਾ ਹੈ, ਤੱਤ ਸਤਿਮਈ ਉਸ ਦੇ ਦਿਬ ਸਰੂਪੀ ਫੁੱਲ ਅਤੇ ਪੱਤੇ ਤੇ ਟਾਹਣੇ ਹਨ। ਇਹ ਪਾਰਜਾਤੀ ਬ੍ਰਿਛ, ਆਪਣੇ ਆਪ ਤੋਂ ਪੈਦਾ ਹੋਇਆ ਅਕਾਲ ਪੁਰਖੀ ਬ੍ਰਿਛ ਵਿਚ ਮਾਇਆ ਤੋਂ ਨਿਰਲੇਪ ਹਸਤੀ ਰਖਦਾ ਹੈ। ਜਿਸ ਨੇ ਇਸ ਤੁਰੀਆ ਗੁਣੀ ਬ੍ਰਿਛ, ਵਾਹਿਗੁਰੂ ਦੀ ਸਾਇਆ ਦਾ ਅਨੰਦ ਮਾਣਿਆ ਹੈ ਉਹ ਮਾਇਆ ਰੂਪੀ ਬਖੇੜਿਆਂ ਦੇ ਬਹੁਤੇ ਜੰਜਾਲਾਂ ਵਿਚ ਨਹੀਂ ਪੈਂਦਾ। ਗੁਰੂ ਨਾਨਕ ਦੇ ਘਰ ਦੇ ਜੋ ਗੁਰ-ਦੀਖਿਆ ਲੈਣ ਵਾਲੇ ਸਿਖਵੰਤੇ ਉਪਾਸ਼ਕ ਜਨ ਹਨ, ਤਿਨ੍ਹਾਂ ਨੇ ਮਾਇਆ ਦੇ ਫੰਦੇ ਉੱਕੇ ਹੀ ਛਡ ਦਿਤੇ ਹਨ; ਤਿਨ੍ਹਾਂ ਦੀ ਮਨ ਬਚਨ ਕਰਮ

ਕਰਕੇ ਸਦਾ ਹੀ ਇਕ ਵਾਹਿਗੁਰੂ ਨਾਮ ਨਾਲ ਲਿਵ ਲਗੀ ਰਹਿੰਦੀ ਹੈ; ਤਿਨ੍ਹਾਂ ਦਾ ਮੁੜ ਕੇ ਜਨਮ ਨਹੀਂ ਹੁੰਦਾ; ਨਾ ਹੀ ਮਰਨਾ ਹੁੰਦਾ ਹੈ।

ਉਹ ਸੱਚਾ ਹਕੀਮ ਹੈ ਜੋ ਬੀਮਾਰ ਦੀ ਅਸਲੀ ਬੀਮਾਰੀ ਨੂੰ ਸਮਝੇ, ਇਸੇ ਪ੍ਰਕਾਰ ਉਹੀ ਸੱਚਾ ਗੁਰੂ ਹੈ ਅਤੇ ਉਹ ਹੀ ਉਸ ਦਾ ਦੀਖਸ਼ਾ-ਪ੍ਰਾਪਤ ਹੋਇਆ ਸਿਖ ਹੈ ਜੋ ਰੋਗੀ ਸੰਸਾਰ ਦੇ ਰੋਗ ਨੂੰ ਸਮਝੇ, ਭੁੱਲੇ ਹੋਏ ਲੋਕਾਂ ਦੀਆਂ ਗ਼ਲਤੀਆਂ ਨੂੰ ਠੀਕ ਸਮਝ ਕੇ ਆਪ ਉਨ੍ਹਾਂ ਤੋਂ ਬਚਦਾ ਰਹੇ। ਤਿਸ ਗੁਰਮੁਖਿ ਜਨ ਨੂੰ ਏਸ ਗੁਰੂ ਬਖ਼ਸ਼ਿਸ਼ ਗੁਰਮਤਿ ਦੇ ਚਾਨਣੇ ਵਿਚ ਸਿਵਾਏ ਗੁਰਮਤਿ ਨਾਮ ਅਭਿਆਸ ਦੇ ਹੋਰ ਕੋਈ ਕੰਮ ਨਹੀਂ ਅਤੇ ਨਾ ਹੀ ਧੰਧਾ ਹੈ। ਉਹ ਕਿਸੇ ਦੇ ਧੰਧੇ ਵਿਚ ਖੱਚਤ ਹੋਣ ਵਾਲਾ ਗ੍ਰਿਹਸਤੀ ਨਹੀਂ, ਸਭ ਗ੍ਰਿਹਸਤ ਦੇ ਧੰਧ ਬੰਧ ਤੋਂ ਨਿਰਲੇਪ ਰਹਿਣ ਵਾਲਾ ਗੁਰਮੁਖਿ ਸਿਖ ਜਨ ਹੈ। ਗ੍ਰਿਹਸਤ ਉਦਾਸ ਸੱਚਾ ਜੋਗੀ ਜਨ ਅਖਵਾ ਸਕਦਾ ਹੈ। ਉਸ ਗੁਰਮੁਖਿ ਜਨ ਤੋਂ ਸੁਤੇ ਸੁਭਾਵ ਹੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਪੰਜੇ ਵਿਸ਼ੇ ਛੁੜਕ ਜਾਂਦੇ ਹਨ, ਨਾ ਹੀ ਉਨ੍ਹਾਂ ਨੂੰ ਮਾਇਆ ਬਿਆਪਦੀ ਹੈ। ਪੰਜੇ ਬੈਰੀਆਂ ਦਾ ਸੰਜੋਗ ਤਜ ਦਿਤਾ (ਛਡ ਦਿਤਾ) ਹੁੰਦਾ ਹੈ। ਆਪਣੇ ਮਨ ਅੰਦਰ ਉਹ ਸਦਾ ਅਬਿਨਾਸ਼ੀ ਕਰਤਾਰ ਤੱਤ ਅਬਿਗਤ ਵਾਹਿਗੁਰੂ ਨੂੰ ਹੀ ਧਿਆਉਂਦੇ ਰਹਿੰਦੇ ਹਨ। ਗੁਰੂ ਪ੍ਰਸਾਦਿ (ਕਿਰਪਾ ਕਰਿ ਹੀ) ਇਹ ਉੱਚੀ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ। ਗੁਰਮਤਿ ਗਿਆਨ ਤੇ ਗੁਰਮਤਿ ਧਿਆਨ ਸਭ ਦਾਤਾਰ ਵਾਹਿਗੁਰੂ ਦੀ ਦਾਤਿ ਹੀ ਸਮਝੀ ਜਾਂਦੀ ਹੈ।

ਜਿਸ ਨੂੰ ਇਹ ਦਾਤਿ ਮਿਲੇ, ਉਸ ਦੇ ਵਿਕਾਰ ਰੂਪ ਦੂਤ ਸਭ ਚਿੱਟੇ ਰੰਗ ਵਾਲੇ ਸੇਤ-ਵਰਨੀ ਸਫ਼ੇਦ ਮੁਖੀ ਹੋ ਜਾਂਦੇ ਹਨ, ਅਰਥਾਤ, ਦੂਖ ਸਭ ਦੂਰ ਹੋ ਜਾਂਦੇ ਹਨ, ਉਹ ਨੇੜੇ ਹੀ ਨਹੀਂ ਆਉਂਦੇ। ਉਨ੍ਹਾਂ ਦਾ ਹਿਰਦਾ-ਕੰਵਲ ਸਦਾ ਖਿੜਿਆ ਰਹਿੰਦਾ ਹੈ ਅਤੇ ਉਨ੍ਹਾਂ ਦੇ ਅੰਦਰ ਵਾਹਿਗੁਰੂ ਨਾਮ ਰੂਪੀ ਕੰਵਲ ਸਦਾ ਹੀ ਜੋਤਿ ਭਰਿਆ ਹਰਿਆ (**ਸਰਸਬਜ਼**) ਰਹਿੰਦਾ ਹੈ। ਐਸਾ ਹਰੇ ਭਰੇ ਸਦਾ ਜੋਤਿ-ਜਗੰਨੇ ਰਸਭਿੰਨੇ ਹਿਰਦੇ-ਕੰਵਲ ਵਾਲਾ ਗੁਰਮੁਖਿ ਜਨ ਸਦਾ ਹੀ ਸਾਵਧਾਨ ਹੋ ਕੇ ਵਾਹਿਗੁਰੂ-ਨਾਮ ਦੇ ਰਸਿਕ ਧਿਆਨ ਵਿਚ ਜੁਟਿਆ ਰਹਿੰਦਾ ਹੈ; ਸਦਾ ਸਦਾ ਜਾਗ੍ਰਣ ਕਰਦਾ ਹੈ, ਕਦੇ ਭੀ ਨਹੀਂ ਸੌਂਦਾ। ਉਹ ਬ੍ਰਹਮ ਕੰਵਲ ਰੂਪੀ ਬ੍ਰਿਛ ਬਹੁਤ ਡੂੰਘਾ ਹੈ, ਉਸ ਦੇ ਪੱਤੇ ਪਾਤਾਲ, ਉਹ ਸਾਰੀ ਸ੍ਰਿਸ਼ਟੀ ਨਾਲ ਜੁੜਿਆ ਹੋਇਆ ਹੈ, ਆਪ ਸਭ ਵਿਚ ਵਿਆਪਕ ਹੈ। ਗੁਰੂ ਦੇ ਦੀਖਿਆ ਮਈ ਉਪਦੇਸ਼ ਕਰਕੇ ਗੁਰਮੁਖਿ ਨਾਮ ਜਪਣ ਵਾਲਿਆਂ ਦਾ ਫੇਰ ਜਨਮ ਨਹੀਂ ਹੋਵੇਗਾ। ਉਹ ਕਾਹਨੂੰ ਜੂਨੀ ਪੈਣਗੇ, ਕਿਉਂਕਿ ਉਹ ਤਾਂ ਮਾਇਆ ਦਾ ਉੱਕਾ ਹੀ ਪ੍ਰੀਤਿਆਗ ਕਰ ਕੇ ਅੰਮ੍ਰਿਤ-ਰਸ ਦੇ ਗਟਾਕ ਹੀ ਪੀਂਦੇ ਹਨ।

**ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥**

ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ ॥੧॥
ਐ ਜੀ ਜਪੁ ਤਪੁ ਸੰਜਮੁ ਸਚੁ ਅਚਾਰ ॥
ਹਰਿ ਹਰਿ ਨਾਮੁ ਦੇਹਿ ਸੁਖੁ ਪਾਈਐ ਤੇਰੀ ਭਗਤਿ ਭਰੇ ਭੰਡਾਰ॥੧॥ਰਹਾਉ॥
ਸੁੰਨ ਸਮਾਧਿ ਰਹਹਿ ਲਿਵ ਲਾਗੇ ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ ॥੨॥
ਨਾ ਤਦਿ ਮਾਇਆ ਮਗਨੁ ਨ ਛਾਇਆ ਨਾ ਸੂਰਜ ਚੰਦ ਨ ਜੋਤਿ ਅਪਾਰ ॥
ਸਰਬ ਦ੍ਰਿਸਟਿ ਲੋਚਨ ਅਭ ਅੰਤਰਿ ਏਕਾ ਨਦਰਿ ਸੁ ਤ੍ਰਿਭਵਣ ਸਾਰ ॥੩॥
ਪਵਣੁ ਪਾਣੀ ਅਗਨਿ ਤਿਨਿ ਕੀਆ ਬ੍ਰਹਮਾ ਬਿਸਨੁ ਮਹੇਸ ਅਕਾਰ ॥
ਸਰਬੇ ਜਾਚਿਕ ਤੂੰ ਪ੍ਰਭੁ ਦਾਤਾ ਦਾਤਿ ਕਰੇ ਅਪੁਨੈ ਬੀਚਾਰ ॥੪॥
ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਾਹੀ ਭੰਡਾਰ ॥
ਊਧੈ ਭਾਂਡੈ ਕਛੁ ਨ ਸਮਾਵੈ ਸੀਧੈ ਅੰਮ੍ਰਿਤੁ ਪਰੈ ਨਿਹਾਰ ॥੫॥
ਸਿਧ ਸਮਾਧੀ ਅੰਤਰਿ ਜਾਚਹਿ ਰਿਧਿ ਸਿਧਿ ਜਾਚਿ ਕਰਹਿ ਜੈਕਾਰ ॥
ਜੈਸੀ ਪਿਆਸ ਹੋਇ ਮਨ ਅੰਤਰਿ ਤੈਸੋ ਜਲੁ ਦੇਵਹਿ ਪਰਕਾਰ ॥੬॥
ਬਡੇ ਭਾਗ ਗੁਰੁ ਸੇਵਹਿ ਅਪੁਨਾ ਭੇਦੁ ਨਾਹੀ ਗੁਰਦੇਵ ਮੁਰਾਰ ॥
ਤਾ ਕਉ ਕਾਲੁ ਨਾਹੀ ਜਮੁ ਜੋਹੈ ਬੂਝਹਿ ਅੰਤਰਿ ਸਬਦੁ ਬੀਚਾਰ ॥੭॥
ਅਬ ਤਬ ਅਵਰੁ ਨ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ ॥
ਨਾਨਕ ਚਾਤ੍ਰਿਕ ਅੰਮ੍ਰਿਤ ਜਲੁ ਮਾਗੈ ਹਰਿ ਜਸੁ ਦੀਜੈ ਕਿਰਪਾ ਧਾਰਿ॥੮॥੨॥

[ਗੂਜਰੀ ਮ: ੧, ਪੰਨਾ ੫੦੩-੦੪

ਵਾਹਿਗੁਰੂ ਦਾਤੇ ਦੀ ਯਾਚਨਾ ਕਰਨ ਵਾਲੇ ਅਸੰਖ ਅਨੇਕ ਹਨ, ਤਿਨ੍ਹਾਂ ਦਾ ਅੰਤ ਸ਼ੁਮਾਰ ਪੈਂਦਾ ਹੀ ਨਹੀਂ। ਕਿਸ ਕਿਸ ਨੂੰ ਗਿਣੀਏ, ਜਿਸ ਜਿਸ ਦੇ ਹਿਰਦੇ ਜੇਹੋ ਜਿਹੀ ਭੁੱਖ ਦੀ ਯਾਚਨਾ ਹੁੰਦੀ ਹੈ ਤੇਹੋ ਜਿਹੀ ਦਾਤਿ ਵਾਹਿਗੁਰੂ ਸਮਰੱਥ ਸੱਚਾ ਦਾਤਾਰ ਦੇਵਣਹਾਰ ਹੈ । ਸੱਚਾ ਆਧਾਰ ਜਪ ਤਪ ਸੰਜਮ ਰੂਪੀ ਸੱਚੇ ਨਾਮ ਅਭਿਆਸ ਦਾ ਹੈ। ਵਾਹਿਗੁਰੂ ਦਾਤਾਰ ਆਪਣੀ ਅਪਾਰ ਕਿਰਪਾ **ਕਰ ਕੇ** ਅਜਿਹੇ ਸੱਚੇ ਨਾਮ ਅਭਿਆਸ ਰੂਪੀ ਆਧਾਰ ਦੀ ਦਾਤਿ ਆਪਣੇ ਗੁਰਸਿਖ ਸੇਵਕਾਂ ਨੂੰ ਸੱਚੇ ਆਤਮ-ਸੁਖ ਪ੍ਰਾਪਤੀ ਵਾਲੀ ਸੱਚੀ ਦਾਤਿ ਬਖ਼ਸ਼ਦਾ ਹੈ । ਜਿਸ ਕਿਸੇ ਨੂੰ ਅਪਾਰ ਦਾਤਿ ਵਾਹਿਗੁਰੂ ਨੇ ਬਖ਼ਸ਼ੀ ਹੈ ਤਿਸ ਦੇ ਭਾ ਦੇ ਤਾਂ ਵਾਹਿਗੁਰੂ-ਭੰਡਾਰ ਭਗਤੀ ਦੇ ਖੁਲ੍ਹ ਜਾਂਦੇ ਹਨ । ਇਹ ਕੇਵਲ ਗੁਰਮਤਿ-ਦੀਖਿਆ ਵਾਲਾ ਨਾਮ ਅਭਿਆਸ ਹੀ ਹੈ, ਜਿਸ ਵਿਖੇ ਲਿਵ ਲਾ ਕੇ ਗੁਰਮੁਖਿ ਜਨ ਅਫੁਰ ਸਮਾਧੀ ਵਿਚ ਲੀਨ ਹੋ ਜਾਂਦੇ ਹਨ। ਅਜਿਹੇ ਅਫੁਰ ਸਮਾਧੀ ਵਾਲੇ ਗੁਰਮੁਖ ਜਨਾਂ ਨੂੰ ਪਰੀਪੂਰਨ ਅਕਾਰ ਵਾਹਿਗੁਰੂ ਸਾਰੇ ਜਲ ਥਲ ਧਰਤੀ ਅਕਾਸ਼ ਵਿਖੇ ਰਮਿਆ ਹੋਇਆ ਪਰਤੱਖ ਨਜ਼ਰੀਂ ਆਉਂਦਾ ਹੈ। ਗੁਰਮਤਿ ਨਾਮ ਰੂਪੀ ਸ਼ਬਦ ਦੀ ਐਸੀ

ਅਗਾਧ ਕਲਾ ਹੈ, ਗੁਰਮੁਖਿ ਜਨਾਂ ਦੀ ਐਸੀ ਅਵਸਥਾ ਵਿਖੇ ਮਾਇਆ ਮਗਨਤਾ ਵਾਲੀ ਛੈ ਰੂਪੀ ਛਲਨੀ ਮਾਇਆ ਨਹੀਂ ਪੋਹੰਦੀ। ਤਿਸ ਅਵਸਥਾ ਦੀ ਐਸੀ ਅਪਾਰ ਜੋਤਿ-ਚਾਨਣੀ ਹੁੰਦੀ ਹੈ ਜਿਸ ਦੇ ਮੁਕਾਬਲੇ ਵਿਚ ਇਸ ਦ੍ਰਿਸ਼ਟਮਾਨ ਸੂਰਜ ਦੀ ਜੋਤਿ ਮੱਧਮ ਪੈ ਜਾਂਦੀ ਹੈ। ਇਸ ਨੂੰ ਦੇਖਣ ਵਾਲੀਆਂ ਅੱਖੀਆਂ ਹਿਰਦੇ ਅੰਦਰ ਹੀ ਪੈਦਾ ਹੋ ਜਾਂਦੀਆਂ ਹਨ, ਤੇ ਇਕੋ ਨਜ਼ਰ ਨਾਲ ਹੀ ਤਿਹਾਂ ਲੋਕਾਂ, ਸਾਰੀ ਕਾਇਨਾਤ ਦੀ ਸੋਝੀ ਹੋ ਜਾਂਦੀ ਹੈ।

ਇਹ ਪੌਣ ਪਾਣੀ ਅਗਨੀ ਸਭ ਵਾਹਿਗੁਰੂ ਦੇ ਹੀ ਕੀਤੇ ਹੋਏ ਹਨ। ਬ੍ਰਹਮਾ, ਬਿਸ਼ਨ, ਮਹੇਸ਼ ਦੇ ਅਕਾਰ ਭੀ ਵਾਹਿਗੁਰੂ ਦੇ ਹੀ ਰਚੇ ਹੋਏ ਹਨ। ਇਹ ਸਭ ਵਾਹਿਗੁਰੂ ਦੇ ਦਰ ਦੇ ਚਾਕਰ ਹਨ ਅਤੇ ਵਾਹਿਗੁਰੂ ਹੀ ਸਭ ਦਾ ਦਾਤਾ ਹੈ। ਜਿਸ ਉਤੇ ਨਦਰ-ਭਾਵਨੀ ਹੁੰਦੀ ਹੈ ਉਸੇ ਉਤੇ ਹੀ ਆਪਣੀ ਵੀਚਾਰ ਅਨੁਸਾਰ ਦਾਤਾਰ ਕਰਤਾਰ ਵਾਹਿਗੁਰੂ ਦਾਨ ਦੇਣ ਦੀ ਬਖ਼ਸ਼ਿਸ਼ ਕਰਦਾ ਹੈ। ਤੇਤੀ ਕ੍ਰੋੜ ਦੇਵਤੇ ਸਭ ਵਾਹਿਗੁਰੂ ਸੱਚੇ ਕਰਤਾਰ ਦੇ ਦਰ ਦੇ ਮੰਗਤੇ ਹੀ ਹਨ। ਜਿਸ ਨੂੰ ਉਹ ਚਾਹੇ, ਇਨ੍ਹਾਂ ਦਾਤਾਂ ਦੇ ਭੰਡਾਰਾਂ ਦੇ ਭੰਡਾਰ ਬਖ਼ਸ਼ ਦੇਵੇ, ਉਸ ਦੇ ਦਰ ਵਿਖੇ ਟੋਟਾ ਘਾਟਾ ਕੋਈ ਨਹੀਂ। ਜਿਨ੍ਹਾਂ ਦੇ ਹਿਰਦੇ ਰੂਪੀ ਭਾਂਡੇ ਅਗਿਆਨ-ਅੰਧੇਰੇ ਕਰਕੇ ਮੂਧੇ ਹੀ ਪਏ ਹਨ, ਉਨ੍ਹਾਂ ਵਿਚ ਕੋਈ ਵਸਤ ਨਹੀਂ ਸਮਾ ਸਕਦੀ। ਵਾਹਿਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਦੇ ਉਰਧ ਕਮਲ ਸਿੱਧੇ ਹੋ ਗਏ ਹਨ, ਤਿਨ੍ਹਾਂ ਗੁਰਮੁਖਾਂ ਦੇ ਹਿਰਦੇ ਰੂਪੀ ਭਾਂਡੇ ਵਿਚ ਅੰਮ੍ਰਿਤ-ਬੂੰਦਾਂ ਤ੍ਰੇਲ ਵਾਂਗੂ ਪੈਂਦੀਆਂ ਹਨ।

ਕਈ ਤਾਂ ਸਿਧ ਲੋਗ ਸਮਾਧੀਆਂ ਲਾ ਕੇ ਰਿਧੀਆਂ ਸਿਧੀਆਂ ਦੀਆਂ ਦਾਤਾਂ ਕਰਾਮਾਤਾਂ ਦਾਤੇ ਪਾਸੋਂ ਮੰਗਦੇ ਹਨ ਅਤੇ ਅਜਿਹੀਆਂ ਮੰਗਾਂ ਮੰਗ ਕੇ ਹੀ ਵਾਹਿਗੁਰੂ ਦਾਤਾਰ ਦਾ ਜੈਕਾਰ ਹੀ ਕਰਦੇ ਹਨ। ਜਿਸ ਪ੍ਰਕਾਰ ਦੀ ਪਿਆਸ ਕਿਸੇ ਜਾਚਕ ਦੇ ਮਨ ਨੂੰ ਹੁੰਦੀ ਹੈ, ਤਿਸ ਪ੍ਰਕਾਰ ਦੀ ਪਿਆਸ ਨਿਵਾਰਨ ਵਾਲਾ ਜਲ ਵਾਹਿਗੁਰੂ ਉਸ ਦੇ ਦੇ ਦਾ ਹੈ। ਜਿਹੜੇ ਵਡਭਾਗੀ ਗੁਰਮੁਖਿ ਜਨ, ਗੁਰਮੁਖਿ ਸਿਖ ਸੇਵਕ ਹਨ, ਉਨ੍ਹਾਂ ਨੂੰ ਹੀ ਵਾਹਿਗੁਰੂ ਦੇ ਦਰ ਤੋਂ ਗੁਰਦੀਖਿਆ, ਨਾਮ ਰੂਪੀ ਸੱਚੀ ਦਾਤਿ ਮਿਲਦੀ ਹੈ, ਜਿਸ ਨੂੰ ਜਪ ਜਪ ਕੇ ਉਹ ਗੁਰਦੇਵ ਮੁਰਾਰ ਵਾਹਿਗੁਰੂ ਕਰਤਾਰ ਨਾਲ ਅਭੇਦ ਰੂਪ ਹੋ ਜਾਂਦੇ ਹਨ। ਇਸ ਪ੍ਰਕਾਰ ਜਿਨ੍ਹਾਂ ਨੇ ਸ਼ਬਦ ਰੂਪ ਨਾਮ ਅਭਿਆਸ ਰੂਪ ਵੀਚਾਰ ਅੰਤਰਗਤਿ ਕੀਤੀ ਹੈ ਤਿਨ੍ਹਾਂ ਗੁਰਮੁਖਿ ਜਨਾਂ ਨੂੰ ਜਮਕਾਲ ਨਹੀਂ ਜੋਹ ਸਕਦਾ। ਇਸ ਕਰਕੇ ਕਿਸੇ ਸਮੇਂ ਭੀ ਵਾਹਿਗੁਰੂ ਪਾਸੋਂ ਸੱਚੀ ਨਾਮ ਦੀ ਦਾਤਿ ਤੋਂ ਬਿਨਾਂ ਹੋਰ ਕੁਝ ਨਹੀਂ ਮੰਗਣਾ ਚਾਹੀਦਾ। ਇਕੋ ਨਾਮ ਨਿਰੰਜਨੀ, ਨਾਮ ਅਭਿਆਸ ਦਾ ਪ੍ਰੇਮ ਪਿਆਰ ਹੀ ਵਾਹਿਗੁਰੂ ਦਾਤਾਰ ਦੀ ਦਰਗਾਹ ਤੋਂ ਮੰਗਣਾ ਉਚਿਤ ਹੈ। ਗੁਰੂ ਨਾਨਕ ਸਾਹਿਬ ਇਹੋ ਸੱਚੀ ਸਿੱਖਿਆ ਬਖ਼ਸ਼ਦੇ ਹਨ ਕਿ ਚਾਤ੍ਰਿਕ ਪਪੀਹੇ ਦੀ ਨਿਆਈਂ ਇਕੋ ਅੰਮ੍ਰਿਤ-ਜਲ ਰੂਪ ਸਵਾਂਤੀ ਬੂੰਦ ਦੀ ਜਾਚਨਾ

ਵਾਹਿਗੁਰੂ ਪਾਸੋਂ ਜਾਚਣੀ ਉਚਿਤ ਹੈ ਕਿ ਵਾਹਿਗੁਰੂ ਆਪਣੀ ਸਿਫਤ ਸਾਲਾਹ ਰੂਪੀ ਜਸ ਹੀ ਆਪਣੀ ਅਪਾਰ ਕਿਰਪਾ ਧਾਰ ਕੇ ਗੁਰਮੁਖਿ ਜਾਚਕ ਜਨਾਂ ਨੂੰ ਦੇਵੇ।

ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ ॥
ਸਿਧ ਸਾਧਿਕ ਲਿਵਲਾਗੀ ਨਾਚੇ ਜਿਨ ਗੁਰਮੁਖਿ ਬੁਧਿ ਵੀਚਾਰੀ ॥੪॥
ਖੰਡ ਬ੍ਰਹਮੰਡ ਤ੍ਰੈਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥
ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ ॥੫॥
ਜੋ ਤੁਧੁ ਭਾਵਹਿ ਸੇਈ ਨਾਚਹਿ ਜਿਨ ਗੁਰਮੁਖਿ ਸਬਦਿ ਲਿਵ ਲਾਏ ॥
ਸੇ ਭਗਤ ਸੇ ਤਤੁ ਗਿਆਨੀ ਜਿਨ ਕਉ ਹੁਕਮੁ ਮਨਾਏ ॥੬॥੧॥
[ਗੂਜਰੀ ਮ: ੩ ਘਰੁ ੧, ਪੰਨਾ ੫੦੬

ਇਸ ਸਮੁੱਚੇ ਗੁਰਵਾਕ ਅੰਦਰ ਇਹ ਦਰਸਾਇਆ ਗਿਆ ਹੈ ਕਿ ਵਾਹਿਗੁਰੂ ਦੀ ਭਗਤੀ ਰਾਸਾਂ ਪਾ ਕੇ ਨੱਚਣ ਨਾਲ ਨਹੀਂ ਹੋ ਸਕਦੀ, ਰਾਸਾਂ ਪਾਉਣਾ ਅਤੇ ਸਾਂਗ ਬਣਾ ਕੇ ਨੱਚਣਾ ਟੱਪਣਾ ਇਹ ਸਭ ਕੰਮ ਮਾਇਆ ਦੇ ਕਾਰਨ ਹੁੰਦੇ ਹਨ। ਗੁਰਮਤਿ ਅੰਦਰ ਇਸ ਪ੍ਰਕਾਰ ਦੀ ਨਿਰਤਕਾਰੀ, ਨੱਚਣਾ ਟੱਪਣਾ ਸਭ ਖੰਡਨ ਹੈ। ਜੋ ਜੋ ਦੇਵਤੇ ਤੇ ਮਨੁਖ (ਸੁਰ, ਨਰ) ਹਨ, ਉਹ ਉਪਜੀਵਕਾ ਦੀ ਖ਼ਾਤਰ ਗੁਰਮਤਿ ਤੋਂ ਘੁੱਥੇ ਹੋਏ ਕਰਮ-ਕਾਂਡੀ ਬਣ ਕੇ, ਇਨ੍ਹਾਂ ਮਾਇਆ ਦੇ ਨਾਚ-ਰੰਗਾਂ ਵਿਚ ਪ੍ਰਵਿਰਤ ਹੁੰਦੇ ਹਨ, ਮੁਨੀ ਜਨ ਆਪੋ ਆਪਣੇ ਮਨੋਂ ਉਪਜੇ ਅਲਪੱਗ ਗਿਆਨ ਦੇ ਵੀਚਾਰੀ ਹੋ ਕੇ ਨਚਦੇ ਹਨ। ਜਿਨ੍ਹਾਂ ਸਿਧ ਸਾਧਕਾਂ ਨੇ ਗੁਰਮੁਖਿ ਬਣ ਕੇ ਅਤੇ ਗੁਰਮਤਿ ਬੁੱਧੀ ਦੇ ਵੀਚਾਰੀ ਹੋ ਕੇ ਸੱਚੀ ਲਿਵ ਲਾਈ ਹੈ, ਤਿਨ੍ਹਾਂ ਗੁਰਮਤਿ-ਆਧਾਰੀ ਗੁਰਮੁਖਿ ਸਿਧ ਸਾਧਕਾਂ ਦਾ ਨੱਚਣਾ ਟੱਪਣਾ ਹੀ ਗੁਣਕਾਰੀ ਹੈ। ਇਨ੍ਹਾਂ ਦਾ ਨੱਚਣਾ ਟੱਪਣਾ ਕੋਈ ਦਿਖਾਵੇ ਮਾਤਰ ਨਹੀਂ ਹੁੰਦਾ। ਇਹ ਆਮ ਭੇਖਧਾਰੀਆਂ ਦੀ ਨਿਆਈਂ ਲੋਕਾਂ ਦੇ ਦਿਖਾਵਣ ਰੀਝਾਵਣ ਲਈ ਨਹੀਂ ਨਚਦੇ, ਬਲਕਿ ਉਹ ਮਨ ਨੂੰ ਸਾਧ ਕੇ, ਪ੍ਰਬੋਧ ਕੇ ਅਤੇ ਵਾਹਿਗੁਰੂ ਨਾਲ ਸੱਚੀ ਲਿਵ ਜੋੜ ਕੇ ਅੰਤਰ-ਆਤਮੇ ਹੀ ਜੋਤਿ-ਰਸ-ਲਿਵ ਦਾ ਰਸ ਮਾਣਦੇ ਹਨ। ਹੋਰ ਤ੍ਰੈਗੁਣੀ ਖੰਡਾਂ ਬ੍ਰਹਮੰਡਾਂ ਦੇ ਜੋ ਜੀਵ ਹਨ, ਉਨ੍ਹਾਂ ਵਿਚੋਂ ਤਿਨ੍ਹਾਂ ਦੀ ਰਾਸ-ਲੀਲ੍ਹਾ ਪ੍ਰਵਾਨ ਪੈਂਦੀ ਹੈ, ਜਿਨ੍ਹਾਂ ਦੀ ਅੰਤਰ ਆਤਮੇ ਵਾਹਿਗੁਰੂ ਨਾਲ ਲਿਵ ਲਗ ਜਾਂਦੀ ਹੈ। ਹੋਰ ਚਾਰੇ ਖਾਣੀਆਂ ਦੇ ਜੀਆ-ਜੰਤ ਆਵਾਗੌਣ ਵਾਲੇ ਨਾਚ ਹੀ ਨਚਦੇ ਹਨ। ਪਰ ਸਫਲ ਨੱਚਣਾ (ਜੀਉਣਾ) ਉਨ੍ਹਾਂ ਦਾ ਹੀ ਪ੍ਰਵਾਨ ਹੈ ਜੋ ਵਾਹਿਗੁਰੂ ਨੂੰ ਭਾਂਵਦੇ ਹਨ, ਤਿਨ੍ਹਾਂ ਦੀ ਗੁਰੂ-ਸ਼ਬਦ ਨਾਲ ਲਿਵ ਲਗ ਜਾਂਦੀ ਹੈ। ਸੋਈ ਸੱਚੇ ਭਗਤ ਤੇ ਤੱਤ ਗਿਆਨੀ ਹਨ, ਜਿਨ੍ਹਾਂ ਨੂੰ ਵਾਹਿਗੁਰੂ ਆਪ ਆਪਣਾ ਹੁਕਮ, ਨਾਮ-ਰੰਗੀ-ਹੁਕਮ ਮਨਾਉਂਦਾ ਹੈ। ਗੁਰਮਤਿ ਅੰਦਰ ਨੱਚਣ ਟੱਪਣ ਤੋਂ ਭਾਵ ਆਤਮ-ਰੰਗ ਮਾਨਣ ਤੋਂ ਹੈ। ਆਤਮ-ਰੰਗੀ, ਜੋਤਿ-ਰੰਗੀ ਗੁਰਮੁਖਿ ਜਨ ਜਦੋਂ ਅਨੰਦ-ਰਸ ਵਿਚ ਆਉਂਦੇ ਹਨ, ਉਦੋਂ ਉਨ੍ਹਾਂ

 www.sikhbookclub.com

ਦਾ ਸਰੀਰ ਭੀ ਸਹਜ ਰੰਗਾਂ ਵਿਚ ਮੇਲ੍ਹਦਾ ਹੈ ।

ਸਨਕ ਸਨੰਦਨ ਨਾਰਦ ਮੁਨਿ ਸੇਵਹਿ ਅਨਦਿਨੁ ਜਪਤ ਰਹਹਿ ਬਨਵਾਰੀ ॥
ਸਰਣਾਗਤਿ ਪ੍ਰਹਲਾਦ ਜਨ ਆਏ ਤਿਨ ਕੀ ਪੈਜ ਸਵਾਰੀ ॥੨॥੧॥

[ਗੂਜਰੀ ਮ: ੪ ਘਰੁ ੨, ਪੰਨਾ ੫੦੭

ਇਸ ਦੋ-ਤੁਕੀ ਵਾਕ ਸੰਬੰਧੀ ਸਮੁਚੇ ਗੁਰਵਾਕ ਅੰਦਰ ਜੋ ਭਾਵ ਹੈ, ਉਸ ਵਿਚ ਕੇਵਲ ਗੁਰਮਤਿ ਨਾਮ-ਅੰਮ੍ਰਿਤ-ਅਭਿਆਸ ਦਾ ਹੀ ਜ਼ਿਕਰ ਹੈ, ਜੋ ਕੇਵਲ ਗੁਰੂ ਘਰ ਦੇ ਗੁਰਮੁਖਿ ਜਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ। ਇਸ ਅੰਤ੍ਰੀਵੀ ਆਨੰਦ-ਰਸ ਲਈ ਗੁਰਮਤਿ ਤੋਂ ਘੁੱਥੇ ਸਨਕ ਸਨੰਦਨ ਨਾਰਦ ਮੁਨ ਬਥੇਰੇ ਆਨਮਤੀ ਜਗਿਆਸੂ ਜਨ ਆਪ-ਹੁਦਰੀ ਮਤਿ ਅਨੁਸਾਰ ਹੀ ਵਾਹਿਗੁਰੂ ਨੂੰ ਸੇਂਵਦੇ ਹਨ ਤੇ ਆਪੋਂ ਹੀ ਚਿਤਵੇ ਜਪ ਤਪ ਦੁਆਰਾ ਵਾਹਿਗੁਰੂ ਨੂੰ ਦਿਨ ਰਾਤ ਜਪਣ ਦਾ ਤਰਲਾ ਮਾਰਦੇ ਹਨ। ਪਰੰਤੂ ਪ੍ਰਹਿਲਾਦ ਭਗਤ ਸਾਰਖੇ ਜਿਤਨੇ ਭੀ ਗੁਰਮੁਖਿ ਜਨ ਵਾਹਿਗੁਰੂ ਗੁਰੂ ਪਰਾਇਣ ਹੋ ਕੇ ਸਰਨੀ ਆਏ ਹਨ, ਤਿਨ੍ਹਾਂ ਦੀ ਹੀ ਆਦਿ ਜੁਗਾਦਿ ਸਰਬੱਤ ਵਰਤ ਰਹੇ ਗੁਰੂ ਸਰੂਪ ਵਾਹਿਗੁਰੂ ਨੇ ਪੈਜ ਸਵਾਰੀ ਹੈ (ਲਾਜ ਰਖ ਲਈ ਹੈ)।

ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨਾ ਕਾਹੇ ਭਇਆ ਸੰਨਿਆਸੀ ॥੧॥
ਭਰਮੇ ਭੂਲੀ ਰੇ ਜੈ ਚੰਦਾ ॥
ਨਹੀ ਨਹੀ ਚੀਨਿਆ ਪਰਮਾਨੰਦਾ ॥੧॥ਰਹਾਉ ॥
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥
ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥

[ਗੂਜਰੀ ਸ੍ਰੀ ਤ੍ਰਿਲੋਚਨ ਜੀਉ, ਪੰਨਾ ੫੨੫-੨੬

ਇਸ ਗੁਰਵਾਕ ਦੁਆਰਾ ਗੁਰੂ ਸੱਚੇ ਪਾਤਸ਼ਾਹ ਨੇ ਇਹ ਦ੍ਰਿੜ੍ਹਾਇਆ ਹੈ ਕਿ ਨਿਰੇ ਸੰਨਿਆਸੀ, ਉਦਾਸੀ, ਭੇਖ ਕਰਨ ਨਾਲ ਨਿਰਲੇਪ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ। ਆਪਣਾ ਅੰਦਰਲਾ ਮਨ ਤਾਂ ਮਲ ਕੇ ਨਿਰਮਲ ਨਹੀਂ ਕੀਤਾ ਅਤੇ ਬਾਹਰੋਂ ਭੇਖ ਉਦਾਸੀ ਧਾਰਨ ਕੀਤਾ ਜਾਵੇ, ਕੁਝ ਨਹੀਂ ਬਣ ਸਕਦਾ। ਦੁਬਿਧਾ ਰੂਪੀ ਮੈਲ ਤੋਂ ਰਹਿਤ ਨਿਰਮਲ ਮਨ ਤਦੇ ਹੋ ਸਕਦਾ ਹੈ ਜੇਕਰ ਗੁਰਮਤਿ ਗ੍ਰਹਿਣ ਕਰ ਕੇ, ਗੁਰਮਤਿ ਨਾਮ ਅਭਿਆਸ ਕਮਾਈ ਅਤੁੱਟ ਕੀਤੀ ਜਾਵੇ, ਅਤੇ ਇਸ ਗੁਰਮਤਿ

ਨਾਮ ਅਭਿਆਸ ਕਮਾਈ ਦੁਆਰਾ ਹਿਰਦੇ ਰੂਪੀ ਕੰਵਲ ਮੂਧਿਓਂ ਸੀਧਾ ਹੋ ਜਾਵੇ ਅਤੇ ਘਟ ਅੰਦਰ ਹੀ ਜੋਤਿ ਪ੍ਰਕਾਸ਼ ਹੋ ਜਾਵੇ। ਇਸ ਜੋਤਿ-ਪ੍ਰਕਾਸ਼ ਹੋਈ ਤੋਂ ਹੀ ਘਟ ਅੰਦਰ ਹੀ ਬ੍ਰਹਮ ਚੀਨਿਆ ਜਾ ਸਕਦਾ ਹੈ। ਜੋਤਿ ਸਰੂਪੀ ਪਾਰਬ੍ਰਹਮ ਹਿਰਦੇ ਵਿਖੇ ਪ੍ਰਕਾਸ਼ ਹੋਏ ਬਿਨਾਂ ਸੰਨਿਆਸੀ ਭੇਖਧਾਰੀ ਹੋ ਕੇ ਫਿਰਨਾ ਨਿਸਫਲ ਹੈ। ਇਨ੍ਹਾਂ ਭੇਖਧਾਰੀਆਂ ਉਦਾਸੀਆਂ ਸੰਨਿਆਸੀਆਂ ਦਾ ਇਸ ਬਿਧ ਭਰਮ ਭੁੱਲੇ ਫਿਰਦੇ ਰਹਿਣਾ ਕੋਈ ਭੀ ਅਰਥ ਨਹੀਂ ਰਖਦਾ, ਜਦ ਤਾਈਂ ਕਿ ਪਰਮਾਨੰਦ ਵਾਹਿਗੁਰੂ ਹਿਰਦੇ ਅੰਦਰ ਹੀ ਪਰਤੱਖ ਨਹੀਂ ਪੇਖਿਆ। ਘਰ ਘਰ ਤੋਂ ਮੰਗ ਕੇ ਖਾਣਾ ਤੇ ਪੇਟ ਸਰੀਰ ਮੋਟਾ ਕਰ ਲੈਣਾ, ਇਸ ਤੋਂ ਉੱਕੀ ਹੀ ਪ੍ਰਮਾਰਥ-ਸਿਧੀ ਨਹੀਂ ਹੋ ਸਕਦੀ। ਗੋਦੜੀ ਰੱਖਣ ਤੇ ਮੁੰਦਰਾਂ ਪਾ ਲੈਣ ਨਾਲ ਮਾਇਕ ਭੇਖ ਹੀ ਵਧਦਾ ਹੈ। ਨਾ ਹੀ ਭੂਮ ਮਸਾਣ ਦੀ ਭਸਮ ਲਗਾਣ ਨਾਲ ਕੁਝ ਬਣਦਾ ਹੈ। ਗੁਰੂ ਤੋਂ ਦੀਖਿਆ ਲਏ ਬਾਝੋਂ, ਨਾਮ ਅਭਿਆਸ ਕਮਾਈ ਕੀਤੇ ਬਾਝੋਂ ਤੱਤ ਪ੍ਰਮਾਰਥ ਦਾ ਪਾਉਣਾ ਅਤੀ ਅਸੰਭਵ ਹੈ। ਗੁਰੂ ਸਾਹਿਬ ਇਨ੍ਹਾਂ ਭੇਖੀ, ਜਪੀਆਂ, ਤਪੀਆਂ, ਸੰਨਿਆਸੀਆਂ, ਉਦਾਸੀਆਂ ਦੀ ਸ਼ੇਖੀ ਕਿਰਕਰੀ ਕਰਨ ਲਈ ਕੈਸੀ ਸਪੱਸ਼ਟ ਸਿਖਸ਼ਾ ਨਿਰਭੈ ਹੋ ਕੇ ਦੇਂਦੇ ਹਨ, ਜਦੋਂ ਕਿ ਇਸ ਬਿਧ ਕਹਿੰਦੇ ਹਨ, (ਹੇ ਸੰਨਿਆਸੀਓ, ਉਦਾਸੀਓ, ਭੇਖਧਾਰੀਓ) ਤੁਸੀਂ ਕਾਹਦੀ ਖ਼ਾਤਰ ਜਪ ਕਰਦੇ ਹੋ ਅਤੇ ਕਾਹਦੀ ਖ਼ਾਤਰ ਤਪ ਕਰਦੇ ਹੋ, ਨਿਰਾ ਨੀਰ ਹੀ ਕਿਉਂ ਰਿੜਕਦੇ ਹੋ ? "ਕਾਏ ਜਪਹੁ ਰੇ ਕਾਏ ਤਪਹੁ ਰੇ ਕਾਇ ਬਿਲੋਵਹੁ ਪਾਣੀ ?" ਤੁਸੀਂ ਸਿਰਜਣਹਾਰ ਵਾਹਿਗੁਰੂ ਦਾ ਸਿਮਰਨ ਕਰੋ, ਜਿਸ ਨਿਰਬਾਣ ਪਦ ਵਾਲੇ ਵਾਹਿਗੁਰੂ ਨੇ ਇਹ ਲਖ ਚੁਰਾਸੀ ਜੂਨ ਉਤਪੰਨ ਕੀਤੀ ਹੈ। ਕਿਉਂ ਤੁਸੀਂ ਦਿਖਾਵੇ ਦੇ ਕਮੰਡਲ ਹੱਥ ਵਿਚ ਲਈ ਫਿਰਦੇ ਹੋ ਅਤੇ ਕਿਸ ਖ਼ਾਤਰ ਭਗਵੇ ਭੇਸ ਕਰਕੇ ਜੋਗੀ ਸੰਨਿਆਸੀ ਬਣੇ ਫਿਰਦੇ ਹੋ ਅਤੇ ਕਿਉਂ ਅਠਸਠ ਤੀਰਥਾਂ ਤੇ ਟੱਕਰਾਂ ਮਾਰਦੇ ਫਿਰਦੇ ਹੋ ? ਗੁਰੂ ਸਾਹਿਬ ਗੁਰੂ ਵਰੋਸਾਏ ਤ੍ਰਿਲੋਚਨ ਭਗਤ ਦੀ ਰਾਹੀਂ ਸਪੱਸ਼ਟ ਕਰਦੇ ਹਨ, ਹੇ ਭਰਮ ਭੁਲੇ ਪ੍ਰਾਣੀਓ ! ਜ਼ਰਾ ਕੰਨ ਲਾ ਕੇ ਸੁਣੋ ! ਜੇ ਕਣ ਨਾ ਪ੍ਰਾਪਤ ਕਰਨਾ ਹੋਵੇ ਤਾਂ ਗਾਹ ਪਾਉਣ ਦੀ ਕੀ ਲੋੜ ਹੈ ? ਭਾਵ, ਦਿਖਾਵ ਦੇ ਕੰਮਾਂ ਨਾਲ ਕੁਝ ਨਹੀਂ ਬਣਨਾ, ਤੱਤ ਪ੍ਰਮਾਰਥੀ ਵਸਤੂ ਪ੍ਰਾਪਤ ਨਹੀਂ ਹੋਣੀ।

# ੫੯. ਆਨਮਤ ਕਰਮਾਂ ਤੇ ਗੁਰਮਤਿ ਕਰਮਾਂ ਦਾ ਟਾਕਰਾ

ਹਰਿ ਭਗਤਿ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ ॥
ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ ॥੪॥
ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ ॥
ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ ॥੫॥੧॥

[ਗੂਜਰੀ ਸ੍ਰੀ ਜੈਦੇਵ ਜੀਉ, ਪੰਨਾ ੫੨੬

ਗੁਰੂ ਸਾਹਿਬ ਜੈਦੇਵ ਭਗਤ ਦੇ ਮੁਖ ਦੁਆਰਾ ਇਹ ਉਪਦੇਸ਼ ਕਰਦੇ ਹਨ ਕਿ ਯੱਗ, ਦਾਨ ਤੇ ਤਪ ਕਰਨ ਦਾ ਕੀ ਲਾਭ ਹੈ ? ਕੇਵਲ ਵਾਹਿਗੁਰੂ ਦੀ ਭਗਤੀ ਕਰਨਾ ਹੀ ਗੁਰਮਤਿ ਅਨੁਸਾਰ ਨਿਹਕੇਵਲ ਪਦ ਪ੍ਰਾਪਤ ਕਰਨਾ ਹੈ। ਸੋ ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਮਨ ਬਚਨ ਕਰਮ ਕਰਕੇ ਅਜਿਹੀ ਭਗਤੀ ਕਰਨੀ ਹੀ ਫਲਦਾਇਕ ਹੋ ਸਕਦੀ ਹੈ ਤੇ ਗੋਬਿੰਦ ਗੋਬਿੰਦ ਰੂਪੀ ਵਾਹਿਗੁਰੂ-ਭਗਤੀ ਧੁਨੀ ਉਚਾਰੀ ਤੇ ਹੀ ਨਰ ਮਨੁਖ ਨੂੰ ਸਗਲ ਪ੍ਰਮਾਰਥੀ ਪਦ ਪ੍ਰਾਪਤ ਹੋ ਜਾਂਦੇ ਹਨ। ਜੋ ਨਰ ਸਭ ਪਾਖੰਡ ਭੇਖ ਤਿਆਗ ਕੇ ਗੁਰੂ ਸੱਚੇ ਪਾਤਸ਼ਾਹ ਦੀ ਸਰਣਾਗਤ ਆਉਂਦੇ ਹਨ, ਸੋ ਗੁਰਮਤਿ ਅਭਿਆਸ ਕਮਾਈ ਧਾਰਨ ਕਰਦੇ ਹਨ, ਉਨ੍ਹਾਂ ਨੂੰ ਹੀ ਇਹ ਪਦ ਪ੍ਰਾਪਤ ਹੋ ਸਕਦਾ ਹੈ। ਤਾਂ ਤੇ ਜੋਗ ਸੰਨਿਆਸ, ਜਪ ਤਪ ਪੂਜਾ ਆਦਿਕ ਸਾਰੇ ਆਨਮਤੀ ਕਰਮ ਭੇਖ ਦਿਖਾਵੇ ਦੇ ਹੀ ਧਰਮ ਹਨ। ਇਨ੍ਹਾਂ ਨੂੰ ਛਡ ਕੇ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਗਤੀ (ਕਲਿਆਣ) ਪ੍ਰਾਪਤ ਹੋ ਸਕਦੀ ਹੈ, ਐਵੇਂ ਉੱਕੀ ਹੀ ਪ੍ਰਾਪਤ ਨਹੀਂ ਹੋ ਸਕਦੀ, ਭਾਵੇਂ ਕਿਤਨਾ ਹੀ ਭੇਖ ਕੋਈ ਕਿਉਂ ਨਾ ਧਾਰਨ ਕਰਦਾ ਫਿਰੇ।

ਜਿਨ ਕੈ ਹਿਰਦੈ ਨਾਹਿ ਹਰਿ ਸੁਆਮੀ ਤੇ ਬਿਗੜ ਰੂਪ ਬੇਰਕਟੀ ॥
ਜਿਉ ਨਿਗੁਰਾ ਬਹੁ ਬਾਤਾ ਜਾਣੈ ਓਹੁ ਹਰਿ ਦਰਗਹ ਹੈ ਭ੍ਰਸਟੀ ॥੧॥੬॥

[ਦੇਵਗੰਧਾਰੀ ਮ: ੪, ਪੰਨਾ ੫੨੮

ਇਹ ਦੋ ਤੁਕਾਂ ਸਿਧ ਕਰਦੀਆਂ ਹਨ ਕਿ ਗੁਰਮੰਤ੍ਰ ਹੀਣਸ ਨਿਗੁਰੇ ਪੁਰਸ਼ ਦਾ ਕਥਿਆ ਕੀਤਾ ਕਰਾਇਆ ਸਭ ਕੁਛ ਨਿਸਫਲ ਹੈ, ਵਾਹਿਗੁਰੂ ਦੀ ਦਰਗਾਹ ਵਿਚ ਪ੍ਰਵਾਣ ਨਹੀਂ ਪੈਂਦਾ। ਇਹ ਮਨਮੁਖ ਪਾਖੰਡੀ ਭੇਖਧਾਰੀ ਪੁਰਸ਼ ਦਰਗਾਹ ਅੰਦਰ ਭ੍ਰਿਸ਼ਟ-ਕਰਮੀ ਹੀ ਸਮਝੇ ਜਾਂਦੇ ਹਨ। ਜਿਨ੍ਹਾਂ ਦੇ ਹਿਰਦੇ ਅੰਦਰ ਗੁਰਪ੍ਰਸਾਦ ਦੁਆਰਾ ਵਾਹਿਗੁਰੂ ਰੂਪੀ ਸਵਾਮੀ ਨਹੀਂ ਵਸਿਆ, ਉਹ ਭਾਵੇਂ ਕਿਤਨੇ ਬਣਾਉ

ਸ਼ਿੰਗਾਰ ਕਰਨ, ਬਿਗੜ ਰੂਪ ਅਤੇ ਕੋਹੜੇ ਹੀ ਰਹਿੰਦੇ ਹਨ।

ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ॥
ਛਾਡਿ ਸਿਆਨਪ ਸੰਜਮ ਨਾਨਕ ਲਾਗੋ ਗੁਰ ਕੀ ਚਰਣੀ ॥੨॥੯॥
[ਦੇਵਗੰਧਾਰੀ ਮ: ੫, ਪੰਨਾ ੫੩੦

ਇਸ ਇਕੱਲੀ ਦੋ-ਤੁਕੀ ਗੁਰਮਤਿ ਦੁਆਰਾ ਗੁਰੂ ਸਾਹਿਬ ਨੇ ਗੁਰਮਤਿ ਤੋਂ ਬਿਨਾਂ ਸਾਰੇ ਕਰਮਾਂ ਧਰਮਾਂ ਦਾ ਖੰਡਨ ਕਰ ਦਿਤਾ ਹੈ। ਇਹ ਸਾਰੇ ਕਰਮ ਧਰਮ, ਚਾਹੇ ਕਿਤਨੇ ਨਿਰਮਲ ਕਰਮ ਕਰਨ, ਕਿਸੇ ਲੇਖੇ ਨਹੀਂ ਪੈਂਦੇ। ਤਾਂ ਤੇ ਸੰਜਮ ਸਿਆਣਪਾਂ ਛੋੜ ਕੇ ਉਸ ਸਤਿਗੁਰ ਦੀ ਚਰਨੀ ਲਗਣਾ ਹੀ ਉਚਿਤ ਹੈ (ਕਰਮ ਧਰਮ ਸੰਜਮੀ ਸਿਆਣਪਾਂ ਛਡ ਕੇ)।

ਪ੍ਰਭ ਜੀਉ ਪੇਖਉ ਦਰਸੁ ਤੁਮਾਰਾ ॥
ਸੁੰਦਰ ਧਿਆਨੁ ਧਾਰੁ ਦਿਨੁ ਰੈਨੀ ਜੀਅ ਪ੍ਰਾਨ ਤੇ ਪਿਆਰਾ ॥੧॥ਰਹਾਉ॥
ਸਾਸਤ੍ਰ ਬੇਦ ਪੁਰਾਨ ਅਵਿਲੋਕੇ ਸਿਮ੍ਰਿਤਿ ਤਤੁ ਬੀਚਾਰਾ ॥
ਦੀਨਾਨਾਥ ਪ੍ਰਾਨਪਤਿ ਪੂਰਨ ਭਵਜਲ ਉਧਰਨਹਾਰਾ ॥੧॥੨੦॥
[ਦੇਵਗੰਧਾਰੀ ਮ: ੫, ਪੰਨਾ ੫੩੨

ਆਨਮਤੀ ਪੁਸਤਕ ਸ਼ਾਸਤ੍ਰ ਬੇਦ ਪੁਰਾਣ ਸਭ ਠੋਕ ਕੇ ਵੇਖ ਲਏ ਹਨ ਤੇ ਸਿਮਰਤੀਆਂ ਨੇ ਜੋ ਤੱਤ ਵਿਚਾਰਿਆ ਹੈ ਉਹ ਭੀ ਠੋਕ ਕੇ ਦੇਖ ਲਿਆ ਹੈ, ਇਹਨਾਂ ਅੰਦਰ ਪ੍ਰਮਾਰਥੀ ਮੁਸ਼ਕ ਮਾਤਰ ਭੀ ਨਹੀਂ। ਇਹ ਕੇਵਲ ਵਾਹਿਗੁਰੂ ਪ੍ਰਾਨਪਤੀ ਦੀਨਾ-ਨਾਥ ਹੀ ਹੈ ਜਿਸ ਨੂੰ ਗੁਰਮਤਿ ਦੁਆਰਾ ਸਾਰੇ ਹੀ ਪਰੀਪੂਰਨ ਦੇਖ ਸਕੀਦਾ ਹੈ ਅਤੇ ਕੇਵਲ ਗੁਰਮਤਿ ਦੁਆਰਾ ਵਾਹਿਗੁਰੂ ਨਾਮ ਅਭਿਆਸ ਸਿਮਰਨ ਕੀਤਾ ਹੀ ਪਾਰ ਕਰਨ ਵਾਲਾ ਹੈ।

ਕਰਤ ਫਿਰੇ ਬਨ ਭੇਖ ਮੋਹਨ ਰਹਤ ਨਿਰਾਰ ॥੧॥ਰਹਾਉ॥
ਕਥਨ ਸੁਨਾਵਨ ਗੀਤ ਨੀਕੇ ਗਾਵਨ ਮਨ ਮਹਿ ਧਰਤੇ ਗਾਰ ॥੧॥
ਅਤਿ ਸੁੰਦਰ ਬਹੁ ਚਤੁਰ ਸਿਆਨੇ ਬਿਦਿਆ ਰਸਨਾ ਚਾਰ ॥੨॥
ਮਾਨ ਮੋਹ ਮੇਰ ਤੇਰ ਬਿਬਰਜਿਤ ਏਹੁ ਮਾਰਗੁ ਖੰਡੇਧਾਰ ॥੩॥
ਕਹੁ ਨਾਨਕ ਤਿਨਿ ਭਵਜਲੁ ਤਰੀਅਲੇ ਪ੍ਰਭ ਕਿਰਪਾ ਸੰਤ ਸੰਗਾਰ ॥
੪॥੧॥੩੧॥[ਦੇਵਗੰਧਾਰੀ ਮ: ੫, ਪੰਨਾ ੫੩੪

ਕਈ ਲੋਗ ਭੇਖ ਬਣਾ ਕੇ ਜੰਗਲਾਂ ਵਿਖੇ ਘੁੰਮਦੇ ਫਿਰਦੇ ਹਨ, ਪਰੰਤੂ ਮੋਹਨ ਵਾਹਿਗੁਰੂ ਦੀ ਪ੍ਰਾਪਤੀ ਅਜਿਹੇ ਭੇਖੀਆਂ ਤੋਂ ਦੁਰਾਡੀ ਹੀ ਰਹਿ ਜਾਂਦੀ ਹੈ। ਮਨਮੋਹਨ ਅਕਾਲ ਪੁਰਖ ਵਾਹਿਗੁਰੂ ਗੁਰਮਤਿ ਦੁਆਰਾ ਹੀ ਪਾ ਸਕੀਦਾ ਹੈ। ਮੂੰਹੋਂ ਫੋਕਟ ਉਪਦੇਸ਼ ਕਹਿਣੇ ਤੇ ਸੁਣਾਉਣੇ ਅਤੇ ਕੱਚੇ ਗੀਤ ਸਵਾਰ ਸਵਾਰ ਗਾਉਣੇ, ਮਨ ਵਿਚ ਗੰਦ ਹੀ ਖਿਲਾਰਦੇ ਹਨ। ਇਹ ਕਚ-ਪਿਚੀਆਂ ਬਾਣੀਆਂ

ਬਨਾਵਟੀ ਭੇਖਾਂ ਦੀਆਂ ਮਨ ਅੰਦਰ ਮੰਦੇ ਖ਼ਿਆਲ ਹੀ ਲਿਆਉਂਦੀਆਂ ਹਨ, ਤੱਤ ਗੁਰਮਤਿ ਸਾਰ ਨਿਰੰਜਨੀ ਇਨ੍ਹਾਂ ਤੋਂ ਪ੍ਰਾਪਤ ਨਹੀਂ ਹੁੰਦਾ। ਜੇਹੜੇ ਲੋਕ ਆਪਣੇ ਆਪ ਨੂੰ ਅਤੀ ਸੁੰਦਰ ਸਦਾਉਂਦੇ ਹਨ ਤੇ ਬਹੁਤ ਚਤਰ ਸਿਆਣੇ ਕਹਾਉਂਦੇ ਹਨ ਅਤੇ ਰਸਨਾ ਕਰਕੇ ਬਿਦਿਆਚਾਰੀ ਬਣਦੇ ਹਨ, ਉਨ੍ਹਾਂ ਭੇਖ-ਧਾਰੀਆਂ ਦੇ ਭੇਖ ਕਦੇ ਲੇਖੇ ਨਹੀਂ ਲਗਦੇ। ਮਾਨ ਮੋਹ ਆਦਿਕ ਛਡਣੇ (ਤਿਆਗ ਦੇਣੇ) ਇਹ ਰਸਤਾ ਖੰਡੇਧਾਰ ਮਾਰਗ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਨ੍ਹਾਂ ਨੂੰ ਹੀ ਭਵਜਲ ਤੋਂ ਤਰਨਾ ਨਸੀਬ ਹੋਇਆ ਹੈ ਜਿਨ੍ਹਾਂ ਨੂੰ ਵਾਹਿਗੁਰੂ ਦੀ ਕਿਰਪਾ ਦੁਆਰਾ ਗੁਰੂ ਸਾਹਿਬ ਦੀ ਸਾਧ ਸੰਗਤਿ ਪ੍ਰਾਪਤ ਹੋਈ।

ਕਹ ਪੇਖਾਰਉ ਹਉ ਕਰਿ ਚਤੁਰਾਈ ਬਿਸਮਨ ਬਿਸਮੇ ਕਹਨ ਕਹਾਤਿ ॥੧॥
ਗਣ ਗੰਧਰਬ ਸਿਧ ਅਰੁ ਸਾਧਿਕ ॥
ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥
ਚਤੁਰ ਬੇਦ ਉਚਰਤ ਦਿਨੁ ਰਾਤਿ ॥...੨॥੨॥੩੫॥

[ਦੇਵਗੰਧਾਰੀ ਮ: ੫, ਪੰਨਾ ੫੩੫

ਇਸ ਗੁਰਵਾਕ ਦੋ-ਪੰਗਤੀ ਦੁਆਰਾ ਗੁਰੂ ਸਾਹਿਬ ਨੇ ਸਾਰੇ ਆਨਮਤ ਭੇਖਾਂ ਨੂੰ ਖੰਡਨ ਕੀਤਾ ਹੈ ਤੇ ਗੁਰਮਤਿ ਸਿਧਾਂਤ ਨੂੰ ਮੁਖ ਰਖਿਆ ਹੈ। ਅਗਾਧ ਬੋਧ ਵਾਹਿਗੁਰੂ ਦੇ ਸਰੂਪ ਵਿਚ ਗੁਰਮਤਿ ਦੀ ਸੱਚੀ ਸਿਖਸ਼ਾ ਕਰਕੇ, ਸਿਫ਼ਤ ਸਾਲਾਹੀ ਰੰਗਾਂ ਵਿਚ ਮਖ਼ਮੂਰ ਹੋਇਆਂ ਬਿਸਮਾਦ ਹੋ ਜਾਈਦਾ ਹੈ, ਕਹਿਨ ਕਥਨ ਜੋਗੀ ਕੋਈ ਗੱਲ ਭੀ ਨਹੀਂ ਰਹਿੰਦੀ। ਆਪਣੀ ਮਨਮੁਖਤਾ ਭਰੀ ਚਤਰਾਈ ਕਰਕੇ ਜੋ ਆਨਮਤੀ ਭੇਖੀ ਲੋਕ ਇਹ ਦਾਅਵਾ ਕਰਦੇ ਹਨ ਕਿ ਅਸੀਂ ਅਦ੍ਰਿਸ਼ਟ ਵਾਹਿਗੁਰੂ ਨੂੰ ਦੇਖ ਲਿਆ ਹੈ, ਨਿਰੇ ਪਾਖੰਡੀ ਭੇਖਧਾਰੀ ਹਨ। ਇਥੋਂ ਤਾਈਂ ਕਿ ਗਣ ਗੰਧਰਬ (ਦੇਵਤਿਆਂ ਦੇ ਗਵੱਈਏ) ਅਤੇ ਸਿਧ ਸਾਧਕ, ਕਰਾਮਾਤੀ ਸ਼ਕਤੀਆਂ ਰਖਣ ਤੇ ਫ਼ਖ਼ਰ ਕਰਨ ਵਾਲੇ ਜੋਗੀ ਜਨ, ਸਭ ਝਖ ਮਾਰਦੇ ਹਨ ਅਤੇ ਤੱਤ ਪ੍ਰਮਾਰਥ ਤੋਂ ਉਰੇ ਉਰੇ ਹੀ ਰਹਿ ਜਾਂਦੇ ਹਨ। ਸੁਰ ਨਰ ਦੇਵਤੇ (ਜੋ ਆਪਣੇ ਆਪ ਨੂੰ ਬ੍ਰਹਮ ਨੇਸ਼ਠੀ ਮਹਾਂ ਪੁਰਖ ਸਦਾਉਂਦੇ ਹਨ) ਏਥੋਂ ਤਾਈਂ ਕਿ ਬ੍ਰਹਮਾ ਆਦਿਕ ਦੇਵਤੇ ਭੀ, ਜੋ ਦਿਨ ਅਰ ਰਾਤ ਚਾਰੇ ਵੇਦ ਉਚਾਰਨ ਕਰਦੇ ਹਨ, ਅਗਮ ਠਾਕਰ ਦੀ ਅਗਾਧ-ਗਤੀ ਨੂੰ ਨਹੀਂ ਜਾਣ ਸਕਦੇ।

ਕਲੀ ਅੰਦਰਿ ਨਾਨਕਾ ਜਿੰਨਾ ਦਾ ਅਉਤਾਰੁ ॥
ਪੁਤੁ ਜਿਨੂਰਾ ਜੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥

[ਸਲੋਕ ਮ: ੧

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ ॥ ਨਾਰਦਿ ਕਹਿਆ ਸਿ ਪੂਜ ਕਰਾਂਹੀ ॥

ਅੰਧੇ ਗੁੰਗੇ ਅੰਧ ਅੰਧਾਰੁ ॥ ਪਾਥਰੁ ਲੇ ਪੂਜਹਿ ਮੁਗਧ ਗਵਾਰ ।
ਓਹਿ ਜਾ ਆਪਿ ਡੁਬੇ ਤੁਮ ਕਹਾ ਤਰਣਹਾਰੁ ॥੨॥੨੦॥
[ਮ: ੧, ਬਿਹਾਗੜੇ ਕੀ ਵਾਰ, ਪੰਨਾ ੫੫੬

ਕਲਜੁਗ ਅੰਦਰ (ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ) ਬਹੁਤੇ ਜਿੰਨ (ਭੂਤਨੇ)ਲੋਗ ਹੀ ਜਨਮੇ ਹਨ। ਕਲਜੁਗ ਅੰਦਰ ਜਣਨਹਾਰੀ ਜਣਨੀ ਜੋ ਪੁਤਰ ਜਣਦੀ ਹੈ, ਉਹ ਭੀ ਛੋਟਾ ਜਿੰਨ ਭੂਤਨਾ ਹੀ ਹੁੰਦਾ ਹੈ, ਧੀ ਜੋ ਜਣਦੀ ਹੈ ਉਹ ਭੀ ਭੂਤਨੀ ਹੀ ਹੁੰਦੀ ਹੈ, ਜਣਨਹਾਰੀ ਜੋਰੂ (ਜਣਨੀ, ਇਸਤ੍ਰੀ) ਤਾਂ ਨਿਰੀ ਹੀ ਭੂਤਨੀਆਂ ਦੀ ਸਰਦਾਰ ਹੁੰਦੀ ਹੈ। ਹਿੰਦੂ ਲੋਕ ਮੂਲੋਂ ਹੀ ਸਤਿਗੁਰ ਤੋਂ ਭੁੱਲੇ ਖੋਟੇ ਰਸਤੇ (ਕੁਰਾਹੇ) ਜਾ ਰਹੇ ਹਨ, ਜੋ ਨਾਰਦ ਮੁਨੀ ਨੇ ਕਿਹਾ ਹੈ, ਉਸੇ ਦੀ ਪੂਜਾ ਕਰਦੇ ਹਨ। ਉਹ ਮੂਲੋਂ ਹੀ ਪ੍ਰਮਾਰਥ ਵਲੋਂ ਅੰਨ੍ਹੇ ਹਨ, ਪ੍ਰਮਾਰਥ ਤੋਂ ਐਸੇ ਘੁੱਥੇ ਹੋਏ ਹਨ ਕਿ ਸੁਧ ਪ੍ਰਮਾਰਥੀ ਇਕ ਅੱਖਰ ਭੀ ਨਹੀਂ ਬੋਲ ਸਕਦੇ, ਨਿਰੇ ਹੀ ਗੁੰਗੇ ਹਨ ਅਤੇ ਤਿਮਰ ਅਗਿਆਨ ਅੰਧੇਰੇ ਵਿਚ ਹੀ ਵਸਦੇ ਹਨ। ਉਹ ਬੜੇ ਹੀ ਮੂਰਖ ਅਤੇ ਗਵਾਰ ਹਨ, ਅੰਨ੍ਹੇ-ਵਾਹ ਨਾਰਦ ਦੇ ਮਗਰ ਹੀ ਲਗੇ ਜਾਂਦੇ ਹਨ। ਜੋ ਕੁਛ ਨਾਰਦ ਕਹਿੰਦਾ ਹੈ ਉਸੇ ਦੇ ਗੁਮਰਾਹ ਕੀਤੇ ਹੋਏ ਉਸੇ ਦੀ ਪੂਜਾ ਕਰਦੇ ਹਨ। ਐਸੇ ਮੂਰਖ ਗਵਾਰ ਹਨ ਕਿ ਪੱਥਰ ਨੂੰ ਦੇਵਤਾ ਬਣਾ ਕੇ ਉਸੇ ਦੀ ਪੂਜਾ ਕਰੀ ਜਾਂਦੇ ਹਨ। ਜਿਸ ਦੀ ਉਹ ਪੂਜਾ ਕਰਦੇ ਹਨ, ਉਹ ਪੱਥਰ ਆਪ ਹੀ ਡੁੱਬਣਹਾਰਾ ਹੈ, ਪੂਜਕਾਂ ਨੂੰ ਤਾਰਣਹਾਰਾ ਕਦੋਂ ਹੋ ਸਕਦਾ ਹੈ।

ਸੋ ਜੋਗੀ ਜੁਗਤਿ ਸੋ ਪਾਏ ਜਿਸ ਨੋ ਗੁਰਮੁਖਿ ਨਾਮੁ ਪ੍ਰਾਪਤਿ ਹੋਇ ॥
ਤਿਸੁ ਜੋਗੀ ਕੀ ਨਗਰੀ ਸਭੁ ਕੋ ਵਸੈ ਭੇਖੀ ਜੋਗੁ ਨ ਹੋਇ ॥
ਨਾਨਕ ਐਸਾ ਵਿਰਲਾ ਕੋ ਜੋਗੀ ਜਿਸੁ ਘਟਿ ਪਰਗਟੁ ਹੋਇ ॥੨॥੨੧॥
[ਬਿਹਾਗੜੇ ਕੀ ਵਾਰ, ਮ: ੩, ਪੰਨਾ ੫੫੬

ਅਸਲ ਸੱਚਾ ਜੋਗੀ ਉਹ ਹੈ ਜੋ ਸੱਚੇ ਵਾਹਿਗੁਰੂ ਨਾਲ ਜੁੜਨ ਦੀ ਸੱਚੀ ਗੁਰਮਤਿ ਜੁਗਤੀ ਜਾਣਦਾ ਹੈ। ਐਸੇ ਜੋਗ ਪਦ ਨੂੰ ਸੋਈ ਜਨ ਪਾ ਸਕਦਾ ਹੈ ਜਿਸ ਨੂੰ ਗੁਰੂ ਦੁਆਰਾ ਗੁਰਮਤਿ ਨਾਮ-ਦੀਖਸ਼ਤ ਪ੍ਰਾਪਤ ਹੁੰਦੀ ਹੈ। ਐਸੇ ਗੁਰਮੁਖਿ ਜੋਗੀ ਦੀ ਸਰੀਰ ਰੂਪੀ ਨਗਰੀ ਵਿਖੇ ਹਰ ਪ੍ਰਕਾਰ ਦੇ ਅਮੋਲਕ ਗੁਣ ਹੁੰਦੇ ਹਨ। ਇਨ੍ਹਾਂ ਗੁਣਾਂ ਦੁਆਰਾ ਸੁਭਾਵਕ ਹੀ ਜੋਗਪਣ ਪ੍ਰਾਪਤ ਹੁੰਦਾ ਹੈ (ਵਾਹਿਗੁਰੂ ਨੂੰ ਜੋੜਨ ਵਾਲਾ)। ਭੇਖਾਂ ਕਰਕੇ ਭੇਖੀ ਜੋਗੀ ਬਣਿਆਂ ਵਾਹਿਗੁਰੂ ਦਾ ਮੇਲ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਐਸਾ ਕੋਈ ਵਿਰਲਾ ਹੀ ਹੁੰਦਾ ਹੈ ਜਿਸ ਦੇ ਹਿਰਦੇ ਅੰਦਰ ਵਾਹਿਗੁਰੂ ਪ੍ਰਗਟ ਹੋ ਜਾਂਦਾ ਹੈ।

ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥
ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥

ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥
ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥...੧॥੩॥
[ਵਡਹੰਸੁ ਮ: ੧ ਘਰੁ ੨, ਪੰਨਾ ੫੫੭-੫੮

ਇਨ੍ਹਾਂ ਗੁਰਵਾਕ-ਤੁਕਾਂ ਦੁਆਰਾ ਸਾਫ਼ ਸਿਧ ਹੁੰਦਾ ਹੈ ਕਿ ਚੂੜਾ, ਚੂੜੀਆਂ, ਵੰਗਾਂ ਆਦਿਕ ਦੇ ਜੋ ਆਨਮੱਤੀ ਸ਼ਿੰਗਾਰ ਕੀਤੇ ਜਾਂਦੇ ਹਨ, ਉਨ੍ਹਾਂ ਦਾ ਪਹਿਰਨਾ ਮਹਾਂ ਮਨਮਤਿ ਹੈ ਅਤੇ ਨਿਰਾ ਹੀ ਗੁਰਮਤਿ ਤੋਂ ਉਲਟ ਹੈ। ਨਾ ਸਿਰਫ਼ ਛੇਦਕ ਗਹਿਣੇ (ਨੱਕ ਤੇ ਕੰਨਾਂ ਵਿਚ ਛੇਦ ਕਰਨ ਵਾਲੇ ਗਹਿਣੇ) ਪਹਿਰਨੇ ਹੀ ਗੁਰਮਤਿ ਪ੍ਰਤਿਕੂਲ (ਉਲਟ) ਹਨ, ਬਲਕਿ ਹੱਥਾਂ ਪੈਰਾਂ ਵਿਚ ਸ਼ਿੰਗਾਰ-ਰਸੀ ਅਣਛੇਦੇ ਗਹਿਣੇ ਪਹਿਨਣਾ ਭੀ ਮਹਾਂ ਮਨਮਤਿ ਹੈ। ਦੇਖੋ ਇਸ ਗੁਰਵਾਕ ਤੁਕਾਂ ਵਿਚ ਸਾਫ਼ ਵੰਗਾਰ ਕੇ ਇਹ ਕੂੜਾਵੇ ਸ਼ਿੰਗਾਰ ਖੰਡੇ ਗਏ ਹਨ।

ਮਹਾਰਾਜ ਫ਼ੁਰਮਾਉਂਦੇ ਹਨ, ਹੇ ਸ਼ਿੰਗਾਰ ਕਰਨ ਵਾਲੀ ਇਸਤ੍ਰੀਏ! ਤੂੰ ਚੂੜਾ ਭੰਨ ਘੱਤ ਸਣੇ ਪਲੰਘ ਦੇ, ਜਿਸ ਉਪਰ ਤੂੰ ਪੈਂਦੀ ਹੈਂ, ਸਣੇ ਆਪਣੀ ਬਾਹਾਂ ਦੇ, ਸਣੇ ਪਲੰਘ ਦੀਆਂ ਬਾਹੀਆਂ ਦੇ, ਆਪਣੇ ਬਾਹਾਂ ਵਿਚ ਪਾਏ ਚੂੜੇ ਨੂੰ ਭੰਨ ਸਿਟ। ਅਜਿਹੇ ਭੈੜੇ ਵੇਸ ਕਰਨ ਵਾਲੀ ਜਗਿਆਸੂ ਇਸਤ੍ਰੀਏ! ਅਜਿਹੇ ਮਨਮੁਖੀ ਵੇਸ ਕੀਤਿਆਂ ਵਾਹਿਗੁਰੂ ਪਤੀ-ਪਰਮੇਸ਼ਰ ਨਹੀਂ ਰੀਝਦਾ। ਜੋ ਜਗਿਆਸੂ ਇਸਤ੍ਰੀਆਂ ਅਜਿਹਾ ਮਨਮਤੀ ਸ਼ਿੰਗਾਰ ਨਹੀਂ ਕਰਦੀਆਂ, ਉਹ ਤਾਂ ਉਨ੍ਹਾਂ ਉਤੇ ਰੀਝਦਾ ਹੈ। ਹੇ ਜਗਿਆਸੂ ਇਸਤ੍ਰੀਏ, ਨਾ ਹੀ ਤੇਰੇ ਪਾਸ ਉਹ ਵੰਗਾਂ ਅਤੇ ਚੂੜੀਆਂ ਪਹਿਨੀਆਂ ਹੋਈਆਂ ਹਨ ਜਿਨ੍ਹਾਂ ਨੂੰ ਪਹਿਨ ਕੇ ਪਤੀ ਪਰਮੇਸ਼ਰ ਹੀ ਮਿਲਿਆ ਹੈ। ਤੇਰੇ ਪਾਸ ਇਹ ਦਿਖਾਵੇ ਦੀਆਂ ਵੰਗਾਂ ਚੂੜੀਆਂ ਤਾਂ ਹਨ, ਪਰ ਉਹ ਚੂੜੀਆਂ ਵੰਗਾਂ ਨਹੀਂ ਜਿਨ੍ਹਾਂ ਨੂੰ ਪਾ ਕੇ ਪਤੀ ਨੂੰ ਮਿਲਣ ਜਾਈਦਾ ਹੈ। ਭਾਉ-ਭਗਤੀ ਦਾ ਤੇਰੇ ਪਾਸ ਕੋਈ ਸ਼ਿੰਗਾਰ ਨਹੀਂ। ਜਿਹੜੀਆਂ ਬਾਹਾਂ ਇਨ੍ਹਾਂ ਕੂੜਾਵੇ ਸ਼ਿੰਗਾਰਾਂ ਦੇ ਕੂੜਾਵੇ ਵੇਸ ਵਿਚ ਸ਼ਿੰਗਾਰੀਆਂ ਪਈਆਂ ਹਨ, ਇਨ੍ਹਾਂ ਦੇ ਪਹਿਰਨ ਕਰਿ ਵਾਹਿਗੁਰੂ ਰੂਪੀ ਪਤੀ ਦੇ ਗਲ ਨਹੀਂ ਲਗ ਸਕੀਦਾ, ਨਾ ਹੀ ਅਜਿਹੀਆਂ ਸ਼ਿੰਗਾਰ-ਰਸੀ ਬਾਹਾਂ ਆਤਮ-ਰੰਗੀ-ਪਰਮਾਤਮਾ ਦੇ ਦਿਬ ਸਰੀਰ ਨਾਲ ਚਿਮੜ ਸਕਦੀਆਂ ਹਨ। ਤਾਂ ਤੇ ਅਜਿਹੇ ਨਿਕੰਮੇ ਸ਼ਿੰਗਾਰ ਕਰਨ ਵਾਲੀਆਂ ਬਾਹਾਂ, ਜੋ ਪਤੀ ਪਰਮੇਸ਼ਰ ਨਾਲ ਮਿਲ ਕੇ ਹੇਲ ਮੇਲ ਕੇਲ ਨਹੀਂ ਕਰ ਸਕਦੀਆਂ ਤੇ ਹੋਛੇ ਸ਼ਿੰਗਾਰਾਂ ਵਿਚ ਹੀ ਰੱਤੀਆਂ ਮੱਤੀਆਂ ਰਹਿੰਦੀਆਂ ਹਨ, ਜੇ ਸੜ ਜਾਣ ਤਾਂ ਚੰਗੀਆਂ ਹਨ।

ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥
ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥...॥੧॥੩॥
[ਵਡਹੰਸੁ ਮ: ੧, ਪੰਨਾ ੫੫੮

ਇਹ ਗੁਰਵਾਕ ਦੋ-ਤੁਕੀ ਉਨ੍ਹਾਂ ਆਨਮਤ ਪਾਖੰਡੀ ਸ਼ਿੰਗਾਰਾਂ ਨੂੰ ਖੰਡਨ

ਕਰਦੀ ਹੈ ਜੋ ਗੁਰਮਤਿ ਅਨੁਸਾਰ ਕਰਨੇ ਉੱਕੇ ਹੀ ਬਿਬਰਜਤ ਹਨ, ਜੈਸੇ ਕਿ ਸਿਰ ਦੇ ਕੇਸਾਂ ਦੀਆਂ ਵਾਲਾਂ ਨੂੰ ਜਕੜ ਜਕੜ ਕੇ ਮੀਂਡੀਆਂ ਬਣਾਉਣੀਆਂ (ਗੁੰਦਣੀਆਂ) ਤੇ ਪੱਟੀਆਂ ਕਢਣੀਆਂ ਆਦਿ ਹਨ, ਜੋ ਮਹਾਂ ਮਨਮਤਿ ਹਨ। ਮਾਂਗਾਂ ਸੰਵਾਰਨੀਆਂ ਅਤੇ ਉਹਨਾਂ ਵਿਚ ਸੰਧੂਰ ਆਦਿਕ ਮੁਸ਼ਕ ਵਾਲੀਆਂ ਚੀਜ਼ਾਂ ਪਾਉਣੀਆਂ ਇਹ ਸ਼ਿੰਗਾਰ ਸਭ ਲੋਕ-ਦਿਖਾਵਾ ਹਨ, ਇਹ ਸਭ ਏਥੇ ਦੇ ਏਥੇ ਹੀ ਰਹਿ ਜਾਵਣ ਵਾਲੇ ਹਨ, ਅਤੇ ਨਾਲ ਨਹੀਂ ਚਲਣੇ। ਨਾ ਹੀ ਇਹ ਫੋਕੇ ਸ਼ਿੰਗਾਰ ਕਰਨ ਵਾਲੀ ਝੂਠੀ ਇਸਤ੍ਰੀ ਦਰਗਾਹੇ ਮੰਨੀ ਜਾਣੀ ਹੈ। ਉਥੇ ਤਾਂ ਜਾ ਕੇ ਅਜਿਹੀਆਂ ਕਾਮਣ ਇਸਤ੍ਰੀਆਂ ਝੂਰ ਝੂਰ ਕੇ, ਵਸੂਰ ਕੇ ਮਰਨਗੀਆਂ ਤੇ ਪਈਆਂ ਪਛੋਤਾਵਣਗੀਆਂ।

ਪ੍ਰਮਾਰਥ ਦੇ ਭਾਵ ਤੋਂ ਘੁੱਥੀਆਂ ਹੋਈਆਂ ਦੇ ਇਹ ਬਨਾਵਟੀ ਸ਼ਿੰਗਾਰ ਦਿਨੋ ਦਿਨ ਵਧਦੇ ਹੀ ਜਾਂਦੇ ਹਨ, ਲੰਮੀਆਂ ਲੰਮੀਆਂ ਦੋ ਗੁਤਾਂ ਕਰ ਕੇ ਨੰਗੇ ਸਿਰ ਫਿਰਨ ਵਾਲੀਆਂ ਤ੍ਰੀਮਤਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ, ਉਨ੍ਹਾਂ ਦੇ ਨੰਗੇ ਝਾਟੇ ਵਿਚ ਸੰਧੂਰ ਦੇ ਥਾਂ ਉਡ ਕੇ ਖੇਹ ਹੀ ਪੈਂਦੀ ਹੈ, ਜੋ ਚਮਕਾਏ ਲਗੇ ਹੋਏ ਤੇਲ ਨਾਲ ਰਲ ਕੇ ਹੋਰ ਚਿਮੜ ਜਾਂਦੀ ਹੈ। ਇਹ ਦਿਖਾਵੇ ਦਾ ਸ਼ਿੰਗਾਰ ਸਿਰਫ਼ ਲੋਕਾਂ ਨੂੰ ਰੀਝਾਉਣ ਲਈ ਕੀਤਾ ਜਾਂਦਾ ਹੈ, ਜੋ ਉੱਕਾ ਹੀ ਗੁਰਮਤਿ ਪ੍ਰਤਿਕੂਲ ਹੈ। ਪਹਿਲੇ ਜ਼ਮਾਨੇ ਦੀਆਂ ਬੇਸਵਾਵਾਂ ਨਾਲੋਂ ਵਧ ਕੇ ਅੱਜ ਕਲ੍ਹ ਦੀਆਂ ਕੁਆਰੀਆਂ ਲੜਕੀਆਂ ਭੈੜੇ ਭੈੜੇ ਸ਼ਿੰਗਾਰ ਕਰਦੀਆਂ ਹਨ, ਰੰਚਕ ਭਰ ਭੀ ਸ਼ਰਮ ਨਹੀਂ ਕਰਦੀਆਂ, ਖੁਲ੍ਹੇ ਬਾਜ਼ਾਰਾਂ ਵਿਚ ਨੰਗੇ ਸਿਰ ਫਿਰਦੀਆਂ ਹਨ। ਬੇਸਵਾਵਾਂ ਤਾਂ ਸਿਰਾਂ ਤੇ ਦੁਪੱਟਾ ਰਖਦੀਆਂ ਸਨ, ਇਨ੍ਹਾਂ ਬੇਸ਼ਰਮਾਂ ਨੇ ਦੁਪੱਟੇ ਭੀ ਲਾਹ ਛਡੇ ਹਨ। ਇਨ੍ਹਾਂ ਕੁਆਰੀਆਂ ਲੜਕੀਆਂ ਦੇ ਲੱਜਾ-ਹੀਣ ਮਾਪੇ ਸਗੋਂ ਅਜਿਹਾ ਲੱਜਾ-ਪੂਰਤ ਸ਼ਿੰਗਾਰ ਕਰਨ ਕਰਾਵਨ ਨੂੰ ਬੜਾ ਫ਼ਖ਼ਰ ਸਮਝਦੇ ਹਨ। ਆਨਮਤ ਦੀ ਰੀਸੇ ਕੁਰੀਸੇ ਸਾਡੀਆਂ ਸਿੱਖਾਂ ਦੀਆਂ ਲੜਕੀਆਂ ਦੇ ਭੀ ਬੇਸਵਾ ਵਾਲੇ ਭੈੜੇ ਰਿਵਾਜ ਹੋ ਰਹੇ ਹਨ, ਉਨ੍ਹਾਂ ਦੇ ਸਿਖ ਸਦਾਵਣ ਵਾਲੇ ਮਾਪੇ ਭੀ ਮੂਲੋਂ ਹੀ ਘੁੱਥੇ ਜਾ ਰਹੇ ਹਨ।

ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ ॥
ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥੨॥
ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ ਵਿਣੁ ਸਤਿਗੁਰ ਕੀ ਸਰਣਾਇ॥...੩॥੧॥
[ਵਡਹੰਸੁ ਮ: ੩, ਪੰਨਾ ੫੫੮

ਇਸ ਗੁਰਵਾਕ ਦੁਆਰਾ ਸਿਧਾਂ ਦੇ ਆਸਣ ਜਮਾਉਣੇ ਤੇ ਤਾੜੀਆਂ ਲਾਉਣੀਆਂ ਸਭ ਮਨਮਤੀ ਆਨਮਤ ਕਰਮ ਸਿਧ ਕੀਤੇ ਹੋਏ ਹਨ। ਜੇ ਸਿਧਾਂ ਵਾਲੇ ਸਾਰੇ ਆਸਣ ਜਮਾਉਣੇ ਸਿਖ ਲਏ ਜਾਣ ਤੇ ਇੰਦ੍ਰੀਆਂ ਨੂੰ ਵਸ ਕਰ ਕੇ ਮਨਮਤਿ ਕਮਾਈ ਕੀਤੀ ਜਾਵੇ, ਕਿਸੇ ਲੇਖੇ ਨਹੀਂ ਪੈਂਦੀ। ਸਿਧ ਲੋਕ ਫੋਕੀ ਤਾੜੀ ਲਾ ਕੇ ਚੁਪ ਗੜੁੱਪ ਆਸਣ ਜਮਾਈ ਬੈਠੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰਲੇ ਸੰਕਲਪ ਵਿਕਲਪੀ ਫੁਰਨੇ

ਕੁਫੁਰਨੇ ਨਹੀਂ ਮਿਟਦੇ। ਇੰਦ੍ਰੀਆਂ ਨੂੰ ਦਮਨ (ਵਸਗਤਿ) ਕਰਨ ਵਾਲੇ ਭਾਵੇਂ ਕਿਤਨੇ ਹੀ ਮਨਮਤੀ ਕਰਮ ਕੀਤੇ ਜਾਣ, ਮਨ ਦੀ ਮੈਲ ਨਹੀਂ ਉਤਰਦੀ, ਨਾ ਹੀ ਇਸ ਬਿਧ ਹਉਮੈ ਦੀ ਮੈਲ ਜਾਂਦੀ ਹੈ। ਤਾਂ ਤੇ ਇਸ ਮਨ ਲਈ ਹੋਰ ਕੋਈ ਭੀ ਢੰਗ ਨਹੀਂ, ਸਿਵਾਏ ਸਤਿਗੁਰ ਦੀ ਸ਼ਰਨ ਲੈ ਕੇ ਗੁਰ-ਦੀਖਿਆ ਲਏ ਬਿਨਾਂ, ਤੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੇ ਬਿਨਾਂ। ਸਾਫ਼ ਸਿੱਟਾ ਇਹ ਹੈ ਕਿ ਗੁਰਮਤਿ ਧਾਰਨ ਕੀਤੇ ਬਿਨਾਂ ਆਨਮਤ ਕਰਮਾਂ ਦਾ ਕਰਨਾ ਨਿਰਾ ਹੀ ਨਿਸਫਲ ਹੈ।

ਬ੍ਰਹਮੈ ਬੇਦ ਬਾਣੀ ਪਰਗਾਸੀ ਮਾਇਆ ਮੋਹ ਪਸਾਰਾ ॥
ਮਹਾਦੇਉ ਗਿਆਨੀ ਵਰਤੈ ਘਰਿ ਆਪਣੈ ਤਾਮਸੁ ਬਹੁਤੁ ਅਹੰਕਾਰਾ ॥੨॥
ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ ॥
ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ ਚੂਕੈ ਮੋਹ ਗੁਬਾਰਾ ॥੩॥੫॥
[ਵਡਹੰਸੁ ਮ: ੩, ਪੰਨਾ ੫੫੯

ਇਹ ਜੋ ਹਿੰਦੂਆਂ ਦੇ ਮੰਨੇ ਪ੍ਰਮੰਨੇ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ ਹਨ, ਇਨ੍ਹਾਂ ਦੀ ਅਨਮਤੀ ਲੋਕ ਭਾਵੇਂ ਕਿਤਨੀ ਹੀ ਵਡਿਆਈ ਕਰ ਲੈਣ, ਪਰ ਗੁਰਮਤਿ ਅਸੂਲਾਂ ਦੀ ਰੌਸ਼ਨੀ-ਮਈ ਕਸੌਟੀ ਤੇ ਚੜ੍ਹਾ ਕੇ ਇਨ੍ਹਾਂ ਦੇਵਤਿਆਂ ਦੀਆਂ ਸਿਖਸ਼ਾਵਾਂ ਤੇ ਕਮਾਈਆਂ ਨਿਰੀਆਂ ਤੁਛ ਮਾਤਰ ਹੀ ਹਨ। ਬ੍ਰਹਮਾ ਨੇ ਬੇਦ-ਬਾਣੀ ਪ੍ਰਗਟ ਕੀਤੀ (ਰਚੀ), ਪਰ ਨਿਰਾ ਮਾਇਆ-ਮੋਹ-ਮਈ-ਜਾਲ ਦਾ ਪਸਾਰਾ ਹੀ ਇਸ ਬੇਦ-ਬਾਣੀ ਦੁਆਰਾ ਹੀ ਪਸਾਰਿਆ, ਅਤੇ ਓੜਕ ਖ਼ੁਦ ਭੀ ਇਸੀ ਮੋਹ-ਮਾਇਆ ਦੇ ਜਾਲ ਵਿਚ ਹੀ ਫਸ ਗਿਆ। ਦੂਜਾ ਦੇਵਤਾ ਹਿੰਦੂਆਂ ਦਾ ਮੰਨਿਆ ਪ੍ਰਮੰਨਿਆ ਮਹਾਂਦੇਉ ਹੈ, ਜੋ ਆਪਣੇ ਆਪ ਵਿਚ ਮਹਾਂ ਗਿਆਨੀ ਬਣਿਆ ਫਿਰਦਾ ਹੈ। ਉਸ ਦੇ ਅੰਦਰੋਂ ਤਾਮਿਸ ਪਿੱਤਾ (ਕ੍ਰੋਧ) ਅਤੇ ਅਹੰਕਾਰ ਨਹੀਂ ਗਿਆ। ਗੁੱਸਾ ਤੇ ਅਹੰਕਾਰ ਉਸ ਵਿਚ ਬਹੁਤ ਹੀ ਰਿਹਾ, ਉਸ ਦੇ ਪਿਛੇ ਲੱਗਣ ਵਾਲੇ ਮਨਮਤੀ ਭੀ ਗੁਸੈਲੇ ਤੇ ਹੰਕਾਰੀ ਹੀ ਰਹਿਣਗੇ। ਕ੍ਰਿਸ਼ਨ (ਬਿਸ਼ਨ) ਨੂੰ ਸਦਾ ਅਵਤਾਰ ਧਾਰਨ ਲਈ ਚਸਕੇਵਾਂ ਤੇ ਰੁਝੇਵਾਂ ਹੀ ਰਹਿੰਦਾ ਹੈ। ਤਾਂ ਤੇ ਇਨ੍ਹਾਂ ਤੇਹਾਂ ਦੇਵਤਿਆਂ ਦੀ ਉਪਾਸ਼ਨਾ ਸੰਸਾਰੀਆਂ ਨੂੰ ਔਝੜ ਲੈ ਜਾਣ ਵਾਲੀ ਹੈ। ਤਾਂ ਤੇ ਸੰਸਾਰ ਕੀਹਦੇ ਪਿਛੇ ਲਗ ਕੇ ਤਰੇ, ਇਹ ਕੇਵਲ ਗੁਰੂ ਵਰੋਸਾਏ ਗੁਰਮੁਖਿ (ਗਿਆਨੀ) ਲੋਗ ਹੀ ਹਨ ਜੋ ਗੁਰਮਤਿ ਨਾਮ ਰੂਪੀ ਸੱਚੇ ਪ੍ਰਚੰਡ ਗਿਆਨ ਵਿਚ ਰੱਤੇ ਹੋਇ ਇਸ ਜੁਗ ਅੰਦਰ ਪੂਰੇ ਉਤਰਦੇ ਹਨ, ਜਿਨ੍ਹਾਂ ਦਾ ਅਗਿਆਨ-ਮਈ-ਮੋਹ ਗੁਬਾਰ ਦੂਰ ਹੋ ਜਾਂਦਾ ਹੈ।

ਲਾਖ ਭਗਤ ਜਾ ਕਉ ਆਰਾਧਹਿ ॥ ਲਾਖ ਤਪੀਸਰ ਤਪੁ ਹੀ ਸਾਧਹਿ ॥
ਲਾਖ ਜੋਗੀਸਰ ਕਰਤੇ ਜੋਗਾ ॥ ਲਾਖ ਭੋਗੀਸਰ ਭੋਗਹਿ ਭੋਗਾ ॥੨॥
ਘਟਿ ਘਟਿ ਵਸਹਿ ਜਾਣਹਿ ਥੋਰਾ ॥ ਹੈ ਕੋਈ ਸਾਜਣੁ ਪਰਦਾ ਤੋਰਾ ॥
ਕਰਉ ਜਤਨ ਜੇ ਹੋਇ ਮਿਹਰਵਾਨਾ ॥ ਤਾ ਕਉ ਦੇਈ ਜੀਉ ਕੁਰਬਾਨਾ ॥੩॥

ਫਿਰਤ ਫਿਰਤ ਸੰਤਨ ਪਹਿ ਆਇਆ॥ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥
ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥
੪॥ ੧॥ [ਵਡਹੰਸੁ ਮ: ੫ ਘਰੁ ੧, ਪੰਨਾ ੫੬੨

ਆਪਣੇ ਮਨ ਦੀ ਮੱਤ ਵਾਲੀ ਅਨਿਕ ਪ੍ਰਕਾਰੀ ਨੌਧਾ ਭਗਤੀ ਦੁਆਰਾ ਭਾਵੇਂ ਆਪੋਂ ਬਣੇ ਲੱਖਾਂ ਹੀ ਭਗਤ ਰੱਬ ਨੂੰ ਆਰਾਧਦੇ ਫਿਰਨ ਅਤੇ ਆਪਣੇ ਮਨ-ਉਕ੍ਤ ਤਪਾਂ ਨੂੰ ਸਾਧ ਕੇ ਭਾਵੇਂ ਲੱਖਾਂ ਹੀ ਤਪ ਕਰਨ ਵਾਲੇ ਤਪ ਹੀ ਕਰਦੇ ਫਿਰਨ; ਭਾਵੇਂ ਲੱਖਾਂ ਹੀ ਜੋਗੀਸ਼ਰ ਮਨ-ਉਕਤ ਜੋਗ-ਸਾਧਨਾ ਦੁਆਰਾ ਜੋਗ ਕਮਾਉਂਦੇ ਫਿਰਨ, ਭਾਵੇਂ ਲੱਖਾਂ ਭੋਗੀਸ਼ਰ ਮਨ-ਉਕਤ ਭੋਗ ਭੋਗਦੇ ਫਿਰਨ, ਪਰ ਵਾਹਿਗੁਰੂ ਅੰਤਰਜਾਮੀ ਨੂੰ, ਘਟ ਘਟ ਵਸਣਹਾਰੇ ਨੂੰ ਕਿਸੇ ਨੇ ਜਾਣਿਆ ਥੋੜੋ ਹੈ, ਭਾਵ, ਕਿਸੇ ਨੇ ਭੀ ਨਹੀਂ ਜਾਣਿਆ। ਕੋਈ ਐਸਾ ਵਿਰਲਾ ਹੀ ਗੁਰੂ-ਵਰੋਸਾਇਆ ਗੁਰਮੁਖਿ ਸਜਨ ਜਨ ਹੈ, ਜਿਸ ਨੇ ਅਗਿਆਨ ਰੂਪੀ ਭਰਮ ਭੀਤ ਵਾਲਾ ਪਰਦਾ ਵਿਚੋਂ ਤੋੜ ਦਿਤਾ ਹੋਵੇ। ਜਿਸ ਗੁਰਮੁਖਿ ਸਜਣ ਉਤੇ ਵਾਹਿਗੁਰੂ ਸੱਚਾ ਪਾਤਸ਼ਾਹ ਮੇਹਰਬਾਨ ਹੋ ਗਿਆ ਹੋਵੇ, ਉਸ ਗੁਰਮੁਖਿ ਜਨ ਉਪਰੋਂ ਕੁਰਬਾਨ ਕੁਰਬਾਨ ਹੋ ਜਾਣਾ ਚਾਹੀਦਾ ਹੈ ਅਤੇ ਜੀਉੜਾ ਕੁਰਬਾਨ ਕਰ ਦੇਣਾ ਚਾਹੀਦਾ ਹੈ। ਜਗਿਆਸੂ ਜਨ ਚਾਹੇ ਕਿਤਨੇ ਪਾਸੇ ਹੀ ਭੌਂਦਾ ਫਿਰੇ, (ਫਿਰਤ ਫਿਰਤ) ਜਦ ਉਹ ਗੁਰੂ ਘਰ ਦੇ ਗੁਰਮੁਖਿ ਸੰਤਾਂ ਪਾਸ ਆਏਗਾ, ਤਦ ਹੀ ਉਸ ਦੇ ਸਾਰੇ ਦੁੱਖ ਭਰਮ ਰੋਗ ਮਿਟ ਜਾਣਗੇ; ਐਵੇਂ ਨਹੀਂ ਮਿਟ ਸਕਦੇ। ਗੁਰੂ ਘਰ ਵਿਚ ਆ ਕੇ ਗੁਰੂ ਦੀ ਕਿਰਪਾ ਦੁਆਰਾ ਗੁਰ-ਦੀਖਿਆ ਰੂਪੀ ਅੰਮ੍ਰਿਤ ਦਾਨ ਮਿਲਣ ਪਰ ਗੁਰਮੁਖਿ ਜਗਿਆਸੂ ਅਭਿਆਸੀ ਜਨ ਨੂੰ ਅਭਿਆਸ-ਕਮਾਈਆਂ ਦੇ ਪ੍ਰਤਾਪ ਨਾਲ ਨਦਰਾਲੂ ਵਾਹਿਗੁਰੂ ਖ਼ੁਦ ਆਪਣੇ ਮਹਿਲ ਵਿਚ ਬੁਲਾ ਕੇ ਦਰਸ਼ਨ-ਮਿਲਾਪ ਬਖ਼ਸ਼ਣ ਨੂੰ ਸਮਰੱਥ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਮੇਰਾ ਵਾਹਿਗੁਰੂ ਏਵਡ ਵੱਡਾ, ਉੱਚੇ ਦਰਜੇ ਵਾਲਾ ਅਤੇ ਸਚੀਆਂ ਨਦਰਾਂ ਮਿਹਰਾਂ ਵਾਲਾ ਹੈ।

ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ ॥੮॥੨॥
[ਵਡਹੰਸੁ ਮ: ੩, ਪੰਨਾ ੫੬੫

ਆਪਣੇ ਮਨ ਦੀ ਮਤਿ ਦੁਆਰਾ ਮੁਖੋਂ ਤਾਂ ਸਭ ਕੋਈ (ਆਪਣੇ ਮੁਖੋਂ) ਹਰੀ ਕਾ ਜਾਪ ਕਰਦਾ ਹੈ, ਪਰ ਆਪਣੇ ਮਨ ਦੀ ਮਤਿ ਦੁਆਰਾ ਨਾ ਹੀ ਉਸ ਮਨਮਤੀ ਨੂੰ ਸੱਚਾ ਗੁਰਮਤਿ-ਜਾਪ ਪ੍ਰਾਪਤ ਹੁੰਦਾ ਹੈ ਅਤੇ ਨਾ ਹੀ ਗੁਰਮਤਿ ਅਭਿਆਸ ਦੀ ਕਮਾਈ ਕੀਤੇ ਬਿਨਾਂ ਉਸ ਦੇ ਹਿਰਦੇ ਵਿਚ ਨਾਮ ਵਸਦਾ ਹੈ। ਇਹ ਵਿਰਲੇ ਹੀ ਗੁਰੂ ਦੇ ਤਾਰੇ ਹੋਏ ਗੁਰਮੁਖਿ ਜਨ ਹਨ ਜਿਨ੍ਹਾਂ ਨੇ ਗੁਰੂ ਸਾਹਿਬ ਦੇ ਘਰੋਂ ਸੱਚੀ ਗੁਰ-ਦੀਖਿਆ ਲੈ ਕੇ ਤੇ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਕਰ ਕਰ ਕੇ

ਆਪਣੇ ਹਿਰਦੇ ਅੰਦਰ ਵਾਹਿਗੁਰੂ ਨੂੰ ਬਸਾਇਆ ਹੈ, ਐਸੇ ਗੁਰਮੁਖਿ ਜਨਾਂ ਦੇ ਹਿਰਦੇ ਅੰਦਰ ਵਾਹਿਗੁਰੂ ਵਸ ਰਸ ਜਾਂਦਾ ਹੈ, ਬਸ, ਤਿਨ੍ਹਾਂ ਨੂੰ ਸੱਚੀ ਮੋਖ ਮੁਕਤੀ ਪ੍ਰਾਪਤ ਹੁੰਦੀ ਹੈ।

ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥
ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥
ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥੪॥੧॥

[ਵਡਹੰਸੁ ਮ: ੧ ਛੰਤ, ਪੰਨਾ ੫੬੬

ਅਨੇਕ ਪ੍ਰਕਾਰ ਦੀਆਂ ਪੁੰਨ ਦਾਨ ਅਤੇ ਹੋਰ ਐਹੋ ਜਿਹੀਆਂ ਅਨੇਕਾਂ ਮਨਮਤਿ **ਕਰਣੀਆਂ** ਗੁਰਮਤਿ ਨਾਮ ਦੇ ਬਰਾਬਰ (ਤੁਲ, ਸਮਸਰ) ਨਹੀਂ ਹੋ ਸਕਦੀਆਂ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਜਿਨ੍ਹਾਂ ਗੁਰਮੁਖਿ ਜਨਾਂ ਨੂੰ ਗੁਰਮਤਿ ਨਾਮ ਨਸੀਬ ਹੋਇਆ ਹੈ, ਤਿਨ੍ਹਾਂ ਉਤੇ ਵਾਹਿਗੁਰੂ ਰਹੀਮ ਕਰੀਮ ਦੀ ਧੁਰ ਕਦੀਮਾਂ ਤੋਂ ਹੀ ਫ਼ਜ਼ਲ ਰੂਪੀ ਮੇਹਰ ਨਦਰ ਹੋਈ ਹੈ। ਵਾਹਿਗੁਰੂ ਆਪ ਹੀ ਸਭ ਦੀ ਉਤਪਤੀ ਕਰਦਾ ਹੈ ਅਤੇ ਆਪ ਹੀ ਨਦਰ-ਪਾਤਰ-ਗੁਰੂ ਜਨਾਂ ਉਤੇ ਨਜ਼ਰ ਮੇਹਰ ਬਰਸਾਉਂਦਾ ਹੈ।

ਇਕੁ ਕਰਮੁ ਧਰਮੁ ਨ ਹੋਇ ਸੰਜਮੁ ਜਾਮਿ ਨ ਏਕੁ ਪਛਾਣੀ ॥
ਵਸਤੁ ਸੁਹਾਵਾ ਸਦਾ ਤੇਰਾ ਅੰਮ੍ਰਿਤ ਤੇਰੀ ਬਾਣੀ ॥੩॥੨॥

[ਵਡਹੰਸੁ ਮ: ੧, ਪੰਨਾ ੫੬੬

ਜਦੋਂ ਤਾਈਂ ਵਾਹਿਗੁਰੂ ਨਾਮ ਦੀ ਪਛਾਣ ਗੁਰੂ ਦੁਆਰਿਓਂ ਗੁਰ-ਦੀਖਿਆ ਮਿਲਣ ਕਰਿ ਨਹੀਂ ਹੁੰਦੀ, ਉਦੋਂ ਤਾਈਂ ਮਨਮਤੀਆਂ ਅਨਮਤੀਆਂ ਦਾ ਕੀਤਾ ਹੋਇਆ ਕੋਈ (ਇਕ) ਕਰਮ, ਧਰਮ, ਸੰਜਮ ਕਿਸੇ ਕੰਮ ਨਹੀਂ ਆਉਂਦਾ, ਉੱਕਾ ਹੀ ਲੇਖੇ ਨਹੀਂ ਪੈਂਦਾ। ਉਹ ਵੇਲਾ ਵਖਤ ਸਦਾ ਹੀ ਸੁਹਾਵਾ ਹੈ ਜਿਸ ਵੇਲੇ ਗੁਰਮੁਖਿ ਜਨਾਂ ਨੂੰ ਅੰਮ੍ਰਿਤ ਨਾਮ, ਗੁਰਮਤਿ ਨਾਮ ਅਤੇ ਅੰਮ੍ਰਿਤ ਬਾਣੀ ਦਾ ਜਾਪ-ਅਭਿਆਸ ਕਰਨਾ ਨਸੀਬ ਹੁੰਦਾ ਹੈ।

ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥
ਮਾਇਆ ਮੋਹੁ ਅੰਤਰਿ ਮਲੁ ਲਾਗੈ ਮਾਇਆ ਕੇ ਵਾਪਾਰਾ ਰਾਮ ॥...੩॥੫॥

[ਵਡਹੰਸੁ ਮ: ੩, ਪੰਨਾ ੫੭੧

ਪੰਡਤ ਲੋਗ ਬਥੇਰੀ ਆਪਣੀ ਬੇਦ-ਬਿਦਿਆ ਘੋਟਦੇ ਫਿਰਦੇ ਹਨ ਅਤੇ ਜੋਤਸ਼ੀ ਲੋਗ ਆਪਣੇ ਜੋਤਿਸ਼ ਵਿਦਿਆ ਨੂੰ ਸਾਰੇ ਹੀ ਕੂਕਦੇ ਫਿਰਦੇ ਹਨ। ਪਰ ਉਹ ਕਿਸ ਨੂੰ ਸੁਣਾਉਂਦੇ ਹਨ (ਕੂਕ ਪੁਕਾਰ ਕਰ ਕਰ ਕੇ), ਉਨ੍ਹਾਂ ਦੇ ਅੰਦਰ ਤਾਂ ਮਾਇਆ-ਮੋਹ ਦੀ ਮੈਲ ਲੱਗੀ ਹੁੰਦੀ ਹੈ। ਤਾਂ ਤੇ ਉਹ ਮਾਇਆ ਦੇ ਵਾਪਾਰ ਲਈ ਸਾਰੀ ਝਾਖ ਝਖਦੇ ਹਨ, ਨਾਮ ਦਾ ਪ੍ਰਮਾਰਥੀ ਵਿਉਪਾਰ ਲਾਂਭੇ ਹੀ ਰਹਿ ਜਾਂਦਾ ਹੈ।


www.sikhbookclub.com

ਤਾਂ ਤੇ ਇਸ ਦੋ-ਪੰਗਤੀ ਦੁਆਰਾ ਸਿਧ ਹੋਇਆ ਕਿ ਜੋਤਸ਼ੀਆਂ ਪੰਡਤਾਂ ਦੀ ਜਿਤਨੀ ਭੀ ਕਮਾਈ ਹੈ, ਉਹ ਸਭ ਮਨਮਤਿ ਕਮਾਈ ਹੈ, ਗੁਰਮਤਿ ਕਮਾਈ ਦਾ ਉਸ ਵਿਚ ਲੇਸ ਮਾਤਰ ਭੀ ਨਹੀਂ।

# ੬੦. ਦੇਹਧਾਰੀ ਗੁਰੂਆਂ ਦਾ ਖੰਡਨ

ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥੪॥੧॥

[ਸੋਰਠਿ ਮਹਲਾ ੧, ਪੰਨਾ ੫੯੫

ਇਸ ਗੁਰਵਾਕ ਪੰਗਤੀ ਦੁਆਰਾ ਸਪੱਸ਼ਟ ਸਿਧ ਹੁੰਦਾ ਹੈ ਕਿ ਨਿਗੁਰੇ (ਬੇਪੀਰਾਂ) ਨੂੰ ਅਗਲੀ ਦਰਗਾਹ ਵਿਚ ਢੋਈ ਨਹੀਂ ਮਿਲੇਗੀ। ਆਪੋਂ ਬਣ ਬੈਠੇ ਗੁਰੂ-ਡੰਮੀਏ ਤੇ ਗੁਰੂ-ਡੰਮੀਆਂ ਦੇ ਚੇਲੇ ਚਪਾਟੇ ਸਾਰੇ ਹੀ ਅਗਲੀ ਦਰਗਾਹੋਂ ਮਾਰ ਮਾਰ ਕੇ ਕੱਢੇ-ਜਾਣਗੇ। ਗੁਰੂ ਨਾਨਕ ਦਸਮੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਝੋਂ ਹੋਰ ਕੋਈ ਵੀ ਸੱਚਾ ਗੁਰੂ ਨਹੀਂ, ਜਿੰਨੇ ਵੀ ਹਨ, ਆਪੋਂ ਬਣ ਬੈਠੇ ਡੰਮੀ ਗੁਰੂ ਹਨ। ਗੁਰੂ ਦਸਵੇਂ ਪਾਤਸ਼ਾਹ ਨੇ ਉਸ ਸਮੇਂ ਵਿਚ ਭੇਖੀ ਦੇਹਧਾਰੀ ਗੁਰੂਆਂ ਦੀ ਬਨਾਵਟੀ ਮੰਜੀਆਂ ਦੇਖ ਕੇ ਮਨੁੱਖਾਂ ਲਈ ਧੁਰਵਾ ਬੰਨ੍ਹ ਦਿਤਾ ਕਿ ਅਗੇ ਨੂੰ ਕੋਈ ਭੀ ਇਕ ਦੇਹਧਾਰੀ ਗੁਰੂ ਨਹੀਂ ਬਣ ਸਕੇਗਾ, ਗੁਰੂ ਦੀ ਜੋਤਿ ਗੁਰੂ ਵਰੋਸਾਏ ਪੰਜਾਂ ਪਿਆਰਿਆਂ ਵਿਚ ਪ੍ਰਵੇਸ਼ ਕਰ ਦਿਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਸੱਚੀ ਗੁਰ-ਦੀਖਿਆ ਦੀ ਅੰਮ੍ਰਿਤ ਛਕਣ ਦੀ ਮਰਯਾਦਾ ਪੂਰੀ ਕਰਦੇ ਰਹਿਣਗੇ। ਗੁਰੂ ਸਾਹਿਬ ਦੀ ਕਿਰਪਾ ਦੁਆਰਾ ਗੁਰੂ-ਦੀਖਿਅਤ ਗੁਰਮੁਖਿ ਜਨ ਗੁਰੂ ਨਾਮ ਅਭਿਆਸ ਦੀਆਂ ਕਮਾਈਆਂ ਕਰਿ ਕਰਿ ਚਾਹੇ ਕਿਤਨੇ ਵੀ ਪੂਰਨ ਹੋਣ, ਪਰ ਉਹ ਇਕ ਇਕੱਲੇ ਗੁਰੂ ਨਹੀਂ ਕਹਾ ਸਕਣਗੇ। ਸੰਤ ਸਰੂਪ, ਭਗਤ ਸਰੂਪ ਹੁੰਦੇ ਹੋਏ ਕਿਸੇ ਭੀ ਪੁੱਗ ਖਲੋਤੇ ਹੋਏ ਗੁਰਮੁਖਿ ਜਨ ਨੂੰ ਗੁਰੂ ਦੀ ਪਦਵੀ ਨਹੀਂ ਮਿਲ ਸਕਦੀ। ਗੁਰਿਆਈ ਵਾਲੀ ਕਾਰ ਕਿਸੇ ਵੀ ਦੇਹਧਾਰੀ ਗੁਰੂ ਨੂੰ ਪ੍ਰਾਪਤ ਨਹੀਂ ਹੋਵੇਗੀ। ਭੂਤ ਭਵਿਖਤ ਦੇ ਜਾਨਣਹਾਰ ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਨੇ ਇਹ ਵੀਚਾਰ ਕੇ ਕਿ ਇਸ ਆਵਣ ਵਾਲੇ ਘੋਰ ਕਲਜੁਗ ਦੇ ਸਮੇਂ "ਘਰਿ ਘਰਿ ਹੋਇ ਬਹੇਂਗੇ ਰਾਮਾ ॥ ਤਿਨ ਤੇ ਸਰੇ ਨ ਕੋਈ ਕਾਮਾ ॥" ਸ੍ਰੀ ਦਸਮੇਸ਼ ਜੀ ਦੇ ਨਿਜ ਉਚਾਰੇ ਮੁਖ ਵਾਕ ਅਨੁਸਾਰ, ਧੁਰ ਤਾਈਂ ਗੁਰੂ ਬਣਿ ਬਣਿ ਬਹਿਣਗੇ, ਪਰ ਉਨ੍ਹਾਂ ਤੋਂ ਸੱਚੇ ਗੁਰੂ ਮਰਾਤਬੇ ਵਾਲਾ ਕੋਈ ਕੰਮ ਵੀ ਨਹੀਂ ਸੌਰ ਸਕੇਗਾ। ਸੱਚੇ ਗੁਰੂ ਵਾਲੀ ਕਲਾ ਇਕ ਦੇਹਧਾਰੀ ਡੰਮੀ ਗੁਰੂ ਤੇ ਵਰਤ ਹੀ ਨਹੀਂ ਸਕਦੀ। ਐਨ ਇਸੇ ਵਾਕ ਅਨੁਸਾਰ ਅੱਜ ਕਲ੍ਹ ਦੇਖੀਦਾ ਹੈ ਕਿ ਥਾਉਂ ਥਾਈਂ ਦੇਹਧਾਰੀ ਗੁਰੂ ਬਣੇ ਬੈਠੇ ਹਨ,

ਗੁਰੂ ਨਹੀਂ, ਸਗੋਂ ਆਪਣੇ ਆਪ ਨੂੰ ਰੱਬ ਕਹਾਂਵਦੇ ਹਨ। ਇਹ ਸਭ ਬੇਪੀਰੇ ਪੁਰਸ਼ ਅੱਗੇ ਜਾ ਕੇ ਧੱਕੇ ਖਾਣਗੇ। ਇਨ੍ਹਾਂ ਦੀ ਤੇ ਇਨ੍ਹਾਂ ਦੇ ਪਿਛਲਗ ਪੈਰੋਕਾਰਾਂ ਦੀ ਕਲਿਆਨ-ਮੁਕਤੀ-ਗਤੀ ਤਾਂ ਕੀ ਹੋਣੀ ਸੀ, ਸਗੋਂ ਇਨ੍ਹਾਂ ਨੂੰ ਅਗਲੀ ਦਰਗਾਹ ਵਿਚ ਮੂੰਹੋਂ ਮੂੰਹ ਮਾਰ ਪਏਗੀ। ਜਿੱਧਰ ਦੇਖੀਦਾ ਹੈ, ਇਹ ਬੇਸ਼ਰਮੀ ਵਾਲੀ ਮਾਰ ਸਾਰੇ ਹੀ ਵਗੀ ਹੋਈ ਹੈ; ਗੁਰੂ-ਡੰਮ, ਸੰਤ-ਡੰਮ ਵਾਲੀ ਪਰਪਾਟੀ ਅਕਸਰ ਸਿੱਖੀ ਵੇਸ ਵਾਲੇ ਸਾਧਾਂ ਸੰਤਾਂ ਵਿਚ ਵੀ ਪਈ ਹੋਈ ਹੈ। ਇਸ ਵਿਸ਼ੇ 'ਤੇ ਅੱਗੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਅੱਜ ਸਾਡੀ ਨਜ਼ਰ ਵਿਚ 'ਅਮਰ ਵਸਤੂ' ਇਕ ਪੁਸਤਕ ਪਈ ਹੈ, ਜਿਸ ਦੇ ਪੜ੍ਹਨ ਤੋਂ ਪ੍ਰਤੀਤ ਹੁੰਦਾ ਹੈ ਕਿ ਇਹ ਵੀ ਨਿਰਾ ਗੁਰੂ-ਡੰਮ ਦਾ ਹੀ ਪ੍ਰਚਾਰ ਹੈ। ਵੇਦਾਂਤ ਦੇ ਮੁੱਠੇ ਹੋਏ ਭੇਖੀ ਸੰਤ ਆਪਣੇ ਆਪ ਨੂੰ ਗੁਰੂ ਬਣੇ ਸਿਧ ਬਣੇ ਸਿਧ ਕਰਦੇ ਹਨ, ਤੇ ਵੇਦਾਂਤ ਦੇ ਅਸੂਲਾਂ ਨਾਲ ਹੀ ਉਨ੍ਹਾਂ ਦੇ ਪਿੱਠੂ ਤੇ ਪਿੱਠੂਆਂ ਦੀ ਜੁਦਾਗਾਨਾ ਸ਼੍ਰੇਣੀ ਚਲ ਪਈ ਹੈ, ਬਾਹਰਲੇ ਭੇਖ ਵਿਚ ਉਹ ਸਿਖ ਸੰਤ ਹੀ ਬਣੇ ਬੈਠੇ ਹਨ, ਗੁਰਮਤਿ ਦਾ ਉਨ੍ਹਾਂ ਨੂੰ ਲੇਸ ਨਹੀਂ, ਦਾਅਵੇ ਗੁਰੂ ਬਣਨ ਦੇ ਬੰਨ੍ਹਦੇ ਹਨ। ਅਜਿਹੇ ਪੁਰਸ਼ਾਂ ਦੀ ਬੜੀ ਬੁਰੀ ਦੁਰਗਤੀ ਹੋਵੇਗੀ, ਉਹ ਸੱਚੇ ਗੁਰਮਤਿ ਮਾਰਗ ਤੋਂ ਘੁੱਥੇ ਹੋਏ ਹਨ।

ਜਿਨਿ ਜਿਨਿ ਤਨਕ ਸਿਧ ਕੋ ਪਾਯੋ ॥
ਤਿਨ ਤਿਨ ਅਪਨਾ ਰਾਹੁ ਚਲਾਯੋ ॥...॥੧੬॥

[ਬਚਿਤ੍ਰ ਨਾਟਕ ਅਧਿ: ੬, ਪਾ: ੧੦

ਸ੍ਰੀ ਦਸਮੇਸ਼ ਮਹਾਂਵਾਕ ਦੇ ਅਨੁਸਾਰ ਕਈ ਅਜਿਹੇ ਵੀ ਹੋਛੀ ਮੱਤ ਵਾਲੇ ਪੁਰਸ਼ ਉੱਗ ਖਲੋਤੇ ਹਨ ਤੇ ਅਗਾਂਹ ਵੀ ਖੁੰਬਾਂ ਦੀ ਨਿਆਈਂ ਉਗਵਣਗੇ, ਤਿਨ੍ਹਾਂ ਨੂੰ ਐਵੇਂ ਛਿਨ ਭੰਗਰ ਹੀ ਸਰੂਰ ਆਉਂਦਾ ਹੈ, ਤੇ ਉਸ ਸਰੂਰ ਦੇ ਆਵਣ ਕਰਕੇ ਮੂੰਹੋਂ ਜੋ ਕਵਿਤਾ ਮਨ-ਘੜਤ ਉਚਾਰਣ ਕਰਦੇ ਹਨ, ਉਸੇ ਨੂੰ ਹੀ ਗੁਰਬਾਣੀ ਦੀ ਤੁਲਨਾ ਦੇਂਦੇ ਹਨ, ਜੋ ਨਿਰੀ ਕਚੀ ਬਾਣੀ ਹੁੰਦੀ ਹੈ। ਅਜਿਹੇ ਕਚਪਿਚੇ ਗੁਰੂਆਂ ਤੇ ਗੁਰੂ ਬਨਾਵਣਹਾਰਿਆਂ ਦੀ ਅਗਾਂਹ ਜਾ ਕੇ ਬੜੀ ਹੀ ਭਿਆਨਕ ਦੁਰਗਤੀ ਹੋਵੇਗੀ। ਤਾਂ ਤੇ ਉਨ੍ਹਾਂ ਲਈ ਅਜੇ ਵੀ ਵੇਲਾ ਹੈ ਕਿ ਆਪਣੀਆਂ ਮਹਾਂ ਭਿਆਨਕ ਭੁੱਲਾਂ ਬਖਸ਼ਵਾ ਕੇ ਸੱਚੇ ਗੁਰਮਤਿ ਮਾਰਗ 'ਤੇ ਆ ਜਾਣ, ਨਹੀਂ ਤਾਂ "ਅਗੇ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ" ਵਾਲੀ ਸਟ ਜ਼ਰੂਰ ਖਾਣਗੇ।

ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥੨॥
ਚਲਤੌ ਠਾਕਿ ਰਖਹੁ ਘਰਿ ਅਪਨੈ ਗੁਰ ਮਿਲਿਐ ਇਹ ਮਤਿ ਹੋਈ ਜੀਉ ॥
ਦੇਖਿ ਅਦ੍ਰਿਸਟੁ ਰਹਉ ਬਿਸਮਾਦੀ ਦੁਖੁ ਬਿਸਰੈ ਸੁਖੁ ਹੋਈ ਜੀਉ ॥੩॥

ਪੀਵਹੁ ਅਪਿਉ ਪਰਮ ਸੁਖੁ ਪਾਈਐ ਨਿਜ ਘਰਿ ਵਾਸਾ ਹੋਈ ਜੀਉ ॥
ਜਨਮ ਮਰਣ ਭਵ ਭੰਜਨੁ ਗਾਈਐ ਪੁਨਰਪਿ ਜਨਮੁ ਨ ਹੋਈ ਜੀਉ ॥੪॥
ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥੫॥੧੧॥

[ਸੋਰਠਿ ਮਹਲਾ ੧, ਪੰਨਾ ੫੯੯

ਸੱਚੀ ਗੁਰਮਤਿ ਦਾ ਉੱਚ ਪਦ ਤਿਥੈ ਜਾ ਕੇ ਪ੍ਰਾਪਤ ਹੁੰਦਾ ਹੈ, ਜਿਥੇ ਅੰਤਰਿ ਬਾਹਰ ਇਕੋ ਅਕਾਲ ਪੁਰਖ ਵਾਹਿਗੁਰੂ ਦੀ ਜੋਤਿ ਗੁਰਮੁਖਿ ਜਗਿਆਸੂ ਨੂੰ ਪਰੀਪੂਰਨ ਪਰਤੱਖ ਨਜ਼ਰੀ ਆਉਂਦੀ ਹੈ ਤੇ ਦੂਜਾ ਭਾਵ ਸਾਰਾ ਮਿਟ ਜਾਂਦਾ ਹੈ। ਸਾਰੇ ਘਟਾਂ ਅੰਤਰ ਇਕੋ ਪਰਮਾਤਮਾ ਦੀ ਜੋਤਿ ਸਮੋਈ ਹੋਈ ਗੁਰਮੁਖਿ ਜਨ ਆਪਣੀ ਦਿਬ ਦ੍ਰਿਸ਼ਟਿ ਦਵਾਰਾ ਪਰਤੱਖ ਦੇਖਦੇ ਹਨ। ਇਸ ਅਵਸਥਾ ਤੇ ਅਪੜ ਕੇ ਗੁਰਮੁਖਿ ਜਨਾਂ ਦਾ ਮਨੂਆ ਉਨ੍ਹਾਂ ਦੇ ਆਪਣੇ ਕਾਬੂ ਵਿਚ ਹੋਣ ਕਰਕੇ ਸਦਾ ਅਸਥਿਰ ਹੀ ਰਹਿੰਦਾ ਹੈ। ਇਸ ਸੱਚੀ ਅਪਰੰਪਰੀ ਸੁਮਤਿ ਵਾਲੀ ਗੁਰਮਤਿ-ਗਤੀ ਗੁਰ-ਦੀਖਸ਼ਤਾ-ਗੁਰਮੁਖਿ ਜਨਾਂ, ਗੁਰਮੁਖਿ ਨਾਮ ਅਭਿਆਸੀ ਪੁਰਸ਼ਾਂ ਨੂੰ ਹੀ ਪ੍ਰਾਪਤ ਹੁੰਦੀ ਹੈ; ਆਨਮਤੀ ਨਿਗੁਰਿਆਂ ਨੂੰ ਹਰਗਿਜ਼ ਪ੍ਰਾਪਤ ਨਹੀਂ ਹੋ ਸਕਦੀ। ਗੁਰਮੁਖਿ ਜਨ ਏਸ ਪਦ ਪਹੁੰਚ ਕੇ ਸਦਾ ਅਦ੍ਰਿਸ਼ਟ ਵਿਚ ਹੀ ਖੇਡਦੇ ਹਨ ਅਤੇ ਏਸੇ ਤੁਰੀਆ ਗੁਣੀ ਅਵਸਥਾ ਨੂੰ ਮਾਣਦੇ ਹੋਏ ਵਿਸਮਾਦ ਰੰਗਾਂ ਵਿਚ ਹੀ ਰਹਿੰਦੇ ਹਨ, ਸਚੜਾ ਆਤਮਕ ਸੁਖ ਉਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ, ਜਿਸ ਕਰਕੇ ਉਨ੍ਹਾਂ ਦੇ ਦ੍ਰਿਸ਼ਟਮਾਨ ਦਾਇਰੇ ਵਾਲੇ ਸਾਰੇ ਦੁੱਖ ਨਵਿਰਤ ਹੋਣ ਲਗ ਪੈਂਦੇ ਹਨ। ਸੱਚੇ ਅੰਮ੍ਰਿਤ ਗਟਾਕ ਸਦਾ ਪੀਂਦੇ ਰਹਿਣ ਕਰਕੇ ਤਿਨ੍ਹਾਂ ਨੂੰ ਪਰਮ ਸੁਖ ਮਈ ਪਰਮ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ, ਅਤੇ ਆਪਣੇ ਅਸਲੀ ਘਰ ਵਾਹਿਗੁਰੂ ਦੇ ਸਰੂਪ ਵਿਚ ਹੀ ਉਨ੍ਹਾਂ ਦਾ ਵਾਸਾ ਹੋ ਜਾਂਦਾ ਹੈ। ਜਨਮ ਮਰਣ ਤੇ ਆਵਾ ਗਉਣ ਕੱਟਣ ਵਾਲੇ ਭਉ-ਭੰਜਨੀ-ਵਾਹਿਗੁਰੂ ਦੀ ਸਿਫਤ ਸਲਾਹ ਕਰਦੇ ਰਹਿਣ ਕਰਕੇ, ਕੀਰਤੀ ਗਾਉਂਦੇ ਰਹਿਣ ਕਰਕੇ ਉਨ੍ਹਾਂ ਦਾ ਫਿਰ ਦੁਬਾਰਾ ਜਨਮ ਹੁੰਦਾ ਹੀ ਨਹੀਂ। ਉਨ੍ਹਾਂ ਨੂੰ ਸਾਰੇ ਹੀ ਤੱਤ ਨਿਰੰਜਨੀ ਵਾਹਿਗੁਰੂ ਦੀ ਜੋਤਿ ਹੀ ਵਿਖਾਈ ਦਿੰਦੀ ਹੈ ਅਤੇ ਸਭ ਥਾਉਂ ਤੇ ਉਸੇ ਦੀ ਸੱਤਿਆ ਦਿਸਦੀ ਹੈ। ਸਭ ਕੁਛ ਵਾਹਿਗੁਰੂ ਆਪ ਹੀ ਹੈ, ਉਸ ਤੋਂ ਵੱਖਰਾ ਕੁਛ ਨਹੀਂ, ਇਹ ਆਤਮ-ਬਿਵਜਥਾ ਪ੍ਰਾਪਤ ਹੋ ਜਾਣ ਕਰਕੇ ਅਤੇ ਇਸ ਅਵਸਥਾ 'ਤੇ ਅਪੜ ਕੇ ਉਨ੍ਹਾਂ ਦਾ ਵਾਹਿਗੂਰੂ ਨਾਲ ਕੋਈ ਭੇਦ ਨਹੀਂ ਰਹਿੰਦਾ, ਉਸੇ ਸਰੂਪ ਵਿਚ ਹੀ ਲੀਨ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਕੇਵਲ ਗੁਰੂ ਨੂੰ ਹੀ ਮਿਲਿਆ ਹੈ, ਸੋਈ ਵਾਹਿਗੁਰੂ ਹੀ ਗੁਰੂ ਨਾਨਕ ਸਾਹਿਬ ਦਾ ਗੁਰੂ ਹੈ। ਇਸ ਤੁਕ ਵਿਚ 'ਸੋਹੰ' ਸ਼ਬਦ ਦਾ ਜਾਪ ਹਰਗਿਜ਼ ਸਿਧ ਨਹੀਂ ਹੁੰਦਾ, ਜੈਸੇ ਕਿ ਅਕਸਰ ਆਨਮਤੀ ਲੋਕ ਸਿਧ ਕੀਤਾ ਲੋੜਦੇ ਹਨ। 'ਸੋਹੰ'

ਤੋਂ ਭਾਵ ਸੋ ਵਾਹਿਗੁਰੂ ਹੈ । 'ਸੋ ਹੈ' ਦੇ ਥਾਉਂ ਜੋ ਲੋਗ 'ਮੈਂ ਸੋ ਹਾਂ' ਦੇ ਅਰਥ ਲਾਉਂਦੇ ਹਨ, ਉਹ ਗੁਰਮਤਿ ਤੋਂ ਉੱਕੇ ਹੀ ਘੁੱਥੇ ਹੋਏ ਹਨ । ਗੁਰਮਤਿ ਅਨੁਸਾਰ 'ਉਘੇ ਬ੍ਰਹਮ ਅਸਮੀ' ਦਾ ਭਾਵ ਕਦਾਚਿਤ ਸਿਧ ਨਹੀਂ । 'ਮੈਂ ਹੀ ਬ੍ਰਹਮ ਹਾਂ' ਵਾਲਾ ਅਸੂਲ ਗੁਰਮਤਿ ਤੋਂ ਉੱਕਾ ਹੀ ਬੇਪਰਜੇ ਹੈ ।

ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥
ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਏ ॥
ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥
ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥
ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥

[ਸੋਰਠਿ ਮਹਲਾ ੩, ਪੰਨਾ ੬੦੩

ਸੰਸਾਰੀ ਆਨਮਤੀ ਲੋਕ ਤਿਹਾਂ ਗੁਣਾਂ ਵਾਲੇ ਮਾਇਆਵੀ ਕਰਮ ਹੀ ਬਹੁਤੇ ਕਮਾਉਂਦੇ ਫਿਰਦੇ ਹਨ, ਤਿਨ੍ਹਾਂ ਨੂੰ ਹਰਿ ਰਸ ਕਦੇ ਆ ਹੀ ਨਹੀਂ ਸਕਦਾ । ਉਹ ਸੰਧਿਆ ਤਰਪਣ, ਗਾਇਤ੍ਰੀ ਬਥੇਰੇ ਆਨਮਤੀ ਕਰਮ ਕਰਨ ਵਿਚ ਹੀ ਖਚਿਤ ਰਹਿੰਦੇ ਹਨ । ਗੁਰਮਤਿ ਤੱਤ ਕਰਮ ਬੁੱਝੇ ਬਿਨਾਂ ਉਨ੍ਹਾਂ ਨੂੰ ਦੁਖ ਹੀ ਦੁਖ ਵਿਆਪਦਾ ਹੈ । ਵਡਭਾਗੀ ਉਹ ਹਨ, ਜਿਨ੍ਹਾਂ ਨੂੰ ਆਪ ਵਾਹਿਗੁਰੂ ਨੇ ਕਿਰਪਾ ਕਰ ਕੇ ਸੱਚਾ ਸਤਿਗੁਰੂ ਮਿਲਾਇਆ ਹੈ ਅਤੇ ਉਹ ਸਤਿਗੁਰੂ ਦੇ ਹੀ ਸੇਵਕ ਸਿਮਰਨਹਾਰੇ ਗੁਰਸਿਖ ਸੇਵਕ ਬਣੇ ਹਨ । ਗੁਰਮਤਿ ਨਾਮ ਵਾਹਿਗੁਰੂ ਦਾ ਸੱਚਾ ਰਸੁ ਪੀ ਕੇ ਐਸੇ ਗੁਰਮੁਖਿ ਜਨ ਸਦਾ ਹੀ ਤ੍ਰਿਪਤਾਸੇ (ਰੱਜੇ ਹੋਏ) ਰਹਿੰਦੇ ਹਨ ਤੇ ਆਪਣਾ ਆਪ ਅਰਥਾਤ ਆਪਾ ਭਾਵ ਹਉਮੈ ਰੋਗ ਨੂੰ ਵਿਚਹੁ ਗਵਾ ਦਿੰਦੇ ਹਨ । ਇਹ ਸਾਰਾ ਜਗ ਹੀ ਗੁਰਮਤਿ ਤੋਂ ਘੁੱਥਾ ਹੋਇਆ ਅੰਨ੍ਹਾ ਹੈ, ਜਿਸ ਕਰਕੇ ਅੰਨ੍ਹੇ ਕਰਮ ਹੀ ਕਮਾਉਂਦਾ ਹੈ । ਸਤਿਗੁਰੂ ਬਾਝੋਂ ਸੱਚਾ ਮਾਰਗ ਉਨ੍ਹਾਂ ਨੂੰ ਦਿਸਦਾ ਹੀ ਨਹੀਂ, ਇਹ ਪ੍ਰਮਾਰਥੀ ਸੱਚਾ ਮਾਰਗ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਪ੍ਰਾਪਤ ਹੁੰਦਾ ਹੈ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਦਾ ਮਿਲਾਪ ਹੋਇਆਂ ਗੁਰਮੁਖਿ ਜਗਿਆਸੂ ਜਨ ਆਪਣੀ ਅੱਖੀਂ ਹੀ ਆਪਣੇ ਘਟ ਅੰਦਰ ਵਾਹਿਗੁਰੂ ਰੂਪੀ ਸੱਚ ਦਾ ਦਰਸ਼ਨ ਕਰ ਲੈਂਦੇ ਹਨ ।

ਬਿਨੁ ਸਤਿਗੁਰ ਸੇਵੇ ਬਹੁਤਾ ਦੁਖੁ ਲਾਗਾ ਜੁਗ ਚਾਰੇ ਭਰਮਾਈ ॥...੧॥੩੧॥

[ਸੋਰਠਿ ਮ: ੩, ਪੰਨਾ ੬੦੩

ਚਹੁੰਆਂ ਜੁਗਾਂ ਅੰਦਰ ਪ੍ਰਾਣੀ ਭਉਂਦਾ ਹੀ ਰਹਿੰਦਾ ਹੈ । ਵਾਹਿਗੁਰੂ ਦਾ ਮੁਤਲਾਸ਼ੀ ਬਣ ਕੇ ਚਾਹੇ ਕੋਈ ਚਵਾਂ ਜੁਗਾਂ ਵਿਚ ਮੁੜਿ ਮੁੜਿ ਭਰਮ ਆਵੇ, ਸਤਿਗੁਰ ਦੇ ਸੇਵਕ ਸਿਖ ਬਣੇ ਬਿਨਾਂ ਉਸ ਦੀ ਗਤਿ ਕਦੇ ਭੀ ਨਹੀਂ ਹੁੰਦੀ, ਅਤੇ ਜਨਮ

ਮਰਣ ਦਾ ਕਸ਼ਟ ਭਰਿਆ ਦੁਖ ਸਹਿੰਦਾ ਹੀ ਰਹਿੰਦਾ ਹੈ। ਇਸ ਗੁਰਵਾਕ ਦੇ ਭਾਵ ਤੋਂ ਸਿਧ ਹੋਇਆ ਕਿ ਚਵਾਂ ਜੁਗਾਂ ਅੰਦਰ ਕੋਈ ਭੀ ਆਨਮਤੀ ਕਰਮ ਕੀਤਾ ਕਲਿਆਨਕਾਰੀ ਨਹੀਂ। ਸਾਰੇ ਜੁਗਾਂ ਵਿਚੋਂ ਭਰਮ ਕੇ ਜਦੋਂ ਵੀ ਕੋਈ ਜਗਿਆਸੂ ਜਨ ਗੁਰੂ ਘਰ ਵਿਖੇ ਸਤਿਗੁਰ ਦੀ ਸਰਨਾਈ ਆਉਂਦਾ ਹੈ, ਓਦੋਂ ਹੀ ਉਸ ਦੀ ਕਲਿਆਨ-ਗਤਿ ਹੁੰਦੀ ਹੈ ਅਤੇ "ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ॥"* ਸੱਚੇ ਸਤਿਗੁਰੂ ਤੋਂ ਬਿਨਾਂ ਤੇ ਸਤਿਗੁਰੂ ਗੁਰੂ ਨਾਨਕ ਸਾਹਿਬ-ਮਈ ਗੁਰੂ ਘਰ ਦੀ ਸ੍ਰੇਣੀ ਬਿਨਾਂ ਹੋਰ ਕੋਈ ਭੀ ਗੁਰੂ ਨਹੀਂ ਕਹਾ ਸਕਦਾ। ਗੁਰੂ ਨਾਨਕ, ਦਸਮੇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਬਾਝੋਂ ਸਭ ਕਚ-ਪਿਚੇ ਹੀ ਗੁਰੂ ਹਨ, ਨਿਰੇ ਭੇਖੀ ਤੇ ਡਿੰਭੀ ਹਨ। ਆਪੋਂ ਬਣ ਬੈਠੇ ਅਜਿਹੇ ਭੇਖੀਆਂ ਤੇ ਡਿੰਭੀ ਗੁਰੂਆਂ ਦੀ ਅਣਗਿਣਤ ਬਹੁਤਾਤ ਪਾਈ ਜਾਂਦੀ ਹੈ। ਇਹ ਡਿੰਭੀ ਭੇਖੀ ਗੁਰੂ ਖ਼ੁਦ ਆਪ ਭੀ ਸੱਚੇ ਗੁਰੂ ਗੁਰਮਤਿ ਮਾਰਗ ਤੋਂ ਘੁੱਥੇ ਹੋਏ ਹਨ। ਗੁਰਮਤਿ ਨਾਮ ਇਨ੍ਹਾਂ ਨੂੰ ਪ੍ਰਾਪਤ ਹੀ ਨਹੀਂ ਹੁੰਦਾ, ਤਾਂ ਤੇ ਇਨ੍ਹਾਂ ਭੇਖੀਆਂ ਦੀ ਸਿਖਸ਼ਾ ਤੇ ਚੱਲਣ ਵਾਲੇ ਪੈਰੋਕਾਰ, ਗੁਰਮਤਿ ਨਾਮ ਤੇ ਗੁਰਮਤਿ ਮਾਰਗ ਤੋਂ ਘੁੱਥੇ ਹੀ ਰਹਿੰਦੇ ਹਨ। ਇਸ ਉਪਰਲੇ ਭਾਵ ਦੀ ਪ੍ਰੋੜ੍ਹਤਾ ਭਲੀ ਭਾਂਤ ਅਗਲਾ ਗੁਰਵਾਕ ਖ਼ੂਬ ਕਰਦਾ ਹੈ, ਯਥਾ ਗੁਰਵਾਕ—

ਸਤਿਗੁਰ ਸੇਵੇ ਤਾ ਸਹਜ ਧੁਨਿ ਉਪਜੈ ਗਤਿ ਮਤਿ ਤਦ ਹੀ ਪਾਏ॥
ਹਰਿ ਕਾ ਨਾਮੁ ਸਚਾ ਮਨਿ ਵਸਿਆ ਨਾਮੇ ਨਾਮਿ ਸਮਾਏ॥੧॥
ਬਿਨੁ ਸਤਿਗੁਰ ਸਭੁ ਜਗੁ ਬਉਰਾਨਾ॥
ਮਨਮੁਖਿ ਅੰਧਾ ਸਬਦੁ ਨ ਜਾਣੈ ਝੂਠੈ ਭਰਮਿ ਭੁਲਾਨਾ॥੧॥ਰਹਾਉ॥
ਤ੍ਰੈਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ॥
ਜੰਮਣੁ ਮਰਣੁ ਸਿਰ ਊਪਰਿ ਊਭਉ ਗਰਭ ਜੋਨਿ ਦੁਖੁ ਪਾਏ॥੨॥
ਤ੍ਰੈਗੁਣ ਵਰਤਹਿ ਸਗਲ ਸੰਸਾਰਾ ਹਉਮੈ ਵਿਚਿ ਪਤਿ ਖੋਈ॥
ਗੁਰਮੁਖਿ ਹੋਵੈ ਚਉਥਾ ਪਦੁ ਚੀਨੈ ਰਾਮ ਨਾਮਿ ਸੁਖੁ ਹੋਈ॥੩॥
ਤ੍ਰੈਗੁਣ ਸਭਿ ਤੇਰੇ ਤੂ ਆਪੇ ਕਰਤਾ ਜੋ ਤੂ ਕਰਹਿ ਸੁ ਹੋਈ॥
ਨਾਨਕ ਰਾਮ ਨਾਮਿ ਨਿਸਤਾਰਾ ਸਬਦੇ ਹਉਮੈ ਖੋਈ॥੪॥੧੨॥

[ਸੋਰਠਿ ਮ: ੩, ਪੰਨਾ ੬੦੪

ਪ੍ਰਮਾਰਥ ਦਾ ਸੱਚਾ ਜਗਿਆਸੂ ਜਨ ਉਹ ਹੈ ਜਿਸ ਦੇ ਐਡੇ ਵਡੇ ਭਾਗ ਉਦੇ ਹੋ ਜਾਣ ਕਿ ਸੱਚੇ ਗੁਰੂ ਦਾ ਦਰ ਘਰ ਉਸ ਨੂੰ ਮਿਲ ਜਾਵੇ ਅਤੇ ਸਤਿਗੁਰੂ ਦਾ ਸੱਚਾ ਸੇਵਕ ਸਿਖ ਬਣ ਜਾਵੇ, ਗੁਰੂ ਦਵਾਰਿਓਂ ਸੱਚੀ ਗੁਰ-ਦੀਖਿਆ ਲੈ ਕੇ ਗੁਰ-ਸ਼ਬਦ ਨਾਮ-ਅਭਿਆਸ ਦੀ ਕਮਾਈ ਵਿਚ ਜੁਟ ਜਾਵੇ ਤਾਂ ਆਤਮਕ ਅਨੰਦ

* ਆਸਾ ਮ: ੩ ਪਟੀ, ੧੩॥੨॥, ਪੰਨਾ ੪੩੫

 www.sikhbookclub.com

ਦੀ ਸੱਚੀ ਲਹਿਰ (ਧੁਨੀ) ਉਸ ਦੇ ਅੰਦਰ ਉਪਜ ਸਕਦੀ ਹੈ ਅਤੇ ਤਦ ਹੀ ਸੱਚੀ ਮੁਕਤਿ ਗਤਿ, ਕਲਿਆਨ ਮਈ ਗੁਰਮਤਿ ਮਤਿ ਉਸ ਨੂੰ ਪ੍ਰਾਪਤ ਹੋ ਸਕਦੀ ਹੈ। ਸੱਚਾ ਵਾਹਿਗੁਰੂ ਦਾ ਨਾਮ ਉਸ ਦੇ ਮਨ ਅੰਦਰ ਵਸਣ ਕਰਕੇ, ਨਾਮ ਜਪਣ ਨਾਲ ਨਾਮੀ ਵਾਹਿਗੁਰੂ ਦੇ ਪਰਮਾਤਮੀ ਸਰੂਪ ਵਿਚ ਸਮਾ ਜਾਂਦਾ ਹੈ।

ਸਤਿਗੁਰੂ ਬਾਝੋਂ ਸਾਰਾ ਜਗਤ ਹੀ ਪਾਗਲ (ਸ਼ੁਦਾਈ) ਹੋਇਆ ਫਿਰਦਾ ਹੈ ਅਤੇ ਬਉਲੇ ਕੁੱਤੇ ਵਾਂਗੂ ਬਉਰਾਨਿਆ ਫਿਰਦਾ ਹੈ। ਐਸਾ ਗੁਰਮਤਿ ਤੋਂ ਬੇਮੁਖ ਮਨਮੁਖ ਬੰਦਾ ਅੰਧਾ ਹੋਇਆ ਹੋਇਆ ਹੀ ਫਿਰਦਾ ਹੈ। ਉਸ ਨੂੰ ਸੱਚੇ ਗੁਰ-ਸ਼ਬਦ ਦੀ ਸੂਝ ਬੂਝ ਹੀ ਨਹੀਂ ਹੋ ਸਕਦੀ, ਐਵੇਂ ਝੂਠੇ ਖੋਜ ਮਾਰਗ ਵਿਖੇ ਹੀ ਭਰਮਿਆ ਭੁਲਾਇਆ ਫਿਰਦਾ ਹੈ। ਇਹ ਜਿਹੜੀ ਤ੍ਰੈ-ਗੁਣੀ ਮਾਇਆ ਹੈ, ਇਸ ਨੇ ਸਾਰਾ ਜਗਤ ਹੀ ਭੁਲਾਇਆ ਹੋਇਆ ਹੈ ਅਤੇ ਮਾਇਆ ਦਾ ਭਰਮ-ਭੁਲਾਇਆ ਹੋਇਆ ਹਉਮੈ ਦੇ ਬੰਧਨ ਰੂਪੀ ਕਰਮ ਕਮਾਂਦਾ ਫਿਰਦਾ ਹੈ, ਜੰਮਣ ਮਰਣ ਉਸ ਦਾ ਪਿੱਛਾ ਨਹੀਂ ਛਡਦਾ, ਸਿਰ ਊਪਰ ਹੀ ਤਕਦਾ ਰਹਿੰਦਾ ਹੈ। ਫਿਰ ਫਿਰ ਗਰਭ ਜੋਨੀ ਵਿਚ ਪੈ ਪੈ ਦੁਖ ਸਹਿੰਦਾ ਹੈ।

ਸਾਰਾ ਸੰਸਾਰ ਹੀ ਇਨ੍ਹਾਂ ਤਿੰਨਾਂ ਗੁਣਾਂ ਵਿਚ ਹੀ ਵਰਤਦਾ ਹੈ, ਜੋ ਨਿਰਾ ਹਉਮੈ ਦਾ ਵਰਤਾਰਾ ਹੈ। ਇਸ ਹਉਮੈ ਦੇ ਵਰਤਾਰੇ ਵਿਚ ਪ੍ਰਵਿਰਤ ਹੋ ਕੇ ਹਰ ਕਿਸੇ ਨੇ ਆਪਣੀ ਪਤਿ ਖੋ ਲਈ ਹੈ। ਕੋਈ ਵਿਰਲਾ ਗੁਰਮੁਖ ਜਨ ਹੀ ਹੈ ਜਿਸ ਨੇ ਗੁਰਮੁਖਿ ਬਣ ਕੇ ਗੁਰੂ ਦੁਆਰਿਓਂ ਸਾਹਿਬ ਸਮ੍ਹਾਲ ਕੇ ਤੁਰੀਆ ਗੁਣੀ ਚਉਥਾ ਪਦ ਚੀਨ ਲਇਆ ਹੈ। ਬਸ ਕੇਵਲ ਗੁਰਮਤਿ ਰਮਤ ਰਾਮ, ਵਾਹਿਗੁਰੂ ਨਾਮ ਦੁਆਰਾ ਹੀ ਸੱਚਾ ਸੁਚਾ (ਆਤਮ ਪਰਮਾਤਮੀ) ਸੁਖ ਮਿਲਦਾ ਹੈ। ਇਹ ਤੁਰੀਆ ਗੁਣੀ ਪਦ ਪ੍ਰਾਪਤ ਕੀਤੇ ਬਿਨਾਂ ਤ੍ਰੈ-ਗੁਣੀ ਭਰਮਾਂ ਵਿਚ ਹੀ ਸਾਰਾ ਸੰਸਾਰ ਭਰਮਦਾ ਫਿਰਦਾ ਹੈ। ਕੋਈ ਗੁਰੂ ਕਾ ਵਿਰਲਾ ਹੀ ਵਰੋਸਾਇਆ ਗੁਰਮੁਖਿ ਜਨ ਹੁੰਦਾ ਹੈ ਜਿਸ ਨੂੰ ਇਨ੍ਹਾਂ ਤਿਹਾਂ ਸੰਸਾਰਕ ਗੁਣਾਂ ਤੋਂ ਬਚ ਕੇ ਤੁਰੀਆ ਗੁਣੀ ਚਉਥੇ ਪਦ ਦੀ ਪ੍ਰਾਪਤੀ ਹੁੰਦੀ ਹੈ।

ਕਰਤੇ ਪੁਰਖ ਨੇ ਆਪ ਹੀ ਇਹ ਤਿੰਨੇ ਗੁਣ ਉਤਪਤ ਕੀਤੇ ਹਨ। ਤਿਨ੍ਹਾਂ ਅਭਾਗੇ ਪੁਰਸ਼ਾਂ ਨੂੰ ਇਨ੍ਹਾਂ ਤਿਹਾਂ ਗੁਣਾਂ ਵਿਚ ਭਰਮਣ ਦੀ, ਕਰਮ ਅਨੁਸਾਰ ਸਜ਼ਾ ਮਿਲਦੀ ਹੈ। ਉਹ ਵਾਹਿਗੁਰੂ ਦੀ ਰਜ਼ਾ ਅਨੁਸਾਰ ਹੀ ਤਿਹਾਂ ਗੁਣਾਂ ਵਿਚ ਹੀ ਭਰਮਦੇ ਫਿਰਦੇ ਹਨ। ਜਦੋਂ ਕਿਸੇ ਉਤਮ ਜਗਿਆਸੂ ਦਾ, ਉਚੇ ਸੁਚੇ ਗੁਰਮਤਿ ਕਰਮਾਂ ਦਾ ਪੂਰਬਲਾ ਅੰਕੂਰ ਉਦੇ ਹੁੰਦਾ ਹੈ, ਤਦੋਂ ਹੀ ਉਹ ਗੁਰੂ ਨਾਨਕ ਸਾਹਿਬ ਦੇ ਘਰ ਵਿਚ (ਗੁਰੂ ਘਰ ਵਿਚ) ਆ ਕੇ ਰਮਤ ਰਾਮ, ਵਾਹਿਗੁਰੂ ਗੁਰਮਤਿ ਨਾਮ ਦੀ ਗੁਰ-ਦੀਖਿਆ ਪ੍ਰਾਪਤ ਕਰ ਲੈਂਦਾ ਹੈ ਤੇ ਇਥੋਂ ਹੀ ਸੱਚੀ ਗੁਰ-ਦੀਖਿਆ ਗੁਰ-ਨਾਮ ਦੁਆਰਾ ਨਿਸਤਾਰਾ ਹੁੰਦਾ ਹੈ। ਕੇਵਲ ਗੁਰ-ਸ਼ਬਦ ਦੁਆਰਾ ਹੀ ਜਗਿਆਸੂ ਜਨ ਦੀ ਹਉਮੈ ਖੋਈ ਜਾ ਸਕਦੀ ਹੈ, ਐਵੇਂ ਨਹੀਂ।

ਪ੍ਰਾਨੀ ਕਉਨੁ ਉਪਾਉ ਕਰੈ ॥
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ ॥੧॥ਰਹਾਉ॥
ਕਉਨੁ ਕਰਮੁ ਬਿਦਿਆ ਕਹੁ ਕੈਸੀ ਧਰਮੁ ਕਉਨੁ ਫੁਨਿ ਕਰਈ ॥
ਕਉਨੁ ਨਾਮੁ ਗੁਰ ਜਾ ਕੈ ਸਿਮਰੈ ਭਵ ਸਾਗਰ ਕਉ ਤਰਈ ॥੧॥
ਕਲਿ ਮੈ ਏਕੁ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ ॥
ਅਉਰ ਧਰਮ ਤਾ ਕੈ ਸਮ ਨਾਹਿਨ ਇਹ ਬਿਧਿ ਬੇਦੁ ਬਤਾਵੈ ॥੨॥
ਸੁਖ ਦੁਖ ਰਹਤ ਸਦਾ ਨਿਰਲੇਪੀ ਜਾ ਕਉ ਕਹਤ ਗੁਸਾਈ ॥
ਸੋ ਤੁਮ ਹੀ ਮਹਿ ਬਸੈ ਨਿਰੰਤਰਿ ਨਾਨਕ ਦਰਪਨਿ ਨਿਆਈ ॥੩॥੫ ॥

[ਸੋਰਠਿ ਮ: ੯, ਪੰਨਾ ੬੩੨

ਇਹ ਇਨਸਾਨ ਆਪਣੇ ਹੁਦਰੋਂ ਆਪਣੀ ਜੁਗਤੀ ਵਾਲਾ ਉਪਾਉ ਕਰੇ ਤਾਂ ਕਿਹੜਾ ਕਰੇ, ਜਿਸ ਉਪਾਉ ਤੋਂ ਰਾਮ ਦੀ ਭਗਤੀ ਪ੍ਰਾਪਤ ਹੋਵੇ ਅਤੇ ਜਮ ਦਾ ਤ੍ਰਾਸ ਦੂਰ ਹੋਵੇ। ਅਲਪੱਗ ਬੁਧੀ ਵਾਲੇ ਪ੍ਰਾਣੀਆਂ ਦੇ ਮਨ-ਉਕਤ ਕੀਤੇ ਉਪਾਉ ਸਭ ਬਿਰਥੇ ਹਨ। ਭਗਤੀ ਪ੍ਰਾਪਤ ਹੁੰਦੀ ਹੈ ਤਾਂ ਗੁਰ ਪ੍ਰਸਾਦ ਕਰਿ ਹੀ ਹੁੰਦੀ ਹੈ। ਆਨਮਤ ਉਪਾਉ ਕੀਤੇ ਸਭ ਬਿਰਥੇ ਜਾਂਦੇ ਹਨ ਅਤੇ ਆਨਮਤੀ ਕਰਮ ਧਰਮ ਕੀਤੇ ਵੀ ਕਿਤੇ ਲੇਖੇ ਨਹੀਂ ਪੈਂਦੇ। ਨਾ ਹੀ ਆਨਮਤ ਬਿਦਿਆ ਹੀ ਕਿਸੇ ਕੰਮ ਆਉਂਦੀ ਹੈ, ਵਿਦਿਆ ਸਭ ਅਵਿਦਿਆ ਰੂਪ ਹੈ। ਗੁਰੂ ਦਾ ਦਰਸਾਇਆ ਅਜਿਹਾ ਕਿਹੜਾ ਨਾਮ ਹੈ, ਜਿਸ ਦੇ ਸਿਮਰਨ ਕੀਤਿਆਂ ਭਵ ਸਾਗਰ ਤਰ ਸਕੀਦਾ ਹੈ ? ਅਗਲੀ ਪੰਗਤੀ ਵਿਚ ਸਾਫ਼ ਨਿਤਾਰ ਕੇ ਗੁਰੂ ਸਾਹਿਬ ਨੇ ਦੱਸਿਆ ਹੈ ਕਿ ਇਸ ਕਲਜੁਗ ਵਿਖੇ ਇਕ ਗੁਰਮਤਿ ਨਾਮ ਹੀ ਹੈ। ਉਹ ਕਿਰਪਾ ਦਾ ਭੰਡਾਰ ਵਾਹਿਗੁਰੂ ਨਾਮ ਹੈ, ਜਿਸ ਦੇ ਜਪਣ ਕਰਕੇ ਗਤਿ (ਕਲਿਆਣ) ਪ੍ਰਾਪਤ ਹੁੰਦੀ ਹੈ। ਇਸ ਗੁਰਮਤਿ ਨਾਮ ਰੂਪੀ ਸਿਮਰਨ ਕਰਨ ਤੇ ਸਭ ਤੋਂ ਸ੍ਰੇਸ਼ਟ ਧਰਮ ਤੋਂ ਬਿਨਾਂ ਹੋਰ ਕੋਈ ਕਰਮ ਧਰਮ ਕੀਤਾ ਕਲਿਆਨਕਾਰੀ ਨਹੀਂ, ਇਸ ਸੱਚੇ ਧਰਮ ਦੇ ਸਮਸਰ ਹੋਰ ਕੋਈ ਧਰਮ ਵੀ ਨਹੀਂ। ਯਥਾ ਗੁਰਵਾਕ–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥

[ਗਉੜੀ ਸੁਖ: ਮ: ੫, ਪੰਨਾ ੨੬੬

ਪ੍ਰਮਾਰਥਕ ਕਲਿਆਨਕਾਰੀ ਬਿਧੀ, ਇਹੀ ਬਿਧੀ ਸਾਰੇ ਬੇਦਾਂ ਵਿਚੋਂ ਉਤਮ ਬੇਦ, ਸਾਡਾ ਗੁਰਮਤਿ ਨਾਮ ਰੂਪੀ ਬੇਦ ਦਸਦਾ ਹੈ (ਦੇਖੋ 'ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਪੁਸਤਕ ਵਿਖੇ, "ਵੇਦਾਂ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ"* ਵਾਲੀ ਵਿਆਖਿਆ)। ਗੁਰਮਤਿ ਅੰਦਰ ਜਿਸ ਵਾਹਿਗੁਰੂ ਨੂੰ ਸ੍ਰਿਸ਼ਟੀ ਦਾ ਮਾਲਕ ਕਹੀਦਾ ਹੈ,

* ਰਾਮਕਲੀ ਮ: ੩ ਅਨੰਦੁ, ॥੧੯॥ ਪੰ: ੯੧੯

ਉਹ ਸਦਾ ਸੁਖ ਦੁਖ ਤੋਂ ਰਹਿਤ ਅਤੇ ਸਭ ਤੋਂ ਨਿਆਰਾ ਹੈ। ਸੋ ਉਹ ਹਰੇਕ ਪ੍ਰਾਣੀ ਦੇ ਅੰਦਰ ਐਸੇ ਵਸਦਾ ਹੈ ਜੈਸੇ ਦਰਪਨ (ਸ਼ੀਸ਼ੇ) ਦੇ ਅੰਦਰ ਅਕਸ ਪਾਇਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦਾ ਇਹ ਭੇਦ ਹੈ। ਇਹ ਕਿਸੇ ਗੁਰਮੁਖਿ ਨਾਮ ਅਭਿਆਸੀ ਨੂੰ ਇਸ ਬਿਧਿ ਉਹ ਵਾਹਿਗੁਰੂ ਪਿਆਰਾ ਪ੍ਰਗਟ ਪਹਾਰੇ ਜਾਪਦਾ ਹੈ।

ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ ਨਿਮਖ ਨ ਹੀਏ ਬਸਾਵੈ ॥੧॥...
ਜਬ ਹੀ ਸਰਨਿ ਸਾਧ ਕੀ ਆਇਓ ਦੁਰਮਤਿ ਸਗਲ ਬਿਨਾਸੀ ॥
ਤਬ ਨਾਨਕ ਚੇਤਿਓ ਚਿੰਤਾਮਨਿ ਕਾਟੀ ਜਮ ਕੀ ਫਾਸੀ ॥੩॥੭॥
[ਸੋਰਠਿ ਮ: ੯, ਪੰਨਾ ੬੩੩

ਬੇਦ ਪੁਰਾਨ ਸਿਮ੍ਰਤੀਆਂ ਇਨ੍ਹਾਂ ਆਨਮਤਾਂ ਦੇ ਉਪਦੇਸ਼ ਸੁਣ ਕੇ ਛਿਨ ਮਾਤਰ ਵੀ ਆਪਣੇ ਹਿਰਦੇ ਅੰਦਰ ਨਹੀਂ ਵਸਾਉਂਦਾ। ਵਸਾਵੇ ਵੀ ਕੀ, ਕਿਉਂਕਿ ਬੇਦ ਪੁਰਾਨ ਸਿਮ੍ਰਤੀਆਂ ਆਦਿਕ ਆਨਮਤ ਤ੍ਰੈਗੁਣਾਂ ਦੀਆਂ ਵਾਸ਼ਨਾਂ ਤੋਂ ਉਪਰ ਜਗਿਆਸੂ ਜਨ ਨੂੰ ਲਿਜਾਂਦੇ ਹੀ ਨਹੀਂ। ਤੁਰੀਆ ਗੁਣ ਵਾਲਾ ਸੱਚਾ ਉਪਦੇਸ਼ ਇਨ੍ਹਾਂ ਮਤਾਂ ਅੰਦਰ ਹੈ ਹੀ ਨਹੀਂ। ਤਾਂ ਤੇ ਉਹ ਇਨ੍ਹਾਂ ਆਨਮਤਾਂ ਨੂੰ ਪੜ੍ਹ ਕੇ ਦ੍ਰਿਸ਼ਟਮਾਨ ਪਸਾਰੇ ਦੇ ਮੋਹ ਵਿਚ ਹੀ ਰਚਿਆ ਪਚਿਆ ਰਹਿੰਦਾ ਹੈ, ਅਤੇ ਸਦਾ ਮਾਇਆ ਦੇ ਮਤ ਦਾ ਹੀ ਬਾਵਰਾ ਹੋਇਆ ਰਹਿੰਦਾ ਹੈ। ਉਸ ਨੂੰ ਤੱਤ ਗੁਰਮਤਿ ਗਿਆਨ ਦੀ ਸੂਝ ਹੀ ਨਹੀਂ ਹੋ ਸਕਦੀ। ਘਟਿ ਹੀ ਭੀਤਰ ਬਸਣ ਵਾਲਾ ਨਿਰੰਜਨ ਜੋ ਵਾਹਿਗੁਰੂ ਹੈ, ਉਸ ਦਾ ਮਰਮ ਭੇਦ ਗੁਰਮਤਿ ਤੱਤ ਗਿਆਨ ਦੇ ਜਾਣੂ ਹੋਏ ਬਿਨਾਂ ਆਉਂਦਾ ਹੀ ਨਹੀਂ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਕੇਵਲ ਸਤਿਗੁਰੂ ਰੂਪ ਸੱਚੇ ਸਾਧ ਦੇ ਸਰਨੀ ਆਇਆਂ ਹੀ ਇਸ ਸਾਰੀ ਤਿਮਰ ਅਗਿਆਨ ਅੰਨ੍ਹੇਰੇ ਵਾਲੀ ਦੁਰਮਤਿ ਦਾ ਨਾਸ ਹੁੰਦਾ ਹੈ। ਜਦੋਂ ਚਿੰਤਾਮਨਿ ਵਾਹਿਗੁਰੂ ਨੂੰ ਗੁਰਮਤਿ ਨਾਮ ਦਵਾਰਾ ਸਿਮਰੀਦਾ ਹੈ, ਤਦੇ ਜਮ ਦੀ ਫਾਸੀ ਕਟੀ ਜਾਂਦੀ ਹੈ, ਐਵੇਂ ਨਹੀਂ।

ਮਨ ਰੇ ਗਹਿਓ ਨ ਗੁਰ ਉਪਦੇਸੁ ॥
ਕਹਾ ਭਇਓ ਜਉ ਮੂਡੁ ਮੂਡਾਇਓ ਭਗਵਉ ਕੀਨੋ ਭੇਸੁ ॥੧॥ਰਹਾਉ॥
ਸਾਚ ਛਾਡਿ ਕੈ ਝੂਠਹਿ ਲਾਗਿਓ ਜਨਮੁ ਅਕਾਰਥੁ ਖੋਇਓ ॥
ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥੧॥
ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥
ਉਰਝਿ ਰਹਿਓ ਬਿਖਿਅਨ ਸੰਗਿ ਬਉਰਾ ਨਾਮੁ ਰਤਨੁ ਬਿਸਰਨਾ ॥੨॥
ਰਹਿਓ ਅਚੇਤੁ ਨ ਚੇਤਿਓ ਗੋਬਿੰਦੁ ਬ੍ਰਿਥਾ ਅਉਧ ਸਿਰਾਨੀ ॥
ਕਹੁ ਨਾਨਕ ਹਰਿ ਬਿਰਦੁ ਪਛਾਨਉ ਭੂਲੇ ਸਦਾ ਪਰਾਨੀ ॥੩॥੧੦॥
[ਸੋਰਠਿ ਮ: ੯, ਪੰਨਾ ੬੩੩

 www.sikhbookclub.com

ਇਹ ਗੁਰਵਾਕ ਉਦਾਸ ਭੇਖ ਵਾਲੇ ਪਾਖੰਡੀਆਂ ਦੇ ਪਾਖੰਡ ਨਿਵਾਰਨ ਨਮਿਤ ਉਚਾਰਣ ਹੋਇਆ ਹੈ। ਆਪਣੇ ਮਨ ਨਾਲ ਘਟਾ ਕੇ ਉਦਾਸੀਆਂ ਪ੍ਰਤੀ ਉਤਮ ਉਪਦੇਸ਼ ਕੀਤਾ ਹੈ ਅਤੇ ਉਦਾਸੀ ਭੇਖ ਵਾਲਿਆਂ ਨੂੰ ਉੱਤਮ ਸਿਖਿਆ ਦਿਤੀ ਹੈ–ਹੇ ਉਦਾਸੀ ਭੇਖ ਵਾਲੇ ਭੇਖ-ਧਾਰੀਓ ! ਇਸ ਉਦਾਸੀ ਪਾਖੰਡ-ਭੇਖ ਧਾਰਿਆਂ ਤੁਹਾਡਾ ਕੁਝ ਨਹੀਂ ਬਣਨਾ, ਜਦ ਤਾਈਂ ਸੱਚਾ ਗੁਰੂ ਧਾਰਨ ਕਰ ਕੇ ਸੱਚਾ ਗੁਰ-ਦੀਖਿਆ-ਮਈ ਗੁਰ ਉਪਦੇਸ਼ ਗੁਰੂ ਦਵਾਰਿਓਂ ਗ੍ਰਹਿਣ ਨ ਕਰੋਗੇ। ਕੀ ਹੋਇਆ ਜੇ ਸਿਰ ਮੁਨਾ ਲਿਆ ਤੇ ਗੇਰੂ ਰੰਗ ਦੇ ਭਗਵੇ ਭੇਸ ਵਾਲੇ ਕਪੜੇ ਪਾ ਲਏ। ਸੱਚ ਵੱਖਰ ਨਾਮ ਨੂੰ ਛਡ ਕੇ, ਝੂਠੇ ਭੇਖਾਂ ਵਿਚ ਲਗ ਕੇ ਵਿਅਰਥ ਹੀ ਜਨਮ ਖੋ ਲਿਆ ਹੈ। ਬਹੁ ਪ੍ਰਕਾਰ ਦੇ ਪਰਪੰਚ ਪਾਖੰਡ ਕਰ ਕੇ ਆਪਣੇ ਢਿਡ ਭਰਦੇ ਹੋ ਅਤੇ ਪਸੂ ਦੀ ਨਿਆਈਂ ਸੁੱਤੇ ਰਹਿੰਦੇ ਹੋ, ਨਾਮ ਜਪਦੇ ਹੀ ਨਹੀਂ। ਵਾਹਿਗੁਰੂ ਦੇ ਨਾਮ ਜਪਣ ਦੀ ਸੱਚੀ ਜੁਗਤੀ ਤੁਹਾਨੂੰ ਆਉਂਦੀ ਹੀ ਨਹੀਂ। ਨਾ ਹੀ ਨਾਮ ਜਪਣ ਵਲ ਤੁਹਾਡੀ ਰੁਚੀ ਜਾਂਦੀ ਹੈ। ਮਾਇਆ ਦੇ ਹੱਥਾਂ ਵਿਚ ਵਿਕੇ ਹੋਏ ਹੋ (ਅਰਥਾਤ, ਮਾਇਆ ਦੇ ਗ਼ੁਲਾਮ ਹੋਏ ਹੋਏ ਹੋ), ਬਿਖੇ ਪਦਾਰਥਾਂ ਦੇ ਰਸਾਂ ਕਸਾਂ ਵਿਚ ਉਲਝੇ ਫਿਰਦੇ ਹੋ। ਅਜਿਹੇ ਬਿਖਈ ਪਦਾਰਥਾਂ ਵਿਚ ਰਚੇ ਪਚੇ ਰਹਿਣ ਵਾਲੇ ਪਾਖੰਡੀ ਨੂੰ ਗੁਰੂ ਸਾਹਿਬ ਨੇ ਸਪੱਸ਼ਟ ਤੌਰ ਤੇ 'ਬਉਰਾ' ਪਦ ਨਾਲ ਸੰਕੇਤ ਕੀਤਾ ਹੈ। ਅਤੇ ਬਿਖੇ ਬਉਰਾਨਾ ਹੋ ਕੇ ਨਾਮ ਰੂਪੀ ਰਤਨ ਨੂੰ ਵਿਸਾਰ ਛਡਿਆ ਹੈ, ਇਸ ਬਿਧ ਸਾਰੀ ਉਮਰ ਹੀ ਨਾਮ ਜਪਣ ਵਲੋਂ ਭੁੱਲਾ ਹੀ ਫਿਰਦਾ ਰਿਹਾ ਹੈਂ। ਗੋਬਿੰਦ ਵਾਹਿਗੁਰੂ ਨੂੰ ਕਦੀ ਚੇਤਿਆ ਹੀ ਨਹੀਂ। ਅਜਾਈਂ ਹੀ ਸਾਰੀ ਉਮਰ ਗਵਾ ਲਈ ਹੈ। ਗੁਰੂ ਸਾਹਿਬ ਓੜਕ ਏਨ੍ਹਾਂ ਉਦਾਸੀ ਭੇਖ ਵਾਲਿਆਂ 'ਤੇ ਤਰਸ ਖਾ ਕੇ ਸਿਫ਼ਾਰਸ਼ ਕਰਦੇ ਹਨ, ਹੇ ਵਾਹਿਗੁਰੂ ! ਇਹ ਜੀਵ ਸਦਾ ਹੀ ਭੁਲਣਹਾਰ ਹਨ, ਇਸ ਭੇਖ-ਰੂਪੀ ਬਿਰਦ ਦੀ ਪੈਜ ਰਖੋ ! ਬੜਾ ਅਫ਼ਸੋਸ ਤਾਂ ਇਹ ਹੈ ਕਿ ਅਜਿਹੀਆਂ ਬੱਜਰ ਭੁੱਲਾਂ ਕਰਨਹਾਰੇ ਭੇਖੀ ਜਨ ਭੀ ਆਪਣੇ ਆਪ ਨੂੰ ਪੁੱਜੇ ਹੋਏ ਸਮਝਦੇ ਹਨ, ਨਿਰਲੱਜ ਹੋ ਕੇ ਮੂੰਡ ਮੁੰਡਾਉਂਦੇ ਹਨ ਤੇ ਗੇਰੂ-ਰੰਗੇ ਕਪੜੇ ਪਹਿਨ ਕੇ ਆਪਣਾ ਉਦਾਸ ਭੇਸ ਚਮਕਾਉਂਦੇ ਹਨ। ਇਤਨੀਆਂ ਅਹਿਮਕਾਨਾ ਭੁੱਲਾਂ ਕਰਨਹਾਰੇ ਭੀ ਆਪਣੇ ਆਪ ਨੂੰ ਪਹੁੰਚੇ ਹੋਏ ਸਦਾਉਂਦੇ ਹਨ, ਹਾਲਾਂ ਕਿ **ਇਸ** ਉਦਾਸ ਭੇਖ ਦਾ ਗੁਰਮਤਿ ਅੰਦਰ ਸਰਾਸਰ ਨਿਖੇਧ ਰੂਪ ਖੰਡਨ ਹੈ, ਜੋ ਇਸ ਉਪਰਲੇ ਵਾਕ ਦੇ ਭਾਵ ਤੋਂ ਸਿਧ ਹੈ।

ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ ॥
ਤ੍ਰਿਸਨਾ ਰਾਚਿ ਨ ਪਰ ਘਰ ਜਾਵਾ ਤ੍ਰਿਸਨਾ ਨਾਮਿ ਬੁਝਾਈ ॥
ਘਰ ਭੀਤਰਿ ਘਰੁ ਗੁਰੂ ਦਿਖਾਇਆ ਸਹਜਿ ਰਤੇ ਮਨ ਭਾਈ ॥
ਤੂ ਆਪੇ ਦਾਨਾ ਆਪੇ ਬੀਨਾ ਤੂ ਦੇਵਹਿ ਮਤਿ ਸਾਈ ॥੧॥

ਮਨੁ ਬੈਰਾਗਿ ਰਤਉ ਬੈਰਾਗੀ ਸਬਦਿ ਮਨੁ ਬੇਧਿਆ ਮੇਰੀ ਮਾਈ ॥
ਅੰਤਰਿ ਜੋਤਿ ਨਿਰੰਤਰਿ ਬਾਣੀ ਸਾਚੇ ਸਾਹਿਬ ਸਿਉ ਲਿਵ ਲਾਈ।੧।ਰਹਾਉ।
ਅਸੰਖ ਬੈਰਾਗੀ ਕਹਹਿ ਬੈਰਾਗ ਸੋ ਬੈਰਾਗੀ ਜਿ ਖਸਮੈ ਭਾਵੈ ॥
ਹਿਰਦੈ ਸਬਦਿ ਸਦਾ ਭੈ ਰਚਿਆ ਗੁਰ ਕੀ ਕਾਰ ਕਮਾਵੈ ॥
ਏਕੋ ਚੇਤੈ ਮਨੂਆ ਨ ਡੋਲੈ ਧਾਵਤੁ ਵਰਜਿ ਰਹਾਵੈ ॥
ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥੨॥
ਮਨੂਆ ਪਉਣੁ ਬਿੰਦੁ ਸੁਖਵਾਸੀ ਨਾਮਿ ਵਸੈ ਸੁਖ ਭਾਈ ॥
ਜਿਹਬਾ ਨੇਤ੍ਰ ਸੋਤ੍ਰ ਸਚਿ ਰਾਤੇ ਜਲਿ ਬੂਝੀ ਤੁਝਹਿ ਬੁਝਾਈ ॥
ਆਸ ਨਿਰਾਸ ਰਹੈ ਬੈਰਾਗੀ ਨਿਜ ਘਰਿ ਤਾੜੀ ਲਾਈ ॥
ਭਿਖਿਆ ਨਾਮ ਰਜੇ ਸੰਤੋਖੀ ਅੰਮ੍ਰਿਤੁ ਸਹਜਿ ਪੀਆਈ ॥੩॥
ਦੁਬਿਧਾ ਵਿਚਿ ਬੈਰਾਗੁ ਨ ਹੋਵੀ ਜਬ ਲਗੁ ਦੂਜੀ ਰਾਈ ॥
ਸਭੁ ਜਗੁ ਤੇਰਾ ਤੂ ਏਕੋ ਦਾਤਾ ਅਵਰੁ ਨ ਦੂਜਾ ਭਾਈ ॥
ਮਨਮੁਖਿ ਜੰਤ ਦੁਖਿ ਸਦਾ ਨਿਵਾਸੀ ਗੁਰਮੁਖਿ ਦੇ ਵਡਿਆਈ ॥
ਅਪਰ ਅਪਾਰ ਅਗੰਮ ਅਗੋਚਰ ਕਹਣੈ ਕੀਮ ਨ ਪਾਈ ॥੪॥
ਸੁੰਨ ਸਮਾਧਿ ਮਹਾ ਪਰਮਾਰਥੁ ਤੀਨਿ ਭਵਣ ਪਤਿ ਨਾਮੰ ॥
ਮਸਤਕਿ ਲੇਖੁ ਜੀਆ ਜਗਿ ਜੋਨੀ ਸਿਰਿ ਸਿਰਿ ਲੇਖੁ ਸਹਾਮੰ ॥
ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਮੰ ॥
ਮਨਿ ਮੁਖਿ ਜੂਠਿ ਲਹੈ ਭੈ ਮਾਨੰ ਆਪੇ ਗਿਆਨੁ ਅਗਾਮੰ ॥੫॥
ਜਿਨਿ ਚਾਖਿਆ ਸੇਈ ਸਾਦੁ ਜਾਣਨਿ ਜਿਉ ਗੁੰਗੇ ਮਿਠਿਆਈ ॥
ਅਕਥੈ ਕਾ ਕਿਆ ਕਥੀਐ ਭਾਈ ਚਾਲਉ ਸਦਾ ਰਜਾਈ ॥
ਗੁਰੁ ਦਾਤਾ ਮੇਲੇ ਤਾ ਮਤਿ ਹੋਵੈ ਨਿਗੁਰੇ ਮਤਿ ਨ ਕਾਈ ॥
ਜਿਉ ਚਲਾਏ ਤਿਉ ਚਾਲਹ ਭਾਈ ਹੋਰਿ ਕਿਆ ਕੋ ਕਰੇ ਚੁਤਰਾਈ ॥੬॥
ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ ॥
ਜਿਤੁ ਤੁਧੁ ਲਾਏ ਤੇਹਾ ਫਲੁ ਪਾਇਆ ਤੂ ਹੁਕਮਿ ਚਲਾਵਣਹਾਰਾ ॥
ਸੇਵਾ ਕਰੀ ਜੇ ਕਿਛੁ ਹੋਵੈ ਅਪਣਾ ਜੀਉ ਪਿੰਡੁ ਤੁਮਾਰਾ ॥
ਸਤਿਗੁਰਿ ਮਿਲਿਐ ਕਿਰਪਾ ਕੀਨੀ ਅੰਮ੍ਰਿਤ ਨਾਮੁ ਅਧਾਰਾ ॥੭॥
ਗਗਨੰਤਰਿ ਵਾਸਿਆ ਗੁਣ ਪਰਗਾਸਿਆ ਗੁਣ ਮਹਿ ਗਿਆਨ ਧਿਆਨੰ ॥
ਨਾਮੁ ਮਨਿ ਭਾਵੈ ਕਹੈ ਕਹਾਵੈ ਤਤੋ ਤਤੁ ਵਖਾਨੰ ॥
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ॥
ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ ॥੮॥੧॥
[ਸੋਰਠਿ ਮ: ੧ ਘਰੁ ੧ ਅਸਟ:, ਪੰਨਾ ੬੩੪-੬੫

ਇਸ ਗੁਰਵਾਕ ਦਵਾਰਾ ਗੁਰੂ ਸਾਹਿਬ ਨੇ ਵਿਸ਼ੇਸ਼ ਕਰਕੇ ਬੈਰਾਗ ਭੇਖ ਦਾ ਖ਼ੂਬ ਗੱਜ ਵੱਜ ਕੇ ਖੰਡਨ ਕੀਤਾ ਹੈ ਅਤੇ ਇਸ ਦੇ ਥਾਉਂ ਇਨ੍ਹਾਂ ਨੂੰ ਸੱਚਾ ਗੁਰਮਤਿ ਵੈਰਾਗ ਦ੍ਰਿੜ੍ਹਾਇਆ ਹੈ। ਯਥਾ ਵਿਆਖਿਆ—

ਦੂਜੇ ਭਾਵ ਦੀ ਵਿਦਿਆ ਪੜ੍ਹਨ ਨੂੰ ਗੁਰੂ ਸਾਹਿਬ ਨੇ ਖ਼ੂਬ ਖੰਡਿਆ ਹੈ। ਦੂਜੇ ਭਾਵ ਦੀ ਵਿਦਿਆ (ਅਵਿਦਿਆ) ਪੜ੍ਹ ਕੇ ਦੁਚਿੱਤੇ ਮਨ ਵਿਚ ਹੀ ਪੈਣਾ ਹੈ। ਵਾਹਿਗੁਰੂ ਅਕਾਲ ਪੁਰਖ ਦੀ ਅਨਿੰਨ ਉਪਾਸ਼ਨਾ ਬਿਨਾਂ ਆਨ ਉਪਾਸ਼ਨਾ ਦਾ ਕਰਨਾ ਉੱਕਾ ਹੀ ਨਿਖੇਧਿਆ ਹੈ। ਵਾਹਿਗੁਰੂ ਸਚੇ ਪਾਤਸ਼ਾਹ ਅਕਾਲ ਪੁਰਖ ਦੀ ਪੂਜਾ ਬਿਨਾਂ ਹੋਰ ਹਰੇਕ ਪ੍ਰਕਾਰ ਦੀ ਪੂਜਾ ਨੂੰ ਗੁਰਮਤਿ ਅਨੁਸਾਰ ਮਮਨੂਹ ਕਰਕੇ ਗਰਦਾਨਿਆ ਹੈ। ਮੜ੍ਹੀਆਂ ਮਸਾਣਾਂ ਵਿਚ ਜਾ ਕੇ ਬੈਠਣ ਨੂੰ ਭੀ ਕੱਚੇ ਵੈਰਾਗੀਆਂ ਵਾਲੀ ਦੂਜੇ ਭਾਵ ਦੀ ਪੂਜਾ ਕਰਕੇ ਜਾਣਾਇਆ ਹੈ। ਜਿਤਨੇ ਭੀ ਇਹ ਪਾਖੰਡ-ਬੈਰਾਗੀ ਜੋਗੀ ਜਨ ਹਨ, ਇਹ ਸਭ ਤ੍ਰਿਸ਼ਨਾ ਲੋਭ ਵਿਚ ਲਗ ਕੇ ਪਰਾਈਂ ਘਰੀਂ ਜਾਂਦੇ ਹਨ ਅਤੇ ਲੋਭ ਵਿਚ ਹੋ ਕੇ ਹਲਵਾ ਪੂਰੀ ਉਡਾਉਂਦੇ ਹਨ। ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਦੂਜੇ ਭਾਵ ਦੀ ਲੋਭ ਮਈ ਤ੍ਰਿਸ਼ਨਾ, ਬਿਨਾਂ ਗੁਰਮਤਿ ਨਾਮ ਦ੍ਰਿੜ੍ਹ ਹੋਣ ਦੇ ਦੂਰ ਨਹੀਂ ਹੁੰਦੀ। ਇਹ ਬੁਝਦੀ ਹੈ ਤਾਂ ਇਸ ਬਿਧਿ ਬੁਝਦੀ ਹੈ ਕਿ ਸੱਚੇ ਗੁਰੂ ਦਵਾਰਾ ਗੁਰ-ਦੀਖਿਆ ਲੈ ਕੇ ਗੁਰਮਤਿ ਨਾਮ ਦਾ ਗੁਹਜ ਅਤੇ ਅਤੁੱਟ ਅਭਿਆਸ ਕੀਤਾ ਜਾਵੇ, ਤਾਂ ਹੀ ਇਸੇ ਹਿਰਦੇ (ਘਟ ਰੂਪੀ) ਘਰ ਵਿਖੇ ਹੀ ਜੋਤਿ ਦਾ ਪ੍ਰਕਾਸ਼ ਹੋ ਕੇ ਜੋਤੀਸ਼ਵਰ ਵਾਹਿਗੁਰੂ ਦਾ ਪਰਤੱਖ ਨਜ਼ਾਰਾ ਦਰਸਾਰਾ ਦੇਖ ਲਈਦਾ ਹੈ ਅਤੇ ਸਹਜ ਪਦ ਵਿਚ ਰੱਤੇ ਜਾ ਕੇ ਲੀਨ ਹੋ ਜਾਈਦਾ ਹੈ। ਇਹ ਸੱਚੀ ਮਤਿ ਸੁਮਤਿ ਗੁਰਦੀਖਿਆ ਗ੍ਰਹਿਣ ਕਰਨ ਦੀ, ਗੁਰੂ ਦੀ ਨਦਰ ਮੇਹਰ ਦਵਾਰਾ ਸੁਤੇ ਹੀ ਵਾਹਿਗੁਰੂ ਦੁਆਰਿਓਂ ਸੁਫੁਰਨ ਹੁੰਦੀ ਹੈ। ਵਾਹਿਗੁਰੂ ਅੰਤਰਯਾਮੀ ਤੁਹਾਡੀ ਅੰਤਰ-ਗਤਿ ਦਾ ਭਲੀ ਪ੍ਰਕਾਰ ਦਾਨਾ ਬੀਨਾ ਹੋਣ ਕਰਕੇ ਆਪੇ ਹੀ ਸੱਚੀ ਸੁਮਤਿ ਬਖ਼ਸ਼ਦਾ ਹੈ, ਅਤੇ ਸੱਚੇ ਵੈਰਾਗ ਦਾ ਦਾਨ ਦਿੰਦਾ ਹੈ।

ਅਜਿਹੇ ਸੱਚੇ ਵੈਰਾਗ ਵਿਚ ਰੱਤ ਕੇ ਗੁਰਮੁਖਿ ਜਗਿਆਸੂ ਦਾ ਮਨੂਆ ਸੱਚਾ ਸੁੱਚਾ ਵੈਰਾਗੀ ਹੋ ਜਾਂਦਾ ਹੈ। ਇਸ ਸਚੜੇ ਸੁਚੜੇ ਵੈਰਾਗੀ ਦਾ ਮਨ ਗੁਰ-ਸ਼ਬਦ ਦਵਾਰਾ ਬੇਧਿਆ ਜਾ ਕੇ, ਸੱਚੇ ਗੁਰਮਤਿ ਵੈਰਾਗ ਵਿਚ ਅਹਿਨਿਸ ਮਸਤੁਲ-ਮਸਤ ਰਹਿੰਦਾ ਹੈ। ਉਸ ਬੈਰਾਗੀ (ਗੁਰਮਤਿ ਬੈਰਾਗੀ) ਦੇ ਅੰਤਰ-ਆਤਮੇ ਗੁਰਮਤਿ ਰਸ-ਬੇਧਨੀ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਤੇ ਉਸ ਦੇ ਅੰਦਰ ਨਿਰੀ ਗੁਰਬਾਣੀ ਹੀ ਗੁਰਬਾਣੀ ਦਾ ਪ੍ਰਵੇਸ਼ ਹੋ ਜਾਂਦਾ ਹੈ। ਇਸ ਬਿਧਿ ਉਸ ਸਚੜੇ ਗੁਰਮਤਿ ਵੈਰਾਗੀ ਦੀ ਸਚੜੇ ਸਹਿਬ ਵਾਹਿਗੁਰੂ ਨਾਲ ਲਿਵ ਜੁੜ ਜਾਂਦੀ ਹੈ।

ਨਹੀਂ ਤਾਂ ਆਪੋਂ ਹੁਦਰੇ ਅਣਗਿਣਤ (ਅਸੰਖ) ਪਾਖੰਡ ਕਰਨ ਵਾਲੇ ਬੈਰਾਗੀ (ਕਹਾਵਤੀ ਬੈਰਾਗੀ) ਬੈਰਾਗ ਭੇਖ ਧਾਰਦੇ ਫਿਰਦੇ ਹਨ, ਪਰੰਤੂ ਅਜਿਹਾ ਵੈਰਾਗ

ਕਿਸੇ ਲੇਖੇ ਨਹੀਂ ਪੈਂਦਾ। ਸੋਈ ਸੱਚਾ ਵੈਰਾਗੀ ਹੈ, ਜੋ ਸੱਚੇ ਖਸਮ ਵਾਹਿਗੁਰੂ ਨੂੰ ਭਾਉਂਦਾ ਹੈ। ਉਹੀ ਵੈਰਾਗੀ ਵਾਹਿਗੁਰੂ ਨੂੰ ਭਾਉਂਦਾ ਹੈ ਜੋ ਗੁਰਮਤਿ ਆਗਿਆ (ਹੁਕਮ) ਨੂੰ ਗਹਿ ਕੇ (ਦ੍ਰਿੜ੍ਹ ਕਰ ਕੇ) ਕਰਮ ਕਮਾਉਂਦਾ ਹੈ, ਉਸ ਦੇ ਹਿਰਦੇ ਅੰਦਰ ਗੁਰ-ਸ਼ਬਦ-ਦੀਖਿਆ ਦੇ ਦ੍ਰਿੜ੍ਹ ਹੋਣ ਕਰਿ, ਸਚੜੇ ਵੈਰਾਗ ਤਿਆਗ ਵਾਲਾ ਸਚੜਾ ਵੈਰਾਗ ਰਚਿਆ ਰਹਿੰਦਾ ਹੈ। ਇਸ ਬਿਧਿ ਉਹ ਦਮ-ਬਦਮ ਵਾਹਿਗੁਰੂ ਨਾਮ ਕਮਾਈ ਰੂਪੀ ਸੱਚੀ ਕਾਰ ਕਮਾਉਂਦਾ ਹੀ ਰਹਿੰਦਾ ਹੈ। ਇਕੋ ਵਾਹਿਗੁਰੂ ਨੂੰ ਚੇਤਣ ਕਰਕੇ ਉਸ ਦਾ ਮਨੂਆ ਡੋਲਦਾ ਨਹੀਂ ਅਤੇ ਵਾਹਿਗੁਰੂ-ਨਾਮ ਦਾ ਖੰਡਾ ਖੜਕਾਉਣ ਕਰਕੇ ਉਸ ਦਾ ਬਾਹਰ ਜਾਂਦਾ ਮਨੂਆ ਸਦਾ ਹੀ ਬਾਹਰ ਜਾਣੋਂ ਵਰਜਿਆ ਰਹਿੰਦਾ ਹੈ। ਇਸ ਬਿਧਿ ਐਸਾ ਸੱਚਾ ਸੁੱਚਾ ਵੈਰਾਗੀ ਸਹਜ ਵੈਰਾਗ ਵਿਚ ਹੀ ਸਦਾ ਰਤਿਆ ਅਤੇ ਮਤਿਆ ਰਹਿੰਦਾ ਹੈ, ਸਦਾ ਵਾਹਿਗੁਰੂ ਦੇ ਰੰਗਾਂ ਵਿਚ ਰੱਤਾ ਰਹਿਣ ਕਰਕੇ ਉਹ ਵਾਹਿਗੁਰੂ ਦੇ ਗੁਣ ਹੀ ਗਾਉਂਦਾ ਰਹਿੰਦਾ ਹੈ।

ਜੇਕਰ ਚੰਚਲ ਮਨੂਆ, ਹਵਾ ਸਾਰਖਾ ਚੰਚਲ ਮਨੂਆ ਰੰਚਕ ਮਾਤਰ ਵੀ (ਬਿੰਦਕੁ) ਟਿਕ ਕੇ ਬੈਠੇ ਅਤੇ ਨਾਮ ਦੇ ਆਸਰੇ ਨਾਲ ਠਾਕ ਰਹਾਇਆ ਜਾਵੇ ਤਾਂ ਉਹ ਸੱਚਾ ਸੁਖਵਾਸੀ ਹੋ ਜਾਂਦਾ ਹੈ। ਸਚੜੇ ਗੁਰਮਤਿ ਨਾਮ ਦੇ ਵਿਚ ਲੀਨ ਹੋ ਕੇ ਹੀ ਸਚੜੇ ਆਤਮ ਪਰਮਾਤਮੀ ਸੁਖ ਦੀ ਪ੍ਰਾਪਤੀ ਹੁੰਦੀ ਹੈ, ਉਸ ਦੀ ਰਸਨਾ (ਜਿਹਵਾ), ਨੇਤਰ (ਅੱਖੀਆਂ), ਸ੍ਰਵਨ (ਸ੍ਰੋਤਰ), ਸਾਰੇ ਹੀ ਬਾਹਰਮੁਖੀ ਗਿਆਨ-ਇੰਦਰੇ ਸਚੜੇ ਨਾਮ-ਰੰਗਾਂ ਵਿਚ ਹੀ ਰੱਤੇ ਜਾਂਦੇ ਹਨ, ਉਸਦੀ ਸਗਲੀ ਤ੍ਰਿਸ਼ਨਾ ਮਈ ਜਲਨ ਬੁਝ ਜਾਂਦੀ ਹੈ, ਹੇ ਵਾਹਿਗੁਰੂ ! ਤੇਰੀ ਬੁਝਾਈ ਬੁਝਦੀ ਹੈ। ਸੱਚਾ ਗੁਰਮਤਿ ਵੈਰਾਗੀ ਉਹ ਹੈ ਜੋ ਰਸ-ਬੈਰਾਗ ਵਿਚ ਰੱਤਾ ਹੋਇਆ ਸਵਾਸ ਸਵਾਸ ਨਾਮ ਅਭਿਆਸ ਦੀ ਕਮਾਈ ਕਰਦਾ ਰਹਿੰਦਾ ਹੈ ਅਤੇ ਕਮਾਈ ਦੀ ਫਲ-ਪ੍ਰਾਪਤੀ ਦੀ ਡੋਰੀ ਨਦਰਾਲੂ ਵਾਹਿਗੁਰੂ ਦੀ ਨਦਰ ਮੇਹਰ ਉਤੇ ਹੀ ਛਡ ਰਖਦਾ ਹੈ। ਇਸ ਬਿਧਿ ਆਸਾ ਨਿਰਾਸਾ ਹੋ ਕੇ ਉਸ ਸੱਚੇ ਵੈਰਾਗੀ ਦੀ ਸੁਤੇ ਸੁਭਾਵ ਹੀ ਨਿਜ ਘਰ ਵਿਖੇ ਤਾੜੀ ਲਗ ਜਾਂਦੀ ਹੈ। ਸਚੜੇ ਵੈਰਾਗੀ ਦਾ ਨਿਜ ਘਰ ਵਾਹਿਗੁਰੂ ਦਾ ਹੀ ਘਰ ਹੈ, ਜਿਥੋਂ ਕਿ ਉਹ ਵਿਛੜਿਆ ਹੈ, ਅਤੇ ਵਿਛੜ ਕੇ ਫਿਰ ਘਰ ਪੁੱਜਣ ਦਾ ਸਚੜਾ ਵੈਰਾਗ ਲੱਗਾ ਹੋਇਆ ਹੁੰਦਾ ਹੈ। ਗੁਰੂ ਵਾਹਿਗੁਰੂ ਦਵਾਰਿਓਂ ਸਚੜੇ ਨਾਮ-ਰੰਗਾਂ ਦੀ ਭਿਖਿਆ ਭੁੰਚਣ ਕਰਕੇ ਸੱਚੇ ਵੈਰਾਗੀ ਸਦਾ ਰੱਜੇ ਰਹਿੰਦੇ ਹਨ। ਇਉਂ ਸਚੜਾ ਰਸ ਆਉਣ ਕਰਕੇ ਉਹ ਸਦਾ ਸੰਤੋਖੀ ਰਹਿੰਦੇ ਹਨ, ਸਹਜ ਅਵਸਥਾ ਵਿਚ ਲੀਨ ਹੋਣ ਕਰਕੇ ਅੰਮ੍ਰਿਤ ਰੂਪੀ ਗਟਾਕ ਹੀ ਪੀਂਦੇ ਰਹਿੰਦੇ ਹਨ।

ਦਵੈਤ ਭਾਵ ਵਾਲੀ ਦੁਚਿੱਤਾਪਣ ਦੀ ਦੁਬਿਧਾ ਵਿਚ ਪੈ ਕੇ ਸਚੜਾ ਵੈਰਾਗ, ਗੁਰਮਤਿ ਵੈਰਾਗ ਕਦੇ ਨਹੀਂ ਉਪਜ ਸਕਦਾ। ਜਦੋਂ ਤਾਈਂ ਦੂਜੇ ਭਾਵ ਦੀ ਰਾਈ ਮਾਤਰ ਵੀ ਮਨ ਵਿਚ ਰੜਕਦੀ ਰਹਿੰਦੀ ਹੈ, ਉਦੋਂ ਤਾਈਂ ਸਚੜਾ ਵੈਰਾਗ ਕਦਾਚਿਤ

ਨਹੀਂ ਹੋ ਸਕਦਾ, ਨਾ ਹੀ ਕੋਈ ਗੁਰਮਤਿ ਵੈਰਾਗੀ ਕਹਾ ਸਕਦਾ ਹੈ। ਸਚੜਾ ਸੁਚੜਾ ਵੈਰਾਗੀ ਓਹੀ ਜਨ ਹੋ ਸਕਦਾ ਹੈ ਜਿਸ ਨੂੰ ਸੱਚੇ ਵੈਰਾਗ ਦਾ ਦਾਨ ਦਾਤਾਰ ਵਾਹਿਗੁਰੂ ਕਰਤਾਰ ਦੇਵੇ। ਹੇ ਵਾਹਿਗੁਰੂ ! ਸਾਰਾ ਜਗ ਤੇਰਾ ਹੀ ਹੈ ਅਤੇ ਤੂੰ ਹੀ ਸਭ ਦਾ ਦਾਤਾਰ ਹੈਂ, ਤੇਰੇ ਬਾਝੋਂ ਹੋਰ ਕੋਈ ਦੂਜਾ ਦਾਤਾਰ ਨਹੀਂ। ਜਿਸ ਉੱਪਰ ਤੂੰ ਨਦਰ ਕਰੇਂ, ਤਿਸੇ ਨੂੰ ਸੱਚੇ ਵੈਰਾਗ ਦੀ ਬਖ਼ਸ਼ਸ਼ ਬਖ਼ਸ਼ੇਂ। ਜੇਹੜੇ ਮਨਮੁਖ ਜਨ ਆਪਣੇ ਮਨ ਦੀ ਮਤਿ ਦੇ ਅਧੀਨ ਹੋ ਕੇ ਭੇਖ ਵੈਰਾਗ ਦਾ ਪਾਖੰਡ ਸਹੇੜਦੇ ਹਨ, ਉਹ ਜੰਤ ਸਦਾ ਹੀ ਦੁਖੀ ਅਤੇ ਦੁਖਿ ਨਿਵਾਸੀ ਰਹਿੰਦੇ ਹਨ। ਏਹ ਕੇਵਲ ਵਾਹਿਗੁਰੂ ਦਰਸਾਏ ਗੁਰਮੁਖਿ ਜਨ ਹੀ ਹਨ ਜਿਨ੍ਹਾਂ ਨੂੰ ਦਾਤਾਰ ਵਾਹਿਗੁਰੂ ਕਰਤਾਰ ਸੱਚੇ ਵੈਰਾਗੀ ਹੋਣ ਦੀ ਵਡਿਆਈ ਬਖ਼ਸ਼ਦਾ ਹੈ, ਨਹੀਂ ਤਾਂ ਖੋਟੇ ਖਚਰੇ ਵੈਰਾਗੀ ਜਨਾਂ ਨੂੰ ਪਾਖੰਡ ਵੈਰਾਗ ਦੇ ਕੀਤਿਆਂ, ਉਹ ਸਚੜੇ ਸੁਚੜੇ ਵੈਰਾਗ ਦਾ ਕੁਛ ਪਤਾ ਨਹੀਂ ਲਗ ਸਕਦਾ। ਇਸ ਸਚੜੇ ਸੁਚੜੇ ਵੈਰਾਗ ਬਿਨਾਂ ਅਪਰ-ਅਪਾਰ, ਅਗ਼ਮ-ਅਗੋਚਰ ਵਾਹਿਗੁਰੂ ਦੀ ਕੀਮਤ ਨਹੀਂ ਪਾਈ ਜਾ ਸਕਦੀ, ਸੁਸ਼ਕ ਕਥਨੀ ਦਵਾਰਾ ਤਾਂ ਹਰਗਿਜ਼ ਨਹੀਂ ਪਾਈ ਜਾ ਸਕਦੀ।

ਜੇਹੜੇ ਸਚੜੇ ਸੁਚੜੇ ਗੁਰਮਤਿ ਵੈਰਾਗੀ ਮਹਾਂ ਪ੍ਰਮਾਰਥ ਪ੍ਰਾਪਤੀ ਮਈ ਸੱਚੀ ਸੁੰਨ ਸਮਾਧੀ ਵਿਚ ਲੀਨ ਹੋ ਜਾਂਦੇ ਹਨ, ਉਨ੍ਹਾਂ ਵੈਰਾਗੀਆਂ ਦੀ ਤਿੰਨਾਂ ਹੀ ਭਵਨਾਂ ਵਿਚ, ਭਾਵ ਸਾਰੇ ਖੰਡਾਂ ਬ੍ਰਹਿਮੰਡਾਂ ਵਿਚ ਨਾਮ-ਰੰਗਾਂ ਵਾਲੀ ਪਤਿ-ਪ੍ਰਤਿਸ਼ਟਾ ਕਾਇਮ ਦਾਇਮ ਰਹਿ ਜਾਂਦੀ ਹੈ। ਜੀਵਾਂ ਦੇ ਜਗ-ਜੋਨੀ ਵਿਚ ਆਉਣ ਦੀ ਰੇਖਾ ਮਸਤਕ 'ਤੇ ਲਿਖੀ ਹੋਈ ਹੁੰਦੀ ਹੈ, ਸਿਰ ਸਿਰ ਲੇਖ ਲਿਖੇ ਅਨੁਸਾਰ ਹੀ ਉਹ ਸੁਖ-ਦੁਖ ਰੂਪੀ ਭਾਣਾ ਸਹਿੰਦੇ ਹਨ। ਅਨੇਕਾਂ ਭੇਖੀਆਂ ਦੇ ਪੂਰਬਲੇ ਕਰਮਾਂ ਅਨੁਸਾਰ ਲੇਖ ਲਿਖੇ ਹੋਣ ਕਰਕੇ, ਪਹਿਲੇ ਜਨਮ ਵਿਚ ਉਨ੍ਹਾਂ ਦੇ ਕੀਤੇ ਕਰਮ ਸੁਕਰਮਾਂ ਦੀ ਕਮਾਈ ਅਧੂਰੀ ਹੋਣ ਕਰਕੇ ਦੂਜੇ ਜਨਮਾਂ ਵਿਚ ਭੁਗਤਾਈ ਜਾਂਦੀ ਹੈ, ਕਰਮ-ਬਿਧਾਤਾ ਵਾਹਿਗੁਰੂ ਹੀ ਖ਼ੁਦ ਭੁਗਤਾਉਂਦਾ ਹੈ, ਅਤੇ ਕਰਮ ਸੁਕਰਮ ਕਮਾਉਂਦਾ ਹੈ (ਦੇਖੋ 'ਗੁਰਮਤਿ ਕਰਮ ਫ਼ਿਲਾਸਫ਼ੀ')। ਜਿਨ੍ਹਾਂ ਉੱਤੇ ਵਾਹਿਗੁਰੂ ਮੇਹਰਬਾਨ ਦੀ ਮੇਹਰ ਨਦਰ ਹੁੰਦੀ ਹੈ ਉਨ੍ਹਾਂ ਨੂੰ ਹੀ ਗੁਰਮਤਿ ਨਾਮ ਅਭਿਆਸ ਰੂਪੀ ਸੱਚੀ ਭਗਤੀ ਦ੍ਰਿੜ੍ਹ ਹੁੰਦੀ ਹੈ। ਵਾਹਿਗੁਰੂ ਦਾ ਸੱਚਾ ਭੈ ਮੰਨਣ ਨਾਲ ਹੀ ਮਨ ਤੋਂ ਅਤੇ ਮੁਖ ਤੋਂ ਪਾਖੰਡ ਭੇਖ ਮਈ ਜੂਠ ਲਹਿੰਦੀ ਹੈ।

ਤਿਨ੍ਹਾਂ ਪਾਖੰਡ ਰਹਿਤ ਹੋਏ ਬੈਰਾਗੀਆਂ ਨੂੰ ਵਾਹਿਗੁਰੂ ਸੱਚਾ ਪਾਤਸ਼ਾਹ ਆਪੇ ਹੀ ਅਗੰਮੀ ਪ੍ਰਚੰਡ ਗਿਆਨ ਬਖ਼ਸ਼ਦਾ ਹੈ। ਇਸ ਪ੍ਰਚੰਡ ਗਿਆਨ ਦੇ ਜੋਤਿ-ਰਸ ਦਾ ਸੁਆਦ ਸੋਈ ਜਾਣਦੇ ਹਨ, ਜਿਨ੍ਹਾਂ ਨੇ ਸਚ ਮੁਚ ਇਸ ਰਸ ਨੂੰ ਚਖ ਕੇ ਦੇਖਿਆ ਹੁੰਦਾ ਹੈ। ਉਹ ਇਸ ਬਿਸਮਾਦ ਰਸ ਨੂੰ ਚਖਦੇ ਹਨ, ਪਰ ਦੱਸ ਨਹੀਂ ਸਕਦੇ, ਜਿਸ ਤਰ੍ਹਾਂ ਗੂੰਗਾ ਮਠਿਆਈ ਖਾ ਕੇ ਦੱਸ ਨਹੀਂ ਸਕਦਾ। ਜੋ ਅਗੰਮੀ

ਬਿਸਮਾਦ ਰੰਗ ਰਸ ਸਵਾਦ ਕਥਿਆ ਨਹੀਂ ਜਾ ਸਕਦਾ, ਉਸ ਦਾ ਕਥੇ ਜਾਣ ਵਾਲੇ ਰਸ ਨੂੰ ਕਥਣਾ ਹੀ ਬੇਫ਼ਾਇਦਾ (ਫ਼ਜ਼ੂਲ) ਹੈ। ਵਾਹਿਗੁਰੂ ਦੇ ਹੁਕਮ ਰਜ਼ਾ ਵਿਚ ਚਲਦੇ ਰਹਿਣਾ ਅਤੇ ਹੁਕਮੀ ਵਾਹਿਗੁਰੂ ਦੇ ਨਾਮ ਰੂਪੀ ਸਚੜੇ ਹੁਕਮ ਵਿਚ ਜੁਟੇ ਰਹਿਣਾ ਹੀ ਗੁਰਮਤਿ ਅਭਿਆਸੀ ਜਨ ਸੱਚੇ ਸੁਚੜੇ ਗੁਰਮਤਿ ਵੈਰਾਗੀ ਜਨ ਦਾ ਕੰਮ ਹੈ ਤੇ ਸਾਫ਼ ਸੁਥਰਾ ਕੰਮ ਹੈ। ਇਸ ਸੱਚੇ ਸੁੱਚੜੇ ਵੈਰਾਗ ਦੀ ਗੁਰਮਤਿ ਮਤਿ ਤਿਸੇ ਨੂੰ ਆਉਂਦੀ ਹੈ ਜਿਸ ਨੂੰ ਸਤਿਗੁਰੂ ਦਾਤਾ ਵਾਹਿਗੁਰੂ ਨਾਲ ਮੇਲ ਕੇ ਸੁਮਤਿ ਬਖ਼ਸ਼ੇ, ਨਹੀਂ ਤਾਂ ਨਿਗੁਰਿਆਂ, ਪਾਖੰਡੀਆਂ ਜੰਤਾਂ, ਭੇਖੀ ਵੈਰਾਗੀਆਂ ਨੂੰ ਇਸ ਸਚੜੇ ਸੁਚੜੇ ਵੈਰਾਗ ਦੀ ਮਤਿ ਆਉਂਦੀ ਨਹੀਂ। ਚਾਹੇ ਕੋਈ ਲੱਖ ਚਤੁਰਾਈਆਂ ਕਰੇ, ਉਸ ਦੀਆਂ ਚਤੁਰਾਈਆਂ ਸਿਆਣਪਾਂ ਬਿਰਥੀਆਂ ਜਾਂਦੀਆਂ ਹਨ। ਤਾਂ ਤੇ ਹੁਕਮ ਰਜਾਈ ਵਾਹਿਗੁਰੂ ਦੀ ਸਚੜੀ ਸੁਚੜੀ ਰਜ਼ਾ ਵਿਚ ਚਲਦੇ ਰਹਿਣਾ ਹੀ ਗੁਰਮੁਖਿ ਸਚੜੇ ਵੈਰਾਗੀਆਂ ਲਈ ਉਚਿਤ ਹੈ।

ਹੇ ਵਾਹਿਗੁਰੂ ! ਇਹ ਤੇਰਾ ਹੀ ਅਪਾਰ ਖੇਲ ਹੈ ਕਿ ਇਕਨਾਂ ਨੂੰ ਤੂੰ ਭਰਮ ਵਿਚ ਭੁਲਾਈ ਰਖਦਾ ਹੈਂ ਅਤੇ ਇਕਨਾਂ ਨੂੰ ਸੱਚੀ ਭਗਤੀ ਦੇ ਰੰਗ ਵਿਚ ਰੱਤੀ ਰਖਦਾ ਹੈਂ, ਇਹ ਤੇਰਾ ਅਪਾਰ ਖੇਲ ਹੈ। ਜਿਸ ਪਾਸੇ ਤੂੰ ਉਨ੍ਹਾਂ ਨੂੰ ਲਾਇਆ ਹੈ ਉਹੋ ਜਿਹਾ ਫਲ ਹੀ ਉਨ੍ਹਾਂ ਨੇ ਪਾਇਆ ਹੈ। ਤੂੰ ਆਪਣੇ ਹੁਕਮ ਅਨੁਸਾਰ ਹੀ ਕਰਮ-ਵਿਧਾਤਾ ਫਲ-ਪਰਦਾਤਾ ਹੋ ਕੇ ਉਨ੍ਹਾਂ ਨੂੰ ਕਰਮਾਂ ਵਿਚ ਪ੍ਰਵਿਰਤ ਕਰਦਾ ਹੈਂ ਅਤੇ ਆਪਣਾ ਹੁਕਮ ਚਲਾ ਚਲਾ ਕੇ ਵੇਖਦਾ ਏਂ। ਹੇ ਵਾਹਿਗੁਰੂ, ਮੈਂ ਤੇਰੀ ਸੇਵਾ ਤਦ ਕਰ ਸਕਾਂ ਜੇ ਕੋਈ ਮੇਰਾ ਆਪਣਾ ਹੋਵੇ, ਇਹ ਸਭ ਜੀਉ ਪਿੰਡ ਸਭ ਤੇਰੀ ਦਾਤਿ ਹੈ, ਤੇਰਾ ਦਿੱਤਾ ਹੋਇਆ ਹੈ। ਸਤਿਗੁਰ ਦੇ ਮਿਲਣ ਕਰਕੇ ਮੇਰੇ ਉੱਤੇ ਹੇ ਵਾਹਿਗੁਰੂ ! ਤੈਂ ਕਿਰਪਾ ਕੀਤੀ ਹੈ ਕਿ ਅੰਮ੍ਰਿਤ ਦਾ ਅਧਾਰ ਮੈਨੂੰ ਮਿਲਿਆ ਹੈ, ਇਹ ਤੇਰੀ ਕਿਰਪਾ ਕਟਾਖ ਦੁਆਰਾ ਹੀ ਮਿਲਦਾ ਹੈ।

ਸੱਚਾ ਸੁਚੜਾ ਵੈਰਾਗੀ ਉਹ ਹੈ ਜੋ ਸਦਾ ਹੀ ਦਸਵੇਂ ਦੁਆਰ ਵਿਖੇ ਗਗਨੰਤਰੀ ਖੇਡ ਵਿਚ ਵਸਦਾ ਰਸਦਾ ਹੈ ਅਤੇ ਉਸ ਦੇ ਅੰਦਰ ਕੇਵਲ ਗੁਰਮਤਿ ਗੁਣਾਂ ਦਾ ਹੀ ਪ੍ਰਕਾਸ਼ ਸਦੀਵ-ਕਾਲ ਹੋਇਆ ਰਹਿੰਦਾ ਹੈ। ਇਨ੍ਹਾਂ ਗੁਣਾਂ ਵਿਚ ਹੀ ਵਸਣ ਰਸਣ ਕਰਿ, ਸਚੜਾ ਸੁਚੜਾ ਵੈਰਾਗ ਮਈ ਧਿਆਨ, ਵੈਰਾਗੀ ਜਨਾਂ ਨੂੰ ਪ੍ਰਾਪਤ ਹੁੰਦਾ ਹੈ। ਅਜਿਹੇ ਵੈਰਾਗੀ ਜਨਾਂ ਦੇ ਮਨ ਵਿਖੇ ਗੁਰਮਤਿ ਨਾਮ ਹੀ ਨਾਮ ਭਾਉਂਦਾ ਹੈ। ਨਾਮ ਦੀ ਭਾਖਿਆ ਹੀ ਉਨ੍ਹਾਂ ਦੇ ਅੰਦਰੋਂ ਨਿਕਲਦੀ ਹੈ ਅਤੇ ਨਾਮ-ਵੈਰਾਗ ਰੂਪੀ ਸੱਚੀ ਭਾਖਿਆ ਉਚਾਰਨ ਵਿਚ ਹੀ ਮਗਨ ਰਹਿੰਦੇ ਹਨ। ਇਹੀ ਨਾਮ ਤੱਤ ਵਖਾਣਦੇ ਹੋਏ ਸੱਚੇ ਸੁਚੜੇ ਗੁਰਮਤਿ ਵੈਰਾਗ ਦੀ ਲੀਨਤਾ ਉਨ੍ਹਾਂ ਨੂੰ ਮਿਲਦੀ ਹੈ। ਗੁਰ-ਸ਼ਬਦ ਰੂਪੀ ਗੁਰ-ਪੀਰ ਹੀ ਸੱਚਾ ਗਹਿਰ ਗੰਭੀਰ ਵਾਹਿਗੁਰੂ ਉਨ੍ਹਾਂ ਦਾ ਸਦੀਵ-ਕਾਲ ਸੰਗੀ ਬਣਿਆ ਰਹਿੰਦਾ ਹੈ। ਇਸ ਸੱਚੇ ਨਾਮ ਦੇ ਰਸ ਮਈ ਸ਼ਬਦ

ਵੈਰਾਗ ਬਿਨਾਂ ਸਾਰਾ ਜਗ ਹੀ ਬਾਵਰਾ ਬਣ ਰਿਹਾ ਹੈ ਅਤੇ ਇਸ ਬਾਵਰੇ-ਪਣ ਵਿਚ ਹੀ ਕੂੜਾਵੇ ਤੇ ਪਾਖੰਡੀ ਭੇਖਧਾਰੀ ਵੈਰਾਗੀ, ਝੂਠੇ ਵੈਰਾਗ ਦਾ ਭੇਖ ਧਾਰਨ ਕਰਦੇ ਹਨ। ਪੂਰਾ ਤੇ ਸਚੜਾ ਵੈਰਾਗੀ ਉਹੀ ਹੈ, ਜੋ ਵਾਹਿਗੁਰੂ-ਲੀਨਤਾ-ਮਈ ਸਹਜ ਅਵਸਥਾ ਵਿਚ ਲੀਨ ਹੋਣ ਦਾ ਸੁਭਾਗੀ ਬਣਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ; ਉਨ੍ਹਾਂ ਦਾ ਵਾਹਿਗੁਰੂ ਰੂਪੀ ਸੱਚ ਵਿਚ ਹੀ ਸਦੀਵ ਕਾਲ ਮਨ ਮੰਨਿਆ ਰਹਿੰਦਾ ਹੈ।

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥<br>
ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮੁ ਵਿਸਾਰੀ ॥<br>
ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥੧॥<br>
ਸੁਣਿ ਪੰਡਿਤ ਕਰਮਾਕਾਰੀ ॥<br>
ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥੧॥ਰਹਾਉ॥<br>
ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥<br>
ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥<br>
ਇਨ ਬਿਧਿ ਡੂਬੀ ਮਾਕੁਰੀ ਭਾਈ ਊਂਡੀ ਸਿਰ ਕੈ ਭਾਰੀ ॥੨॥<br>
ਦੁਰਮਤਿ ਘਣੀ ਵਿਗੂਤੀ ਭਾਈ ਦੂਜੈ ਭਾਇ ਖੁਆਈ ॥<br>
ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ ॥<br>
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥੩॥<br>
ਸਾਚੁ ਸਹਜੁ ਗੁਰ ਤੇ ਊਪਜੈ ਭਾਈ ਮਨੁ ਨਿਰਮਲੁ ਸਾਚਿ ਸਮਾਈ ॥<br>
ਗੁਰੁ ਸੇਵੇ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥<br>
ਜਿਸੁ ਅੰਤਰਿ ਲੋਭੁ ਕਿ ਕਰਮ ਕਮਾਵੈ ਭਾਈ ਕੂੜੁ ਬੋਲਿ ਬਿਖੁ ਖਾਈ ॥੪॥<br>
ਪੰਡਿਤ ਦਹੀ ਵਿਲੋਈਐ ਭਾਈ ਵਿਚਹੁ ਨਿਕਲੈ ਤਥੁ ॥<br>
ਜਲੁ ਮਥੀਐ ਜਲੁ ਦੇਖੀਐ ਭਾਈ ਇਹੁ ਜਗੁ ਏਹਾ ਵਥੁ ॥<br>
ਗੁਰ ਬਿਨੁ ਭਰਮਿ ਵਿਗੂਚੀਐ ਭਾਈ ਘਟਿ ਘਟਿ ਦੇਉ ਅਲਖੁ ॥੫॥<br>
ਇਹੁ ਜਗੁ ਤਾਗੋ ਸੂਤ ਕੋ ਭਾਈ ਦਹਦਿਸ ਬਾਧੋ ਮਾਇ ॥<br>
ਬਿਨੁ ਗੁਰ ਗਾਠਿ ਨ ਛੂਟਈ ਭਾਈ ਥਾਕੇ ਕਰਮ ਕਮਾਇ ॥<br>
ਇਹੁ ਜਗੁ ਭਰਮਿ ਭੁਲਾਇਆ ਭਾਈ ਕਹਣਾ ਕਿਛੂ ਨ ਜਾਇ ॥੬॥<br>
ਗੁਰ ਮਿਲਿਐ ਭਉ ਮਨਿ ਵਸੈ ਭਾਈ ਭੈ ਮਰਣਾ ਸਚੁ ਲੇਖੁ ॥<br>
ਮਜਨੁ ਦਾਨੁ ਚੰਗਿਆਈਆ ਭਾਈ ਦਰਗਹ ਨਾਮੁ ਵਿਸੇਖੁ ॥<br>
ਗੁਰੁ ਅੰਕਸੁ ਜਿਨਿ ਨਾਮੁ ਦ੍ਰਿੜਾਇਆ ਭਾਈ ਮਨਿ ਵਸਿਆ ਚੂਕਾ ਭੇਖੁ॥੭॥<br>
ਇਹੁ ਤਨੁ ਹਾਟੁ ਸਰਾਫ ਕੋ ਭਾਈ ਵਖਰੁ ਨਾਮੁ ਅਪਾਰੁ ॥<br>
ਇਹੁ ਵਖਰੁ ਵਾਪਾਰੀ ਸੋ ਦ੍ਰਿੜੈ ਭਾਈ ਗੁਰ ਸਬਦਿ ਕਰੇ ਵੀਚਾਰੁ ॥

ਧਨੁ ਵਾਪਾਰੀ ਨਾਨਕਾ ਭਾਈ ਮੇਲਿ ਕਰੇ ਵਾਪਾਰੁ ॥੮॥੨॥

[ਸੋਰਠਿ ਮ: ੧ ਤਿਤੁਕੀ, ਪੰਨਾ ੬੩੫-੩੬

ਇਹ ਗੁਰਵਾਕ ਕਰਮ-ਕਾਂਡੀ ਪੰਡਤ ਦੇ ਕਰਮ ਧਰਮ ਰੂਪੀ ਪਾਖੰਡ-ਨਵਿਰਤੀ ਕਰਨ ਨਮਿਤ ਉਚਾਰਨ ਹੋਇਆ ਹੈ। ਯਥਾ ਵਿਆਖਿਆ—

ਪਾਖੰਡ-ਕਰਮੀ ਪੰਡਤ ਨੂੰ ਸਨਮੁਖ ਸੰਬੋਧਨ ਕਰ ਕੇ ਗੁਰੂ ਸਾਹਿਬ ਇਸ ਬਿਧਿ ਉਪਦੇਸ਼ਦੇ ਹਨ। ਯਥਾ—ਹੇ ਪੰਡਿਤ, ਜਿੰਨੇ ਵੀ ਤੂੰ ਸੰਸਾਰੀ ਕਰਮ ਕਰਦਾ ਹੈਂ, ਸਭ ਆਸਾ ਮਨਸਾ ਨੂੰ ਮੁਖ ਰਖ ਕੇ ਕਰਦਾ ਹੈਂ। ਸੋ ਇਹ ਆਸਾ ਮਨਸਾ ਇਛਾ ਤੇ ਉਮੈਦ ਸਭ ਬੰਧਨ ਫਾਹੇ ਪਾਉਣ ਵਾਲੀਆਂ ਹਨ। ਕਰਮ ਧਰਮ ਪੂਜਾ ਪਾਠ ਬ੍ਰਤ, ਤੀਰਥ ਯਾਤਰਾ ਆਦਿਕ ਜਿਤਨੇ ਵੀ ਕਰਮ ਕਰਦਾ ਹੈਂ, ਇਹ ਸਾਰੇ ਬੰਧਨ ਪਾਉਣ ਵਾਲੇ ਹਨ। ਜਿਤਨਾ ਵੀ ਸੰਸਾਰ ਹੈ, ਸਭ ਪਾਪਾਂ ਪੁੰਨਾਂ ਵਿਚ ਹੀ ਜਕੜਿਆ ਪਇਆ ਹੈ। ਨਾਮ ਵਿਸਾਰਨ ਕਰਕੇ ਹੀ ਹੇ ਪੰਡਿਤ! ਤੂੰ ਏਨ੍ਹਾਂ ਪਾਖੰਡਾਂ ਦੇ ਜਕੜੇਵੇਂ ਵਿਚ ਪਇਆ ਹੋਇਆ ਏਂ। ਹੇ ਪੰਡਿਤ! ਜਿਤਨੇ ਵੀ ਤੂੰ ਕਰਮ ਕਰਦਾ ਹੈਂ, ਸਭ ਮਾਇਆ ਰੂਪੀ ਪਾਖੰਡ-ਜਾਲ ਵਾਲੇ ਕਰਮ ਹਨ। ਇਸ ਮਾਇਆ ਮੋਹਣੀ ਨੇ ਸਾਰੇ ਹੀ ਜਗ ਨੂੰ ਜਕੜਿਆ ਹੋਇਆ ਹੈ, ਇਸ ਮਾਇਆ ਦੇ ਰੁਝੇਵੇਂ ਵਿਚ ਫਸ ਕੇ ਹੇ ਭਾਈ ਪੰਡਿਤ! ਤੂੰ ਜਿਤਨੇ ਵੀ ਕਰਮ ਕਰਦਾ ਏਂ, ਸਭ ਵਿਕਾਰ ਰੂਪ ਹਨ। ਹੇ ਵਿਕਾਰ ਰੂਪ ਕਰਮਾਂ ਨੂੰ ਕਰਨਹਾਰੇ ਕਰਮਾਕਾਰੀ ਪਾਖੰਡੀ ਪੰਡਿਤ! ਤੂੰ ਧਿਆਨ ਲਾ ਕੇ ਸੁਣ, ਜਿਸ ਸੱਚੇ ਸੁੱਚੇ ਕਰਮ ਦੇ ਕਰਨ ਕਰਕੇ ਸਚੜਾ ਆਤਮਕ ਸੁਖ ਉਪਜਦਾ ਹੈ, ਹੇ ਭਾਈ! ਤੈਨੂੰ ਉਸ ਦਾ ਪਤਾ ਹੀ ਨਹੀਂ। ਉਹ ਸਿਰਫ ਆਤਮ ਤੱਤ ਵੀਚਾਰੀ ਕਰਮ ਹੈ (ਜੋ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਨਸੀਬ ਹੁੰਦਾ ਹੈ)।

ਇਹ ਜੋ ਸ਼ਾਸਤ੍ਰ ਬੇਦ, ਪਾਠ ਮਈ ਪਾਖੰਡ ਕਰਮ ਤੂੰ ਖੜਾ ਹੋ ਕੇ ਨਿਤਾਪ੍ਰਤਿ ਬਕਦਾ ਕੂਕਦਾ ਹੈਂ, ਇਹ ਸਭ ਤ੍ਰੈਗੁਣੀ ਮਾਇਆ ਵਾਲੇ ਹੀ ਸੰਸਾਰੀ ਕਰਮ ਹਨ ਅਤੇ ਨਿਰੇ ਪਾਖੰਡ ਭਰੇ ਹੀ ਕਰਮ ਹਨ। ਪਾਖੰਡ ਕਰਮ ਕਰਕੇ ਹੇ ਭਾਈ! ਤੇਰੀ ਅੰਦਰਲੀ ਮੈਲ ਉਤਰਦੀ ਹੀ ਨਹੀਂ, ਕਿਉਂਕਿ ਤੇਰੇ ਅੰਤਰਗਤਿ ਤਾਂ ਵਿਕਾਰ ਵਿਸ਼ਿਆਂ ਵਾਲੀ ਮੈਲ ਲਗੀ ਹੋਈ ਹੈ। ਜਿਸ ਤਰ੍ਹਾਂ ਮਕੜੀ ਉਲਟੀ ਸਿਰ ਦੇ ਭਾਰ ਰਹਿ ਕੇ, ਜਾਲਾ ਤਣ ਕੇ ਉਸ ਦੇ ਵਿਚ ਹੀ ਆਪ ਫਸ ਕੇ ਮਰਦੀ ਹੈ, ਇਸੇ ਤਰ੍ਹਾਂ ਤੂੰ ਹੇ ਪਾਖੰਡੀ ਪੰਡਿਤ! ਦਿਖਾਲੇ ਵਾਲੇ ਝੂਠੇ ਕਰਮ ਕਰਕੇ ਉਨ੍ਹਾਂ ਦੇ ਪਾਖੰਡ-ਪਾਪ ਨਾਲ ਆਪਣੀ ਆਤਮਾ ਨੂੰ ਤਬਾਹ ਕਰ ਰਿਹਾ ਏਂ।

ਇਸ ਭੈੜੀ ਪਾਖੰਡ ਰੂਪੀ ਦੁਰਮਤਿ ਮੈਲ ਨਾਲ ਘਣੀ ਲੁਕਾਈ (ਸ੍ਰਿਸ਼ਟੀ) ਖੁਆਰ ਹੋ ਰਹੀ ਹੈ ਅਤੇ ਦੂਜੇ ਭਾਇ (ਦਵੈਤ ਵਾਲੇ ਭਾਵ) ਵਿਚ ਕੁਮਾਰਗ ਕੁਰਾਹੇ ਪੈ ਰਹੀ ਹੈ। ਏਹ ਪਾਖੰਡ ਮਈ ਕੁਮਾਰਗੀ ਵਤੀਰਾ ਤੇਰਾ ਤਦੇ ਹੀ ਛੁੜਕ ਸਕਦਾ ਹੈ ਜੇ ਤੂੰ ਸੱਚੇ ਸਤਿਗੁਰੂ ਨੂੰ ਭੇਟੇਂ, ਤੇ ਸੱਚੇ ਸਤਿਗੁਰੂ ਦੀ ਗੁਰਮਤਿ ਸੁਮਾਰਗੀ ਸੁਮਤਿ

ਹੈ। ਸਤਿਗੁਰੂ ਦਵਾਰਾ ਤੈਨੂੰ ਨਾਮ (ਗੁਰਮਤਿ ਨਾਮ) ਦੀ ਪ੍ਰਾਪਤੀ ਹੋਵੇ ਤਦੇ ਤੇਰਾ ਇਹ ਪਾਖੰਡ-ਕਰਮ ਛੁਟ ਸਕਦਾ ਹੈ। ਸਤਿਗੁਰੂ ਬਿਨਾਂ, ਗੁਰੂ ਦਵਾਰਾ ਗੁਰ-ਸ਼ਬਦ ਦੀ ਦੀਖਿਆ ਮਿਲੇ ਬਿਨਾਂ ਨਾਮ ਦੀ ਪ੍ਰਾਪਤੀ ਹੁੰਦੀ ਹੀ ਨਹੀਂ। ਹੇ ਭਾਈ ! ਨਾਮ ਬਿਨਾਂ ਇਹ ਪਾਖੰਡ-ਭਰਮ ਜਾਂਦੇ ਹੀ ਨਹੀਂ, ਨਾ ਹੀ ਆਵਣ ਜਾਣ ਨਵਿਰਤ ਹੁੰਦਾ ਹੈ। 'ਸਤਿਗੁਰੁ ਸੇਵੇ' ਭਾਵ ਸਤਿਗੁਰੂ ਦਾ ਸੇਵਕ ਸਿਖ ਬਣ ਕੇ, ਗੁਰ ਤੋਂ ਗੁਰ-ਸ਼ਬਦ ਦੀਖਿਆ ਪ੍ਰਾਪਤ ਕਰ ਕੇ ਤੱਤ ਸਿਮਰਨ ਅਭਿਆਸ ਕਰੇ, ਤਾਂ ਸੱਚਾ ਸਿਖ ਬਣ ਸਕਦਾ ਹੈ, ਹੇ ਭਾਈ ! ਤਦੇ ਹੀ ਆਵਣ ਜਾਣ ਮਿਟ ਸਕਦਾ ਹੈ।

ਸਚੜਾ ਸਹਜ ਅਵਸਥਾ ਵਾਲਾ ਆਤਮ-ਤੱਤ ਗਿਆਨ ਸਤਿਗੁਰੂ ਤੋਂ ਹੀ ਉਪਜ ਸਕਦਾ ਹੈ। ਹੇ ਭਾਈ ! ਕੇਵਲ ਇਸੇ ਬਿਧਿ ਹੀ ਤੇਰਾ ਮਨ ਪਾਖੰਡ-ਕਰਮੀ-ਜਾਲਾਂ ਤੋਂ ਪਾਕ ਹੋ ਸਕਦਾ ਹੈ ਅਤੇ ਇਸੇ ਬਿਧਿ ਹੀ ਆਤਮ ਪ੍ਰਮਾਰਥੀ ਤੱਤ ਵਿਚ ਸਮਾਈ ਹੋ ਸਕਦੀ ਹੈ। ਜੋ ਗੁਰਮੁਖਿ ਜਨ ਗੁਰੂ ਦਾ ਬਣ ਕੇ ਵਾਹਿਗੁਰੂ ਨਾਮ ਨੂੰ ਹੀ ਸੇਵਦਾ ਸਿਮਰਦਾ ਹੈ, ਸੋਈ ਇਸ ਆਤਮ ਤੱਤ ਰੂਪੀ ਪ੍ਰਮਾਰਥੀ ਭੇਦ ਨੂੰ ਬੂਝ ਸਕਦਾ ਹੈ। ਗੁਰੂ ਬਾਝੋਂ ਸੱਚਾ ਸੁਮਾਰਗ ਨਹੀਂ ਪਾਇਆ ਜਾ ਸਕਦਾ। ਜਿਸ ਜਗਿਆਸੂ ਦੇ ਅੰਦਰ ਲੋਭ, ਤ੍ਰਿਸ਼ਨਾ ਰੂਪੀ ਮੈਲ ਹੈ ਤੇ ਇਸੇ ਲੋਭ ਤ੍ਰਿਸ਼ਨਾ ਦੇ ਅਧੀਨ ਹੋ ਕੇ ਸੰਸਾਰੀ ਕਰਮ ਕਰਦਾ ਹੈ, ਐਸੇ ਕਰਮ ਕੀਤੇ ਉਸ ਦੇ ਕਿਸੇ ਲੇਖੇ ਨਹੀਂ ਪੈਂਦੇ, ਐਵੇਂ ਕੂੜ ਬੋਲ ਕੇ ਬਿਖ ਖਾਣ ਵਾਲੀ ਗੱਲ ਹੈ।

ਹੇ ਪੰਡਿਤ ! ਦਹੀਂ ਵਿਲੋਇਆਂ ਹੀ ਵਿਚੋਂ ਤੱਤ (ਮੱਖਣ) ਨਿਕਲਦਾ ਹੈ, ਪਾਣੀ ਰਿੜਕਣ ਨਾਲ ਪਾਣੀ ਹੀ ਪ੍ਰਾਪਤ ਹੁੰਦਾ ਹੈ। ਤੱਤ, ਅਰਥਾਤ, ਮੱਖਣ ਵਿਚੋਂ ਨਹੀਂ ਨਿਕਲਦਾ। ਅਜਿਹੇ ਪਾਣੀ ਰਿੜਕਣ ਵਾਲੇ ਇਹ ਜਿਤਨੇ ਪਾਖੰਡ-ਕਰਮ ਹਨ, ਸੋ ਸਾਰਾ ਜਗ ਕਰਦਾ ਫਿਰਦਾ ਹੈ। ਤੂੰ ਵੀ ਹੇ ਪੰਡਿਤ ! ਇਨ੍ਹਾਂ ਪਾਖੰਡਾਂ ਵਿਚ ਰੁੜ੍ਹਿਆ ਫਿਰਦਾ ਏਂ। ਸੱਚੇ ਸਤਿਗੁਰ ਬਾਝੋਂ ਕੱਚੇ ਪਾਖੰਡ ਰੂਪੀ ਭਰਮ ਕਰਮਾਂ ਵਿਚ ਹੀ ਰੁੜ੍ਹ ਜਾਈਦਾ ਹੈ। ਇਨ੍ਹਾਂ ਪਾਖੰਡ ਕਰਮਾਂ ਵਿਚ ਫਸ ਕੇ (ਉਲਝ ਕੇ) ਹੇ ਭਾਈ ਭੁੱਲੇ ਹੋਏ ਪੰਡਿਤਾ ! ਤੂੰ ਆਪਣੇ ਘਟ ਅੰਦਰ ਹੀ ਵਸਣ ਵਾਲੇ ਅਲਖ ਅਭੇਉ, ਪਾਰਬ੍ਰਹਮ ਸੱਚੇ ਪਰਮਾਤਮ ਦੇਵ ਤੋਂ ਉਖੜਿਆ ਅਤੇ ਬੇਮੁਖ ਹੋਇਆ ਫਿਰਦਾ ਏਂ। ਸੰਸਾਰੀ ਪਾਖੰਡ-ਕਰਮਾਂ ਵਿਚ ਪੈ ਕੇ ਤੈਨੂੰ ਘਟਿ ਘੋਖਣ ਦੀ ਸੂਝ ਬੂਝ ਹੀ ਨਹੀਂ ਆਉਂਦੀ। ਇਹ ਤਾਂ ਤਦ ਆਵੇ ਜੇ ਸੱਚਾ ਗੁਰਮਤਿ ਮਾਰਗ ਗ੍ਰਹਿਣ ਕਰੇਂ।

ਇਹ ਸਾਰਾ ਜਗਤ ਸੂਤ ਦੇ ਧਾਗੇ ਵਾਂਗ ਹੈ, ਜਿਸ ਨੂੰ ਹਰ ਪਾਸਿਓਂ ਮਾਇਆ ਨੇ ਜਕੜ ਛਡਿਆ ਹੈ। ਸਤਿਗੁਰੂ ਬਾਝੋਂ, ਸੱਚੇ ਗੁਰੂ ਨੂੰ ਧਾਰਨ ਕੀਤੇ ਬਿਨਾਂ ਏਹ ਪਾਖੰਡ ਰੂਪੀ ਕਰਮ-ਗੰਢਾਂ ਖੁਲ੍ਹਦੀਆਂ ਭੀ ਨਹੀਂ। ਸੰਸਾਰੀ ਲੋਕ ਬਥੇਰੇ ਆਨਮਤ ਕਰਮ ਕਰ ਕਰ ਕੇ ਹਾਰ ਗਏ ਹਨ। ਹੇ ਭਾਈ ਪੰਡਿਤਾ ! ਤੇਰੇ ਵਾਂਗ ਹੀ ਇਹ ਸਾਰਾ ਸੰਸਾਰ ਭਰਮ ਵਿਚ ਹੀ ਭੁਲਿਆ ਫਿਰਦਾ ਹੈ। ਸਮਝਾਈਐ ਤਾਂ ਕਿਨੂੰ ਕਿਨੂੰ

ਸਮਝਾਈਐ, ਸਭ ਔਝੜ ਜਾ ਰਹੇ ਹਨ। ਸੱਚੇ ਸਤਿਗੁਰੂ ਦੇ ਮਿਲਿਆਂ ਹੀ ਇਨ੍ਹਾਂ ਪਾਖੰਡ-ਭਰਮ-ਕਰਮਾਂ ਤੋਂ ਬਚਣ ਦਾ ਭਉ ਮਨ ਵਿਚ ਵਸਦਾ ਹੈ । ਇਸ ਪ੍ਰਕਾਰ ਭੈ ਦਵਾਰਾ ਆਪਾ ਭਾਵ ਦਾ ਮਾਰਨਾ ਹੀ ਚੰਗੇ ਭਾਗਾਂ ਦਾ ਸੁਲੇਖ ਹੈ।

ਜਿਸ ਖ਼ਾਤਰ ਤੂੰ ਇਹ ਪੁੰਨ ਦਾਨ ਪਾਖੰਡ ਇਸ਼ਨਾਨ ਵਾਲੀਆਂ ਚੰਗਿਆਈਆਂ ਕਰਦਾ ਫਿਰਦਾ ਏਂ, ਇਸ ਨਾਲੋਂ ਤਾਂ ਇਹੀ ਬਿਹਤਰ ਹੈ, ਹੇ ਭਾਈ ! ਕਿ ਗੁਰੂ ਦਵਾਰਿਓਂ ਗੁਰੂ-ਨਾਮ ਗ੍ਰਹਿਣ ਕਰੇਂ । ਜਿਸ ਗੁਰਮਤਿ ਨਾਮ ਦੇ ਅਭਿਆਸ ਵਿਚ ਸਭ ਚੰਗਿਆਈਆਂ, ਚੰਗੇ ਕਰਮ ਆ ਜਾਂਦੇ ਹਨ ਅਤੇ ਅਗਲੀ ਸੱਚੀ ਦਰਗਾਹ ਵਿਚ ਵਿਸ਼ੇਸ਼ ਕਰਕੇ ਨਾਮ ਹੀ ਕੰਮ ਆਉਂਦਾ ਹੈ, ਏਥੇ ਇਸ ਲੋਕ ਵਿਚ ਭੀ ਨਾਮ ਜਪਣ ਨਾਲ ਮੁਖ ਉਜਲਾ ਹੁੰਦਾ ਹੈ। ਇਸ ਨਾਮ ਦੇ ਦ੍ਰਿੜ੍ਹ ਕੀਤਿਆਂ ਸੱਚਾ ਵਾਹਿਗੁਰੂ ਮਨ ਵਿਖੇ ਵਸਦਾ ਹੈ ਅਤੇ ਸਾਰਾ ਪਾਖੰਡ ਭੇਖ ਰੂਪੀ ਜਾਲ ਚੁਕਿਆ ਜਾਂਦਾ ਹੈ, ਤਦ ਇਹ ਸਚੜਾ ਨਾਮ ਰੂਪੀ ਖੰਡਾ ਅਭਿਆਸ ਕੀਤਿਆਂ ਹੀ ਖੜਕ ਸਕਦਾ ਹੈ। ਬਸ ਗੁਰ-ਸ਼ਬਦ ਰੂਪੀ ਅੰਕਸ ਖਿਨ ਖਿਨ ਇਸ ਮਨ ਰੂਪੀ ਹਾਥੀ ਦੇ ਸਿਰ ਤੇ ਪੈਂਦਾ ਹੀ ਰਹੇ, ਤਦ ਇਹ ਮਨ ਵਸਗਤਿ ਰਹਿੰਦਾ ਹੈ, ਨਹੀਂ ਤਾਂ "ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ"* ਵਾਲੀ ਗੱਲ ਹੈ।

ਇਹ ਮਨ ਉਸ ਤਨ ਰੂਪੀ ਹਟੜੀ ਵਿਚ ਰਹਿੰਦਾ ਹੈ ਜਿਸ ਹੱਟੀ ਨੂੰ ਖੋਜਿਆਂ ਵਿਚੋਂ ਹੀ ਸੱਚਾ ਸਰਾਫ਼ ਨਾਮੀ ਵਾਹਿਗੁਰੂ ਅਤੇ ਨਾਮ ਰੂਪੀ ਅਪਾਰ ਵੱਖਰ ਲਭਣਾ ਪ੍ਰਾਪਤ ਹੁੰਦਾ ਹੈ । ਇਹ ਵੱਖਰ ਉਹ ਵਪਾਰੀ ਦ੍ਰਿੜ੍ਹ ਕਰਕੇ ਖੋਜਦਾ ਹੈ। ਹੇ ਭਾਈ ! ਜੋ ਗੁਰ ਸ਼ਬਦ ਦਵਾਰਾ ਨਾਮ ਅਭਿਆਸ ਦੀ ਅਤੁੱਟ ਕਮਾਈ ਕਰਦਾ ਹੈ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਐਸਾ ਵਪਾਰੀ ਧੰਨ ਹੈ, ਜੋ ਗੁਰੂ ਨਾਲ ਮੇਲ ਕਰਕੇ ਨਾਮ ਦਾ ਵਪਾਰ ਕਰਦਾ ਹੈ।

ਜਲਿ ਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨਿ ਮਹਾ ਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ ॥੫॥
ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥
ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ ॥੬॥੪॥

[ਸੋਰਠਿ ਮ: ੧, ਪੰਨਾ ੬੩੭

ਪਾਣੀ ਨਾਲ ਮਲ ਕੇ ਸਰੀਰ ਧੋਈਦਾ ਹੈ, ਪਰ ਫੇਰ ਵੀ ਮੈਲਾ ਰਹਿੰਦਾ ਹੈ। ਪਰ ਜੇਕਰ ਗੁਰਮਤਿ ਤੱਤ ਗਿਆਨ ਦੇ ਮਹਾਂ ਅਮਿਉ ਰਸੀ ਸਰੋਵਰ ਵਿਚ ਨ੍ਹਾਤਾ ਜਾਵੇ ਤਾਂ ਮਨ ਤੇ ਤਨ ਦੋਵੇਂ ਨਿਰਮਲ ਹੋ ਜਾਂਦੇ ਹਨ। ਦੇਵੀ ਦੇਵਤੇ ਪੂਜਣ ਤੋਂ ਕੁਛ ਨਹੀਂ ਬਣਦਾ, ਇਹ ਨਿਰੀ ਪਾਖੰਡ-ਕਰਮੀ-ਕਿਰਿਆ ਹੈ। ਏਨ੍ਹਾਂ ਜੜ੍ਹ ਪਦਾਰਥਾਂ ਤੋਂ ਮਾਂਗਣਾ ਬਿਰਥਾ ਹੀ ਹੈ, ਨਾ ਹੀ ਇਹ ਜੜ੍ਹ ਪਦਾਰਥ ਕੁਛ ਦੇ ਸਕਦੇ ਹਨ। ਪੱਥਰ

* ਮ: ੩, ਵਾਰ ਗੂਜਰੀ ਮ: ੫, ॥੨॥੨੦॥, ਪੰਨਾ ੫੧੬

ਦੀਆਂ ਮੂਰਤੀਆਂ ਪਾਣੀ ਨਾਲ ਧੋ ਕੇ ਭਾਵੇਂ ਕਿਤਨੀਆਂ ਹੀ ਸਵਾਰੀਆਂ-ਸਜਾਈਆਂ ਜਾਣ, ਪਰ ਉਹ ਪਾਣੀ ਵਿਚ ਪਾਇਆਂ ਪਾਣੀ ਵਿਚ ਹੀ ਡੁਬ ਜਾਂਦੀਆਂ ਹਨ।

ਬਿਨੁ ਸਤਿਗੁਰ ਸੇਵੇ ਜਨਮੁ ਨ ਛੋਡੈ ਜੇ ਅਨੇਕ ਕਰਮ ਕਰੈ ਅਧਿਕਾਈ ॥
ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ ॥
ਸਚਾ ਸਤਿਗੁਰੁ ਸਾਚੀ ਜਿਸੁ ਬਾਣੀ ਭਜਿ ਛੂਟਹਿ ਗੁਰ ਸਰਣਾਈ ॥੭॥੧॥

[ਸੋਰਠਿ ਮ: ੩ ਘਰੁ ੧, ਪੰਨਾ ੬੩੮

ਮੁੜ ਮੁੜ ਜਨਮ ਵਾਲਾ ਚੁਰਾਸੀ ਦਾ ਗੇੜ ਇਸ ਪ੍ਰਾਣੀ ਨੂੰ ਛਡਦਾ ਹੀ ਨਹੀਂ, ਜਦ ਤਾਈਂ ਕਿ ਉਹ ਜਗਿਆਸੂ ਜਨ ਸੱਚੇ ਸਤਿਗੁਰੂ ਦਾ ਸੇਵਕ ਸਿਖ ਬਣ ਕੇ ਨਾਮ ਅਭਿਆਸ ਦਾ ਖੰਡਾ ਨਾ ਖੜਕਾਉਣ ਲਗ ਪਵੇ। ਚਾਹੇ ਅਨੇਕਾਂ ਹੀ ਹਰ ਪ੍ਰਕਾਰ ਦੇ ਆਨਮਤੀ ਕਰਮ ਕੋਈ ਕਰਦਾ ਫਿਰੇ, ਪਰ ਇਹ ਮੁੜ ਮੁੜ ਜਨਮ ਮਰਣ ਦਾ ਏਂਟਾ ਉਸ ਦੇ ਗਲ ਪਇਆ ਹੀ ਰਹਿੰਦਾ ਹੈ। ਜੋ ਜਨ ਵੇਦ ਪੜ੍ਹਦੇ ਹਨ, ਵਾਦ ਹੀ ਵਖਾਣਦੇ ਹਨ, ਕਿਉਂਕਿ ਵੇਦਾਂ ਵਿਚ ਤ੍ਰੈਗੁਣੀ ਵਾਦ ਵਿਵਾਦ ਤੋਂ ਬਿਨਾਂ ਹੋਰ ਕੁਛ ਧਰਿਆ ਹੀ ਨਹੀਂ, ਵਾਹਿਗੁਰੂ ਪਰਮਾਤਮਾ ਦੀ ਪ੍ਰਮਾਰਥ-ਸਿਖਿਆ ਵੇਦਾਂ ਦਵਾਰਾ ਮਿਲਦੀ ਹੀ ਨਹੀਂ ਅਤੇ ਬਿਨਾਂ ਵਾਹਿਗੁਰੂ ਨਾਮ ਦੀ ਪ੍ਰਾਪਤੀ ਦੇ ਉਨ੍ਹਾਂ ਦੀ ਘਾਲ ਥਾਇੰ ਹੀ ਨਹੀਂ ਪੈਂਦੀ, ਤੇ ਵਾਹਿਗੁਰੂ ਦੀ ਦਰਗਾਹ ਵਿਚ ਪਤਿ ਪ੍ਰਤੀਤ ਹੀ ਨਹੀਂ। ਵਾਹਿਗੁਰੂ ਨਾਮ ਦੀ ਪ੍ਰਾਪਤੀ ਸੱਚੇ ਗੁਰੂ ਦੇ ਦੁਆਰਿਓਂ ਹੀ ਹੋ ਸਕਦੀ ਹੈ, ਐਵੇਂ ਹੋ ਹੀ ਨਹੀਂ ਸਕਦੀ। ਕੇਵਲ ਸੱਚਾ ਸਤਿਗੁਰੂ ਹੀ ਹੈ ਜਿਸ ਦੇ ਮੁਖੋਂ ਉਚਾਰੀ ਧੁਰੋਂ ਆਈ ਬਾਣੀ ਸੱਚੀ ਬਾਣੀ ਹੈ, ਹੋਰ ਤ੍ਰੈਗੁਣੀ ਬੇਦ ਆਦਿਕ ਬਾਣੀਆਂ ਸਭ ਕੱਚੀਆਂ ਹਨ। ਅੰਤ ਸੱਚੇ ਗੁਰੂ ਦੀ ਸਰਣਾਈ ਆਇਆਂ, ਤੇ ਸੱਚੇ ਗੁਰੂ ਤੋਂ ਗੁਰ-ਦੀਖਿਆ ਲਈ ਬਿਨਾਂ ਛੁਟਕਾਰਾ ਹੁੰਦਾ ਹੀ ਨਹੀਂ।

## ੬੧. ਜੋਗ ਤੇ ਹੋਰ ਸਾਧਨ ਤੇ ਰਾਜ ਲੀਲ੍ਹਾ ਸਭ ਨਿਸਫਲ ਹਨ

ਪਾਠ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥੧॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥੧॥ਰਹਾਉ॥
ਮੋਨਿ ਭਇਓ ਕਰਪਾਤੀ ਰਹਿਓ ਨਗਨ ਫਿਰਿਓ ਬਨ ਮਾਹੀ ॥
ਤਟ ਤੀਰਥ ਸਭ ਧਰਤੀ ਭ੍ਰਮਿਓ ਦੁਬਿਧਾ ਛੁਟਕੈ ਨਾਹੀ ॥੨॥

ਮਨ ਕਾਮਨਾ ਤੀਰਥ ਜਾਇ ਬਸਿਓ ਸਿਰਿ ਕਰਵਤ ਧਰਾਏ ॥
ਮਨ ਕੀ ਮੈਲੁ ਨ ਉਤਰੈ ਇਹ ਬਿਧਿ ਜੇ ਲਖ ਜਤਨ ਕਰਾਏ ॥੩॥
ਕਨਿਕ ਕਾਮਿਨੀ ਹੈਵਰ ਗੈਵਰ ਬਹੁ ਬਿਧਿ ਦਾਨੁ ਦਾਤਾਰਾ ॥
ਅੰਨ ਬਸਤ੍ਰ ਭੂਮਿ ਬਹੁ ਅਰਪੇ ਨਹ ਮਿਲੀਐ ਹਰਿ ਦੁਆਰਾ ॥੪॥
ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲਿਐ ਇਹ ਜੁਗਤਾ ॥੫॥
ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ ॥
ਵਡੀ ਆਰਜਾ ਫਿਰਿ ਫਿਰਿ ਜਨਮੈ ਹਰਿ ਸਿਉ ਸੰਗੁ ਨ ਗਹਿਆ ॥੬॥
ਰਾਜ ਲੀਲਾ ਰਾਜਨ ਕੀ ਰਚਨਾ ਕਰਿਆ ਹੁਕਮੁ ਅਫਾਰਾ ॥
ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥੭॥
ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥੮॥
ਤੇਰੋ ਸੇਵਕੁ ਇਹ ਰੰਗਿ ਮਾਤਾ ॥
ਭਇਓ ਕ੍ਰਿਪਾਲੁ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨਿ ਇਹੁ ਮਨੁ ਰਾਤਾ॥
ਰਹਾਉ ਦੂਜਾ ॥੧॥੩॥ [ਸੋਰਠਿ ਮ: ੫ ਘਰੁ ੨, ਪੰਨਾ ੬੪੧-੪੨

ਇਸ ਗੁਰਵਾਕ ਵਿਚ ਬਾਹਰਮੁਖੀ ਆਨਮਤੀ ਸਮੂਹ ਬਨਾਵਟੀ ਸਾਧਨਾਂ ਕਰਮ ਕਾਂਡਾਂ ਆਦਿ ਦਾ ਖੰਡਨ ਕੀਤਾ ਹੈ ਅਤੇ ਇਹ ਗੱਲ ਭਲੀ ਬਿਧਿ ਦ੍ਰਿੜ੍ਹਾਈ ਦਰਸਾਈ ਗਈ ਹੈ ਕਿ ਇਨ੍ਹਾਂ ਦੁਰਮਤਿ ਖੰਡਨੀ ਪਾਖੰਡ ਕਰਮਾਂ ਦੇ ਕੀਤਿਆਂ ਵਾਹਿਗੁਰੂ ਦੀ ਪ੍ਰਾਪਤੀ ਹਰਗਿਜ਼ ਨਹੀਂ ਹੋ ਸਕਦੀ। ਹੋ ਸਕਦੀ ਹੈ ਤਾਂ ਗੁਰਮਤਿ ਉਤੇ ਚਲਿਆਂ ਹੀ ਹੋ ਸਕਦੀ ਹੈ, ਗੁਰਮਤਿ ਮੰਡਨੀ ਸੱਚੇ ਸੁੱਚੇ ਕਰਮ ਕੀਤੇ ਹੀ ਹੋ ਸਕਦੀ ਹੈ। ਬੇਦ ਵੀਚਾਰਨਾ ਤੇ ਬੇਦ ਪਾਠ ਪੜ੍ਹਨਾ ਸਭ ਖੰਡਨ ਕੀਤਾ ਗਿਆ ਹੈ। ਨਿਉਲੀ ਕਰਮ ਆਦਿਕ ਜੋਗੀ ਜਨਾਂ ਦੇ ਆਨਮਤ ਸਾਧਨਾਂ ਦਾ ਪੂਰਾ ਪੂਰਾ ਖੰਡਨ ਹੈ। ਇਨ੍ਹਾਂ ਦੁਰਮਤਿ ਖੰਡਨ ਕਰਮਾਂ ਦੇ ਕੀਤਿਆਂ ਪੰਚ ਵਿਕਾਰਾਂ ਤੋਂ ਛੁਟਕਾਰਾ ਨਹੀਂ ਹੁੰਦਾ, ਸਗੋਂ ਆਨਮਤ ਬੁਧੀ ਹੋਰ ਵਧਦੀ ਜਾਂਦੀ ਹੈ। ਇਨ੍ਹਾਂ ਸਮੂਹ ਆਨਮਤੀ ਯੁਗਤੀਆਂ ਬਿਧੀਆਂ ਦੇ ਕਰਨ ਕਰਕੇ ਵਾਹਿਗੁਰੂ ਦਾ ਮਿਲਾਪ ਹਰਗਿਜ਼ ਨਹੀਂ ਹੋ ਸਕਦਾ, ਚਾਹੇ ਅਨੇਕਾਂ ਹੀ ਆਨਮਤੀ ਕਰਮ ਕੀਤੇ ਜਾਣ। ਸਚੀ ਬੁੱਧ-ਬਿਬੇਕ ਵਾਹਿਗੁਰੂ ਦੇ ਮਿਲਣ ਦੀ ਪ੍ਰਾਪਤ ਕਰਨ ਲਈ ਹਾਰ ਕੇ ਸ਼ਤਿਗੁਰੂ ਸੁਆਮੀ ਦੇ ਦੁਆਰੇ ਹੀ ਜਾ ਡਿਗਣਾ ਪੈਂਦਾ ਹੈ। ਇਸ ਤਰ੍ਹਾਂ ਚੁਪ ਸਾਧੀ ਰਖਣ ਵਾਲੇ ਮੋਨੀਆਂ ਅਤੇ ਪਾਰਸ ਕਹਾਉਣ ਵਾਲੇ ਕਰਾਮਾਤੀਆਂ ਤੇ ਜੰਗਲਾਂ ਵਿਚ ਨੰਗੇ ਪੈਰੀਂ ਫਿਰਨ ਵਾਲਿਆਂ ਅਤੇ ਸਾਰੇ ਤੀਰਥਾਂ ਦੇ ਕਿਨਾਰੇ ਤੇ ਸਾਰੀ ਧਰਤੀ ਦੁਆਲੇ ਭ੍ਰਮਣ ਵਾਲਿਆਂ ਦਾ ਖ਼ੂਬ ਖੰਡਨ ਕੀਤਾ ਹੈ।-ਇਨ੍ਹਾਂ ਪਾਖੰਡੀ ਆਨਮਤ ਕਰਮ ਕਰਨ

ਵਾਲਿਆਂ ਦੀ ਦੁਬਿਧਾ ਛੁਟਦੀ ਹੀ ਨਹੀਂ। ਮਨ ਦੀ ਕਾਮਨਾ-ਪ੍ਰਾਪਤੀ ਲਈ ਤੀਰਥਾਂ ਤੇ ਜਾ ਕੇ ਵਸਣ ਵਾਲਿਆਂ ਨੂੰ ਭੀ ਖ਼ੂਬ ਸੋਧਿਆ ਗਿਆ ਹੈ। ਇਹੋ ਜਿਹੇ ਚਾਹੇ ਕੋਈ ਲੱਖ ਜਤਨ ਕਰਦਾ ਫਿਰੇ, ਉਨ੍ਹਾਂ ਦੇ ਮਨ ਦੀ ਮੈਲ ਉਤਰਦੀ ਹੀ ਨਹੀਂ। ਇਸੇ ਪ੍ਰਕਾਰ ਸੋਨਾ ਦਾਨ ਕਰਨ-ਹਾਰਿਆਂ, ਇਸਤ੍ਰੀਆਂ ਦਾਨ ਕਰਨਹਾਰਿਆਂ; ਹਾਥੀ ਘੋੜੇ ਦਾਨ ਦੇਣ ਵਾਲਿਆਂ ਬਹੁ ਬਿਧਿ ਦਾਨ ਦਾਤਾਰਿਆਂ ਨੂੰ ਅੰਨ, ਬਸਤਰ, ਧਰਤੀ, (ਭੂਮੀ), ਬਹੁ ਬਿਧਿ ਅਰਪਨ ਕਰਨਹਾਰਿਆਂ ਦੇ ਪਾਖੰਡ-ਕਰਮਾਂ ਨੂੰ ਨਿਖੇਧਿਆ ਗਿਆ ਹੈ ਅਤੇ ਦ੍ਰਿੜ੍ਹਾਇਆ ਗਿਆ ਹੈ ਕਿ ਵਾਹਿਗੁਰੂ ਦਾ ਦਵਾਰਾ ਇਨ੍ਹਾਂ ਪਾਖੰਡ-ਕਰਮਾਂ ਦੇ ਕੀਤਿਆਂ ਮਿਲਦਾ ਨਹੀਂ। ਪੂਜਾ ਅਰਚਾ, ਬੰਦਨ, ਡੰਡਉਤ ਤੇ ਬੇਦ-ਸ਼ਾਸਤ੍ਰਾਂ ਦੇ ਦੱਸੇ ਖੱਟ ਕਰਮਾਂ ਵਿਚ ਚਾਹੇ ਕੋਈ ਕਿਤਨਾ ਹੀ ਰਚਿਆ ਪਚਿਆ ਰਹੇ, ਇਨ੍ਹਾਂ ਜੁਗਤਾਂ ਕਰਕੇ ਭੀ ਵਾਹਿਗੁਰੂ ਦਾ ਮਿਲਾਪ ਨਹੀਂ ਹੁੰਦਾ, ਸਗੋਂ ਹਉਮੈ ਦੇ ਬੰਧਨ ਹੋਰ ਵਧਦੇ ਜਾਂਦੇ ਹਨ। ਜੋਗੀਆਂ ਤੇ ਸਿਧਾਂ ਦੇ ਚੁਰਾਸੀ ਆਸਣਾਂ ਦੇ ਕੂੜਾਵੇ ਸਾਧਨਾਂ ਨੂੰ ਕਰਦਿਆਂ, ਇਨ੍ਹਾਂ ਫੋਕਟ ਕਰਮਾਂ ਦੇ ਕਰਨ ਨਾਲ ਵੀ ਵਾਹਿਗੁਰੂ ਦੀ ਸਮੀਪਤਾ ਪ੍ਰਾਪਤ ਨਹੀਂ ਹੁੰਦੀ। ਵਡੀ ਉਮਰ ਵਧਾਉਣ ਨਾਲ ਭੀ ਮੁੜ ਮੁੜ ਜਨਮ ਮਰਨ ਦਾ ਸਿਲਸਿਲਾ ਨਹੀਂ ਮੁਕਦਾ। ਰਾਜਿਆਂ ਦੇ ਰਸ-ਭੋਗੀ ਚੋਜ ਵਿਨੋਦਾਂ ਦੇ ਕੀਤਿਆਂ ਸਗੋਂ ਹੋਰ ਹੋਰ ਭੋਗਾਂ ਦੀ ਇੱਛਾ ਵਧਦੀ ਜਾਂਦੀ ਹੈ ਅਤੇ ਰਾਜ ਕਰਨ ਦਾ ਅਭਿਮਾਨ ਹੰਕਾਰ ਅਤੇ ਹੁਕਮ ਰੂਪੀ ਅਫਰੇਵਾਂ ਹੀ ਵਧਦਾ ਹੈ, ਯਥਾ—

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕ ਪਾਤੀ ਹੋਵਤ ਸੁਆਨੁ ॥੧॥੧੨॥

[ਗਉੜੀ ਸੁਖਮਨੀ ਮ: ੫, ਪੰਨਾ ੨੧੮

ਤਾਂ ਤੇ ਰਾਜ-ਅਭਿਮਾਨੀ ਸਾਰੇ ਹੀ ਨਰਕਾਂ ਦੇ ਪਾਤਰ ਅਤੇ ਕੁੱਤਿਆਂ ਦੇ ਸਮਾਨ ਹੀ ਗੁਰਮਤਿ ਅੰਦਰ ਗਰਦਾਨੇ ਗਏ ਹਨ। ਇਸੇ ਕਰਕੇ ਹੀ ਨਿਰਾ ਗ੍ਰਿਹਸਤੀ ਬਣਨ ਦਾ ਫੋਕਾ ਦਾਅਵਾ ਕਰਨ ਵਾਲੇ ਅਨਿਕ ਪ੍ਰਕਾਰ ਦੇ ਸਰੀਰਕ ਭੋਗਾਂ ਵਿਚ ਹੀ ਮੁਸਤਗ਼ਰਕ ਰਹਿੰਦੇ ਹਨ, ਉਨ੍ਹਾਂ ਨੂੰ ਨਰਕ ਘੋਰ ਦਾ ਦੁਆਰਾ ਹੀ ਮਿਲਦਾ ਹੈ। ਸੱਚੀ ਗੁਰਮਤਿ ਤਾਂ ਸਦੀਵ ਹੀ ਗੁਰਮੁਖਿ ਜਨਾਂ ਦੀ ਸਤਸੰਗਤਿ ਤੇ ਵਾਹਿਗੁਰੂ ਸਿਫ਼ਤ ਸਲਾਹ ਰੂਪੀ ਕੀਰਤੀ ਕਰਕੇ ਨਸੀਬ ਹੁੰਦੀ ਹੈ। ਇਹੋ ਹੀ ਸੱਚਾ ਗੁਰਮਤਿ ਮੰਡਨੀ ਸੁਕਰਮ ਹੈ, ਜੋ ਸਾਰੇ ਆਨਮਤ ਭੇਖ ਕਰਮਾਂ ਦੇ ਸਿਰ ਅਫ਼ਜ਼ਲ ਕਰਮ ਹੈ। ਪਰ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਸ਼ੁਭ ਸਰੇਸ਼ਟ ਤੁਰੀਆ ਗੁਣੀ ਕਰਮ ਤਿਨ੍ਹਾਂ ਵਡਭਾਗੇ ਗੁਰਮੁਖਿ ਜਨਾਂ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਨੂੰ ਧੁਰ ਦਰਗਾਹੋਂ ਪੂਰਬਲੇ ਕਰਮਾਂ ਦਾ ਲਹਿਣਾ ਲੈਣਾ ਲਿਖਿਆ ਹੁੰਦਾ ਹੈ। ਜੋ ਗੁਰੂ ਘਰ ਦੇ ਸੱਚੇ ਸੇਵਕ ਗੁਰਮੁਖਿ ਜਨ ਹਨ, ਉਹ ਖਿਨ ਖਿਨ ਹੀ ਗੁਰਮਤਿ ਸਿਫ਼ਤ ਸਲਾਹ ਦੇ ਰੰਗ ਹੀ ਰੱਤੇ ਰਹਿੰਦੇ ਹਨ। ਉਨ੍ਹਾਂ ਉੱਤੇ ਸੱਚਾ ਕਿਰਪਾਲੂ, ਦੀਨ ਦੁਖ-ਭੰਜਨ ਵਾਹਿਗੁਰੂ ਸਦਾ ਹੀ ਤੁੱਠਾ ਰਹਿੰਦਾ

ਹੈ। ਤਾਂ ਹੀ ਤੇ ਹਰਿ-ਕੀਰਤਨ ਵਿਖੇ ਉਨ੍ਹਾਂ ਦਾ ਮਨੂਆ ਹਰ ਦਮ ਰੱਤਾ ਰਹਿੰਦਾ ਹੈ।

ਮਨਮੁਖ ਮਨੁ ਅਜਿਤੁ ਹੈ ਦੂਜੈ ਲਗੈ ਜਾਇ ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ ॥
ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧਿ ਲਗਾਇ ॥
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ॥
ਭੇਖਧਾਰੀ ਭੇਖ ਕਰਿ ਥਕੇ ਅਠਿ ਸਠਿ ਤੀਰਥ ਨਾਇ ॥
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ॥
ਗੁਰ ਪਰਸਾਦੀ ਭਉ ਪਇਆ ਵਡਭਾਗਿ ਵਸਿਆ ਮਨਿ ਆਇ ॥
ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ ॥
ਸਚਿ ਰਤੇ ਸੇ ਨਿਰਮਲੇ ਜੋਤੀ ਜੋਤਿ ਮਿਲਾਇ ॥
ਸਤਿਗੁਰਿ ਮਿਲਿਐ ਨਾਉ ਪਾਇਆ ਨਾਨਕ ਸੁਖਿ ਸਮਾਇ ॥੨॥੬॥

[ਮ: ੩, ਸੋਰਠਿ ਵਾਰ, ਪੰਨਾ ੬੪੪-੪੫

ਜੋ ਪ੍ਰਾਣੀ ਸਿਖ ਕਹਾ ਕੇ ਭੀ ਆਪਣੇ ਮਨ ਦੇ ਮਗਰ ਲਗਦੇ ਹਨ, ਉਹ ਮਨਮੁਖ ਸਿਖ ਹਨ। ਉਨ੍ਹਾਂ ਤੋਂ ਆਪਣਾ ਮਨ ਮਾਰਨ ਨਹੀਂ ਹੁੰਦਾ। ਮਨ ਜਿੱਤਿਆ ਨਹੀਂ, ਸਗੋਂ ਮਨ ਉਨ੍ਹਾਂ ਨੂੰ ਜਿੱਤ ਲੈਂਦਾ ਹੈ ਅਤੇ ਆਪਣੇ ਪਿਛੇ ਲਾਈ ਫਿਰਦਾ ਹੈ। ਮਨ ਦੇ ਜੋ ਸੰਕਲਪ-ਵਿਕਲਪੀ ਫੁਰਨੇ ਕੁਫੁਰਨੇ ਹਨ, ਉਹ ਸਭ ਦੂਜੇ ਭਾਇ ਦੇ ਹਨ। ਤਾਂ ਤੇ ਮਨਮੁਖਾਂ ਦਾ ਮਨ ਖਿਨ ਖਿਨ ਫਿਰਦਾ ਰਹਿੰਦਾ ਹੈ ਤੇ ਦੂਜੇ ਭਾਇ ਵਿਚ ਜਾ ਲਗਦਾ ਹੈ। ਉਸ ਨੂੰ ਸੁਪਨੇ ਮਾਤਰ ਵੀ ਸੱਚਾ ਸੁਖ ਪ੍ਰਾਪਤ ਨਹੀਂ ਹੁੰਦਾ, ਉਸ ਦੀ ਹਰ ਦਮ ਦੁੱਖਾਂ ਵਿਚ ਹੀ ਵਿਹਾਉਂਦੀ ਹੈ, ਨਿਰੇ ਦੁੱਖ ਵਿਚ ਹੀ ਉਮਰ ਲੰਘਦੀ ਹੈ। ਇਸੇ ਦੁਤੀਏ ਭਾਵ ਵਿਚ ਲੱਗੇ ਹੋਏ ਤ੍ਰੈਗੁਣੀ ਵਪਾਰੀ ਪੰਡਿਤ ਲੋਕ ਵੇਦਾਂ ਨੂੰ ਪੜ੍ਹਿ ਪੜ੍ਹਿ ਜਨਮ ਗਵਾ ਲੈਂਦੇ ਹਨ, ਤੇ ਘਰਿ ਘਰਿ ਹੰਢਦੇ ਫਿਰਦੇ ਹਨ। ਏਸੇ ਦੂਜੇ ਮਾਇਆਵੀ ਭਾਵ ਵਿਚ ਮਨ-ਉਕਤ ਬਣ ਬੈਠੇ ਸਿਧਾਂ ਲੋਕਾਂ ਦੀ ਸਮਾਧੀ ਨਹੀਂ ਲਗਦੀ। ਚਾਹੇ ਉਹ ਬਾਹਰ ਬਣਾਂ ਕੰਦਰਾਂ ਵਿਚ ਇਕਾਂਤ ਸਮਝ ਕੇ ਜਾ ਬੈਠਦੇ ਹਨ, ਪਰ ਉਨ੍ਹਾਂ ਦੇ ਮਨਾਂ ਦੇ ਫੁਰਨੇ ਨਹੀਂ ਮਿਟਦੇ। ਸਮਾਧੀਆਂ ਲਾ ਲਾ ਕੇ ਥਕ ਜਾਂਦੇ ਹਨ, ਏਹ ਮਨ ਉਨ੍ਹਾਂ ਦੇ ਵਸ ਵਿਚ ਨਹੀਂ ਆਉਂਦਾ। ਏਸੇ ਪ੍ਰਕਾਰ ਜਿਤਨੇ ਵੀ ਹੋਰ ਭੇਖਧਾਰੀ ਹਨ, ਉਹ ਭੇਖ ਵਿਖਾ ਵਿਖਾ ਕੇ ਆਪੋ ਆਪਣੀ ਮਨ-ਉਕਤ ਮਰਯਾਦਾ ਕਰ ਕਰ ਕੇ ਹੰਭ ਜਾਂਦੇ ਹਨ, ਪਰ ਬਣਦਾ ਉਨ੍ਹਾਂ ਤੋਂ ਕੁਛ ਨਹੀਂ। ਹਿੰਦੂਆਂ ਦੇ ਗਿਣੇ ਮਿਥੇ ਅਠਾਹਠ ਤੀਰਥਾਂ ਵਿਚ ਚਾਹੇ ਉਹ ਕਿਤਨੇ ਹੀ ਦੱਬ ਕੇ ਨਹਾਂਦੇ ਧੋਂਦੇ ਫਿਰਨ, ਪਰ ਸਭ ਵਿਅਰਥ ਹੈ, ਕਿਉਂਕਿ ਮਨ ਉਨ੍ਹਾਂ ਦੇ ਵਸ ਨਹੀਂ ਆਉਂਦਾ, ਅਗਲੀ ਮਨ ਦੀ ਮੈਲ ਉਤਰਦੀ ਹੀ ਨਹੀਂ, ਸਗੋਂ ਹੋਰ ਹਉਮੈ ਦੀ ਮੈਲ ਚੜ੍ਹ ਜਾਂਦੀ ਹੈ। ਮਨ ਦੀ ਸਾਰ (ਅਸਲੀਅਤ) ਨੂੰ ਉਹ ਜਾਣਦੇ ਹੀ ਨਹੀਂ;

ਹਉਮੈ ਵਿਚ ਭੁੱਲੇ ਹੋਏ ਭਰਮਦੇ ਭਟਕਦੇ ਫਿਰਦੇ ਰਹਿੰਦੇ ਹਨ। ਜਿਸ ਮਨੁੱਖ ਦੇ ਪੂਰਬਲੇ ਸ਼ੁਭ ਕਰਮ ਉਦੇ ਹੁੰਦੇ ਹਨ, ਉਨ੍ਹਾਂ ਨੂੰ ਸੱਚੇ ਸਤਿਗੁਰੂ ਦੀ ਪ੍ਰਾਪਤੀ ਹੁੰਦੀ ਹੈ। ਸੱਚੇ ਸਤਿਗੁਰ ਦਵਾਰਾ ਗੁਰ-ਦੀਖਿਆ ਲੈ ਕੇ ਜਦੋਂ ਉਹ ਗੁਰਮਤਿ ਨਾਮ ਦੀਆਂ ਕਮਾਈਆਂ ਕਰਨ ਲਗਦੇ ਹਨ ਤਾਂ ਗੁਰੂ ਦੀ ਕਿਰਪਾ ਨਾਲ ਵਾਹਿਗੁਰੂ ਦਾ ਭਉ (ਭੈ) ਉਨ੍ਹਾਂ ਦੇ ਮਨ ਵਿਚ ਆ ਵਸਦਾ ਹੈ, ਇਸ ਕਰਕੇ ਮਨ ਉਨ੍ਹਾਂ ਦੇ ਵਸਗਤਿ ਹੋ ਜਾਂਦਾ ਹੈ। ਭੈ ਪਏ ਤੇ ਮਨ ਵਸ ਹੁੰਦਾ ਹੈ, ਕਿਉਂਕਿ ਅੰਦਰਲੀ ਹਉਮੈ ਨੂੰ ਗੁਰ-ਸ਼ਬਦ ਦਵਾਰਾ ਉਹ ਜਾਲ ਦਿੰਦਾ ਹੈ, ਸਚੇ ਵਾਹਿਗੁਰੂ ਦੇ ਸੱਚੇ ਨਾਮ ਵਿਚ ਹੀ ਰੱਤਿਆ ਜਾਂਦਾ ਹੈ। ਸੱਚੇ ਨਾਮ ਵਿਚ ਰੱਤੇ ਜਾਣ ਕਰਕੇ ਹੀ ਅਜਿਹੇ ਜਨ ਨਿਰਮਲ ਪਵਿਤ੍ਰ ਹੋ ਜਾਂਦੇ ਹਨ, ਜੋਤੀਸ੍ਵਰ ਵਾਹਿਗੁਰੂ ਦੇ ਪ੍ਰਕਾਸ਼ ਰੂਪ ਵਿਚ ਆਪਣੀ ਆਤਮ-ਜੋਤੀ ਜੋੜ ਦਿੰਦੇ ਹਨ। ਸਤਿਗੁਰੂ ਦੇ ਮਿਲਣ ਕਰਕੇ ਹੀ ਸੱਚੇ ਗੁਰਮਤਿ ਨਾਮ (ਵਾਹਿਗੁਰੂ) ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਇਉਂ ਉਨ੍ਹਾਂ ਦੀ ਸੱਚੇ ਸੁਖ ਵਿਚ ਸਮਾਈ ਹੁੰਦੀ ਹੈ।

ਗੁਰਮੁਖਿ ਚਿਤੁ ਨ ਲਾਇਓ ਅੰਤਿ ਦੁਖੁ ਪਹੁਤਾ ਆਇ ॥
ਅੰਦਰਹੁ ਬਾਹਰਹੁ ਅੰਧਿਆਂ ਸੁਧਿ ਨ ਕਾਈ ਪਾਇ ॥
ਪੰਡਿਤ ਤਿਨ ਕੀ ਬਰਕਤੀ ਸਭੁ ਜਗਤੁ ਖਾਇ ਜੋ ਰਤੇ ਹਰਿ ਨਾਇ ॥
ਜਿਨ ਗੁਰ ਕੈ ਸਬਦਿ ਸਲਾਹਿਆ ਹਰਿ ਸਿਉ ਰਹੇ ਸਮਾਇ ॥
ਪੰਡਿਤ ਦੂਜੈ ਭਾਇ ਬਰਕਤਿ ਨ ਹੋਵਈ ਨਾ ਧਨੁ ਪਲੈ ਪਾਇ ॥
ਪੜਿ ਥਕੇ ਸੰਤੋਖੁ ਨ ਆਇਓ ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ ਨਾ ਸੰਸਾ ਵਿਚਹੁ ਜਾਇ ॥
ਨਾਨਕ ਨਾਮ ਵਿਹੂਣਿਆ ਮੁਹਿ ਕਾਲੈ ਉਠਿ ਜਾਇ ॥੨॥੧੨॥

[ਮ: ੩, ਸੋਰਠਿ ਵਾਰ, ਪੰਨਾ ੬੪੭

ਏਸ ਸਲੋਕ ਦਵਾਰਾ ਗੁਰੂ ਸਾਹਿਬ ਵੇਦ-ਪੜ੍ਹਾਕੂ, ਵੇਦ-ਵੀਚਾਰੀ ਅਤੇ ਵੇਦ-ਵਪਾਰੀ, ਭੇਖਧਾਰੀ ਪੰਡਤਾਂ ਦਾ ਖੰਡਨ ਕਰਦੇ ਹਨ, ਅਤੇ ਉਨ੍ਹਾਂ ਨੂੰ ਇਸ ਬਿਧਿ ਪ੍ਰਬੋਧਦੇ ਹਨ ਕਿ ਹੇ ਪੰਡਤੋ ! ਤੁਸੀਂ ਨਿਗੁਰੇ ਹੋਣ ਕਰਕੇ ਗੁਰ-ਉਪਦੇਸ਼ ਵਿਖੇ ਆਪਣਾ ਚਿਤ ਨਹੀਂ ਜੋੜਦੇ, ਜੋ ਕੇਵਲ ਅਤੁੱਟ ਗੁਰਮਤਿ ਅਭਿਆਸ ਕਮਾਈ ਦਵਾਰਾ ਹੀ ਜੁੜਦਾ ਹੈ। ਸੋ ਇਹ ਕਮਾਈ ਕਰਨੀ ਤੁਹਾਨੂੰ ਨਸੀਬ ਹੀ ਨਹੀਂ ਹੁੰਦੀ, ਅੰਤੀ ਅਉਸਰ ਤੁਸਾਨੂੰ ਦੁੱਖ ਆਇ ਹੀ ਪਹੁੰਚਦਾ ਹੈ। ਗੁਰ-ਸ਼ਬਦ ਹੀਣ ਹੋਣ ਕਰਕੇ ਤੁਸੀਂ ਅੰਦਰੋਂ ਬਾਹਰੋਂ ਅਗਿਆਨੀ ਅੰਧਲੇ ਹੀ ਰਹਿੰਦੇ ਹੋ ਅਤੇ ਤੁਹਾਨੂੰ ਸੂਝ ਬੂਝ ਹੀ ਕੋਈ ਨਹੀਂ ਰਹਿੰਦੀ। ਇਹ ਸੱਚੀ ਸੁੱਚੀ ਸੂਝ ਬੂਝ ਤਿਨ੍ਹਾਂ ਨੂੰ ਹੀ ਆਉਂਦੀ ਹੈ ਜੋ ਵਾਹਿਗੁਰੂ ਦੇ ਨਾਮ ਵਿਚ ਰੱਤੇ ਗੁਰਮੁਖਿ ਜਨ ਹੁੰਦੇ ਹਨ। ਹੇ ਪੰਡਿਤ ਜਨੋ ! ਉਨ੍ਹਾਂ ਦੀ ਬਰਕਤ ਕਰਕੇ, ਉਨ੍ਹਾਂ (ਤਿਨ੍ਹਾਂ) ਦੇ ਸਦਕੇ ਹੀ ਸਾਰਾ

ਜਗਤ ਉਦਰ-ਪੂਰਨਾ ਕਰਦਾ ਹੈ। ਜੇਹੜੇ ਗੁਰਮੁਖਿ ਜਨਾਂ ਨੇ ਗੁਰੂ ਦੇ ਸ਼ਬਦ ਦਵਾਰਾ (ਗੁਰੂ ਤੋਂ ਪ੍ਰਾਪਤ ਹੋਏ ਗੁਰ-ਦੀਖਿਆ ਰੂਪੀ ਸ਼ਬਦ ਦਵਾਰਾ) ਵਾਹਿਗੁਰੂ ਨਾਮ ਨੂੰ ਸਲਾਹਿਆ ਹੈ ਤੇ ਵਾਹਿਗੁਰੂ ਨਾਮ ਦੀ ਅਤੁੱਟ ਨਾਮ ਅਭਿਆਸ ਕਮਾਈ ਕੀਤੀ ਹੈ, ਐਸੇ ਜਨ ਵਾਹਿਗੁਰੂ ਨਾਮ ਨਾਲ ਹੀ ਸਮਾਏ ਰਹਿੰਦੇ ਹਨ। ਹੇ ਪੰਡਿਤ ਜਨੋ! ਨਾਮ ਨੂੰ ਛਡ ਕੇ, ਮਾਇਆ ਰੂਪੀ ਦੂਜੇ ਭਾਇ ਨਾਲ ਲੱਗਣ ਕਰਕੇ ਕਿਸੇ ਪ੍ਰਕਾਰ ਦੀ ਬਰਕਤ ਭੀ ਨਹੀਂ ਹੋਇ ਆਉਂਦੀ, ਨਾ ਹੀ ਇਹ ਮਾਇਆ ਰੂਪੀ ਧਨ ਪੱਲੇ ਪੈਂਦਾ ਹੈ। ਉਨ੍ਹਾਂ ਨੂੰ ਸੰਤੋਖ ਆਉਂਦਾ ਹੀ ਨਹੀਂ, ਅਜਿਹੇ ਪੰਡਿਤ ਚਾਹੇ ਕਿਤਨੀਆਂ ਹੀ ਦੂਜੇ ਭਾਵ ਦੀਆਂ ਪੜ੍ਹਾਈਆਂ ਪੜ੍ਹਿ ਪੜ੍ਹਿ ਹੰਭ ਜਾਣ, ਉਨ੍ਹਾਂ ਦੀ ਸਾਰੀ ਅਵਰਦਾ ਦਿਨ ਰਾਤ ਜਲਦਿਆਂ ਸੜਦਿਆਂ ਹੀ ਬਿਹਾਉਂਦੀ ਹੈ। ਉਨ੍ਹਾਂ ਦਾ ਰੋਣਾ ਚੀਕਣਾ (ਦੁੱਖਾਂ ਦੀ ਸ਼ਕਾਇਤ) ਕਦੇ ਦੂਰ ਨਹੀਂ ਹੁੰਦਾ, ਨਾ ਉਨ੍ਹਾਂ ਦੇ ਅੰਦਰੋਂ ਸੰਸਾ ਹੀ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਨਾਮ ਤੋਂ ਸੱਖਣੇ ਪੁਰਸ਼ ਇਸ ਦੁਨੀਆ ਵਲੋਂ ਮੂੰਹ ਕਾਲੇ ਲੈ ਕੇ ਹੀ ਉਠ ਜਾਂਦੇ ਹਨ।

ਇਸ ਤੋਂ ਅਗਲੇ ਸਲੋਕ ਵਿਚ ਸ੍ਰੀ ਗੁਰੂ ਸਾਹਿਬ ਵੇਦਾਚਾਰੀ ਪੰਡਤਾਂ ਦੀ ਪੰਡਤਾਈ ਦਾ ਖੰਡਨ ਕਰਦੇ ਹਨ। ਯਥਾ—

ਪੰਡਿਤ ਮੈਲੁ ਨ ਚੁਕਈ ਜੇ ਵੇਦ ਪੜੈ ਜੁਗ ਚਾਰਿ ॥
ਤ੍ਰੈ ਗੁਣ ਮਾਇਆ ਮੂਲੁ ਹੈ ਵਿਚਿ ਹਉਮੈ ਨਾਮੁ ਵਿਸਾਰਿ ॥
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ ॥
ਅੰਤਰਿ ਤ੍ਰਿਸਨਾ ਭੁਖ ਹੈ ਮੂਰਖ ਭੁਖਿਆ ਮੁਏ ਗਵਾਰਿ ॥੧॥੧੩॥

[ਸੋਰਠਿ ਵਾਰ, ਸਲੋਕ ਮਹਲਾ ੩, ਪੰਨਾ ੬੪੭

ਹੇ ਪੰਡਿਤ! ਇਹ ਪਾਪਾਂ ਦੀ ਮੈਲ ਦੂਰ ਨਹੀਂ ਹੁੰਦੀ, ਭਾਵੇਂ ਚਾਰੇ ਜੁਗ ਵੇਦਾਂ ਨੂੰ ਪਿਆ ਪੜ੍ਹੇਂ, ਵੇਦਾਂ ਵਿਚ ਤ੍ਰੈਗੁਣਾਂ ਦਾ ਹੀ ਵੀਚਾਰ ਹੈ। ਤਿੰਨੇ ਗੁਣ (ਤ੍ਰੈਗੁਣ) ਮਾਇਆ ਦੀ ਜੜ੍ਹ ਹਨ, ਇਸ ਕਰਕੇ ਵੇਦਾਂ ਨੂੰ ਪੜ੍ਹਿਆਂ ਨਿਰੀ ਮਾਇਆ ਰੂਪੀ ਹਉਮੈ ਦੀ ਮੈਲ ਹੀ ਮਨ ਨੂੰ ਲਗਦੀ ਹੈ ਅਤੇ ਇਸ ਹਉਮੈ ਦੀ ਮੈਲ ਲੱਗਣ ਕਰਕੇ ਨਾਮ ਜਪਣ ਦਾ ਖ਼ਿਆਲ ਮਾਤਰ ਹੀ ਨਹੀਂ ਆਉਂਦਾ। ਇਸ ਕਰਕੇ ਇਹ ਪੰਡਿਤ ਲੋਕ ਨਾਮ ਵਿਸਾਰ ਕੇ ਭੁੱਲੇ ਹੀ ਫਿਰਦੇ ਹਨ ਅਤੇ ਦੂਜੇ ਭਾਵ ਦੇ ਮਾਇਆ ਦੇ ਵਾਪਾਰ ਵਿਚ ਹੀ ਲੱਗੇ ਰਹਿੰਦੇ ਹਨ। ਉਨ੍ਹਾਂ ਦੇ ਅੰਦਰ ਤ੍ਰਿਸ਼ਨਾ-ਮਈ ਮਾਇਆ ਦੀ ਭੁੱਖ ਹੀ ਲੱਗੀ ਰਹਿੰਦੀ ਹੈ। ਤਾਂ ਤੇ ਪੰਡਿਤ ਲੋਗ ਭੁੱਖੇ ਹੀ ਰਹਿੰਦੇ ਹਨ, ਤੇ ਮਰ ਜਾਂਦੇ ਹਨ।

ਸਿਧ ਸਾਧਿਕ ਨਾਵੈ ਨੋ ਸਭਿ ਖੋਜਦੇ ਥਕਿ ਰਹੇ ਲਿਵ ਲਾਇ ॥
ਬਿਨੁ ਸਤਿਗੁਰ ਕਿਨੈ ਨ ਪਾਇਓ ਗੁਰਮੁਖਿ ਮਿਲੈ ਮਿਲਾਇ ॥
ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ ਧਿਗੁ ਸਿਧੀ ਧਿਗੁ ਕਰਮਾਤਿ ॥

ਸਾ ਸਿਧਿ ਸਾ ਕਰਮਾਤਿ ਹੈ ਅਚਿੰਤੁ ਕਰੇ ਜਿਸੁ ਦਾਤਿ ॥
ਨਾਨਕ ਗੁਰਮੁਖਿ ਹਰਿ ਨਾਮੁ ਮਨਿ ਵਸੈ ਏਹਾ ਸਿਧਿ ਏਹਾ ਕਰਮਾਤਿ ॥
੨॥੨੦॥ [ਮ: ੩, ਸੋਰਠਿ ਵਾਰ, ਪੰਨਾ ੬੫੦

ਇਸ ਸਲੋਕ ਦਵਾਰਾ ਗੁਰੂ ਸਾਹਿਬ ਕੇਵਲ ਗੁਰਮਤਿ ਸੁਮਾਰਗੀਆਂ ਦਾ ਹੀ ਸੁਮੰਡਨ ਕਰਦੇ ਹਨ ਅਤੇ ਇਸ ਗੁਰਮਤਿ ਮਾਰਗ ਤੋਂ ਘੁੱਥੇ ਸਿਧ ਸਾਧਿਕ ਮਨਮਤੀਆਂ ਦਾ ਖੰਡਨ ਦਰਸਾਉਂਦੇ ਹਨ। ਜਿਤਨੇ ਭੀ ਸਿਧ ਸਾਧਿਕ ਲੋਕ ਹਨ, ਆਪਣੇ ਮਨ-ਉਕਤ ਸਾਧਨਾਵਾਂ ਕਰਕੇ ਤੇ ਮਨ-ਮੰਨੀਆਂ ਸਿਆਣਪਾਂ ਕਰਕੇ ਨਾਮ ਦੀ ਖੋਜ ਕਰਦੇ ਹਨ ਤੇ ਮਨ-ਮੰਨਿਆ ਨਾਮ ਜਪ ਕੇ ਲਿਵ ਲਾਣ ਦਾ ਤਰਲਾ ਮਾਰਦੇ ਹਨ। ਪਰ ਇਨ੍ਹਾਂ ਦੀ ਮਨ-ਉਕਤ ਲਿਵ ਕਮਾਈ ਬਿਰਥੀ ਜਾਂਦੀ ਹੈ। ਕਿਸੇ ਨੇ ਭੀ ਸਤਿਗੁਰੂ ਬਾਝੋਂ ਵਾਹਿਗੁਰੂ ਨਾਮ ਨਹੀਂ ਪਾਇਆ। ਸੱਚੇ ਸਤਿਗੁਰੂ ਨੂੰ ਮਿਲੇ ਬਾਝੋਂ ਗੁਰਮਤਿ ਨਾਮ ਗੁਰ-ਦੀਖਿਆ ਪ੍ਰਾਪਤ ਹੀ ਨਹੀਂ ਹੁੰਦੀ। ਇਹ ਨਾਮ ਗੁਰੂ ਦਵਾਰਾ ਮਿਲਾਇਆ ਹੀ ਮਿਲਦਾ ਹੈ, ਐਵੇਂ ਨਹੀਂ ਮਿਲਦਾ। ਨਾਮ ਤੋਂ ਬਿਨਾਂ ਪਾਖੰਡੀਆਂ ਭੇਖ-ਧਾਰੀਆਂ ਦਾ ਪਹਿਨਣ ਖਾਣ ਸਭ ਬਾਦ (ਬੇਫ਼ਾਇਦਾ) ਹੀ ਹੈ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਈ ਕਰਾਮਾਤ ਸਿਧੀ ਭੀ ਧ੍ਰਿਗ ਹੈ। ਲਾਹਨਤ ਹੈ ਅਜਿਹੀ ਸਿਧੀ ਨੂੰ ਤੇ ਧ੍ਰਿਗ ਹੈ ਅਜਿਹੀ ਕਰਾਮਾਤ ਨੂੰ! ਗੁਰਮਤਿ ਨਾਮ ਵਿਚ ਅਰੂੜ੍ਹ ਹੋਏ ਗੁਰਮੁਖਿ ਜਨਾਂ ਨੂੰ ਸੁਤੇ ਸਿਧ ਹੀ ਇਹ ਰਿਧੀ ਸਿਧੀ ਪ੍ਰਾਪਤ ਹੋ ਜਾਂਦੀ ਹੈ ਤੇ ਉਨ੍ਹਾਂ ਦੇ ਪਿਛੇ ਲੱਗੀ ਫਿਰਦੀ ਹੈ। ਅਚਿੰਤ ਹੀ ਇਹ ਰਿਧੀ ਸਿਧੀ ਵਾਲੀ ਦਾਤਿ ਉਨ੍ਹਾਂ ਨੂੰ ਮਿਲ ਜਾਂਦੀ ਹੈ, ਪਰੰਤੂ ਨਾਮ-ਰਸੀਆਂ ਨੂੰ ਇਸ ਦੀ ਪਰਵਾਹ ਕੁਛ ਨਹੀਂ ਹੁੰਦੀ, ਮੋਹ ਰੂਪ ਸਮਝ ਕੇ ਇਸ ਦੇ ਖਹਿੜੇ ਹੀ ਨਹੀਂ ਪੈਂਦੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮੁਖਿ ਜਨ ਵਾਹਿਗੁਰੂ ਨਾਮ ਦੇ ਮਨ ਵਸਣ ਨੂੰ ਹੀ ਸੱਚੀ ਕਰਾਮਾਤ ਸਿਧੀ ਜਾਣਦੇ ਹਨ। ਗੁਰਮਤਿ ਨਾਮ-ਪ੍ਰਾਪਤੀ ਤੋਂ ਵਧ ਕੇ ਹੋਰ ਕਿਸੇ ਵੀ ਕਰਾਮਾਤ ਸਿਧੀ ਨੂੰ ਉਹ ਕੰਮ ਦੀ ਨਹੀਂ ਸਮਝਦੇ।

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥
ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ ॥
ਗੁਣ ਨਿਧਾਨੁ ਹਰਿ ਪਾਇਆ ਸਹਜਿ ਕਰੇ ਵੀਚਾਰੁ ॥
ਧੰਨੁ ਵਾਪਾਰੀ ਨਾਨਕਾ ਜਿਸੁ ਗੁਰਮੁਖਿ ਨਾਮੁ ਅਧਾਰੁ ॥੧॥੨੧॥
[ਸਲੋਕ ਮ: ੩, ਵਾਰ ਸੋਰਠਿ, ਪੰਨਾ ੬੫੦

ਇਸ ਗੁਰਵਾਕ ਸਲੋਕ ਦਵਾਰਾ ਗੁਰੂ ਸਾਹਿਬ ਇਹ ਸਿਧ ਕਰਦੇ ਹਨ ਕਿ ਗੁਰਮਤਿ ਨਾਮ ਤੋਂ ਛੁਟ ਹੋਰ ਵਿਦਿਆ ਪੜ੍ਹਾਈ ਦਾ ਪੜ੍ਹਨਾ ਸਭ ਸੰਸਾਰੀ ਕਾਰ

ਹੀ ਹੈ, ਸੱਚੀ ਪੜ੍ਹਾਈ ਨਹੀਂ। ਵੇਦਾਂ ਦੇ ਪੰਡਿਤ ਵੀ ਬੇਕਾਰ ਪੜ੍ਹਾਈਆਂ ਹੀ ਪੜ੍ਹਦੇ ਹਨ, ਕਿਉਂਕਿ ਹੋਰ ਪੜ੍ਹਾਈਆਂ ਪੜ੍ਹਿਆਂ ਤੇ, ਅੰਦਰ ਤ੍ਰਿਸ਼ਨਾ ਰੂਪੀ ਵਿਕਾਰ ਹੀ ਵਧਦਾ ਹੈ। ਤਾਂ ਤੇ ਨਾਮ ਤੋਂ ਛੁਟ ਹੋਰ ਪੜ੍ਹਾਈਆਂ ਪੜ੍ਹਨ ਨਾਲ ਨਿਰੀ ਹਉਮੈ ਦੀ ਮੈਲ ਵਧਦੀ ਹੈ। ਹਉਮੈ ਵਿਚ ਚਾਹੇ ਕੋਈ ਕਿਤਨਾ ਹੀ ਪੜ੍ਹ ਥਕੇ, ਮਾਇਆ ਦੇ ਮੋਹ ਵਿਚ (ਅਰਥਾਤ, ਦੂਜੇ ਭਾਵ ਵਿਚ) ਖ਼ਰਾਬ ਹੁੰਦਾ ਹੈ। ਗੁਰਮਤਿ ਅਨੁਸਾਰ ਉਹੀ ਸੱਚੀ ਪੜ੍ਹਾਈ ਪੜ੍ਹਿਆ ਹੋਇਆ ਪੰਡਿਤ ਬੀਨਾ ਹੈ ਜੋ ਗੁਰ-ਸ਼ਬਦ ਦਵਾਰਾ ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਕਰਦਾ ਹੈ, ਇਹ ਸੱਚੀ ਪੜ੍ਹਾਈ ਕਰ ਕੇ ਆਪਣਾ ਅੰਦਰਲਾ ਖੋਜਦਾ ਹੈ, ਤੇ ਵਿਚੋਂ ਤੱਤ ਰੂਪ ਵਾਹਿਗੁਰੂ ਨੂੰ ਲਭ ਲੈਂਦਾ ਹੈ। ਇਸ ਬਿਧਿ ਉਹ ਮੋਖ ਦਵਾਰੇ ਨੂੰ ਪ੍ਰਾਪਤ ਹੁੰਦਾ ਹੈ। ਆਤਮਿਕ ਅਭੇਦਤਾ ਨਾਲ ਅਭੇਦ ਹੋ ਕੇ ਉਹ ਗੁਣਾਂ ਦਾ ਖ਼ਜ਼ਾਨਾ ਵਾਹਿਗੁਰੂ ਨੂੰ ਪਾ ਲੈਂਦਾ ਹੈ, ਤਿਸ ਨੂੰ ਪਾਈ ਹੀ ਰਖਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਵਪਾਰੀ ਧੰਨ ਹਨ, ਜਿਨ੍ਹਾਂ ਨੂੰ ਗੁਰੂ ਦਵਾਰਾ ਨਾਮ-ਅਧਾਰ ਦੀ ਪ੍ਰਾਪਤੀ ਹੋਈ ਹੈ।

ਵਿਣੁ ਮਨੁ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵ ਲਾਇ ॥
ਭੇਖਧਾਰੀ ਤੀਰਥੀ ਭਵਿ ਥਕੇ ਨਾ ਏਹੁ ਮਨੁ ਮਾਰਿਆ ਜਾਇ ॥
ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥੨੧॥

[ਮ: ੩, ਵਾਰ ਸੋਰਠਿ, ਪੰਨਾ ੬੫੦

ਭਾਵ, ਮਨ ਮਾਰੇ ਬਿਨਾਂ ਕਿਸੇ ਨੂੰ ਭੀ ਸਚੀ ਸੂਝ ਬੂਝ ਨਹੀਂ ਆ ਸਕਦੀ, ਚਾਹੇ ਕੋਈ ਕਿੰਨੇ ਹੀ ਮਨ-ਉਕਤ ਲਿਵ-ਸਮਾਧੀਆਂ ਲਾਣ ਦਾ ਤਰਲਾ ਕਰੇ। ਭੇਖਧਾਰੀ ਆਨਮਤੀ ਲੋਕ ਤੀਰਥਾਂ ਤੇ ਫਿਰ ਫਿਰ ਕੇ ਥੱਕ ਗਏ, ਪਰ ਉਨ੍ਹਾਂ ਤੋਂ ਵੀ ਇਹ ਮਨ ਨਹੀਂ ਮਾਰਿਆ ਗਿਆ। ਜੇਹੜੇ ਗੁਰੂ ਦੇ ਤਾਰੇ ਹੋਏ ਗੁਰਮੁਖਿ ਲੋਕ ਹਨ, ਉਨ੍ਹਾਂ ਦਾ ਗੁਰੂ ਦੀ ਕਿਰਪਾ ਨਾਲ ਮਨ ਥਾਇਂ ਆ ਜਾਂਦਾ ਹੈ, ਉਹ ਗ੍ਰਿਹਸਤ ਵਿਚ ਰਹਿੰਦੇ ਹੋਏ, ਜੀਉਂਦੇ ਹੀ ਗ੍ਰਿਹਸਤ ਦੇ ਸਭ ਨੇਮ ਨਿਬਾਹੁੰਦੇ ਹੋਏ ਮਨ ਨੂੰ ਮਾਰ ਲੈਂਦੇ ਹਨ। ਗੁਰਮੁਖਾਂ ਦੇ ਮਨ ਵਸਿ ਹੋਣ ਕਰਕੇ, ਗੁਰਮੁਖਾਂ ਨੂੰ ਜੀਵਨ-ਮੁਕਤ ਦੀ ਪਦਵੀ ਮਿਲਦੀ ਹੈ, ਉਹ ਮਨ ਨੂੰ ਮਾਰ ਕੇ, ਭਾਵ, ਮਨ ਨੂੰ ਵਸਗਤਿ ਕਰ ਕੇ ਸੱਚੇ ਨਾਮ ਵਿਖੇ ਹਰ ਦਮ ਲਿਵ ਲਾਈ ਰਖਦੇ ਹਨ। ਨਾ ਉਨ੍ਹਾਂ ਦਾ ਮਨ ਉਖੜਦਾ ਹੈ, ਨਾ ਲਿਵ ਉਖੜਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਮਨ ਦੀ ਮੈਲ ਇਸ ਬਿਧਿ ਉਤਰਦੀ ਹੈ, ਗੁਰ-ਸ਼ਬਦ-ਕਮਾਈ ਦਵਾਰਾ ਪਹਿਲਾਂ ਹਉਮੈ ਨੂੰ ਜਲਾਇਆ ਜਾਂਦਾ ਹੈ, ਹਉਮੈ ਜਲੀ ਤੋਂ ਮਨ ਆਪੇ ਹੀ ਵੱਸ ਆ ਜਾਂਦਾ ਹੈ, ਦਹਿਦਿਸ ਧਾਵਣ ਵਾਲੇ ਮਨ ਦਾ ਨਮੂਦ ਨਹੀਂ ਰਹਿੰਦਾ।

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥
ਓਇ ਲੇ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂ ਨ ਪਾਈ ॥੧॥
ਮਨ ਰੇ ਸੰਸਾਰੁ ਅੰਧ ਗਹੇਰਾ ॥
ਚਹੁ ਦਿਸ ਪਸਰਿਓ ਹੈ ਜਮ ਜੇਵਰਾ ॥੧॥ਰਹਾਉ॥
ਕਬਿਤ ਪੜੇ ਪੜਿ ਕਬਿਤਾ ਮੂਏ ਕਪੜ ਕੇਦਾਰੈ ਜਾਈ ॥
ਜਟਾ ਧਾਰਿ ਧਾਰਿ ਜੋਗੀ ਮੂਏ ਤੇਰੀ ਗਤਿ ਇਨਹਿ ਨ ਪਾਈ ॥੨॥
ਦਰਬੁ ਸੰਚਿ ਸੰਚਿ ਰਾਜੇ ਮੂਏ ਗਡਿ ਲੇ ਕੰਚਨ ਭਾਰੀ ॥
ਬੇਦ ਪੜੇ ਪੜਿ ਪੰਡਿਤ ਮਏ ਰੂਪ ਦੇਖਿ ਦੇਖਿ ਨਾਰੀ ॥੩॥
ਰਾਮ ਨਾਮ ਬਿਨੁ ਸਭੈ ਬਿਗੂਤੇ ਦੇਖਹੁ ਨਿਰਖਿ ਸਰੀਰਾ ॥
ਹਰਿ ਕੇ ਨਾਮ ਬਿਨੁ ਕਿਨਿ ਗਤਿ ਪਾਈ ਕਹਿ ਉਪਦੇਸੁ ਕਬੀਰਾ ॥੪॥੧॥
[ਸੋਰਠਿ ਕਬੀਰ ਜੀ, ਪੰਨਾ ੬੫੪

ਇਸ ਗੁਰਵਾਕ ਦਵਾਰਾ ਕਰਮ-ਕਾਂਡੀਆਂ ਨੂੰ ਕਰਮ-ਕਾਂਡ ਵਲੋਂ ਹਟਾ ਕੇ ਇੱਕੋ ਵਾਹਿਗੁਰੂ ਦੀ ਭਗਤੀ ਵਿਚ ਲਾਇਆ ਗਿਆ ਹੈ । ਗੁਰਮਤਿ ਮਤ ਬਿਨਾਂ ਹਿੰਦਵੀ ਅਤੇ ਯਮਨੀ ਮਤ ਸਾਰੇ ਹੀ ਫੋਕੇ ਕਰਮ-ਕਾਂਡ ਵਿਚ ਉਲਝੇ ਪਏ ਹਨ, ਐਵੇਂ ਹੀ ਉਲਝ ਉਲਝ ਕੇ ਮਰ ਜਾਣਗੇ, ਉਨ੍ਹਾਂ ਦੇ ਹੱਥ ਵਸਗਤਿ ਕੁਝ ਵੀ ਨਹੀਂ ਆਵਣਾ, ਤਾਂ ਹੀ ਤੇ ਇਸ ਵਾਕ ਦੁਆਰਾ ਇਸ ਬਿਧਿ ਦ੍ਰਿੜ੍ਹਾਇਆ ਗਿਆ ਹੈ, ਯਥਾ ਵਿਆਖਿਆ—

ਹਿੰਦੂ ਲੋਕ ਬੁੱਤਾਂ ਨੂੰ ਪੂਜ ਪੂਜ ਮਰ ਗਏ, ਅਤੇ ਤੁਰਕ ਲੋਕ ਸਿਰ ਨਿਵਾਉਂਦੇ ਨਿਵਾਉਂਦੇ ਹੀ ਮਰ ਖੜੋਤੇ । ਹਰੇਕ ਹਿੰਦੂ ਘਰਾਣੇ ਦਾ ਵਖਰਾ ਪੱਥਰ ਦਾ ਘੜ ਕੇ ਵਖਰਾ ਦੇਵਤਾ ਬਣਾਇਆ ਹੋਇਆ ਹੈ, ਇਸੇ ਕਰਕੇ ਹਿੰਦੂਆਂ ਦੇ ਤੇਤੀ ਕਰੋੜ ਦੇਵਤੇ ਮਸ਼ਹੂਰ ਹਨ । ਤਿਨ੍ਹਾਂ ਬੁੱਤਾਂ ਦੀ ਪੂਜਾ ਕਰਿ ਕਰਿ, ਸਾਰੀ ਉਮਰ ਹੀ ਏਹ ਹਿੰਦੂ ਮਨਮਤੀ ਮਰ ਰਹਿੰਦੇ ਹਨ । ਤੁਰਕ ਲੋਕਾਂ ਦੇ (ਮੁਸਲਮਾਨਾਂ ਦੇ) ਮੱਕੇ ਅੰਦਰ ਭੀ ਸੰਗੇ ਅਸਵਦ ਕਾਲੇ ਨੀਲੇ ਪੱਥਰ ਬਿਨਾਂ ਹੋਰ ਕੁਛ ਨਹੀਂ, ਜਿਸ ਦੀ ਵਲ ਸਿਰ ਨਿਵਾਇ ਨਿਵਾਇ ਕੇ ਤੁਰਕ ਲੋਕ ਨਮਾਜ਼ ਪੜ੍ਹਨ ਸਮੇਂ ਇਕ ਪ੍ਰਕਾਰ ਦੀ ਬੁੱਤ-ਪ੍ਰਸਤੀ ਹੀ ਸਾਰੀ ਉਮਰ ਕਰਦੇ ਹਨ ਅਤੇ ਕਰਿ ਕਰਿ ਮਰਦੇ ਰਹਿੰਦੇ ਹਨ । ਹਿੰਦੂ ਲੋਕ ਤਾਂ ਮੁਰਦੇ ਨੂੰ ਜਾਲਣ ਵਿਚ ਹੀ ਉਸ ਦੀ ਸਦਗਤੀ ਸਮਝਦੇ ਹਨ ਅਤੇ ਤੁਰਕ ਲੋਕ ਮੁਰਦੇ ਨੂੰ ਦਬਾਉਣ ਵਿਚ ਹੀ ਸਵਾਬ ਸਮਝਦੇ ਹਨ, ਪਰ ਵਾਸਤਵ ਵਿਚ ਇਨ੍ਹਾਂ ਦੋਹਾਂ ਦੀ (ਨਾ ਹੀ ਹਿੰਦੂ, ਨਾ ਤੁਰਕ ਦੀ) ਗਤਿ ਕਲਿਆਣ ਹੁੰਦੀ ਹੈ । ਸਾਰਾ ਹੀ ਸੰਸਾਰ ਇਸ ਅੰਨ੍ਹੇ ਖਾਤੇ ਵਿਚ ਡਿਗਿਆ ਹੋਇਆ ਹੈ । ਗੁਰਮਤਿ ਦੇ ਧਾਰਨ ਬਿਨਾਂ ਸਾਰੇ ਆਨਮਤੀਆਂ ਦੇ ਦੁਆਲੇ (ਚਾਰ ਚੁਫੇਰੇ) ਜਮ ਦਾ ਜੇਵੜਾ ਹੀ ਪਸਰਿਆ ਪਿਆ ਹੈ ਭਾਵ, ਸਭ ਜਮ ਦੇ ਜੇਵੜੇ ਨਾਲ ਜਕੜੇ ਜਾਣਗੇ ।

ਕਵਿਤਾ ਪੜ੍ਹਨ ਵਾਲੇ ਕਵੀਸ਼ਰ ਕੱਚੀਆਂ ਬਾਣੀਆਂ ਰੂਪੀ ਕਵਿਤਾ ਘੜ ਘੜ ਕੇ ਤੇ ਪੜ੍ਹ ਪੜ੍ਹ ਕੇ ਮਰ ਗਏ (ਉਨ੍ਹਾਂ ਦੇ ਹੱਥ ਵਿਚ ਵੀ ਕੁਝ ਨਾ ਆਇਆ) ਅਤੇ ਕਾਪੜੀਏ ਭੇਖਧਾਰੀ ਸਾਧੂ ਕੇਦਾਰਨਾਥ ਤੀਰਥ ਤੇ ਜਾ ਜਾ ਕੇ ਗਲ ਸੜ ਗਏ। ਭੇਖ ਵਾਲੇ ਜੋਗੀ ਲੰਮੀਆਂ ਜਟਾਂ ਸਵਾਹ ਲਾ ਲਾ ਕੇ, ਵਧਾ ਵਧਾ ਕੇ ਹੀ ਮਰ ਗਏ ਅਤੇ ਏਸੇ ਹੀ ਦਿਖਾਵੇ ਦੇ ਭੇਖ ਨੂੰ ਕਲਿਆਣਕਾਰੀ ਸਮਝਣ ਲਗ ਪਏ। ਵਾਹਿਗੁਰੂ ਦੀ ਗਤੀ ਇਨ੍ਹਾਂ ਵਿਚੋਂ ਕਿਸੇ ਤੋਂ ਵੀ ਨਹੀਂ ਪਾਈ ਗਈ। ਧਨ ਇਕੱਠਾ ਕਰ ਕਰ ਕੇ ਰਾਜੇ ਮਰ ਗਏ, ਜਿਨ੍ਹਾਂ ਨੇ ਸੋਨੇ ਦੇ ਭਾਰ ਦੱਬੇ। ਵੇਦਾਂ ਨੂੰ ਪੜ੍ਹ ਪੜ੍ਹ ਕੇ ਵੇਦਾਚਾਰੀ ਪੰਡਿਤ ਮਰ ਮੁੱਕ ਗਏ, ਉਨ੍ਹਾਂ ਦੀ ਚਿਤ ਬਿਰਤੀ ਨਾਰੀਆਂ ਦੇ ਰੂਪ ਦੇਖਣ ਵਿਚ ਭੀ ਖਚਤ ਰਹੀ। ਪਰ ਆਪਣੇ ਆਪ ਵਿਚ ਅੰਦਰ ਝਾਤੀ ਮਾਰ ਕੇ ਗਹੁ ਕਰਕੇ ਦੇਖਣ ਨਾਲ ਓੜਕ ਇਹੋ ਨਿਰਣਾ ਨਿਕਲਿਆ ਕਿ ਇਹ ਭੇਖਧਾਰੀ ਲੋਕ ਸਰਬਤ੍ਰ ਰਮ ਰਹੇ ਗੁਰਮਤਿ ਨਾਮ ਵਾਹਿਗੁਰੂ ਬਿਨਾਂ ਸਾਰੇ ਖੁਆਰ ਹੁੰਦੇ ਰਹੇ। ਵਾਹਿਗੁਰੂ ਦੇ ਨਾਮ ਬਿਨਾਂ ਕਿਸੇ ਨੇ ਭੀ ਗਤਿ ਨਹੀਂ ਪਾਈ। ਗੁਰੂ ਵਾਹਿਗੁਰੂ ਦੇ ਵਰੋਸਾਏ ਹੋਏ ਕਬੀਰ ਭਗਤ ਇਹੀ ਸੱਚਾ ਗੁਰਮਤਿ ਉਪਦੇਸ਼ ਵਰਨਣ ਕਰਦੇ ਹਨ।

ਬੇਦ ਪੁਰਾਨ ਸਭੈ ਮਤ ਸੁਨਿ ਕੈ ਕਰੀ ਕਰਮ ਕੀ ਆਸਾ ॥
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੇ ਨਿਰਾਸਾ ॥੧॥
ਮਨ ਰੇ ਸਰਿਓ ਨ ਏਕੈ ਕਾਜਾ ॥
ਭਜਿਓ ਨ ਰਘੁਪਤਿ ਰਾਜਾ ॥੧॥ਰਹਾਉ॥
ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥੨॥
ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥੩॥
ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥

[ਸੋਰਠਿ ਕਬੀਰ ਜੀ, ਪੰਨਾ ੬੫੪

ਯਥਾ ਵਿਆਖਿਆ—ਆਨਮਤੀ ਪੁਸਤਕਾਂ ਵੇਦਾਂ ਪੁਰਾਨਾਂ ਸਾਰਿਆਂ ਦਾ ਸਿਧਾਂਤ ਪੰਡਿਤ ਲੋਕਾਂ ਪਾਸੋਂ ਸੁਣ ਕੇ ਸੁਣਨਹਾਰਿਆਂ ਨੇ ਕਰਮਾਂ ਦੇ ਕਰਨ ਦੀ ਨੀਅਤ ਕੀਤੀ ਅਤੇ ਕਰਮਾਂ ਕਰਕੇ ਸੰਸਾਰ ਸਾਗਰ ਤੋਂ ਪਾਰ ਉਤਰਨ ਦੀ ਠਾਨ ਲਈ, ਪਰ ਏਹ ਸਾਰੇ ਕਰਮ-ਕਾਂਡੀ ਸਿਆਣੇ ਲੋਕ ਕੁਮੌਤੇ ਮਰਨ ਦਾ ਸ਼ਿਕਾਰ ਹੁੰਦੇ ਦੇਖ ਕੇ ਬੇਦ-ਬੇਤਾ ਅਤੇ ਪੁਰਾਨ-ਪੜ੍ਹੇਤਾ ਪੰਡਤ ਹੋਰਾਂ ਪਾਸੋਂ ਨਿਰਾਸ ਹੋ ਕੇ ਹੀ ਚਲੇ ਗਏ। ਇਨ੍ਹਾਂ ਸਾਰਿਆਂ ਦਾ ਕੋਈ ਪ੍ਰਮਾਰਥੀ ਕਾਜ ਨ ਸਰਿਆ, ਨਾ ਹੀ ਸੁਆਰਥ ਸੌਰਿਆ। ਵਾਹਿਗੁਰੂ ਦੇ ਭਜਨ ਬਿਨਾਂ ਕੀ ਸਰਨਾ ਸੌਰਨਾ ਸੀ ? ('ਰਘੁਪਤਿ ਰਾਜਾ

ਵਾਹਿਗੁਰੂ ਦਾ ਸੰਕੇਤਕ ਪਦ ਹੈ, ਜੋ ਭਜਨਹਾਰਿਆਂ ਨੇ ਵਾਹਿਗੁਰੂ ਦਾ ਨਾਮ ਲੈ ਲੈ ਕੇ ਹੀ ਭਜਨਾ ਹੈ, ਨਾ ਕਿ ਰਘੁਪਤਿ ਰਾਜਾ ਰੂਪੀ ਪਦਾਂ ਦਾ ਅਧੀਨ ਕਰਨਾ ਹੈ)।

ਇਸੇ ਤਰ੍ਹਾਂ ਜੰਗਲਾਂ ਵਿਚ ਜਾ ਕੇ ਜੋਗੀ ਜਨਾਂ ਨੇ ਜੋਗ-ਸਾਧਨਾ ਦੇ ਭੇਖ ਬਥੇਰੇ ਸਾਧੇ ਅਤੇ ਭੇਖੀ ਤਪੀਆਂ ਨੇ ਬਥੇਰੇ ਤਪ ਕੀਤੇ, ਉਦਰ-ਅਹਾਰ ਲਈ ਕੰਦ ਮੂਲ ਖਾ ਖਾ ਕੇ ਨਿਰਬਾਹ ਕੀਤਾ, ਪਰ ਇਨ੍ਹਾਂ ਕੀਤੇ ਕਰਮਾਂ-ਕਾਂਡਾਂ ਤੋਂ ਭੀ ਕੁਝ ਨ ਸਰਿਆ। ਜੋਗੀ ਤੇ ਕਰਮ-ਕਾਂਡੀ ਉੱਚੀ ਉੱਚੀ ਨਾਦ ਦੀਆਂ ਧੁਨੀਆਂ ਉਠਾਵਣ ਵਾਲੇ ਅਤੇ ਬੇਦਾਂ ਦੀਆਂ ਰਿਚਾਂ ਪੜ੍ਹਨਹਾਰੇ ਬਿਬੇਕ ਬੇਦ ਪਾਠ ਕਰ ਹਟੇ ਅਤੇ ਮੁਨੀ ਜਨ ਬਥੇਰਾ ਮੋਨ ਧਾਰਿ ਹਟੇ, ਅਜਿਹੇ ਚੁਪ ਸਾਧਣ ਵਾਲੇ ਅਤੇ ਉੱਪਰ ਦੱਸੇ ਕਰਮ-ਕਾਂਡਾਂ ਦੇ ਕਰਨ ਵਾਲੇ ਸਭ ਜਮ ਦੇ ਪਟੇ ਵਿਚ ਹੀ ਲਿਖੇ ਗਏ, ਭਾਵ, ਜਮ ਦੇ ਹਵਾਲੇ ਹੋ ਗਏ। ਨਾਦੀ ਤੇ ਬੇਦੀ ਦੋ ਪ੍ਰਕਾਰ ਦੇ ਕਰਮ-ਕਾਂਡੀ ਭੇਖ ਹਨ, ਇਕ ਉਹ ਜੋ ਜੋਗੀਆਂ ਵਾਂਗੂ ਕਿਸੇ ਕੰਨ ਵਿਚ ਫੂਕੇ ਮੰਤਰਾਂ ਦਾ ਰਟਨ ਕਰਦੇ ਰਹਿੰਦੇ ਹਨ, ਦੂਜੇ ਭੇਖਧਾਰੀ 'ਅਹਿਲਿ ਕਿਤਾਬ' ਬੇਦੀ ਭੇਖ ਵਾਲੇ ਹਨ, ਜੋ ਕਿਸੇ ਆਨਮਤ ਧਰਮ ਪੁਸਤਕ ਵਿਚ ਦੱਸੇ ਕਰਮ-ਕਾਂਡ ਨੂੰ ਮੰਨਦੇ ਹਨ। ਸਬਦੀ ਉਹ ਭੇਖਧਾਰੀ ਲੋਕ ਹਨ ਜੋ 'ਅਲੱਖ' ਆਦਿਕ ਕਿਸੇ ਮਨ-ਘੜਤ ਸ਼ਬਦ ਲਫਜ਼ ਨੂੰ ਉੱਚੀ ਉੱਚੀ ਉਚਾਰਨ ਕਰਨ ਵਾਲੇ ਹੁੰਦੇ ਹਨ।

ਪ੍ਰੇਮਾ ਭਗਤੀ ਇਨ੍ਹਾਂ ਕਰਮ-ਕਾਂਡੀਆਂ ਵਿਚੋਂ ਕਿਸੇ ਦੇ ਹਿਰਦੇ ਵਿਚ ਵੀ ਨਾ ਵਸੀ, ਐਵੇਂ ਸਰੀਰ ਨੂੰ ਕਛ ਕੂਛ ਕੇ, ਅਰਥਾਤ ਸਾਧਨਾਂ ਕਰਕੇ ਜਮਾਂ ਦੇ ਹਵਾਲੇ ਕਰ ਦਿਤਾ, (ਪ੍ਰੇਮਾ ਭਗਤੀ ਨੂੰ ਭਗਤਿ ਨਾਰਦੀ ਇਸ ਕਰਕੇ ਕਿਹਾ ਹੈ ਕਿਉਂਕਿ ਵਾਹਿਗੁਰੂ ਦੀ ਪ੍ਰੇਰਨਾ ਨਾਲ ਸੁਤੇ-ਸਿਧ ਹੀ ਨਾਰਦ ਮੁਨਿ ਦੇ ਮੁਖਾਰਬਿੰਦ ਤੋਂ ਭਗਤ ਪ੍ਰਹਿਲਾਦ ਨੂੰ ਉਪਦੇਸ਼ ਗੁਰ-ਦੀਖਿਆ ਮਿਲੀ ਸੀ। ਚਾਹੇ ਗੁਰ-ਦੀਖਿਆ ਖ਼ੁਦ ਨਾਰਦ ਮੁਨੀ ਨੂੰ ਦ੍ਰਿੜ੍ਹ ਨਹੀਂ ਸੀ, ਐਵੇਂ ਉਹ ਬਹਾਨਾ ਹੀ ਬਣਿਆ ਸੀ, ਸਾਰੀ ਪ੍ਰੇਰਨਾ ਗੁਰੂ ਅਕਾਲ ਪੁਰਖ ਦੀ ਹੀ ਸੀ। ਗੁਰੂ ਅਕਾਲ ਪੁਰਖ ਦੇ ਪ੍ਰੇਮ-ਅਖਾੜਿਓਂ ਇਹ ਪ੍ਰੇਮਾ ਭਗਤੀ ਭਗਤਿ ਪ੍ਰਹਿਲਾਦ ਜੀ ਨੂੰ ਨਸੀਬ ਹੋਈ ਸੀ)। ਰਾਗ ਰਾਗਨੀ ਦਾ ਫੋਕਾ ਡਿੰਭ ਪਾਖੰਡ ਖਿਲਾਰ ਕੇ ਜੋ ਨਿਰੇ ਰਾਗਾਂ, ਨਾਦਾਂ ਉਪਰ ਹੀ ਘੁਮੰਡ ਕਰ ਬੈਠਦੇ ਹਨ, ਉਨ੍ਹਾਂ ਦਾ ਵਾਹਿਗੁਰੂ-ਭਗਤੀ ਨਾਲ ਕੋਈ ਵਾਸਤਾ ਨਹੀਂ।

ਇਨ੍ਹਾਂ ਸਾਰਿਆਂ ਜਗਤ ਪ੍ਰਸਿਧ ਸੰਸਾਰੀਆਂ, ਪਾਖੰਡੀਆਂ, ਡਿੰਭੀਆਂ ਦੇ ਸਿਰ ਉਪਰ ਜਨਮ ਮਰਨ ਮਈ ਕਾਲ ਖੜਾ ਹੈ, ਇਸੇ ਕਾਲ ਚੱਕ੍ਰ ਅੰਦਰ ਹੀ ਭਰਮ-ਜਾਲ ਦੇ ਗ੍ਰਸੇ ਹੋਏ ਡਿੰਭੀ ਗਿਆਨੀ ਭੀ ਲਿਖੇ ਗਏ ਹਨ। ਵਾਹਿਗੁਰੂ ਦੇ ਵਰੋਸਾਏ ਹੋਏ ਕਬੀਰ ਸਾਹਿਬ ਇਉਂ ਉਚਾਰਨ ਕਰਦੇ ਹਨ, ਜਿਨ੍ਹਾਂ ਨੇ ਗੁਰਮਤਿ ਦਵਾਰਾ ਪ੍ਰੇਮਾ ਭਗਤੀ ਕਰਨੀ ਜਾਣ ਲਈ ਹੈ, ਉਹ ਕਰਮ-ਕਾਂਡ ਦੇ ਬੰਧਨਾਂ ਤੋਂ ਆਜ਼ਾਦ ਹੋ ਗਏ ਹਨ, ਅਤੇ ਖਾਲਸ ਖਾਲਸੇ ਬਣ ਗਏ ਹਨ।

ਕਿਆ ਪੜੀਐ ਕਿਆ ਗੁਨੀਐ ॥ ਕਿਆ ਬੇਦ ਪੁਰਾਨਾਂ ਸੁਨੀਐ ॥
ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥੧॥
ਹਰਿ ਕਾ ਨਾਮੁ ਨ ਜਪਸਿ ਗਵਾਰਾ॥ ਕਿਆ ਸੋਚਹਿ ਬਾਰੰਬਾਰਾ॥੧॥ ਰਹਾਉ॥
ਅੰਧਿਆਰੇ ਦੀਪਕੁ ਚਹੀਐ ॥ ਇਕ ਬਸਤੁ ਅਗੋਚਰ ਲਹੀਐ ॥
ਬਸਤੁ ਅਗੋਚਰ ਪਾਈ ॥ ਘਟਿ ਦੀਪਕੁ ਰਹਿਆ ਸਮਾਈ ॥੨॥
ਕਹਿ ਕਬੀਰ ਅਬ ਜਾਨਿਆ ॥ ਜਬ ਜਾਨਿਆ ਤਉ ਮਨੁ ਮਾਨਿਆ ॥
ਮਨ ਮਾਨੇ ਲੋਗੁ ਨ ਪਤੀਜੈ ॥ ਨ ਪਤੀਜੈ ਤਉ ਕਿਆ ਕੀਜੈ ॥੩॥੭॥

[ਸੋਰਠਿ ਕਬੀਰ ਜੀ, ਪੰਨਾ ੬੫੫-੫੬

ਵਿਆਖਿਆ—ਬੇਦਾਂ ਪੁਰਾਨਾਂ ਮਈ ਆਨਮਤ ਪੁਸਤਕਾਂ ਦੀਆਂ ਕੱਚੀ ਬਾਣੀ ਰੂਪੀ ਪੜ੍ਹਾਈਆਂ ਪੜ੍ਹਨੀਆਂ ਸੁਣਨੀਆਂ ਸਭ ਫ਼ਜ਼ੂਲ ਹਨ। ਏਹ ਆਨਮਤ ਪੜ੍ਹਾਈਆਂ ਸਭ ਅਵਿੱਦਿਆ ਰੂਪ ਹਨ। ਏਨ੍ਹਾਂ ਵਿਦਿਆ ਮਈ ਪੜ੍ਹਾਈਆਂ ਪੜ੍ਹੇ ਤੇ ਅਵਿੱਦਿਆ ਹੀ ਪੱਲੇ ਪੈਂਦੀ ਹੈ, ਪ੍ਰਮਾਰਥ ਰਸਾਇਣੀ ਸਹਜ ਪਦ ਦੀ ਪ੍ਰਾਪਤੀ ਨਹੀਂ ਹੁੰਦੀ। ਤਾਂ ਤੇ ਜੋ ਕੇਵਲ ਵਾਹਿਗੁਰੂ ਨਾਮ ਰੂਪੀ ਪ੍ਰਚੰਡ ਗਿਆਨ-ਮਈ ਸੱਚੀ ਪੜ੍ਹਾਈ ਵਿਦਿਆ ਨਹੀਂ ਪੜ੍ਹਦੇ, ਉਹ ਸਭ ਗਵਾਰ ਤੇ ਮੂਰਖ ਲੋਕ ਹਨ, ਚਾਹੇ ਕਿਤਨੇ ਵੀ ਸਹਸ ਸਿਆਣਪਾਂ ਵਾਲੇ ਮਨ-ਉਕਤ ਫ਼ਿਲਾਸਫ਼ਰ ਬਣ ਕੇ ਸੋਚਦੇ ਚਿਤਵਦੇ ਰਹਿਣ। ਏਨ੍ਹਾਂ ਮੈਡੀਟੇਸ਼ਨ-ਮਈ ਕਚ-ਘੜਤ ਫ਼ਿਲਾਸਫ਼ੀਆਂ ਦਵਾਰਾ ਪ੍ਰਮਾਰਥੀ ਜਨ ਜਗਿਆਸੂ ਦਾ ਕੁਝ ਨਹੀਂ ਬਣਦਾ। ਬਾਰੰਬਾਰ ਕਿਸੇ ਭੀ ਕਚ-ਪਿਚੇ ਵਿਸ਼ੇ ਤੇ ਵੀਚਾਰ ਖੋਜ ਕੀਤੀ ਅਜਾਈਂ ਹੀ ਜਾਂਦੀ ਹੈ। ਇਹ ਵਿਦਿਆ ਰੂਪ ਪੜ੍ਹਾਈਆਂ ਪੜ੍ਹਨਹਾਰਿਆਂ ਨੂੰ ਸਭ ਅੰਨ੍ਹੇਰ-ਖਾਤੇ ਵਿਚ ਹੀ ਸੁਟਣਹਾਰੀਆਂ ਹਨ। ਇਸ ਅੰਧ-ਘੋਰ ਅੰਧੇਰੇ ਵਿਚ ਚਾਨਣਾ ਕਰਨ ਲਈ ਕਿਸੇ ਐਸੇ ਦੀਪਕ (ਦੀਵੇ) ਦੀ ਲੋੜ ਹੈ, ਜਿਸ ਦਵਾਰਾ ਕਿ ਅਗੋਚਰ ਵਸਤੂ ਲਭੀ ਜਾਵੇ। ਇਹ ਸੱਚਾ ਦੀਪਕ (ਦੀਵਾ) ਗੁਰਮਤਿ ਨਾਮ ਦਾ ਹੀ ਹੈ, ਜਿਸ ਦੀ ਅਤੁੱਟ ਅਭਿਆਸ ਕਮਾਈ ਕੀਤਿਆਂ, ਇਹ ਸੱਚਾ ਜੋਤਿ-ਰਸ ਪ੍ਰਕਾਸ਼ਣੀ ਦੀਵਾ ਗੁਰਮਤਿ ਮਾਰਗ ਤੇ ਚੱਲਣਹਾਰੇ ਗੁਰਮੁਖਿ ਜਨਾਂ ਨੂੰ ਘਟ ਅੰਦਰ ਹੀ ਸਮਾਇਆ ਹੋਇਆ ਲਭ ਪੈਂਦਾ ਹੈ। ਬਸ, ਕੇਵਲ ਇਸ ਬਿਧਿ ਹੀ ਵਸਤ ਅਗੋਚਰ ਦੀ ਪ੍ਰਾਪਤੀ ਹੁੰਦੀ ਹੈ। ਵਾਹਿਗੁਰੂ ਵਰੋਸਾਏ ਕਬੀਰ ਜੀ ਕਹਿੰਦੇ ਹਨ ਕਿ—ਗੁਰਮੁਖਿ ਭਗਤ ਜਨਾਂ ਨੂੰ ਹੀ ਇਸ ਘਟ ਅੰਤਰੀ ਜਗ-ਮਗ ਜੋਤਿ ਵਾਲੇ ਦੀਪਕ ਦਾ ਅਪ੍ਰੋਖਸ਼ ਗਿਆਨ ਹੁੰਦਾ ਹੈ। ਭਗਤ ਜਨਾਂ ਦੇ ਮਨ ਨੂੰ ਤਾਂ ਇਹ ਜੋਤਿ ਪ੍ਰਚੰਡੀ ਜਗਮਗਾਰ ਦੇਖ ਕੇ ਹੀ ਪਤੀਜ ਆ ਜਾਂਦੀ ਹੈ, ਪਰੰਤੂ ਇਸ ਗੁਰਮਤਿ ਗਿਆਨ ਤੋਂ ਘੁੱਥੇ ਹੋਏ ਸੰਸਾਰੀ ਲੋਕਾਂ ਦਾ ਫੇਰ ਵੀ ਮਨ ਨਹੀਂ ਮੰਨਦਾ। ਨਾ ਮੰਨੇ ਤੇ ਪਿਆ ਨ ਮੰਨੇ, ਇਸ ਦਾ ਇਲਾਜ ਹੀ ਕੁਛ ਨਹੀਂ ਹੋ ਸਕਦਾ। ਗੁਰਮਤਿ ਤੋਂ ਘੁੱਥੇ ਹੋਏ ਆਨਮਤੀ ਲੋਕ ਪਤੀਜਣ,

 www.sikhbookclub.com

ਭਾਵੇਂ ਨ ਪਤੀਜਣ, ਪਰ ਇਸ ਵਿਚ ਘਾਟਾ ਉਨ੍ਹਾਂ ਨੂੰ ਹੀ ਹੈ। ਭਗਤ ਜਨਾਂ ਨੂੰ ਕੋਈ ਘਾਟਾ ਨਹੀਂ ਹੈ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ ॥੨॥
ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥੩॥੪॥

[ਸੋਰਠਿ ਰਵਿਦਾਸ ਜੀ, ਪੰਨਾ ੩੫੮

ਵਿਆਖਿਆ–ਅਨੇਕ ਪ੍ਰਕਾਰ ਦੇ ਪ੍ਰਸੰਗ ਰੂਪ ਮਹਾਂ ਭਾਰਤ ਆਦਿਕ ਆਨਮਤ ਪੁਸਤਕਾਂ ਅਤੇ ਭਾਗਵਤ ਆਦਿਕ ਪੁਰਾਨਾਂ ਅਤੇ ਬੇਦਾਂ ਦੀ ਬਿਧੀ ਦੱਸਣ ਵਾਲੀਆਂ ਉਪਨਿਸ਼ਦਾਂ ਆਦਿਕ ਆਨਮਤ ਪੁਸਤਕਾਂ ਇਹ ਸਭ ਬਚਨ ਰਚਨਾ ਹੀ ਹਨ, ਅਰਥਾਤ, ਚੌਤੀ ਅਖਰਾਂ ਵਿਚ ਹੀ ਲਿਖੀਆਂ ਹੋਈਆਂ ਹਨ। ਗੁਰਮੁਖਿ ਬਿਆਸ ਬੀਚਾਰੀ ਸੱਚੇ ਭਗਤ ਜਨਾਂ ਨੇ ਸੱਚੇ ਪ੍ਰਮਾਰਥ ਦਾ ਤੱਤ ਨਿਚੋੜ ਕੇ ਇਹ ਦੱਸਿਆ ਹੈ ਕਿ ਸਾਰੇ ਸੰਸਾਰ ਵਿਚ ਰਮੇ ਹੋਏ ਅਤੇ ਪ੍ਰਕਾਸ਼ ਰੂਪ ਵਾਹਿਗੁਰੂ ਨੂੰ ਦਰਸਾਉਣਹਾਰੇ ਗੁਰਮਤਿ ਨਾਮ ਦੇ ਸਮਾਨ ਕੋਈ ਪਦਾਰਥ ਨਹੀਂ। ਜਿਨ੍ਹਾਂ ਗੁਰਮੁਖਿ ਜਨਾਂ ਦੀ ਬਡੇ ਭਾਗਾਂ ਕਰਕੇ ਵਾਹਿਗੁਰੂ ਦੇ ਸਹਜ ਪਦ ਵਿਖੇ ਸਹਜ ਸਮਾਧੀ ਵਾਲੀ ਲਿਵ ਲਗੀ ਹੈ, ਉਹ ਸਾਰੀਆਂ ਤ੍ਰੈਗੁਣੀ ਉਪਾਧੀਆਂ ਤੋਂ ਅਲੱਗ ਹੋ ਕੇ ਲਗੀ ਹੈ। ਵਾਹਿਗੁਰੂ ਵਰੋਸਾਏ ਰਵਿਦਾਸ ਭਗਤ ਵਖਾਣਦੇ ਹਨ ਕਿ ਵਾਹਿਗੁਰੂ ਦਾ ਪ੍ਰਕਾਸ਼ ਰੂਪੀ ਸਰੂਪ ਹਿਰਦੇ ਵਿਚ ਧਰ ਕੇ ਜਨਮ ਮਰਨ ਦਾ ਭੈ ਨਾਸ ਹੁੰਦਾ ਹੈ।

ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥੨॥
ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥
ਕਾਜੀ ਸੋ ਜੋ ਉਲਟੀ ਕਰੈ ॥ ਗੁਰ ਪਰਸਾਦੀ ਜੀਵਤੁ ਮਰੈ ॥
ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥ ਆਪਿ ਤਰੈ ਸਗਲੇ ਕੁਲ ਤਾਰੈ ॥੩॥
ਦਾਨਸਵੰਦੁ ਸੋਈ ਦਿਲਿ ਧੋਵੈ ॥ ਮੁਸਲਮਾਣੁ ਸੋਈ ਮਲੁ ਖੋਵੈ ॥
ਪੜਿਆ ਬੂਝੈ ਸੋ ਪਰਵਾਣੁ ॥ ਜਿਸੁ ਸਿਰਿ ਦਰਗਹ ਕਾ ਨੀਸਾਣੁ ॥੪॥੫॥੭॥

[ਧਨਾਸਰੀ ਮ: ੧, ਪੰਨਾ ੬੬੨

ਇਸ ਗੁਰਵਾਕ ਦਵਾਰਾ ਸੱਚੇ ਪਾਤਸ਼ਾਹ ਨੇ ਕੂੜ-ਪਾਖੰਡੀਆਂ ਆਨਮਤੀਆਂ ਕਰਮ-ਕਾਂਡੀਆਂ ਦਾ ਖੋਟ ਉਘਾੜ ਕੇ ਖ਼ੂਬ ਖੰਡਤ ਕੀਤਾ ਹੈ। ਮੁਸਲਮਾਨੀ ਫ਼ਿਰਕੇ ਦੇ ਜੋ ਕਾਜ਼ੀ ਲੋਕ ਬਣੇ ਫਿਰਦੇ ਹਨ, ਉਹ ਝੂਠ ਬੋਲ ਬੋਲ ਕੇ ਹਰਾਮ ਦੀ ਕਮਾਈ ਰੂਪੀ ਮੈਲ ਖਾਂਦੇ ਹਨ। ਆਨਮਤੀ ਹਿੰਦੂ ਬ੍ਰਾਹਮਣ ਜੋ ਕਹਾਉਂਦੇ ਹਨ, ਉਹ ਨਿਰੇ ਪਾਖੰਡੀ ਤੇ ਕਰਮ-ਕਾਂਡੀ ਹਨ, ਉਹ ਜੀਵਾਂ ਨੂੰ ਮਾਰ ਮਾਰ ਕੇ ਦੁਖ ਦੇ ਦੇ ਕੇ ਫੇਰ

ਦਿਖਾਵੇ ਲਈ ਤੀਰਥੀਂ ਨਹਾਉਂਦੇ ਫਿਰਦੇ ਹਨ। ਅਗਿਆਨੀ ਅੰਧੇ ਜੋਗੀਆਂ ਦਾ ਦਿਖਾਵੇ ਦਾ ਪਾਖੰਡ-ਕਰਮ-ਕਾਂਡ ਇਸੇ ਵਿਚ ਹੀ ਉਘੜ ਜਾਂਦਾ ਹੈ ਕਿ ਉਹ ਵਾਹਿਗੁਰੂ ਨਾਲ ਮਿਲਣ ਦੀ ਜੁਗਤੀ ਜਾਣਦੇ ਹੀ ਨਹੀਂ। ਇਹ ਤਿੰਨੇ ਪ੍ਰਕਾਰ ਦੇ ਕਰਮ-ਕਾਂਡੀ ਲੋਕ ਉਜਾੜੇ ਦਾ ਸਮਿਆਨ, ਉਜੜ ਜਾਣ ਦਾ ਬਾਨ੍ਹਣੂ ਬੰਨ੍ਹਦੇ ਹਨ।

ਗੁਰਮਤਿ ਅਨੁਸਾਰ ਅਸਲ ਜੋਗੀ ਉਹ ਹੈ ਜੋ ਵਾਹਿਗੁਰੂ ਨੂੰ ਮਿਲਣ ਨਾਲ ਸੱਚੀ ਜੁਗਤੀ ਪਛਾਣਦਾ ਹੈ, ਅਤੇ ਗੁਰੂ ਵਾਹਿਗੁਰੂ ਦੀ ਕਿਰਪਾ ਨਾਲ ਇਕ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਨੂੰ ਸਿਆਣਦਾ ਹੀ ਨਹੀਂ। ਸੱਚਾ ਕਾਜ਼ੀ ਹੀ ਗੁਰਮਤਿ ਅਨੁਸਾਰ ਉਹ ਹੈ ਜੋ ਮਾਇਆ ਵਲੋਂ ਚਿਤ ਨੂੰ ਫੇਰੇ ਅਤੇ ਗੁਰੂ ਵਾਹਿਗੁਰੂ ਦੇ ਪ੍ਰਸਾਦ ਨਾਲ ਜੀਉਂਦਾ ਹੀ ਮਰ ਰਵ੍ਹੇ। ਗੁਰਮਤਿ ਅਨੁਸਾਰ ਸੱਚਾ ਬ੍ਰਾਹਮਣ ਸੋ ਹੈ, ਜੋ ਵਾਹਿਗੁਰੂ ਪਾਰਬ੍ਰਹਮ ਦੇ ਸਰੂਪ ਨੂੰ ਗੁਰਮਤਿ ਨਾਮ ਅਭਿਆਸ ਕਮਾਈਆਂ ਦਵਾਰਾ ਪਛਾਣ ਕੇ ਉਹ ਉਸੇ ਵਿਚ ਹੀ ਸਮਾਇਆ ਰਹੇ। ਐਸਾ ਗੁਰਮੁਖਿ ਬ੍ਰਾਹਮਣ ਆਪ ਭੀ ਭਵ-ਸਾਗਰ ਤੋਂ ਤਰ ਜਾਂਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ, ਸਾਰਿਆਂ ਸਨਬੰਧੀਆਂ ਨੂੰ ਭੀ ਤਾਰ ਲੈਂਦਾ ਹੈ। ਗੁਰਮਤਿ ਅਨੁਸਾਰ ਸੱਚਾ ਸਿਆਣਾ ਪੁਰਸ਼ (ਦਾਨਸ਼ਮੰਦ) ਸੋਈ ਜਨ ਹੈ ਜੋ ਸਾਰੀਆਂ ਸੰਸਾਰੀ ਤ੍ਰਿਸ਼ਨਾਵਾਂ ਤੋਂ ਦਿਲ ਨੂੰ ਧੋ ਲੈਂਦਾ ਹੈ ਤੇ ਸੱਚਾ ਮੁਸਲਮਾਨ ਸੋਈ ਹੈ, ਜੋ ਸਗਲੇ ਪਾਪਾਂ ਦੀ ਮੈਲ ਖੋ ਲੈਂਦਾ ਹੈ। ਪੜ੍ਹਿਆ ਹੋਇਆ ਮਨੁਖ ਸੋਈ ਜਨ ਹੀ ਗੁਰਮਤਿ ਅੰਦਰ ਪਰਵਾਨ ਹੈ ਜਿਸ ਦੇ ਸੀਸ (ਮੱਥੇ) ਵਿਖੇ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਗੁਰਾਂ ਦਵਾਰਾ ਪ੍ਰਗਟ ਹੋਇਆ ਸੱਚੇ ਗੁਰਮਤਿ ਨਾਮ ਦਾ ਨੀਸਾਨ ਕਾਇਮ ਦਾਇਮ ਹੈ।

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ ॥
ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥੧॥
ਕਲ ਮਹਿ ਰਾਮ ਨਾਮੁ ਸਾਰੁ ॥
ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰੁ ॥੧॥ਰਹਾਉ॥
ਆਂਟ ਸੇਤੀ ਨਾਕੁ ਪਕੜਹਿ ਸੂਝਤੇ ਤਿਨਿ ਲੋਅ ॥
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ ਅਲੋਅ ॥੨॥
ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥
ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥੩॥
ਅਸਟ ਸਾਜ ਸਾਜਿ ਪੁਰਾਣ ਸੋਧਹਿ ਕਰਹਿ ਬੇਦ ਅਭਿਆਸੁ ॥
ਬਿਨੁ ਨਾਮ ਹਰਿ ਕੇ ਮੁਕਤਿ ਨਾਹੀ ਕਹੈ ਨਾਨਕੁ ਦਾਸੁ ॥੪॥੧॥੬॥੮॥

[ਧਨਾਸਰੀ ਮ: ੧ ਘਰੁ ੩, ਪੰਨਾ ੬੬੨-੬੩

ਇਸ ਗੁਰ-ਸ਼ਬਦ ਦਵਾਰਾ ਪਾਖੰਡੀਆਂ, ਕਰਮ-ਕਾਂਡੀਆਂ, ਆਨਮਤ ਧਰਮੀਆਂ ਦਾ ਪਾਖੰਡ-ਭੇਖ ਖੰਡਨ ਖ਼ੂਬ ਬਣਾ ਕੇ ਕੀਤਾ ਗਿਆ ਹੈ, ਵਿਆਖਿਆ—


www.sikhbookclub.com

ਸਮਾਜਵਾਦੀਆਂ, ਕਾਲ ਕਲਵਾਲੀਆਂ ਨੂੰ ਸੱਚੜੇ ਕਾਲ ਦੀ ਹੀ ਪਰਖ ਨਹੀਂ, ਜੋਗੀਆਂ ਨੂੰ ਸੱਚੜੇ ਜੋਗ ਦੀ ਹੀ ਜੁਗਤੀ ਨਹੀਂ ਆਉਂਦੀ, ਸਤੀਆਂ ਨੂੰ ਸੱਚੇ ਸਤ ਦਾ ਢਬ ਮਾਲੂਮ ਨਹੀਂ। ਇਸ ਕਰਕੇ ਹੀ ਤਿਨ੍ਹਾਂ ਦੀ ਇਸ਼ਟ-ਪੂਜਾ ਦੇ ਥਾਨ, ਸੰਸਾਰੀਆਂ ਦੇ ਮੰਨੇ ਪ੍ਰਮੰਨੇ ਹੋਏ ਸਾਰੇ ਭਰਿਸ਼ਟ ਹੋ ਗਏ ਹਨ। ਇਸੇ ਕਾਲੀ ਧਾਰ ਅੰਦਰ ਸਾਰਾ ਜਗ ਡੁਬ ਰਿਹਾ ਹੈ। ਸਾਰਿਆਂ ਜ਼ਮਾਨਿਆਂ ਅੰਦਰ, ਖ਼ਾਸ ਕਰ ਕਲਜੁਗ ਵਿਖੇ ਜੋਤਿ ਪ੍ਰਕਾਸ਼ੀ ਰਮਤ-ਰਾਮ ਗੁਰਮਤਿ ਨਾਮ ਹੀ ਸਭ ਤੋਂ ਸਰੇਸ਼ਟ ਵਸਤੂ ਹੈ। ਪਾਖੰਡੀ ਲੋਕ ਅੱਖਾਂ ਮੀਚ ਕੇ, ਨੱਕ ਫੜ ਕੇ ਲੋਗਾਂ ਨੂੰ ਠੱਗਣ ਲਈ ਸਮਾਧੀ ਦਾ ਬਹਾਨਾ ਬਣਾਉਂਦੇ ਹਨ। ਅੰਗੂਠੇ ਦੇ ਨਾਲ ਦੀਆਂ ਦੋ ਉਂਗਲਾਂ ਨਾਲ (ਤਿਹਾਂ ਆਂਟਾਂ ਨਾਲ) ਆਪਣਾ ਨੱਕ ਫੜ ਲੈਂਦੇ ਹਨ ਅਤੇ ਲੋਕਾਂ ਤਾਈਂ ਇਹ ਜਤਾਉਂਦੇ ਹਨ ਕਿ ਅਸੀਂ ਪ੍ਰਾਣਾਯਾਮ ਕਰ ਰਹੇ ਹਾਂ ਅਤੇ ਸਾਨੂੰ ਤਿਹਾਂ ਲੋਕਾਂ ਦੀ ਸੋਝੀ ਹੋ ਰਹੀ ਹੈ, ਪਰੰਤੂ ਉਨ੍ਹਾਂ ਨੂੰ ਆਪਣਾ ਅੱਗਾ ਪਿੱਛਾ ਕੁਝ ਸੁਝਦਾ ਹੀ ਨਹੀਂ। ਇਹ ਅਜਬ ਅਨੋਖਾ ਅਲੌਕਿਕ ਪਦਮ ਆਸਨ ਹੈ, ਅਰਥਾਤ ਕੁਛ ਭੀ ਨਹੀਂ, ਨਿਰਾ ਪਾਖੰਡ-ਆਸਨ ਹੀ ਹੈ। ਉਨ੍ਹਾਂ ਦੀ ਪਿੱਠ ਪਿਛੇ ਚਾਹੇ ਸੰਸਾਰਕ ਵਸਤੂਆਂ ਵਾਲੀ ਸਮਿਗ੍ਰੀ ਕੁਝ ਹੀ ਪਈ ਰਹੇ, ਉਸ ਦਾ ਤਾਂ ਇਨ੍ਹਾਂ ਪਾਖੰਡੀਆਂ ਨੂੰ ਕੁਛ ਭੀ ਪਤਾ ਨਹੀਂ ਲਗਦਾ। ਜਿਨ੍ਹਾਂ ਪਾਖੰਡੀਆਂ ਕਰਮ-ਕਾਂਡੀਆਂ ਨੂੰ ਆਪਣੀ ਹੀ ਪਿੱਠ ਪਿਛੇ ਪਈਆਂ ਚੀਜ਼ਾਂ ਦਾ ਕੁਛ ਪਤਾ ਨ ਲੱਗੇ, ਉਹ ਲੋਕ ਪ੍ਰਲੋਕ ਦੀ ਅੰਤਰਯਾਮਤਾ ਕੀ ਲਾਉਣਗੇ? ਨਿਰਾ ਪਾਖੰਡ ਹੀ ਹੈ। ਐਸਾ ਪਦਮ-ਆਸਨ ਕਮਾਣਾ ਹੀ ਫੋਕਾ ਕਰਮ ਕਾਂਡ ਹੈ।

ਬੇਦ-ਬੀਚਾਰੀ ਹਿੰਦੂ ਲੋਕਾਂ, ਖ਼ਾਸ ਕਰ ਖਤਰੀ ਕਹਾਉਣ ਵਾਲੇ ਕਰਮ-ਕਾਂਡੀਆਂ ਨੇ ਸੰਸਾਰੀ ਕਨੌੜ ਦੀ ਖ਼ਾਤਰ ਮੁਸਲਮਾਨਾਂ ਦੀ ਬੋਲੀ (ਮਲੇਛ ਭਾਖਿਆ) ਫ਼ਾਰਸੀ ਗ੍ਰਹਿਣ ਕਰ ਲਈ ਹੈ। ਜਿਨ੍ਹਾਂ ਖਤਰੀ ਲੋਕਾਂ ਨੂੰ ਸਾਰੇ ਦੇਸਾਂ ਦੀ ਰੱਖਿਆ ਕਰਨ ਦਾ ਅਭਿਮਾਨ ਹੈ, ਉਹ ਗ਼ੁਲਾਮੀ ਵਿਚ ਆ ਕੇ ਸਗੋਂ ਉਨ੍ਹਾਂ ਮੁਸਲਮਾਨਾਂ ਦੀ ਕਲਾਮ ਲੈ ਲੈਂਦੇ ਹਨ ਜਿਨ੍ਹਾਂ ਨੂੰ ਕਿ ਹਿੰਦੂ ਲੋਕ ਮਲੇਛ ਕਹਿ ਕਹਿ ਕੇ ਨਿੰਦਦੇ ਸਨ। ਸਾਰੀ ਖ਼ਲਕਤ ਇਕੋ ਮਿਲਗੋਭਾ ਮਲੇਛ-ਲਛਣੀ ਜਾਤ ਪਾਤ ਦੀ ਹੋ ਗਈ ਹੈ, ਆਪੋ ਆਪਣੇ ਧਰਮ ਕਰਮ ਦੀ ਕਿਸੇ ਨੂੰ ਸਾਰ ਹੀ ਨਹੀਂ ਰਹੀ। ਬਸ, "ਫਕੜ ਜਾਤੀ ਫਕੜੁ ਨਾਉ"* ਵਾਲੀ ਹੀ ਗੱਲ ਰਹਿ ਗਈ ਹੈ। ਆਪਣੇ ਇਸ਼ਟ-ਅਸਥਾਨਾਂ ਨੂੰ ਭ੍ਰਿਸ਼ਟ ਕਰ ਕੇ ਅਖੌਤੀ ਧਾਰਮਕ ਆਗੂ ਸੱਚੇ ਧਰਮ ਦੀ ਖ਼ਰਾਬੀ ਤੇ ਗਿਲਾਨੀ ਕਰਨ ਤੇ ਹੀ ਆ ਉਤਰੇ ਹਨ ਅਤੇ ਆਮ ਲੋਕਾਂ ਵਾਲੀ ਮਲੇਛ-ਗਰਦੀ ਵਿਚ ਹੀ ਪ੍ਰਵਿਰਤ ਹੋ ਗਏ ਹਨ। ਸੱਚੇ ਛੱਤਰੀ ਲੋਕਾਂ ਦਾ ਫ਼ਰਜ਼ ਸੀ ਕਿ ਆਪਣੇਂ ਦੇਸ਼, ਧਰਮ ਕਰਮ ਤੇ ਬੋਲੀ ਨੂੰ ਬਚਾਅ ਕੇ ਰਖਦੇ, ਪਰ ਉਨ੍ਹਾਂ ਦੀ ਅਨਗਹਿਲੀ ਕਰਕੇ ਆਮ ਜਨਤਾ ਮਲੇਛਤਾਈ ਅਤੇ ਮੁਸਲਮਾਨੀ ਦੁਬੇਲਤਾ ਵਿਚ ਗ਼ਰਕ ਹੋ ਰਹੀ ਹੈ, ਇਸੇ

* ਸਿਰੀਰਾਗ ਕੀ ਵਾਰ, ਸਲੋਕ ਮ: ੧, ੧॥੩॥ ਪੰਨਾ ੮੩

ਕਰਕੇ ਸੱਚੇ ਸੁੱਚੇ ਧਰਮ ਦੀ ਗਤੀ ਰਹਿ ਖਲੋਤੀ ਹੈ । ਪਾਠ ਅਤੇ ਅਰਥ-ਬੋਧ ਦੇ ਅੱਠੇ ਅੰਗ ਵਿਆਕਰਣ ਸੋਧ ਸੋਧ ਕੇ ਪੁਰਾਣਾਂ ਦਾ ਵੀਚਾਰ ਕੀਤਾ ਜਾਂਦਾ ਹੈ, ਪਰ ਇਹ ਪੁਰਾਣਾਂ ਦੀ ਸੋਧਨੀ ਕੁਛ ਨਹੀਂ ਸੁਆਰਦੀ, ਨਾ ਹੀ ਬੇਦ-ਅਭਿਆਸ ਦੀ ਸੋਧਨਾ ਕੁਛ ਸਾਰਦੀ ਹੈ । ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਦੇ ਨਾਮ ਬਿਨਾਂ ਮੁਕਤੀ ਹਰਗਿਜ਼ ਹਰਗਿਜ਼ ਨਹੀਂ ਹੋ ਸਕਦੀ ।

ਚਉਰਾਸੀਹ ਸਿਧ ਬੁਧ ਤੇਤੀਸ ਕੋਟਿ ਮੁਨਿ ਜਨ
ਸਭਿ ਚਾਹਹਿ ਹਰਿ ਜੀਉ ਤੇਰੋ ਨਾਉ ॥
ਗੁਰ ਪ੍ਰਸਾਦਿ ਕੋ ਵਿਰਲਾ ਪਾਵੈ
ਜਿਨ ਕਉ ਲਿਲਾਟਿ ਲਿਖਿਆ ਧੁਰਿ ਭਾਉ ॥...੧॥੧੦॥

[ਧਨਾਸਰੀ ਮ: ੪, ਪੰਨਾ ੬੬੯

ਵਾਹਿਗੁਰੂ ਨਾਮ ਮਿਲਣ ਦੀ ਲੋਚਾ ਵਾਲੇ ਬਥੇਰੇ ਆਨਮਤੀ ਭਟਕਦੇ ਫਿਰਦੇ ਹਨ । ਇਥੋਂ ਤਾਈਂ ਕਿ ਯੋਗ ਮਾਰਗ ਦੇ ਆਗੂ ਸਿਧ, ਜੋ ੮੪ ਗਿਣਤੀ ਵਿਚ ਮੰਨੇ ਗਏ ਹਨ ਅਤੇ ਬੁਧ ਗੌਤਮ ਰਿਖੀ ਵਰਗੇ ਅਨੇਕਾਂ ਹੀ ਖਰੜ ਗਿਆਨੀ ਆਪਣੀ ਅਗਿਆਨ-ਮਤੀ ਵਿਚ ਹੀ ਭਟਕਦੇ ਫਿਰਦੇ ਹਨ । ਤੇਤੀਸ ਕਰੋੜ ਰਿਖੀ ਮੁਨੀ ਇਹ ਸਭੇ ਆਪ-ਹੁਦਰੀਆਂ, ਆਪਣੇ ਮਨ ਦੇ ਮਨ-ਮੰਨੇ ਅਲਪੱਗ ਬੁਧੀ ਦੇ ਗਿਆਨ-ਮਤੇ ਅਨੁਸਾਰ ਅਗਮ ਅਗੋਚਰ ਵਾਹਿਗੁਰੂ ਦੇ ਮਿਲਣ ਦੀਆਂ ਲੋਚਾਵਾਂ ਲਈ ਫਿਰਦੇ ਹਨ, ਪਰੰਤੂ ਗੁਰੂ ਦੀ ਕਿਰਪਾ ਨਾਲ ਹੀ ਕਿਸੇ ਵੇਲੇ ਕਿਸੇ ਵਿਰਲੇ ਵਡਭਾਗੇ ਗੁਰਮੁਖਿ ਜਨ ਨੂੰ ਹੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ, ਜਿਨ੍ਹਾਂ ਦੇ ਮੱਥੇ ਉਤੇ ਕਰਮ-ਗਤੀ ਅਨੁਸਾਰ ਵਾਹਿਗੁਰੂ ਦੇ ਦਰਗਾਹੋਂ ਪ੍ਰੇਮਾ ਭਗਤੀ ਲਿਖੀ ਹੋਈ ਹੁੰਦੀ ਹੈ ।

ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ ॥
ਮੁਕਤਿ ਪਾਈਐ ਸਾਧ ਸੰਗਤਿ ਬਿਨਸਿ ਜਾਇ ਅੰਧਾਰੁ ॥੩॥੨੦॥

[ਧਨਾਸਰੀ ਮ: ੫, ਪੰਨਾ ੬੭੫

ਬੇਦ-ਭਗਤ ਅਤੇ ਸਿਮ੍ਰਤੀਆਂ ਦੇ ਕਥਨਹਾਰੇ ਬਥੇਰਾ ਮਨ-ਉਕਤ ਬੀਚਾਰ ਕਰਦੇ ਹਨ (ਪਰ ਕੁਛ ਨਹੀਂ ਬਣਦਾ) । ਮੁਕਤੀ ਰੂਪੀ ਕਲਿਆਨ-ਗਤੀ ਕੇਵਲ ਗੁਰੂ ਘਰ ਦੀ ਸਾਧ-ਸੰਗਤ ਕੀਤਿਆਂ ਹੀ ਮਿਲਦੀ ਹੈ । ਗੁਰੂ ਘਰ ਦੀ ਸੰਗਤ ਕਰਨ ਕਰਕੇ ਹੀ ਅਗਿਆਨ-ਅੰਧੇਰਾ ਬਿਨਸਦਾ ਹੈ, ਨਹੀਂ ਤਾਂ ਹੋਰ ਸਾਰੇ ਗੁਰਮਤਿ ਤੋਂ ਘੁੱਥੇ ਹੋਏ ਮਨਮਤੀ ਆਨਮਤੀ ਜਨ ਬੇਦਾਂ ਸਿਮ੍ਰਤੀਆਂ ਨੂੰ ਘੋਖਣਹਾਰੇ ਅਤੇ ਏਸੇ ਫੋਕੀ ਘੋਖ-ਘੁਖਾਈ ਕਰਕੇ ਆਪਣੇ ਆਪ ਵਿਚ ਭਗਤ ਬਣੇ ਫਿਰਨ ਵਾਲੇ, ਫੋਕਟ ਸ਼ੁਸ਼ਕ ਵੀਚਾਰ ਕਰਿ ਕਰਿ ਹੀ ਬਿਰਥਾ ਜਨਮ ਗਵਾ ਲੈਂਦੇ ਹਨ ।

ਪਤਿਤ ਉਧਾਰਣਾ ਜੀਅ ਜੰਤ ਤਾਰਣਾ
ਬੇਦ ਉਚਾਰ ਨਹੀ ਅੰਤੁ ਪਾਇਓ ॥

 www.sikhbookclub.com

ਗੁਣਹ ਸੁਖ ਸਾਗਰਾ ਬ੍ਰਹਮ ਰਤਨਾਗਰਾ
ਭਗਤਿ ਵਛਲੁ ਨਾਨਕ ਗਾਇਓ ॥੨॥੧॥੫੩॥
[ਧਨਾਸਰੀ ਮ: ੫, ਪੰਨਾ ੬੮੩

ਇਸ ਦੋਤੁਕੀ ਵਾਲੇ ਗੁਰਵਾਕ ਅੰਦਰ ਨਾਮ-ਸਿਮਰਨ ਦੀ ਜਾਚਨਾ ਅਤੇ ਮਹਿਮਾ ਕੇਵਲ ਗੁਰਮਤਿ ਅਨੁਸਾਰ ਹੀ ਅਨੂਪਮ ਮੰਡਲ ਵਿਚ ਲੈ ਗਈ ਹੈ। ਪਰੰਤੂ ਇਸ ਦੋ-ਤੁਕੀ ਅੰਦਰ ਇਹ ਦ੍ਰਿੜ੍ਹਾਇਆ ਗਿਆ ਹੈ ਕਿ ਪਤਿਤਾਂ ਨੂੰ ਉਧਾਰਨਹਾਰੇ, ਸਾਰੇ ਜੀਅ ਜੰਤਾ ਨੂੰ ਤਾਰਨ ਵਾਲੇ ਵਾਹਿਗੁਰੂ ਦਾ ਬੇਦ ਉਚਾਰਨਹਾਰਿਆਂ ਨੇ ਰੰਚਕ ਮਾਤਰ ਵੀ ਖੋਜ ਨਹੀਂ ਪਾਇਆ। ਤਾਂ ਤੇ ਗੁਰਮਤਿ ਤੋਂ ਛੁਟ ਆਨਮਤਾਂ ਦੀ ਉਪਾਸ਼ਨਾ ਦਾ ਖੰਡਨ ਹੋ ਗਿਆ, ਬੇਦਾਂ ਦੇ ਉਚਾਰਨਹਾਰਿਆਂ ਨੂੰ ਕੋਈ ਖ਼ਾਸ ਕਲਿਆਨ-ਕਾਰੀ ਸੁਬੇਹਤਾ ਨਹੀਂ ਹੁੰਦਾ। ਇਹ ਕੇਵਲ ਗੁਰਮਤਿ ਤੋਂ ਹੀ ਵਿਸ਼ੇਸ਼ਤਾ ਹੈ ਕਿ ਗੁਣਾਂ ਤੇ ਸੁਖਾਂ ਦੇ ਸਮੁੰਦਰ ਰਤਨਾਂ ਦੀ ਖਾਣ ਪਾਰਬ੍ਰਹਮ ਵਾਹਿਗੁਰੂ ਦਾ ਗਾਉਣਾ, ਸਿਫਤ ਸਿਲਾਹੁਣ-ਹਾਰੇ ਲਈ ਹੀ ਫਲਦਾਇਕ ਹੁੰਦਾ ਹੈ। ਗੁਰਮਤਿ ਦੁਆਰਾ ਭਗਤਾਂ ਦੀ ਭਗਤੀ ਕੀਤੀ ਕਦੇ ਬਿਰਥੀ ਨਹੀਂ ਜਾਂਦੀ। ਆਨਮਤਾਂ ਅੰਦਰ ਇਹ ਕਲਿਆਨਕਾਰੀ ਭਗਤੀ ਮਾਰਗ ਹੈ ਹੀ ਨਹੀਂ।

ਤਿਹ ਜੋਗੀ ਕਉ ਜੁਗਤਿ ਨ ਜਾਨਉ ॥
ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟ ਮਾਹਿ ਪਛਾਨਉ ॥੧॥ਰਹਾਉ॥
ਪਰਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ ॥੧॥
ਚੰਚਲ ਮਨੁ ਦਹਦਿਸਿ ਕਉ ਧਾਵਤ ਅਚਲ ਜਾਹਿ ਠਹਰਾਨੋ ॥
ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨੋ ॥੨॥੩॥
[ਧਨਾਸਰੀ ਮ: ੯, ਪੰਨਾ ੬੮੫

ਇਸ ਗੁਰਵਾਕ ਦਵਾਰਾ ਪਾਖੰਡ-ਜੋਗ ਦੇ ਆਸ਼ੇ ਨੂੰ ਤੇ ਆਨਮਤ ਆਸ਼ੇ ਨੂੰ ਖ਼ੂਬ ਸੋਧਿਆ ਨਿਖੇਧਿਆ ਗਿਆ ਹੈ ਅਤੇ ਇਸੇ ਦੇ ਮੁਕਾਬਲੇ ਵਿਚ ਸੱਚੇ ਗੁਰਮਤਿ ਜੋਗ ਦੀ ਭਲੀ ਪ੍ਰਕਾਰ ਪ੍ਰਸੰਸਾ ਕੀਤੀ ਗਈ ਹੈ–ਜਿਸ ਜੋਗੀ ਦੇ ਦਿਲ ਵਿਚ ਲੋਭ, ਮੋਹ ਅਤੇ ਮਾਇਆ ਦਾ ਹੰਕਾਰ ਹੈ, ਉਸ ਆਨਮਤੀ ਜੋਗੀ ਨੂੰ ਸਮਝੋ ਕਿ ਜੀਵਨ ਦੀ ਤੱਤ-ਜੁਗਤੀ-ਵਿਉਂਤ ਹੀ ਨਹੀਂ ਆਉਂਦੀ। ਸੱਚਾ ਗੁਰਮਤਿ ਜੋਗੀ ਉਹੀ ਗੁਰਮੁਖਿ ਜਨ ਵਖਾਣਿਆ ਜਾਂਦਾ ਹੈ ਜੋ ਹਰਖ ਸੋਗ ਤੋਂ ਸਦਾ ਅਤੀਤ ਰਹਿੰਦਾ ਹੈ ਅਤੇ ਜਿਸ ਦੇ ਹਿਰਦੇ ਅੰਦਰ ਪਰਾਈ ਨਿੰਦਾ ਅਤੇ ਖ਼ੁਸ਼ਾਮਦੀ ਸ਼ਲਾਘਾ ਕਰਨ ਦਾ ਸੁਭਾਵ ਹੀ ਨਹੀਂ ਅਤੇ ਜਿਸ ਦੇ ਮਨ ਅੰਦਰ ਮਾਇਕ ਲਾਲਸਾ ਰੰਚਕ ਮਾਤਰ ਵੀ ਨਹੀਂ। ਉਸ ਦੇ ਨਜ਼ਦੀਕ ਲੋਹੇ ਅਤੇ ਸ੍ਵਰਨ (ਸੋਨੇ) ਦੀ ਇਕ ਸਾਰ ਹੀ ਕਦਰ ਹੈ। ਗੁਰਮਤਿ ਅਨੁਸਾਰ ਸੱਚੇ ਜੋਗੀ ਨੇ ਆਪਣੀ ਬ੍ਰਿਤੀ ਨੂੰ ਏਥੋਂ ਤਾਈਂ ਇਕਾਗਰ

ਕਰ ਲਿਆ ਹੁੰਦਾ ਹੈ ਕਿ ਦਸਾਂ ਦਿਸ਼ਾਂ ਵਿਖੇ ਧਾਵਦਾ ਉਸ ਦਾ ਮਨ ਅਚੱਲਾ ਹੋ ਜਾਂਦਾ ਹੈ, ਚੰਚਲਤਾਈ ਵਿਚ ਨਹੀਂ ਪੈਂਦਾ ਅਤੇ ਖ਼ਾਸ ਟਿਕਾਣੇ 'ਤੇ ਜਾ ਕੇ ਠਹਿਰ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਪ੍ਰਕਾਰ ਦੀ ਸੱਚੀ ਜੋਗ-ਜੁਗਤ ਵਾਲਾ ਜੋ ਗੁਰਮੁਖਿ ਜਗਿਆਸੂ ਹੈ, ਉਹ ਐਨ ਮੁਕਤ ਰੂਪ ਹੈ।

ਰਖਿ ਰਖਿ ਚਰਨ ਧਰੇ ਵੀਚਾਰੀ ॥ ਦੁਬਿਧਾ ਛੋਡਿ ਭਏ ਨਿਰੰਕਾਰੀ ॥
ਮੁਕਤਿ ਪਦਾਰਥੁ ਹਰਿ ਰਸੁ ਚਾਖੇ ॥ ਆਵਣ ਜਾਣ ਰਹੇ ਗੁਰਿ ਰਾਖੇ ॥੨॥
ਸਰਵਰ ਹੰਸਾ ਛੋਡਿ ਨ ਜਾਇ ॥ ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥
ਸਰਵਰ ਮਹਿ ਹੰਸੁ ਹੰਸ ਮਹਿ ਸਾਗਰੁ ॥
ਅਕਥ ਕਥਾ ਗੁਰ ਬਚਨੀ ਆਦਰੁ ॥੩॥
ਸੁੰਨ ਮੰਡਲ ਇਕੁ ਜੋਗੀ ਬੈਸੇ ॥ ਨਾਰਿ ਨ ਪੁਰਖੁ ਕਹਹੁ ਕੋਊ ਕੈਸੇ ॥
ਤ੍ਰਿਭਵਣ ਜੋਤਿ ਰਹੇ ਲਿਵ ਲਾਈ ॥ ਸੁਰਿ ਨਰ ਨਾਥ ਸਚੇ ਸਰਣਾਈ ॥੪॥
ਆਨੰਦ ਮੂਲੁ ਅਨਾਥ ਅਧਾਰੀ ॥ ਗੁਰਮੁਖਿ ਭਗਤਿ ਸਹਜਿ ਬੀਚਾਰੀ ॥
ਭਗਤਿ ਵਛਲ ਭੈ ਕਾਟਣਹਾਰੇ ॥ ਹਉਮੈ ਮਾਰਿ ਮਿਲੇ ਪਗੁ ਧਾਰੇ ॥੫॥
ਅਨਿਕ ਜਤਨ ਕਰਿ ਕਾਲੁ ਸੰਤਾਏ ॥ ਮਰਣੁ ਲਿਖਾਇ ਮੰਡਲ ਮਹਿ ਆਏ ॥
ਜਨਮੁ ਪਦਾਰਥੁ ਦੁਬਿਧਾ ਖੋਵੈ ॥ ਆਪੁ ਨ ਚੀਨਸਿ ਭ੍ਰਮਿ ਭ੍ਰਮਿ ਰੋਵੈ ॥੬॥
ਕਹਤਉ ਪੜਤਉ ਸੁਣਤਉ ਏਕ ॥ ਧੀਰਜ ਧਰਮੁ ਧਰਣੀਧਰ ਟੇਕ ॥
ਜਤੁ ਸਤੁ ਸੰਜਮੁ ਰਿਦੈ ਸਮਾਏ ॥ ਚਉਥੇ ਪਦ ਕਉ ਜੇ ਮਨੁ ਪਤੀਆਏ ॥੭॥
ਸਾਚੇ ਨਿਰਮਲ ਮੈਲੁ ਨ ਲਾਗੈ ॥ ਗੁਰ ਕੈ ਸਬਦਿ ਭਰਮ ਭਉ ਭਾਗੈ ॥
ਸੂਰਤਿ ਮੂਰਤਿ ਆਦਿ ਅਨੂਪੁ ॥ ਨਾਨਕੁ ਜਾਚੈ ਸਾਚੁ ਸਰੂਪੁ ॥੮॥੧॥

[ਧਨਾਸਰੀ ਮ: ੧ ਘਰੁ ੨ ਅਸਟ:, ਪੰਨਾ ੬੮੫-੮੬

ਗੁਰਮਤਿ-ਹੀਣੇ, ਮਨਮਤਿ ਜੋਗ ਜੁਗਤੀਣੇ ਜਿਤਨੇ ਵੀ ਆਨਮਤੀ ਜੋਗੀ ਜਨ ਹਨ, ਸੋ ਦੁਬਿਧਾ ਰੋਗ ਦੇ ਹੀ ਗ੍ਰਸੇ ਹੋਏ ਹਨ, ਚਾਹੇ ਉਹ ਆਪਣੇ ਮਨ-ਮੰਨੇ ਜੋਗ ਮਾਰਗ ਵਿਚ ਕਿਤਨੇ ਹੀ ਫੂਕ ਫੂਕ ਕੇ ਨਿਜ ਮਨਿ ਮਤਿ ਵੀਚਾਰੀ ਪੈਰ ਧਰਨ। ਜੋ ਨਿਰੰਕਾਰੀ ਨਾਮ ਵਾਹਿਗੁਰੂ ਦੇ ਅਭਿਆਸਾਚਾਰੀ ਸਚੜੇ ਗੁਰਮੁਖਿ ਜੋਗੀ ਹਨ, ਉਹ ਕਿਸੇ ਪ੍ਰਕਾਰ ਦੀ ਮਾਇਕ ਦੁਬਿਧਾ ਵਿਚ ਪੈਂਦੇ ਹੀ ਨਹੀਂ, ਵਾਹਿਗੁਰੂ ਨਾਮ ਦਾ ਰਸ ਪ੍ਰਾਪਤ ਹੋਣ ਕਰਕੇ ਉਹ ਸੱਚੀ ਮੁਕਤੀ ਰੂਪੀ ਪਦਾਰਥ ਚਖਦੇ ਰਹਿੰਦੇ ਹਨ, ਉਨ੍ਹਾਂ ਦਾ ਹਰ ਬਾਬ ਗੁਰੂ ਰਖਵਾਲਾ ਹੁੰਦਾ ਹੈ। ਰਖਵਾਲੇ ਸਤਿਗੁਰ ਦੇ ਰੱਖੇ ਹੋਏ ਉਨ੍ਹਾਂ ਦਾ ਆਵਣ ਜਾਵਣ ਦਾ ਸਿਲਸਿਲਾ ਵੀ ਰਹਿ ਖਲੋਂਦਾ ਹੈ। ਹੰਸਲੇ ਗੁਰਮੁਖਿ ਜਨ ਸੱਚੀ ਗੁਰਮਤਿ ਸਤਸੰਗ ਰੂਪੀ ਸਰੋਵਰ ਨੂੰ ਛਡ ਕੇ ਹੋਰ ਕਿਧਰੇ ਨਹੀਂ ਜਾਂਦੇ, ਪ੍ਰੇਮਾ ਭਗਤੀ ਕਰਦੇ ਹੋਏ ਸਹਜ ਪਦ ਵਿਚ ਹੀ ਸਮਾਏ ਰਹਿੰਦੇ ਹਨ। ਹੰਸਲਾ ਗੁਰਮੁਖਿ ਜਨ ਸਦੀਵ ਹੀ ਇਸ ਸਤਸੰਗੀ ਸਰੋਵਰ ਵਿਚ ਸਮਾਇਆ ਰਹਿੰਦਾ ਹੈ, ਮਾਨੋ, ਸਾਗਾ

ਸਤਸੰਗ ਸਰੋਵਰ ਇਸ ਹੰਸਲੇ ਗੁਰਮੁਖਿ ਜਨ ਦੇ ਹਿਰਦੇ ਵਿਚ ਹੀ ਉਤਰਿਆ ਰਹਿੰਦਾ ਹੈ।

ਉਹ ਸੁੰਨ-ਮੰਡਲੀਆ ਸੱਚਾ ਜੋਗੀ ਸੁੰਨ-ਮੰਡਲ, ਸੱਚੇ ਨਿਹਚਲ ਅਸਥਾਨ ਉਤੇ, ਅਸਥਿਰ ਹੋ ਕੇ ਬੈਠਾ ਰਹਿੰਦਾ ਹੈ। ਇਸਤ੍ਰੀ ਪੁਰਖ ਦੇ ਜਾਮੇ ਵਾਲਾ ਉਥੇ ਉੱਕਾ ਹੀ ਅਭਾਵ ਹੋ ਜਾਂਦਾ ਹੈ। ਐਸਾ ਗੁਰਮੁਖਿ ਸਚੜਾ ਜੋਗੀ ਆਪਣੀ ਤੁਰੀਆ-ਗੁਣੀ ਅਵਸਥਾ ਵਿਖੇ ਰਹਿੰਦਾ ਹੋਇਆ, ਤ੍ਰਿਭਵਣੀ ਜੋਤਿ ਜਗਾਈ ਹੀ ਰਖਦਾ ਹੈ, ਤੇ ਲਿਵ ਲਾਈ ਹੀ ਰਖਦਾ ਹੈ, ਜਿਥੇ ਕਿ ਸਾਰੇ ਦੇਵਤੇ ਮਨੁਖ ਸੱਚੇ ਨਾਥ ਵਾਹਿਗੁਰੂ ਦੀ ਸਰਣਾਗਤਿ ਵਿਚ ਰਹਿੰਦੇ ਹਨ। ਪਰਮਾਨੰਦ ਸਰੂਪ ਵਾਹਿਗੁਰੂ, ਸਾਰਿਆਂ ਨਾਥਾਂ ਦਾ ਅਧਾਰ ਰੂਪ ਵਾਹਿਗੁਰੂ,ਗੁਰਮੁਖਾਂ ਵਾਲੀ ਜੋਗ ਭਗਤੀ ਦਵਾਰਾ ਗੁਰਮੁਖਾਂ ਦੀ ਸਹਜ ਬਿਵਸਥਾ ਵੀਚਾਰ ਵਾਲੀ ਵਿਚ ਰਵਿਆ ਰਹਿੰਦਾ ਹੈ। ਭੈ ਕਾਟਨਹਾਰਾ, ਭਗਤਿ-ਵਛਲ ਵਾਹਿਗੁਰੂ ਉਸ ਨਿਰੰਕਾਰੀ ਲਿਵ ਵਾਲੇ ਜੋਗੀ ਨੂੰ ਹੀ ਮਿਲਦਾ ਹੈ, ਜੋ ਆਪਣੀ ਹਉਮੈ ਨੂੰ ਮਾਰ ਕੇ ਸੱਚੀ ਗੁਰਮਤਿ ਮਾਰਗੀ (ਰਵਸ਼) ਨੂੰ ਧਾਰੀ ਰਖਦਾ ਹੈ।

ਮਨਮਤੀ ਆਨਮਤ ਜੋਗ-ਧਾਰਨੀ ਜੋਗੀ ਨੂੰ ਕਾਲ ਸਤਾਉਂਦਾ ਹੀ ਰਹਿੰਦਾ ਹੈ। ਚਾਹੇ ਉਹ ਅਨੇਕ ਪ੍ਰਕਾਰ ਦੇ ਜਤਨ ਕਰੇ ਉਹ ਉਨ੍ਹਾਂ ਮਾਮੂਲੀ ਇਨਸਾਨਾਂ ਵਿਚ ਹੀ ਗਿਣਿਆ ਜਾਂਦਾ ਹੈ, ਜੋ ਧੁਰੋਂ ਮਰਣ ਲਿਖਾਇ ਕੇ ਹੀ ਇਸ ਮ੍ਰਿਤ-ਮੰਡਲ ਵਿਚ ਆਏ ਹਨ। ਉਹ ਆਪਣੇ ਜਨਮ ਰੂਪੀ ਪਦਾਰਥ ਨੂੰ ਦੁਬਿਧਾ ਰੂਪੀ ਦੁਚਿੱਤਾਪਨ ਵਿਚ ਹੀ ਖੋ ਬੈਠਦੇ ਹਨ। ਐਸਾ ਆਨਮਤੀ ਜੋਗੀ ਆਪਣੇ ਮਨ ਦੀ ਮਤਿ ਕਾਰਨ ਆਪਣਾ ਆਪ ਨਹੀਂ ਚੀਨਦਾ ਤੇ ਭ੍ਰਮਨੀ ਭ੍ਰਮ ਵਿਚ ਗ੍ਰਸਿਆ ਰੋਂਦਾ ਰਹਿੰਦਾ ਹੈ।

ਜਿਸ ਸਚੜੇ ਗੁਰਮੁਖਿ ਜੋਗੀ ਨੂੰ ਸੱਚੇ ਵਾਹਿਗੁਰੂ ਧਰਣੀਧਰ ਦੀ ਸੱਚੀ ਟੇਕ ਵਾਲਾ ਸਚੜਾ ਗੁਰਮਤਿ ਧਰਮ ਪ੍ਰਾਪਤ ਹੋਇਆ ਹੋਇਆ ਹੁੰਦਾ ਹੈ, ਉਹ ਹਰ ਦਮ ਇਕੋ ਵਾਹਿਗੁਰੂ ਨਾਮ ਨੂੰ ਹੀ ਮੁਖੋਂ ਉਚਾਰਦਾ ਰਹਿੰਦਾ ਹੈ ਤੇ ਵਾਹਿਗੁਰੂ ਨਾਮ ਦੀ ਸੱਚੀ ਪੜ੍ਹਾਈ ਨੂੰ ਹੀ ਪੜ੍ਹਦਾ ਸੁਣਦਾ ਰਹਿੰਦਾ ਹੈ। ਤੁਰੀਆ ਗੁਣੀ ਚੌਥੇ ਪਦ ਵਿਚ ਖੇਡਦੇ ਰਹਿਣ ਕਰਕੇ ਉਸ ਦਾ ਮਨ ਪਤੀਜਿਆ ਅਤੇ ਸੰਤੁਸਟਿਆ ਰਹਿੰਦਾ ਹੈ, ਜਿਸ ਕਰਕੇ ਉਸ ਦੇ ਹਿਰਦੇ ਅੰਦਰ ਹਰ ਦਮ ਗੁਰਮਤਿ ਜਤ, ਗੁਰਮਤਿ ਸਤਿ ਤੇ ਗੁਰਮਤਿ ਸੰਜਮ, ਇਹੀ ਗੁਰਮਤਿ ਗੁਣ ਹੀ ਸਮਾਏ ਰਹਿੰਦੇ ਹਨ। ਉਨ੍ਹਾਂ ਨੂੰ ਤ੍ਰੈਗੁਣੀ ਮੈਲ ਨਹੀਂ ਲਗਦੀ। ਗੁਰ-ਦੀਖਿਆ ਵਾਲੇ ਗੁਰ-ਸ਼ਬਦ ਦੀ ਕਮਾਈ ਦੇ ਪ੍ਰਤਾਪ ਕਰਕੇ, ਉਨ੍ਹਾਂ ਦੇ ਅੰਦਰੋਂ ਹਰ ਪ੍ਰਕਾਰ ਦਾ ਭਰਮ ਉਡ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੱਚਾ ਗੁਰਮੁਖਿ ਜੋਗੀ ਜਨ ਖਿਨ ਖਿਨ ਉਸ ਸੱਚ ਸਰੂਪ ਦੀ ਜਾਚਨੀ ਹੀ ਕਰਦਾ ਰਹਿੰਦਾ ਹੈ, ਜੋ ਸੁੰਦਰ ਸੋਹਣੀ ਸੂਰਤੀ ਅਕਾਲ ਮੂਰਤ ਵਾਲਾ ਹੈ; ਜੋ ਸਭ ਤੋਂ ਮੁਢਲੀ ਹਸਤੀ ਵਾਲਾ ਹੈ (ਜਿਸ ਦੀ ਉਪਮਾ ਹੋ ਹੀ ਨਹੀਂ ਸਕਦੀ)।

ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ
ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥
ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ
ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧ ਸੰਗੁ ਹਰਿ ਹਰਿ ਸਦਾ ਆਨੰਦੁ
ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥
ਸਗਲ ਆਸ੍ਰਮ ਕੀਨੇ ਮਨੂਆ ਨਹ ਪਤੀਨੇ
ਬਿਬੇਕ ਹੀਨ ਦੇਹੀ ਧੋਏ ॥
ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ
ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥
ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ
ਗਰਬਿ ਗਰਬਿ ਪੜੈ ਕਹੀ ਨ ਲੇਖੈ ॥
ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ
ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥
ਮਨ ਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ
ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥
ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ
ਤਿਸ ਭੇਟੇ ਗਤਿ ਹੋਇ ਹਮਾਰੀ ॥੭॥
ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ
ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ
ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥
ਸਫਲ ਸਫਲ ਭਈ ਸਫਲ ਜਾਤ੍ਰਾ ॥
ਆਵਣ ਜਾਣ ਰਹੇ ਮਿਲੇ ਸਾਧਾ ॥੧॥ਰਹਾਉ ਦੂਜਾ॥੧॥੩॥

[ਧਨਾਸਰੀ ਮ: ੫ ਘਰੁ ੬ ਅਸਟ:, ਪੰਨਾ ੬੮੭

ਇਸ ਗੁਰਵਾਕ ਦੀਆਂ ਇਨ੍ਹਾਂ ਤੁਕਾਂ ਅੰਦਰ ਆਨਮਤ ਕਰਮ ਧਰਮ ਵਾਲੇ ਪਾਖੰਡ ਭੇਖਾਂ ਦਾ ਗੁਰਮਤਿ ਦੁਆਰਾ ਖੂਬ ਖੰਡਨ ਕੀਤਾ ਗਿਆ ਹੈ ਅਤੇ ਇਕੋ ਸੱਚੇ ਗੁਰਮਤਿ ਨਾਮ ਰੂਪੀ ਕਰਮ ਨੂੰ ਕਲਿਆਨ-ਕਾਰੀ ਸੱਚਾ ਮਤ ਦ੍ਰਿੜ੍ਹਾਇਆ ਗਿਆ ਹੈ।

**ਵਿਆਖਿਆ ਉਪਰਲੀਆਂ ਤੁਕਾਂ ਦੀ—**

 www.sikhbookclub.com

ਹਿੰਦੂ ਮਤ ਦੇ ਸਾਰੇ ਬੇਦ ਪੜ੍ਹੇ, ਪੜ੍ਹ ਕੇ ਦੇਖ ਲਏ, ਇਨ੍ਹਾਂ ਦੇ ਪੜ੍ਹਿਆਂ ਤੋਂ ਮਨ-ਭੇਦ ਸੰਕਲਪ, ਜੋ ਵਾਹਿਗੁਰੂ ਦੀ ਦੂਰੀ ਦੇ ਪਏ ਹੋਏ ਹਨ, ਦੂਰ ਨਹੀਂ ਹੁੰਦੇ ਅਤੇ ਮਨ ਅੰਦਰਲੇ ਪੰਜੇ ਚੋਰ ਕਾਮ ਕ੍ਰੋਧ ਆਦਿਕ ਇਕ ਖਿਨ ਮਾਤਰ ਵੀ ਨਹੀਂ ਧੀਰਦੇ। ਕੋਈ ਐਸਾ ਵਿਰਲ਼ਾ ਹੀ ਗੁਰੂ ਦਾ ਤਾਰਿਆ ਹੋਇਆ ਗੁਰਮੁਖਿ, ਸੰਤ, ਭਗਤ ਹੈ ਜੋ ਇਸ ਤ੍ਰੈਗੁਣੀ ਮਾਇਆ ਤੋਂ ਸਦਾ ਅਤੀਤ ਰਹਿੰਦਾ ਹੈ ਅਤੇ ਤੁਰੀਆ ਗੁਣੀ ਚੌਥੇ ਪਦ ਵਿਚ ਖੇਲਦਾ ਹੈ, ਹਿਰਦੇ ਅੰਦਰ ਅੰਮ੍ਰਿਤ ਨਾਮ ਵਾਹਿਗੁਰੂ ਹਰ ਦਮ ਸਿੰਚਤ ਰਹਿੰਦਾ ਹੈ। ਅਤੇ ਕੇਵਲ ਇਹੋ ਹੀ ਨਿਰੰਕਾਰੀ ਨਾਮ ਕਲਿਆਨਕਾਰੀ ਹੈ।੩।

ਜਿਤਨੇ ਭੀ ਆਨਮਤੀ ਤੀਰਥ ਹਨ, ਇਨ੍ਹਾਂ ਵਿਚ ਨ੍ਹਾਤਿਆਂ ਹੰਕਾਰ ਦੀ ਮੈਲ ਸਗੋਂ ਹੋਰ ਵਧੇਰੇ ਵਧਦੀ ਹੈ ਅਤੇ ਸਭ ਦਾ ਸੱਚਾ ਮਾਲਕ ਵਾਹਿਗੁਰੂ ਰੰਚਕ ਮਾਤਰ ਵੀ ਨਹੀਂ ਪਤੀਜਦਾ, ਏਨ੍ਹਾਂ ਆਨਮਤ ਕਰਮਾਂ 'ਤੇ ਰੀਝ ਕੇ ਸਚੜਾ ਠਾਕਰ ਵਾਹਿਗੁਰੂ ਨਿਰੰਕਾਰ ਰੀਝ ਕੇ ਹਰਗਿਜ਼ ਪ੍ਰਸੰਨ ਨਹੀਂ ਹੁੰਦਾ, ਇਹ ਕੇਵਲ ਗੁਰੂ ਘਰ ਦੀ ਸਾਧ ਸੰਗਤ ਹੈ ਜਿਸ ਨੂੰ ਪ੍ਰਾਪਤ ਕਰਕੇ ਸੱਚਾ ਸਦੀਵੀ ਅਨੰਦ ਪ੍ਰਾਪਤ ਹੁੰਦਾ ਹੈ ਅਤੇ ਸੱਚਾ ਪ੍ਰਚੰਡ ਗਿਆਨ ਰਸ, ਜੋਤੀਸ਼ਰ ਧਿਆਨ ਹਿਰਦੇ ਅੰਦਰ ਹੀ ਪ੍ਰਗਟ ਹੋ ਜਾਂਦਾ ਹੈ। ਜਿਸ ਵਿਚ ਸੱਚੀਆਂ ਇਸ਼ਨਾਨ ਮਈ ਤਾਰੀਆਂ ਲਾ ਕੇ ਗੁਰਮੁਖਿ ਜਗਿਆਸੂ ਜਨ ਸਦਾ ਹੀ ਤ੍ਰਿਬੁਡ ਰਹਿੰਦਾ ਹੈ।

ਅਵਸਥਾ ਦੇ ਸਾਰੇ ਧਰਮ (ਬ੍ਰਹਮਚਰਜ,ਗ੍ਰਿਹਸਤ, ਬਾਨਪ੍ਰਸਤ ਤੇ ਸੰਨਿਆਸ) ਆਨਮਤੀ ਕਰਮ ਕਾਂਡ ਮਈ ਆਸ਼ਰਮ ਕਰਕੇ ਵੀ ਇਹ ਮਨੂਆ ਨਹੀਂ ਪਤੀਜਦਾ, ਸੱਚੇ ਗੁਰਮਤਿ ਬਿਬੇਕ-ਹੀਣੇ ਆਨਮਤੀ ਲੋਕ ਆਪਣੇ ਸਰੀਰਾਂ ਨੂੰ ਫੋਕੀਆਂ ਧੋਣੀਆਂ ਹੀ ਧੋ ਕੇ ਫੋਕੀ ਤਤਖਸ਼ਾ ਕਰਦੇ ਹਨ। ਐਸਾ ਕੋਈ ਵਿਰਲਾ ਹੀ ਮਹਾਂ ਪੁਰਖ ਹੈ, ਜੋ ਪਾਰਬ੍ਰਹਮ ਵਾਹਿਗਰੂ ਦੇ ਸੱਚੇ ਰੰਗਾਂ ਵਿਚ ਰੰਗਿਆ ਹੋਇਆ ਆਪਣੀ ਅਤੇ ਆਪਣੇ ਨਿਕਟਵਰਤੀ ਦੀ ਦੁਰਮਤਿ ਮੈਲ ਨੂੰ ਦੂਰ ਕਰ ਦੇਂਦਾ ਹੈ।

ਆਨਮਤੀ ਫੋਕਟ ਕਰਮਾਂ ਧਰਮਾਂ ਦੀਆਂ ਜੁਗਤ-ਕਰਨੀਆਂ ਵਿਚ ਰੁੱਝੇ ਰਹਿਣ ਕਰਕੇ ਵਾਹਿਗੁਰੂ ਦਾ ਸੱਚਾ ਪ੍ਰੇਮ ਨਿਮਖ ਮਾਤਰ ਵੀ ਕਿਸੇ ਦੇ ਹਿਰਦੇ ਅੰਦਰ ਪ੍ਰਵੇਸ਼ ਨਹੀਂ ਹੋ ਸਕਦਾ, ਸਗੋਂ ਨਿਰਾ ਗਰਬ ਗਰੂਰ ਹੀ ਦਿਲਾਂ ਅੰਦਰ ਭਰਪੂਰ ਰਹਿੰਦਾ ਹੈ। ਅਤੇ ਉਸ ਦਾ ਐਸਾ ਫੋਕਾ ਗਰਬ ਗ਼ਰੂਰ ਕਰਨਾ ਕਿਸੇ ਵੀ ਲੇਖੇ ਨਹੀਂ ਪੈਂਦਾ। ਉਹ ਕੋਈ ਐਸਾ ਵਿਰਲਾ ਹੀ ਸਫਲ-ਦਰਸ਼ਨੀ ਗੁਰਮੁਖਿ ਜਨ ਹੈ, ਜਿਸ ਦੇ ਸੰਗ ਸਪਰਸ਼ਿਆਂ ਹੀ ਨਿਸਤਾਰਾ ਹੋ ਜਾਂਦਾ ਹੈ। ਅਜਿਹਾ ਸਫਲ-ਸਪਰਸ਼ਨੀ ਗੁਰਮੁਖਿ ਜਨ ਸਦਾ ਹੀ ਸਿਫਤ ਸਲਾਹ ਰੂਪੀ ਸੁਕ੍ਰਿਤ ਕਰਨੀਏ ਹਰਿ ਕੀਰਤਨ ਵਿਚ ਮਸਤ ਰਹਿੰਦਾ ਹੈ, ਉਸ ਦੇ ਲੋਇਣ ਅਦ੍ਰਿਸ਼ਟ ਵਾਹਿਗੁਰੂ ਦੇ ਦਰਸ਼ਨ ਵਿਚ ਸਦਾ ਲਿਵਲੀਨ ਰਹਿੰਦੇ ਹਨ।

 www.sikhbookclub.com

ਜੋ ਆਨਮਤੀ ਪੁਰਸ਼ ਮਨ ਦੇ ਹੱਠ ਕਰਕੇ ਕਿਸੇ ਪ੍ਰਕਾਰ ਦੀ ਮਨਮਤੀ ਕਮਾਈ ਕਮਾਉਂਦਾ ਹੈ, ਉਹ ਉਸ ਦੀ ਮਨਮਤਿ ਤਿਲ ਮਾਤਰ ਭੀ ਲੇਖੇ ਨਹੀਂ ਪੈਂਦੀ। ਐਸਾ ਪਾਖੰਡੀ ਪੁਰਸ਼ ਨਿਰਾ ਮਾਇਆਧਾਰੀ ਹੋ ਕੇ ਬਗਲੇ ਵਾਂਗੂ ਸਮਾਧੀਆਂ ਲਾਉਂਦਾ ਰਹਿੰਦਾ ਹੈ। ਐਸਾ ਕੋਈ ਵਾਹਿਗੁਰੂ ਰਸਾਇਆ ਵਿਰਲਾ ਹੀ ਗੁਰਮੁਖਿ ਜਨ ਹੈ ਜਿਸ ਦੇ ਮੁਖਾਰਬਿੰਦ ਤੋਂ ਸਵਾਸ ਸਵਾਸ ਨਾਮ ਅਭਿਆਸ ਮਈ ਸੁਖਦਾਈ ਅਕੱਥ ਕਥਾ ਹੀ ਸੁਣਾਈ ਦੇਂਦੀ ਹੈ। ਐਸੇ ਮਹਾਂ ਪੁਰਖ ਗੁਰਮੁਖਿ ਜਨ ਦੇ ਭੇਟਿਆਂ ਸਦਾ ਹੀ ਕਲਿਆਣ ਹੁੰਦੀ ਹੈ।

ਐਸੀ ਅਪਾਰ ਕਿਰਪਾ ਵਾਹਿਗੁਰੂ ਗੋਪਾਲ ਰਾਇ ਦੀ ਹੋਵੇ ਕਿ ਗੁਰ-ਦੀਖਿਆ ਮਈ ਗੁਰ-ਸ਼ਬਦ ਵਿਖੇ ਮਨ ਰੰਗਿਆ ਜਾਵੇ ਅਤੇ ਦ੍ਰਿਸ਼ਟਮਾਨ ਮਾਇਆ ਦੇ ਪਦਾਰਥਾਂ ਦੇ ਸਾਰੇ ਬੰਧਨ ਕੱਟੇ ਜਾਣ; ਨਿਰਭੈ ਵਾਹਿਗੁਰੂ (ਗੋਬਿੰਦ) ਭੇਟਿਆ ਜਾਵੇ ਤਾਂ ਸਾਰੇ ਹੀ ਆਤਮ ਪ੍ਰਮਾਰਥੀ ਸੁਖ ਲੱਭ ਜਾਣ। ਗੁਰੂ ਨਾਨਕ ਸਾਹਿਬ ਦੇ ਚਰਨ ਸਰਨ ਪਰਿਆਂ ਹੀ ਐਸੀ ਬਿਧਿ ਬਣ ਸਕਦੀ ਹੈ। ਗੁਰੂ ਨਾਨਕ ਸਾਰਖੇ ਸਾਧ ਗੁਰੂ ਦੇ ਮਿਲਿਆਂ ਇਹ ਮਨੁਖਾ ਜਨਮ ਮਈ ਯਾਤਰਾ ਸਫਲ ਸਫਲ ਸਫਲ ਹੀ ਹੋ ਜਾਂਦੀ ਹੈ।

ਸਨਕ ਸਨੰਦ ਮਹੇਸ ਸਮਾਨਾਂ ॥ ਸੇਖਨਾਗਿ ਤੇਰੋ ਮਰਮੁ ਨ ਜਾਨਾਂ ॥੧॥
ਸੰਤ ਸੰਗਤਿ ਰਾਮੁ ਰਿਦੈ ਬਸਾਈ ॥੧॥ਰਹਾਉ॥
ਹਨੂਮਾਨ ਸਰਿ ਗਰੁੜ ਸਮਾਨਾਂ ॥ ਸੁਰਪਤਿ ਨਰਪਤਿ ਨਹੀ ਗੁਨ ਜਾਨਾਂ ॥੨॥
ਚਾਰਿ ਬੇਦ ਅਰੁ ਸਿੰਮ੍ਰਿਤਿ ਪੁਰਾਨਾਂ॥ਕਮਲਾਪਤਿ ਕਵਲਾ ਨਹੀ ਜਾਨਾਂ॥੩॥
ਕਹਿ ਕਬੀਰ ਸੋ ਭਰਮੈ ਨਾਹੀ ॥ **ਪਗ ਲਗਿ ਰਾਮ ਰਹੈ ਸਰਨਾਂਹੀ**॥੪॥੧॥

[ਧਨਾਸਰੀ ਭਗਤ ਕਬੀਰ ਜੀ, ਪੰਨਾ ੬੯੧

ਸਨਕ ਸਨੰਦ ਆਦਿ ਰਿਖੀ ਅਤੇ ਸ਼ਿਵਜੀ ਆਦਿਕ ਤਪੱਸਵੀ ਬਥੇਰੀਆਂ ਸਮਾਧੀਆਂ ਲਾ ਥਕੇ ਅਤੇ ਸ਼ੇਸ਼ਨਾਗ ਨੇ ਭੀ (ਉਪਰਲੇ ਸਾਰਿਆਂ ਨੇ) ਤੇਰਾ ਭੇਦ ਨਹੀਂ ਜਾਣਿਆ। ਆਨਮਤੀ ਕਰਮਕਾਂਡੀ ਦੇਵਤ੍ਰਿਆਂ ਦੇ ਪਾਖੰਡ ਸਾਧਣ ਨਾਲ ਕੁਛ ਨਹੀਂ ਬਣਦਾ, ਭਾਵ, ਪਰਮਾਤਮਾ ਨਹੀਂ ਪਾਇਆ ਜਾ ਸਕਦਾ, ਕੇਵਲ ਗੁਰੂ ਘਰ ਦੀ ਸਾਧ ਸੰਗਤ ਨਾਲ ਹੀ ਮਨ ਵਿਚ ਵਸਾਇਆ ਜਾ ਸਕਦਾ ਹੈ। ਹਨੂਮਾਨ ਜਿਹੇ ਅਤੇ ਗਰੁੜ ਸਾਰਖੇ ਦੇਵਤਿਆਂ ਦੇ ਰਾਜੇ (ਇੰਦਰ ਜੈਸੇ) ਨਰ ਮਨੁਖਾਂ ਦੇ ਵਡੇ ਤੋਂ ਵਡੇ ਰਾਜੇ ਵੀ ਤੇਰਾ ਗੁਣ ਨਹੀਂ ਜਾਣ ਸਕੇ, ਭਾਵ, ਪਛਾਣ ਹੀ ਨਹੀਂ ਸਕੇ। ਚਾਰੇ ਵੇਦਾਂ, ਸਿਮ੍ਰਤੀਆਂ, ਪੁਰਾਨਾਂ, ਵਿਸ਼ਨੂੰ ਦੇਵਤਾ ਅਤੇ ਲਛਮੀ ਆਦਿਕ ਕੋਈ ਵੀ ਨਹੀਂ ਜਾਣ ਸਕਿਆ (ਵਾਹਿਗੁਰੂ ਦੀ ਗਤੀ ਨੂੰ)। ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਕੇਵਲ ਸੋਈ ਗੁਰਮੁਖਿ ਪੁਰਖ ਨਹੀਂ ਭਰਮਦਾ ਜੋ ਰਮਤ ਰਾਮ ਨਿਰੰਕਾਰ ਵਾਹਿਗੁਰੂ ਦੀ ਚਰਨ ਸ਼ਰਨ ਲਗਿਆ ਰਹਿੰਦਾ ਹੈ।

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹਰਿ ਐਬੋ ॥੧॥੪॥

[ਧਨਾਸਰੀ ਕਬੀਰ ਜੀ, ਪੰਨਾ ੬੯੨


www.sikhbookclub.com

ਸ਼ਿਵਪੁਰੀ ਤੇ ਇੰਦ੍ਰਪੁਰੀ ਵਿਖੇ ਸਾਰੀ ਉਮਰ ਬਸ ਬਸ ਕੇ ਭਾਵੇਂ ਕੋਈ ਕਿਤਨੇ ਹੀ ਤਪ ਕਰੇ, ਓਹ ਸਭ ਹੋਛੇ ਤਪ ਹੀ ਰਹਿੰਦੇ ਹਨ। ਇਨ੍ਹਾਂ ਪੁਰੀਆਂ ਤੋਂ ਬਾਹਰ ਹੋਛੇ ਤਪ ਕਰ ਕੇ ਆਵਣ ਵਾਲਾ ਤਪੱਸਵੀ ਜਨ ਸੱਚੇ ਪ੍ਰਮਾਰਥ ਵਲੋਂ ਫੋਕਾ ਹੀ ਰਹਿੰਦਾ ਹੈ।

ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥
ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥
[ਧੰਨਾਸਰੀ ਨਾਮਦੇਵ ਜੀ, ਪੰਨਾ ੬੯੩

ਸਾਧਿਕ ਸਿਧ ਆਦਿਕ ਸਾਰੇ ਰਿਸ਼ੀ ਮੁਨੀ ਆਪਣੇ ਮਨ-ਉਕਤ ਕਰਮਾਂ ਧਰਮਾਂ, ਜਪ ਤਪ ਆਦਿਕ ਮਨਉਕਤ ਤਪੱਸਿਆਵਾਂ ਕਰਕੇ ਉਸ ਨੂੰ ਲੋਚਦੇ ਹਨ, ਪਰ ਤਿਨ੍ਹਾਂ ਦਾ ਕੁਛ ਨਹੀਂ ਬਣਦਾ। ਗੁਰੂ ਦੇ ਤਾਰੇ ਹੋਏ ਵਿਰਲੇ ਹੀ ਗੁਰਮੁਖਿ ਜਨ ਹਨ, ਜਿਨ੍ਹਾਂ ਨੇ ਵਾਹਿਗੁਰੂ ਦਾ ਪਰਤੱਖ ਦਰਸ਼ਨ ਕੀਤਾ ਹੈ। ਸਾਰਿਆਂ ਭਵਣਾਂ ਵਿਖੇ ਸੋਈ ਗੁਰਮੁਖਿ ਜਨ ਜਿਣ ਜਾਂਦੇ ਹਨ ਜਿਨ੍ਹਾਂ ਨੂੰ ਗੁਰਮਤਿ ਨਾਮ ਵਾਹਿਗੁਰੂ ਪਿਆਰਾ ਹੈ। ਇਸੇ ਪ੍ਰਕਾਰ ਹੀ ਨਾਮ ਜਪਣ ਵਾਲੇ ਨਾਮ ਦੇ ਭਗਤ ਨੂੰ ਵਾਹਿਗੁਰੂ ਰੂਪੀ ਬੀਠਲ ਪਿਆਰਾ ਹੈ।

ਪੰਡਿਤੁ ਹੋਇ ਕੈ ਬੇਦੁ ਬਖਾਨੈ ॥ ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥
[ਟੋਡੀ ਨਾਮਦੇਉ ਜੀ, ਪੰਨਾ ੭੧੮

ਲੋਕਾ ਭਾਣੇ ਚਤਰੁ ਪੰਡਿਤ ਬਣ ਕੇ ਬੇਦ ਬਖਾਣਦਾ ਹੈ, ਪਰ ਉਸ ਦੇ ਪੱਲੇ ਕੋਈ ਗੱਲ ਨਹੀਂ ਪੈਂਦੀ, ਫੋਕੀ ਪੰਡਤਾਈ ਦੀ ਚਾਤਰਤਾਈ ਰਹਿ ਜਾਂਦੀ ਹੈ। ਸ੍ਰੀ ਨਾਮਦੇਵ ਜੀ ਉਚਾਰਨ ਕਰਦੇ ਹਨ ਕਿ ਅਜਿਹੇ ਉੱਪਰ ਦੱਸੇ ਬੇਦ-ਬੇਤਾ ਪੰਡਿਤ ਨਾਲੋਂ ਨਾਮ-ਲੇਤਾ ਸਧਾਰਨ ਜਨ ਹੀ ਚੰਗੇ ਹਨ, ਚਾਹੇ ਉਹ ਨਾਮ ਜਪਣ ਵਾਲੇ ਸਧਾਰਨ ਜਗਿਆਸੂ ਲੋਕਾਂ ਭਾਣੇ ਮੂਰਖ ਹੀ ਸਦਾਉਣ। ਪਰੰਤੂ ਗੁਰਮਤਿ ਅਨੁਸਾਰ ਬੇਦ-ਬੇਤਾ ਮਨਮਤੀ ਪੰਡਿਤ ਨਾਲੋਂ ਗੁਰਮਤਿ ਨਾਮ-ਰੰਗ ਰੱਤਾ ਸਧਾਰਨ ਪੁਰਸ਼ ਹੀ ਪਰਵਾਨ ਹੈ ਅਤੇ ਅਧਿਕ ਸ਼ਲਾਘਾ ਯੋਗ ਹੈ, ਕਿਉਂਕਿ ਤੱਤ-ਸਾਰ ਸ੍ਰੇਸ਼ਟਤਾ ਨਾਮ ਜਪਣ ਵਿਚ ਹੀ ਹੈ, ਜਿਸ ਤੋਂ ਸੱਚੇ ਪ੍ਰਮਾਰਥ ਦੀ ਸੋਝੀ ਹੁੰਦੀ ਹੈ ਅਤੇ ਅਦ੍ਰਿਸ਼ਟ ਵਾਹਿਗੁਰੂ ਨਾਲ ਜਾ ਮਿਲੀਦਾ ਹੈ। ਬੇਦ-ਬੇਤਾ ਹੋਣ ਤੋਂ ਕੇਵਲ ਤ੍ਰੈਗੁਣੀ ਮਾਇਆ ਦੀ ਹੀ ਸੋਝੀ ਹੁੰਦੀ ਹੈ। ਇਸ ਤੋਂ ਉੱਪਰ ਤ੍ਰੈਗੁਣੀ ਮਾਇਆ ਦੇ ਹਿਤਕਾਰੀ ਜਨ ਅਦ੍ਰਿਸ਼ਟ ਪ੍ਰਮਾਰਥੀ ਮਾਰਗ ਤੇ ਗਾਮਜ਼ਨ (ਤੁਰਨ ਜੋਗੇ) ਹੀ ਨਹੀਂ ਹੋ ਸਕਦੇ। ਤਾਂ ਤੇ ਐਵੇਂ ਲੋਕਾਂ ਭਾਣੇ ਫੋਕੀ ਪੰਡਿਤਾਈ ਵਾਲੀ ਚਾਤਰਤਾ ਕਿਸੇ ਲੇਖੇ ਨਹੀਂ ਪੈਂਦੀ।

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ ॥੧॥੧॥
[ਤਿਲੰਗ ਕਬੀਰ ਜੀ, ਪੰਨਾ ੭੨੭

ਇਸ ਦੋ-ਤੁਕੀ ਦਵਾਰਾ ਸਪੱਸ਼ਟ ਤੌਰ ਤੇ ਇਹ ਗੱਲ ਸਿਧ ਹੋ ਗਈ ਕਿ ਆਨਮਤੀ ਪੁਸਤਕਾਂ ਬੇਦ ਕਤੇਬ ਆਦਿਕ ਸਭ ਬਣਾਵਟਾਂ ਹਨ, ਇਨ੍ਹਾਂ ਦੇ ਪੜ੍ਹਨ ਨਾਲ ਦਿਲ ਦਾ ਭਰਮ ਨਵਿਰਤ ਨਹੀਂ ਹੁੰਦਾ। ਦਿਲ ਦਾ ਭਰਮ ਤਾਂ ਤਿਨ੍ਹਾਂ ਗੁਰਮਤਿ ਅਭਿਆਸੀ ਜਨਾਂ ਦਾ ਨਵਿਰਤ ਹੁੰਦਾ ਹੈ ਜੋ ਗੁਰਮਤਿ ਨਾਮ ਅਭਿਆਸ ਦੁਆਰਾ ਸ਼ਬਦ ਅਭਿਆਸ ਕਰਦੇ ਹੋਏ ਅਤੇ ਨਾਮ ਰਸ ਪ੍ਰਾਇਣ ਹੁੰਦੇ ਹੋਏ ਨਾਭੀ ਵਿਖੇ ਆਪਣੇ ਸਵਾਸਾਂ ਨੂੰ ਜਿਤਨਾ ਚਿਰ ਚਾਹੁਣ, ਰੋਕੀ ਰਖਦੇ ਹਨ। ਨਾਭੀ ਵਿਖੇ ਸਵਾਸਾਂ ਦੇ ਰੋਕਣ ਕਰਕੇ ਗੁਰਮਤਿ ਨਾਮ-ਰਸ ਦੇ ਨਾਮ-ਰਸੀਆਂ ਦੀ ਸੁਰਤੀ ਐਸੀ ਸ਼ਗੁਫ਼ਤ ਅਤੇ ਜੋਤਿ-ਰੰਗੀ ਹੋਇ ਆਉਂਦੀ ਹੈ ਕਿ ਤਿਨ੍ਹਾਂ ਨੂੰ ਜੋਤੀਸ਼ ਵਾਹਿਗੁਰੂ ਹਾਜ਼ਰ ਨਾਜ਼ਰ ਨਜ਼ਰੀ ਆਉਣ ਲਗ ਪੈਂਦਾ ਹੈ।

ਗੁਰਮਤਿ ਮਾਰਗ ਦੀ ਇਹੋ ਖ਼ਾਸ ਵਿਸ਼ੇਸ਼ਤਾ ਆਨਮਤ ਮਾਰਗਾਂ ਉਤੇ ਹੈ ਕਿ ਗੁਰਮਤਿ ਮਾਰਗ ਉਪਰ ਚੱਲਣਹਾਰੇ ਜਗਿਆਸੂ ਵਾਹਿਗੁਰੂ ਜੋਤੀ ਸਰੂਪ ਦੇ ਪਰਤੱਖ ਦਰਸ਼ਨ ਦੀਦਾਰੇ ਦੇਖਣਹਾਰੇ ਹੋ ਜਾਂਦੇ ਹਨ, ਪਰੰਤੂ ਆਨਮਤਾਂ ਉੱਪਰ ਚਲਣਹਾਰਿਆਂ ਦੀ ਸੁਰਤੀ ਬਿਰਤੀ ਦ੍ਰਿਸ਼ਟਮਾਨ ਪਦਾਰਥਾਂ ਦੇ ਘੋਖਣ ਵੀਚਾਰਨ ਦੇ ਹੇਠਾਂ ਹੀ ਖੇਡਦੀ ਰਹਿੰਦੀ ਹੈ। ਤਾਂ ਤੇ ਇਨ੍ਹਾਂ ਆਨਮਤਾਂ ਦਾ ਵੀਚਾਰਨਾ ਹੀ ਬੇਫ਼ਾਇਦਾ ਤੇ ਫ਼ਜ਼ੂਲ ਹੈ। ਗੁਰਬਾਣੀ ਅੰਦਰ ਇਸ ਤੋਂ ਵਧ ਕੇ ਆਨਮਤਾਂ ਦੇ ਖੰਡਨ ਦੀ ਸਪੱਸ਼ਟ ਸ਼ਾਹਦੀ ਹੋਰ ਕੀ ਮਿਲ ਸਕਦੀ ਹੈ? ਗੁਰਮਤਿ ਮੰਡਨ ਦਾ ਵਧੀਆ-ਪਨ (ਵਿਧਾਨ) ਭੀ ਇਸ ਗੁਰਬਾਣੀ ਗੁਰਵਾਕ ਦੀ ਦੋਤੁਕੀ ਅੰਦਰ ਪ੍ਰਗਟ ਪਹਾਰੇ ਪਰਤੱਖ ਤੌਰ ਪਰ ਸਪੱਸ਼ਟਾਇਆ ਗਿਆ ਹੈ।

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ ॥
ਤਪੀਆ ਹੋਵੈ ਤਪੁ ਕਰੇ ਤੀਰਥਿ ਮਲਿ ਮਲਿ ਨਾਇ ॥੧॥
ਤੇਰਾ ਸਦੜਾ ਸੁਣੀਜੈ ਭਾਈ ਜੇ ਕੋ ਬਹੈ ਅਲਾਇ ॥੧॥ਰਹਾਉ॥
ਜੈਸਾ ਬੀਜੈ ਸੋ ਲੁਣੇ ਜੋ ਖਟੇ ਸੋ ਖਾਇ ॥
ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥੭॥

(ਸੂਹੀ ਮ: ੧, ਪੰਨਾ ੭੩੦

ਇਸ ਗੁਰਵਾਕ ਦੀਆਂ ਉੱਪਰ ਲਿਖੀਆਂ ਤੁਕਾਂ ਅੰਦਰ ਜੋਗੀ, ਭੋਗੀ, ਜਪੀ, ਤਪੀ, ਤੀਰਥ-ਵਾਸੀਆਂ ਦੇ ਪਖੰਡ-ਭੇਖ ਦਾ ਖੰਡਨ ਕਰ ਕੇ ਕੇਵਲ ਗੁਰਮਤਿ ਮਾਰਗ ਦੇ ਮੰਡਨ ਨੂੰ ਹੀ ਸਿਧ ਰਖਿਆ ਗਿਆ ਹੈ। ਯਥਾ ਵਿਆਖਿਆ—

ਆਨਮਤੀ ਜੋਗੀ ਲੋਕ ਮਨ-ਉਕਤ ਆਪਣੇ ਮਨ ਦੀ ਮਤਿ ਦਵਾਰਾ ਬਥੇਰਾ ਜੋਗਪੁਣਾ ਕਮਾਉਂਦੇ ਫਿਰਦੇ ਹਨ, ਭੋਗੀ ਲੋਕ ਸੰਸਾਰ ਵਿਖੇ ਰਹਿ ਕੇ ਮਾਇਕ ਭੋਗਾਂ ਨੂੰ ਭੋਗਣਾ ਹੀ ਪਰਮ ਧਰਮ ਸਮਝਦੇ ਹਨ, ਅਤੇ ਇਉਂ ਕਹਿ ਕੇ ਦਿਲ ਪਰਚਾਉਂਦੇ ਹਨ ਕਿ 'ਇਹ ਜਗ ਮਿੱਠਾ ਅਗਲਾ ਕਿਨ ਡਿੱਠਾ'। ਕੋਈ ਤਪੀਆ ਹੋ ਕੇ ਆਪਣੇ

ਮਨ ਦੀ ਮਤਿ ਦੁਆਰਾ ਤਪ ਕਮਾਉਂਦਾ ਹੈ; ਕੋਈ ਮਨ-ਉਕਤ ਜਪ ਕਮਾਈਆਂ ਕਰਦਾ ਫਿਰਦਾ ਹੈ। ਸਭ ਕੋਈ ਆਪੋ ਆਪਣੇ ਪਾਖੰਡ-ਕਰਮ ਮਨ-ਮੰਨੇ ਮਨਮਤਿ ਧਰਮ ਨੂੰ ਹੀ ਅਫ਼ਜ਼ਲ ਸਮਝਦਾ ਹੈ। ਪਰ ਉਹ ਕੋਈ ਵਿਰਲਾ ਗੁਰਮੁਖਿ ਜਨ ਹੀ ਹੈ, ਜੋ ਗੁਰਮਤਿ ਦੀਖਿਆ ਲੈ ਕੇ, ਵਾਹਿਗੁਰੂ ਨਾਮ ਰੂਪੀ ਸਦੜਾ ਦ੍ਰਿੜ੍ਹ ਕਰਕੇ ਸੁਣਦਾ ਹੈ, ਬਸ, ਸ਼ਰਧਾ ਸੇਤੀ ਸੁਣਨ ਸਾਰ ਹੀ ਇਸ ਗੁਰਮਤਿ ਨਾਮ ਦੀਆਂ ਕਮਾਈਆਂ ਕਰਨ ਬੈਠ ਜਾਂਦਾ ਹੈ। ਜੈਸਾ ਕੋਈ ਬੀਜਦਾ ਹੈ ਸੋ ਵਢਦਾ ਹੈ। ਜੈਸੀ ਕੋਈ ਖੱਟੀ ਕਮਾਈ ਕਰਦਾ ਹੈ ਤੈਸੀ ਹੀ ਖਾਂਦਾ ਹੈ। ਭੇਖ-ਧਰਮੀਆਂ ਤੇ ਕ੍ਰਿਤ-ਕਰਮੀਆਂ ਨੂੰ ਆਪੋ ਆਪਣੀ ਮਨਮਤਿ ਦੇ ਕੀਤੇ ਫਲ ਮਿਲਦੇ ਹਨ। ਪਰੰਤੂ ਜੋ ਗੁਰਮੁਖਿ ਜਨ ਗੁਰਮਤਿ ਨਾਮ ਦਾ ਜਿਉਂ ਖੰਡਾ ਖੜਕਾਉਣ ਲਗਦੇ ਹਨ, ਉਹ ਅੰਤੀ ਅਉਸਰ ਤਾਈਂ ਖੰਡਾ ਹੀ ਖੜਕਾਈ ਜਾਂਦੇ ਹਨ, ਉਨ੍ਹਾਂ ਨੂੰ ਅੱਗੇ ਜਾ ਕੇ ਪ੍ਰਲੋਕ ਵਿਖੇ ਕੋਈ ਪੁੱਛ ਨਹੀਂ ਹੁੰਦੀ, ਜਮ ਜਗਾਤੀ ਤਿਨ੍ਹਾਂ ਦੇ ਨੇੜੇ ਨਹੀਂ ਆਉਂਦਾ, ਨ ਧਰਮਰਾਇ ਉਨ੍ਹਾਂ ਪਾਸੋਂ ਕੋਈ ਲੇਖਾ ਪੁੱਛ ਸਕਦਾ ਹੈ।

ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ ਮੂੰਡਿ ਮੁੰਡਾਇਐ ਜੋਗੁ ਨ ਸਿੰਙੀ ਵਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੧॥
ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥੧॥ਰਹਾਉ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥

[ਸੂਹੀ ਮ: ੧ ਘਰੁ ੭, ਪੰਨਾ ੭੩੦

ਇਸ ਸਮੁਚੇ ਗੁਰਵਾਕ ਦਾ ਸਾਰਾ ਭਾਵ ਮਨਮਤੀ ਜੋਗੀਆਂ ਦੇ ਪਾਖੰਡ ਜੋਗ ਦੇ ਨਿਰੋਲ ਖੰਡਨ ਪ੍ਰਥਾਇ ਹੀ ਘਟਦਾ ਹੈ। ਗ੍ਰਿਹਸਤ ਨੂੰ ਛਡ ਕੇ ਭੇਖਧਾਰੀ ਜੋਗੀ ਬਣਿਆਂ ਕੁਛ ਨਹੀਂ ਸਰਦਾ। ਯਥਾ ਵਿਆਖਿਆ ਸਮੁਚੇ ਗੁਰਵਾਕ ਦੀ—

ਸੱਚੇ ਜੋਗ ਦੀ ਪ੍ਰਾਪਤੀ ਨਿਰੀ ਗੋਦੜੀ ਪਹਿਨਣ ਨਾਲ ਨਹੀਂ ਹੋ ਸਕਦੀ,


www.sikhbookclub.com

ਨਾ ਹੀ ਡੰਡਾ ਹੱਥ ਵਿਚ ਰਖਿਆਂ ਹੋ ਸਕਦੀ ਹੈ। ਨਾ ਹੀ ਸੱਚਾ ਜੋਗ ਸਰੀਰ ਉੱਤੇ ਸਵਾਹ ਮਲਣ ਨਾਲ (ਭਸਮ ਚੜ੍ਹਾਉਣ ਨਾਲ) ਹੋ ਸਕਦਾ ਹੈ। ਕੰਨਾਂ ਨੂੰ ਪਾੜ ਕੇ ਕੰਨਾਂ ਵਿਚ ਮੁੰਦਰਾਂ ਪਾਇਆਂ ਜੋਗੀ ਦਾ ਜੋਗ ਨਹੀਂ ਬਣ ਆਉਂਦਾ। ਨਾ ਹੀ ਮੂੰਡ ਮੁਨਾਇਆਂ (ਸਿਰ ਮੁਨਾਇਆਂ) ਜੋਗ ਪ੍ਰਾਪਤ ਹੁੰਦਾ ਹੈ, ਸਿੰਙੀ ਵਜਾਉਣ ਨਾਲ ਵੀ ਜੋਗ ਪ੍ਰਾਪਤ ਨਹੀਂ ਹੁੰਦਾ। ਸਚੜਾ ਜੋਗ ਕੇਵਲ ਗੁਰਮਤਿ ਉੱਤੇ ਚੱਲਿਆਂ ਹੀ ਮਿਲ ਸਕਦਾ ਹੈ। ਸਚੜੇ ਗੁਰਮਤਿ ਜੋਗੀ ਨੂੰ ਮਾਇਆ ਤਿਆਗਣ ਦੀ ਲੋੜ ਨਹੀਂ ਪੈਂਦੀ। ਗ੍ਰਿਹਸਤ ਵਿਚ ਰਹਿੰਦਾ ਹੀ, ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਦਾ ਹੋਇਆ ਮਾਇਆ ਤੋਂ ਨਿਰਲੇਪ ਰਹਿੰਦਾ ਹੈ। ਸੱਚੇ ਗੁਰਮਤਿ ਜੋਗ ਦੀ ਜੁਗਤੀ ਏਸੇ ਪ੍ਰਕਾਰ ਹੀ ਉੱਪਰ ਦੱਸੇ ਅਨੁਸਾਰ ਹੀ ਮਿਲਦੀ ਹੈ, ਹੋਰ ਗੱਲਾਂ ਕੀਤਿਆਂ ਅਤੇ ਮਨ ਦੀ ਮਤਿ ਦੀਆਂ ਫੜਾਂ ਮਾਰਿਆਂ ਜੋਗ ਪ੍ਰਾਪਤ ਨਹੀਂ ਹੋ ਸਕਦਾ। ਇਕੋ ਦ੍ਰਿਸ਼ਟੀ ਨਾਲ ਹੀ ਸਭਨਾਂ ਨੂੰ ਸਮਸਰ ਇਕਸਾਰ ਹੀ ਜਾਨਣ ਵਾਲਾ ਸੱਚਾ ਜੋਗੀ ਹੈ। ਇਹ ਜੋਗ ਜੁਗਤੀ ਗੁਰੂ ਘਰੋਂ ਕੇਵਲ ਗੁਰਮਤਿ ਦੁਆਰਾ ਹੀ ਮਿਲਦੀ ਹੈ। ਬਹੁਤ ਸਾਰੇ ਪਾਖੰਡੀ ਲੋਕ ਬਾਹਰ ਮੜ੍ਹੀਆਂ ਮਸਾਣਾਂ ਵਿਚ ਰਹਿ ਰਹਿ ਕੇ ਅਤੇ ਫੋਕੀਆਂ ਤਾੜੀਆਂ ਲਾ ਲਾ ਕੇ ਜੋਗ ਕਮਾਇਆ ਲੋੜਦੇ ਹਨ। ਅਜਿਹਾ ਪਾਖੰਡ ਕੀਤਿਆਂ ਵੀ ਸਚੜਾ ਜੋਗ ਪ੍ਰਾਪਤ ਨਹੀਂ ਹੁੰਦਾ। ਬਹੁਤ ਸਾਰੇ ਭੇਖੀ ਜੋਗੀ ਬਾਹਰ ਦੇਸਾਂ ਪ੍ਰਦੇਸਾਂ ਵਿਚ ਘੁੰਮਿਆਂ (ਭਵਿਆਂ) ਹੀ ਜੋਗ ਕਮਾਉਣ ਦਾ ਤਰਲਾ ਲੈਂਦੇ ਹਨ। ਪਰ ਗੁਰਮਤਿ ਅਨੁਸਾਰ ਇਹ ਵੀ ਉਨ੍ਹਾਂ ਦਾ ਨਿਰਾ ਪਾਖੰਡ-ਜੋਗ ਹੀ ਹੈ। ਬਹੁਤ ਸਾਰੇ ਪਾਖੰਡੀ ਧਰਮੀ ਲੋਕ ਤੀਰਥਾਂ ਵਿਖੇ ਨ੍ਹਾਉਣ ਨੂੰ ਹੀ ਜੋਗ ਕਮਾਉਣਾ ਸਮਝਦੇ ਹਨ, ਇਹ ਵੀ ਉਨ੍ਹਾਂ ਦਾ ਅਲਪੱਗ ਬੁਧੀ ਵਾਲਾ ਹੀ ਮਨਮਤਿ ਜੋਗ ਹੈ। ਗੁਰਮਤਿ-ਹੀਣਿਆਂ ਮਨਮਤੀ ਸਾਧਨਾਂ ਦੀ ਕੋਈ ਵੀ ਸਾਧਨਾ ਸਿਰੇ ਨਹੀਂ ਚੜ੍ਹਦੀ। ਸਚੜੇ ਜੋਗੀਆਂ ਨੂੰ ਤਾਂ ਗ੍ਰਿਹਸਤ ਵਿਚ ਰਹਿ ਕੇ ਹੀ, ਸੱਚੀ ਗੁਰਮਤਿ ਦੇ ਸੱਚੇ ਸੁੱਚੇ ਭਾਵ ਤੇ ਚਲ ਕੇ ਹੀ ਸਚੜਾ ਸੁਚੜਾ ਜੋਗ ਪ੍ਰਾਪਤ ਹੋ ਜਾਂਦਾ ਹੈ। ਸੱਚਾ ਗੁਰੂ ਮਿਲੇ ਤਾਂ ਭਰਮ ਦੂਰ ਹੋ ਸਕਦਾ ਹੈ ਅਤੇ ਮਨ ਵਿਸ਼ਿਆਂ ਵਲੋਂ ਦੌੜਦਾ ਹੋਇਆ ਰੋਕ ਕੇ ਰਖਿਆ ਜਾਂਦਾ ਹੈ। ਯਥਾ ਗੁਰਵਾਕ—

ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹਦਿਸਿ ਧਾਵਤ ਆਵੈ ਠਾਇ ॥੩॥੧੯॥

[ਗਉੜੀ ਸੁਖਮਨੀ ਮ: ੫, ਪੰਨਾ ੨੯੮

ਸਚੜਾ ਸਤਿਗੁਰ ਭੇਟਿਆਂ ਹੀ, ਭਾਵ, ਗੁਰੂ ਧਾਰਨ ਕੀਤਿਆਂ, ਗੁਰੂ ਸਰੂਪ ਪੰਜਾਂ ਪਿਆਰਿਆਂ ਤੋਂ ਗੁਰਮੰਤ੍ਰ ਲਇਆਂ, ਗੁਰਮੰਤ੍ਰ ਲੈ ਕੇ ਅਭਿਆਸ ਕਮਾਈ ਕੀਤਿਆਂ ਹੀ ਸਾਰਾ ਸੰਸਾ ਦੂਰ ਹੋ ਸਕਦਾ ਹੈ ਅਤੇ ਕੇਵਲ ਇਸੇ ਬਿਧਿ ਹੀ ਦਹਿਦਿਸ ਧਾਉਂਦਾ ਮਨ ਸਾਰਿਆਂ ਪਾਸਿਆਂ ਤੋਂ ਰੋਕ ਕੇ ਹੀ ਠਾਕ ਰਹਾਇਆ ਜਾ ਸਕਦਾ ਹੈ।

 www.sikhbookclub.com

ਗੁਰਮਤਿ ਨਾਮ ਦੀ ਅਥਾਹ ਕਮਾਈ ਕੀਤਿਆਂ ਹੀ, ਕੇਵਲ ਏਸੇ ਬਿਧਿ ਹੀ ਅੰਮ੍ਰਿਤ ਰਸ ਦਾ ਨਿਝਰ ਝਰਨਾ ਦਸਵੇਂ ਦੁਆਰ ਤੋਂ ਝਰਦਾ ਹੈ ਅਤੇ ਸਹਜ ਧੁਨਕਾਰ ਝੁਨਕਾਰ ਵਜਦੇ ਰਹਿਣ ਦਾ ਗੁਰਮਤਿ ਰੰਗ ਲਗਦਾ ਹੈ। ਇਹ ਪਰਚਾ ਘਟ ਅੰਦਰ ਪਾਈਦਾ ਹੈ ਅਤੇ ਏਸੇ ਬਿਧਿ ਹੀ ਅੰਜਨ ਮਾਹਿ ਨਿਰੰਜਨ ਰਹਿ ਸਕੀਦਾ ਹੈ, ਅਤੇ ਸੱਚੇ ਜੋਗ ਦੀ ਜੁਗਤੀ ਭੀ ਇਸੇ ਬਿਧਿ ਮਿਲਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗ੍ਰਿਹਸਤ (ਸੰਸਾਰ) ਵਿਚ ਰਹਿੰਦਿਆਂ ਹੋਇਆਂ ਹੀ ਦੁਨੀਆ ਦੀਆਂ ਖ਼ਾਹਸ਼ਾਂ ਤੋਂ ਨਿਰਲੇਪ ਰਹਿ ਕੇ ਤੇ ਗੁਰਮਤਿ ਨਾਮ ਵਿਚ ਸਚੇ ਦਿਲੋਂ ਲੀਨ ਹੋ ਕੇ ਜੀਉਂਦੇ-ਜੀ ਮਰ ਰਹਿਣ ਦੀ ਸੱਚੀ ਜੁਗਤੀ ਤੇ ਮੋਖ ਮੁਕਤੀ ਪ੍ਰਾਪਤ ਹੁੰਦੀ ਹੈ। ਐਸਾ ਸਚੜਾ ਗੁਰਮਤਿ ਜੋਗ ਕਮਾਇਆਂ ਹੀ ਛੁਟਕਾਰਾ ਹੁੰਦਾ ਹੈ। ਅਖੰਡ ਨਾਮ ਦੀ ਧੁਨੀ ਰੂਪੀ ਅਨਹਦ ਵਾਜਾ, ਬਿਨਾਂ ਸਿੰਙੀ ਵਜਾਏ ਤੋਂ ਦਸਵੇਂ ਦੁਆਰੋਂ ਵਜਦਾ ਹੈ, ਸੋਈ ਸਚੜਾ ਜੋਗੀ ਹੈ। ਇਸ ਬਿਧਿ ਗੁਰਮਤਿ ਜੋਗ ਕਮਾਇਆਂ ਹੀ ਨਿਰਭਉ ਪਦ ਦੀ ਪ੍ਰਾਪਤੀ ਹੁੰਦੀ ਹੈ। ਗ੍ਰਿਹਸਤ ਵਿਖੇ ਰਹਿ ਕੇ ਹੀ ਅਤੇ ਨਿਰਲੇਪ ਰਹਿ ਕੇ ਸੱਚੇ ਜੋਗ ਦੀ ਸੱਚੀ ਜੁਗਤੀ ਪ੍ਰਾਪਤ ਹੁੰਦੀ ਹੈ।

("ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥")

ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ ਹਿਰਦਾ ਸੁਧੁ ਨ ਹੋਈ ॥
ਅਨਦਿਨੁ ਕਰਮ ਕਰਹਿ ਬਹੁਤੇਰੇ ਸੁਪਨੈ ਸੁਖੁ ਨ ਹੋਈ ॥੧॥
ਗਿਆਨੀ ਗੁਰ ਬਿਨੁ ਭਗਤਿ ਨ ਹੋਈ ॥
ਕੋਰੈ ਰੰਗੁ ਕਦੇ ਨ ਚੜੈ ਜੇ ਲੋਚੈ ਸਭੁ ਕੋਈ ॥੧॥ਰਹਾਉ॥
ਜਪੁ ਤਪੁ ਸੰਜਮ ਵਰਤ ਕਰੇ ਪੂਜਾ ਮਨਮੁਖ ਰੋਗੁ ਨ ਜਾਈ ॥
ਅੰਤਰਿ ਰੋਗੁ ਮਹਾ ਅਭਿਮਾਨਾ ਦੂਜੈ ਭਾਇ ਖੁਆਈ ॥੨॥
ਬਾਹਰਿ ਭੇਖ ਬਹੁਤੁ ਚਤੁਰਾਈ ਮਨੂਆ ਦਹਦਿਸਿ ਧਾਵੈ ॥
ਹਉਮੈ ਬਿਆਪਿਆ ਸਬਦੁ ਨ ਚੀਨੈ ਫਿਰਿ ਫਿਰਿ ਜੂਨੀ ਆਵੈ ॥੩॥
ਨਾਨਕ ਨਦਰਿ ਕਰੇ ਸੋ ਬੂਝੈ ਸੋ ਜਨੁ ਨਾਮੁ ਧਿਆਏ ॥
ਗੁਰ ਪਰਸਾਦੀ ਏਕੋ ਬੂਝੈ ਏਕਸੁ ਮਾਹਿ ਸਮਾਏ ॥੪॥੪॥੧੩॥

[ਸੂਹੀ ਮ: ੪, ਪੰਨਾ ੭੩੨

ਉਤੋਂ ਉਤੋਂ ਪਾਖੰਡ ਕਰ ਕੇ ਨਿਰੀ ਆਪਣੀ ਮਨਮਤਿ ਦੁਆਰਾ ਹਰਿ ਹਰਿ ਕਰੀ ਜਾਣਾ ਕੁਛ ਫਲਦਾਇਕ ਨਹੀਂ ਹੋ ਸਕਦਾ, ਨਿਰਾ ਕਪਟ ਕਮਾਣਾ ਹੀ ਰਹਿੰਦਾ ਹੈ। ਸਤਿਗੁਰੂ ਤੋਂ ਵਰੋਸਾਇ ਕੇ ਗੁਰੂ ਰੂਪ ਪੰਜਾਂ ਪਿਆਰਿਆਂ ਤੋਂ ਗੁਰ-ਦੀਖਿਆ, ਗੁਰੂ-ਮੰਤਰ-ਨਾਮ ਲੈ ਕੇ ਪਰਤੱਖ ਪ੍ਰਤੀਤ ਉਪਜਦੀ ਹੈ, ਨਾਮ ਜਪਣ ਦੀ। ਤਿਨ੍ਹਾਂ ਪ੍ਰਤੀਤ ਵਾਲੇ ਸ਼ਰਧਾਲੂ ਗੁਰਮੁਖਿ ਜਨਾਂ ਦਾ ਨਾਮ ਜਪਿਆ ਪ੍ਰਵਾਣ ਪੈਂਦਾ

**ਹੈ।** ਮਨ-ਮਤੀਆਂ ਦਾ ਤਾਂ ਨਿਰਾ ਕਪਟ ਹੀ ਰਹਿੰਦਾ ਹੈ, ਮਨਮੁਖ ਭੇਖਧਾਰੀਆਂ ਦੇ **ਮਨ-ਉਕਤ** ਨਾਮ ਜਪਣ ਨਾਲ ਉਨ੍ਹਾਂ ਦਾ ਹਿਰਦਾ ਸ਼ੁਧ ਨਹੀਂ ਹੋ ਸਕਦਾ, ਚਾਹੇ ਦਿਨੇ ਰਾਤ ਕਿਤਨੇ ਹੀ ਬਹੁਤੇਰੇ ਕਰਮ ਕਮਾਈ ਜਾਣ; ਸੁਪਨੇ ਮਾਤਰ ਵੀ ਉਨ੍ਹਾਂ ਨੂੰ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਐਸੇ ਚੁੰਚ ਗਿਆਨੀਆਂ ਪ੍ਰਤੀ ਗੁਰੂ ਸਾਹਿਬ ਕੰਨ-ਖੋਲ੍ਹਣਾ ਉਪਦੇਸ਼ ਦਿੰਦੇ ਹਨ ਕਿ ਗੁਰੂ ਬਿਨਾਂ, ਗੁਰੂ ਧਾਰਨ ਕੀਤੇ ਬਿਨਾਂ, ਉੱਪਰ ਦੱਸੀ ਗੁਰਮਤਿ ਬਿਧੀ ਅਨੁਸਾਰ ਗੁਰ-ਦੀਖਿਆ ਲਏ ਬਿਨਾਂ ਨਿਗੁਰਿਆਂ ਤੋਂ ਸੱਚੀ ਭਗਤੀ ਨਹੀਂ ਹੋ ਸਕਦੀ, ਉਹ ਸੱਚੀ ਭਗਤੀ ਤੋਂ ਨਿਤ ਕੋਰੇ ਹੀ ਰਹਿੰਦੇ ਹਨ । ਸੱਚੀ ਭਗਤੀ ਦਾ ਸੱਚਾ ਪਾਹੁ ਗੁਰ-ਦਵਾਰਿਓਂ ਹੀ ਪ੍ਰਾਪਤ ਹੁੰਦਾ ਹੈ। ਇਸ ਸੱਚੇ ਪਾਹੁ-ਹੀਣੇ ਕੋਰੇ ਹਿਰਦਿਆਂ ਵਾਲੇ ਮਨਮਤੀ ਪਾਖੰਡੀਆਂ ਉੱਤੇ ਸੱਚਾ ਰੰਗ ਕਦੇ ਨਹੀਂ ਚੜ੍ਹਦਾ। ਅਜਿਹੀ ਲੋਚਨਾ ਭਾਵੇਂ ਸਭ ਕੋਈ ਕਰਦਾ ਫਿਰੇ, ਮਨਮੁਖ ਪੁਰਸ਼ ਜਪ ਤਪ ਸੰਜਮ ਵਰਤ ਕਿਰਿਆ ਪੂਜਾ ਭਾਵੇਂ ਕਿਤਨਾ ਹੀ ਕਰਦਾ ਫਿਰੇ, ਉਸ ਦੇ ਮਨ ਦਾ ਰੋਗ ਨਹੀਂ ਜਾਂਦਾ, ਉਸ ਦੇ ਅੰਤਰ ਅਭਿਮਾਨ ਰੂਪੀ ਮਹਾਂ ਰੋਗ ਦੂਜੇ ਭਾਇ ਵਾਲਾ ਹਮੇਸ਼ਾ ਵਧਿਆ ਹੀ ਰਹਿੰਦਾ ਹੈ ਅਤੇ ਉਸ ਨੂੰ ਖੁਆਰ ਕਰਦਾ ਹੈ, ਬਾਹਰਵਾਰ ਬਹੁਤ ਚਤੁਰਾਈ ਵਾਲਾ ਭੇਖ ਉਹ ਕਿਤਨਾ ਹੀ ਧਾਰਨ ਕਰੇ, ਉਸ ਦਾ ਮਨੂਆ ਦਹਦਿਸਿ ਧਾਂਵਦਾ ਹੀ ਰਹਿੰਦਾ ਹੈ। ਹਉਮੈ ਦਾ ਗ੍ਰਸਿਆ ਹੋਇਆ ਉਹ ਗੁਰਸਿਖ ਨਹੀਂ ਬਣਦਾ, ਬਸ ਮੁੜ ਮੁੜ ਕੇ ਜੂਨੀਆਂ ਵਿਚ ਹੀ ਭਟਕਦਾ ਰਹਿੰਦਾ ਹੈ। ਇਸ ਸ਼ਬਦ-ਅਭਿਆਸ ਨੂੰ ਸੋਈ ਜਨ ਬੁਝਦਾ ਹੈ ਜਿਸ ਦੇ ਉੱਪਰ ਨਿਰਮਲ ਵਾਹਿਗੁਰੂ ਦੀ ਮੇਹਰ ਹੋਵੇ, ਸੋਈ ਜਨ ਗੁਰਮਤਿ ਨਾਮ ਦੇ ਧਿਆਵਣ ਵਿਚ ਲਗਦਾ ਹੈ, ਸਤਿਗੁਰੂ ਦੀ ਅਪਾਰ ਕਿਰਪਾ ਦੇ ਪ੍ਰਸਾਦ ਦੇ ਪ੍ਰਤਾਪ ਕਰਕੇ ਇਕ ਅਕਾਲ ਪੁਰਖ ਨੂੰ ਬੁਝਦਾ ਹੈ, ਅਤੇ ਇਕਸ ਵਿਖੇ ਹੀ ਲੀਨ ਹੋ ਜਾਂਦਾ ਹੈ।

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ ॥
ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ ॥੨॥੧੪॥
[ਸੂਹੀ ਮ: ੪, ਪੰਨਾ ੭੩੫

ਗੁਰਮਤਿ ਅਨੁਸਾਰ ਹਿੰਦੂਆਂ ਦੇ ਮੰਨੇ ਪ੍ਰਮੰਨੇ ਵਡੇ ਦੇਵਤੇ ਬ੍ਰਹਮਾ, ਮਹਾਂਦੇਉ ਵੀ ਆਮ ਸੰਸਾਰੀਆਂ ਵਾਂਗੂੰ ਤ੍ਰੈਗੁਣੀ ਰੋਗੀ ਗਰਦਾਨੇ ਗਏ ਹਨ, ਉਨ੍ਹਾਂ ਨੇ ਜੋ ਕਾਰ ਵੀ ਕਮਾਈ, ਸਾਰੀ ਹਉਮੈ ਰੋਗ ਵਿਚ ਕੀਤੀ। ਜੇਹੜੇ ਵਾਹਿਗੁਰੂ ਸਿਰਜਨਹਾਰ ਕਰਤਾਰ ਨੇ ਉਨ੍ਹਾਂ ਨੂੰ ਸਿਰਜ ਸਵਾਰਿਆ, ਤਿਸ ਨੂੰ ਉਨ੍ਹਾਂ ਨੇ ਆਪਣੀ ਹਉਮੈ ਦੇ ਕਾਰਨ ਇਕ ਨਿਮਖ ਵੀ ਨਹੀਂ ਚੇਤਿਆ । ਗੁਰੂ ਦੀ ਮਤਿ ਵਿਚ ਚਲਣ ਨਾਲ ਗੁਰਮੁਖਿ ਜਨਾਂ ਨੂੰ ਗੁਰੂ ਦੀ ਕਿਰਪਾ ਦਵਾਰਾ ਸੱਚੇ ਘਰ ਦੀ ਸੱਚੀ ਸੋਝੀ ਪੈ ਗਈ।

ਘਰ ਮਹਿ ਠਾਕੁਰੁ ਨਦਰਿ ਨ ਆਵੈ ॥ ਗਲ ਮਹਿ ਪਾਹਣੁ ਲੈ ਲਟਕਾਵੈ ॥੧॥
ਭਰਮੇ ਭੂਲਾ ਸਾਕਤੁ ਫਿਰਤਾ ॥ ਨੀਰੁ ਬਿਰੋਲੈ ਖਪਿ ਖਪਿ ਮਰਤਾ ॥੧॥ਰਹਾਉ॥
ਜਿਸੁ ਪਾਹਣ ਕਉ ਠਾਕੁਰੁ ਕਹਤਾ ॥ ਓਹੁ ਪਾਹਣੁ ਲੈ ਉਸ ਕਉ ਡੁਬਤਾ ॥੨॥
ਗੁਨਹਗਾਰ ਲੂਣ ਹਰਾਮੀ ॥ ਪਾਹਣ ਨਾਵ ਨ ਪਾਰਗਿਰਾਮੀ ॥੩॥
ਗੁਰ ਮਿਲਿ ਨਾਨਕ ਠਾਕੁਰ ਜਾਤਾ ॥ ਜਲਿ ਥਲਿ ਮਹੀਅਲਿ ਪੂਰਨ ਬਿਧਾਤਾ ॥
॥੪॥੩॥੯॥ [ਸੂਹੀ ਮ: ੫, ਪੰਨਾ ੭੩੮-੩੯

ਗੁਰਮਤਿ ਅਨੁਸਾਰ ਗੁਰਮੁਖੀਆਂ, ਗੁਰ ਅਨੁਸਾਰੀਆਂ ਨੇ ਗੁਰਮਤਿ ਨਾਮ ਦੇ ਬਲ ਨਾਲ ਘਟ ਅੰਤਰ ਹੀ ਵਾਹਿਗੁਰੂ ਨੂੰ ਪਰਤੱਖ ਕਰਨਾ ਹੈ ਤੇ ਪਰਤੱਖ ਪੇਖਣਾ ਹੈ ਵਾਹਿਗੁਰੂ ਨੂੰ। ਏਸ ਗੁਰਮਤਿ ਤੋਂ ਘੁੱਥੇ ਹੋਏ ਮਨਮਤੀ ਮਨਮੁਖ ਪੁਰਸ਼ਾਂ ਨੂੰ ਘਟ ਰੂਪੀ ਘਰ ਅੰਦਰ ਵਾਹਿਗੁਰੂ ਠਾਕਰ ਦਿਸਦਾ ਨਹੀਂ (ਨਦਰ ਨਹੀਂ ਆਉਂਦਾ)। ਉਹ ਬੇਵਕੂਫ਼ ਮਨਮਤੀਏ ਆਪਣੇ ਗਲੇ ਵਿਖੇ ਪੱਥਰ ਦੀ ਮੂਰਤੀ ਲੈ ਕੇ ਲਟਕਾਉਂਦੇ ਹਨ, ਅਤੇ ਇਸੇ ਮੂਰਤੀ-ਪੂਜਾ ਨੂੰ ਹੀ ਠਾਕਰ-ਪੂਜਾ ਕਹਿ ਕੇ ਗੁਜ਼ਾਰਾ ਕਰਦੇ ਹਨ। ਇਸ ਬਿਧਿ ਹੀ ਸਾਰੀ ਉਮਰ ਸਾਕਤ ਨਰ ਮਨਮਤਿ ਦਾ ਗੁਸਿਆ ਹੋਇਆ ਭਰਮ ਭੁੱਲਾ ਹੀ ਫਿਰਦਾ ਰਹਿੰਦਾ ਹੈ ਅਤੇ ਪਾਣੀ ਹੀ ਰਿੜਕ ਰਿੜਕ ਕੇ ਹੀ ਖੱਪ ਖੱਪ ਮਰਦਾ ਹੈ। ਜਿਸ ਪੱਥਰ ਨੂੰ ਉਹ ਠਾਕਰ ਦਸਦਾ ਹੈ ਉਹੀ ਪੱਥਰ ਉਸ ਨੂੰ ਲੈ ਕੇ ਡੁਬ ਜਾਂਦਾ ਹੈ, ਉਹ ਬੜਾ ਹੀ ਗੁਨਹਗਾਰ ਅਤੇ ਲੂਣਹਰਾਮੀ ਮਨਮਤੀਆ ਜਨ ਹੁੰਦਾ ਹੈ। ਕਦੇ ਪੱਥਰ ਦੀ ਬੇੜੀ ਵੀ ਪਾਰ ਲੰਘਾ ਸਕਦੀ ਹੈ? ਭਾਵ, ਪੱਥਰ ਦੀ ਪੂਜਾ ਭਵ-ਸਾਗਰ ਤੋਂ ਪਾਰ ਨਹੀਂ ਉਤਾਰ ਸਕਦੀ। ਇਹ ਕੇਵਲ ਗੁਰੂ ਨਾਨਕ ਸਾਹਿਬ ਦਾ ਹੀ ਦਰ ਘਰ ਹੈ ਜਿਸ ਨਾਲ ਮਿਲ ਕੇ, ਗੁਰੂ ਘਰ ਦੀ ਵਰੋਸਾਈ ਗੁਰਮਤਿ 'ਤੇ ਚੱਲ ਕੇ ਸੱਚੇ ਠਾਕਰ (ਵਾਹਿਗੁਰੂ) ਦਾ ਅਪ੍ਰੋਕਸ਼ ਗਿਆਨ ਹੁੰਦਾ ਹੈ। ਗੁਰ ਨਾਨਕ ਦਾ ਦਰਸਾਇਆ ਹੋਇਆ ਐਸਾ ਠਾਕਰ ਹੈ ਜੋ ਪੱਥਰ ਵਿਚ, ਸੁੱਕੀ ਧਰਤੀ ਵਿਚ ਅਤੇ ਧਰਤ ਅਸਮਾਨ ਦੇ ਵਿਚਕਾਰ ਪੂਰਨ ਬਿਧਾਤਾ ਰੂਪੀ ਸਿਰਜਨਹਾਰ ਹੋ ਕੇ ਭਰਪੂਰ ਹੋ ਰਿਹਾ ਹੈ।

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕ ਤਿਲ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥੨॥
ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥੩॥੪੯॥
[ਸੂਹੀ ਮ: ੫, ਪੰਨਾ ੭੪੭

ਹਿੰਦੂਆਂ ਦੇ ਮੰਨੇ ਪ੍ਰਮੰਨੇ ਦੇਵਤਾ ਬ੍ਰਹਮਾ ਜੀ ਹੋਰੀਂ ਬੇਦ ਪੜ੍ਹ ਪੜ੍ਹ ਕੇ ਹੰਭ ਥੱਕੇ, ਇਕ ਰਾਈ ਮਾਤਰ ਵੀ ਉਸ ਨੂੰ ਸੱਚੇ ਦਰ ਘਰ ਦੀ ਕੀਮਤ ਨਹੀਂ ਪਈ। ਸਾਧਿਕ ਸਿਧ ਕਹਾਵਣ ਵਾਲੇ ਮਹਾਂ ਯੋਗੀ ਪਏ ਵਿਲਕਦੇ ਫਿਰਦੇ ਹਨ, ਇਹ

ਸਾਰੇ ਮਾਇਆ ਮੋਹਣੀ ਨੇ ਮੋਹ ਲਏ। ਹਿੰਦੂ ਮਤ ਅਨੁਸਾਰ ਜੋ ਵਿਸ਼ਨੂ ਦੇਵਤਾ ਦੇ ਦਸ ਅਵਤਾਰ (ਮਛ, ਕਛ, ਬਰਾਹ, ਨਰਸਿੰਘ, ਵਾਮਨ ਜੋ ਸਤਿਜੁਗ ਦੇ ਅਵਤਾਰ ਮੰਨੇ ਗਏ ਹਨ, ਪਰਸ ਰਾਮ ਅਤੇ ਰਾਮ ਚੰਦਰ ਤ੍ਰੇਤੇ ਜੁਗ ਦਾ ਅਵਤਾਰ, ਕ੍ਰਿਸ਼ਨ ਜੀ ਦੁਆਪਰ ਦੇ ਅਤੇ ਬੁਧ ਤੇ ਕਲਿਕੀ ਕਲਜੁਗ ਦੇ) ਇਹ ਰਾਜਸੀ ਦੇਵਤੇ ਹੋ ਕੇ ਵਰਤੇ। ਸ਼ਿਵਜੀ ਤਿਆਗੀ ਤੇ ਵੈਰਾਗੀ ਹੋ ਕੇ ਵਰਤਿਆ (ਅਵਧੂਤ ਰੂਪ ਵਿਚ ਸਾਰੀ ਉਮਰ ਸਰੀਰ ਤੇ ਸਵਾਹ ਮਲਣ ਵਿਚ ਹੀ ਰਿਹਾ), ਭ੍ਰਮਦਾ ਭਟਕਦਾ ਫਿਰਿਆ, ਪਰੰਤੂ ਵਾਹਿਗੁਰੂ ਦੇ ਦਰ ਘਰ ਦਾ ਉਸ ਨੂੰ ਮੁਸ਼ਕ ਮਾਤਰ ਵੀ ਥਹੁ ਥਿਤਾ ਨਾ ਲੱਭਾ।

ਪਰੰਤੂ ਗੁਰੂ ਘਰ ਦੇ ਅਨੁਸਾਰੀ ਗੁਰਮੁਖਿ ਸੰਤ ਜਨਾਂ ਨੇ ਨਾਮ-ਰਸ ਵਿਚ ਲੀਨ ਹੋ ਕੇ ਵਾਹਿਗੁਰੂ ਦਾ ਮੰਗਲ ਗਾਇਆ ਅਤੇ ਸੁਤੇ ਸੁਭਾਵ ਹੀ ਸੱਚੇ ਪਰਮਾਤਮੀ ਸੁਖ ਅਤੇ ਪਰਮਾਤਮੀ ਆਨੰਦ ਮਾਨਣਹਾਰੇ ਹੋ ਗਏ। ਗੁਰੂ ਨਾਨਕ ਰੂਪੀ ਸੱਚੇ ਵਾਹਿਗੁਰੂ ਦਾ ਐਸਾ ਸਫਲ ਦਰਸ਼ਨ ਹੈ ਜਿਸ ਨੂੰ ਭੇਟਣ ਸਾਰ ਹੀ ਨਿਹਾਲੋ ਨਿਹਾਲ ਹੋ ਜਾਈਦਾ ਹੈ ਅਤੇ ਮਨ ਤਨ ਕਰਕੇ ਵਾਹਿਗੁਰੂ ਦੇ ਧਿਆਵਣ ਵਾਲਾ ਬਣ ਜ ਈਦਾ ਹੈ, ਜਿਸ ਵਾਹਿਗੁਰੂ ਨਾਮ ਦੀ ਖ਼ੁਮਾਰੀ ਦੀਆਂ ਬਰਕਤਾਂ ਬੜੀਆਂ ਅਮੋਘ ਤੇ ਅਕੱਥਨੀਯ ਹਨ।

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥
੩॥੫੦॥ [ਸੂਹੀ ਮ: ੫, ਪੰਨਾ ੭੪੭-੪੮

ਇਸ ਗੁਰਵਾਕ ਦੁਆਰਾ ਗੁਰਮਤਿ ਮਾਰਗ ਦਾ ਵਿਸ਼ੇਸ਼ ਮੰਡਨ ਅਤੇ ਆਨਮਤੀ ਕਰਮਾਂ ਧਰਮਾਂ ਦਾ ਖ਼ਾਸ ਖੰਡਨ ਸਿਧ ਹੁੰਦਾ ਹੈ, ਯਥਾ ਵਿਆਖਿਆ—

ਪਾਖੰਡ ਕਰਮ ਧਰਮ ਕਰਨ ਵਾਲਿਆਂ ਦੇ ਸਿਰ ਤੋਂ ਜਮ ਜਾਗਾਤ ਦਾ ਡੰਡ ਉਤਰਦਾ ਨਹੀਂ। ਇਹ ਸਾਰੇ ਪਾਖੰਡੀ ਕਰਮ-ਧਰਮੀ ਉਰੇ ਉਰੇ ਹੀ ਲੁੱਟੇ ਜਾਂਦੇ ਹਨ, ਇਨ੍ਹਾਂ ਦੀ ਖੇਪ ਖ਼ਾਲੀ ਹੀ ਰਹਿੰਦੀ ਹੈ। ਗੁਰਮਤਿ ਅਨੁਸਾਰ ਵਾਹਿਗੁਰੂ

 www.sikhbookclub.com

ਦਾ ਨਿਰਬਾਣ ਕੀਰਤਨ, ਵਾਹਿਗੁਰੂ ਗਾਵਨਹਾਰੇ, ਵਾਹਿਗੁਰੂ ਦਾ ਨਿਰੋਲ ਜਸ ਕਰਨਹਾਰੇ ਇਕ ਨਿਮਖ ਮਾਤਰ ਵੀ ਵਾਹਿਗੁਰੂ ਨਾਮ ਦਾ ਸਿਮਰਨ ਕਰ ਕੇ ਮੁਕਤ ਪਦ ਨੂੰ ਪ੍ਰਾਪਤ ਹੁੰਦੇ ਹਨ। ਤਾਂ ਤੇ, ਹੇ ਸੰਤ ਜਨੋ, ਗੁਰਮੁਖੋ ! ਗੁਰਮਤਿ ਦੇ ਪਾਂਧੀਓ ! ਸੱਚੇ ਪ੍ਰਮਾਰਥ ਦੇ ਖੋਜੀਓ ! ਭਵ ਸਾਗਰ ਨੂੰ ਪਾਰ ਉਤਰਨ ਦਾ ਇੱਕੋ ਇਕ ਵਸੀਲਾ ਇਹੀ ਹੈ ਕਿ ਸਤਿਗੁਰ ਦੇ ਦੁਆਰਿਓਂ ਪ੍ਰਾਪਤ ਹੋਏ ਗੁਰ-ਦੀਖਿਆ ਰੂਪੀ ਬਚਨ ਦੀ ਅਤੁੱਟ ਕਮਾਈ ਕਰੋ। ਗੁਰੂ ਦੇ ਪ੍ਰਸਾਦ ਕਰਿ ਭਵ-ਸਾਗਰ ਤੋਂ ਪਾਰ ਉਤਰ ਜਾਓ। ਆਨਮਤ ਦੇ ਕਰੋੜਾਂ ਤੀਰਥਾਂ ਦਾ ਭਾਵੇਂ ਕੋਈ ਮਜਨ-ਇਸ਼ਨਾਨੀ ਹੋ ਜਾਵੇ, ਇਸ ਕਲਜੁਗ ਵਿਖੇ ਇਨ੍ਹਾਂ ਤੀਰਥਾਂ ਵਿਚ ਨ੍ਹਾਤਿਆਂ ਹਰਗਿਜ਼ ਮੈਲ ਨਹੀਂ ਉਤਰਦੀ, ਅੰਤਰ ਆਤਮੇ ਮੈਲ ਭਰੀ ਹੀ ਰਹਿੰਦੀ ਹੈ। ਇਸ ਮੈਲ ਤੋਂ ਰਹਿਤ ਨਿਰਮਲ ਜਨ ਉਹੀ ਹੋ ਰਹਿੰਦੇ ਹਨ ਜੋ ਗੁਰੂ ਘਰ ਦੀ ਸਾਧ ਸੰਗਤ ਵਿਚ ਮਿਲ ਕੇ ਵਾਹਿਗੁਰੂ ਦੇ ਗੁਣ ਗਾਉਂਦੇ ਹਨ। ਬੇਦ ਆਦਿਕ, ਸਿਮ੍ਰਤੀਆਂ ਸ਼ਾਸਤ੍ਰ ਆਦਿਕ ਹਿੰਦੂ ਮਤ ਦੀਆਂ ਸਾਰੀਆਂ ਪੁਸਤਕਾਂ ਨੂੰ ਅਤੇ ਮੁਸਲਮਾਨੀ ਮਤ ਦੀਆਂ ਕਤੇਬਾਂ ਨੂੰ ਪੜ੍ਹਨ ਘੋਖਣ ਕਰਕੇ ਮੁਕਤੀ ਉੱਕੀ ਹੀ ਨਹੀਂ ਮਿਲਦੀ। ਵਾਹਿਗੁਰੂ ਨਾਮ ਦਾ ਇੱਕੋ ਅੱਖਰ ਗੁਰਮਤਿ ਤੋਂ ਧਾਰਨ ਕਰ ਕੇ ਜਪਿਆ ਜਾਵੇ, ਤਿਸ ਦੀ ਸੋਭਾ ਨਿਰਾਲੀ ਹੀ ਹੈ। ਇਹ ਗੁਰਮਤਿ ਗੁਰ-ਦੀਖਿਆ ਰੂਪੀ ਉਪਦੇਸ਼ ਬ੍ਰਾਹਮਣ, ਖਤਰੀ, ਸੂਦ, ਵੈਸ਼, ਚਹੁੰਆਂ ਵਰਨਾਂ ਨੂੰ ਹੀ ਸਾਂਝਾ ਇਕੋ ਜਿਹਾ ਹੈ, ਜਿਸ ਵਿਚ ਉੱਚੀ ਨੀਵੀਂ ਜਾਤ ਦਾ ਕੋਈ ਵਿਤਕਰਾ ਨਹੀਂ। ਗੁਰਮਤਿ ਅਨੁਸਾਰ ਗੁਰੂ ਦਵਾਰਿਓਂ ਗੁਰ-ਦੀਖਿਆ ਲੈ ਕੇ ਵਾਹਿਗੁਰੂ-ਨਾਮ-ਜਾਪ ਹੀ ਇਸ ਕਲਜੁਗ ਵਿਖੇ ਸੱਚਾ ਉਧਾਰ ਕਰਨ ਵਾਲਾ ਜ਼ਰੀਆ ਹੈ। ਕੇਵਲ ਇਸੇ ਬਿਧਿ ਹੀ ਜੋ ਜੋ ਗੁਰਮੁਖਿ ਜਨ ਵਾਹਿਗੁਰੂ ਦਾ ਜਾਪ ਕਰਦੇ ਹਨ ਤਿਨ੍ਹਾਂ ਜਨਾਂ ਦੇ ਘਟਾਂ ਅੰਦਰ ਪਰਤੱਖ ਪ੍ਰਕਾਸ਼ ਹੋ ਕੇ ਵਿਆਪਿਆ ਹੋਇਆ ਵਾਹਿਗੁਰੂ ਨਜ਼ਰੀ ਆਉਂਦਾ ਹੈ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾ ਸਭਿ ਕੂੜੁ ਗਾਲ੍ਹੀ ਹੋਛੀਆ ॥੧॥੫॥੧੬॥

[ਸੂਹੀ ਮ: ੫, ਪੰਨਾ ੭੬੧

ਦੋ-ਤੁਕੀ ਸਾਫ਼ ਇਹ ਦਸਦੀ ਹੈ ਕਿ ਨਾਮ ਰੂਪੀ ਅਪਾਰ ਨਿਧਾਨ ਭਗਤਾਂ ਦੇ ਮਨ ਵਿਖੇ ਵਸਦਾ ਹੈ। ਭਗਤਾਂ ਦੇ ਪਦ ਤੋਂ ਮੁਰਾਦ ਗੁਰੂ ਘਰ ਦੇ ਗੁਰਮੁਖਿ ਨਾਮ ਅਭਿਆਸੀ ਜਨਾਂ ਤੋਂ ਹੈ। ਕਿਉਂਕਿ ਜਨਮ ਮਰਨ ਲਈ ਮੋਹ ਰੂਪੀ ਦੁਖ ਕੇਵਲ ਸਾਧੂ ਸੰਗ ਤੋਂ ਹੀ ਨਸਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਬਿਨਾਂ ਸਾਧੂ ਸੰਗ, ਭਾਵ, ਸੱਚਾ ਸਤਿਸੰਗ ਕਿਤੇ ਵੀ ਨਸੀਬ ਨਹੀਂ ਹੁੰਦਾ।

# ੬੨. ਲਾਵਾਂ ਦਾ ਅਰਥ

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿਰਾਮ ਜੀਉ ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ ॥੧॥੨॥
[ਸੂਹੀ ਮਹਲਾ ੪, ਪੰਨਾ ੭੭੩

ਇਨ੍ਹਾਂ ਲਾਵਾਂ ਦਵਾਰਾ ਗੁਰੂ ਸਾਹਿਬ ਨੇ ਜਗਿਆਸੂ ਇਸਤ੍ਰੀ ਲਈ ਪਰਮਾਤਮਾ ਰੂਪੀ ਪਤੀ ਪ੍ਰਾਪਤ ਕਰਨ ਹਿਤ ਚਾਰ ਪ੍ਰਕਾਰ ਦੇ ਜ਼ਰੂਰੀ ਤੇ ਲਾਜ਼ਮੀ ਪਉੜੇ ਨੀਯਤ ਕੀਤੇ ਹਨ। ਪ੍ਰਮਾਰਥ ਦੇ ਰੰਗਾਂ ਵਿਚ ਗੀਧੇ ਹੋਏ ਇਹੀ ਚਾਰ ਪਉੜੇ ਸੰਸਾਰਕ ਇਸਤ੍ਰੀ ਦੇ ਸੰਸਾਰਕ ਪਤੀ ਨਾਲ ਸੰਬੋਧਤ ਹੋਏ ਦ੍ਰਿੜ੍ਹੇ ਦ੍ਰਿੜ੍ਹਾਏ ਗਏ ਹਨ, ਇਸੇ ਕਰਕੇ ਇਸ ਹਰੇਕ ਪਉੜੇ ਨੂੰ ਪੜ੍ਹ ਦ੍ਰਿੜ੍ਹ ਕੇ ਪ੍ਰਕਰਮਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਕੀਤੀਆਂ ਜਾਂਦੀਆਂ ਹੈਨ—ਕਿ ਸੰਸਾਰਕ ਇਸਤ੍ਰੀ ਪੁਰਸ਼ ਇਹਨਾਂ ਦੀ ਪ੍ਰਕਰਮਾ ਰੂਪੀ ਚਹੁੰ ਪਉੜਿਆਂ ਦੀ ਸਿਖਸ਼ਾ ਤੇ ਚਲਦੇ ਹੋਏ ਆਪਣਾ ਵਿਵਹਾਰ ਤੇ ਪ੍ਰਮਾਰਥ ਦੋਵੇਂ ਹੀ ਸਵਾਰਨਗੇ।

ਇਸ ਪਹਿਲੀ ਲਾਵ ਰੂਪੀ ਪ੍ਰਕਰਮਾ ਦਵਾਰਾ ਗੁਰਮਤਿ ਪ੍ਰਮਾਰਥ ਦੀ ਜਗਿਆਸਾ ਰੂਪੀ ਇਸਤ੍ਰੀ ਪ੍ਰਥਾਇ ਪਹਿਲੀ ਸਿਖਸ਼ਾ ਇਹ ਦ੍ਰਿੜ੍ਹ ਕਰਵਾਈ ਗਈ ਹੈ ਕਿ ਆਨ-ਮਤੀਆਂ ਦੀ ਨਿਆਈਂ ਸੰਸਾਰ ਨੂੰ ਤਜਣਾ ਨਹੀਂ ਅਤੇ ਨਿਰਵਿਰਤੀ ਪੱਖ ਧਾਰਨ ਨਹੀਂ ਕਰਨਾ, ਸਗੋਂ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਪਰਮਾਤਮਾ ਪਤੀ ਨੂੰ ਪਾਉਣਾ ਹੈ। ਤਾਂ ਤੇ ਨਿਰਵਿਰਤੀ ਨੂੰ ਛਡ ਕੇ ਗ੍ਰਿਹਸਤ ਵਿਖੇ ਰਹਿਣ ਵਾਲਾ ਹੀ ਪਰਵਿਰਤੀ ਧਰਮ ਇਸ ਬਿਧਿ ਦ੍ਰਿੜ੍ਹਾਇਆ ਗਿਆ ਹੈ ਕਿ ਗੁਰਬਾਣੀ ਨੂੰ ਹੀ ਬ੍ਰਹਮਾ ਦਾ ਵੇਦ ਮੰਨ ਕੇ, ਗੁਰਬਾਣੀ ਅੰਦਰ ਹੀ ਦਰਸਾਏ ਧਰਮ ਨੂੰ ਦ੍ਰਿੜ੍ਹਨਾ ਹੈ ਅਤੇ ਗੁਰਮਤਿ ਗੁਰਬਾਣੀ ਅਨੁਸਾਰ ਤਜਣ ਜੋਗ ਪਾਪਾਂ ਨੂੰ ਤਜਣਾ ਹੈ।

ਉਹ ਸੱਚਾ ਧਰਮ ਕਿਹੜਾ ਹੈ? ਵਾਹਿਗੁਰੂ ਨਾਮ ਨੂੰ ਧਿਆਵਣ ਵਾਲਾ ਹੀ ਸੱਚਾ ਧਰਮ ਦ੍ਰਿੜ੍ਹਨਾ ਹੈ, ਗੁਰਬਾਣੀ ਨੇ ਨਾਮ ਹੀ ਸੱਚਾ ਸਿਮ੍ਰਿਤਿ ਪੱਖ ਦ੍ਰਿੜ੍ਹਾਇਆ ਹੈ। ਭਾਵ, ਹੋਰ ਕੋਈ ਭੀ ਆਨਮਤ ਧਰਮ ਵਾਲੇ ਸਿਮ੍ਰਿਤਿ ਪਾਠ ਆਦਿਕ ਬ੍ਰਹਮਾ ਦੇ ਬਣਾਏ ਹੋਏ ਵੇਦ ਨਹੀਂ ਮੰਨਣੇ ਤੇ ਨਾ ਹੀ ਉਨ੍ਹਾਂ ਤੇ ਚੱਲਣਾ

ਹੈ। ਸਤਿਗੁਰ ਗੁਰ ਪੂਰਾ (ਵਾਹਿਗੁਰੂ ਹੀ) ਹਰ ਸਮੇਂ ਗ੍ਰਿਹਸਤ ਧਰਮ ਦੇ ਹਰ ਕਾਰਜ ਵਿਖੇ ਅਰਾਧਣਾ ਹੈ। ਬਸ, ਇਸੇ ਬਿਧਿ ਹੀ (ਭਾਵ, ਗੁਰਮਤਿ ਨਾਮ ਦੇ ਅਰਾਧਣ ਕਰਕੇ ਹੀ) ਸਭ ਵਡੇ ਵਡੇ ਪਾਪ, ਉਗਰ ਪਾਪ ਦੂਰ ਹੋ ਜਾਂਦੇ ਹਨ। ਏਸ ਪ੍ਰਕਾਰ ਅਨਿੰਨ ਸਿਖ ਬਣ ਕੇ ਗੁਰਬਾਣੀ ਤੇ ਗੁਰਮਤਿ ਨਾਮ ਤੋਂ ਬਿਨਾਂ ਹੋਰ ਕਿਸੇ ਭੀ ਆਨਮਤ ਧਰਮ ਕਰਮ ਨੂੰ ਨਾ ਮੰਨਣ ਵਾਲਾ ਜੋ ਗੁਰਮਤਿ ਅਨਿੰਨ ਜਗਿਆਸੂ ਹੈ, ਕੇਵਲ ਤਿਸੇ ਨੂੰ ਹੀ ਸਹਜ ਅਨੰਦ ਵਾਲਾ ਪ੍ਰਮਾਰਥੀ ਮੁਰਾਤਬਾ ਵਡੇ ਭਾਗਾਂ ਕਰਕੇ ਨਸੀਬ ਹੁੰਦਾ ਹੈ ਅਤੇ ਤਿਸੇ ਨੂੰ ਹੀ ਵਾਹਿਗੁਰੂ ਨਾਮ ਦਾ ਅਭਿਆਸ ਮਿੱਠਾ ਲਗਦਾ ਹੈ।

ਗੁਰਮਤਿ ਦਰਸਾਏ ਪ੍ਰਮਾਰਥ ਦੇ ਸੱਚੇ ਆਸ਼ਕ ਅਭਿਆਸੀ, ਗੁਰਮਤਿ ਮਾਰਗ ਦੇ ਮੁਤਲਾਸ਼ੀ ਜਨ ਨੂੰ ਸੱਚੀ ਜਗਿਆਸਾ ਦਾ ਪਹਿਲਾ ਪਉੜਾ ਲਾਜ਼ਮੀ ਤੌਰ ਤੇ ਦ੍ਰਿੜ੍ਹ ਕਰਨਾ ਬਣਦਾ ਹੈ ਕਿ ਗੁਰਮਤਿ ਨਾਮ, ਗੁਰਮਤਿ ਬਾਣੀ ਅਤੇ ਗੁਰਮਤਿ ਕਰਮ ਤੋਂ ਬਿਨਾਂ ਆਨਮਤ ਧਰਮ ਵਾਲੀ ਹਰ ਪ੍ਰਕਾਰ ਦੀ ਉਪਾਸ਼ਨਾ ਦਾ ਪ੍ਰਤਿਆਗ ਕਰੀ ਰੱਖੇ। ਗ੍ਰਿਹਸਤ ਧਰਮ ਧਾਰਨੀ ਇਸਤ੍ਰੀ ਪੁਰਸ਼ ਜੋੜਾ ਭੀ ਸੱਚੇ ਅਨਿੰਨ ਸਿੱਖਾਂ ਵਾਲੀ ਰਹਿਣੀ ਬਹਿਣੀ ਧਾਰਨ ਦੀ ਪ੍ਰਤਗਿਆ ਰੂਪੀ ਲਾਵ (ਪ੍ਰਕਰਮਾ) ਆਪਣੇ ਇਸ਼ਟ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਕਰ ਕੇ ਪ੍ਰਿਥਮ ਇਸ ਗੱਲ ਤੇ ਦ੍ਰਿੜ੍ਹ ਹੋਵੇ ਕਿ ਉਹ ਕਿਸੇ ਵੀ ਆਨਮਤ ਧਰਮ ਅਤੇ ਮਨਮਤਿ ਕਰਮ ਵਿਚ ਪ੍ਰਵਿਰਤ ਨਹੀਂ ਹੋਵੇਗਾ, ਕੇਵਲ ਗੁਰਮਤਿ ਦਰਸਾਇਆ ਧਰਮ ਕਰਮ ਹੀ ਦ੍ਰਿੜ੍ਹ ਕਰੀ ਰਖੇਗਾ।

ਇਸ ਬਿਧਿ ਗੁਰਮਤਿ ਦਰਸਾਈ ਇਸ ਪਹਿਲੀ ਲਾਵ (ਪ੍ਰਕਰਮਾ) ਦੇ ਭਾਵ ਵਾਲੀ ਗੁਰਮਤਿ ਸਿਖਸ਼ਾ ਨੂੰ ਦ੍ਰਿੜ੍ਹ ਕਰਦਾ ਹੋਇਆ ਗੁਰਮਤਿ ਧਰਮ ਅਨੁਸਾਰ ਗ੍ਰਿਹਸਤ ਧਰਮ ਦੀ ਧਾਰਨਾ ਧਾਰਨ ਵਾਲਾ ਇਸਤ੍ਰੀ ਪੁਰਸ਼ (ਸਿੱਖੀ ਮਤ ਵਾਲਾ) ਜੋੜਾ ਆਪਣੇ ਇਸ਼ਟ ਗੁਰੂ ਦੀ ਪ੍ਰਕਰਮਾ ਲੈਂਦਾ ਹੋਇਆ ਇਸ ਲਾਵ ਅੰਦਰ ਦਰਸਾਈ ਸਿਖਸ਼ਾ ਨੂੰ ਗਹਿ ਕਰਕੇ ਧਾਰਨ ਕਰੀ ਰਖੇਗਾ, ਤਾਂ ਉਸ ਜੋੜੇ ਨੂੰ ਗੁਰਮਤਿ ਪ੍ਰਮਾਰਥ ਦੇ ਸਹਜ ਅਨੰਦ ਪ੍ਰਾਪਤ ਕਰਨ ਦਾ ਅਵਸਰ ਨਸੀਬ ਹੋਵੇਗਾ। ਉਹ ਵਡਭਾਗੀ ਜੋੜਾ ਸਹਜ ਆਨੰਦ ਪ੍ਰਾਪਤ ਕਰਨ ਦਾ ਰਸਾਇਣੀ ਵਾਸਲ (ਵਸਲ ਕਰਨਹਾਰਾ) ਹੋਵੇਗਾ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਬਿਧਿ ਦ੍ਰਿੜ੍ਹੀ ਪਹਿਲੀ ਲਾਵ ਧਾਰਨ ਕੀਤਿਆਂ ਗੁਰਮਤਿ ਕਾਰਜ ਦਾ ਦੁਵੱਲਾ ਅਤੇ ਸੱਚਾ ਆਰੰਭ ਆਰੰਭਿਆ ਜਾਂਦਾ ਹੈ।

**ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥**
**ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥੧੦॥**

[ਸੂਹੀ ਮ: ੫, ਪੰਨਾ ੭੮੩

 www.sikhbookclub.com

ਵਾਹਿਗੁਰੂ ਪੂਰਨ ਪੁਰਖ ਅਚੁਤ ਅਬਿਨਾਸੀ (ਅਟੱਲ ਪ੍ਰਤਾਪੀ) ਸਚੜਾ ਵੇਦ ਮਈ ਜਸ ਗੁਰਬਾਣੀ ਰੂਪੀ ਪੁਰਾਣਾਂ ਦੇ ਰਾਹੀਂ ਹੀ ਗਾਇਆ ਜਾ ਸਕਦਾ ਹੈ। ਵਾਹਿਗੁਰੂ ਪਰਮੇਸ਼ਰ ਨੇ ਆਪਣਾ ਜਸ ਗਾਵਣ ਰੂਪੀ ਬਿਰਦ ਆਪ ਹੀ ਆਪਣੀ ਗੁਰਬਾਣੀ ਦਵਾਰਾ ਰਖਿਆ ਹੈ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਗੁਰਬਾਣੀ, ਵਾਹਿਗੁਰੂ ਦੀ ਨਿਜ ਕ੍ਰਿਤ ਦਵਾਰਾ ਹੀ ਗੁਰਮਤਿ ਨਾਮ (ਵਾਹਿਗੁਰੂ) ਧਿਆਇਆ ਜਾ ਸਕਦਾ ਹੈ। "ਜਸੁ ਵੇਦ ਪੁਰਾਣੀ ਗਾਇਆ" ਅਧ ਪੰਗਤੀ ਦਾ ਇਹ ਭਾਵ ਹਰਗਿਜ਼ ਨਹੀਂ (ਜੈਸਾ ਕਿ ਵੇਦ-ਭਗਤ ਗਿਆਨੀ ਕਰਦੇ ਹਨ) ਕਿ ਵੇਦਾਂ ਪੁਰਾਣਾਂ ਆਨਮਤ ਪੁਸਤਕਾਂ ਨੇ ਤੇਰਾ ਜਸ ਗਾਇਆ ਹੈ। ਇਹ ਅਰਥ ਬਿਲਕੁਲ ਗ਼ਲਤ ਹਨ, ਜੇ ਠੀਕ ਹੁੰਦੇ ਤਾਂ ਵੇਦ ਦੇ ਦੱਦੇ ਅੱਖਰ ਨੂੰ ਵੀ ਸਿਹਾਰੀ ਹੁੰਦੀ। ਏਥੇ ਵੇਦ ਦਾ ਭਾਵ ਗੁਰਬਾਣੀ ਰੂਪੀ ਵੇਦ ਦੇ ਜਸ ਤੋਂ ਹੈ। ਗੁਰਮਤਿ ਅੰਦਰ ਵਾਹਿਗੁਰੂ ਨਾਮ ਦੀ ਅਕੱਥ ਕਥਾ ਤੋਂ ਵਧ ਕੇ ਹੋਰ ਕੋਈ ਪੁਰਾਣ ਨਹੀਂ। ਜੈਸਾ ਕਿ 'ਸਦ' ਗੁਰਬਾਣੀ ਵਿਚ ਆਇਆ ਹੈ ਕਿ "ਹਰਿ ਹਰਿ ਕਥਾ ਪੜਹਿ ਪੁਰਾਣੁ ਜੀਉ"* । ਇਥੇ ਭਾਵ ਹੈ ਗੁਰਬਾਣੀ ਦੇ ਨਿਰਬਾਣ ਦੇ ਨਾਲ ਨਾਲ ਅਖੰਡ ਵਾਹਿਗੁਰੂ ਦੇ ਨਾਮ ਰੂਪੀ ਜਾਪ-ਮਈ **ਪੁਰਾਣ** ਪੜ੍ਹਨੇ ਹਨ, ਉਥੇ ਹਰਗਿਜ਼ ਇਹ ਭਾਵ ਨਹੀਂ ਕਿ ਹਿੰਦੂ ਮੱਤਾਂ ਵਾਲੇ ਪੁਰਾਣ ਪੜ੍ਹਨੇ ਹਨ। (ਦੇਖੋ 'ਗੁਰਬਾਣੀ ਲ਼ਗਾਂ ਮਾਤ੍ਰਾਂ ਦੀ ਵਿਲੱਖਣਤਾ' ਵਾਲੀ ਪੁਸਤਕ 'ਸਦ ਰਾਮਕਲੀ' ਦੀ ਵਿਆਖਿਆ)। ਆਨਮਤੀ ਪੁਸਤਕਾਂ ਵੇਦਾਂ ਪੁਰਾਣਾਂ ਨੇ ਵਾਹਿਗੁਰੂ ਦਾ ਕੀ ਜਸ ਗਾਵਣਾ ਸੀ ? ਜੋ ਵੇਦ ਪੁਰਾਣ ਤ੍ਰੈਗੁਣੀ ਮਾਇਆ ਦੇ ਧੰਧ ਬੰਧ ਤੋਂ ਉੱਪਰ ਉਠਦੇ ਹੀ ਨਹੀਂ, ਉਨ੍ਹਾਂ ਨੇ ਤੁਰੀਆ ਗੁਣੀ ਚੌਥੇ ਪਦ ਵਾਲੇ ਅਦ੍ਰਿਸ਼ਟ ਵਾਹਿਗੁਰੂ ਦਾ ਜਸ ਕੀ ਗਾਵਣਾ ਸੀ ? ਇਹ ਤਾਂ ਧੁਰੋਂ ਆਈ ਗੁਰਬਾਣੀ ਹੀ ਗਾਵ ਸਕਦੀ ਹੈ, ਜੋ ਤੁਰੀਆ ਗੁਣੀ ਪ੍ਰਮਾਰਥ ਦੀ ਬੋਧਕ ਹੈ।

ਸ੍ਰਤਿ ਸਿਮ੍ਰਿਤਿ ਗੁਨ ਗਾਵਹਿ ਕਰਤੇ ਸਿਧ ਸਾਧਿਕ ਮੁਨਿ ਜਨ ਧਿਆਇਆ ॥
ਨਾਨਕ ਸਰਨਿ ਕ੍ਰਿਪਾਨਿਧਿ ਸੁਆਮੀ ਵਡਭਾਗੀ ਹਰਿ ਹਰਿ ਗਾਇਆ ॥੪॥੧॥
੧੧॥ [ਸੂਹੀ ਮਃ ੫, ਪੰਨਾ ੭੮੫

ਵਾਹਿਗੁਰੂ ਕਰਤੇ ਦੇ ਸੁਰਤਿ ਸਿਮ੍ਰਿਤਿ ਰੂਪੀ ਗੁਣ ਗਾਵਣਹਾਰੇ ਹੀ ਸੱਚੇ ਸਿਧ ਸਾਧਿਕ ਮੁਨਿ ਜਨ ਹਨ। ਇਹੀ ਗੁਰੂ ਘਰ ਦੇ ਭਗਤ ਜਨ ਵਾਹਿਗੁਰੂ ਨੂੰ ਧਿਆਵਣਹਾਰੇ ਹਨ । ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਕ੍ਰਿਪਾਨਿਧਿ ਵਾਹਿਗੁਰੂ ਸੁਆਮੀ ਦੇ ਏਨ੍ਹਾਂ ਵਡਭਾਗੀ ਭਗਤ ਜਨਾਂ ਨੇ ਹੀ (ਤੱਤ ਯਥਾਰਥੀ) ਵਾਹਿਗੁਰੂ ਦਾ ਜਸ ਗਾਇਆ ਹੈ। ਪਹਿਲੀ ਪੰਗਤੀ ਅੰਦਰ ਵਾਹਿਗੁਰੂ ਦੇ ਗੁਣ ਹੀ ਸੱਚੀਆਂ ਸੁਰਤੀਆਂ ਸਿਮ੍ਰਤੀਆਂ ਕਰਕੇ ਦਰਸਾਏ ਗਏ ਹਨ ਅਤੇ ਇਹ

* [ਰਾਮਕਲੀ ਸਦੁ, ੫॥੧॥ ਪੰਨਾ ੯੨੩

ਵਾਹਿਗੁਰੂ ਦੇ ਗੁਣ ਗਾਵਣਹਾਰੇ ਹੀ ਅਤੇ ਵਾਹਿਗੁਰੂ ਨੂੰ ਧਿਆਵਣਹਾਰੇ ਗੁਰਮੁਖਿ ਜਨ ਹੀ ਸੱਚੇ ਸਿਧ ਸਾਧਿਕ ਮੁਨੀ ਜਨ ਗੁਰਮਤਿ ਅੰਦਰ ਵਿਧਾਨੇ ਗਏ ਹਨ, ਹੋਰ ਬੇਦਾਂ ਆਦਿਕ ਸੁਰਤੀਆਂ ਸਿਮਤ੍ਰੀਆਂ ਮਈ ਆਨਮਤ ਪੁਸਤਕਾਂ ਨੇ ਵਾਹਿਗੁਰੂ ਦੇ ਕੀ ਗੁਣ ਗਾਵਣੇ ਸੀ। 'ਸ੍ਰਿਤਿ' ਦੇ 'ਤਿ' ਸਿਹਾਰੀ, ਬਿਹਾਰੀ ਦਾ ਅਰਥ ਦੇਂਦੀ ਹੈ ਅਤੇ ਸੁਰਤੀ ਭਾਵ ਦਰਸਾਉਂਦੀ ਹੈ। ਇਸੇ ਤਰ੍ਹਾਂ ਸ੍ਰਿਮਿਤਿ ਦੇ 'ਤਿ' ਦੀ ਬਿਹਾਰੀ ਦਾ ਕੰਮ ਦੇਂਦੀ ਹੈ ਤੇ ਸਿਮ੍ਰਿਤੀ ਅਰਥ ਦ੍ਰਿੜ੍ਹਾਉਂਦੀ ਹੈ। ਏਨ੍ਹਾਂ ਦੋਹਾਂ 'ਤੱਤਿਆਂ' ਨੂੰ ਲੱਗੀਆਂ ਸਿਹਾਰੀਆਂ 'ਨੇ' ਦਾ ਅਰਥ ਹਰਗਿਜ਼ ਨਹੀਂ ਦੇਂਦੀਆਂ। ਤਾਂ ਤੇ ਇਸ ਦੋ-ਤੁਕੀ ਅੰਦਰ ਆਨਮਤ ਪੁਸਤਕਾਂ ਸੁਰਤੀਆਂ ਸਿਮ੍ਰਿਤੀਆਂ ਦਾ ਗੁਰਮਤਿ ਅਨੁਸਾਰ ਮੰਡਨ ਉੱਕਾ ਹੀ ਨਹੀਂ।

ਬਾਂਗਾ ਬੁਰਗੂ ਸਿੰਙੀਆ ਨਾਲੇ ਮਿਲੀ ਕਲਾਣ ॥
ਇਕਿ ਦਾਤੇ ਇਕਿ ਮੰਗਤੇ ਨਾਮੁ ਤੇਰਾ ਪਰਵਾਣੁ ॥
ਨਾਨਕ ਜਿਨੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥
੨॥੧੪॥ [ਵਾਰ ਸੂਹੀ ਮ: ੧, ਪੰਨਾ ੭੯੦

ਆਨਮਤੀ ਲੋਕ ਅਨੇਕਾਂ ਮਤਾਂ ਦੇ ਬਾਹਰਮੁਖੀ ਭੇਖ ਪਾਖੰਡ ਕਰਦੇ ਹਨ, ਜੋ ਗੁਰਮਤਿ ਅਨੁਸਾਰ ਸਭ ਖੰਡਨ ਯੋਗ ਹਨ। ਮੁਲਾਣੇ ਤਾਂ ਬਾਂਗ ਦੇ ਕੇ ਅਤੇ ਮੰਗਤੇ ਲੋਕ ਤੂਤੀਆਂ (ਬੁਰਗੂ) ਵਜਾ ਕੇ, ਭੇਖੀ ਜੋਗੀ ਲੋਕ ਸਿੰਙੀ ਸੁਣਾ ਕੇ, ਅਤੇ ਮਰਾਸੀ ਲੋਕਾਂ ਦੇ ਲੇਖਾਂ ਵਿਚ ਵਡੇ ਮਾਇਆਧਾਰੀ ਲੋਕਾਂ ਦੀਆਂ ਕਲਾਣਾਂ (ਵਡਿਆਈਆਂ) ਦੇਣੀਆਂ ਹੀ ਲਿਖੀਆਂ ਹੋਈਆਂ ਹਨ। ਇਹ ਸਭ ਸੰਸਾਰੀ ਤ੍ਰੈਗੁਣੀ ਕਰਮ ਹੀ ਹਨ। ਕੋਈ ਨਿਰਲੱਜ ਪੁਰਸ਼ ਦਾਤਾ ਬਣਿ ਬਣਿ ਬਹਿੰਦਾ ਹੈ। ਕੋਈ ਮੰਗਣ ਦੀ ਆਦਤ ਵਿਚ ਬਾਵਰਾ ਹੋਇਆ ਹੋਇਆ ਪੁਰਸ਼ ਮੰਗਾਂ ਮੰਗਣ ਨੂੰ ਹੀ ਪਰਮ ਧਰਮ ਸਮਝਦਾ ਹੈ। ਮੰਗਾਂ ਵੀ ਸੰਸਾਰੀ ਦਾਤਿਆਂ ਪਾਸੋਂ ਮੰਗਦੇ ਹਨ, ਇਹ ਲੋਕ ਆਪੇ ਹੀ ਦਾਤੇ, ਮੰਗਤੇ ਬਣ ਬਣ ਬਹਿੰਦੇ ਹਨ। ਇਹ ਸਭ ਤ੍ਰੈਗੁਣੀ ਪਦਾਰਥਾਂ ਦੇ ਹੀ ਯਾਚਕ (ਮੰਗਤੇ) ਹਨ। ਗੁਰਮਤਿ ਦਾ ਤੱਤ ਤੁਰੀਆ ਪਦੀ ਪਦਾਰਥ ਕੇਵਲ ਨਿਰੰਕਾਰੀ ਨਾਮ ਹੀ ਹੈ। ਗੁਰਮੁਖਾਂ ਨੂੰ ਤਾਂ ਕੇਵਲ ਗੁਰਮਤਿ ਨਾਮ-ਪਦਾਰਥ ਦੇ ਤੁਰੀਆ ਪਦੀ ਵਾਪਾਰ ਹੀ ਦਰਕਾਰ ਹਨ। ਨਾਮ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਵਸਤੂ ਦਰਕਾਰ ਨਹੀਂ। ਕੇਵਲ ਨਾਮ ਹੀ ਨਾਮ ਪ੍ਰਵਾਨ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜਿਨ੍ਹਾਂ ਗੁਰਮੁਖਾਂ ਨੇ ਨਾਮ ਨੂੰ ਸੁਣ ਕੇ ਮੰਨਿਆ ਹੈ, ਨਾਮ ਗੁਰਮੰਤ੍ਰ ਦੀ ਗੁਰ-ਦੀਖਿਆ ਲੈ ਕੇ ਉਸ ਦੀ ਅਭਿਆਸ ਕਮਾਈ ਕੀਤੀ ਹੈ, ਮੈਂ ਤਿਨ੍ਹਾਂ ਨਾਮ ਅਭਿਆਸੀ ਗੁਰਮੁਖਿ ਜਨ ਵਿਟਹੁ ਸਦਾ ਕੁਰਬਾਨ ਜਾਂਦਾ ਹਾਂ।

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥੧੭॥
[ਵਾਰ ਸੂਹੀ, ਸਲੋਕ ਮ: ੧, ਪੰਨਾ ੭੯੧

ਏਸ ਗੁਰਵਾਕ ਦਵਾਰਾ ਗੁਰੂ ਸਾਹਿਬ ਨੇ ਬੇਦ ਆਦਿਕ ਆਨਮਤੀ ਪੁਸਤਕਾਂ ਦਾ ਪੜ੍ਹਨ ਸੁਣਨ ਮਾਤਰ ਸਭ ਖੰਡਨ ਕੀਤਾ ਹੈ। ਇਹ ਵੇਦਾਂ ਦੇ ਪਾਠ ਪੜ੍ਹਨ ਆਦਿਕ ਮਹਿਜ਼ ਤ੍ਰੈਗੁਣੀ ਮਾਇਕ ਕਾਰਜ ਸੰਸਾਰ ਵਾਲੇ ਹੀ ਰਹਿ ਗਏ ਹਨ। ਜੇ ਵੇਦਾਂ ਵਿਚ ਕੋਈ ਪ੍ਰਮਾਰਥੀ ਸੂਝ ਬੂਝ ਦਰਜ ਹੁੰਦੀ, ਤਾਂ ਉਨ੍ਹਾਂ ਦੇ ਪੜ੍ਹਿਆਂ ਤੋਂ ਅਗਿਆਨ-ਅੰਧੇਰਾ ਮਿਟ ਜਾਣਾ ਚਾਹੀਦਾ ਹੈ ਅਤੇ ਸੱਚਾ ਪ੍ਰਮਾਰਥੀ ਗਿਆਨ ਪ੍ਰਚੰਡ ਹੋ ਜਾਣਾ ਚਾਹੀਦਾ ਸੀ। ਜੈਸਾ ਕਿ ਦੀਵੇ ਦੇ ਬਲੇ, ਅੰਧੇਰੇ ਦਾ ਵਿਨਾਸ ਹੋ ਜਾਂਦਾ ਹੈ, ਐਸੇ ਹੀ ਜੇ ਸੱਚ ਮੁਚ ਵੇਦਾਂ ਅੰਦਰ ਪ੍ਰਮਾਰਥੀ ਗਿਆਨ ਦੀ ਪ੍ਰਚੰਡਤਾ ਹੁੰਦੀ ਤਾਂ ਵੇਦਾਂ ਦੇ ਪੜ੍ਹਨ ਮਾਤਰ ਹੀ ਪਾਪਾਂ ਰੂਪੀ ਮਤਿ ਦਾ ਖੈ ਹੋ ਜਾਣਾ ਚਾਹੀਦਾ ਸੀ, ਜੈਸਾ ਕਿ ਪਾਰਸ ਰਸਾਇਣੀ ਗੁਰਬਾਣੀ ਦੇ ਪੜ੍ਹਨ ਸੁਣਨ ਗਾਇਨ ਮਾਤਰ ਨਾਲ ਹੀ ਅਤੇ ਗੁਰਮਤਿ ਨਾਮ ਦੀ ਅਭਿਆਸ ਕਮਾਈ ਨਾਲ ਹੀ ਅੰਤਰ-ਆਤਮੇ ਜੋਤਿ-ਚਾਨਣਾ ਹੋ ਜਾਂਦਾ ਹੈ। ਇਹ ਤ੍ਰੈਗੁਣੀ ਵੇਦਾਂ ਦਾ ਪਾਠ ਜੋ ਬੇਦ-ਭਗਤ ਪਾਖੰਡੀ ਲੋਕ ਕਰਦੇ ਹਨ, ਸੋ ਨਿਰੀ ਸੰਸਾਰ ਦੀ ਕਾਰ ਹੀ ਰਹਿ ਗਈ ਹੈ। ਪੰਡਿਤ ਲੋਕ ਬਥੇਰਾ ਬੇਦਾਂ ਨੂੰ ਪੜ੍ਹ ਪੜ੍ਹ ਕੇ ਬੇਦਾ-ਬੇਤੀ ਹੋ ਬਹਿੰਦੇ ਹਨ, ਪਰ ਫੋਕੀ ਬੇਦ-ਪਾਠ ਦੀ ਵੀਚਾਰ ਤੋਂ ਕੁਛ ਨਹੀਂ ਬਣਦਾ। ਸੱਚੀ ਸੂਝ ਬੂਝ ਬਿਨਾਂ, ਅਜਿਹੇ ਭੇਖੀ ਆਨਮਤੀ ਲੋਕ ਸਭ ਖੁਆਰ ਹੋ ਹੋ ਕੇ ਮਰਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਇਹ ਗੁਰੂ ਵਰੋਸਾਏ ਗੁਰਮੁਖਿ ਜਨ ਹੀ ਹਨ ਜੋ ਗੁਰਬਾਣੀ ਗੁਰਮਤਿ ਨਾਮ ਦਾ ਅਭਿਆਸ ਕਰ ਕਰ ਕੇ ਇਸ ਭਵ-ਸਾਗਰ ਤੋਂ ਪਾਰ ਉਤਰ ਜਾਂਦੇ ਹਨ।

# ੯੩. ਚਹੁੰਆਂ ਜੁਗਾਂ ਦਾ ਨਿਬੇੜਾ

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥
ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ ਮਤੁ ਕੋ ਧਰਹੁ ਗੁਮਾਨਾ ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿਨਾਮਾ ॥੧॥ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥

ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ ॥੪॥੪॥

[ਬਿਲਾਵਲੁ ਮ: ੩, ਪੰਨਾ ੭੯੭-੯੮

ਇਸ ਗੁਰਵਾਕ ਦਵਾਰਾ ਗੁਰਮਤਿ ਧਰਮ ਦੀ ਵਿਸ਼ੇਸ਼ਤਾ ਹੋਰ ਸਾਰੇ ਆਨਮਤ ਧਰਮਾਂ ਨਾਲੋਂ ਵਧ ਕੇ ਸਿਧ ਕੀਤੀ ਗਈ ਹੈ, ਬਲਕਿ ਐਥੋਂ ਤਾਈਂ ਭੀ ਇਸ ਗੁਰਵਾਕ ਦਵਾਰਾ ਪੱਕਾ ਸਿਧਾਂਤ ਨਿਕਲਦਾ ਹੈ ਕਿ ਹੋਰਨਾਂ ਜੁਗਾਂ ਵਿਖੇ ਬਣੇ ਹੋਏ ਧਰਮ ਸਭ ਸੰਸਾਰੀ ਤ੍ਰੈਗੁਣੀ ਧਰਮ ਹੀ ਸਨ, ਇਨ੍ਹਾ ਵਿਚੋਂ ਕਲਿਆਣਕਾਰੀ ਕੋਈ ਨਹੀਂ ਸੀ, ਕਲਿਆਣ ਕੇਵਲ ਗੁਰਮਤਿ ਧਰਮ ਦੇ ਧਾਰਨ ਕੀਤਿਆਂ ਹੀ ਨਸੀਬ ਹੁੰਦੀ ਹੈ। ਹੋਰਨਾਂ ਜੁਗਾਂ ਵਿਚ ਆਨਮਤ ਧਰਮ ਦੇ ਧਾਰਨ ਕਰਨਹਾਰੇ ਜਿੰਨੇ ਵੀ ਜੰਤ ਹਨ, ਤਿਨ੍ਹਾਂ ਦੀ ਕਲਿਆਣ ਨਹੀਂ ਹੋਵੇਗੀ, ਤਿਨ੍ਹਾਂ ਨੂੰ ਮੁੜ ਮੁੜ ਕੇ ਕਲਿਆਣ ਨਮਿਤ ਅਵੱਸ਼ ਹੀ ਕਲਜੁਗ ਵਿਖੇ ਆ ਕੇ ਗੁਰ ਨਾਨਕ ਸਮਦਰਸੀ ਦਾ ਦਰਸਾਇਆ ਹੋਇਆ ਸੱਚਾ ਧਰਮ ਧਾਰਨ ਕਰਨਾ ਪਵੇਗਾ, ਤਾਂ ਉਨ੍ਹਾਂ ਦੀ ਕਲਿਆਣ ਹੋਵੇਗੀ। ਚਹੁ ਜੁਗਾਂ ਦਾ ਨਿਬੇੜਾ ਤੱਤ ਸਾਰ ਸਿੱਟਾ ਇਸ ਕਲਿਜੁਗ ਵਿਖੇ ਆ ਕੇ ਹੀ ਨਿਕਲੇਗਾ। ਯਥਾ ਵਿਆਖਿਆ—

ਪੂਰੇ ਵਾਹਿਗੁਰੂ ਸਿਰਜਨਹਾਰ ਕਰਤਾਰ ਨੇ ਜੋ ਸ੍ਰਿਸ਼ਟੀ-ਰਚਨਾ ਦਾ ਸਿਲਸਿਲਾ ਆਪ ਹੀ ਬਣਾਇਆ ਹੋਇਆ ਹੈ, ਉਹ ਪੂਰੇ ਵਾਹਿਗੁਰੂ ਦਾ ਬਣਾਇਆ ਹੋਇਆ ਹੋਣ ਕਰਕੇ ਇਕ-ਸਮਾਨ ਪੂਰਾ ਹੀ ਮੰਨਿਆ ਜਾਵੇਗਾ। ਇਸ ਸਾਰੀ ਰਚਨਾ ਵਿਖੇ (ਰਚੇ ਪਰਪੰਚ ਵਿਖੇ) ਚਹੁੰਆਂ ਜੁਗਾਂ ਵਿਖੇ ਹੀ ਇੱਕ ਨਾਮ ਦੀ ਵਡਿਆਈ ਮੁਖ ਰੱਖੀ ਗਈ ਹੈ। ਇਹ ਨਾਮ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰਮਤਿ ਨਾਮ ਦਵਾਰਾ ਹੀ ਕੇਵਲ ਕਲਿਆਣ ਹੈ। ਮਤ ਕੋਈ ਆਨਮਤ ਧਰਮ ਦਾ ਧਾਰਨੀ ਹੋ ਕੇ ਸੱਚੀ ਕਲਿਆਣ ਲੱਭਣ ਦਾ ਗੁਮਾਨ ਕਰੇ, ਆਪਣੇ ਹਿਰਦੇ ਵਿਚ ਧਰੇ। ਜਿਸ ਕਿਸੇ ਨੂੰ ਵੀ ਵਡੇ ਭਾਗਾਂ ਕਰਕੇ ਸੱਚੇ ਵਾਹਿਗੁਰੂ ਦੀ ਮਤਿ ਆਵੇ, ਉਹੀ ਵਡਭਾਗਾ ਗੁਰਮੁਖਿ ਜਨ ਸਤਿਗੁਰ ਦਵਾਰਿਓਂ ਸੱਚੀ ਗੁਰ-ਦੀਖਿਆ ਲੈ ਕੇ ਗੁਰੂ ਵਾਹਿਗੁਰੂ ਦੇ ਸੱਚੇ ਸਰੂਪ ਵਿਚ ਸਮਾਵੇਗਾ। ਇਸ ਗੁਰਬਾਣੀ ਉਪਰ ਜਿਸ ਨੂੰ ਹਿਰਦਿਓਂ ਸੱਚੀ ਪ੍ਰਤੀਤ ਸਰਧਾ ਉਪਜੇਗੀ, ਉਸ ਦੇ ਅੰਤਰ ਆਤਮੇ ਗੁਰਮਤਿ ਨਾਮ ਵਾਹਿਗੁਰੂ ਰਵੇਗਾ (ਵਸ ਜਾਵੇਗਾ)।

ਚਹੁੰਆਂ ਜੁਗਾਂ ਦਾ ਨਿਬੇੜਾ ਹੁਣ ਇਸ ਕਲਜੁਗ ਵਿਖੇ ਹੋਣਾ ਹੈ। ਨਰ ਪ੍ਰਾਣੀ

ਮਨੁੱਖਾਂ ਨੂੰ ਇਕੋ ਗੁਰਮਤਿ ਨਾਮ ਰੂਪੀ ਨਿਧਾਨ ਮਿਲੇਗਾ, ਤਾਂ ਹੀ ਉਸ ਦਾ ਪਾਰ-ਉਤਾਰਾ ਹੋਵੇਗਾ। ਜਤ ਰਖਣਾ, ਸੰਜਮ ਕਰਨਾ (ਇੰਦ੍ਰੀਆਂ ਨੂੰ ਰੋਕਣਾ), ਤੀਰਥ ਕਰਨੇ ਆਦਿਕ ਇਹ ਪਿਛਲੇ ਜੁਗਾਂ ਦਾ ਹੀ ਧਰਮ ਸੀ, ਜਿਸ ਨੂੰ ਮਰਯਾਦਾ ਪੂਰਬਕ ਮੰਨਿਆ ਕਮਾਇਆ ਜਾਂਦਾ ਸੀ। ਪਰੰਤੂ ਇਹ ਆਨਮਤ ਧਰਮ ਕਲਿਆਣਕਾਰੀ ਹਰਗਿਜ਼ ਨਹੀਂ ਸਨ। ਪਿਛਲੇ ਜੁਗਾਂ ਦੇ ਆਨਮਤ ਕਰਮਾਂ ਧਰਮਾਂ ਦੀ ਰੀਸੇ ਅੱਜ ਕਲ੍ਹ ਵੀ (ਇਸ ਜੁਗ ਵਿਖੇ ਭੀ) ਐਸੇ ਅਣਗਿਣਤ ਜਗਿਆਸੂ ਹਨ, ਜਿਨ੍ਹਾਂ ਨੂੰ ਉਹੀ ਆਨਮਤੀ ਧਰਮ ਕਰਮ ਦੀ ਪੈਂਠ ਪਈ ਹੋਈ ਹੈ, ਪਰ ਇਨ੍ਹਾਂ ਆਨਮਤ ਧਰਮਾਂ ਦੇ ਧਾਰਨ ਕੀਤਿਆਂ ਤਿਨ੍ਹਾਂ ਦੀ ਕਲਿਆਣ-ਗਤੀ ਹਰਗਿਜ਼ ਨਹੀਂ ਹੋਵੇਗੀ। ਕਲਿਜੁਗ ਵਿਖੇ ਗੁਰਮਤਿ ਨਾਮ ਦੀ ਸਿਫ਼ਤ ਸਲਾਹ ਜੋ ਸੱਚਾ ਜਗਿਆਸੂ ਕਰੇਗਾ, ਉਹੀ ਨਿਸਤਰੇਗਾ। ਵਾਹਿਗੁਰੂ ਨਾਮ ਦੀ ਕੀਰਤੀ, ਸੱਚਾ ਕਲਿਆਣਕਾਰੀ ਨਿਚੋੜ ਹੈ। ਬੇਦ ਪੁਰਾਣਾਂ ਆਨਮਤ ਪੁਸਤਕਾਂ ਨੂੰ ਸੋਧ ਘੋਖ ਕੇ ਵੇਖਿਆ ਜਾਵੇ, ਤਾਂ ਹਰ ਇਕ ਜੁਗ ਵਿਖੇ ਆਪੋ ਆਪਣੇ ਥਾਉਂ ਮੰਨਿਆ ਕਰਮ ਧਰਮ ਹੀ ਸਹੇੜ ਸਹੇੜੀ ਜਾਂਦੀ ਹੈ, ਜਿਸ ਤੋਂ ਪ੍ਰਮਾਰਥ-ਪ੍ਰਾਪਤੀ ਸੰਬੰਧੀ ਕੱਖ ਵੀ ਪੱਲੇ ਨਹੀਂ ਪੈਂਦਾ। ਇਸ ਜੁਗ ਵਿਖੇ ਚਹੁੰ ਜੁਗਾਂ ਵਿਚ ਆਇਆ ਸੋਈ ਜਨ ਪਰਵਾਨ ਹੈ, ਜਿਸ ਨੇ ਗੁਰੂ ਦਵਾਰਿਓਂ ਗੁਰ-ਦੀਖਿਆ ਲੈ ਕੇ ਗੁਰਮਤਿ ਨਾਮ ਧਿਆਇਆ ਹੈ, ਭਾਵ, ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਅਜਿਹੇ ਨਾਮ-ਰਤੇ ਗੁਰੂ ਵਰੋਸਾਏ ਗੁਰਮੁਖਿ ਜਨਾਂ ਦੀ ਹੀ ਸੱਚੇ ਵਾਹਿਗੁਰੂ ਨਾਲ ਸੱਚੀ ਪ੍ਰੀਤੀ ਲਗਦੀ ਹੈ ਤੇ ਸੱਚੀ ਪ੍ਰੀਤੀ ਲਾਏ ਤੋਂ ਹੀ ਉਨ੍ਹਾਂ ਦੇ ਮਨਾਂ ਵਿਚੋਂ ਸਰਬ ਗ਼ਰੂਰ ਦੂਰ ਹੁੰਦਾ ਹੈ। ਗੁਰਮਤਿ ਨਾਮ ਦੀ ਐਸੀ ਪਾਰਸ-ਪ੍ਰਤਾਪੀ ਬਰਕਤ ਹੈ ਕਿ ਇਸ ਗੁਰਮਤਿ ਨਾਮ ਨੂੰ ਗੁਰਮਤਿ ਗੁਰ-ਦੀਖਿਆ ਅਨੁਸਾਰ ਕਹਿਣ ਸੁਣਨਹਾਰੇ ਸਭੇ ਸੁਖ ਪਾਉਂਦੇ ਹਨ। ਗੁਰਮਤਿ ਨਾਮ ਦਾ ਮੰਨਣ ਅਭਿਆਸਣ ਕਰਕੇ ਸੱਚੇ ਨਿਧਾਨ ਨਾਮੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਮਾਇਆ ਗਿਰਸਤਿ ਭ੍ਰਮਤੁ ਹੈ ਪ੍ਰਾਨੀ ਰਖਿ ਲੇਵਹੁ ਜਨੁ ਅਪਨਾ ॥
ਜਿਉ ਪ੍ਰਹਿਲਾਦੁ ਹਰਣਾਖਸਿ ਗ੍ਰਸਿਓ ਹਰਿ ਰਾਖਿਓ ਹਰਿ ਸਰਨਾ ॥੨॥
ਕਵਨ ਕਵਨ ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥
ਓਹੁ ਢੋਵੈ ਢੋਰ ਹਾਥਿ ਚਮੁ ਚਮਰੇ ਹਰਿ ਉਧਰਿਓ ਪਰਿਓ ਸਰਨਾ ॥੩॥੧॥

[ਬਿਲਾਵਲੁ ਮ: ੪, ਪੰਨਾ ੭੯੯

ਗ੍ਰਿਹਸਤ ਦੇ ਮਾਇਆ-ਮਈ ਧੰਧਿਆਂ ਵਿਚ ਪ੍ਰਾਣੀ ਭਰਮਦਾ ਹੈ। ਜੋ ਗੁਰੂ ਦਾ ਪਿਆਰਾ ਗੁਰਮੁਖਿ ਜਨ ਹੈ, ਉਸ ਦੀ ਵਾਹਿਗੁਰੂ ਆਪਣਾ ਸਮਝ ਕੇ, ਰੱਖਿਆ ਕਰਦਾ ਹੈ, ਜਿਸ ਪ੍ਰਕਾਰ ਕਿ ਹਰਣਾਖਸ ਨੇ ਪ੍ਰਹਿਲਾਦ ਗ੍ਰਸਿਆ ਸੀ, ਪਰ ਉਹ (ਪ੍ਰਹਿਲਾਦ) ਵਾਹਿਗੁਰੂ ਦੀ ਸਰਨਾਗਤਿ ਤੇ ਰਿਹਾ ਤਾਂ ਵਾਹਿਗੁਰੂ ਨੇ ਉਸ ਦੀ


www.sikhbookclub.com

ਰੱਖਿਆ ਕੀਤੀ। ਕਿਸ ਕਿਸ ਦੀ ਹਾਲਤ ਦੱਸੀਏ ਜੋ ਵਾਹਿਗੁਰੂ ਨੇ ਆਪ ਹੱਥ ਦੇ ਕੇ ਰੱਖੇ ਤੇ ਪਤਿਤੋਂ ਪਾਵਨ (ਪਵਿਤਰ) ਕੀਤੇ, ਜੈਸਾ ਕਿ ਰਵਿਦਾਸ ਭਗਤ ਦੀ ਵਾਹਿਗੁਰੂ ਨੇ ਖ਼ੁਦ ਕਿਰਪਾ ਧਾਰ ਕੇ ਸ਼ਰਨ ਪਏ ਦੀ ਰੱਖਿਆ ਕੀਤੀ। ਆਨਮਤੀ ਲੋਕ ਤਾਂ ਰਵਿਦਾਸ ਨੂੰ ਚਮਰੇਟਾ ਸਮਝਦੇ ਸੀ, ਮਰੇ ਹੋਏ ਪਸ਼ੂ ਉਹ ਢੋਂਦਾ ਸੀ ਤੇ ਉਸ ਦੇ ਹੱਥ ਵਿਚ ਹਮੇਸ਼ਾ ਹੀ ਚਮੜਾ ਰਹਿੰਦਾ ਸੀ, ਪਰੰਤੂ ਵਾਹਿਗੁਰੂ ਦੀ ਦਰਗਾਹ ਵਿਚ ਜਾਤ ਪਾਤ ਦਾ ਕੋਈ ਖ਼ਿਆਲ ਨਹੀਂ, ਜੋ ਵੀ ਭਗਤ ਜਨ ਵਾਹਿਗੁਰੂ ਦੀ ਸ਼ਰਨ ਆਉਂਦਾ ਹੈ, ਵਾਹਿਗੁਰੂ ਉਸ ਨੂੰ ਕੰਠ ਲਾ ਕੇ ਰਖਦਾ ਹੈ।

ਪ੍ਰਿਹਲਾਦ ਅਤੇ ਰਵਿਦਾਸ ਭਗਤ ਨੂੰ ਵਾਹਿਗੁਰੂ ਨੇ ਖ਼ੁਦ ਗੁਰੂ ਸਰੂਪ ਹੋ ਕੇ ਤੇ ਗੁਰਦੀਖਿਆ ਦੇ ਕੇ ਨਿਸਤਾਰਿਆ। ਪਿਛਲੇ ਜੁਗਾਂ ਅੰਦਰ ਅਤੇ ਇਸ ਜੁਗ ਵਿਖੇ ਵੀ ਅਜਿਹੇ ਵਿਰਲੇ ਵਾਂਝੇ ਭਗਤ ਹੋਏ ਹਨ, ਜਿਨ੍ਹਾਂ ਦੀ ਰੱਖਿਆ ਨਮਿਤ ਆਪ ਗੁਰੂ ਦਾ ਰੂਪ ਧਾਰ ਕੇ ਵਾਹਿਗੁਰੂ ਰਖਯਕ ਪ੍ਰਗਟ ਹੋਏ। ਸਮਯ ਅਨੁਸਾਰ ਰੱਖਿਆ ਦੇ ਬਾਨ੍ਹਣੂੰ ਨੂੰ ਬੰਨ੍ਹਿਆ ਤਾਂ ਗੁਰੂ ਸਰੂਪ ਵਾਹਿਗੁਰੂ ਨੇ ਹੀ ਬੰਨ੍ਹਿਆ, ਜੈਸਾ ਕਿ ਨਰਸਿੰਘ ਦਾ ਰੂਪ ਧਾਰ ਕੇ ਵਾਹਿਗੁਰੂ ਆਪ ਪ੍ਰਗਟ ਹੋਏ ਅਤੇ ਪ੍ਰਿਹਲਾਦ ਭਗਤ ਦੀ ਰੱਖਿਆ ਕੀਤੀ। ਪ੍ਰਿਹਲਾਦ ਭਗਤ ਜੀ ਨੂੰ ਗੁਰ-ਦੀਖਿਆ ਧੁਰੋਂ ਵਾਹਿਗੁਰੂ ਦੀ ਦਰਗਾਹੋਂ ਹੀ ਮਿਲੀ ਸੀ। ਹਰਨਾਖਸ਼ ਦੈਂਤ ਦਾ ਮਾਨ ਤੋੜਨ ਲਈ ਵਾਹਿਗੁਰੂ ਨੇ ਹੀ ਚਲਿਤ ਰਚਿਆ ਸੀ। ਇਹ ਗੱਲ 'ਗੁਰਮਤਿ ਪ੍ਰਕਾਸ਼' ਨਾਮੇ ਪੁਸਤਕ ਵਿਚ ਭਲੀ ਬਿਧਿ ਦਰਸਾਈ ਗਈ ਹੈ ਕਿ ਕਲਜੁਗ ਦੇ ਭਗਤ ਰਵਿਦਾਸ, ਕਬੀਰ, ਰਾਮਾਨੰਦ ਆਦਿਕਾਂ ਨੂੰ ਗੁਰੂ ਨਾਨਕ ਦੇ ਦਵਾਰਿਓਂ ਹੀ ਗੁਰ-ਦੀਖਿਆ ਮਿਲੀ। ਤਾਂ ਤੇ ਏਨ੍ਹਾਂ ਉਦਾਹਰਣਾਂ ਦਵਾਰਾ ਭੀ ਨਿਰਾ ਗੁਰਮਤਿ ਦਾ ਮੰਡਨ ਹੀ ਸਿਧ ਹੁੰਦਾ ਹੈ। ਯਥਾ ਗੁਰਵਾਕ—

ਹਰਿ ਜਨ ਨਾਮੁ ਅਧਾਰੁ ਹੈ ਧੁਰਿ ਪੂਰਬਿ ਲਿਖੇ ਵਡ ਕਰਮਾ ॥
ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਜਨ ਨਾਨਕ ਸਫਲੁ ਜਨੰਮਾ ॥੪॥੨॥
[ਬਿਲਾਵਲੁ ਮਹਲਾ ੪, ਪੰਨਾ ੭੯੯

ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥
ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥੧੧॥
[ਬਿਲਾਵਲੁ ਮ: ੫, ਪੰਨਾ ੮੦੪

ਆਨਮਤੀ ਸੰਸਾਰ ਦੇ ਜਿਤਨੇ ਵੀ ਕਰਮ ਹਨ, ਸਭ ਲੋਕਾਚਾਰ ਦਿਖਾਵੇ ਦੇ ਕਰਮ ਹਨ। ਜਿਤਨਾ ਵੀ ਤ੍ਰੈਗੁਣੀ ਪਸਾਰਾ ਹੈ, ਸਭ ਲੋਕਾਚਾਰ, ਬੇਦਾਚਾਰ, ਧੰਧ ਬੰਧ ਵਿਚ ਫਸਿਆ ਰਹਿੰਦਾ ਹੈ। ਭਰਮ-ਭੇਖੀ ਲੁਕਾਈ ਬਹੁਤਾ ਬੇਦਾਚਾਰ ਧਰਮ ਕਰਮ ਦੀ ਪੱਟੀ ਹੋਈ ਫਿਰਦੀ ਹੈ। ਪਰ ਸੱਚੇ ਪਾਤਸ਼ਾਹ ਫ਼ੁਰਮਾਉਂਦੇ ਹਨ ਕਿ ਸੱਚੇ ਸਾਧ ਗੁਰੂ ਨੂੰ ਮਿਲ ਕੇ ਉਧਾਰ ਹੁੰਦਾ ਹੈ। ਗੁਰਮਤਿ ਧਾਰਨੀ ਕੀਤੇ ਹੋਏ ਕਰਮ ਧਰਮ

ਹੀ ਪ੍ਰਵਾਨ ਪੈਂਦੇ ਹਨ। ਦੁਨੀਆ ਫ਼ਾਲਤੂ ਹੀ ਸਿੰਮ੍ਰਿਤਿ ਸ਼ਾਸਤ ਬੇਦਾਚਾਰੀ ਆਨਮਤ ਕਰਮ ਧਰਮਾਂ ਦੇ ਕਰਨ ਵੀਚਾਰਨ ਵਿਚ ਹੀ ਅੜੀ ਪਈ ਹੈ। ਗੁਰਮਤਿ ਨਾਮ ਦੇ ਜਪਿਆਂ ਤੇ ਗੁਰਮਤਿ ਧਰਮ ਧਾਰਨ ਕੀਤਿਆਂ, ਸਿੰਮ੍ਰਿਤਿ ਸ਼ਾਸਤ੍ਰ ਬੇਦ ਵੀਚਾਰੀ ਕਰਮ ਧਰਮ ਵਿਚੇ ਆ ਜਾਂਦੇ ਹਨ, ਇਨ੍ਹਾਂ ਆਨਮਤ ਕਰਮਾਂ ਧਰਮਾਂ ਦੇ ਕਰਨ ਦੀ ਵੱਖਰੀ ਲੋੜ ਨਹੀਂ। ਤਾਂ ਤੇ ਇਸ ਗੁਰਵਾਕ ਦਵਾਰਾ ਕੇਵਲ ਗੁਰਮਤਿ ਦਵਾਰਾ ਕੀਤੇ ਕਰਮਾ ਧਰਮਾਂ ਦਾ ਹੀ ਮੰਡਨ ਹੈ। ਆਨਮਤ ਕਰਮਾ ਧਰਮਾਂ ਦਾ ਖੰਡਨ ਹੀ ਸਿਧ ਹੁੰਦਾ ਹੈ।

ਪਤਿਤ ਪਾਵਨੁ ਪ੍ਰਭ ਬਿਰਦੁ ਬੇਦਿ ਲੇਖਿਆ ॥
ਪਾਰਬ੍ਰਹਮੁ ਸੋ ਨੈਨਹੁ ਪੇਖਿਆ ॥੩॥੧੪॥

[ਬਿਲਾਵਲੁ ਮ: ੫, ਪੰਨਾ ੮੦੫

ਵਾਹਿਗੁਰੂ ਦਾ ਬਿਰਦ ਪਤਿਤ ਪਾਵਨ ਹੈ, ਗੁਰੂ ਨਾਨਕ ਸਾਹਿਬ ਦੇ ਵਰੋਸਾਏ ਗੁਰਮੁਖਿ ਜਨਾਂ ਨੇ ਇਹ ਗੱਲ ਪਰਤੱਖ ਪੇਖ ਲਈ ਹੈ ਕਿ ਪਾਰਬ੍ਰਹਮ ਵਾਹਿਗੁਰੂ ਸੱਚ ਮੁੱਚ ਹੀ ਪਤਿਤਾਂ ਨੂੰ ਪਵਿਤ੍ਰ ਕਰਨਹਾਰਾ ਹੈ।

ਇਸ ਗੁਰਵਾਕ ਅੰਦਰ ਬੇਦਾਂ ਦਾ ਵਿਧਾਨ ਹਰਗਿਜ਼ ਸਿਧ ਨਹੀਂ ਹੁੰਦਾ। ਬਲਕਿ ਨਿਰਾ ਪੁਰਾ ਗੁਰਮਤਿ ਧਰਮ ਦਾ ਹੀ ਮੰਡਨ ਪ੍ਰਸਿੱਧ ਹੈ। ਬੇਦਾਂ ਵਿਖੇ ਸੁਣੀ ਸੁਣਾਈ ਓਪਰੀ ਜਿਹੀ ਗੱਲ ਲਿਖੀ ਦਾ ਪਾਏ ਜਾਣਾ ਕੋਈ ਬੇਦਾਂ ਦੀ ਵਡਿਆਈ ਨਹੀਂ ਹੈ, ਐਵੇਂ ਫੋਕੀ ਜਿਹੀ ਗੱਲ ਹੈ। ਗੁਰਮਤਿ ਬੇਦ (ਗੁਰਬਾਣੀ) ਨੇ ਹੀ ਤੱਤ-ਲਖਤਾ ਵਿਚ ਇਸ ਭੇਦ ਨੂੰ ਜਾਣਿਆ ਹੈ। ਆਨਮਤ ਬੇਦਾਂ ਨੇ ਤਾਂ ਲਿਖੀਆਂ ਲਿਖਾਈਆਂ, ਸੁਣੀਆਂ ਸੁਣਾਈਆਂ ਗੱਲਾਂ ਦਾ ਹੀ ਜ਼ਿਕਰ ਕੀਤਾ ਹੈ, ਉਹ ਵੀ ਕਿਧਰੇ ਟਾਵਾਂ ਟਾਵਾਂ।

ਮ੍ਰਿਤ ਮੰਡਲ ਜਗੁ ਸਾਜਿਆ ਜਿਉ ਬਾਲੂ ਘਰ ਬਾਰ ॥
ਬਿਨਸਤ ਬਾਰ ਨ ਲਾਗਈ ਜਿਉ ਕਾਗਦ ਬੂੰਦਾਰ ॥੧॥
ਸੁਨਿ ਮੇਰੀ ਮਨਸਾ ਮਨੈ ਮਾਹਿ ਸਤਿ ਦੇਖੁ ਬੀਚਾਰਿ ॥
ਸਿਧ ਸਾਧਿਕ ਗਿਰਹੀ ਜੋਗੀ ਤਜਿ ਗਏ ਘਰ ਬਾਰ ॥੧॥ਰਹਾਉ॥
ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ ॥੨॥
ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ ॥
ਇਕਿ ਚਾਲੇ ਇਕਿ ਚਾਲਸਹਿ ਸਭਿ ਅਪਨੀ ਵਾਰ ॥੩॥
ਜਿਨ ਪੂਰਾ ਸਤਿਗੁਰੁ ਸੇਵਿਆ ਸੇ ਅਸਥਿਰੁ ਹਰਿ ਦੁਆਰਿ ॥
ਜਨੁ ਨਾਨਕੁ ਹਰਿ ਕਾ ਦਾਸੁ ਹੈ ਰਾਖੁ ਪੈਜ ਮੁਰਾਰਿ ॥੪॥੧॥੩੧॥

[ਬਿਲਾਵਲੁ ਮ: ੫, ਪੰਨਾ ੮੦੮


www.sikhbookclub.com

ਇਸ ਗੁਰਵਾਕ ਦੇ ਭਾਵ ਤੋਂ ਇਹ ਸਿਧ ਹੁੰਦਾ ਹੈ ਕਿ ਸੰਸਾਰ ਦੇ ਕਰਮਾਂ-ਧਰਮਾਂ ਅਤੇ ਦੁੱਖਾਂ ਪਾਪਾਂ ਤੋਂ ਬਚਾ ਕੇ ਵਾਹਿਗੁਰੂ ਦੇ ਦਰ ਘਰ ਦਾ ਪ੍ਰੇਮ ਉਪਜਾਉਣ ਵਾਲਾ ਕੇਵਲ ਗੁਰੂ, ਤੇ ਗੁਰਮਤਿ ਧਰਮ ਹੀ ਹੈ । ਸਿਧ ਸਾਧਿਕ ਗਿਰਹੀ ਜੋਗੀਆਂ ਦਾ ਸਭ ਸੰਸਾਰਕ ਮ੍ਰਿਤ-ਮੰਡਲੀ ਕਰਮ ਧਰਮ ਹੀ ਹੈ ਤੇ ਨਿਰਾ ਤ੍ਰੈਗੁਣੀ ਰੇਖਾ ਵਾਲਾ ਫੋਕਟ ਧਰਮ ਹੈ । ਯਥਾ ਵਿਆਖਿਆ—

ਇਹ ਜਗਤ ਸੰਸਾਰ ਤੇ ਸਾਰੇ ਸੰਸਾਰੀ ਕਰਮ ਮ੍ਰਿਤ-ਮੰਡਲੀ ਸਾਜਨਾ ਵਾਲੇ ਹੀ ਹਨ, ਕਦੇ ਅਸਥਿਰ ਰਹਿਣ ਵਾਲੇ ਨਹੀਂ ਹਨ, ਐਵੇਂ ਰੇਤ ਦੇ ਹੀ ਘਰ ਬਾਰ ਉਸਾਰੇ ਹੋਏ ਹਨ, ਬਿਨਸਦਿਆਂ ਦੇਰੀ (ਬਾਰ) ਨਹੀਂ ਲਗਦੀ। ਜਿਵੇਂ ਕਾਗਦ ਪਾਣੀ ਦੀਆਂ ਬਹੁਤੀਆਂ ਬੂੰਦਾਂ ਪੈਣ ਨਾਲ ਗਲ ਜਾਂਦਾ ਹੈ, ਇਸ ਤਰ੍ਹਾਂ ਆਨਮਤੀ ਕਰਮ ਧਰਮ ਕੀਤੇ ਸਭ ਬਿਨਸ ਜਾਂਦੇ ਹਨ । ਗੁਰਮਤਿ ਦੀ ਇਹ ਤੱਤ-ਆਸਾਵੀ ਸਤਿ-ਕਥਨੀ ਹੈ (ਜੋ ਅਜ਼ਮਾ ਅਜ਼ਮਾ ਕੇ ਦੇਖੀ ਬੀਚਾਰੀ ਹੋਈ ਹੈ) ਕਿ ਸਿਧ ਸਾਧਿਕ ਗਿਰਹੀ ਜੋਗੀ ਐਵੇਂ ਬਿਰਥੇ ਹੀ ਘਰ ਬਾਰ ਤਜ ਕੇ ਫੋਕਟ ਕਰਮ ਕਮਾਉਂਦੇ ਫਿਰਦੇ ਹਨ ।

ਇਹ ਸੰਸਾਰ ਅਤੇ ਸੰਸਾਰੀ ਕਰਮ ਤੈਸੇ ਹੀ ਅਨ-ਅਸਥਿਰ ਤੇ ਫੋਕਟ ਹੈਨ ਜੈਸਾ ਕਿ ਰਾਤ ਦਾ ਸੁਪਨਾ ਆਉਂਦਾ ਹੈ । ਜੋ ਦ੍ਰਿਸ਼ਟਮਾਨ ਪਸਾਰਾ ਇਨ੍ਹਾਂ ਗਿਆਨ-ਇੰਦਰਿਆਂ (ਜੋ ਵਾਸਤਵ ਵਿਚ ਅਗਿਆਨ ਇੰਦਰੇ ਹਨ) ਦਵਾਰਾ ਦਿਸ ਰਿਹਾ ਹੈ, ਸਭ ਬਿਨਸਨਹਾਰ ਹੈ, ਇਸ ਨੂੰ ਬਿਨਸਦਿਆਂ ਬਿਲਮ ਨਹੀਂ ਲਗਦੀ। ਜੋ ਇਸ ਦ੍ਰਿਸ਼ਟਮਾਨ ਨੂੰ ਅਸਥਿਰ ਕਰਕੇ ਸਮਝਦੇ ਹਨ, ਉਹ ਲੋਕ ਨਿਰੇ ਗਵਾਰ ਅਤੇ ਮੂਰਖ ਹਨ । ਸੱਚਾ ਵੈਰਾਗ ਅਨੁਰਾਗ ਉਪਜਾਉਣਹਾਰੀ ਕੇਵਲ ਗੁਰਬਾਣੀ ਹੀ ਹੈ । ਇਹ ਗੁਰਬਾਣੀ ਅਨ-ਅਸਥਿਰ ਦ੍ਰਿਸ਼ਟ-ਮਾਨ ਪਸਾਰੇ ਤੋਂ ਉਪਰਾਮ ਕਰਨਹਾਰੀ ਹੈ । ਨਹੀਂ ਤਾਂ ਆਮ ਸੰਸਾਰੀ ਲੋਕ ਇਸੇ ਦਿਸ ਰਹੇ ਪਸਾਰੇ ਵਿਚ ਰਚੇ ਮਚੇ ਅਤੇ ਲੁਭਾਇਮਾਨ ਹੋ ਰਹੇ ਹਨ । ਅਦ੍ਰਿਸ਼ਟ ਵਾਹਿਗੁਰੂ ਦੀ ਅਗਮ ਅਗੋਚਰ ਲੀਲ੍ਹਾ ਅਗਮ ਅਗੋਚਰ ਹੈ, ਜਿਸ ਨੂੰ ਕੋਈ ਗੁਰਮੁਖਿ ਜਨ ਹੀ ਵਾਸਤਵ ਕਰਕੇ ਲਖ ਸਕਦਾ ਹੈ । ਨਹੀਂ ਤਾਂ ਮਨਮੁਖ ਅਤੇ ਆਨਮਤੀ ਲੁਕਾਈ ਸਾਰੀ ਦੀ ਸਾਰੀ ਹੀ ਦ੍ਰਿਸ਼ਟਮਾਨ ਪਸਾਰੇ ਵਿਚ ਹੀ ਫਸੀ ਪਈ ਹੈ ।

ਜਿਨ੍ਹਾਂ ਨੂੰ ਅਤਿ ਪਿਆਰੇ ਭਾਈ ਮੀਤ ਸਮਝ ਕੇ ਇਹ ਦੁਨੀਆ ਮਮਤਾ ਵਿਚ ਖਚਤ ਹੋ ਜਾਂਦੀ ਹੈ, ਅੱਖਾਂ ਖੋਲ੍ਹ ਕੇ ਦੇਖਿਆ ਜਾਵੇ ਤਾਂ ਉਹ ਸਭ ਬਿਨਸਨਹਾਰ ਹੀ ਹੈ । ਇਹ ਗੱਲ ਰੋਜ਼ ਨਿਤਾਪ੍ਰਤਿ ਸਭ ਲੋਕਾਈ ਆਪਣੀ ਅੱਖੀਂ ਦੇਖਦੀ ਹੈ ਕਿ ਕਈ ਚਲੇ ਗਏ ਤੇ ਕਈ ਜਾਣਗੇ ਆਪੋ ਅਪਾਣੀ ਵਾਰੀ ਸਿਰ ।

ਜਿਨ੍ਹਾਂ ਗੁਰਮੁਖਿ ਜਨਾਂ ਨੇ ਪੂਰਾ ਸਤਿਗੁਰੂ ਸੇਵਿਆ ਹੈ, ਸੇਈ ਜਨ ਨਿਰਮਲ ਰਹਿਣਗੇ । ਵਾਹਿਗੁਰੂ ਦੇ ਦਵਾਰੇ 'ਤੇ ਹਰ ਦਮ ਹਾਜ਼ਰ ਨਾਜ਼ਰ ਰਹਿਣ ਵਾਲੇ ਅਤੇ

 www.sikhbookclub.com

ਅਦ੍ਰਿਸ਼ਟ ਵਾਹਿਗੁਰੂ ਨੂੰ ਪਰਤੱਖ ਪੇਖਣਹਾਰੇ ਹੀ ਸਦਾ ਅਸਥਿਰ ਰਹਿਣਗੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਮੁਰਾਰੀ ਆਪਣੇ ਦਾਸਾਂ ਦੀ ਪੈਜ ਜ਼ਰੂਰ ਰੱਖਣਗੇ। ਇਹੋ ਗੁਰੂ ਨਾਨਕ ਸਾਹਿਬ ਦੀ ਬਿਨੈ ਹੈ।

ਖੋਜਤ ਖੋਜਤ ਮੈ ਫਿਰਾ ਖੋਜਉ ਬਨ ਥਾਨ ॥
ਅਛਲ ਅਛੇਦ ਅਭੇਦ ਪ੍ਰਭ ਐਸੇ ਭਗਵਾਨ ॥੧॥
ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ ॥
ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ ॥੧॥ਰਹਾਉ॥
ਬਰਨ ਆਸ੍ਰਮ ਸਾਸਤ੍ਰ ਸੁਨਉ ਦਰਸਨ ਕੀ ਪਿਆਸ ॥
ਰੂਪ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥੨॥
ਓਹੁ ਸਰੂਪੁ ਸੰਤਨ ਕਹਹਿ ਵਿਰਲੇ ਜੋਗੀਸੁਰ ॥
ਕਰਿ ਕਿਰਪਾ ਜਾ ਕਉ ਮਿਲੇ ਧਨਿ ਧਨਿ ਤੇ ਈਸੁਰ ॥੩॥
ਸੋ ਅੰਤਰਿ ਸੋ ਬਾਹਰੇ ਬਿਨਸੇ ਤਹ ਭਰਮਾ ॥
ਨਾਨਕ ਤਿਸੁ ਪ੍ਰਭੁ ਭੇਟਿਆ ਜਾ ਕੇ ਪੂਰਨ ਕਰਮਾ ॥੪॥੩੧॥੬੧॥

[ਬਿਲਾਵਲੁ ਮ: ੫, ਪੰਨਾ ੮੧੬

ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਬਥੇਰੀਆਂ ਆਨਮਤ ਪੁਸਤਕਾਂ ਪੜ੍ਹੀਆਂ ਤੇ ਘੋਖ ਕੇ ਦੇਖੀਆਂ ਹਨ, ਪਰੰਤੂ ਵਾਹਿਗੁਰੂ ਨਿਰੰਕਾਰ ਦੇ ਮਿਲਣ ਦੀ ਚਾਹਨਾ ਕਿਧਰੋਂ ਪੂਰੀ ਨ ਹੋਈ, ਕਿਉਂਕਿ ਉਨ੍ਹਾਂ ਪੁਸਤਕਾਂ ਅੰਦਰ ਕੇਵਲ ਤ੍ਰੈਗੁਣੀ ਮਾਇਆ ਦੀਆਂ ਗੱਲਾਂ ਹੀ ਵਿਸਥਾਰ ਪੂਰਬਕ ਲਿਖੀਆਂ ਹਨ, ਵਰਨ ਆਸ਼੍ਰਮ ਦੀਆਂ ਪਾਬੰਦੀਆਂ ਦੇ ਉੱਪਰ ਹੀ ਜ਼ੋਰ ਦਿਤਾ ਗਿਆ ਹੈ। ਤੱਤ ਗਿਆਨ ਕੇਵਲ ਗੁਰੂ ਘਰ ਤੋਂ ਮਿਲਦਾ ਹੈ। ਯਥਾ ਵਿਆਖਿਆ—

ਪੂਰਨ ਦ੍ਰਿੜ੍ਹਤਾ ਸਹਿਤ ਅਨਿਕ ਪ੍ਰਕਾਰੀ ਖੋਜ ਕਰ ਕਰ ਕੇ ਦੇਖ ਲਿਆ ਹੈ ਕਿ ਨਾਮ ਬਿਨਾਂ ਸਭ ਪਸਾਰਾ ਕੂੜ ਦਾ ਹੈ। ਬਨਬਾਸੀ ਲੋਕ ਆਪਣੇ ਆਨਮਤ ਨਿਸਚੇ ਅਨੁਸਾਰ ਬਨਾਂ ਵਿਚ ਜਾ ਜਾ ਕੇ ਅਬਿਨਾਸ਼ੀ ਅਕਾਲ ਪੁਰਖ ਦੀ ਖੋਜ ਕਰਦੇ ਹਨ, ਪਰ ਇਨ੍ਹਾਂ ਦੀ ਘਾਲ ਸਭ ਅਜਾਈਂ ਜਾਂਦੀ ਹੈ। ਮੇਰਾ ਵਾਹਿਗੁਰੂ ਪਰਮਾਤਮਾ ਐਸਾ ਹੈ ਜੋ ਕਿਸੇ ਦੇ ਛਲ ਕਪਟ ਦਿਖਾਇਆਂ ਛਲਿਆ ਨਹੀਂ ਜਾ ਸਕਦਾ, ਕਿਸੇ ਦਾ ਨਾਸ ਕੀਤਾ ਨਾਸ ਨਹੀਂ ਹੋ ਸਕਦਾ, ਜਿਸ ਦਾ ਭੇਦ ਕਿਸੇ ਨੂੰ ਨਹੀਂ ਲਭਦਾ। ਮੇਰੇ ਵਾਹਿਗੁਰੂ, ਭਗਵਾਨ, ਪ੍ਰਭੂ ਐਸੇ ਅਛੱਲ ਅਤੇ ਅਭੇਦ ਹਨ। ਐਸੇ ਵਾਹਿਗੁਰੂ ਦਾ ਪਰਤੱਖ ਦਰਸ਼ਨ ਆਤਮ-ਰੰਗਾਂ ਵਿਚ ਰੰਗੀਜਿਆਂ ਹੀ ਹੋ ਸਕਦਾ ਹੈ। ਆਤਮ-ਰੰਗਾਂ ਵਿਚ ਜਗਿਆਸੂ ਜਨ ਤਦੇ ਹੀ ਰੰਗਿਆ ਜਾਂਦਾ ਹੈ ਜੇ ਗੁਰ ਸਰਣਾਈ ਆਵੇ ਅਤੇ ਗੁਰੂ ਘਰ ਵਿਚ ਆ ਕੇ ਗੁਰਮਤਿ ਧਾਰਨ ਕਰਦਾ ਹੋਇਆ, ਗੁਰੂ ਦਵਾਰਿਓਂ ਗੁਰ-ਮੰਤਰ, ਗੁਰਮਤਿ ਨਾਮ ਦੀ ਦੀਖਿਆ ਲਵੇ। ਦੁਨੀਆ ਦੇ ਚਤਰ ਸਿਆਣੇ ਲੋਕ

ਆਪੋ ਆਪਣੀਆਂ ਮਨ-ਮੰਨੀਆਂ ਸਿਆਣਪਾਂ ਸਹਿਤ ਸਾਵਧਾਨ ਹੋਏ ਫਿਰਦੇ ਹਨ ਤੇ ਆਪਣੇ ਆਪ ਨੂੰ ਜਾਗਦਾ ਹੋਇਆ ਦਸਦੇ ਹਨ, ਪਰ ਉਨ੍ਹਾਂ ਦੇ ਹੱਥ ਕੁਛ ਨਹੀਂ ਲਗਦਾ। ਐਸੀ ਜਾਗ੍ਰਤ ਨਾਲੋਂ, ਜਿਸ ਕਰਕੇ ਪਰਮਾਤਮਾ ਤੋਂ ਅਚੇਤ ਰਹਿਣ ਦੀ ਵਾਦੀ ਵਧਦੀ ਹੈ ਤਾਂ ਗੁਰਮੁਖਿ ਜਨਾਂ ਦੀ ਸੂਧੀ ਸਾਦੀ ਦਸ਼ਾ ਹੀ ਚੰਗੀ ਹੈ, ਕਿਉਂਕਿ ਉਹਨਾਂ ਨੂੰ ਸੁਪਨੇ ਵਿਚ ਭੀ ਵਾਹਿਗੁਰੂ ਨਹੀਂ ਵਿਸਰਦਾ, ਵਾਹਿਗੁਰੂ ਦੇ ਸੰਗ ਹੀ ਵਸਦੇ ਰਹਿੰਦੇ ਹਨ।

ਆਨਮਤੀ ਸ਼ਾਸਤ੍ਰ ਧਰਮ ਦੀਆਂ ਪੁਸਤਕਾਂ ਵਰਨ ਆਸ਼੍ਰਮ ਦੀਆਂ ਪਾਬੰਦੀਆਂ ਹੀ ਦਸਦੀਆਂ ਹਨ, ਪਰ ਤਿਨ੍ਹਾਂ ਦੁਆਰਾ ਪ੍ਰਮਾਰਥ ਦੀ ਅਤੇ ਵਾਹਿਗੁਰੂ-ਦਰਸ਼ਨ ਦੀ ਤਿਖਾ ਨਹੀਂ ਬੁਝਦੀ। ਆਨਮਤ ਦੀਆਂ ਧਾਰਮਕ ਪੁਸਤਕਾਂ ਕੇਵਲ ਦ੍ਰਿਸ਼ਟਮਾਨ ਪਦਾਰਥਾਂ ਦਾ ਚੁੰਚ ਗਿਆਨ ਹੀ ਦਸਦੀਆਂ ਹਨ। ਵਾਹਿਗੁਰੂ ਪਰਮਾਤਮਾ ਸਦਾ ਅਦ੍ਰਿਸ਼ਟ ਅਬਿਨਾਸ਼ੀ ਹੈ, ਤਿਸ ਦਾ ਨਾ ਕੋਈ ਰੂਪ ਹੈ, ਨ ਰੇਖ ਹੈ। ਨ ਉਸ ਦੀ ਪੰਜਾਂ ਤੱਤਾਂ ਦੀ ਬਣਤਰ ਹੈ, ਉਹ ਸਦਾ ਹੀ ਅਬਿਨਾਸ਼ੀ ਠਾਕਰ ਹੈ। ਉਸ ਦੇ ਰੂਪ ਰੇਖ ਤੋਂ ਨਿਆਰੇ ਹੋਣ ਦੀ ਪਛਾਣ ਅਤੇ ਉਸ ਦੇ ਸਚੇ ਤੱਤ ਸਰੂਪ ਦੀ ਲਖਤਾ ਕੇਵਲ ਗੁਰੂ ਘਰ ਤੇ ਸੰਤ ਜਨਾਂ ਨੂੰ ਹੀ ਹੋ ਸਕਦੀ ਹੈ। ਐਸੇ ਵਿਰਲੇ ਹੀ ਜੋਗੀਸ਼ਰ ਹਨ, ਜੋ ਹਨ ਭੀ ਸੋ ਗੁਰੂ ਘਰ ਦੇ ਗੁਰਮੁਖਿ ਜਨ ਹੀ ਹਨ। ਵਾਹਿਗੁਰੂ ਦੀ ਅਪਾਰ ਕਿਰਪਾ ਦ੍ਰਿਸ਼ਟੀ ਦਵਾਰਾ ਜਿਨ੍ਹਾਂ ਗੁਰਮੁਖਿ ਜਨਾਂ ਨੂੰ ਅਜਿਹੇ ਰੂਪ ਰੇਖ ਤੋਂ ਨਿਆਰੇ ਦਾ ਮਿਲਾਪ ਹੋਇਆ ਹੈ, ਉਹ ਸਭ ਧੰਨਤਾ ਯੋਗ ਹਨ ਅਤੇ ਵਡੇ ਪੁਰਸ਼ ਹਨ। ਈਸੁਰ ਪਦ ਦਾ ਪਿਛਲਾ 'ਰ' ਮੁਕਤਾ ਹੋਣ ਕਰਿ ਅਤੇ 'ਰ' ਨੂੰ ਔਂਕੜ ਨ ਹੋਣ ਦੇ ਕਾਰਨ ਇਸ ਪਦ ਦੇ ਅਰਥ ਈਸ਼ਰ ਪਰਮਾਤਮਾ ਦੇ ਨਹੀਂ ਬਣਦੇ, ਨਾ ਹੀ ਈਸ਼ਵਰ ਦੀ ਤੁਲਤਾ ਰੱਖਣ ਦੇ ਬਣਦੇ ਹਨ, ਅਰਥ ਵਡ ਵਡੇਰੇ ਪੁਰਸ਼ ਦੇ ਬਣਦੇ ਹਨ। ਅਜਿਹੇ ਗੁਰਮੁਖਿ ਤੱਤ ਗਿਆਨੀ ਤੱਤ-ਵੇਤੇ ਪ੍ਰਚੰਡ ਗਿਆਨ ਦੇ ਭਰਪੂਰ ਲੀਣੇ ਗੁਰਮੁਖਿ ਜਨ ਅੰਤਰ ਬਾਹਰ ਵਾਹਿਗੁਰੂ ਵਾਹਿਗੁਰੂ ਪੇਖਦੇ ਹਨ ਤੇ ਸਭ ਭਰਮ ਬਿਨਾਸ ਹੋ ਗਏ ਹਨ।

ਕਿਆ ਹਮ ਜੀਅ ਜੰਤ ਬੇਚਾਰੇ ਬਰਨਿ ਨ ਸਾਕਹ ਏਕ ਰੋਮਾਈ ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਬੇਅੰਤ ਠਾਕੁਰ ਤੇਰੀ ਗਤਿ ਨਹੀ ਪਾਈ॥੧॥
ਕਿਆ ਕਥੀਐ ਕਿਛੁ ਕਥਨੁ ਨ ਜਾਈ ॥
ਜਹ ਜਹ ਦੇਖਾ ਤਹ ਰਹਿਆ ਸਮਾਈ ॥੧॥ਰਹਾਉ॥
ਜਹ ਮਹਾ ਭਇਆਨ ਦੂਖ ਜਮ ਸੁਨੀਐ ਤਹ ਮੇਰੇ ਪ੍ਰਭ ਤੂਹੈ ਸਹਾਈ ॥
ਸਰਨਿ ਪਰਿਓ ਹਰਿ ਚਰਨ ਗਹੇ ਪ੍ਰਭ
ਗੁਰਿ ਨਾਨਕ ਕਉ ਬੂਝ ਬੁਝਾਈ ॥੨॥੫॥੯੧॥

[ਬਿਲਾਵਲੁ ਮ: ੫, ਪੰਨਾ ੮੨੨

ਇਸ ਤ੍ਰੈਗੁਣੀ ਸ੍ਰਿਸ਼ਟੀ ਦੇ ਰਚਿਤ ਅਲਪੱਗ ਜੀਅ ਆਪਣੀ ਅਲਪੱਗ ਬੁੱਧੀ ਦਵਾਰਾ ਕੀ ਹੈਸੀਅਤ ਰਖਦੇ ਹਨ ਕਿ ਵਾਹਿਗੁਰੂ ਦਾ ਇਕ ਤਿਲ ਮਾਤਰ ਵੀ ਵਰਨਣ ਕਰ ਸਕਣ। ਬ੍ਰਹਮਾ, ਸ਼ਿਵਜੀ ਜੈਸੇ ਅਨੇਕਾਂ ਸਿਧ ਮੁਨੀ ਇੰਦ੍ਰਾਦਿਕ ਹੋ ਗੁਜ਼ਰੇ ਹਨ। ਹੇ ਬੇਅੰਤ ਵਾਹਿਗੁਰੂ ! ਤੇਰੀ ਉਹ ਗਤਿ ਨਹੀਂ ਪਾ ਸਕੇ। ਰਚਨਹਾਰ ਸਿਰਜਨਹਾਰ ਰਚਿਤ ਅਲਪਗ੍ਯ ਬੁੱਧੀ ਵਾਲੇ ਜੀਵ ਵਾਹਿਗੁਰੂ ਦੀ ਮਹਿਮਾ ਨੂੰ ਕੀ ਦਸ ਸਕਦੇ ਹਨ ? ਸਰਬੱਗ ਵਾਹਿਗੁਰੂ ਦੀ ਮਹਿਮਾ ਭੀ ਸਰਬੱਗ ਹੈ। ਸਰਬਤ੍ਰ ਸਮਾਇ ਰਿਹਾ ਤੇ ਰਮ ਰਿਹਾ ਵਾਹਿਗੁਰੂ ਏਨ੍ਹਾਂ ਅਲਪੱਗ ਬੁੱਧੀ ਵਾਲਿਆਂ ਦੇਵਤਿਆਂ ਤੋਂ ਕੀ ਦੇਖਿਆ ਜਾ ਸਕਦਾ ਹੈ ? ਨ ਇਹ ਉੱਪਰ ਦੱਸੇ ਦੇਵਤੇ ਇਸ ਜੀਵ ਦੀ ਕੋਈ ਸਹਾਇਤਾ ਕਰ ਸਕਦੇ ਹਨ, ਉਹ ਤਾਂ ਆਪਣੀ ਸਹਾਇਤਾ ਵੀ ਨਹੀਂ ਕਰ ਸਕੇ। ਧੁਰ ਸਰਬੱਗਤਾ ਨੂੰ ਪ੍ਰੁੱਗਿਆ ਹੋਇਆ, ਕੋਈ ਗੁਰੂ ਵਰਸਾਇਆ ਗੁਰਮੁਖਿ ਜਨ ਹੀ ਤੇਰੀ ਕਿਰਪਾ ਦ੍ਰਿਸ਼ਟੀ ਦਵਾਰਾ ਹੀ ਤੁਧਨੋ ਵਰਨਣ ਕਰ ਸਕਦਾ ਹੈ। ਅਗਲੀ ਦਰਗਾਹ ਦੇ ਮਹਾਂ ਭਿਆਨਕ ਪੈਂਡੇ ਵਿਖੇ ਜਮ ਮਾਰਗ ਦੇ ਜੋ ਦੁੱਖ **ਸੁਣੀਦੇ** ਹਨ, ਤਿਥੇ ਹੇ ਵਾਹਿਗੁਰੂ ! ਤੂੰ ਤੇ ਤੇਰਾ ਨਾਮ ਹੀ ਸਹਾਈ ਹੋ ਸਕਦਾ ਹੈ, ਕਿਸੇ ਦੇਵੀ ਦੇਵਤੇ ਦੀ ਸਹਾਇਤਾ ਉਥੇ ਕੰਮ ਨਹੀਂ ਦੇ ਸਕਦੀ। ਇਹ ਕੇਵਲ ਗੁਰੂ ਨਾਨਕ ਦੇ ਘਰ ਨੂੰ ਹੀ ਵਿਸੇਖ ਹੈ ਕਿ ਜਿਨ੍ਹਾਂ ਗੁਰਮੁਖਿ ਜਨਾਂ ਨੇ ਗੁਰੂ ਨਾਨਕ ਦੇ ਚਰਨ ਫੜੇ ਹਨ, ਤਿਨ੍ਹਾਂ ਨੂੰ ਹੀ ਉਸ ਦਰ ਘਰ ਦੀ ਸੂਝ ਬੂਝ ਆ ਸਕਦੀ ਹੈ, ਹੋਰ ਕਿਸੇ ਨੂੰ ਨਹੀਂ।

# ੬੪. ਦੇਹਧਾਰੀ ਗੁਰੂ ਦੀ ਸੇਵਾ ਨਿਸਫਲ ਹੈ

ਜੋ ਮਾਨੁਖੁ ਮਾਨੁਖ ਕੀ ਸੇਵਾ
ਓਹੁ ਤਿਸ ਕੀ ਲਈ ਲਈ ਫੁਨਿ ਜਾਈਐ ॥
ਨਾਨਕ ਸਰਨਿ ਸਰਣਿ ਸੁਖ ਸਾਗਰ
ਮੋਹਿ ਟੇਕ ਤੇਰੋ ਇਕ ਨਾਈਐ ॥੨॥੬॥੯੨॥

[ਬਿਲਾਵਲੁ ਮ: ੫, ਪੰਨਾ ੮੨੨

ਇਸ ਦੋ-ਤੁਕੀ ਦਵਾਰਾ ਦੇਹਧਾਰੀ ਮਾਨੁੱਖਾਂ ਨੂੰ ਗੁਰੂ ਕਰਕੇ ਮੰਨਣ ਵਾਲੇ ਮਨੌਤ ਦਾ ਖੰਡਨ ਖ਼ੂਬ ਸਿਧ ਹੁੰਦਾ ਹੈ ਅਤੇ ਗੁਰਮਤਿ ਦਵਾਰਾ ਇੱਕੋ ਅਕਾਲ ਪੁਰਖ ਦੀ ਉਪਾਸ਼ਨਾ ਅਤੇ ਗੁਰੂ ਨੂੰ ਵਾਹਿਗੁਰੂ ਕਰਕੇ ਮੰਨਣ ਦਾ ਸਿਧਾਂਤੀ ਮੰਡਨ ਖ਼ੂਬ ਸਿਧ ਹੁੰਦਾ ਹੈ। ਯਥਾ ਵਿਆਖਿਆ–

ਜਿਹੜੇ ਅਲਪੱਗ ਬੁੱਧੀ ਵਾਲੇ ਮਾਨੁਖ ਦੇਹਧਾਰੀ ਮਾਨੁੱਖਾਂ ਨੂੰ ਗੁਰੂ ਕਰਕੇ ਮੰਨਣ ਦੀ ਸੇਵਾ ਕਰਦੇ ਹਨ, ਉਨ੍ਹਾਂ ਦੀ ਮਨੋ-ਕਾਮਨਾ ਮਨੁੱਖ ਨੂੰ ਗੁਰੂ ਕਰਕੇ ਮੰਨਣ ਵਾਲੀ ਕਦੇ ਪੂਰੀ ਨਹੀਂ ਹੁੰਦੀ। ਆਨਮਤੀ ਮਾਨੁਖ ਨੂੰ ਦੇਹਧਾਰੀ ਮਾਨੁਖ ਦੀ ਸੇਵਾ

 www.sikhbookclub.com

ਦੀ ਭਾਵਨਾ ਹੀ ਮਿਲਦੀ ਹੈ, ਜੋ ਐਵੇਂ ਅਜਾਈਂ ਜਾਂਦੀ ਹੈ। ਅਲਪੱਗ ਮਨੁਖਾਂ ਦੀ ਸੇਵਾ ਅਲਪੱਗ ਮਾਨਵੀ ਮਨੋਰਥਾਂ ਲਈ ਹੀ ਹੁੰਦੀ ਹੈ, ਏਸੇ ਲਈ ਉਹ ਉਨ੍ਹਾਂ ਦੀ ਗੁਰੂ-ਡੰਮੀ ਸੇਵਾ ਕੀਤੀ ਬਿਰਥੀ ਜਾਂਦੀ ਹੈ। ਗੁਰੂ ਨਾਨਕ ਜੀ ਦੇ ਘਰ ਦੇ, ਗੁਰੂ ਨਾਨਕ ਸਰਣਾਗਤਿ ਆਏ ਗੁਰਮੁਖਿ ਜਨ ਸੁਖ-ਸਾਗਰ ਵਾਹਿਗੁਰੂ ਦੀ ਹੀ ਸ਼ਰਨ ਲੈਂਦੇ ਹਨ ਅਤੇ ਗੁਰਮਤਿ ਨਾਮ ਦਾ ਹੀ ਇਕ ਆਸਰਾ ਤਕਦੇ ਹਨ। ਤਾਂ ਤੇ ਇਹ ਸਿਮਰਨ ਮਈ ਸੇਵਾ ਕੀਤੀ ਉਨ੍ਹਾਂ ਦੀ ਥਾਇਂ ਪੈ ਜਾਂਦੀ ਹੈ, ਕਦੇ ਬਿਰਥੀ ਨਹੀਂ ਜਾਂਦੀ।

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹ ਭੇਦੁ ਬਤਾਵੈ ॥੧॥ਰਹਾਉ॥
ਕਹਾ ਭਇਓ ਤੀਰਥ ਬ੍ਰਤ ਕੀਏ ਰਾਮ ਸਰਨਿ ਨਹੀ ਆਵੈ ॥
ਜੋਗ ਜਗ ਨਿਹਫਲ ਤਿਹ ਮਾਨਉ ਜੋ ਪ੍ਰਭ ਜਸੁ ਬਿਸਰਾਵੈ ॥੧॥
ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤ ਕਹਾਵੈ ॥੨॥੨॥

[ਬਿਲਾਵਲੁ ਮ: ੯, ਪੰਨਾ ੮੩੦

ਇਸ ਗੁਰਵਾਕ ਦੁਆਰਾ ਸਾਫ਼ ਸਿਧ ਹੁੰਦਾ ਹੈ ਕਿ ਕੇਵਲ ਤੱਤ ਗੁਰਮਤਿ ਧਾਰਨ ਕੀਤਿਆਂ ਹੀ ਦੁੱਖ ਦੀ ਨਵਿਰਤੀ ਹੁੰਦੀ ਹੈ ਅਤੇ ਸੱਚੇ ਆਤਮਿਕ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰਮਤਿ ਨਾਮ ਵਾਹਿਗੁਰੂ ਬਿਨਾਂ ਦੁਖ ਹੀ ਦੁੱਖ ਮਿਲਦਾ ਹੈ, ਗੁਰਮਤਿ ਨਾਮ ਭਗਤੀ ਕੀਤੇ ਬਿਨਾਂ ਸੰਸਾ ਦੂਰ ਨਹੀਂ ਹੁੰਦਾ, ਕੇਵਲ ਸੱਚਾ ਗੁਰੂ ਹੀ ਇਹ ਭੇਦ ਦਸਦਾ ਹੈ। ਕੀ ਹੋਇਆ ਜੇ ਆਨਮਤ ਧਰਮ ਕਰਮੀ ਤੀਰਥ ਬਰਤ ਆਦਿਕ ਕਰ ਲਏ, ਇਹ ਆਨਮਤ ਧਰਮ ਤੀਰਥ ਬਰਤ ਆਦਿਕ ਕਰਨ ਕਰਕੇ ਜਗਿਆਸੂ ਜੀਵ ਵਾਹਿਗੁਰੂ ਦੀ ਸ਼ਰਨ ਨਹੀਂ ਆ ਸਕਦਾ, ਉਸ ਦੇ ਕੀਤੇ ਜੋਗ ਸਾਧਨ ਅਤੇ ਜਗ ਆਦਿਕ ਆਨਮਤ ਕਰਮ ਸਭ ਨਿਹਫਲ ਜਾਂਦੇ ਹਨ। ਜੋ ਜਨ ਵਾਹਿਗੁਰੂ ਦੇ ਜਸ ਨੂੰ ਖਿਸਰਾਏ ਦਿੰਦਾ ਹੈ ਉਸ ਦਾ ਕੀਤਾ ਕੋਈ ਵੀ ਆਨਮਤ ਕਰਮ ਸਫਲਾ ਨਹੀਂ ਹੁੰਦਾ। ਇਨ੍ਹਾਂ ਜੋਗ ਜਗ ਆਦਿਕ ਆਨਮਤ ਕਰਮਾਂ ਦੇ ਕੀਤਿਆਂ ਮਾਨ ਮੋਹ ਹੀ ਵਧਦਾ ਹੈ। ਮਾਨ ਮੋਹ ਦੋਹਾਂ ਨੂੰ ਦੂਰ ਕਰ ਕੇ (ਪਰਹਰ ਕੇ) ਹੀ ਸੱਚਾ ਗੁਰਮਤਿ ਪ੍ਰਮਾਰਥੀ ਮਾਰਗ ਮਿਲਦਾ ਹੈ। ਵਾਹਿਗੁਰੂ ਦੇ ਗੁਣ ਗਾਵਣਹਾਰਾ ਗੁਰਮੁਖਿ ਜਨ ਇਸ ਸੁੱਚੇ ਗੁਰਮਤਿ ਮਾਰਗ ਤੇ ਚੱਲਣਹਾਰਾ ਹੁੰਦਾ ਹੈ। ਇਸ ਪ੍ਰਕਾਰ ਦਾ ਜੋ ਪ੍ਰਾਣੀ ਜਗਿਆਸੂ ਜਨ ਹੈ, ਜੋ ਗ੍ਰਿਹਸਤ ਧਰਮ ਵਿਖੇ ਰਹਿ ਕੇ ਹੀ ਮਾਨ ਮੋਹ ਆਦਿਕ ਤੋਂ ਅਲੇਪ ਰਹਿੰਦਾ ਹੈ, ਉਹੀ ਜੀਵਨ ਮੁਕਤ ਕਹਾਉਂਦਾ ਹੈ।

ਜਾ ਮਹਿ ਭਜਨੁ ਰਾਮ ਕੋ ਨਾਂਹੀ ॥
ਤਿਹ ਨਰ ਜਨਮੁ ਅਕਾਰਥੁ ਖੋਇਆ ਯਹ ਰਾਖਹੁ ਮਨ ਮਾਹੀ ॥੧॥ਰਹਾਉ॥

ਤੀਰਥ ਕਰੈ ਬਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮ ਤਾਹਿ ਤੁਮ ਮਾਨੋ ਸਾਚੁ ਕਹਤ ਮੈ ਯਾ ਕਉ ॥੧॥
ਜੈਸੇ ਪਾਹਨੁ ਜਲ ਮਹਿ ਰਾਖਿਓ ਭੇਦੈ ਨਾਹਿ ਤਿਹ ਪਾਨੀ ॥
ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ ॥੨॥
ਕਲਿ ਮੈ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਵੈ ॥
ਕਹੁ ਨਾਨਕ ਸੋਈ ਨਰੁ ਗਰੂਆ ਜੋ ਪ੍ਰਭ ਕੇ ਗੁਨ ਗਾਵੈ ॥੩॥੩॥

[ਬਿਲਾਵਲੁ ਮ: ੯, ਪੰਨਾ ੮੩੧

ਇਸ ਗੁਰਵਾਕ ਦਵਾਰਾ ਭੀ ਕੇਵਲ ਗੁਰਮਤਿ ਤੋਂ ਹੀਣੇ ਤੀਰਥ ਬ੍ਰਤ ਆਦਿਕ ਆਨਮਤ ਕਰਮਾਂ ਦਾ ਖੰਡਨ ਸਿਧਾਂਤ ਹੀ ਸਿਧ ਹੁੰਦਾ ਹੈ । ਯਥਾ ਵਿਆਖਿਆ–

ਜਿਸ ਪੁਰਸ਼ ਅੰਦਰ ਵਾਹਿਗੁਰੂ ਦਾ ਭਜਨ ਨਹੀਂ ਹੈ, ਜਿਸ ਦੇ ਅੰਦਰ ਗੁਰਮਤਿ ਨਾਮ ਨਿਹਕਾਮ ਦਾ ਨਮੂਦ ਨਹੀਂ, ਤਿਸ ਨਰ ਦਾ ਜਨਮ ਬਿਰਥਾ ਹੀ ਖੋਇਆ ਜਾਂਦਾ ਹੈ । ਇਸ ਗੱਲ ਨੂੰ ਦ੍ਰਿੜ੍ਹ ਕਰਕੇ ਹਿਰਦੇ ਅੰਦਰ ਧਾਰਨ ਕਰ ਲੈਣਾ ਚਾਹੀਦਾ ਹੈ । ਚਾਹੇ ਕਿਤਨੇ ਹੀ ਆਨਮਤੀ ਤੀਰਥ ਕੋਈ ਕਰ ਲਵੇ ਅਤੇ ਕਿਤਨੇ ਹੀ ਬਰਤ ਰਖ ਲਵੇ, ਸਭ ਬਿਰਥੇ ਹੀ ਜਾਂਦੇ ਹਨ, ਜਦੋਂ ਕਿ ਇਹਨਾਂ ਤੀਰਥਾਂ ਬਰਤਾਂ ਆਨਮਤੀ ਕਰਮਾਂ ਦੇ ਕੀਤਿਆਂ ਮਨੂਆ ਬਸ ਨਹੀਂ ਆਉਂਦਾ । ਉਸ ਦੇ ਸਭ ਧਰਮ ਕਰਮ ਕੀਤੇ ਨਿਹਫਲ ਜਾਂਦੇ ਹਨ, ਇਹ ਗੱਲ ਨਿਸਚੇ ਕਰਕੇ ਮੰਨ ਲਵੋ । ਇਸ ਗੱਲ ਨੂੰ ਸੱਚ ਕਰਕੇ ਦ੍ਰਿੜ੍ਹਾਇਆ ਜਾਂਦਾ ਹੈ । ਜੈਸੇ ਪੱਥਰ ਜਲ ਵਿਖੇ ਚਾਹੇ ਕਿਤਨਾ ਚਿਰ ਰਖ ਛਡੋ, ਉਸ ਅੰਦਰ ਪਾਣੀ ਪਰਵੇਸ਼ ਨਹੀਂ ਹੁੰਦਾ, ਤੈਸੇ ਹੀ ਜੋ ਭਗਤਿ ਹੀਨ ਪ੍ਰਾਣੀ ਹਨ, ਤਿਨ੍ਹਾਂ ਦੇ ਆਨਮਤ ਧਰਮ ਕਰਮ ਕੀਤੇ ਸਭ ਨਿਸਫਲ ਜਾਂਦੇ ਹਨ । ਕਲਜੁਗ ਵਿਖੇ ਕੇਵਲ ਗੁਰਮਤਿ ਨਾਮ ਤੋਂ ਮੁਕਤੀ ਮਿਲਦੀ ਹੈ । ਗੁਰੂ ਸੱਚਾ ਪਾਤਸ਼ਾਹ ਇਹ ਸੱਚੇ ਭੇਦ ਵਾਲੀ ਬਿਧਿ ਬਤਾਉਂਦਾ ਹੈ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਸੋਈ ਨਰ ਵਡਾ ਗਹਿਰ ਗੰਭੀਰਾ ਹੈ ਜੋ ਵਾਹਿਗੁਰੂ ਦੇ ਗੁਣ ਗਾਉਂਦਾ ਹੈ ।

ਨਿਕਟਿ ਵਸੈ ਦੇਖੈ ਸਭੁ ਸੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥
ਵਿਣੁ ਭੈ ਪਇਐ ਭਗਤਿ ਨ ਹੋਈ ॥ ਸਬਦਿ ਰਤੇ ਸਦਾ ਸੁਖੁ ਹੋਈ ॥੧॥
ਐਸਾ ਗਿਆਨੁ ਪਦਾਰਥੁ ਨਾਮੁ ॥
ਗੁਰਮੁਖਿ ਪਾਵਸਿ ਰਸਿ ਰਸਿ ਮਾਨੁ ॥੧॥ਰਹਾਉ॥
ਗਿਆਨੁ ਗਿਆਨੁ ਕਥੈ ਸਭੁ ਕੋਈ ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥ ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥ ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ ॥ ਨਾਵਹੁ ਭੂਲੇ ਥਾਉ ਨ ਕੋਈ ॥੩॥

ਮਨੁ ਮਾਇਆ ਬੰਧਿਓ ਸਰ ਜਾਲਿ ॥
ਘਟਿ ਘਟਿ ਬਿਆਪਿ ਰਹਿਓ ਬਿਖੁ ਨਾਲਿ ॥
ਜੋ ਆਂਜੈ ਸੋ ਦੀਸੈ ਕਾਲਿ ॥ ਕਾਰਜੁ ਸੀਧੋ ਰਿਦੈ ਸਮਾਲਿ ॥੪॥
ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਮਨਮੁਖਿ ਹਉਮੈ ਪਤਿ ਗਵਾਈ॥
ਆਪੇ ਕਰਤੈ ਭਗਤਿ ਕਰਾਈ ॥ ਗੁਰਮੁਖਿ ਆਪੇ ਦੇ ਵਡਿਆਈ ॥੫॥
ਰੈਣਿ ਅੰਧਾਰੀ ਨਿਰਮਲ ਜੋਤਿ ॥ ਨਾਮ ਬਿਨਾ ਝੂਠੇ ਕੁਚਲ ਕਛੋਤਿ ॥
ਬੇਦੁ ਪੁਕਾਰੈ ਭਗਤਿ ਸਰੋਤਿ ॥ ਸੁਣਿ ਸੁਣਿ ਮਾਨੈ ਵੇਖੈ ਜੋਤਿ ॥੬॥
ਸਾਸਤ੍ਰ ਸਿਮ੍ਰਿਤਿ ਨਾਮ ਦ੍ਰਿੜਾਮੰ ॥ ਗੁਰਮੁਖਿ ਸਾਂਤਿ ਊਤਮ ਕਰਮੰ ॥
ਮਨਮੁਖਿ ਜੋਨੀ ਦੂਖ ਸਹਾਮੰ ॥ ਬੰਧਨ ਤੂਟੇ ਇਕੁ ਨਾਮੁ ਵਸਾਮੰ ॥੭॥
ਮੰਨੇ ਨਾਮੁ ਸਚੀ ਪਤਿ ਪੂਜਾ ॥ ਕਿਸੁ ਵੇਖਾ ਨਾਹੀ ਕੋ ਦੂਜਾ ॥
ਦੇਖਿ ਕਹਉ ਭਾਵੈ ਮਨਿ ਸੋਇ ॥ ਨਾਨਕੁ ਕਹੈ ਅਵਰੁ ਨਹੀ ਕੋਇ ॥੮॥੧॥

[ਬਿਲਾਵਲੁ ਅਸਟ: ਮ: ੫ ਘਰੁ ੧੦, ਪੰਨਾ ੮੩੧-੩੨

ਵਾਹਿਗੁਰੂ ਸਭ ਦੇ ਨੇੜੇ ਵਸਦਾ ਹੈ ਅਤੇ ਸੋਈ ਵਾਹਿਗੁਰੂ ਹੀ ਸਭ ਕੁਛ ਵੇਖਦਾ ਹੈ (ਪਰ ਉਸ ਨੂੰ ਕੋਈ ਨਹੀਂ ਵੇਖਦਾ)। ਕੋਈ ਵਿਰਲਾ ਗੁਰਮੁਖਿ ਹੀ ਹੈ ਜੋ ਉਸ ਨੂੰ ਵੇਖਦਾ ਬੁਝਦਾ ਹੈ। ਵਾਹਿਗੁਰੂ ਦਾ ਭੈ ਮਨ ਵਿਚ ਵਸੇ ਤੋਂ ਬਿਨਾਂ ਭਗਤੀ ਨਹੀਂ ਹੁੰਦੀ ਤੇ ਉਸ ਨੂੰ ਪਰਤੱਖ ਵੇਖੇ ਬਿਨਾਂ ਭੈ ਨਹੀਂ ਉਪਜਦਾ। ਯਥਾ ਗੁਰਵਾਕ—

ਨਿਕਟਿ ਬੁਝੈ ਸੋ ਬੁਰਾ ਕਿਉ ਕਰੈ ॥ ਬਿਖੁ ਸੰਚੈ ਨਿਤ ਡਰਤਾ ਫਿਰੈ ॥
ਹੈ ਨਿਕਟੇ ਅਰੁ ਭੇਦੁ ਨ ਪਾਇਆ॥ ਬਿਨੁ ਸਤਿਗੁਰ ਸਭ ਮੋਹੀ ਮਾਇਆ॥੧॥
ਨੇੜੈ ਨੇੜੈ ਸਭੁ ਕੋ ਕਹੈ ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ ॥੧॥ਰਹਾਉ॥

[ਭੈਰਉ ਮਹਲਾ ੫, ਪੰਨਾ ੧੧੩੯

ਵਾਹਿਗੁਰੂ ਦੇ ਸ਼ਬਦ ਵਿਚ ਰਤਿਆਂ ਹੀ ਸਦਾ ਸੁਖ ਹੁੰਦਾ ਹੈ। ਸ਼ਬਦ ਰੂਪੀ ਨਾਮ ਹੀ ਐਸਾ ਗਿਆਨ-ਪਦਾਰਥ ਹੈ। ਕੋਈ ਗੁਰਮੁਖਿ ਜਨ ਹੀ ਹੈ ਜੋ ਇਸ ਨਾਮ ਰੂਪੀ ਗਿਆਨ-ਪਦਾਰਥ ਨੂੰ ਰਸਿਕ-ਰਸੀਆ ਹੋ ਕੇ ਮੰਨਦਾ ਹੈ ਤੇ ਅੰਤਰ ਆਤਮੇ ਇਸ ਗਿਆਨ ਮਹਾਂ ਰਸ ਦਾ ਰਸ ਪ੍ਰਾਪਤ ਕਰਦਾ ਹੈ। ਆਨਮਤੀ ਲੋਕ ਆਪਣੀ ਮਨਮਤਿ ਦਵਾਰਾ ਮਨ-ਉਕਤ ਗਿਆਨ ਗਿਆਨ ਕਥਦਾ ਫਿਰਦਾ ਹੈ। ਸਭ ਕੋਈ ਗੁਰਮਤਿ ਤੋਂ ਹੀਣਾ ਮਨਮੁਖ ਪੁਰਸ਼ ਅਜਿਹਾ ਮਨ-ਉਕਤ ਗਿਆਨ ਹੀ ਘੋਟਦਾ ਹੈ। ਫੋਕਟ ਗਿਆਨ ਘੋਟ ਘੋਟ ਕੇ ਅਜਿਹੇ ਵਾਸਤਵੀ ਅਗਿਆਨੀ ਲੋਕ ਝਗੜਾ ਕਰ ਕਰ ਕੇ (ਬਾਦ ਬਿਬਾਦ ਕਰ ਕਰ ਕੇ) ਆਪਣਾ ਸਾਰਾ ਜਨਮ ਖੋ ਲੈਂਦੇ ਹਨ। ਇਸ ਬਾਦ-ਬਿਬਾਦ ਮਈ ਗਿਆਨ-ਚਰਚਾ ਵਿਖੇ ਸੁਖ ਕੋਈ ਨਹੀਂ, ਦੁਖ ਹੀ ਦੁਖ ਹੁੰਦਾ ਹੈ। ਆਪਣੀ ਫੋਕਟ ਕਥਨੀ ਅਤੇ ਕਹਿਣੀ ਉਤੇ ਰਹਿੰਦਾ ਵੀ ਕੋਈ ਨਹੀਂ। ਭਾਵ, ਉਨ੍ਹਾਂ ਦੀ ਨਿਰੀ ਕਥਨੀ ਅਤੇ ਕਹਿਣੀ ਹੀ ਹੁੰਦੀ ਹੈ, ਕਮਾਈ ਨਹੀਂ ਹੁੰਦੀ। ਫੋਕਟ ਕਥਨੀ

ਕਹਿਣੀ ਦਵਾਰਾ ਰਸਿਕ ਗਿਆਨ ਨਹੀਂ ਉਪਜਦਾ, ਅਤੇ ਰਸ ਵਿਚ ਰੱਤੇ ਬਿਨਾਂ ਮੁਕਤੀ ਨਹੀਂ ਹੁੰਦੀ।

ਰਸਿਕ ਗਿਆਨ, ਜੋਤਿ ਪਰਚੰਡੀਆ ਗਿਆਨ ਗੁਰੂ ਦੁਆਰਿਓਂ ਹੀ ਪ੍ਰਾਪਤ ਹੁੰਦਾ ਹੈ ਅਤੇ ਗੁਰੂ ਦੁਆਰਾ ਹੀ ਸੱਚੇ ਗਿਆਨ ਵਿਚ ਰਸਲੀਨ ਹੋਇਆਂ ਸਚੜਾ ਧਿਆਨ ਜੰਮਦਾ ਹੈ। ਸੱਚੀ ਰਹਿਣੀ ਤਦੇ ਹੈ ਜੇ ਸੱਚਾ ਵਾਹਿਗੁਰੂ ਮਨ ਵਿਚ ਵਸੇ। ਮਨਮੁਖ ਪੁਰਸ਼ ਦੀ ਨਿਰੀ ਕਥਨੀ ਹੀ ਕਥਨੀ ਹੁੰਦੀ ਹੈ, ਰਹਿਤ ਰਹਿਣੀ ਨਹੀਂ ਹੁੰਦੀ। ਨਾਮ ਤੋਂ ਭੁੱਲਿਆਂ ਦਾ ਥਾਉਂ ਕੋਈ ਨਹੀਂ। ਆਮ ਨਿਗੁਰੇ ਸੰਸਾਰੀ ਲੋਕਾਂ ਦਾ ਮਨ ਸੰਸਾਰ ਮਾਇਆ ਰੂਪੀ ਜਾਲ ਵਿਚ ਬੰਨ੍ਹਿਆ ਹੋਇਆ ਹੈ। ਹਰ ਜੀਵ ਦੇ ਹਿਰਦੇ ਵਿਚ ਇਹ ਜਾਲ ਵਿਛਿਆ ਪਇਆ ਹੈ। ਵਿਸ਼ੇ ਰੂਪ ਚਾਟ ਸਮੇਤ ਜੋ ਜੋ ਜੰਤ ਜੂਨੀ (ਪੈਦਾਇਸ਼) ਵਿਚ ਆਇਆ ਹੈ, ਉਹ ਕਾਲ ਦੇ ਅਧੀਨ ਦਿਸਦਾ ਹੈ। ਇਸ ਕਾਲ ਤੋਂ ਬਚਣ ਵਾਲਾ ਕਾਰਜ ਤਦੇ ਸਿਧ ਹੁੰਦਾ ਹੈ ਜੇ ਵਾਹਿਗੁਰੂ ਦੇ ਨਾਮ ਨੂੰ ਸਦਾ ਹੀ ਹਿਰਦੇ ਵਿਚ ਸਮਾਲ੍ਹੀ ਰੱਖੇ।

ਗੁਰਮਤਿ ਅਨੁਸਾਰ ਸੋਈ ਪੁਰਸ਼ ਗਿਆਨੀ ਸਦਾਅ ਸਕਦਾ ਹੈ ਜਿਸ ਨੇ ਸ਼ਬਦ ਗੁਰ-ਦੀਖਿਆ ਨਾਮ ਵਿਖੇ ਲਿਵ ਲਾਈ ਹੋਵੇ। ਇਸ ਗੁਰ-ਸ਼ਬਦ ਤੋਂ ਘੁੱਥੇ ਹੋਏ ਜੋ ਮਨਮੁਖ ਗਿਆਨੀ ਹਨ, ਵਾਸਤਵ ਵਿਚ ਉਹ ਅਗਿਆਨੀ ਹਨ। ਉਹ ਸਦਾ ਹਉਮੈ ਵਿਚ ਹੀ ਫਿਰਦੇ ਹਨ ਅਤੇ ਆਪਣੀ ਮਨ ਦੀ ਮਤਿ ਕਰਕੇ ਹਉਮੈ ਵਿਚ ਹੀ ਗਿਆਨੀ ਸਦਵਾਉਂਦੇ ਹਨ ਤੇ ਹਉਮੈ ਦੇ ਗੁਸੇ ਹੋਏ ਲੋਕ ਪਰਲੋਕ ਵਿਚ ਆਪਣੀ ਪਤਿ ਗਵਾ ਲੈਂਦੇ ਹਨ। ਜਿਸ ਦੇ ਉੱਪਰ ਵਾਹਿਗੁਰੂ ਕਰਤਾਰ ਦੀ ਨਦਰ ਮੇਹਰ ਹੁੰਦੀ ਹੈ, ਉਸੇ ਗੁਰਮੁਖਿ ਜਨ ਨੂੰ ਵਾਹਿਗੁਰੂ ਆਪ ਸੱਚੇ ਗਿਆਨੀ ਹੋਣ ਦੀ ਵਡਿਆਈ ਦੇਂਦਾ ਹੈ। ਆਪ ਕਰਤਾ ਪੁਰਖ ਉਸ ਤੋਂ ਸੱਚੀ ਭਗਤੀ ਕਰਾਉਂਦਾ ਹੈ। ਭਗਤੀ ਕਰਨ ਕਰਕੇ ਗੁਰਮੁਖਿ ਜਨ ਸੱਚਾ ਗੁਰਮਤਿ ਗਿਆਨੀ ਸਦਾਉਂਦਾ ਹੈ। ਮਨਮੁਖਾਂ ਲਈ, ਗੁਰਮਤਿ ਤੋਂ ਹੀਣੇ ਅਗਿਆਨੀਆਂ ਲਈ ਸਾਰੀ ਉਮਰ ਰੂਪੀ ਰੈਣ ਤਿਮਰ ਅਗਿਆਨ-ਅੰਧੇਰੇ ਵਿਚ ਹੀ ਜਾਂਦੀ ਹੈ। ਇਸ ਅਗਿਆਨ-ਅੰਧੇਰੇ ਵਿਚ ਵਾਹਿਗੁਰੂ ਦੀ ਨਿਰਮਲ ਜੋਤਿ ਕਿਸੇ ਵਿਰਲੇ ਗੁਰਮੁਖਿ ਗਿਆਨੀ ਨੂੰ ਹੀ ਪ੍ਰਾਪਤ ਹੁੰਦੀ ਹੈ। ਨਾਮ ਬਿਨਾਂ ਝੂਠੇ ਗਿਆਨੀ (ਅਗਿਆਨੀ) ਲੋਕ ਸਾਰ ਕੁਚਲ ਕੁਚੀਲ ਅਤੇ ਅਛੂਤ ਹੀ ਹਨ। ਜੋ ਗੁਰਮੁਖਿ ਜਨ ਸੱਚਾ ਨਾਮ ਰੂਪੀ ਬੇਦ ਹੀ ਹਰ ਦਮ ਉਚਰਦਾ ਪੁਕਾਰਦਾ ਰਹਿੰਦਾ ਹੈ, ਉਸ ਦੀ ਜੋਤਿ ਵਿਚ ਹਮੇਸ਼ਾ ਭਗਤੀ ਭਾਵ ਹੀ ਉਪਜਦਾ ਰਹਿੰਦਾ ਹੈ। ਅਜਿਹੀ ਭਗਤੀ ਰੂਪੀ ਸ੍ਰੋਤ ਨੂੰ ਸੁਣ ਸੁਣ ਕੇ ਹੀ ਵਾਹਿਗੁਰੂ ਜੋਤੀਸ਼ ਉਪਰ ਸੱਚਾ ਮਨ ਮੰਨਦਾ ਹੈ। ਅਜਿਹੀ ਸੱਚੀ ਮਨੌਤੀ ਮੰਨ ਮੰਨ ਕੇ ਜੋਤੀਸ਼ ਰੂਪ ਵਾਹਿਗੁਰੂ ਦੀ ਜੋਤਿ ਨੂੰ ਹਮੇਸ਼ਾ ਆਪਣੇ ਸਾਹਮਣੇ ਪਰਤੱਖ ਦੇਖਦਾ ਹੈ।

ਜਿਸ ਨੂੰ ਗੁਰੂ ਦਵਾਰਾ ਸੱਚਾ ਗੁਰਮਤਿ ਨਾਮ ਦ੍ਰਿੜ੍ਹ ਹੋਇਆ ਹੈ ਉਹੀ

ਸੱਚੇ ਸ਼ਾਸਤ੍ਰ ਸਿਮ੍ਰਿਤ ਦਾ ਸੱਚਾ ਬਕਤਾ ਕਹਾ ਸਕਦਾ ਹੈ। ਭਾਵ, ਗੁਰਮੁਖਾਂ ਦੇ ਨਜ਼ਦੀਕ ਗੁਰਮਤਿ ਨਾਮ ਹੀ ਸੱਚਾ ਸਿਮ੍ਰਿਤ ਹੈ, ਸੱਚਾ ਸ਼ਾਸਤ੍ਰ ਹੈ। ਗੁਰਮਤਿ ਨਾਮ ਹੀ ਸੱਚਾ ਬੇਦ, ਸਿਮ੍ਰਿਤਿ (ਸਿਮ੍ਰਿਤੀ) ਹੈ। ਬੇਦ-ਭਗਤਾਂ ਦੇ ਇਹ ਅਰਥ ਗ਼ਲਤ ਹਨ ਜੋ ਇਉਂ ਕਹਿੰਦੇ ਹਨ ਕਿ ਧਾਰਮਕ ਆਨਮਤ ਪੁਸਤਕਾਂ ਨਾਮ ਦੀ ਸਿੱਖਿਆ ਦੇਂਦੀਆਂ ਹਨ। ਇਹ ਗੁਰੂ ਘਰ ਦੇ ਗੁਰਮੁਖਿ ਜਨ ਹੀ ਹਨ ਜਿਨ੍ਹਾਂ ਨੂੰ ਸੱਚੀ ਸ਼ਾਂਤ ਪ੍ਰਾਪਤ ਹੁੰਦੀ ਹੈ। ਇਹ ਸੱਚੀ ਸ਼ਾਂਤਮਈ ਭੀ ਗੁਰਮਤਿ ਦੇ ਸੱਚੇ ਉੱਤਮ ਕਰਮਾਂ (ਕਮਾਈ) ਕਰਕੇ ਹੀ ਹੁੰਦੀ ਹੈ। ਭਾਵ, ਗੁਰਮਤਿ ਨਾਮ ਅਭਿਆਸ ਕਮਾਈ ਦੁਆਰਾ ਹੀ ਸੱਚੀ ਸ਼ਾਂਤਮਈ ਪ੍ਰਾਪਤ ਹੁੰਦੀ ਹੈ। ਜੋ ਮਨਮੁਖ ਅਗਿਆਨੀ ਪੁਰਸ਼ ਹਨ, ਉਨ੍ਹਾਂ ਦੀ ਕਲਿਆਣ ਕਦੇ ਨਹੀਂ ਹੁੰਦੀ। ਜੂਨੀਆਂ ਵਿਚ ਪੈ ਪੈ ਕੇ ਦੁਖ ਸਹਿੰਦੇ ਰਹਿੰਦੇ ਹਨ। ਇਸ ਜਨਮ ਮਰਣ ਦੇ ਬੰਧਨ ਤਦੇ ਤੁਟਦੇ ਹਨ ਜੇ ਉਨ੍ਹਾਂ ਦੇ ਹਿਰਦੇ ਵਿਚ ਨਾਮ ਵਸੇ। ਗੁਰਮਤਿ ਨਾਮ ਹਿਰਦੇ ਵਿਚ ਵਸਾਉਣ ਨਾਲ ਹੀ ਇਹ ਬੰਧਨ ਤੁਟਦੇ ਹਨ ਅਤੇ ਇਹ ਨਾਮ ਕੇਵਲ ਗੁਰਮਤਿ ਦਵਾਰਾ ਹੀ ਪ੍ਰਾਪਤ ਹੁੰਦਾ ਹੈ।

ਨਾਮ ਮੰਨਣਾ ਹੀ ਸੱਚੀ ਪਤਿ ਤੇ ਪੂਜਾ ਹੈ। ਗੁਰਮਤਿ ਨਾਮ ਤੋਂ ਬਿਨਾਂ ਦੂਜੀ ਭਾਵ ਦੀ ਉਪਾਸ਼ਨਾ ਵਿਖੇ ਕਿਤੇ ਵੀ ਸੱਚ ਅਤੇ ਸੱਚਾ ਵਾਹਿਗੁਰੂ ਨਹੀਂ ਦਿਸਦਾ। ਅਜਿਹੀ ਦੇਖਣੀ ਜੋ ਕੋਈ ਸਦੀਵ ਦੇਖਦਾ ਰਹੇ ਤਾਂ ਉਹ ਸੱਚੇ ਵਾਹਿਗੁਰੂ ਨੂੰ ਭਾਉਂਦਾ ਹੈ। ਗੁਰ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਬਿਨਾਂ ਕੋਈ ਹੈ ਹੀ ਨਹੀਂ, ਇਹ ਸੱਚੀ ਪ੍ਰਤੀਤ ਕੇਵਲ ਗੁਰਮਤਿ ਦਵਾਰਾ ਹੀ ਪ੍ਰਾਪਤ ਹੁੰਦੀ ਹੈ। ਇਸ ਸਾਰੇ ਗੁਰਵਾਕ ਵਿਖੇ ਗੁਰਮਤਿ ਗਿਆਨ ਦੀ ਹੀ ਸੱਚੀ ਮਹਿਮਾ ਨਿਰੂਪਣ ਹੁੰਦੀ ਹੈ ਅਤੇ ਆਨਮਤ ਦਵਾਰਾ ਪ੍ਰਾਪਤ ਹੋਇਆ ਮਨ-ਹੁਦਰਾ ਗਿਆਨ ਸਭ ਖੰਡਨ ਹੁੰਦਾ ਹੈ; ਮੰਡਨ ਹੈ ਤਾਂ ਗੁਰਮਤਿ ਗਿਆਨ ਦਾ ਹੀ ਹੈ।

ਮਨ ਕਾ ਕਹਿਆ ਮਨਸਾ ਕਰੈ ॥ ਇਹੁ ਮਨੁ ਪੁੰਨੁ ਪਾਪੁ ਉਚਰੈ ॥
ਮਾਇਆ ਮਦਿ ਮਾਤੇ ਤ੍ਰਿਪਤਿ ਨ ਆਵੈ ॥
ਤ੍ਰਿਪਤਿ ਮੁਕਤਿ ਮਨਿ ਸਾਚਾ ਭਾਵੈ ॥੧॥
ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥
ਬਿਨੁ ਨਾਵੈ ਕਿਛੁ ਸੰਗਿ ਨਾ ਜਾਨਾ ॥੧॥ਰਹਾਉ॥
ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥ ਧਨੁ ਲੋਕਾਂ ਤਨੁ ਭਸਮੈ ਢੇਰੀ ॥
ਖਾਕੂ ਖਾਕੁ ਰਲੈ ਸਭੁ ਫੈਲੁ ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥੨॥
ਗੀਤ ਰਾਗ ਘਨ ਤਾਲ ਸਿ ਕੂਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥
ਦੂਜੀ ਦੁਰਮਤਿ ਦਰਦੁ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥੩॥
ਧੋਤੀ ਊਜਲ ਤਿਲਕੁ ਗਲਿ ਮਾਲਾ ॥ ਅੰਤਰਿ ਕ੍ਰੋਧੁ ਪੜਹਿ ਨਾਟ ਸਾਲਾ ॥
ਨਾਮੁ ਵਿਸਾਰਿ ਮਾਇਆ ਮਦੁ ਪੀਆ ॥

ਬਿਨੁ ਗੁਰ ਭਗਤਿ ਨਾਹੀ ਸੁਖੁ ਥੀਆ ॥੪॥
ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥
ਗੁਰ ਤੇ ਮੁਹੁ ਫੇਰੇ ਤਿਨ੍ ਜੋਨਿ ਭਵਾਈਐ ॥
ਬੰਧਨਿ ਬਾਧਿਆ ਆਈਐ ਜਾਈਐ ॥੫॥
ਗੁਰ ਸੇਵਾ ਤੇ ਲਹੈ ਪਦਾਰਥੁ ॥ ਹਿਰਦੈ ਨਾਮੁ ਸਦਾ ਕਿਰਤਾਰਥੁ ॥
ਸਾਚੀ ਦਰਗਹ ਪੂਛ ਨ ਹੋਇ ॥ ਮਾਨੇ ਹੁਕਮੁ ਸੀਝੈ ਦਰਿ ਸੋਇ ॥੬॥
ਸਤਿਗੁਰੁ ਮਿਲੈ ਤ ਤਿਸ ਕਉ ਜਾਣੈ ॥ ਰਹੈ ਰਜਾਈ ਹੁਕਮੁ ਪਛਾਣੈ ॥
ਹੁਕਮੁ ਪਛਾਣਿ ਸਚੈ ਦਰਿ ਵਾਸੁ ॥ ਕਾਲ ਬਿਕਾਲ ਸਬਦਿ ਭਏ ਨਾਸੁ ॥੭॥
ਰਹੈ ਅਤੀਤੁ-ਜਾਣੈ ਸਭੁ ਤਿਸ ਕਾ ॥ ਤਨੁ ਮਨੁ ਅਰਪੈ ਹੈ ਇਹੁ ਜਿਸ ਕਾ ॥
ਨਾ ਓਹੁ ਆਵੈ ਨਾ ਓਹੁ ਜਾਇ ॥ ਨਾਨਕ ਸਾਚੇ ਸਾਚਿ ਸਮਾਇ ॥੮॥੨॥
[ਬਿਲਾਵਲੁ ਮ: ੧, ਪੰਨਾ ੮੩੨

ਇਸ ਗੁਰਵਾਕ ਅੰਦਰ ਪਰਪੱਕ ਗੁਰਮਤਿ ਧਾਰਨ ਕਰਕੇ ਹੀ ਤੇ ਆਨਮਤ ਤੋਂ ਰੁਕ ਸਕਣ ਦਾ ਉਪਾਵ ਸਿਧਾਂਤ ਸਿਧ ਹੁੰਦਾ ਹੈ ਤੇ ਆਨਮਤ-ਗ੍ਰਸੀ ਮਨਮਤਿ ਦਾ ਪੂਰਾ ਪੂਰਾ ਖੰਡਨ ਸਿਧ ਹੁੰਦਾ ਹੈ। ਯਥਾ ਵਿਆਖਿਆ—

ਗੁਰਮਤਿ ਤੋਂ ਗੁਮਰਾਹ ਲੋਕਾਂ ਦਾ, ਮਨਮਤਿ-ਗ੍ਰਸੇ ਆਨਮਤੀ ਪੁਰਸ਼ਾਂ ਦਾ ਮਨ ਕਦੇ ਥਿਰ ਰਹਿ ਹੀ ਨਹੀਂ ਸਕਦਾ, ਉਹ ਮਨ ਦੇ ਮਗਰ ਲਗ ਕੇ ਹੀ ਜੋ ਮਨ ਦੇ ਫੁਰਨੇ ਹੁੰਦੇ ਹਨ, ਉਹੀ ਕਰਦੇ ਹਨ। ਇਹ ਮਾਇਆ ਮਮਤਾ ਮਨਸਾ ਗ੍ਰਸਿਆ ਮਨੂਆ ਹਰ ਦਮ ਪੁੰਨ ਪਾਪ ਹੀ ਚਿਤਵਦਾ ਰਹਿੰਦਾ ਹੈ ਅਤੇ ਪੁੰਨ ਪਾਪ ਹੀ ਉਚਰਦਾ ਬਿਚਰਦਾ ਹੈ। ਆਪਣੇ ਤਨ ਮਨ ਧਨ ਇਸਤ੍ਰੀ ਕੁਟੰਬ ਸਭ ਦੇਖ ਦੇਖ ਹੰਕਾਰ ਕਰਦਾ ਹੈ। ਇਹ ਦਿਸੰਣਹਾਰ ਸਭ ਬਿਨਸਣਹਾਰ ਹੈ। ਨਾਮ ਤੋਂ ਬਿਨਾਂ ਕੁਛ ਵੀ ਸੰਗ ਨਹੀਂ ਜਾਣਾ। ਮਨ ਦੇ ਪ੍ਰਾਇਣ ਹੋ ਕੇ ਮਨ ਤੋਂ ਉਪਜੀਆਂ ਕੂੜਾਵੀਆਂ ਖੁਸ਼ੀਆਂ ਵਿਚ ਹੀ ਖਚਿਤ ਹੁੰਦਾ ਹੈ ਅਤੇ ਮਨ-ਮੰਨੇ ਰਸ ਭੋਗ ਕਮਾਉਂਦਾ ਹੈ। ਜਿਹੜਾ ਧਨ ਉਹ ਖੁਆਰ ਹੋ ਹੋ ਕੇ ਕਮਾਉਂਦਾ ਹੈ ਓਹ ਲੋਕਾਂ ਦਾ ਹੀ ਰਹਿ ਜਾਂਦਾ ਹੈ, ਲੋਕ ਹੀ ਸਾਂਭ ਲੈਂਦੇ ਹਨ ਉਸ ਨੂੰ। ਤੇ ਸਰੀਰ ਸੁਆਹ ਹੋ ਜਾਂਦਾ ਹੈ, ਭਸਮ ਦੀ ਢੇਰੀ ਬਣ ਜਾਂਦਾ ਹੈ। ਸਭ ਖ਼ਾਕ ਦਾ ਹੀ ਪਸਾਰਾ ਹੈ, ਖ਼ਾਕ ਵਿਚ ਹੀ ਮਿਲ ਜਾਂਦਾ ਹੈ। ਮਨ ਦੇ ਪਿੱਛੇ ਲਗਿਆ ਹੋਇਆ ਸਾਰੀ ਉਮਰ ਹੀ ਮੈਲ ਵਿਹਾਝਦਾ ਹੈ ਅਤੇ ਮਲੀਨ ਹੀ ਰਹਿੰਦਾ ਹੈ। ਬਿਨਾਂ ਸ਼ਬਦ-ਕਮਾਈ ਦੇ ਇਹ ਮੈਲ ਉਤਰਦੀ ਹੀ ਨਹੀਂ। ਆਨਮਤ ਕੱਚੀਆਂ ਬਾਣੀਆਂ ਦੇ ਗੀਤ, ਰਾਗ, ਨਾਦ, ਤਾਲ ਸਭ ਕੂੜੇ ਹਨ; ਇਨ੍ਹਾਂ ਰਸਾਂ ਆਦਿਕ ਵਿਚ ਰੱਤਾ ਮੱਤਾ ਹੋਇਆ ਤਿਹਾਂ ਗੁਣਾਂ ਵਿਚ ਹੀ ਸਾਰੀ ਉਮਰ ਖੇਡਦਾ ਰਹਿੰਦਾ ਹੈ। ਮਨਮਤੀ ਮਨੁੱਖ ਦਾ ਜੀਵਨ ਨਾਸ ਹੋ ਜਾਂਦਾ ਹੈ ਅਤੇ ਉਹ ਪ੍ਰਮਾਰਥ ਤੋਂ ਸਦਾ ਹੀ ਦੂਰ ਹੋ ਜਾਂਦਾ ਹੈ। ਦੂਜੇ ਭਾਵ ਵਾਲਾ

ਦੁਰਮਤਿ ਵਿਚ ਖਚਿਤ ਹੋਇਆਂ ਦੂਈ ਵਾਲਾ ਦੁਖ ਦੂਰ ਨਹੀਂ ਹੁੰਦਾ। ਛੁਟਕਾਰਾ ਤਾਂ ਹੁੰਦਾ ਹੈ ਜੇ ਉਹ ਗੁਰਮਤਿ ਗ੍ਰਹਿਣ ਕਰ ਕੇ ਅਤੇ ਗੁਰਮੁਖਿ ਬਣ ਕੇ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਤੱਤਪਰ ਹੁੰਦਾ ਹੈ। ਗੁਰਮਤਿ ਗੁਰਬਾਣੀ ਰੂਪੀ ਗੁਣ ਗਾਉਣੇ ਹੀ ਦੁਰਮਤਿ ਦੂਈ ਵਾਲਾ ਦੁਖ ਦੂਰ ਕਰਨ ਲਈ ਦਾਰੂ ਬਣਦੇ ਹਨ।

ਮਨਮਤਿ ਮੱਤੇ ਹੋਏ ਆਨਮਤੀ ਲੋਕ ਉਜਲ ਧੋਤੀ ਪਹਿਰ ਕੇ ਅਤੇ ਤਿਲਕ ਲਗਾ ਕੇ, ਗਲ ਵਿਚ ਮਾਲਾ ਪਾ ਕੇ ਦੁਨੀਆ ਅੰਦਰ ਬਿਚਰਦੇ ਹਨ ਅਤੇ ਇਹ ਭੇਖ ਲੋਕ ਦਿਖਾਵੇ ਲਈ ਹੀ ਕਰਦੇ ਹਨ। ਅੰਤਰ ਆਤਮੇ ਉਨ੍ਹਾਂ ਦੇ ਕ੍ਰੋਧ ਵਸਿਆ ਹੋਇਆ ਹੁੰਦਾ ਹੈ। ਉਹ ਵਾਹੀ ਤਬਾਹੀ ਮੂੰਹੋਂ ਉਚਰ ਕੇ ਨਿਕੰਮੀਆਂ ਪੜ੍ਹਾਈਆਂ ਪੜ੍ਹਦੇ ਹਨ, ਉਨ੍ਹਾਂ ਨੂੰ ਨਾਟ-ਸਾਲਾ (ਥੀਏਟਰ, ਸਿਨਮੇ ਆਦਿਕ) ਦੀਆਂ ਪੜ੍ਹਾਈਆਂ ਹੀ ਚੰਗੀਆਂ ਲਗਦੀਆਂ ਹਨ; ਅੱਜ ਕਲ੍ਹ ਦੀਆਂ ਪੜ੍ਹਾਈਆਂ ਹੀ ਚੰਗੀਆਂ ਲਗਦੀਆਂ ਹਨ। ਅੱਜ ਕਲ੍ਹ ਦੀਆਂ ਪੜ੍ਹਾਈਆਂ ਇਸੇ ਕਰਕੇ ਹੀ ਅਵਿੱਦਿਆ ਰੂਪ ਹਨ। ਇਹ ਪੜ੍ਹਾਈਆਂ ਪੜ੍ਹਾਕੂਆਂ ਨੂੰ ਨੱਚਣਾ ਟੱਪਣਾ ਹੀ ਸਿਖਾਂਦੀਆਂ ਹਨ ਤੇ ਕੁੜਾਵੇ ਵੇਸ ਚਟਕ ਮਟਕ ਦੇ ਫੋਕੇ ਫ਼ੈਸ਼ਨੀਆਂ (ਲਿਬਾਸਾਂ) ਵਿਚ ਹੀ ਰੁਚੀਆਂ ਉਨ੍ਹਾਂ ਦੀਆਂ ਹਰ ਦਮ ਲਗੀਆਂ ਰਹਿੰਦੀਆਂ ਹਨ। ਇਸ ਪ੍ਰਕਾਰ ਨਿਰਾ ਦਿਖਾਵਾ ਦਿਖਾਵਣ ਦਾ ਮਦ ਪੀ ਕੇ ਹੀ ਉਹ ਮਤਵਾਲੇ, ਮਾਇਆ ਦੇ ਦੀਵਾਨੇ ਬਣੇ ਰਹਿੰਦੇ ਹਨ। ਗੁਰਮਤਿ ਨਾਮ ਨੂੰ ਵਿਸਾਰ ਕੇ ਦੁਰਮਤਿ ਮਨ ਦੀਆਂ ਰੁਚੀਆਂ ਹੀ ਉਨ੍ਹਾਂ ਉੱਤੇ ਪਹਪੱਕ ਰਹਿੰਦੀਆਂ ਹਨ। ਉਨ੍ਹਾਂ ਦੀ ਅੱਖ ਪ੍ਰਮਾਰਥ ਦੇ ਪਾਸੇ ਉਘੜਦੀ ਹੀ ਨਹੀਂ। ਗੁਰਮਤਿ ਨਾਮ ਵਿਚ ਲਗਿਆਂ ਹੀ ਸੱਚੀ ਸੋਝੀ ਪੈਂਦੀ ਹੈ ਅਤੇ ਮਾਇਆ ਮਦ-ਮਈ ਪੀਤਾ ਹੋਇਆ ਝੂਠਾ ਨਸ਼ਾ ਉਤਰਦਾ ਹੈ। ਗੁਰੂ-ਭਗਤੀ ਬਿਨਾਂ ਸੱਚਾ ਸੁਖ ਉਪਜਦਾ ਹੀ ਨਹੀਂ, ਸਦਾ ਦੁਖ ਹੀ ਦੁਖ ਵਿਚ ਪਚਦੇ ਰਹਿੰਦੇ ਹਨ। ਜਿਸ ਦਾ ਅਵੱਸ਼ ਸਿੱਟਾ ਇਹ ਨਿਕਲਦਾ ਹੈ ਕਿ ਉਹ ਸਦਾ ਸੂਕਰ, ਕੂਕਰ (ਸੂਰ, ਕੁੱਤੇ) ਤੇ ਗੱਧੇ (ਖੋਤੇ) ਬਿੱਲੇ ਦੀਆਂ ਜੋਨਾਂ ਵਿਚ ਭੌਂਦੇ ਰਹਿੰਦੇ ਹਨ। ਇਸੇ ਪ੍ਰਕਾਰ ਲਖ ਚਉਰਾਸੀਹ ਜੂਨੀਆਂ ਭੁਗਤਦੇ ਹਨ, ਪਸ਼ੂ, ਮਲੇਛ, ਨੀਚ, ਚੰਡਾਲ ਹੀ ਬਣੇ ਰਹਿੰਦੇ ਹਨ। ਗੁਰੂ ਤੋਂ, ਸੱਚੀ ਗੁਰਮਤਿ ਤੋਂ ਮੂੰਹ ਫੇਰਿਆਂ ਹੀ (ਮਨ-ਮਤਿ ਅਖ਼ਤਿਆਰ ਕੀਤਿਆਂ) ਤਿਨ੍ਹਾਂ ਦਾ ਜੂਨੀਆਂ ਵਿਚ ਭੌਣ ਦਾ ਮੰਦਾ ਹਾਲ ਹੁੰਦਾ ਹੈ। ਮਾਇਆ ਤੇ ਲੱਖ ਚਉਰਾਸੀਹ ਦੇ ਬੰਧਨ ਵਿਚ ਬੰਧੇ ਹੋਏ ਮੁੜ ਮੁੜ ਆਉਂਦੇ ਜਾਂਦੇ ਰਹਿੰਦੇ ਹਨ।

ਗੁਰੂ ਦਾ ਸੱਚਾ ਸੇਵਕ ਬਣਿਆਂ ਹੀ ਸੱਚਾ ਪਦਾਰਥ ਨਾਮ-ਰੰਗਾਂ ਵਾਲਾ ਲਭਦਾ ਹੈ। ਸੱਚੀ ਸਫਲਤਾ ਨਾਮ-ਰੰਗਾਂ ਵਿਚ ਰਹਿਣ ਵਾਲੀ ਤਦੇ ਪ੍ਰਾਪਤ ਹੁੰਦੀ ਹੈ ਜਦੋਂ ਹਿਰਦੇ ਵਿਖੇ ਸਦਾ ਨਾਮ ਵਸਿਆ ਰਹਿੰਦਾ ਹੈ। ਅੱਗੇ ਜਾ ਕੇ ਸੱਚੀ ਦਰਗਾਹ ਵਿਚ ਉਨ੍ਹਾਂ ਦੀ ਪੁੱਛ ਗਿੱਛ ਕੋਈ ਨਹੀਂ ਹੁੰਦੀ ਅਤੇ ਨ ਹੀ ਉਨ੍ਹਾਂ ਤੋਂ ਕੋਈ ਲੇਖਾ

ਮੰਗਿਆ ਜਾਂਦਾ ਹੈ । ਸੱਚਾ ਹੁਕਮ (ਨਾਮ) ਮੰਨਣ ਵਾਲਾ ਹੀ ਵਾਹਿਗੁਰੂ ਦੀ ਦਰਗਾਹ ਵਿਚ ਜਾ ਕੇ ਸਿਝਦਾ ਹੈ (ਸੁਰਖ਼ਰੂ ਹੁੰਦਾ ਹੈ) । ਤਿਸ ਵਾਹਿਗੁਰੂ ਦਾ ਅਪਰੋਕਸ਼ ਗਿਆਨ ਸੱਚੇ ਸਤਿਗੁਰੂ ਨੂੰ ਮਿਲਿਆਂ ਹੀ ਪ੍ਰਾਪਤ ਹੁੰਦਾ ਹੈ । ਐਸੇ ਗਿਆਨ ਵਾਲਾ ਗੁਰਮੁਖਿ ਜਨ ਸਦਾ ਵਾਹਿਗੁਰੂ ਦੀ ਰਜ਼ਾ ਅੰਦਰ ਹੀ ਰਹਿੰਦਾ ਹੈ, ਕਿਉਂਕਿ ਉਹ ਸੱਚੇ ਹੁਕਮ ਰੂਪੀ ਨਾਮ ਨੂੰ ਪਛਾਨਣ ਵਾਲਾ ਹੁੰਦਾ ਹੈ। ਹੁਕਮ (ਨਾਮ) ਪਛਾਣੇ ਤੇ ਹੀ ਸੱਚੇ ਵਾਹਿਗੁਰੂ ਦੇ ਦਰ ਤੇ ਵਾਸਾ ਨਸੀਬ ਹੁੰਦਾ ਹੈ। ਕੇਵਲ ਗੁਰ-ਸ਼ਬਦ ਦਵਾਰਾ ਹੀ ਮਰਣ ਜੰਮਣ (ਕਾਲ ਬਿਕਾਲ) ਦੇ ਚੌਰਾਸੀ ਦੇ ਗੇੜ ਦਾ ਨਾਸ ਹੁੰਦਾ ਹੈ । ਐਸਾ ਗੁਰਮੁਖਿ ਜਨ ਗ੍ਰਿਹਸਤ ਵਿਚ ਰਹਿੰਦਾ ਹੋਇਆ ਹੀ, ਗ੍ਰਿਹਸਤ ਦੀ ਮਾਇਆ ਮਮਤਾ-ਮਈ ਲਾਗ ਤੋਂ ਬੇਲਾਗ ਰਹਿੰਦਾ ਹੈ। ਅਤੇ ਸਦਾ ਅਤੀਤ ਨਿਰਲੇਪ ਹੁੰਦਾ ਹੋਇਆ ਮੈਂ-ਮੇਰੀ ਤੋਂ ਦੂਰ ਰਹਿੰਦਾ ਹੈ। ਤਨ, ਮਨ, ਧਨ, ਸਭ ਵਾਹਿਗੁਰੂ ਦਾ ਦਿਤਾ ਹੋਇਆ ਹੈ, ਉਸੇ ਨਮਿਤ ਹੀ ਅਰਪ ਛਡਦਾ ਹੈ। ਉਸ ਦਾ ਆਵਣ ਜਾਣ ਸਭ ਮਿਟ ਜਾਂਦਾ ਹੈ। ਨ ਉਹ ਆਉਂਦਾ ਹੈ ਨਾ ਚੁਰਾਸੀ ਵਿਚ ਪੈਂਦਾ ਹੈ। ਗੁਰੂ ਨਾਨਕ ਸਾਹਿਬ ਆਖਦੇ ਹਨ ਕਿ ਉਹ ਸੱਚੇ ਨਾਮ ਦੀਆਂ ਕਮਾਈਆਂ ਕਰਿ, ਸੱਚੇ ਵਾਹਿਗੁਰੂ ਵਿਚ ਹੀ ਸਮਾ ਜਾਂਦਾ ਹੈ । ਇਉਂ ਗੁਰਮਤਿ ਤੇ ਚੱਲਣ ਵਾਲਿਆਂ ਦਾ ਸੱਚਾ ਮੰਡਲ ਮਈ ਵਿਧਾਨ ਇਸ ਗੁਰਵਾਕ ਤੋਂ ਪਰਤੱਖ ਸਿਧ ਹੁੰਦਾ ਹੈ ਅਤੇ ਮਨਮਤਿ ਵਿਚ ਗ੍ਰਸਿਆਂ ਦਾ ਖੰਡਨ ਸਾਫ਼ ।

ਇਸ ਤੋਂ ਅਗਲਾ ਗੁਰਵਾਕ ਵੀ ਗੁਰਮਤਿ ਮੰਡਨੀ ਤੇ ਮਨਮਤਿ ਖੰਡਨੀ ਪ੍ਰੌੜ੍ਹਤਾ ਕਰਦਾ ਹੈ। ਯਥਾ ਗੁਰਵਾਕ—

ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥੧॥
ਸਤਿਗੁਰੁ ਸੇਵਿ ਨਾਮੁ ਵਸੈ ਮਨਿ ਚੀਤਿ ॥
ਗੁਰੁ ਭੇਟੇ ਹਰਿ ਨਾਮੁ ਚੇਤਾਵੈ ਬਿਨੁ ਨਾਵੈ ਹੋਰ ਝੂਠੁ ਪਰੀਤਿ ॥੧॥ਰਹਾਉ॥
ਗੁਰ ਕਹਿਆ ਸਾ ਕਾਰ ਕਮਾਵਹੁ ॥ ਸਬਦੁ ਚੀਨ੍ਹਿ ਸਹਜ ਘਰਿ ਆਵਹੁ ॥
ਸਾਚੈ ਨਾਇ ਵਡਾਈ ਪਾਵਹੁ ॥੨॥
ਆਪਿ ਨ ਬੂਝੈ ਲੋਕ ਬੁਝਾਵੈ ॥ ਮਨ ਕਾ ਅੰਧਾ ਅੰਧੁ ਕਮਾਵੈ ॥
ਦਰੁ ਘਰੁ ਮਹਲੁ ਠਉਰੁ ਕੈਸੇ ਪਾਵੈ ॥੩॥
ਹਰਿ ਜੀਉ ਸੇਵੀਐ ਅੰਤਰਜਾਮੀ ॥
ਘਟ ਘਟ ਅੰਤਰਿ ਜਿਸ ਕੀ ਜੋਤਿ ਸਮਾਨੀ ॥
ਤਿਸੁ ਨਾਲਿ ਕਿਆ ਚਲੈ ਪਹਨਾਮੀ ॥੪॥
ਸਾਚਾ ਨਾਮੁ ਸਾਚੈ ਸਬਦਿ ਜਾਨੈ ॥ ਆਪੈ ਆਪੁ ਮਿਲੈ ਚੂਕੈ ਅਭਿਮਾਨੈ ॥
ਗੁਰਮੁਖਿ ਨਾਮੁ ਸਦਾ ਸਦਾ ਵਖਾਨੈ ॥੫॥

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ॥ਕੰਚਨ ਕਾਇਆ ਜੋਤੀ ਜੋਤਿ ਸਮਾਈ॥੬॥
ਸਤਿਗੁਰਿ ਮਿਲਿਐ ਵਡੀ ਵਡਿਆਈ ॥ ਦੁਖੁ ਕਾਟੈ ਹਿਰਦੈ ਨਾਮੁ ਵਸਾਈ ॥
ਨਾਮਿ ਰਤੇ ਸਦਾ ਸੁਖੁ ਪਾਈ ॥੭॥
ਗੁਰਮਤਿ ਮਾਨਿਆ ਕਰਣੀ ਸਾਰ ॥ ਗੁਰਮਤਿ ਮਾਨਿਆ ਮੋਖ ਦੁਆਰੁ ॥
ਨਾਨਕ ਗੁਰਮਤਿ ਮਾਨਿਆ ਪਰਵਾਰੈ ਸਾਧਾਰੁ ॥੮॥੧॥੩॥

[ਬਿਲਾਵਲੁ ਮ: ੩ ਅਸਟ:, ਪੰਨਾ ੮੩੨-੩੩

ਗੁਰਮਤਿ ਤੋਂ ਘੁੱਥਾ ਹੋਇਆ ਤੇ ਮਨਮੁਖਤਾ ਦਾ ਮੁੱਠਾ ਹੋਇਆ ਸਾਰਾ ਜਗ ਸੰਸਾਰ ਕਊਏ (ਕਾਗ) ਦੀ ਨਿਆਈਂ ਹੈ, ਕਾਗ ਵਾਂਗੂ ਹੀ ਅਹਿਨਿਸ ਲਉਂਦਾ ਰਹਿੰਦਾ ਹੈ ਅਤੇ ਮੁਖ ਤੋਂ ਦੁਰਗੰਧ ਭਰਿਆ ਚੁੰਚ ਗਿਆਨ ਹੀ ਕਥਦਾ ਰਹਿੰਦਾ ਹੈ ਅਤੇ ਮਨ ਅੰਦਰ ਲਾਲਚ, ਕੂੜ ਤੇ ਹੰਕਾਰ ਸਦਾ ਵਸਿਆ ਰਹਿੰਦਾ ਹੈ। ਗੁਰਮਤਿ ਨਾਮ ਤੋਂ ਬਿਨਾਂ, ਨਾਮ ਵਿਚ ਰੰਗੀਜੇ ਬਿਨਾਂ ਉਸ ਦਾ ਇਹ ਕੂੜਾਵਾ ਪਾਜ ਓੜਕ ਨੂੰ ਲਹਿ ਜਾਵੇਗਾ। ਸਤਿਗੁਰੂ ਨੂੰ ਸੇਵ ਕੇ ਹੀ (ਸਤਿਗੁਰ ਦਾ ਸੇਵਕ ਸਿਖ ਬਣ ਕੇ ਹੀ) ਨਾਮ ਮਨ ਅਤੇ ਚਿਤ ਅੰਦਰ ਵਸਦਾ ਹੈ। ਗੁਰੂ ਹੀ ਧਾਰਿਆ (ਭੇਟਿਆ) ਹੋਇਆ ਵਾਹਿਗੁਰੂ ਨਾਮ ਯਾਦ ਕਰਾਉਂਦਾ, ਖਿਨ ਖਿਨ ਮੁਖੋਂ ਬੁਲਾਉਂਦਾ ਹੈ। ਗੁਰਮਤਿ ਨਾਮ ਦੇ ਪ੍ਰੇਮ ਤੋਂ ਬਿਨਾਂ ਹੋਰ ਦੁਨਿਆਵੀ ਪ੍ਰੀਤਿ ਸਭ ਝੂਠੀ ਪ੍ਰੀਤਿ ਹੈ। ਸਤਿਗੁਰੂ ਦਾ ਜੋ ਫ਼ੁਰਮਾਨ ਹੈ, ਉਸ ਅਨੁਸਾਰ ਕਾਰ ਕਮਾਉਣੀ, ਅਰਥਾਤ, ਨਾਮ ਅਭਿਆਸ ਕਮਾਈ ਅਤੁੱਟ ਕਰਨੀ ਉਚਿਤ ਹੈ। ਸੱਚਾ ਸ਼ਬਦੀ ਗੁਰ-ਮੰਤਰ ਵਾਹਿਗੁਰੂ ਨਾਮੀ ਚੀਨ ਕੇ (ਪਛਾਣ ਕੇ) ਹੀ ਸਹਜ ਪਦ ਵਾਲੇ ਘਰ ਵਿਚ ਆਵੀਦਾ ਹੈ, ਸਹਜ ਅਵਸਥਾ ਵਿਚ ਖੇਡੀਦਾ ਹੈ। ਸੱਚੇ ਨਾਮ ਦੀ ਬਰਕਤ ਕਰਕੇ ਹੀ ਸੱਚੀ ਦਰਗਾਹੇ ਸੱਚੀ ਵਡਿਆਈ ਮਿਲਦੀ ਹੈ।

ਮਨ-ਮਤੀਆਂ ਦਾ ਇਹ ਕੰਮ ਹੈ ਕਿ ਆਪੋਂ ਤਾਂ ਉਸ ਨੂੰ ਕੁਛ ਸੂਝ ਬੂਝ ਹੁੰਦੀ ਨਹੀਂ; ਆਪ ਤਾਂ ਉਹ ਸੱਚੇ ਪ੍ਰਮਾਰਥੀ ਮਾਰਗ ਤੋਂ ਗੁਮਰਾਹ ਹੀ ਹੁੰਦੇ ਹਨ, ਕੁਛ ਬੁਝਦੇ ਨਹੀਂ ਸੱਚੀ ਪ੍ਰਮਾਰਥੀ ਬੁਝਾਰਤ ਨੂੰ ਲੋਕਾਂ ਪ੍ਰਤੀ ਬੁਝਾਰਤਾਂ ਬੁਝਾਵਣ ਦੇ ਦਮਗ਼ਜੇ ਮਾਰਦੇ ਹਨ। ਐਸਾ ਜੋ ਕੋਈ ਵੀ ਆਨਮਤੀ ਆਦਮੀ ਹੈ, ਉਹ ਮਨ ਦਾ ਅੰਧਾ ਪੁਰਸ਼ ਮਨ ਕਰਕੇ ਅੰਧਾ ਹੀ ਹੈ, ਅਤੇ ਅੰਧ ਹੀ ਕਮਾਉਂਦਾ ਹੈ, ਨਿਰਾ ਅੰਧੇਰਾ ਢੋਂਦਾ ਹੈ, ਉਸ ਨੂੰ ਵਾਹਿਗੁਰੂ ਦਾ ਦਰ ਘਰ ਮਹਿਲ ਲਭਦਾ ਹੀ ਨਹੀਂ, ਤਾਂ ਉਹ ਪ੍ਰਮਾਰਥ ਦੇ ਟਿਕਾਣੇ ਕਿਵੇਂ ਲਗੇ। ਵਾਹਿਗੁਰੂ ਅੰਤਰਜਾਮੀ ਦੀ ਸਿਮਰਨ-ਸੇਵਾ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦਾ ਹੀ ਰਹੇ ਤਾਂ ਆਪਣੇ ਘਟ ਅੰਦਰ ਹੀ ਵਾਹਿਗੁਰੂ ਦੀ ਜੋਤਿ ਪ੍ਰਚੰਡ ਹੋ ਜਾਂਦੀ ਹੈ, ਫਿਰ ਉਸ ਨੂੰ ਘਟ ਘਟ ਅੰਤਰਿ ਵਾਹਿਗੁਰੂ ਦੀ ਜੋਤਿ ਸਮਾਈ ਹੋਈ ਪਰਤੱਖ ਪ੍ਰਤੀਤ ਹੁੰਦੀ ਹੈ। ਮਨਮੁਖ

ਨਿਗੁਰੇ ਮਨਮਤਿ ਵਾਲੇ ਨੀਚ ਕਰਮ ਚਾਹੇ ਕਿਤਨੇ ਹੀ ਵਾਹਿਗੁਰੂ ਤੋਂ ਲੁਕਾ ਕੇ ਕਰਨ, ਪਰ ਉਹ ਲੁਕੇ ਨਹੀਂ ਰਹਿੰਦੇ। ਅੰਤਰਜਾਮੀ ਵਾਹਿਗੁਰੂ ਤੋਂ ਕੋਈ ਲੁਕਾ ਛੁਪਾ ਨਹੀਂ ਹੋ ਸਕਦਾ।

ਸੱਚੀ ਗੁਰ-ਦੀਖਿਆ ਗੁਰੂ ਦਵਾਰਿਓਂ (ਗੁਰਮੁਖਿ ਪੰਜ ਪਿਆਰਿਆਂ ਦੀ ਰਾਹੀਂ) ਮਿਲਿਆਂ ਹੀ ਸੱਚਾ ਨਾਮ ਜਾਣ ਸਕੀਦਾ ਹੈ, ਐਵੇਂ ਦ੍ਰਿੜ੍ਹ ਹੀ ਨਹੀਂ ਹੁੰਦਾ। ਨਾਮ ਦੀਆਂ ਅਤੁੱਟ ਕਮਾਈਆਂ ਕਰਿ ਕਰਿ, ਵਿਚੋਂ ਆਪਾ ਖੋਇਆ ਜਾਂਦਾ ਹੈ, ਅਤੇ ਹਉਮੈ ਦੂਰ ਹੋ ਜਾਂਦੀ ਹੈ ਤਾਂ ਫਿਰ ਵਾਹਿਗੁਰੂ ਆਪੇ ਆਪ ਅੰਤਰ ਆਤਮੇ ਹੀ ਮਿਲ ਰਹਿੰਦਾ ਹੈ। ਇਸ ਬਿਧਿ ਹੰਕਾਰ ਮਈ ਦੂਈ ਅੰਦਰੋਂ ਦੂਰ ਹੋਇਆਂ ਗੁਰਮੁਖਿ ਜਨ ਵਾਹਿਗੁਰੂ ਨਾਮ ਸਦਾ ਸਦਾ ਉਚਾਰਦਾ (ਵਖਾਣਦਾ) ਰਹਿੰਦਾ ਹੈ। ਦੂਈ ਵਾਲੀ ਦੁਰਮਤਿ ਬੁਧੀ ਕੇਵਲ ਸਤਿਗੁਰ ਸੇਵਿਆਂ (ਸਤਿਗੁਰ ਦਾ ਸੇਵਕ ਸਿਖ ਬਣਿਆਂ) ਹੀ ਦੂਰ ਹੁੰਦੀ ਹੈ ਅਤੇ ਉਸ ਦੇ ਅਉਗਣ ਸਭ ਕੱਟੇ ਜਾਂਦੇ ਹਨ ਅਤੇ ਪਾਪਾਂ ਭਰੀ ਮਤਿ ਖੈ ਹੋ ਜਾਂਦੀ ਹੈ। ਉਸ ਦੀ ਕਾਇਆਂ ਕੰਚਨ (ਸੋਨੇ) ਵੰਨੀ ਹੋ ਜਾਂਦੀ ਹੈ। ਜੋਤੀਸ਼ ਵਾਹਿਗੂਰੂ ਦੀ ਜੋਤਿ ਉਸ ਕਾਇਆਂ ਅੰਦਰ ਸਮਾਈ ਰਹਿੰਦੀ ਹੈ।

ਮਨਮਤਿ ਨੂੰ ਛਡ ਕੇ ਨਿਰੋਲ ਗੁਰਮਤਿ ਧਾਰਨ ਕੀਤਿਆਂ, ਸਤਿਗੁਰੂ ਵਿਖੇ ਮਿਲੇ ਰਿਹਾਂ ਵਡੀ ਵਡਿਆਈ ਮਿਲਦੀ ਹੈ। ਉਸ ਦੇ ਹਿਰਦੇ ਵਿਚ ਗੁਰਮਤਿ-ਨਾਮ ਵਸਿਆ ਰਹਿਣ ਕਰਕੇ ਜਨਮ ਮਰਨ ਰੂਪੀ ਫਾਹੇ ਦਾ ਵਡਾ ਦੁਖ ਕਟਿਆ ਜਾਂਦਾ ਹੈ। ਨਾਮ ਵਿਚ ਰਤਿਆਂ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਕੇਵਲ ਗੁਰਮਤਿ ਮੰਨਣ ਨਾਲ ਹੀ ਸੁਧ, ਸਾਰ, ਸੁਕ੍ਰਿਤ **ਕਰਣੀ** ਵਾਹਿਗੁਰੂ ਨਾਮ ਦੇ ਅਭਿਆਸ ਦੀ ਨਸੀਬ ਹੁੰਦੀ ਹੈ। ਗੁਰਮਤਿ ਦੇ ਦ੍ਰਿੜ੍ਹ ਕਰਕੇ ਮੰਨਣ ਨਾਲ ਹੀ ਸੱਚੇ ਮੋਖ ਦੁਆਰ ਮਈ ਸੱਚੀ ਪਦਵੀ ਪ੍ਰਾਪਤ ਹੁੰਦੀ ਹੈ। ਗੁਰ ਨਾਨਕ ਸਾਹਿਬ ਜੀ ਦੀ ਦਰਸਾਈ ਗੁਰਮਤਿ ਮੰਨਿਆਂ ਕੇਵਲ ਆਪਣਾ ਸੁਧਾਰ ਹੀ ਨਹੀਂ, ਬਲਕਿ ਸਾਰੇ ਪਰਵਾਰ ਦਾ ਸੁਧਾਰ ਹੋ ਜਾਂਦਾ ਹੈ।

ਸਾਸਤ ਬੇਦ ਪੁਰਾਣ ਪੁਕਾਰਹਿ ਧਰਮੁ ਕਰਹੁ ਖਟੁ ਕਰਮ ਦ੍ਰਿੜਈਆ ॥
ਮਨਮੁਖ ਪਾਖੰਡਿ ਭਰਮਿ ਵਿਗੂਤੇ ਲੋਭ ਲਹਰਿ ਨਾਵ ਭਾਰ ਬੁਡਈਆ ॥੬॥
ਨਾਮੁ ਜਪਹੁ ਨਾਮੇ ਗਤਿ ਪਾਵਹੁ ਸਿਮ੍ਰਿਤਿ ਸਾਸਤ੍ਰ ਨਾਮੁ ਦ੍ਰਿੜਈਆ ॥
ਹਉਮੈ ਜਾਇ ਤ ਨਿਰਮਲੁ ਹੋਵੈ ਗੁਰਮੁਖਿ ਪਰਚੈ ਪਰਮ ਪਦੁ ਪਈਆ॥੭॥੫॥
[ਬਿਲਾਵਲੁ ਮ: ੪, ਪੰਨਾ ੮੩੪

ਸ਼ਾਸਤ੍ਰ ਬੇਦ ਪੁਰਾਨ ਆਦਿਕ ਆਨਮਤ ਪੁਸਤਕਾਂ ਪਈਆਂ ਪੁਕਾਰਦੀਆਂ ਹਨ ਕਿ ਧਰਮ ਕਰੋ! ਪਰ ਏਹਨਾਂ ਸ਼ਾਸਤ੍ਰ ਬੇਦ ਪੁਰਾਨਾਂ ਨੇ ਜੋ ਖਟ ਕਰਮ ਦ੍ਰਿੜ੍ਹਾਏ ਹਨ ਉਹ ਹੀ ਧਰਮ ਕਰਮ ਇਹਨਾਂ ਨੇ ਦੱਸਿਆ ਹੈ। ਏਹਨਾਂ ਸ਼ਾਸਤ੍ਰ ਬੇਦ ਪੁਰਾਨਾਂ ਦੇ ਆਨਮਤ ਦੇ ਧਰਮ ਕਰਮ ਤੇ ਚੱਲਣ ਵਾਲੇ ਮਨਮੁਖ ਪੁਰਸ਼ ਪਾਖੰਡ-ਭਰਮ ਵਿਚ

 www.sikhbookclub.com

ਭੁੱਲੇ ਫਿਰਦੇ ਰਹਿੰਦੇ ਹਨ ਅਤੇ ਲੋਭ-ਲਹਿਰ ਦੇ ਵਿਚ ਹੀ ਗ੍ਰਸੇ ਰਹਿੰਦੇ ਹਨ। ਇਸ ਖਟੁ-ਕਰਮੀ ਦਰਸਾਏ ਪਾਖੰਡ ਧਰਮ ਦੀ ਲੋਭ ਲਹਿਰ ਦੇ ਭਾਰ ਨੇ ਇਨ੍ਹਾਂ ਦਾ ਬੇੜਾ ਗ਼ਰਕ ਕਰ ਦਿਤਾ ਹੈ (ਕਿਸ਼ਤੀ ਹੀ ਡੋਬ ਦਿਤੀ ਹੈ)। ਇਸ ਤੋਂ ਉਲਟ ਗੁਰਮਤਿ ਅੰਦਰ ਕੇਵਲ ਨਾਮ ਜਪਣਾ ਹੀ ਸੱਚਾ ਧਰਮ ਹੈ ਅਤੇ ਨਾਮ ਦਵਾਰਾ ਹੀ ਗਤਿ ਕਲਿਆਣ ਪ੍ਰਾਪਤ ਹੁੰਦੀ ਹੈ। ਤਾਂ ਤੇ ਗੁਰਮਤਿ ਧਰਮ ਅੰਦਰ ਨਾਮ ਦ੍ਰਿੜ੍ਹਮਤ ਹੋਣਾ ਹੀ ਸੱਚਾ ਸਿਮ੍ਰਿਤਿ ਸ਼ਾਸਤ੍ਰ ਹੈ। ਹੋਰ ਕੋਈ ਬੇਦ, ਪੁਰਾਨ, ਸਿਮ੍ਰਿਤਿ ਸ਼ਾਸਤ੍ਰ ਧਰਮ ਗੁਰਮਤਿ ਅੰਦਰ ਪ੍ਰਵਾਨ ਨਹੀਂ। ਇਹ ਆਨਮਤੀ ਧਰਮ ਬੇਦ ਪੁਰਾਨ ਸਿਮ੍ਰਿਤਿ ਸ਼ਾਸਤ੍ਰ ਆਦਿਕ ਤ੍ਰੈਗੁਣੀ ਕਰਮ ਹੀ ਦ੍ਰਿੜ੍ਹਾਉਂਦੇ ਹਨ, ਜਿਸ ਕਰਕੇ ਇਨ੍ਹਾਂ ਆਨਮਤ ਧਰਮ ਤੇ ਚੱਲਣ ਵਾਲਿਆਂ ਦੀ ਹਉਮੈ ਹੀ ਵਧਦੀ ਹੈ। ਇਹ ਹਉਮੈ ਕੇਵਲ ਨਾਮ ਦਵਾਰਾ ਹੀ ਨਵਿਰਤ ਹੁੰਦੀ ਹੈ ਅਤੇ ਹਉਮੈ ਦੇ ਜਾਣ ਕਰਕੇ ਨਿਰਮਲ ਹੋਵੀਦਾ ਹੈ। ਤਾਂ ਤੇ ਗੁਰੂ ਘਰ ਦੇ ਗੁਰਮੁਖਿ ਜਨ, ਗੁਰਮਤਿ ਨਾਮ ਗੁਰ-ਸ਼ਬਦ ਵਿਖੇ ਹੀ ਪਰਚਾ ਪਾਈ ਰਖਦੇ ਹਨ, ਭਾਵ, ਗੁਰਮਤਿ ਨਾਮ ਅਭਿਆਸ ਕਮਾਈ ਲਗਾਤਾਰ ਕਰੀ ਜਾਂਦੇ ਹਨ, ਇਸੇ ਕਰਕੇ ਹੀ ਪਰਮ ਪਦ ਪਾਉਣ ਦੇ ਅਧਿਕਾਰੀ ਬਣਦੇ ਹਨ।

ਦਿਨੇ ਰਾਤ ਹਰਿ-ਰਸ ਮਈ ਗੁਰਬਾਣੀ ਗਾਈ ਜਾਣ ਕਰਕੇ ਹੀ ਹਉਮੈ ਮਿਟਦੀ ਹੈ ਅਤੇ ਆਪਾ ਭਾਵ ਦਾ ਖੈ ਹੁੰਦਾ ਹੈ। **ਗੁਰਮੁਖਿ ਦੀ ਸ਼ਬਦ** ਵਾਹਿਗੁਰੂ ਨਾਮ ਨਾਲ ਪਰਚਾ ਪਾਉਣ ਕਰਕੇ ਕਾਇਆਂ ਕੰਚਨ ਵੰਨੀ ਹੋ ਜਾਂਦੀ ਹੈ ਅਤੇ ਨਿਰਸੰਦੇਹ ਹੀ ਜੋਤੀਸ਼ ਵਾਹਿਗੁਰੂ ਦੀ ਜੋਤਿ ਵਿਚ ਮਿਲ ਜਾਈਦਾ ਹੈ। ਇਸ ਕਰਕੇ ਸਭ ਵਿਚ ਰਮੇ ਹੋਏ ਰਮਤ ਰਾਮ ਵਾਹਿਗੁਰੂ ਦੇ ਨਾਮ ਦਾ ਅਧਾਰ ਹੀ ਗੁਰਮੁਖਿ ਜਨਾਂ ਨੂੰ ਬਣਿਆ ਰਹਿੰਦਾ ਹੈ। ਇਸ ਗੁਰਮਤਿ ਨਾਮ ਬਿਨਾਂ ਖਿਨ ਪਲ ਭੀ ਗੁਰਮੁਖਿ ਜਨ ਰਹਿ ਨਹੀਂ ਸਕਦੇ ਅਤੇ ਹਰ ਦਮ ਸਵਾਸ ਸਵਾਸ ਵਾਹਿਗੁਰੂ-ਨਾਮ ਦਾ ਰਟਨ ਰੂਪੀ ਪਾਠ ਹੀ ਪੜ੍ਹਦੇ ਰਹਿੰਦੇ ਹਨ।

ਇਹ ਸਰੀਰ ਇਕ ਘਰ ਹੈ, ਜੋ ਦਸ ਇੰਦਰੇ ਰੂਪ ਦਰਵਾਜ਼ਿਆਂ ਵਾਲਾ ਹੈ। ਇਸ ਘਰ ਨੂੰ ਦਿਨੇ ਰਾਤ ਕਾਮ, ਕ੍ਰੋਧ ਆਦਿਕ ਪੰਜ ਚੋਰ ਲੁਟਦੇ ਰਹਿੰਦੇ ਹਨ,ਭਾਵ— ਵਿਸ਼ੇ ਵਿਕਾਰ ਮਨ ਨੂੰ ਵਿਗਾੜ ਕੇ ਸਰੀਰ ਨੂੰ ਦੁਖੀ ਕਰਦੇ ਰਹਿੰਦੇ ਹਨ। ਇਹ ਚੋਰ ਮਨੁਖ ਦਾ ਮਨਮਤੀ ਧਰਮ ਅਤੇ ਧਨ ਸਭ ਚੁਰਾ ਕੇ ਲੈ ਜਾਂਦੇ ਹਨ, ਆਪ-ਹੁਦਰਿਆਂ, ਅੰਨ੍ਹਿਆਂ ਆਨਮਤੀਆਂ ਨੂੰ ਕੁਝ ਖ਼ਬਰ ਨਹੀਂ ਲਗਣੀ ਪਾਉਂਦੀ। ਇਹ ਸਰੀਰ ਕੰਚਨ ਦਾ ਬਣਿਆ ਹੋਇਆ ਕੋਟ (ਕਿਲ੍ਹਾ) ਹੈ। ਇਸ ਵਿਚ ਅਨਗਿਣਤ ਅਨਮੁੱਲੇ ਮੋਤੀ ਮਾਣਕ ਭਰੇ ਪਏ ਹਨ, ਇਹ ਤਿਸੇ ਹੀ ਵਡਭਾਗੇ ਪੁਰਸ਼ ਨੂੰ ਮਿਲਦੇ ਹਨ ਜਿਸ ਦੀ ਗੁਰਮਤਿ ਗਿਆਨ ਕਰਕੇ ਸੱਚੀ ਜਾਗ ਖੁਲ੍ਹਦੀ ਹੈ ਅਤੇ ਗੁਰਮਤਿ ਨਾਮ ਤੱਤ ਵਸਤੂ ਨਾਲ ਜਿਸ ਦੀ ਲਿਵ ਲਗਦੀ ਹੈ। ਤਿਨ੍ਹਾਂ ਦੇ ਲੁਕੇ ਛਿਪੇ ਹੋਏ ਪੰਚ ਚੋਰ ਲੁਟੇਰੇ ਗੁਰੂ ਦੇ ਸ਼ਬਦ ਦੀ ਕਿਰਪਾ ਦੇ ਨਾਲ ਫੜੇ ਜਾਂਦੇ ਹਨ, ਫੜ ਕੇ ਬੰਨ੍ਹੇ ਜਾਂਦੇ ਹਨ। ਤਾਂ ਤੇ

ਵਾਹਿਗੁਰੂ ਨਾਮ ਹੀ ਇਸ ਭਵ-ਸਾਗਰ ਤੋਂ ਤਰਨ ਦਾ ਸੱਚਾ ਜਹਾਜ਼ ਅਤੇ ਬੋਹਿਥ ਹੈ। ਵਾਹਿਗੁਰੂ ਨਾਮ ਰੂਪੀ ਸੱਚਾ ਗੁਰ-ਸ਼ਬਦ ਹੀ ਇਸ ਭਵ-ਸਾਗਰ ਤੋਂ ਪਾਰ ਲੰਘਾਣ ਲਈ ਸੱਚਾ ਮਲਾਹ ਹੈ। ਜਿਥੇ ਵਾਹਿਗੁਰੂ ਨਾਮ ਵਸਦਾ ਹੈ, ਉਥੇ ਜਮ ਜਾਗਾਤੀ ਨੇੜੇ ਨਹੀਂ ਆਉਂਦਾ, ਨਾ ਹੀ ਚੋਰ ਲੁਟੇਰਾ ਹੀ ਲਵੇ ਲਗਦਾ ਹੈ।

ਤਾਂ ਤੇ ਗੁਰਮਤਿ ਦਾ ਸੱਚਾ ਸਬਕ ਹੀ ਇਹੋ ਹੈ ਕਿ ਦਿਨੇ ਰਾਤ ਸਿਫ਼ਤ ਸਲਾਹ ਕਰੀ ਹੀ ਜਾਵੇ ਤੇ ਗੁਰਬਾਣੀ ਗਾਈ ਹੀ ਜਾਵੇ। ਹਰਿ-ਜਸ ਰੂਪੀ ਗੁਰਬਾਣੀ ਗਾਉਣ ਅਤੇ ਸਿਫਤ ਸਲਾਹੁਣ ਵਿਚ ਐਸਾ ਮਹਿਵ ਹੋਵੇ ਕਿ ਨਿਮਖ ਮਾਤਰ ਭੀ ਹਟੇ ਨਾ। ਜਿਵੇਂ ਨਾਮੀ ਵਾਹਿਗੁਰੂ ਦਾ ਅੰਤ ਨਹੀਂ ਲਖਿਆ ਜਾਂਦਾ, ਇਸੇ ਤਰ੍ਹਾਂ ਨਾਮ ਜਪਣ ਦਾ ਅੰਤ ਵੀ ਨਹੀਂ ਲਹਿਆ ਜਾਂਦਾ। ਤੁਰੀਆ ਅਵਸਥਾ ਵਿਚ ਖੇਡਣ ਵਾਲੇ ਜੋ ਗੁਰਮੁਖਿ ਜਨ ਹਨ, ਉਨ੍ਹਾਂ ਦਾ ਮਨੂਆ ਸਦਾ ਹੀ ਟਿਕਿਆ ਰਹਿੰਦਾ ਹੈ ਅਤੇ ਵਸਗਤਿ ਹੋ ਕੇ ਇਕਤ ਘਰ ਅੰਦਰ ਹੀ ਖੇਡਦਾ ਰਹਿੰਦਾ ਹੈ। ਉਹ ਵਾਹਿਗੁਰੂ ਗੋਪਾਲ ਨੂੰ ਮਿਲਦੇ ਹੋਏ ਤੇ ਮਿਲਣ ਪਰ ਹੀ ਨਾਮ ਰੂਪੀ (ਨੀਸਾਨ) ਡੰਕਾ ਵਜਾਉਂਦੇ ਹੀ ਰਹਿੰਦੇ ਹਨ। ਤੇ ਦਰਸ਼ਨ ਦੇਖਿ ਦੇਖਿ ਹੀ ਉਨ੍ਹਾਂ ਦਾ ਮਨ ਤ੍ਰਿਪਤਾਉਂਦਾ ਹੈ। ਉਨ੍ਹਾਂ ਦੇ ਸ੍ਰਵਣਾਂ ਅੰਦਰ (ਭਾਵ, ਕੰਨਾਂ ਕਰਕੇ) ਗੁਰਬਾਣੀ ਰੂਪੀ ਸ਼ਬਦ ਦੀ ਧੁਨੀ ਸਦਾ ਸੁਣਦੀ ਹੀ ਰਹਿੰਦੀ ਹੈ। ਇਸ ਧੁਨੀ ਨੂੰ ਸੁਣ ਸੁਣ ਕੇ ਉਨ੍ਹਾਂ ਦਾ ਆਤਮਾ ਰੂਪੀ ਦੇਵਤਾ ਸਦਾ ਭਿੰਜਿਆ ਖਿੜਿਆ ਹੀ ਰਹਿੰਦਾ ਹੈ। ਇਸ ਆਤਮ-ਖਿੜਾਉ ਕਰਕੇ ਉਹ ਰਸਿਕ ਰਸਿਕ ਰਮਤ ਰਾਮ ਵਾਹਿਗੁਰੂ ਗੋਪਾਲ ਦੇ ਆਨੰਦ ਸਹਜ ਵਿਚ ਰਵੇ ਹੀ ਰਹਿੰਦੇ ਹਨ।

ਹੋਰ ਸਾਰੇ ਆਨਮਤ ਧਰਮ ਵੇਦ ਸ਼ਾਸਤ੍ਰ ਆਦਿਕ ਤ੍ਰੈਗੁਣ ਹੀ ਦ੍ਰਿੜ੍ਹਾਉਂਦੇ ਹਨ, ਉਨ੍ਹਾਂ ਨੂੰ ਤੇ ਤਿਨ੍ਹਾਂ ਧਰਮਾਂ ਦੇ ਧਾਰਨੀਆਂ ਨੂੰ ਮਾਇਆ ਰੂਪੀ ਮੋਹ ਹੀ ਵਿਆਪਿਆ ਰਹਿੰਦਾ ਹੈ। ਇਹ ਕੇਵਲ ਗੁਰੂ ਘਰ ਦੇ ਗੁਰਮੁਖਿ ਜਨ ਹੀ ਹਨ, ਜਿਨ੍ਹਾਂ ਤੁਰੀਆ ਪਦ ਨੂੰ ਪੁੱਜੇ ਹੋਏ ਗੁਰਮੁਖਿ ਜਨਾਂ ਦੀ ਇਕੋ ਸਮ-ਦ੍ਰਿਸ਼ਟੀ ਹੀ ਬਣੀ ਰਹਿੰਦੀ ਹੈ। ਉਨ੍ਹਾਂ ਨੂੰ ਚਾਰ ਚੁਫੇਰੇ ਪਰਤੱਖ ਇਕੋ ਵਾਹਿਗੁਰੂ ਬ੍ਰਹਮ ਹੀ ਪਸਰਿਆ ਹੋਇਆ ਦਿਖਾਈ ਦਿੰਦਾ ਹੈ। ਰਮਤ ਰਾਮ ਵਾਹਿਗੁਰੂ ਨਾਮ ਦੀ ਹੀ ਜੋਤਿ ਸਬਾਈ ਹੀ ਸਾਰੇ ਦਿਸਦੀ ਹੈ। ਗੁਰਮੁਖਿ ਜਨਾਂ ਨੂੰ ਨ ਲਖਿਆ ਜਾਣ ਵਾਲਾ ਅਲੱਖ ਵਾਹਿਗੁਰੂ ਆਪੇ ਹੀ ਲਖਤਾ ਪ੍ਰਤੱਖਤਾ ਵਿਚ ਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਦੀਨ ਦਿਆਲ ਆਪਣੇ ਗੁਰਮੁਖਿ ਭਗਤਾਂ ਪਰ ਐਸਾ ਤਰੁਠਦਾ ਹੈ ਕਿ ਉਨ੍ਹਾਂ ਦੀ ਬ੍ਰਿਤੀ ਸਦਾ ਭਾਇ ਭਗਤੀ ਅੰਦਰ ਹੀ ਅਰੂੜ੍ਹਤ ਰਹਿੰਦੀ ਹੈ ਅਤੇ ਵਾਹਿਗੁਰੂ ਨਾਮ ਦੇ ਸੱਚੇ ਰਸ ਵਿਚ ਹੀ ਸਮਾਈ ਰਹਿੰਦੀ ਹੈ। ਇਉਂ ਇਸ ਸਾਰੇ ਅਗਲੇਰੇ ਵਾਕ ਅੰਦਰ ਸੱਚੀ ਗੁਰਮਤਿ ਦਾ ਸੱਚਾ ਮੰਡਨ ਸਿਧ ਹੁੰਦਾ ਹੈ ਅਤੇ ਗੁਰਮਤਿ ਮਾਰਗ ਤੋਂ

ਘੁੱਥੇ ਹੋਏ ਆਨਮਤਾਂ ਦਾ ਖੰਡਨ ਹੈ। ਯਥਾ ਗੁਰਵਾਕ—

ਆਪੈ ਆਪੁ ਖਾਇ ਹਉ ਮੇਟੈ ਅਨਦਿਨੁ ਹਰਿ ਰਸ ਗੀਤ ਗਵਈਆ ॥
ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ ॥੧॥
ਮੈ ਹਰਿ ਹਰਿ ਨਾਮੁ ਅਧਾਰੁ ਰਮਈਆ ॥
ਖਿਨੁ ਪਲੁ ਰਹਿ ਨ ਸਕਉ ਬਿਨੁ ਨਾਵੈ
ਗੁਰਮੁਖਿ ਹਰਿ ਹਰਿ ਪਾਠ ਪੜਈਆ ॥੧॥ਰਹਾਉ॥
ਏਕੁ ਗਿਰਹੁ ਦਸ ਦੁਆਰ ਹੈ ਜਾ ਕੇ
ਅਹਿਨਿਸਿ ਤਸਕਰ ਪੰਚ ਚੋਰ ਲਗਈਆ ॥
ਧਰਮੁ ਅਰਥੁ ਸਭੁ ਹਿਰਿ ਲੇ ਜਾਵਹਿ ਮਨਮੁਖ ਅੰਧੁਲੇ ਖਬਰਿ ਨ ਪਈਆ ॥੨॥
ਕੰਚਨ ਕੋਟੁ ਬਹੁ ਮਾਣਕਿ ਭਰਿਆ ਜਾਗੇ ਗਿਆਨ ਤਤਿ ਲਿਵ ਲਈਆ ॥
ਤਸਕਰ ਹੇਰੂ ਆਇ ਲੁਕਾਨੇ ਗੁਰ ਕੈ ਸਬਦਿ ਪਕੜਿ ਬੰਧਿ ਪਈਆ ॥੩॥
ਹਰਿ ਹਰਿ ਨਾਮੁ ਪੋਤੁ ਬੋਹਿਥਾ ਖੇਵਟੁ ਸਬਦੁ ਗੁਰੁ ਪਾਰਿ ਲੰਘਈਆ ॥
ਜਮੁ ਜਾਗਾਤੀ ਨੇੜਿ ਨ ਆਵੈ ਨਾ ਕੋ ਤਸਕਰੁ ਚੋਰੁ ਲਗਈਆ ॥੪॥
ਹਰਿ ਗੁਣ ਗਾਵੈ ਸਦਾ ਦਿਨੁ ਰਾਤੀ ਮੈ ਹਰਿ ਜਸੁ ਕਹਤੇ ਅੰਤੁ ਨ ਲਹੀਆ ॥
ਗੁਰਮੁਖਿ ਮਨੂਆ ਇਕਤੁ ਘਰਿ ਆਵੈ
ਮਿਲਉ ਗੁੋਪਾਲ ਨੀਸਾਨੁ ਬਜਈਆ ॥੫॥
ਨੈਨੀ ਦੇਖਿ ਦਰਸੁ ਮਨੁ ਤ੍ਰਿਪਤੈ ਸ੍ਰਵਨ ਬਾਣੀ ਗੁਰ ਸਬਦੁ ਸੁਣਈਆ ॥
ਸੁਨਿ ਸੁਨਿ ਆਤਮਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥੬॥
ਤ੍ਰੈਗੁਣ ਮਾਇਆ ਮੋਹਿ ਵਿਆਪੇ ਤੁਰੀਆ ਗੁਣੁ ਹੈ ਗੁਰਮੁਖਿ ਲਹੀਆ ॥
ਏਕ ਦ੍ਰਿਸਟਿ ਸਭ ਸਮ ਕਰਿ ਜਾਣੈ
ਨਦਰੀ ਆਵੈ ਸਭੁ ਬ੍ਰਹਮੁ ਪਸਰਈਆ ॥੭॥
ਰਾਮ ਨਾਮੁ ਹੈ ਜੋਤਿ ਸਬਾਈ ਗੁਰਮੁਖਿ ਆਪੇ ਅਲਖੁ ਲਖਈਆ ॥
ਨਾਨਕ ਦੀਨ ਦਇਆਲ ਭਏ ਹੈ
ਭਗਤਿ ਭਾਇ ਹਰਿ ਨਾਮਿ ਸਮਈਆ ॥੮॥੧॥੪॥

[ਬਿਲਾਵਲੁ ਮ: ੪, ਪੰਨਾ ੮੩੩

ਤਜੈ ਗਿਰਸਤੁ ਭਇਆ ਬਨਵਾਸੀ ਇਕੁ ਖਿਨੁ ਮਨੂਆ ਟਿਕੈ ਨ ਟਿਕਈਆ ॥
ਧਾਵਤੁ ਧਾਇ ਤਦੇ ਘਰਿ ਆਵੈ ਹਰਿ ਹਰਿ ਸਾਧੂ ਸਰਣਿ ਪਵਈਆ ॥੨॥
ਧੀਆ ਪੂਤ ਛੋਡਿ ਸੰਨਿਆਸੀ ਆਸਾ ਆਸ ਮਨਿ ਬਹੁਤੁ ਕਰਈਆ ॥
ਆਸਾ ਆਸ ਕਰੈ ਨਹੀ ਬੂਝੈ ਗੁਰ ਕੈ ਸਬਦਿ ਨਿਰਾਸ ਸੁਖੁ ਲਹੀਆ ॥੩॥
ਉਪਜੀ ਤਰਕ ਦਿਗੰਬਰੁ ਹੋਆ
ਮਨੁ ਦਹਦਿਸ ਚਲਿ ਚਲਿ ਗਵਨੁ ਕਰਈਆ ॥

ਪ੍ਰਭਵਨੁ ਕਰੈ ਬੂਝੈ ਨਹੀ ਤ੍ਰਿਸਨਾ
ਮਿਲਿ ਸੰਗਿ ਸਾਧ ਦਇਆ ਘਰੁ ਲਹੀਆ ॥੪॥
ਆਸਣ ਸਿਧ ਸਿਖਹਿ ਬਹੁਤੇਰੇ
ਮਨ ਮਾਗਹਿ ਰਿਧਿ ਸਿਧਿ ਚੇਟਕ ਚੇਟਕਈਆ ॥
ਤ੍ਰਿਪਤਿ ਸੰਤੋਖੁ ਮਨਿ ਸਾਂਤਿ ਨ ਆਵੈ
ਮਿਲਿ ਸਾਧੂ ਤ੍ਰਿਪਤਿ ਹਰਿਨਾਮ ਸਿਧਿ ਪਈਆ ॥੫॥
[ਬਿਲਾਵਲੁ ਮ: ੪, ਪੰਨਾ ੮੩੫

ਆਨਮਤੀ ਲੋਕ ਆਪਣੀ ਮਨ ਦੀ ਮਤਿ ਅਨੁਸਾਰ ਸੰਨਿਆਸ ਧਰਮ ਅਖ਼ਤਿਆਰ ਕਰਦੇ ਹਨ, ਕੋਈ ਘਰ ਬਾਹਰ ਤਜ ਕੇ ਸੰਨਿਆਸੀ ਬਣ ਬਹਿੰਦਾ ਹੈ। ਉਨ੍ਹਾਂ ਦਾ ਮਨਮਤੀ ਖ਼ਿਆਲ ਆਪਣਾ ਇਹ ਹੁੰਦਾ ਹੈ ਕਿ ਗ੍ਰਿਹਸਤ ਵਿਚ ਰਹਿ ਕੇ ਸੰਨਿਆਸ ਨਹੀਂ ਹੋ ਸਕਦਾ, ਬਨਬਾਸ ਵਿਚ ਰਹਿ ਕੇ ਘਰ ਨੂੰ ਤਿਆਗ ਕੇ ਹੀ ਬਨਬਾਸੀ ਬਣੀਦਾ ਹੈ। ਪਰ ਬਨਬਾਸੀ ਬਣਨ ਦਾ ਕੀ ਲਾਭ ? ਉਹਦੇ ਗ੍ਰਿਹਸਤ ਧਰਮ ਦੇ ਫੁਰਨੇ ਕੁਫੁਰਨੇ ਬਨਬਾਸ ਵਿਚ ਜਾ ਕੇ ਵੀ ਨਹੀਂ ਮਿਟਦੇ, ਇਕ ਖਿਨ ਮਾਤਰ ਵੀ ਮਨੂਆ ਟਿਕਾਇਆ ਨਹੀਂ ਟਿਕਦਾ। ਐਸੇ ਸੰਨਿਆਸ ਤੋਂ ਕੀ ਲਾਭ ? ਜਦੋਂ ਗ੍ਰਿਹਸਤ ਦੇ ਫੁਰਨੇ ਕੁਫੁਰਨੇ ਜੰਗਲਾਂ ਵਿਚ ਵੀ ਜਾ ਕੇ ਨ ਮਿਟਣ, ਤਾਂ ਐਸਾ ਤਿਆਗ ਸੰਨਿਆਸ ਨਿਰਾ ਪਾਖੰਡ ਹੀ ਹੋਇਆ। ਐਸੇ ਤਿਆਗ ਸੰਨਿਆਸ ਦਾ ਗੁਰਮਤਿ ਅੰਦਰ ਪੂਰਾ ਪੂਰਾ ਖੰਡਨ ਹੈ। ਗੁਰਮਤਿ ਅਨੁਸਾਰ ਗ੍ਰਿਹਸਤ ਵਿਚ ਰਹਿ ਕੇ ਹੀ ਸੰਨਿਆਸ ਕਮਾਈਦਾ ਹੈ। "ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥"* ਭਾਈ ਗੁਰਦਾਸ ਜੀ ਦੇ ਵਾਕ ਅਨੁਸਾਰ ਗੁਰਮੁਖਿ ਜਨ ਗ੍ਰਿਹਸਤ ਵਿਚ ਰਹਿ ਕੇ ਹੀ ਅਤੀਤ ਵੈਰਾਗੀ ਰਹਿੰਦੇ ਹਨ। ਜਦੋਂ ਜੰਗਲ ਵਿਚ ਵੀ ਮਨ ਨਹੀਂ ਟਿਕਦਾ, ਫਿਰ ਹੰਭ ਹਾਰ ਕੇ ਘਰ ਅੰਦਰ ਗ੍ਰਿਹਸਤ ਵਿਚ ਹੀ ਮੁੜ ਆਉਂਦਾ ਹੈ, ਉਸ ਦੇ ਬੜੇ ਭਾਗ ਉਚੇ ਹੋਣ ਤਾਂ ਗੁਰਮਤਿ ਧਾਰਨ ਕਰ ਕੇ ਵਾਹਿਗੁਰੂ ਨਾਲ ਉਸ ਦੀ ਲਿਵ ਲਗ ਜਾਂਦੀ ਹੈ। ਧੀਆਂ ਪੁੱਤਾਂ ਨੂੰ ਛਡ ਕੇ ਕਿਸੇ ਸੰਸਾਰੀ ਤਰਕ ਲਗਣ ਪਰ ਏਸ ਖ਼ਿਆਲ ਨਾਲ ਸੰਨਿਆਸੀ ਜਾ ਬਣਿਆ ਅਤੇ ਜੰਗਲ ਵਿਚ ਜਾ ਰਿਹਾ, ਪਰ ਉਥੇ ਜਾ ਕੇ ਆਸਾ ਤ੍ਰਿਸ਼ਨਾ ਹੋਰ ਵਧੇਰੇ ਹੋ ਗਈ, ਤਾਂ ਐਸੇ ਤਿਆਗ ਸੰਨਿਆਸ ਨਾਲੋਂ ਗ੍ਰਿਹਸਤ ਵਿਚ ਰਹਿਣਾ ਹੀ ਚੰਗਾ।

ਆਪੋ ਆਪਣੇ ਮੱਤ ਦਵਾਰਾ ਪਾਖੰਡੀ ਭੇਖੀ ਸੰਨਿਆਸੀਆਂ ਉਦਾਸੀਆਂ ਦੀ ਆਸਾ ਤ੍ਰਿਸ਼ਨਾ ਨਹੀਂ ਬੁਝਦੀ। ਜਿਸ ਗੁਰਮੁਖਿ ਜਨ ਨੂੰ ਗੁਰੂ ਦਵਾਰਾ ਪ੍ਰਾਪਤ ਹੋਈ ਸ਼ਬਦ ਗੁਰ-ਦੀਖਿਆ ਦਵਾਰਾ ਨਾਮ ਅਭਿਆਸ ਕਮਾਈ ਦਾ ਰਟਨ ਪੈ ਜਾਂਦਾ ਹੈ, ਉਹ ਵਡਭਾਗਾ ਜਨ ਆਸਾ ਵਿਚ ਹੀ ਨਿਰਾਸ ਰਹਿੰਦਾ ਹੈ, ਗ੍ਰਿਹਸਤ-ਵਾਸ ਛਡਣ

*ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫

ਦੀ ਉਸ ਨੂੰ ਕੋਈ ਲੋੜ ਨਹੀਂ ਪੈਂਦੀ, ਉਸ ਨੂੰ ਸੱਚਾ ਸੁਖ ਗ੍ਰਿਹਸਤ ਅੰਦਰ ਹੀ ਪ੍ਰਾਪਤ ਹੋ ਜਾਂਦਾ ਹੈ। ਦੁਨੀਆ ਵਲੋਂ ਨਫ਼ਰਤ ਹੋ ਜਾਣ ਦੇ ਕਾਰਨ ਆਪਣੇ ਜਾਣੇ ਦੁਨੀਆ ਛਡ ਕੇ ਨੰਗੇ ਰਹਿਣ ਵਾਲਾ ਜੈਨੀ ਜਾਂ ਨਾਂਗਾ ਸਾਧੂ ਬਣ ਜਾਂਦਾ ਹੈ, ਪਰ ਜੇ ਮਨ ਫੇਰ ਵੀ ਦਸੇ ਦਿਸ਼ਾ ਵਿਖੇ ਭੌਂਦਾ ਰਹਿੰਦਾ ਹੈ ਤਾਂ ਐਸੇ ਸਾਧੂ ਹੋਣ ਦਾ ਕੀ ਲਾਭ ! ਨਿਰਾ ਪਾਖੰਡ ਹੀ ਹੈ। ਗ੍ਰਿਹਸਤ ਛਡ ਕੇ ਓਪਰੇ ਥਾਈਂ ਪ੍ਰਭਵਨ ਕਰਨ ਦਾ ਤਦੇ ਹੀ ਲਾਭ ਹੈ ਕਿ ਪ੍ਰਭਵਨ ਕੀਤਿਆਂ ਤ੍ਰਿਸ਼ਨਾ ਆਸਾ ਵਾਸ਼ਨਾ ਦੂਰ ਹੋ ਜਾਵੇ। ਪਰ ਇਹ ਦੂਰ ਹੁੰਦੀ ਹੈ ਗੁਰੂ ਘਰ ਦੀ ਸਤਸੰਗਤ ਕੀਤਿਆਂ। ਵਾਹਿਗੁਰੂ ਦੀ ਕਿਰਪਾ ਹੋਵੇ ਤਾਂ ਘਰ ਵਿਚ ਰਹਿੰਦਿਆਂ ਹੋਇਆਂ ਹੀ ਸੱਚਾ ਘਰ ਵਾਹਿਗੁਰੂ ਦਾ ਲਭ ਪੈਂਦਾ ਹੈ। ਕਰਾਮਾਤਾਂ ਦਿਖਾਣ ਵਾਲੇ ਸਿਧ ਲੋਕ ਅਨੇਕਾਂ ਤਰੀਕੇ ਆਸਣ ਜਮਾਉਣ ਦੇ ਅਤੇ ਤਪ ਕਰਨ ਦੇ ਸਿਖਦੇ ਹਨ ਤੇ ਮਨ ਅੰਦਰ ਕਰਾਮਾਤੀ ਸ਼ਕਤੀਆਂ ਤੇ ਜਾਦੂ ਦੀ ਇਛਾ ਕਰਦੇ ਰਹਿੰਦੇ ਹਨ, ਪਰ ਫੇਰ ਭੀ ਉਨ੍ਹਾਂ ਦੇ ਮਨ ਅੰਦਰ ਰਜੇਵਾਂ, ਸੰਤੋਖ ਤੇ ਸ਼ਾਂਤੀ ਨਹੀਂ ਆਉਂਦੀ। ਪੂਰਾ ਸਤਿਗੁਰੂ ਜੇ ਉਨ੍ਹਾਂ ਨੂੰ ਮਿਲ ਜਾਵੇ ਤਾਂ ਘਰੇ ਅੰਦਰ ਰਹਿ ਕੇ ਹੀ ਸੱਚੀ ਸ਼ਾਂਤੀ ਅਤੇ ਸੱਚੇ ਨਾਮ ਦੀ ਸੱਚੀ ਕਰਾਮਾਤ ਪ੍ਰਾਪਤ ਹੋ ਜਾਂਦੀ ਹੈ, ਜਿਸ ਦੇ ਪਿਛੇ ਸਭ ਰਿਧੀਆਂ ਸਿਧੀਆਂ ਲਗੀਆਂ ਹੋਈਆਂ ਹਨ। ਰਿਧਿ ਸਿਧਿ ਸਭ ਚੇਟਕ ਰੂਪ ਹੈ। ਗੁਰਮੁਖਿ ਜਨ, ਵਾਹਿਗੁਰੂ ਦੇ ਲੋਗ ਇਸ ਰਿਧਿ ਸਿਧਿ ਰੂਪੀ ਚੇਟਕ ਵਿਚ ਪੈਂਦੇ ਹੀ ਨਹੀਂ, ਜੈਸੇ ਗੁਰਵਾਕ ਹੈ—

ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥੧੪॥
[ਪਾ: ੧੦, ਬਚਿਤ੍ਰ ਨਾਟਕ, ਧਿਆ: ੫

ਨਾਮ ਜਪਣ ਵਾਲੇ ਪਿਛੇ ਬਥੇਰੀਆਂ ਰਿਧੀਆਂ ਸਿਧੀਆਂ ਲਗੀਆਂ ਫਿਰਦੀਆਂ ਹਨ, ਪਰ ਉਨ੍ਹਾਂ ਨੂੰ ਤਿਲ ਮਾਤਰ ਵੀ ਅਕਾਂਖਿਆ ਨਹੀਂ ਹੁੰਦੀ। ਤਾਂ ਤੇ ਜੋਗ ਸੰਨਿਆਸ ਉਦਾਸ ਜਪ ਤਪ ਰੂਪੀ ਕਰਮ ਕਰਨੇ ਗੁਰਮਤਿ ਅਨੁਸਾਰ ਖੰਡਨ ਹੀ ਹਨ। ਕੇਵਲ ਗੁਰਮਤਿ ਮਾਰਗ ਉੱਪਰ ਚਲਣਾ ਹੀ ਸਮੱਗਰ ਬਾਣੀ ਵਿਚ ਗੁਰਮਤਿ-ਮੰਡਨ ਦਸਿਆ ਹੈ।

ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥
ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥
ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥
ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥
ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥
ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥੧॥
[ਬਿਲਾਵਲੁ ਮ: ੧, ਪੰਨਾ ੮੩੯

ਤੀਜੀ ਥਿਤ ਦਵਾਰਾ ਇਹੋ ਉਪਦੇਸ਼ ਮਿਲਦਾ ਹੈ ਕਿ ਬ੍ਰਹਮਾ, ਬਿਸ਼ਨ, ਮਹੇਸ਼ (ਸ਼ਿਵ ਜੀ), ਦੇਵੀ ਦੇਵਤਿਆਂ ਜਿਹੇ ਕਈ ਸਰੂਪੀਆਂ ਪੈਦਾ ਕੀਤੀਆਂ, ਇਹ ਸਭ


www.sikhbookclub.com

ਹਸਤੀਆਂ ਤ੍ਰੈਗੁਣੀ ਪਾਖੰਡ ਵਸ ਹੀ ਹਨ। ਇਨ੍ਹਾਂ ਪੈਦਾ ਕੀਤੀਆਂ ਹਸਤੀਆਂ ਦੀ ਗਿਣਤੀ ਨਹੀਂ ਹੁੰਦੀ। ਜਿਸ ਨੇ ਇਹ ਸਾਰੀ ਕਾਇਨਾਤ ਸਾਜੀ ਹੈ ਉਹੀ ਉਸ ਦੀ ਕੀਮਤ ਪਾ ਸਕਦਾ ਹੈ। ਆਪਣੀ ਉਪਾਈ ਹੋਈ ਸ੍ਰਿਸ਼ਟੀ ਦੀ ਕਦਰ ਕੀਮਤ ਪਾ ਕੇ ਉਹ ਫੇਰ ਸਾਰੇ ਹੀ ਭਰਪੂਰ ਹੋ ਰਿਹਾ ਹੈ। ਕਿਸ ਨੂੰ ਨੇੜੇ ਆਖੀਏ, ਕਿਸ ਨੂੰ ਦੂਰ ਆਖੀਏ, ਅਲਪੱਗ ਅਕਲ ਨਾਲ ਕੁਛ ਨਹੀਂ ਬਣਦਾ। ਚੌਥੀ ਥਿਤ ਦਵਾਰਾ ਇਹ ਉਪਦੇਸ਼ ਮਿਲਦਾ ਹੈ ਕਿ ਚਾਰੇ ਬੇਦ ਜੋ ਹਨ ਅਤੇ ਚਵ੍ਹਾਂ ਖਾਣੀਆਂ ਦੇ ਜੋ ਭੇਦ ਹਨ, ਇਹ ਸਭ ਤ੍ਰੈਗੁਣਾਂ ਵਿਚ ਹੀ ਸ਼ਾਮਲ ਹਨ, ਇਨ੍ਹਾਂ ਦੀ ਉਤਪਤੀ ਤਿਹਾਂ ਗੁਣਾਂ ਵਾਲੀ ਉਤਪਤੀ ਹੈ। ਅਠਾਰ੍ਹਾਂ ਪੁਰਾਣ, ਛੇ ਸ਼ਾਸਤ੍ਰ ਤੇ ਤਿੰਨ ਗੁਣ ਇਕੋ ਜਿਹਾ ਹੀ ਲੇਖਾ ਰਖਦੇ ਹਨ। ਜਿਸ ਨੂੰ ਵਾਹਿਗੁਰੂ ਬੁਝਾਏ, ਉਹੀ ਇਸ ਦੇ ਭੇਦ ਨੂੰ ਬੁਝਦਾ ਹੈ। ਤਿੰਨਾਂ ਗੁਣਾਂ ਨੂੰ ਮੇਟ ਕੇ ਜੋ ਗੁਰਮੁਖਿ ਚਉਥੀ ਅਵਸਥਾ ਵਿਚ ਖੇਡਦਾ ਹੈ, ਗੁਰੂ ਨਾਨਕ ਸਾਹਿਬ ਕਹਿੰਦੇ ਹਨ, ਅਸੀਂ ਤਿਸ ਦੇ ਦਾਸ ਹਾਂ।

ਖਸਟੀ ਖਟੁ ਦਰਸਨ ਪ੍ਰਭ ਸਾਜੇ ॥
ਅਨਹਦ ਸਬਦੁ ਨਿਰਾਲਾ ਵਾਜੇ ॥੮॥੧॥

[ਬਿਲਾਵਲੁ ਮ: ੧, ਪੰਨਾ ੮੩੯

ਖਸਟਮੀ (ਛਟੀ) ਥਿਤ ਦਵਾਰਾ ਉਪਦੇਸ਼ ਹੈ ਕਿ ਛੇ ਸ਼ਾਸਤ੍ਰ ਪ੍ਰਭੂ ਦੇ ਸਾਜੇ ਹੋਏ ਹਨ, ਜਿਵੇਂ ਸਾਰੇ ਜਗ ਦੀ ਸਾਜਨਾ ਸਾਜੀ ਹੋਈ ਹੈ, ਪ੍ਰੰਤੂ ਇਹ ਸ਼ਾਸਤ੍ਰ ਆਦਿਕ ਤ੍ਰੈਗੁਣ ਮਾਇਆ ਹੀ ਦ੍ਰਿੜ੍ਹਾਉਂਦੇ ਹਨ। ਗੁਰਮਤਿ ਮਾਰਗ ਦਾ ਦ੍ਰਿੜ੍ਹਾਇਆ ਹੋਇਆ ਅਨਹਦ ਸ਼ਬਦ ਵਿਲੱਖਣ ਹੀ ਹੈ ਅਤੇ ਵਿਲੱਖਣ ਤਰੀਕੇ ਨਾਲ ਹੀ ਵਜਦਾ ਹੈ। ਸੱਚਾ ਅਨਹਦ ਸ਼ਬਦ ਕੇਵਲ ਗੁਰਮਤਿ ਦਵਾਰਾ ਹੀ, ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ ਵਜਦਾ ਹੈ, ਐਵੇਂ ਨਹੀਂ। ਛੇ ਭੇਖਾਂ ਵਾਲੇ ਫ਼ਿਰਕੇ ਭੇਖਾ-ਭੇਖੀ ਵਿਚ ਹੀ ਫਸੇ ਰਹਿ ਗਏ, ਪ੍ਰਮਾਰਥ ਵਲ ਇਨ੍ਹਾਂ ਦੀ ਰੁਚੀ ਹੀ ਨਹੀਂ ਗਈ। ਛੇ ਭੇਖ ਗਿਣਤੀ ਦੇ ਇਹ ਹਨ—੧. ਜੋਗੀ, ੨. ਸੰਨਿਆਸੀ, ੩. ਜੰਗਮ, ੪. ਬੋਧੀ, ੫. ਸਰੇਵੜੇ, ੬. ਬੈਰਾਗੀ। ਇਨ੍ਹਾਂ ਛੇਆਂ ਦਾ ਹੀ ਗੁਰਮਤਿ ਦਵਾਰਾ ਪੁੱਜ ਕੇ ਖੰਡਨ ਕੀਤਾ ਗਿਆ ਹੈ।

ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ
ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥
ਗੁਰ ਪਰਸਾਦੀ ਨਾਮੁ ਮਨਿ ਵਸਿਆ ਅਨਦਿਨੁ ਨਾਮੁ ਧਿਆਇਆ ॥
ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥
ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥
ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥
ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ ॥

ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
ਮਨਮੁਖਿ ਦੁਖੀਏ ਸਦਾ ਭ੍ਰਮਿ ਭੁਲੇ ਤਿਨੀ ਬਿਰਥਾ ਜਨਮੁ ਗਵਾਇਆ ॥
ਨਾਨਕ ਨਾਮਿ ਰਤੇ ਸੇਈ ਜਨ ਸਮਧੇ ਜਿ ਆਪੇ ਬਖਸਿ ਮਿਲਾਇਆ॥੧॥੮॥

[ਬਿਲਾਵਲ ਕੀ ਵਾਰ, ਸਲੋਕ ਮ: ੩, ਪੰਨਾ ੮੫੨

ਇਸ ਗੁਰਵਾਕ ਦਵਾਰਾ ਗੁਰਮਤਿ ਦੇ ਸੱਚੇ ਮਾਰਗ ਤੋਂ ਜੋ ਜੋ ਭੇਖ ਭਰਮ ਭੁਲੇ ਹੋਏ ਹਨ, ਤਿਨ੍ਹਾਂ ਸਭਨਾਂ ਦਾ ਖੰਡਨ ਕੀਤਾ ਗਿਆ ਹੈ। ਕੇਵਲ ਗੁਰਮਤਿ-ਮਾਰਗੀਆਂ ਦਾ ਹੀ ਮੰਡਨ ਹੈ। ਯਥਾ ਵਿਆਖਿਆ—

ਇਸ ਜੁਗ ਵਿਖੇ ਗੁਰੂ ਘਰ ਦੇ ਭਗਤ ਜਨਾਂ ਨੇ ਹੀ ਸੱਚਾ ਵਾਹਿਗੁਰੂ ਰੂਪ ਨਾਮ ਧਨ ਖਟਿਆ ਹੈ। ਇਨ੍ਹਾਂ ਨਾਮ-ਅਭਿਆਸੀ ਗੁਰੂ ਘਰ ਦੇ ਗੁਰਮੁਖਿ ਜਨਾਂ ਬਿਨਾਂ, ਹੋਰ ਸਾਰਾ ਜਗਤ ਸੰਸਾਰ ਭਰਮ ਵਿਚ ਹੀ ਭੁਲਿਆ ਫਿਰਦਾ ਹੈ। ਗੁਰੂ ਘਰ ਦੇ ਗੁਰਮੁਖਿ ਜਨਾਂ ਦੇ ਹਿਰਦੇ ਅੰਦਰ ਸਤਿਗੁਰ ਦੀ ਕਿਰਪਾ ਦਵਾਰਾ ਗੁਰਮਤਿ ਨਾਮ ਮਨ ਵਿਚ ਵਸੇ ਰਸੇ ਰਹਿਣ ਕਰਕੇ, ਤਿਨ੍ਹਾਂ ਨੇ ਸਦਾ ਸਦਾ, ਖਿਨ ਖਿਨ, ਦਿਨੇ ਰਾਤ ਨਾਮ ਹੀ ਨਾਮ ਧਿਆਇਆ ਹੈ। ਗੁਰਮਤਿ ਨਾਮ ਵਿਖੇ ਲਿਵਲੀਨ ਰਹਿਣ ਕਰਕੇ ਤਿਨ੍ਹਾਂ ਦਾ ਤ੍ਰੈਗੁਣੀ ਮਾਇਆ ਵਾਲਾ ਸਭ ਭਰਮ-ਭੁਲਾਵਾ ਮਿਟ ਗਿਆ ਹੈ। ਗੁਰ-ਦੀਖਿਆ ਦਵਾਰਾ ਪ੍ਰਾਪਤ ਹੋਏ ਸ਼ਬਦ-ਮੰਤਰ ਦੇ ਪ੍ਰਤਾਪ ਨਾਲ ਤਿਨ੍ਹਾਂ ਦੇ ਅੰਦਰੋਂ ਹਉਮੈ ਰੋਗ ਸਾਰਾ ਚੁਕਿਆ ਗਿਆ ਹੈ ਅਤੇ ਦੂਜੇ ਭਾਵ ਵਿਚ ਭੁਲਾਵਣ ਵਾਲੀ ਹਉਮੈ ਦੀ ਭੀਤ ਮਈ ਦੂਈ ਦੂਰ ਹੋ ਗਈ ਹੈ ਤੇ ਚੁਕੀ ਗਈ ਹੈ। ਅਜਿਹੇ ਗੁਰਮੁਖਿ ਜਨ ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਅਲੇਪ ਰਹਿੰਦੇ ਹਨ। ਮਾਇਆ ਰੂਪੀ ਤ੍ਰਿਖਿਆ ਉਨ੍ਹਾਂ ਨੂੰ ਪੋਂਹਦੀ ਹੀ ਨਹੀਂ। ਅਜਿਹਾ ਬਿਖ ਮਾਇਆ ਤੋਂ ਅਲੇਪ ਰਹਿਣ ਵਾਲਾ ਗੁਰਮੁਖਿ ਜਨ ਆਪ ਇਸ ਭਵ-ਸਾਗਰ ਤੋਂ ਪਾਰ ਪੈਂਦਾ ਹੈ (ਤਰ ਜਾਂਦਾ ਹੈ), ਸਾਰੀ ਕੁਲ ਵੀ ਉਸ ਦੀ ਉਧਰ ਜਾਂਦੀ ਹੈ। ਅਜਿਹੇ ਗੁਰਮੁਖਿ ਜਨ ਦੀ ਜਨਣੀ ਮਾਈ ਧੰਨ ਹੈ। ਅਜਿਹੇ ਜੀਵਨ-ਮੁਕਤ ਗੁਰਮੁਖਿ ਜਨ ਸਦਾ ਹੀ ਸਹਜ ਅਵਸਥਾ ਵਿਚ ਲਿਵਲੀਨ ਰਹਿੰਦੇ ਹਨ। ਸੱਚਾ (ਆਤਮ ਪਰਮਾਤਮੀ) ਸੁਖ ਉਨ੍ਹਾਂ ਦੇ ਹਿਰਦੇ ਅੰਦਰ ਸਦਾ ਹੀ ਵਸਿਆ ਰਹਿੰਦਾ ਹੈ। ਸੱਚੇ ਵਾਹਿਗੁਰੂ ਨਾਲ ਉਨ੍ਹਾਂ ਦੀ ਹਰ ਦਮ ਲਿਵ ਲਗੀ ਰਹਿੰਦੀ ਹੈ।

ਇਨ੍ਹਾਂ ਵਡਭਾਗੇ ਜਨਾਂ ਤੋਂ ਬਿਨਾਂ ਹੋਰ ਸਾਰਾ ਹੀ ਸੰਸਾਰ ਭਰਮ ਵਿਚ ਭੁਲਿਆ ਰਹਿੰਦਾ ਹੈ। ਸਾਰਾ ਜਗਤ ਸੰਸਾਰ, ਬ੍ਰਹਮਾ, ਬਿਸ਼ਨ, ਮਹਾਂਦੇਉ ਤਿਹਾਂ ਦੇਵਤਿਆਂ ਦੇ ਉਪਾਸ਼ਕ ਹੋਣ ਕਰਕੇ, ਨਿਰਾ ਭਰਮ-ਭੁਲੇਖੇ ਵਿਚ ਹੀ ਰਹਿੰਦਾ ਹੈ, ਕਿਉਂਕਿ ਇਨ੍ਹਾਂ ਸੰਸਾਰੀ ਲੋਕਾਂ ਦੇ ਮੰਨੇ-ਪ੍ਰਮੰਨੇ ਤਿੰਨੇ ਦੇਵਤੇ ਬ੍ਰਹਮਾ, ਬਿਸ਼ਨ, ਮਹੇਸ਼ ਹੀ ਤ੍ਰੈਗੁਣਾਂ ਵਿਚ ਭਰਮ ਭੁੱਲੇ ਫਿਰਦੇ ਹਨ। ਤਿਹਾਂ ਗੁਣਾਂ ਦਾ ਹੀ ਉਹ ਲੋਕਾਂ ਨੂੰ ਉਪਦੇਸ਼

ਦਿੰਦੇ ਹਨ, ਜੋ ਸਭ ਮਾਇਆ ਦਾ ਹੀ ਉਪਦੇਸ਼ ਹੈ, ਇਸ ਕਰਕੇ ਉਹ ਹਉਮੈ ਮਾਇਆ ਮੋਹ ਹੀ ਵਧਾਉਂਦੇ ਹਨ, ਅਤੇ ਤਿੰਨੇ ਦੇਵਤੇ ਹਉਮੈ ਮਾਇਆ ਮੋਹ ਵਿਚ ਫਿਰਦੇ ਹਨ। ਇਨ੍ਹਾਂ ਤਿਹਾਂ ਗੁਣਾਂ ਨੂੰ ਪੜ੍ਹਨਹਾਰੇ ਪੰਡਿਤ ਮੋਨੀ ਲੋਕ ਦੂਜੇ ਭਾਇ ਵਿਚ ਹੀ ਭੁੱਲੇ ਰਹਿੰਦੇ ਹਨ, ਅਤੇ ਦੂਜੇ ਭਾਇ ਵਿਚ ਹੀ ਉਨ੍ਹਾਂ ਨੇ ਆਪਣਾ ਚਿੱਤ ਲਾਇਆ ਹੈ। ਗੁਰਮਤਿ ਨਾਮ ਤੋਂ ਛੁਟ ਹੋਰ ਜਿਤਨੀਆਂ ਵੀ ਪੜ੍ਹਾਈਆਂ ਹਨ, ਦੂਜੇ ਭਾਇ ਦੀਆਂ ਪੜ੍ਹਾਈਆਂ ਹਨ। ਇਹ ਵਿਦਿਆ ਰੂਪੀ ਪੜ੍ਹਾਈਆਂ ਰੋੜ੍ਹਨ ਵਾਲੀਆਂ, ਗ਼ਰਕ ਕਰਨ ਵਾਲੀਆਂ ਪੜ੍ਹਾਈਆਂ ਹਨ। ਜੋਗੀ, ਜੰਗਮ, ਸੰਨਿਆਸੀ ਆਦਿਕ ਜਿੰਨੇ ਵੀ ਭੇਖ ਹਨ, ਸਭ ਇਸੇ ਦੂਜੇ ਭਾਇ ਵਿਚ ਹੀ ਭੁੱਲੇ ਫਿਰਦੇ ਹਨ। ਸਤਿਗੁਰੂ ਤੋਂ ਬਿਨਾਂ ਤੱਤ ਪ੍ਰਮਾਰਥੀ ਪਦਾਰਥ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਤੋਂ ਬੇਮੁਖ, ਨਾਮ ਤੋਂ ਮਨਮੁਖ ਹੋਰ ਜਿਤਨੇ ਵੀ ਸੰਸਾਰ ਦੇ ਪ੍ਰਾਣੀ ਹਨ, ਉਹ ਦੁਖੀਏ ਹੀ ਰਹਿੰਦੇ ਹਨ ਤੇ ਸਦਾ ਹੀ ਭਰਮ-ਭੁਲੇ ਹੀ ਫਿਰਦੇ ਰਹਿੰਦੇ ਹਨ। ਤਿਨ੍ਹਾਂ ਨੇ ਆਪਣਾ ਮਨੁਖਾ ਜਨਮ ਬਿਰਥਾ ਹੀ ਗਵਾ ਲਿਆ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਹੜੇ ਗੁਰਮੁਖਿ ਜਨ ਗੁਰਮਤਿ ਨਾਮ ਵਿਚ ਰਤੇ ਹੋਏ ਹਨ, ਸੇਈ ਜਨ ਇਸ ਦੂਜੇ ਭਾਵ ਦੇ ਭਰਮ-ਭੁਲਾਵੇ ਤੋਂ ਬਚੇ ਹੋਏ ਹਨ, ਤਿਨ੍ਹਾਂ ਨੂੰ ਹੀ ਸੱਚੀ ਸੋਝੀ ਆਈ ਹੈ। ਸੱਚੀ ਸੋਝੀ ਆਉਣ ਕਰਕੇ ਤਿਨ੍ਹਾਂ ਨੇ ਸਦਾ ਸੱਚੇ ਪਦਾਰਥ ਵਿਖੇ ਲਿਵ ਲਾਈ ਹੈ। ਤਿਨ੍ਹਾਂ ਦੀ ਸਦਾ ਹੀ ਸੱਚੇ ਵਾਹਿਗੁਰੂ ਦੇ ਸਰੂਪ ਵਿਚ ਸਮਾਧੀ ਲਗੀ ਰਹਿੰਦੀ ਹੈ। ਅਜਿਹੇ ਪੁਰਸ਼ ਵਾਹਿਗੁਰੂ ਅਕਾਲ ਪੁਰਖ ਦੇ ਦਰੋਂ ਘਰੋਂ ਹੀ ਬਖ਼ਸ਼ੇ ਹੋਏ ਹੁੰਦੇ ਹਨ। ਇਸ ਧੁਰ ਦੀ ਬਖ਼ਸ਼ਿਸ਼ ਦਵਾਰਾ ਤਿਨ੍ਹਾਂ ਦਾ ਵਾਹਿਗੁਰੂ ਦੇ ਸੱਚੇ ਸਰੂਪ ਵਿਚ ਮਿਲਾਪ ਹੋਇਆ ਰਹਿੰਦਾ ਹੈ।

ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥ ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥
ਆਸਨੁ ਪਵਨ ਦੂਰਿ ਕਰਿ ਬਵਰੇ ॥
ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥੧॥ਰਹਾਉ॥
ਜਿਹ ਤੂ ਜਾਚਹਿ ਸੋ ਤ੍ਰਿਭਵਨ ਭੋਗੀ ॥
ਕਹਿ ਕਬੀਰ ਕੇਸੌ ਜਗਿ ਜੋਗੀ ॥੨॥੮॥

[ਬਿਲਾਵਲੁ ਕਬੀਰ ਜੀਉ, ਪੰਨਾ ੮੫੬

ਆਨਮਤੀ ਭੇਖਧਾਰੀ ਭੇਖੀ ਲੋਕ ਭਰਮ ਭੈ ਵਿਚ ਹੀ ਭੁੱਲੇ ਫਿਰਦੇ ਹਨ, ਜੈਸੇ ਕਿ ਜੋਗੀ ਲੋਕ ਖਿੰਥਾ (ਖਫਨੀ) ਪਾਉਣ ਵਿਚ, ਮੁੰਦਰਾਂ ਕੰਨ ਪਾੜ ਕੇ ਹੰਢਾਵਣ ਵਿਚ ਅਤੇ ਡੰਡਾ ਧਾਰਨ ਵਿਚ ਹੀ ਪਰਮ ਧਰਮ ਵਾਲਾ ਫ਼ਖ਼ਰ ਸਮਝਦੇ ਹਨ, ਭੀਖ ਮੰਗਣਾ ਤੇ ਭੀਖ ਲਈ ਦਰ ਦਰ ਮੰਗਣਾ ਤੇ ਝੋਲੀ ਅੱਡੀ ਫਿਰਨਾ ਐਸੇ ਕੰਮ ਨੂੰ ਹੀ ਪਰਮ ਧਰਮ ਕ੍ਰਿਆ ਸਮਝਦੇ ਹਨ, ਹਾਲਾਂਕਿ ਨਿਰਾ ਭੇਖ ਹੀ ਹੁੰਦਾ ਹੈ ਅਤੇ ਭੇਖ ਦੇ ਭਰਮ ਵਿਚ ਫਿਰਦੇ ਰਹਿਣ ਨੂੰ ਜੋਗੀਪੁਣਾ ਜਾਣਦੇ ਹਨ। ਹਠ ਜੋਗ ਦਾ ਆਸਣ

ਜਮਾਉਣਾ ਅਤੇ ਨਿਉਲੀ ਕਰਮ ਕਰਕੇ, ਫੋਕੀ ਪਉਣ ਚੜ੍ਹਾ ਕੇ ਪ੍ਰਾਣਾਯਾਮ ਕਰਨਾ, ਇਨ੍ਹਾਂ ਕਰਮਾਂ ਵਿਚ ਹੀ ਬਵਰੇ ਹੋਇ ਫਿਰਦੇ ਹਨ। ਇਹ ਸਾਰੇ ਭੇਖ-ਮਈ ਹੀ ਕਰਮ ਧਰਮ ਹਨ। ਇਨ੍ਹਾਂ ਭਰਮਾਂ ਮਈ ਕਰਮਾਂ ਨੂੰ ਦੂਰ ਕਰਨ ਤੇ ਸਿਧੇ ਪਧਰੇ ਹੋ ਕੇ ਗੁਰਮਤਿ ਜੋਗ ਗੁਰੂ ਦਵਾਰਿਓਂ ਸਿੱਖਣ, ਤਾਂ ਹੀ ਇਨ੍ਹਾਂ ਜੋਗੀਆਂ ਦੀ ਗਤੀ ਹੋ ਸਕਦੀ ਹੈ, ਐਵੇਂ ਨਹੀਂ। ਇਹ ਜੋਗੀਆਂ ਦੀ ਕ੍ਰਿਆ ਕਪਟ ਰੂਪ ਹੈ ਅਤੇ ਨਿਰਾ ਹਠ ਧਰਮ ਹੈ। ਇਸ ਬਉਰੇਪਨ ਨੂੰ ਛਡ ਕੇ ਗੁਰਮਤਿ ਧਾਰਨ ਕਰਦੇ ਹੋਏ ਵਾਹਿਗੁਰੂ ਦਾ ਭਜਨ ਕਰਨ ਤਾਂ ਹੀ ਉਨ੍ਹਾਂ ਜੋਗੀਆਂ ਦੀ ਗਤੀ ਹੋ ਸਕਦੀ ਹੈ, ਐਵੇਂ ਨਹੀਂ। ਇਹ ਜੋਗੀਆਂ ਦੀ ਕ੍ਰਿਆ ਕਪਟ ਰੂਪ ਹੈ ਅਤੇ ਨਿਰਾ ਹਠ ਧਰਮ ਹੈ। ਇਸ ਬਉਰੇਪਨ ਨੂੰ ਛਡ ਕੇ ਗੁਰਮਤਿ ਧਾਰਨ ਕਰਦੇ ਹੋਏ ਵਾਹਿਗੁਰੂ ਦਾ ਭਜਨ ਕਰਨ ਤਾਂ ਹੀ ਉਨ੍ਹਾਂ ਦੀ ਗਤੀ ਹੋ ਸਕਦੀ ਹੈ। ਹੇ ਜੋਗੀ! ਜਿਸ ਮਾਇਆ ਨੂੰ ਤੂੰ ਮੰਗਦਾ ਹੈਂ ਉਹ ਤਾਂ ਤਿਨ੍ਹਾਂ ਲੋਕਾਂ ਦੀ ਭੋਗੀ ਹੋਈ ਹੈ। ਜੋ ਗੁਰੂ ਦੇ ਤਾਰੇ ਹੋਏ ਲੋਕ ਗੁਰਮੁਖਿ ਜਨ ਵਾਹਿਗੁਰੂ ਦੀ ਹੀ ਸੱਚੀ ਯਾਚਨਾ ਕਰਦੇ ਹਨ, ਉਹ ਹੀ ਜਗ ਵਿਚ ਜੋਗੀ ਹਨ।

ਸੋਹਾਗਨਿ ਭਵਨ **ਤ੍ਰੈ ਲੀਆ**॥ ਦਸ ਅਠ ਪੁਰਾਣ ਤੀਰਥ ਰਸ ਕੀਆ॥
ਬ੍ਰਹਮਾ ਬਿਸਨੁ ਮਹੇਸਰ ਬਧ॥ ਬਡੇ ਭੂਪਤਿ ਰਾਜੇ ਹੈ ਛੇਧੇ॥੪॥
ਸੋਹਾਗਨਿ ਉਰਵਾਰਿ ਨ ਪਾਰਿ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ॥
ਪਾਂਚ ਨਾਰਦ ਕੇ ਮਿਟਵੇ ਫੂਟੇ॥ ਕਹੁ ਕਬੀਰ ਗੁਰ ਕਿਰਪਾ ਛੂਟੇ॥੫॥੫॥੮॥
[ਗੋਂਡ ਕਬੀਰ ਜੀ, ਪੰਨਾ ੮੭੨

ਮਾਇਆ ਰੂਪੀ ਸੋਹਾਗਨਿ ਨੇ ਤਿੰਨ ਭਵਨ ਆਪਣੇ ਵਸਗਤਿ ਕੀਤੇ ਹੋਏ ਹਨ, ਤ੍ਰੈਲੋਈ ਨੂੰ ਆਪਣੇ ਵਸ ਕਰ ਲਿਆ ਹੋਇਆ ਹੈ। ਅਠਾਰ੍ਹਾਂ ਪੁਰਾਣ ਅਤੇ ਸਾਰੇ ਅਠਾਹਠ ਤੀਰਥ ਬਪੁਰੀ ਮਾਇਆ ਰੂਪੀ ਸੁਹਾਗਨਿ ਨਾਲ ਹੀ ਰਸ-ਰਲੀਆਂ (ਪ੍ਰੀਤੀ) ਕਰਦੇ ਹਨ। ਹਿੰਦੂਆਂ ਦੇ ਵਡੇ ਦੇਵਤੇ ਬ੍ਰਹਮਾ, ਬਿਸ਼ਨ ਅਤੇ ਮਹਾਂਦੇਵ ਤਿੰਨੇ ਹੀ ਇਸ ਮਾਇਆ ਰੂਪੀ ਸੁਹਾਗਨਿ ਨੇ ਮੋਹ ਲਏ ਹਨ ਅਤੇ ਵਿੰਨ੍ਹ ਸੁਟੇ ਹਨ। ਵਡੇ ਵਡੇ ਰਾਜੇ ਰਾਣੇ ਭੂਪਤ ਇਸੇ ਡਾਇਣ ਨੇ ਨਾਸ ਕੀਤੇ ਹਨ। ਇਸ ਦੀ ਮਾਰ ਦਾ ਕੋਈ ਹਦ-ਬੰਨਾ ਨਹੀਂ; ਬੜੀ ਦੂਰ ਦੂਰ ਤਾਈਂ ਇਹ ਮਾਰ ਕਰਦੀ ਹੈ, ਕੋਈ ਹਿੰਦੂਆਂ ਦਾ ਦੇਵਤਾ ਇਸ ਨੇ ਨਹੀਂ ਛਡਿਆ, ਬੜੇ ਬੜੇ ਪੀਰ ਪਕੰਬਰ ਔਲੀਏ ਇਸ ਨੇ ਨਹੀਂ ਛਡੇ। ਗੱਲ ਕੀ, ਪੰਜ ਗਿਆਨ ਇੰਦਰਿਆਂ (ਵਾਸਤਵ ਵਿਚ ਅਗਿਆਨ ਇੰਦਰਿਆਂ) 'ਤੇ ਅਧਾਰਤ ਹੋਛੇ ਗਿਆਨ ਵਾਲੇ ਜਿੰਨੇ ਵੀ ਵਡੇ ਵਡੇ ਪੁਰਖ ਹੋਏ ਹਨ, ਸਭੇ ਇਸੇ ਗਿਆਨ ਦ੍ਰਿਸ਼ਟੀ ਕਰਕੇ ਮੋਹੇ ਗਏ ਹਨ, ਮਾਇਆ ਇਨ੍ਹਾਂ ਤੇ ਪ੍ਰਬਲ ਹੈ। ਜੋ ਵੀ ਦ੍ਰਿਸ਼ਟਮਾਨ ਪਸਾਰਾ ਹੈ, ਇਸ ਮਾਇਆ ਰੂਪੀ ਸੁਹਾਗਨੀ ਨਾਲ ਮੋਹਿਆ ਹੋਇਆ ਹੈ। ਇਹ ਗਿਆਨਵਾਨ ਕਹਾਵਣ ਵਾਲੇ ਸਾਰੇ ਪੰਡਤਾਂ ਰਿਖੀਸ਼੍ਵਰਾਂ ਨਾਲ ਹਿਲੀ ਮਿਲੀ ਰਹਿੰਦੀ ਹੈ। ਇਨ੍ਹਾਂ ਗਿਆਨ-ਇੰਦ੍ਰੀਆਂ ਦੇ ਭਾਂਡੇ ਫੂਟ ਗਏ, ਭਾਵ—

ਇਨ੍ਹਾਂ ਦਾ ਪੋਲ ਖੁਲ੍ਹ ਗਿਆ; ਅਸਲੀਅਤ ਪਤਾ ਲਗ ਗਈ ਤਾਂ ਗੁਰਮੁਖਿ ਜਨ ਗੁਰੂ ਦੀ ਕਿਰਪਾ ਨਾਲ ਛੁਟ ਗਏ। ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਜਿਨ੍ਹਾਂ ਉੱਪਰ ਗੁਰੂ ਦੀ ਕਿਰਪਾ ਹੁੰਦੀ ਹੈ, ਇਸ ਮਾਇਆ ਰੂਪੀ ਸੁਹਾਗਨੀ ਨਾਗਨੀ ਤੋਂ ਤਿਨ੍ਹਾਂ ਦਾ ਹੀ ਖਹਿੜਾ ਛੁਟਦਾ ਹੈ। ਅਸਲ ਗੱਲ ਇਹ ਹੈ ਕਿ ਸਾਰਾ ਤ੍ਰੈਗੁਣੀ ਪਸਾਰਾ ਇਸ ਤ੍ਰੈਗੁਣੀ ਮਾਇਆ ਦਾ ਹੀ ਮੁਠਿਆ ਹੋਇਆ ਹੈ। ਤੁਰੀਆ ਗੁਣ ਵਿਚ ਖੇਡਣ ਵਾਲੇ ਗੁਰਮੁਖਿ ਜਨ ਹੀ ਇਸ ਤੋਂ ਬਚ ਸਕਦੇ ਹਨ, ਹੋਰ ਕੋਈ ਭੇਖੀ ਭਰਮੀ ਆਨਮਤ ਕਰਮ-ਧਰਮੀ ਇਸ ਤੋਂ ਨਹੀਂ ਛੁਟ ਸਕਦਾ।

# ੬੫. ਅੰਨ ਛਡਣਾ ਪਖੰਡ ਹੈ, ਅੰਨ-ਤਿਆਗੀ ਸੰਤ ਦੀ ਕਹਾਣੀ

ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥
ਧਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ॥੧॥
ਆਦਿ ਪੁਰਖ ਤੇ ਹੋਇ ਅਨਾਦਿ ॥
ਜਪੀਐ ਨਾਮੁ ਅੰਨ ਕੈ ਸਾਦਿ ॥੧॥ਰਹਾਉ॥
ਜਪੀਐ ਨਾਮੁ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥
ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਣੀ ਖੋਵਹਿ ॥੨॥
ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥੩॥
ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥
ਕਹੁ ਕਬੀਰ ਹਮ ਐਸੇ ਜਾਨਿਆ ॥
ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥੪॥੮॥੧੧॥

[ਗੋਂਡ ਕਬੀਰ ਜੀਉ, ਪੰਨਾ ੮੭੩

ਇਸ ਗੁਰਵਾਕ ਦਵਾਰਾ ਗੁਰੂ ਸਾਹਿਬ ਨੇ ਅੰਨ-ਤਿਆਗੀਆਂ ਦਾ ਪਾਖੰਡ ਪੋਲ ਖ਼ੂਬ ਖੋਲ੍ਹ ਕੇ ਖੰਡਨ ਕੀਤਾ ਹੈ। ਯਥਾ ਵਿਆਖਿਆ–

ਧੰਨ ਹੈ ਸਭ ਦਾ ਪ੍ਰਤਿਪਾਲ ਵਾਹਿਗੁਰੂ ਸੁਆਮੀ, ਜੋ ਸਭ ਜੀਅ ਜੰਤ ਦੀ ਪ੍ਰਤਿਪਾਲ ਕਰਦਾ ਹੈ, ਅਤੇ ਧੰਨੁ ਹਨ ਸਾਡੇ ਗੁਰਦੇਵ ਗੁਰੂ ਨਾਨਕ ਅੰਤਰਯਾਮੀ, ਜਿਸ ਨੇ ਇਹ ਸਭ ਭੁਲੇਖੇ ਪਾਖੰਡਾਂ ਵਾਲੇ ਦੂਰ ਕੀਤੇ ਹਨ। ਧੰਨ ਹੈ ਅਨਾਜ ਜੋ ਅੰਨ ਦੇ ਭੁੱਖੇ ਪੁਰਸ਼ ਦਾ ਹਿਰਦਾ-ਕਵਲ ਟਹਿਕਾ ਖਿੜਾ ਦਿੰਦਾ ਹੈ। ਧੰਨ ਹਨ ਉਹ ਸੰਤ ਜਨ, ਜਿਨ੍ਹਾਂ ਨੇ ਐਸੀ ਬਿਧਿ ਜਾਨੀ ਹੈ। ਵਾਹਿਗੁਰੂ ਅੰਤਰਯਾਮੀ ਤਿਨ੍ਹਾਂ ਨੂੰ ਹੀ ਮਿਲਦਾ ਹੈ, ਜੋ ਅਜਿਹੇ ਪਾਖੰਡਾਂ ਦਾ ਤਿਆਗ ਕਰਦੇ ਹਨ। ਅੰਨ ਆਦਿਕ ਅਨਾਜ

ਆਦਿ ਪੁਰਖ ਵਾਹਿਗੁਰੂ ਤੋਂ ਹੀ ਉਤਪਤ ਹੋਏ ਹਨ। ਅੰਨ ਆਦਿਕ ਦੀ ਭੁੱਖ ਮਿਟਾਵਣ ਵਾਲੇ ਪਦਾਰਥ ਛਕ ਕੇ ਅਤੇ ਭੁੱਖੇ ਪਾਖੰਡ ਰੂਪੀ ਖੇਖਣ ਨੂੰ ਦੂਰ ਕਰ ਕੇ, ਫਿਰ ਹੀ ਨਾਮ ਜਪੀਦਾ ਹੈ। ਨਾਮ ਵਿਚ ਬ੍ਰਿਤੀ ਤਦੇ ਹੀ ਲਗਦੀ ਹੈ। ਅੰਦਰ ਤਾਂ ਹਿਰਦੇ ਵਿਚ ਖੋਹ ਪੈਂਦੀ ਰਹੇ ਅੰਨ ਆਦਿਕ ਪਦਾਰਥਾਂ ਦੀ, ਤਾਂ ਉਪਰੋਂ ਉਪਰੋਂ ਨਾਮ ਵਿਚ ਬਿਰਤੀ ਲਗਦੀ ਹੀ ਨਹੀਂ। ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੱਤ ਗੁਰਮਤਿ-ਨਾਮ-ਅਹਾਰੀਆਂ ਨਿਰੰਕਾਰੀਆਂ ਨੂੰ ਨਾਮ ਦਾ ਹੀ ਆਧਾਰ ਜੀਉਂਦੇ ਰਖ ਸਕਦਾ ਹੈ। ਨਾਮ ਦੀ ਪਾਰਸ-ਰਸਾਇਣੀ-ਸ਼ਕਤੀ ਦਵਾਰਾ ਜਿਨ੍ਹਾਂ ਦਾ ਹਿਰਦਾ-ਕੰਵਲ ਵਿਗਸ ਜਾਂਦਾ ਹੈ, ਉਰਧ ਕਮਲ ਸਿੱਧਾ ਹੋ ਜਾਂਦਾ ਹੈ, ਉਨ੍ਹਾਂ ਅਹਿਨਿਸ ਨਾਮ-ਅਹਾਰੀਆਂ ਨੂੰ ਅੰਨ ਆਦਿਕ ਪਦਾਰਥਾਂ ਨਾਲ ਉਦਰ-ਪੂਰਨਾ ਕਰਨ ਦੀ ਲੋੜ ਨਹੀਂ ਰਹਿੰਦੀ। ਪਰ ਜਦੋਂ ਤਾਈਂ ਇਹ ਬਿਧਿ ਪ੍ਰਾਪਤ ਨਾ ਹੋ ਜਾਵੇ ਉਦੋਂ ਤਾਈਂ ਹਿਰਦੇ ਅੰਦਰ ਅੰਨ ਆਦਿਕ ਭੁੰਚਣ ਦੀ ਖੋਹ ਪੈਂਦੀ ਹੀ ਰਹਿੰਦੀ ਹੈ। ਇਜ ਪੈਂਦੀ ਹੋਈ ਖੋਹ ਨੂੰ ਪਾਖੰਡ-ਕਰਮੀ ਹੁੰਦੇ ਹੋਏ ਮਨ-ਹੱਠ ਨਾਲ ਮਿਟਾਣਾ ਨਿਰਾ ਪਾਖੰਡ ਹੈ। ਜਿਨ੍ਹਾਂ ਜਗਿਆਸੂ ਜਨਾਂ ਦੀ ਅਜਿਹੀ ਬ੍ਰਿਤੀ ਤਾਂ ਹੋਈ ਨਹੀਂ ਕਿ ਉਹ ਕੇਵਲ ਨਿਰੰਕਾਰੀ ਨਾਮ-ਅਹਾਰੀ ਹੁੰਦੇ ਹੋਏ ਨਾਮ ਦੇ ਅਧਾਰ ਤੇ ਰਹਿ ਸਕਣ, ਪ੍ਰੰਤੂ ਉਹ ਲੋਕਾਂ ਪ੍ਰਤੀ ਆਪਣੇ ਆਪ ਨੂੰ ਅੰਨ-ਤਿਆਗੀ ਜਣਾਉਣ ਲਈ ਅੰਨ ਛਡ ਬਹਿੰਦੇ ਹਨ, ਐਸਾ ਅੰਨ-ਤਿਆਗ ਨਿਰਾ ਪਾਖੰਡ ਹੈ। ਅਸਲ ਮਹਿਮਾ ਤਾਂ ਨਾਮ-ਅਹਾਰੀ ਤੱਤ ਨਿਰੰਕਾਰੀ ਗੁਰਮੁਖਿ ਜਨ ਦੀ ਹੀ ਹੈ, ਪਰ ਅਜਿਹੇ ਗੁਰਮੁਖਿ ਨਿਰੰਕਾਰੀ ਨਾਮ-ਅਹਾਰੀ ਜਨ ਆਪਾ ਜਣਾਉਂਦੇ ਹੀ ਨਹੀਂ, ਲੋਕਾਂ ਦੀ ਕੂੜਾਵੀ ਉਸਤਤ ਵਿਚ ਆਂਵਦੇ ਹੀ ਨਹੀਂ; ਤਿਨ੍ਹਾਂ ਨੂੰ ਪਾਖੰਡ ਜਤਾਉਣ ਦਾ ਤੇ ਲੋਕਾਂ ਨੂੰ ਦਿਖਾਉਣ ਦਾ ਭੈੜਾ ਭੁਸ ਹੀ ਨਹੀਂ ਹੁੰਦਾ; ਠਾਠਾ ਬਾਗਾ ਪੂਰਬਕ ਅੰਨ ਜਲ ਦੇ ਅਲਪ ਆਹਾਰੀ ਬਣੇ ਹੀ ਰਹਿੰਦੇ ਹਨ। ਗੁਰਮਤਿ ਦੇ ਤੱਤ ਗੁਰਮੁਖਿ ਅਭਿਆਸੀ ਜਨ ਆਪਣੇ ਨਾਮ ਅਭਿਆਸ ਕ੍ਰਿਆ ਨੂੰ ਤੋਰਦੇ ਹੋਏ ਅਲਪ ਆਹਾਰ ਦਾ ਬੰਧੇਜ ਤਾਂ ਮੁਢ ਤੋਂ ਹੀ ਕਰ ਲੈਂਦੇ ਹਨ, ਪਰ ਅੰਨ ਦੇ ਉੱਕੇ ਤਿਆਗ ਦਾ ਪਾਖੰਡ ਕਦੇ ਵੀ ਨਹੀਂ ਕਰਦੇ। ਅਲਪ ਅਹਾਰ ਪੂਰਬਕ ਅੰਨ-ਜਲ ਨਾਲ ਇੰਦ੍ਰਿਆਂ ਦੀ ਭੁੱਖ ਦੀ ਖੋਹ ਮਿਟਾਵਣ ਲਈ ਕੁਛ ਨ ਕੁਛ ਗ੍ਰਹਿਣ ਕਰ ਲੈਂਦੇ ਹਨ। ਪਰ ਇਸ ਅਲਪ ਆਹਾਰੀ ਗੁਰਮਤਿ ਜੁਗਤਾਰੀ, ਭੁਖ ਖੋਹ ਮੇਟਨਾਰੀ ਅੰਨ ਆਦਿਕ ਦੇ ਰਸ (ਸੁਆਦ) ਪ੍ਰਾਇਣ ਹੁੰਦੇ ਹੋਏ, ਫਿਰ ਖ਼ੂਬ ਡਟ ਕੇ ਤੇ ਜੁਟ ਕੇ ਨਾਮ ਜਪਦੇ ਹਨ। ਇਸੇ ਕਰਕੇ ਹੀ ਸੱਚੇ ਸੁੱਚੇ ਭਗਤ ਜਨਾਂ ਦੇ ਨਿਹੋਰੇ ਪੂਰਬਕ ਅਜਿਹੇ ਗੁਰਵਾਕ ਵੀ ਅੰਨਦਾਤੇ ਵਾਹਿਗੁਰੂ ਅਗੇ ਉਚਾਰਨ ਕੀਤੇ ਹਨ—

ਭੂਖੇ ਭਗਤਿ ਨ ਕੀਜੈ ॥ ਯਹ ਮਾਲਾ ਅਪਨੀ ਲੀਜੈ ॥੧॥੧੧॥

[ਸੋਰਠਿ ਕਬੀਰ ਜੀ, ਪੰਨਾ ੬੫੬

ਅਜਿਹੇ ਭਗਤ ਜਨ ਜੋ ਵੀ ਅੰਨ-ਆਹਾਰ ਗ੍ਰਹਿਣ ਕਰਦੇ ਹਨ, ਕੇਵਲ ਅੰਨ ਦੀ ਖੁਧਿਆ ਦੂਰ ਕਰਨ ਮਾਤਰ ਕਰਦੇ ਹਨ, ਅੰਨ ਦੇ ਸੁਆਦ ਵਿਚ ਖਚਤ ਹੋਣ ਲਈ ਨਹੀਂ ਕਰਦੇ। ਅਲਪ ਆਹਾਰ ਗੁਰੂ ਦਾ ਹੁਕਮ ਮੰਨਦੇ ਹੋਏ ਉਨ੍ਹਾਂ ਨੂੰ ਖਾਣ ਪੀਣ ਦੇ ਸੁਆਦਾਂ ਵਿਚ ਖਚਤ ਹੋਣ ਨਹੀਂ ਦਿੰਦਾ, ਬਲਕਿ ਨਾਮ ਜਪਣ ਵਿਚ ਸਹਾਈ ਹੁੰਦਾ ਹੈ। ਨਾਮ ਦੇ ਰਸੀਏ ਜਨ ਅੰਨ-ਅਹਾਰ ਭੁੰਚਦੇ ਹੋਇ ਭੀ ਨਾਮ ਅਭਿਆਸ ਦਾ ਖੰਡਾ ਖੜਕਾਉਂਦੇ ਹੀ ਰਹਿੰਦੇ ਹਨ। ਇਸ ਬਿਧਿ ਖੰਡਾ ਖੜਕਾਉਂਦੇ ਹੋਏ, ਨਾਮ ਜਪਦੇ ਹੋਏ ਜੋ ਨਿਰਬਾਹ ਪੂਰਬਕ ਅੰਨ ਆਦਿ ਛਕਦੇ ਹਨ, ਉਸ ਦੇ ਉਪਰ ਸਗੋਂ ਅੰਮ੍ਰਿਤ ਕਲਾ ਵਰਤਾਉਂਦੇ ਹਨ। ਸਾਸਿ ਗਿਰਾਸਿ ਨਾਮ ਜਪਣ ਦਾ ਗੁਰਮੁਖਿ ਜਨਾਂ ਨੂੰ ਧੁਰ ਦਰਬਾਰੀ ਹੁਕਮ ਹੈ। ਯਥਾ ਗੁਰਵਾਕ—

— ਨਿਤ ਜਪੀਐ ਸਾਸਿ ਗਿਰਾਸਿ ਨਾਉ ਪਰਵਿਦਗਾਰ ਦਾ ॥੪॥

[ਪਉੜੀ, ਵਾਰ ਗੂਜਰੀ ਮ: ੫, ਪੰਨਾ ੫੧੮

— ਜੇਤੇ ਸਾਸ ਗ੍ਰਾਸ ਮਨ ਲੇਤਾ ਤੇਤੇ ਹੀ ਗੁਨ ਗਾਇਐ ॥੧॥੧੫੩॥

[ਗਉੜੀ ਪੂਰਬੀ ਮ: ੫, ਪੰਨਾ ੨੧੩

— ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥੨॥੧੨॥

[ਬਿਲਾਵਲ ਕੀ ਵਾਰ, ਮ: ੩, ਪੰਨਾ ੮੫੪

— ਸਾਸਿ ਗ੍ਰਾਸਿ ਹਰਿ ਨਾਮੁ ਸਮਾਲ। ੭॥੧੯॥

[ਗਉੜੀ ਸੁਖਮਨੀ ਮ: ੫, ਪੰਨਾ ੨੯੯

— ਸਾਸ ਗ੍ਰਾਸ ਕੋ ਦਾਤੋ ਠਾਕੁਰ ਸੋ ਕਿਉ ਮਨਹੁ ਬਿਸਾਰਿਓ ਰੇ ॥੨॥੫੬॥

[ਗਉੜੀ ਕਬੀਰ ਜੀ, ਪੰਨਾ ੩੩੫

— ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ॥
ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ॥੨॥੪॥

[ਬਿਲਾਵਲੁ ਮ: ੧, ਪੰਨਾ ੭੯੬

— ਸਾਸਿ ਗਿਰਾਸਿ ਨ ਵਿਸਰੈ ਸਫਲੁ ਮੂਰਤਿ ਗੁਰੁ ਆਪਿ ॥੩॥੧੮੦॥

[ਸਿਰੀਰਾਗੁ ਮ: ੫, ਪੰਨਾ ੫੩

— ਮਾਤ ਗਰਭ ਮਹਿ ਜਿਨਿ ਪ੍ਰਤਿਪਾਲਿਆ ॥
ਸਾਸਿ ਗ੍ਰਾਸਿ ਹੋਇ ਸੰਗਿ ਸਮਾਲਿਆ ॥੩॥੧॥

[ਮਾਰੂ ਸੋਲਹੇ ਮ: ੫, ਪੰਨਾ ੧੦੭੧

— ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ ਸਾਸਿ ਗਿਰਾਸਿ ਜਪਉ ਹਰਿ ਹਰੀ ॥
੪॥੨੯॥੪੨॥ [ਭੈਰਉ ਮ: ੫, ਪੰਨਾ ੧੧੪੮

ਇਨ੍ਹਾਂ ਗੁਰ-ਪ੍ਰਮਾਣਾਂ ਤੋਂ ਸਿਧ ਹੋਇਆ ਕਿ ਗੁਰਸਿਖਾਂ ਨੂੰ ਸਾਸਿ ਗਿਰਾਸਿ ਨਾਮ ਜਪਣ ਦਾ ਹੁਕਮ ਹੈ। ਕੋਈ ਸਾਸ ਕੋਈ ਗਿਰਾਸ ਨਾਮ ਤੋਂ ਖ਼ਾਲੀ ਨਹੀਂ

 www.sikhbookclub.com

ਜਾਣਾ ਚਾਹੀਦਾ। ਨਾਮ ਜਪਦਿਆਂ ਹੋਇਆਂ ਅੰਨ-ਅਹਾਰ ਭੁੰਚਣ ਕਰਿ, ਅਹਾਰ ਛਕਣ ਵਿਚ ਬੜੀ ਅਸਚਰਜ ਅੰਮ੍ਰਿਤ ਕਲਾ ਵਰਤਦੀ ਹੈ। ਗੁਰਮੁਖਿ ਜਨਾਂ ਨੂੰ ਨਾਮ ਜਪਦਿਆਂ ਹੋਇਆ ਅੰਨ-ਅਹਾਰ ਕਰਨਾ, ਅੰਮ੍ਰਿਤ ਕਲਾ ਉਪਜਾਉਣ ਦੇ ਗਟਾਕ ਰਸ ਉਪਜਾਉਣ ਦਾ ਕਾਰਨ ਬਣਦਾ ਹੈ। ਅੰਮ੍ਰਿਤ-ਰਸ ਗਟਾਕ ਲੈਂਦਿਆਂ ਹੋਇਆਂ ਅਹਾਰ ਕਰਨਾ, ਇਕ ਪ੍ਰਕਾਰ ਨਾਮ ਜਪਣ ਦੇ ਨਾਲੋ ਨਾਲ ਅੰਮ੍ਰਿਤ ਰਸ ਉਪਜਾਉਣ ਵਾਲਾ ਅੰਨ-ਅਹਾਰ ਜਾਪ ਛਿੜ ਪੈਂਦਾ ਹੈ, ਇਹ "ਜਪੀਐ ਨਾਮੁ ਜਪੀਐ ਅੰਨੁ ॥"* ਭਗਤੀ ਦਾ ਅੰਤ੍ਰੀਵੀ ਅਨੁਵਾਦ ਹੈ। ਅੰਨ-ਅਹਾਰ ਭੁੰਚਦਿਆਂ ਹੋਇਆਂ ਸਾਸਿ ਗਿਰਾਸੀ ਨਾਮ ਦਾ ਖੰਡਾ ਖੜਕਾਉਣਾ ਅੰਨ ਦਾ ਜਾਪ ਜਪਣਾ ਹੈ। ਇਸ ਅੰਮ੍ਰਿਤ ਜਲ ਰੂਪੀ ਸਾਸਿ ਗਿਰਾਸੀ ਅਹਾਰ ਕਰਦਿਆਂ ਇਕ ਅਚਰਜ ਜੋਤਿ ਰਹਾਸੀ ਰੰਗ ਖਿੜਦਾ ਹੈ, ਜਿਸ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਦੀ ਬਿਰਤੀ ਉਤੇ ਇਹ ਕੌਤਕ ਵਰਤਿਆ ਹੈ। "ਅੰਭੈ ਕੈ ਸੰਗਿ ਨੀਕਾ ਵੰਨੁ ॥"* ਪੰਗਤੀ ਦਾ ਇਹ ਅਨੁਵਾਦ ਹੈ। ਜੋ ਨਰ ਅੰਨੇ ਬਾਹਰ, ਅੰਨ ਦੇ ਨਿਰੇ ਹੀ ਤਿਆਗੀ ਹੁੰਦੇ ਹਨ, ਉਨ੍ਹਾਂ ਦਾ ਤਿੰਨਾਂ ਭਵਣਾਂ ਵਿਖੇ ਕਿਤੇ ਵੀ ਆਦਰ ਸਨਮਾਨ ਨਹੀਂ ਹੁੰਦਾ। ਅੰਨ-ਤਿਆਗੀ ਪਾਖੰਡੀਆਂ ਪ੍ਰਤੀ ਹੀ ਗੁਰੂ ਸਾਹਿਬ ਦਾ ਅਗਲਾ ਗੁਰਵਾਕ ਘਟਦਾ ਹੈ—

ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥੩॥੧੧॥
[ਗੋਂਡ ਕਬੀਰ ਜੀ, ਪੰਨਾ ੮੭੩

ਜੋ ਅੰਨ ਦੇ ਨਿਰੋਲ ਤਿਆਗੀ ਬਣਦੇ ਹਨ, ਉਹ ਨਿਰਾ ਹੀ ਪਾਖੰਡ ਕਰਦੇ ਤੇ ਲੋਕਾਂ ਨੂੰ ਕਰਕੇ ਦਿਖਾਉਂਦੇ ਹਨ। ਉਨ੍ਹਾਂ ਨੂੰ ਸੱਚਾ ਪ੍ਰਮਾਰਥੀ ਸੁਹਾਗ ਪ੍ਰਾਪਤ ਨਹੀਂ ਹੁੰਦਾ, ਨਾ ਹੀ ਉਨ੍ਹਾਂ ਨੂੰ ਅੰਨ ਤਜਿਆਂ ਰੰਡੇਪਾ ਹੀ ਪ੍ਰਾਪਤ ਹੁੰਦਾ ਹੈ, ਐਵੇਂ ਵਿਚ-ਵਿਚਾਲੇ ਹੀ ਭੰਬਲ-ਭੂਸੇ ਖਾਂਦੇ ਹਨ। ਸੰਸਾਰ ਵਿਖੇ ਨਿਰੇ ਦੁੱਧ ਦੇ ਆਸਰੇ ਜੀਊਣ ਵਾਲੇ ਬਥੇਰੇ ਦੂਧਾਧਾਰੀ ਕਹਾਉਂਦੇ ਹਨ। ਉਹ ਲੋਕਾਂ ਭਾਣੇ ਹੀ ਦੂਧਾਧਾਰੀ ਹੁੰਦੇ ਹਨ, ਗੁਪਤੋ ਗੁਪਤੀ ਉਹ ਚੂਰੀ ਵਟ ਵਟ ਕੇ ਸਾਰੀ ਦੀ ਸਾਰੀ ਹੀ ਖਾ ਜਾਂਦੇ ਹਨ, ਕਿਸੇ ਨੂੰ ਦਿੰਦੇ ਵੀ ਨਹੀਂ। ਅੰਨ ਤਜਿਆਂ ਕਿਸੇ ਦਾ ਗੁਜ਼ਾਰਾ (ਸੁਕਾਲ) ਹੀ ਨਹੀਂ ਹੁੰਦਾ। ਅੰਨ ਛਡਣ ਨਾਲ ਵਾਹਿਗੁਰੂ ਗੋਪਾਲ ਕਦੇ ਵੀ ਨਹੀਂ ਮਿਲਦਾ। ਗੁਰੂ ਵਰੋਸਾਏ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਅਸੀਂ ਇਹ ਸਭ ਕੁਛ ਅਜ਼ਮਾ ਕੇ ਵੇਖ ਲਿਆ ਹੈ। ਧੰਨ ਹੈ ਅੰਨ ਆਦਿਕ ਅਹਾਰ, ਜਿਸ ਦੇ ਭੁੰਚਣ ਕਰਿ ਨਾਮ-ਸਿਮਰਨ ਵਿਚ ਜੁਟੀਦਾ ਹੈ, ਜਿਸ ਕਰਕੇ ਨਾਮੀ ਵਾਹਿਗੁਰੂ ਨੂੰ ਭੀ ਰਿਝਾ ਲਈਦਾ ਹੈ। ਇਸ ਸਮੁੱਚੇ ਸ਼ਬਦ ਵਿਚ ਅੰਨ-ਤਿਆਗੀ ਹੋਣ ਦੀ ਨਿਰੀ ਨਿਖੇਧੀ ਵਰਨਣ ਹੈ।

ਇਸ ਪ੍ਰਥਾਇ ਸਾਨੂੰ ਇਕ ਆਪ ਅਖੀਂ ਦੇਖੀ ਘਟਨਾ ਵਾਲੀ ਇਕ ਮਿਸਾਲ

*ਗੋਂਡ ਕਬੀਰ ਜੀ, ॥੨॥੧੧॥ ਪੰ: ੮੭੩

 www.sikhbookclub.com

ਯਾਦ ਆ ਗਈ ਹੈ। ਇਸ ਨੂੰ ਇੰਨ ਬਿੰਨ ਇਥੇ ਦਰਜ ਕਰਨਾ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ—

ਸਾਡੀ ਜੇਲ੍ਹ-ਯਾਤਰਾ ਤੋਂ ਢੇਰ ਚਿਰ ਪਹਿਲਾਂ ਦਾ ਜ਼ਿਕਰ ਹੈ ਕਿ ਅਖੰਡ ਕੀਰਤਨ ਤੇ ਅਖੰਡਪਾਠ ਦੇ ਪ੍ਰਵਾਹ ਚਲਦੇ ਹੀ ਰਹਿੰਦੇ ਸਨ। ਇਸ ਕੀਰਤਨੀ ਜਥੇ ਦੇ ਅਖੰਡ ਪਾਠੀ ਤੇ ਕੀਰਤਨੀ ਸਜਣ ਸ੍ਰੀ ਭਾਈ ਅਤਰ ਸਿੰਘ ਦੀ ਫ਼ੌਜ ਵਿਚੋਂ ਛੁਟੀ ਲੈ ਕੇ ਆ ਜਾਇਆ ਕਰਦੇ ਸਨ ਅਤੇ ਕਈ ਕਈ ਮਹੀਨੇ ਜਥੇ ਦੇ ਨਾਲ ਅਖੰਡ-ਸਤਸੰਗ-ਸਮਾਗਮਾਂ ਵਿਚ ਕਟ ਜਾਇਆ ਕਰਦੇ ਸਨ। ਉਸ ਦੀ ਫ਼ੌਜ ਦਾ ਇਕ ਸੰਗੀ ਸਾਥੀ ਸਜਣ, ਜੋ ਅਜੇ ਨੌਜੁਆਨ, ਮੁਛ-ਭਿਉਂ ਮਰਦੜਾ ਹੀ ਸੀ, ਪਰ ਆਪਣੀ ਫ਼ੌਜ ਵਿਚ ਅੰਨ-ਤਿਆਗੀ ਸੰਤੜਾ ਕਰਕੇ ਮਸ਼ਹੂਰ ਸੀ। ਉਸ ਨੇ ਇਕ ਵਾਰ ਭਾਈ ਅਤਰ ਸਿੰਘ ਜੀ ਨੂੰ ਆਖਿਆ ਕਿ ਮੇਰੀ ਕੀਰਤਨ ਦੀ ਡੰਝ ਨਹੀਂ ਲਹਿੰਦੀ। ਭਾਈ ਅਤਰ ਸਿੰਘ ਜੀ ਨੇ ਉੱਤਰ ਦਿਤਾ ਕਿ ਡੰਝ ਲਹਾਉਣੀ ਹੈ ਤਾਂ ਚਲੋ ਮੇਰੇ ਨਾਲ ਕੀਰਤਨ ਸਮਾਗਮਾਂ ਵਿਖੇ। ਗੱਲ ਕੀ, ਜੇਠ ਹਾੜ ਦਾ ਮਹੀਨਾ ਹੀ ਸੀ, ਅਖੰਡ ਕੀਰਤਨ ਸਮਾਗਮ ਹੋ ਰਹੇ ਸਨ, ਇਹ ਸ੍ਰੀ ਭਾਈ ਅਤਰ ਸਿੰਘ ਜੀ ਉਸ ਨੌਜੁਆਨ ਅੰਨ-ਤਿਆਗੀ ਸੰਤੜੇ ਨੂੰ ਆਪਣੇ ਨਾਲ ਲੈ ਕੇ ਜਥੇ ਵਿਚ ਆ ਗਏ, ਤੇ ਅਸਾਨੂੰ ਆਖਣ ਲਗੇ ਕਿ ਇਹ ਨੌਜੁਵਾਨ ਆਖਦਾ ਹੈ ਸਾਡੀ ਕੀਰਤਨ ਦੀ ਡੰਝ ਨਹੀਂ ਲਹਿੰਦੀ, ਇਸ ਦੀ ਡੰਝ ਲਾਹੋ। ਅਸੀਂ ਕਿਹਾ, ਆ ਭਾਈ ਸਜਣਾ, ਤੇਰੀ ਡੰਝ ਕੀਰਤਨ ਦੀ ਲਾਹੀਏ, ਜੋਟੀ ਦੇ ਸ਼ਬਦ ਇਕ ਪਾਸੇ ਅਸੀਂ ਪੜ੍ਹਾਂਗੇ, ਇਕ ਪਾਸੇ ਤੁਸੀਂ ਪੜ੍ਹਿਓ। ਅਜੇ ਪਹਿਲਾ ਹੀ ਸ਼ਬਦ ਪੜ੍ਹਿਆ ਸੀ, ਸ਼ਬਦ ਵੀ ਬੜੀ ਉੱਚੀ ਸੁਰ ਵਿਚ ਸੀ, ਉਹ ਸਜਣ ਪਹਿਲੇ ਸ਼ਬਦ ਦੇ ਕੀਰਤਨ ਵਿਚ ਹੀ ਹੰਭ ਹੁਸ ਗਏ। ਦੂਜੇ ਸ਼ਬਦ ਪੜ੍ਹਦਿਆਂ ਨੂੰ ਗੋਡਿਆਂ ਵਿਚ ਸਿਰ ਰਖ ਲਿਆ ਅਤੇ ਕੂਣ ਹੀ ਨਾ। ਮੈਂ ਭਾਈ ਅਤਰ ਸਿੰਘ ਨੂੰ ਆਖਿਆ ਕਿ ਇਹ ਬੋਲਦੇ ਕਿਉਂ ਨਹੀਂ। ਉਨ੍ਹਾਂ ਦੱਸਿਆ ਕਿ ਇਹ ਅੰਨ-ਅਹਾਰ ਦੇ ਤਿਆਗੀ ਹਨ। ਏਸੇ ਕਰਕੇ ਹੀ ਫ਼ੌਜ ਵਿਚ ਬੜੇ ਮੰਨੇ-ਦੰਨੇ ਸੰਤ ਸਦਾਉਂਦੇ ਹਨ। ਸਾਨੂੰ ਪਹਿਲੀ ਦਫ਼ਾ ਹੀ ਇਸ ਵਾਰਤਾ ਦਾ ਪਤਾ ਲਗਿਆ ਤਾਂ ਉਸੇ ਵੇਲੇ ਹੀ ਗੁਰੂ ਕੇ ਲੰਗਰ ਦੇ ਲਾਂਗਰੀ ਸਿੰਘ ਨੂੰ ਬੁਲਾ ਕੇ ਅਸੀਂ ਪੁਛਿਆ, ਭਾਈ ਦੇਖੋ, ਹੋਰ ਸਾਰੀ ਸੰਗਤ ਸਾਡੇ ਸਮੇਤ ਲੰਗਰ ਛਕਦੀ ਹੈ, ਇਹ ਲੰਗਰ ਨਹੀਂ ਛਕਦੇ, ਤੁਸੀਂ ਸਾਨੂੰ ਕਿਉਂ ਨਹੀਂ ਦਸਿਆ, ਅਸੀਂ ਵੀ ਅਗਾਂਹ ਨੂੰ ਨਹੀਂ ਛਕਣਾ, ਸਤਿਗੁਰੂ ਦਾ ਹੁਕਮ ਵੰਡ ਕੇ ਛਕਣ ਦਾ ਹੈ। ਲਾਂਗਰੀ ਸਿੰਘ ਨੇ ਇਉਂ ਬਚਨ ਕੀਤੇ ਕਿ ਏਹ ਸਜਣ ਤਾਂ ਅੰਨ-ਤਿਆਗੀ ਸਦਾਉਂਦੇ ਹਨ, ਅੰਨ ਛਕਦੇ ਹੀ ਨਹੀਂ। ਅੰਨ ਤਾਂ ਜ਼ਰੂਰ ਹੀ ਨਹੀਂ ਛਕਦੇ, ਪ੍ਰੰਤੂ ਦਿਨ ਵਿਚ ਤਿੰਨ ਤਿੰਨ ਸੇਰ ਪੱਕੀ ਖੰਡ ਘੋਲ ਘੋਲ ਕੇ ਪੀ ਜਾਂਦੇ ਹਨ, ਅੰਨ ਦੀ ਦਾਝ-ਭੁੱਖ ਇਨ੍ਹਾਂ ਨੂੰ ਲਗਦੀ ਹੈ ਜ਼ਰੂਰ, ਉਸ ਭੁੱਖ ਨੂੰ ਖੰਡ ਪੀ ਕੇ ਮਿਟਾਉਂਦੇ ਹਨ, ਪਰ ਮਿਟਦੀ ਫੇਰ ਵੀ ਨਹੀਂ, ਦੂਣ ਸਵਾਈ ਹੋਰ ਭੜਕ ਉਠਦੀ ਹੈ, ਕਿਉਂਕਿ

ਖੰਡ ਘੋਲ ਕੇ ਪੀਣੀ ਇਨਸਾਨ ਦਾ ਕੁਦਰਤੀ ਅਹਾਰ ਨਹੀਂ, ਇਸ ਕਰਕੇ ਅੰਨ ਦਾ ਥਾਉਂ ਨਹੀਂ ਪੂਰ ਸਕਦੀ। ਤਿਸ ਪਰ ਅਸੀਂ ਉਸ ਨੌਜੁਆਨ ਅੰਨ-ਤਿਆਗੀ ਪਰਮ ਪਾਖੰਡੀ ਨੂੰ ਖ਼ੂਬ ਸੋਧਿਆ, ਅਤੇ ਇਹ ਸਾਰਾ ਉਪਰਲਾ ਵਾਕ ਵਿਆਖਿਆ ਸਹਿਤ ਸੁਣਾਇਆ, "ਛੋਡਹਿ ਅੰਨ ਕਰਹਿ ਪਾਖੰਡ ॥" ਪੁਰ ਬਹੁਤ ਜ਼ੋਰ ਦਿਤਾ। ਗੱਲ ਕੀ, ਇਸ ਸੋਧਣ ਦਾ ਉਸ ਪਰ ਬਹੁਤ ਅੱਛਾ ਅਸਰ ਪਿਆ। ਉਹ ਦੂਜੇ ਦਿਨ ਪ੍ਰਸ਼ਾਦਾ ਛਕਣ ਲਗ ਪਿਆ, ਦੋਨੋਂ ਵਕਤ ਪ੍ਰਸ਼ਾਦਾ ਛਕੇ। ਫਿਰ ਖ਼ੂਬ ਰੰਗਾਂ ਵਿਚ ਗੱਜ ਵੱਜ ਕੇ ਕੀਰਤਨ ਕਰਿਆ ਕਰੇ। ਸੰਗਤ ਦਾ ਬੜਾ ਧੰਨਵਾਦੀ ਹੋਇਆ, ਤਿੰਨ ਮਹੀਨੇ ਜਥੇ ਦੇ ਨਾਲ ਰਹਿ ਕੇ ਖ਼ੂਬ ਕੀਰਤਨ ਦੇ ਅਨੰਦ ਮਾਣੇ। ਅੰਤ ਨੂੰ ਵਿਦਾ ਹੋਣ ਲਗਾ, ਇਹ ਖ਼ਾਸ ਰੀਮਾਰਕ ਦਿਤੇ ਬਿਨਾਂ ਨ ਰਹਿ ਸਕਿਆ, ਕਿ ਇਸ ਜਥੇ ਵਿਚ ਅਖੰਡ ਕੀਰਤਨ ਆਦਿ ਦੇ ਬਹੁਤ ਸਾਰੇ ਗੁਣ ਹਨ। ਉਹ ਤਾਂ ਹਨ ਹੀ, ਪਰ ਬੜਾ ਭਾਰੀ ਗੁਣ ਇਸ ਜਥੇ ਵਿਚ ਇਹ ਹੈ, ਕਿ ਇਸ ਜਥੇ ਵਿਚ ਰਹਿ ਕੇ ਕਿਸੇ ਦਾ ਪਾਖੰਡ ਕਾਇਮ ਨਹੀਂ ਰਹਿ ਸਕਦਾ, ਸਭ ਛੁਟਕ ਜਾਂਦਾ ਹੈ। ਮੈਂ ਬੜਾ ਹੀ ਪਾਖੰਡੀ ਅੰਨ-ਤਿਆਗੀ ਸਦਾਉਂਦਾ ਸਾਂ; ਇਸ ਪਾਖੰਡ-ਤਿਆਗ ਦਾ ਬੜਾ ਉਤਮ ਗੁਣ ਲੈ ਕੇ ਚੱਲਿਆ ਹਾਂ, ਇਸ ਜਥੇ ਦਾ ਬੜਾ ਧੰਨਵਾਦੀ ਹਾਂ। ਅਸੀਂ ਉਸ ਨੂੰ ਆਖਿਆ, ਅਜੇ ਬਚੀਂ। ਤੇਰੀ ਬੜੀ ਹੀ ਥੋੜੀ ਉਮਰ ਹੈ, ਬੜੇ ਬੜੇ ਪਾਖੰਡ ਤੇਰੇ ਗਲ ਪੈਣਗੇ, ਜੋ ਤੈਨੂੰ ਝਾਗਣੇ ਬੜੇ ਔਖੇ ਹੋਣਗੇ। ਬਹੁਤਾ ਅਵੈੜਾ ਅਉਗਣ ਪਾਖੰਡ ਦਾ ਤੁਸਾਡੀ ਸੰਪਰਦਾ ਵਿਚ ਇਹ ਹੈ ਕਿ ਤੁਸੀਂ ਗੁਣ ਬਿਹੂਣ ਹੀ ਦੇਹਧਾਰੀ ਗੁਰੂ ਬਣ ਬੈਠਦੇ ਹੋ। ਦੇਖਣਾ ਕਿਧਰੇ ਡਿੰਭੀ ਗੁਰੂ ਨ ਬਣ ਬੈਠਣਾ। ਸੋ ਹੁਣ ਉਹੀ ਗੱਲ ਹੋਈ, ਕਿ ਉਹ ਨੌਜਵਾਨ ਅੱਜ ਕਲ੍ਹ ਇਕ ਭਾਰੀ ਗੁਰੂ-ਡੰਮ ਸ਼ਰੇਣੀ ਦਾ ਉੱਘਾ ਸੰਤ ਗੁਰੂ ਬਣਿਆ ਹੋਇਆ ਹੈ। ਸੰਤ ਗੁਰੂ ਹੀ ਨਹੀਂ, ਬਲਕਿ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਕਹਾ ਕੇ ਰਾਜ਼ੀ ਹੈ। ਸਾਨੂੰ ਉਸ ਗੁਰੂ ਡਿੰਭੀ ਸਜਣ ਤੇ ਬੜਾ ਹੀ ਤਰਸ ਆਉਂਦਾ ਹੈ, ਕਿ ਸਾਰੀ ਗੁਰੂ **ਡਿੰਭੀ** ਸ਼ਰੇਣੀ ਦੇ ਨਾਲ ਹੀ ਰੁੜ੍ਹ ਗਿਆ, ਤੇ ਐਸੀ ਰੁੜ੍ਹਨੀ ਰੁੜ੍ਹਿਆ ਹੈ ਕਿ ਉਸ ਦਾ ਫਿਰ ਮੁੜ ਕੇ ਗੁਰਮਤਿ ਮਾਰਗ ਤੇ ਆਉਣਾ ਬੜਾ ਹੀ ਕਠਿਨ ਹੈ। ਸਾਰਿਆਂ ਨਾਲੋਂ ਔਖੀ ਗੁਰਸਿੱਖੀ ਨਿਭਾਉਣੀ ਹੈ, ਸੋ ਉਸ ਤੋਂ ਨਿਭੀ ਨਹੀਂ। ਗੁਰਸਿੱਖੀ ਪ੍ਰਾਪਤ ਹੋ ਜਾਂਦੀ ਤਾਂ ਉਸ ਦੇ ਬੜੇ ਉਚੇ ਭਾਗ ਸਨ, ਪਰ ਉਸ ਅਭਾਗੇ ਦੇ ਕਰਮਾਂ ਵਿਚ ਪਾਖੰਡ ਭਰੀ ਡਿੰਭਤਾ ਹੀ ਆਈ। ਇਸ ਡਿੰਭਤਾ ਦੇ ਕਾਰਨ ਉਹ ਸਾਨੂੰ ਕਦੇ ਮਿਲਦਾ ਹੀ ਨਹੀਂ, ਸੱਚਾ ਪਾਤਸ਼ਾਹ ਸਦਾਉਂਦਾ ਹੈ, ਸੋਧ-ਸੁਧਾਈ ਉਸ ਦੇ ਮਾਫ਼ਕ ਨਹੀਂ। ਜੇ ਸੋਧ ਸੁਧਾਈ ਕਰਾਉਣੀ ਉਸ ਨੂੰ ਮਨਜ਼ੂਰ ਹੁੰਦੀ ਤਾਂ ਆਪ ਚਲ ਕੇ ਜਥੇ ਵਿਚ ਆਉਂਦਾ। ਅਸੀਂ ਉਸ ਦਾ ਨਾਮ ਲਿਖਣਾ ਉਚਿਤ ਨਹੀਂ ਸਮਝਦੇ, ਪਾਠਕ ਜਨ ਆਪੇ ਹੀ ਸਮਝ ਜਾਣਗੇ। ਜਾਂ ਜਿਸ ਪਰ ਵਾਪਰੀ ਹੈ ਉਹ ਆਪੇ ਹੀ **ਸਮਝ** ਜਾਵੇਗਾ। (ਇਹ ਸੰਤ ਕਈ ਬਰਸ ਹੋਏ ਚਲਾਣਾ ਕਰ ਗਿਆ। –ਸੰਪਾਦਿਕ)

ਅਸੁਮੇਧ ਜਗਨੇ ॥ ਤੁਲਾ ਪੁਰਖ ਦਾਨੇ ॥ ਪ੍ਰਾਗ ਇਸਨਾਨੇ ॥੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥
ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ਰਹਾਉ॥
ਗਇਆ ਪਿੰਡੁ ਭਰਤਾ ॥ ਬਨਾਰਸਿ ਅਸਿ ਬਸਤਾ ॥
ਮੁਖਿ ਬੇਦ ਚਤੁਰ ਪੜਤਾ ॥੨॥
ਸਗਲ ਧਰਮ ਅਛਿਤਾ ॥ ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥
ਖਟੁ ਕਰਮ ਸਹਤ ਰਹਤਾ ॥੩॥
ਸਿਵਾ ਸਕਤਿ ਸੰਬਾਦੰ ॥ ਮਨ ਛੋਡਿ ਛੋਡਿ ਸਗਲ ਭੇਦੰ ॥
ਸਿਮਰਿ ਸਿਮਰਿ ਗੋਬਿੰਦੰ ॥ ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥
[ਗੋਂਡ ਨਾਮਦੇਉ ਜੀ, ਪੰਨਾ ੮੭੩

ਇਸ ਉਪਰਲੇ ਗੁਰਵਾਕ ਦਵਾਰਾ ਇਹ ਸਪੱਸ਼ਟ ਸਿਧਾਂਤ ਨਿਕਲਦਾ ਹੈ ਕਿ ਕੋਈ ਵੀ ਆਨਮਤ ਧਰਮ ਕਰਮ, ਯੱਗ, ਦਾਨ, ਤੀਰਥ ਇਸ਼ਨਾਨ, ਬੇਦ ਪਾਠ, ਖੱਟ ਕਰਮ ਆਦਿ ਸਾਧਨ, ਵਾਹਿਗੁਰੂ ਦੇ ਜਸ ਤੇ ਗੁਰਮਤਿ ਨਾਮ ਦੇ ਤੁਲ ਨਹੀਂ ਪੁਜਦੇ । ਯਥਾ ਵਿਆਖਿਆ–

ਅਸਮੇਧ ਯਗ ਕੀਤੇ, ਸੋਨਾ ਆਪਣੇ ਬਰਾਬਰ ਤੋਲ ਕੇ ਦਿਤਾ, ਪ੍ਰਾਗਰਾਜ ਦਾ ਇਸ਼ਨਾਨ ਕੀਤਾ, ਵਾਹਿਗੁਰੂ ਦੇ ਕੀਰਤਨ ਨਾਮ ਤੁਲ ਨਹੀਂ ਪੁਜਦਾ । ਤਾਂ ਤੇ, ਹੋਰ ਸਭ ਪਾਖੰਡ ਕਰਮ ਛਡ ਕੇ ਤੇ ਆਨਮਤ ਧਰਮ ਤਿਆਗ ਕੇ ਆਪਣੇ ਗੁਰਮਤਿ ਨਾਮ ਤੇ ਭਜਨ ਵਿਚ ਹੀ ਜੁਟ ਜਾਣਾ ਚਾਹੀਦਾ ਹੈ ਤੇ ਹਰਗਿਜ਼ ਆਲਸ ਨਹੀਂ ਕਰਨਾ ਚਾਹੀਦਾ । ਹਿੰਦੂਆਂ ਦੇ ਤੀਰਥ ਗਇਆ ਤੇ ਜਾ ਕੇ ਪਿੰਡ ਭਰਾਉਣੇ, ਆਨਮਤੀ ਤੀਰਥ ਬਨਾਰਸ ਤੇ ਜਾ ਕੇ 'ਅਸੀ' ਨਾਮੇ ਨਦੀ ਦੇ ਕੰਢੇ ਤੇ ਵਸਣਾ, ਅਤੇ ਉਥੇ ਬਸ ਕੇ ਚਹੁੰਆਂ ਬੇਦਾਂ ਦਾ ਮੁਖਾਗਰ ਪਾਠ ਕਰਨਾ, ਅਤੇ ਸਾਰੇ ਹਿੰਦੂਆਂ ਦੇ ਆਨਮਤੀ ਕਰਮ ਧਰਮ ਅਦਾ ਕਰਨੇ ਇਹ ਸਭ ਨਿਸਫਲ ਹਨ । ਇਨ੍ਹਾਂ ਦਵਾਰਾ ਨਾ ਮਨ ਵਸ ਆਉਂਦਾ ਹੈ ਅਤੇ ਨਾ ਹੀ ਇੰਦ੍ਰੀਆਂ ਵਸ ਆਉਂਦੀਆਂ ਹਨ । ਇਕ ਕੇਵਲ ਗੁਰਮਤਿ-ਗਿਆਨ ਹੀ ਹੈ, ਜਿਸ ਦਵਾਰਾ ਕਿ ਇੰਦ੍ਰੀਆਂ, ਮਨ ਦੇ ਪੰਜੇ ਵਿਕਾਰ ਵਸਗਤਿ ਹੁੰਦੇ ਹਨ । ਹਿੰਦੂ ਸ਼ਾਸਤ੍ਰਾਂ ਦੇ ਦੱਸੇ ਛੇ ਹੀ ਕਰਮ ਧਰਮਾਂ ਨੂੰ ਦੱਸੀ ਰੀਤੀ ਅਨੁਸਾਰ ਚਾਹੇ ਪੂਰੇ ਤੌਰ ਤੇ ਕਰਦਾ ਰਹੇ ਅਤੇ ਸ਼ਿਵ ਸ਼ਕਤੀ ਦੇ ਸੰਬਾਦ ਵਿਚ ਰੁੜ੍ਹਿਆ ਹੀ ਰਹੇ, ਇਹ ਸਾਰੇ ਭਰਮ-ਕਰਮ ਹੀ ਸਾਬਤ ਹੁੰਦੇ ਹਨ । ਇਨ੍ਹਾਂ ਸਰਬ ਭਰਮ-ਭੇਦਾਂ ਦੇ ਫ਼ਰਕ ਮਿਟਾ ਦੇਵੇ, ਅਤੇ ਇਨ੍ਹਾਂ ਸਭ ਭਰਮ-ਕਰਮਾਂ ਨੂੰ ਛਡ ਕੇ ਨਿੱਸਲ ਹੋ ਬਹੇ, ਬਸ ਕੇਵਲ ਗੋਬਿੰਦ ਵਾਹਿਗੁਰੂ ਦੇ ਸਿਮਰਨ ਵਿਚ ਹੀ ਜੁਟਿਆ ਰਹੇ । ਕੇਵਲ ਗੋਬਿੰਦ ਨਾਮ ਦੇ ਭਜਨ ਅਭਿਆਸ ਕਰਨ ਨਾਲ ਹੀ ਭਵ ਸਾਗਰ ਨੂੰ ਤਰ ਸਕੀਦਾ ਹੈ ।

ਭੈਰਉ ਭੂਤ ਸੀਤਲਾ ਧਾਵੈ ॥ ਖਰ ਬਾਹਨ ਉਹੁ ਛਾਰ ਉਡਾਵੈ ॥੧॥
ਹਉ ਤਉ ਏਕ ਰਮਈਆ ਲੈਹਉ ॥ ਆਨ ਦੇਵ ਬਦਲਾਵਨਿ ਦੈਹਉ ॥੧॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥੨॥
ਮਹਾ ਮਾਈ ਕੀ ਪੂਜਾ ਕਰੈ ॥ ਨਰ ਸੈ ਨਾਰਿ ਹੋਇ ਅਉਤਰੈ ॥੩॥
ਤੂ ਕਹੀਅਤ ਹੀ ਆਦਿ ਭਵਾਨੀ ॥ ਮੁਕਤਿ ਕੀ ਬਰੀਆ ਕਹਾ ਛਪਾਨੀ ॥੪॥
ਗੁਰਮਤਿ ਰਾਮ ਨਾਮ ਗਹੁ ਮੀਤਾ ॥ ਪ੍ਰਣਵੈ ਨਾਮਾ ਇਉ ਕਹੈ ਗੀਤਾ ॥੫॥੨॥੬॥

[ਗੋਂਡ ਨਾਮਦੇਉ ਜੀ, ੮੭੪

ਇਸ ਗੁਰਵਾਕ ਦਵਾਰਾ ਆਨਮਤੀਆਂ ਦੇ ਸਮੱਗਰ ਧਰਮ ਕਰਮਾਂ ਨੂੰ ਖ਼ੂਬ ਖੰਡਨ ਕੀਤਾ ਹੈ। ਇਸ ਦੇ ਮੁਕਾਬਲੇ ਤੇ ਕੇਵਲ ਗੁਰਮਤਿ ਨਾਮ ਦਾ ਹੀ ਮੰਡਨ ਹੈ। ਯਥਾ ਵਿਆਖਿਆ—

ਜੋ ਆਨਮਤੀ ਪੁਰਸ਼ ਭੈਰਉ ਭੂਤ ਜਾਂ ਸੀਤਲਾ ਵਲ ਦੌੜਦਾ ਨਸਦਾ ਹੈ, ਉਸ ਨੂੰ ਫਲ ਇਹੋ ਮਿਲ ਸਕਦਾ ਹੈ ਕਿ ਖੋਤੇ ਦੀ ਸਵਾਰੀ ਕਰੇ ਜਾਂ ਖੇਹ ਉਡਾਂਦਾ ਫਿਰੇ। ਗੁਰਮਤਿ ਦਵਾਰਾ ਤਾਂ ਕੇਵਲ ਇਕੋ ਰਮਤ ਰਾਮ ਵਾਹਿਗੁਰੂ ਦੇ ਭਜਨ ਵਿਚ ਤਤਪਰ ਹੋਵਣ ਦਾ ਸੱਚਾ ਧਰਮ ਦ੍ਰਿੜ੍ਹਾਇਆ ਗਿਆ ਹੈ, ਹੋਰ ਹਿੰਦੂਆਂ ਦੇ ਸਾਰਿਆਂ ਦੇਵਤਿਆਂ ਦੀ ਪੂਜਾ ਗੁਰਮਤਿ ਨਾਮ ਸਿਮਰਨ ਦੇ ਵਟੇ ਵਿਚ ਅਰਪਣ ਕਰ ਦੇਣੀ ਆਸਾਨ ਹੈ। ਜਿਹੜਾ ਆਨਮਤੀ ਪੁਰਸ਼ ਸ਼ਿਵ ਸ਼ਿਵ ਕਰਦਾ ਹੋਇਆ ਮਹਾਂਦੇਵ ਦਾ ਨਾਮ ਹੀ ਧਿਆਉਂਦਾ ਹੈ, ਉਸ ਦਾ ਫਲ ਇਹੋ ਹੀ ਉਸ ਨੂੰ ਮਿਲੇਗਾ ਕਿ ਸ਼ਿਵ ਜੀ ਵਾਂਗੂ ਬਲਦ ਤੇ ਚੜ੍ਹ ਕੇ ਡੌਰੂ ਵਜਾਵੇਗਾ। ਜੋ ਆਨਮਤੀ ਪੁਰਸ਼ ਮਹਾਂ ਮਾਈ ਦੇਵੀ ਦੀ ਪੂਜਾ ਕਰਦਾ ਹੈ, ਉਸ ਨੂੰ ਇਹ ਫਲ ਅਵੱਸ਼ ਮਿਲੇਗਾ ਕਿ ਅਗਲੇ ਜਨਮ ਵਿਚ ਨਰ ਦੀ ਜੂਨੀ ਛਡ ਕੇ ਨਾਰੀ ਦੀ ਜੂਨੀ ਭੁਗਤੇਗਾ।

ਹੇ ਦੁਰਗਾ ! ਤੂੰ ਆਦਿ ਭਵਾਨੀ ਕਹੀ ਜਾਨੀ ਏਂ, ਪਰ ਤੇਰੇ ਉਪਾਸ਼ਕਾਂ ਦੀ ਮੁਕਤੀ ਕਰਨ ਵੇਲੇ ਤੂੰ ਕਿੱਥੇ ਛਿਪ ਜਾਂਦੀ ਏਂ। ਹੇ ਮੀਤਾ ! ਸਭ ਤੋਂ ਅਫ਼ਜ਼ਲ ਤੱਤ ਕਰਮ ਧਰਮ ਗੁਰਮਤਿ ਰਮਤ ਰਾਮ ਵਾਹਿਗੁਰੂ ਨਾਮ ਹੀ ਹੈ। ਤਾਂ ਤੇ, ਤੂੰ ਏਸੇ ਗੁਰਮਤਿ ਧਰਮ ਨੂੰ ਧਾਰਨ ਕਰਨ ਵਿਚ ਦ੍ਰਿੜ੍ਹ ਹੋ ਜਾ। ਗੁਰਮਤਿ ਰੂਪੀ ਗੀਤਾ ਦਾ ਇਹੋ ਫ਼ੁਰਮਾਨ ਹੈ।

# ੬੬. ਅਵਤਾਰਾਂ ਤੇ ਜੋਗੀਆਂ ਪੰਡਤਾਂ ਦਾ ਖੰਡਨ

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥੧॥ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥
ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

[ਬਿਲਾਵਲੁ ਗੋਂਡ ਨਾਮਦੇਉ ਜੀ, ਪੰਨਾ ੮੭੪-੭੫

ਇਸ ਗੁਰਵਾਕ ਵਿਖੇ ਨਾਮੀ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਦੀ ਹੀ ਵਡਿਆਈ ਵਰਣਨ ਕੀਤੀ ਗਈ ਹੈ, ਹੋਰ ਵਡੇ ਵਡੇ ਆਨਮਤੀ ਅਵਤਾਰਾਂ ਨੂੰ ਅਤੇ ਉਨ੍ਹਾਂ ਦੇ ਕੰਮਾਂ ਨੂੰ ਖ਼ੂਬ ਖੰਡਨ ਕੀਤਾ ਗਿਆ ਹੈ। ਵਾਹਿਗੁਰੂ ਨਾਮ ਦੇ ਮੁਕਾਬਲੇ 'ਤੇ ਆਨ ਕਰਮ ਧਰਮ ਆਨਮਤੀਆਂ ਦੇ ਬੜੇ ਹੀ ਤੁਛ ਕਰਕੇ ਵਰਣਨ ਕੀਤੇ ਗਏ ਹਨ। ਯਥਾ ਵਿਆਖਿਆ—

ਗੁਰੂ ਦੇ ਤਾਰੇ ਹੋਏ ਭਗਤ ਸ੍ਰੀ ਨਾਮ ਦੇਵ ਜੀ ਆਪਣੀ ਅੱਖੀਂ ਡਿਠੀ ਸ਼ਾਹਦੀ ਦਿੰਦੇ ਹਨ। ਸੱਚੇ ਸਤਿਗੁਰੂ ਦੇ ਗੁਰਮਤਿ ਮਾਰਗ ਦਰਸਾਉਣ ਪਰ ਹੀ ਸ੍ਰੀ ਨਾਮਦੇਵ ਜੀ ਨੂੰ ਸੱਚਾ ਗੁਰਮਤਿ ਗਿਆਨ ਹੋ ਗਿਆ ਤੇ ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨਾਂ ਦੀ ਪ੍ਰਾਪਤੀ ਹੋ ਗਈ, ਇਸ ਕਰਕੇ ਸ੍ਰੀ ਨਾਮਦੇਵ ਜੀ ਆਪਣੇ ਨਿਜ ਅੱਖੀਂ ਡਿਠਾ ਪ੍ਰਤਾਵਾ ਬੜੇ ਹੀ ਗੁਰਮਤਿ ਨਿਰਣੇ ਅਨੁਸਾਰ ਗੁਰਮਤਿ ਹੀਣੇ ਮੂਰਖਾਂ ਪ੍ਰਤੀ ਪ੍ਰਤਿਪਾਦਨ ਕਰਦੇ ਹਨ, ਕਿ ਅੱਜ ਅਸੀਂ ਵਾਹਿਗੁਰੂ ਨੂੰ ਪਰਤੱਖ ਵੇਖ ਲਿਆ ਹੈ ਤੇ ਇਹ ਗੁਰਮਤਿ ਗਿਆਨ ਭੀ ਪਰਤੱਖ ਸੁਫੁਰਨ ਹੋ ਗਿਆ ਹੈ ਕਿ ਗਾਇਤ੍ਰੀ ਪੜ੍ਹਨ ਵਾਲੇ ਪੰਡਤ ਦੀ ਗਾਇਤ੍ਰੀ ਦਾ ਭਰਮ ਵੀ ਖੁਲ੍ਹ ਗਿਆ ਹੈ। ਗਾਇਤ੍ਰੀ ਬ੍ਰਹਮਾ ਦੀ ਇਸਤ੍ਰੀ ਸੀ, ਸਰਾਪੀ ਜਾਣ ਕਰਕੇ ਗਊ ਬਣ ਗਈ, ਜੋ ਲੋਕਾਂ ਦੇ ਖੇਤ ਖਾ ਖਾ ਕੇ ਉਜਾੜਦੀ ਫਿਰਦੀ ਸੀ। ਕਿਸੇ ਲੋਦਾ ਕੌਮ ਦੇ ਕਿਰਸਾਨ ਨੇ, ਜਿਸ ਦਾ ਇਹ ਖੇਤ

ਖਾਂਦੀ ਸੀ, ਇਸ ਦੀ ਇਕ ਲੱਤ ਸੋਟਾ ਮਾਰ ਕੇ ਭੰਨ ਦਿਤੀ ਅਤੇ ਲੰਗੜੀ ਹੋ ਗਈ। ਜਿਸ ਗਾਇਤ੍ਰੀ ਮੰਤਰ ਦਾ ਜਾਪ ਪੰਡਿਤ ਲੋਕ ਕਰਦੇ ਹਨ, ਉਸ ਦੇ ਵੀ ਤਿੰਨੇ ਚਰਨ ਹਨ, ਚੌਥਾ ਹੈ ਹੀ ਨਹੀਂ। ਆਨਮਤੀ ਪਾਂਡੇ, ਜੋ ਮਹਾਂਦੇਉ ਨੂੰ ਧਿਆਉਂਦੇ ਹਨ, ਨਾਮ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਪਾਂਡੇ! ਤੁਮਰੇ ਮਹਾਂਦੇਵ ਦਾ ਭੇਦ ਵੀ ਖੁਲ੍ਹ ਗਿਆ ਹੈ। ਇਹ ਚਿੱਟੇ ਬਲਦ ਤੇ ਚੜ੍ਹਿਆ ਆਉਂਦਾ ਦੇਖਿਆ ਗਿਆ ਹੈ, ਉਸ ਦੇ ਮੋਦੀ (ਭੰਡਾਰੀ) ਨੇ ਮਹਾਂਦੇਵ ਨੂੰ ਆਪਣੇ ਘਰ ਖਾਣਾ ਖਾਣ ਦਾ ਨਿਉਂਦਾ ਦਿਤਾ। ਖਾਣਾ ਪਕਿਆ ਉਸ ਦੇ ਪਸੰਦ ਨ ਆਇਆ, ਤਾਂ ਮੋਦੀ ਵਿਚਾਰੇ ਦਾ ਲੜਕਾ ਹੀ ਸਰਾਪ ਦੇ ਕੇ ਮਾਰ ਘਤਿਆ। ਹੋਰ ਜੋ ਆਨਮਤੀ ਲੋਕ, ਖ਼ਾਸ ਕਰ ਬ੍ਰਾਹਮਣ ਪਾਂਡੇ ਜੋ ਰਾਮ ਚੰਦਰ ਨੂੰ ਧਿਆਉਂਦੇ ਹਨ, ਉਸ ਦੀ ਕਲਈ ਵੀ ਖੁਲ੍ਹ ਗਈ, ਰਾਵਣ ਨਾਲ ਉਸ ਦੀ ਲੜਾਈ ਹੋਈ, ਆਪ ਦੇ ਘਰ ਦੀ ਜੋਰੂ ਸੀਤਾ ਨੂੰ ਗਵਾ ਬੈਠਾ ਸੀ। ਇਹ ਗੱਲ ਪਰਤੱਖ ਤੇ ਸਪੱਸ਼ਟ ਹੋ ਗਈ ਹੈ ਕਿ ਹਿੰਦੂ ਅੰਨ੍ਹਾ ਹੈ ਤੇ ਤੁਰਕੂ ਕਾਣਾ ਹੈ। ਧਰਮ ਅਤੇ ਜਗਤ-ਵਿਹਾਰ ਦੇ ਦੋ ਨੇਤਰ ਹੈਨ, ਹਿੰਦੂ ਦੋਵਾਂ ਵਲੋਂ ਤਿਆਗੀ ਹੋਣ ਕਰਕੇ ਅੰਨ੍ਹੇ ਹਨ ਤੇ ਮੁਸਲਮਾਨ ਧਰਮ ਨੂੰ ਤਿਆਗ ਕੇ ਨਿਰੇ ਸੰਸਾਰੀ ਹੋਣ ਕਰਕੇ ਕਾਣੇ ਹਨ। ਤਾਂ ਤੇ ਦੋਹਾਂ ਭੇਖੀਆਂ ਤੋਂ ਗੁਰਮਤਿ ਗਿਆਨੀ ਹੀ ਸਿਆਣੇ ਹਨ। ਹਿੰਦੂ ਭੇਖੀ ਜਨ ਦੇਹੁਰੇ ਨੂੰ ਪੂਜਦਾ ਹੈ ਅਤੇ ਮੁਸਲਮਾਨ ਮਸੀਤ ਅਗੇ ਸਿਰ ਨਿਵਾਉਂਦਾ ਹੈ। ਗੁਰੂ ਦਾ ਤਾਰਿਆ ਹੋਇਆ ਨਾਮਦੇਵ ਭਗਤ ਐਸੇ ਅਕਾਲ ਪੁਰਖ ਦਾ ਸੇਵਕ ਹੈ, ਜਿਸ ਦਾ ਨ ਕੋਈ ਦੇਹੁਰਾ ਹੈ ਤੇ ਨਾ ਕੋਈ ਮਸੀਤ ਹੈ।

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ ॥
ਕੋਈ ਨਾਮੁ ਜਪੈ ਜਪਮਾਲੀ ਲਾਗੈ ਤਿਸੈ ਧਿਆਨਾ ॥
ਅਬਹੀ ਕਬਹੀ ਕਿਛੂ ਨ ਜਾਨਾ ਤੇਰਾ ਏਕੋ ਨਾਮੁ ਪਛਾਨਾ ॥੧॥੧॥
[ਰਾਮਕਲੀ ਮ: ੧, ਪੰਨਾ ੮੭੬]

ਇਸ ਗੁਰਵਾਕ ਦਵਾਰਾ ਬੇਦ-ਬਾਣੀ ਤੇ ਪੁਰਾਨਾਂ ਦਾ ਪੜ੍ਹਨਾ ਸਪੱਸ਼ਟ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ—

ਕੋਈ ਆਨਮਤੀ ਜਨ ਤਾਂ ਬੇਦ-ਬਾਣੀ ਨੂੰ ਹੀ (ਜੋ ਸੰਸਕ੍ਰਿਤੀ ਬੋਲੀ ਵਿਚ ਲਿਖੀ ਹੋਈ ਹੈ) ਪੜ੍ਹੀ ਜਾਣ ਵਿਚ ਆਪਣੀ ਪਰਮ ਗਤੀ ਸਮਝਦਾ ਹੈ, ਕੋਈ ਪੁਰਾਨਾਂ ਨੂੰ ਪੜ੍ਹਨਾ ਹੀ ਸਦਗਤੀ ਦਾ ਲਖਾਇਕ ਸਮਝੀ ਬੈਠਾ ਹੈ। ਪ੍ਰੰਤੂ ਇਹ ਕੋਈ ਵਿਰਲਾ ਗੁਰਮੁਖਿ ਜਨ ਹੀ ਹੈ, ਜੋ ਗੁਰਮਤਿ ਨਾਮ ਜਪਦਾ ਹੈ ਅਤੇ ਵਾਹਿਗੁਰੂ ਨਾਮ, ਗੁਰਮਤਿ ਨਾਮ **ਜਪਮਾਲੀ ਨੂੰ** ਜਪਣ ਵਿਚ ਹਰ ਦਮ ਲਗਾ ਰਹਿੰਦਾ ਹੈ। ਸੁਆਸ ਸੁਆਸ ਮਖੰਡਾਕਾਰ ਵਾਹਿਗੁਰੂ ਨਾਮ ਜਪੀ ਜਾਣ ਵਾਲੇ ਦਾ ਹੀ ਸਹਜ ਧਿਆਨ ਲਗਦਾ ਹੈ, ਹੋਰ ਸਭ ਆਨਮਤੀ ਕਰਮ ਧਰਮ ਪਾਖੰਡ ਰੂਪ ਹਨ, ਏਸ ਕਰਕੇ ਗੁਰਮਤਿ ਨਾਮ ਦਾ ਅਭਿਆਸੀ ਜਨ ਨ ਹੁਣ, ਨ ਕਦੇ ਫੇਰ, ਕਿਸੇ ਹੋਰ ਪਾਸੇ ਧਿਆਨ

ਹੀ ਨਹੀਂ ਦੇਂਦਾ ; ਕੇਵਲ ਗੁਰਮਤਿ ਨਾਮ ਹੀ ਵਖਾਣੀ ਜਾਂਦਾ ਹੈ।

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ ॥
ਪਤੁ ਝੋਲੀ ਮੰਗਣ ਕੈ ਤਾਈ ਭੀਖਿਆ ਨਾਮੁ ਪੜੇ ॥੧॥
ਬਾਬਾ ਗੋਰਖੁ ਜਾਗੈ ॥
ਗੋਰਖੁ ਸੋ ਜਿਨਿ ਗੋਇ ਉਠਾਲੀ ਕਰਤੇ ਬਾਰ ਨਾ ਲਾਗੈ ॥੧॥ਰਹਾਉ॥
ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ ॥
ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ ॥੨॥
ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ ॥
ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ ॥੩॥
ਕਾਗਦੁ ਲੂਣੁ ਰਹੈ ਘ੍ਰਿਤ ਸੰਗੇ ਪਾਣੀ ਕਮਲੁ ਰਹੈ ॥
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥੪॥੪॥

[ਰਾਮਕਲੀ ਮ: ੧, ਪੰਨਾ ੮੭੭

ਇਸ ਉਪਰਲੇ ਗੁਰ ਸ਼ਬਦ ਦੁਆਰਾ ਗੁਰੂ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੇ ਜੋਗੀ ਭੇਖ ਪ੍ਰਤੀ ਪਾਖੰਡ ਤਜਣ ਦਾ ਸਨਮੁਖੀ ਉਪਦੇਸ਼ ਕੀਤਾ ਹੈ ਅਤੇ ਉਨ੍ਹਾਂ ਦੇ ਹਰ ਇਕ ਕਰਤਬ ਨੂੰ ਪਾਖੰਡ ਰੂਪ ਦਸ ਕੇ ਬਿਰਥਾ ਹੀ ਗਰਦਾਨਿਆ ਹੈ। ਪ੍ਰਿਥਮ ਤਾਂ ਇਸ ਸ਼ਬਦ ਵਿਖੇ ਸੱਚੇ ਸਾਹਿਬ ਗੁਰੂ ਪਾਤਸ਼ਾਹ ਨੇ ਇਹ ਗੱਲ ਸਪੱਸ਼ਟਾਈ ਹੈ ਕਿ ਸੱਚਾ ਜੋਗੀ ਕਿਵੇਂ ਬਣੀਦਾ ਹੈ ਅਤੇ ਪਾਖੰਡ ਜੋਗ ਦੇ ਮੁਕਾਬਲੇ ਵਿਚ ਸੱਚੇ ਗੁਰਮਤਿ ਜੋਗ ਨੂੰ ਸ੍ਰਿਸ਼ਟਾਇਆ ਹੈ। ਹੇ ਜੋਗੀਓ ! ਇਸ ਦੇ ਥਾਉਂ ਸ਼ਬਦ-ਦੀਖਿਆ ਮਈ ਸੱਚੀ ਸਿਖਸ਼ਾ ਗੁਰੂ ਤੋਂ ਲੈ ਕੇ ਨਾਮ ਅਭਿਆਸ ਰੂਪੀ ਸ਼ਬਦ ਸੁਰਤਿ ਦਾ ਮੇਲਾ ਕਰਨਾ ਸਿੱਖੋ। ਜੋ ਸ਼ਬਦ ਸੁਰਤਿ ਦੀ ਖੇਡ ਗੁਰੂ ਘਰ ਅੰਦਰ ਹੈ, ਬੜੀ ਹੀ ਵਿਲੱਖਣ ਹੈ। ਨਾਮ ਅਭਿਆਸ ਦਾ ਖੰਡਾ ਖੜਕਾ ਕੇ ਗੁਰਮੁਖਿ ਜਗਿਆਸੂ ਦੀ ਸੁਰਤੀ ਬਿਰਤੀ ਸੁਤੇ ਹੀ ਗਗਨ ਮੰਡਲਾਂ ਵਿਚ ਖੇਡਦੀ ਰਹਿੰਦੀ ਹੈ। ਸ਼ਬਦ ਵਿਖੇ ਸੁਰਤਿ ਟਿਕਾ ਕੇ ਅਨਹਦ ਕਿੰਗਰੀ ਬਜਾਉਣਾ ਸੁਤੇ ਸੁਭਾਵ ਹੀ ਗੁਰਮੁਖਿ ਅਭਿਆਸੀ ਜਗਿਆਸੀ ਜਨਾਂ ਨੂੰ ਪ੍ਰਾਪਤ ਹੋ ਜਾਂਦਾ ਹੈ।

ਹੇ ਜੋਗੀਓ ! ਜੋ ਤੁਸੀਂ ਸਿੰਙੀ ਵਜਾਉਂਦੇ ਹੋ, ਦੁਨਿਆਵੀ ਲੋਕਾਂ ਨੂੰ ਸੁਣਾਉਣ ਵਾਸਤੇ ਬਜਾਉਂਦੇ ਹੋ। ਗੁਰਮਤਿ ਸ਼ਬਦ ਰੂਪੀ ਸਿੰਙੀ ਵਜਾ ਕੇ ਲੋਕ ਪਰਲੋਕ ਦੋਵੇਂ ਹੀ ਸੌਰ ਜਾਂਦੇ ਹਨ। ਨਾਮ ਰੂਪੀ ਭੀਖਿਆ ਅਕਾਲ ਪੁਰਖ ਨਾਮੀ ਤੋਂ ਮੰਗਣਾ ਹੀ ਸਾਡਾ ਖੱਪਰ (ਪਾਤਰ) ਹੈ, ਹੋਰ ਪਾਤਰ ਆਦਿਕ ਫੜਨ ਦੀ ਲੋੜ ਨਹੀਂ। ਨਾਮ ਰੂਪੀ ਭੀਖਿਆ ਗੁਰਦੀਖਿਆ ਗੁਰਮੰਤਰ ਆਦਿਕ ਨਾਮ ਅਭਿਆਸ ਕਰਦੇ ਹੋਏ ਗੁਰਮੁਖਿ ਜਨ ਸਦਾ ਹੀ ਪੜ੍ਹਦੇ ਰਹਿੰਦੇ ਹਨ, ਕਿਉਂਕਿ ਸਾਡਾ ਗੋਰਖ ਵਾਹਿਗੁਰੂ ਸਦਾ ਹੀ ਜਾਗਦੀ ਜੋਤਿ ਹੈ ਤੇ ਸਦਾ ਸੁਣਦਾ ਵੇਖਦਾ ਰਹਿੰਦਾ ਹੈ। ਗੋਰਖ ਸੱਚਾ ਸੋ

ਵਾਹਿਗੁਰੂ ਹੈ ਜੋ ਪ੍ਰਿਥਵੀ (ਗੋ) ਦੀ ਸਦਾ ਹੀ ਰੱਖਿਆ ਤੇ ਪ੍ਰਤਿਪਾਲਨਾ ਕਰਦਾ ਰਹਿੰਦਾ ਹੈ, (ਗੋ) ਪ੍ਰਿਥਵੀ ਨੂੰ ਪ੍ਰਤਿਪਾਲਣਹਾਰਾ, ਉਠਾਈ ਰਖਣ ਵਾਲਾ, ਰੱਖਿਆ ਕਰਨ ਵਾਲਾ ਹੀ ਸਾਡਾ ਸੱਚਾ ਗੋਰਖ ਹੈ। ਉਸ ਨੂੰ ਗੋਇ ਉਠਾਲਣ ਵਿਚ, ਪ੍ਰਿਥਵੀ ਦੀ ਰੱਖਿਆ ਕਰਨ ਵਿਚ ਰੰਚਕ ਮਾਤਰ ਵੀ ਦੇਰ ਨਹੀਂ ਲਗਦੀ।

ਸਾਡੇ ਸੱਚੇ ਗੋਰਖ ਵਾਹਿਗੁਰੂ ਨੇ ਪਵਨ ਪਾਣੀ ਦਵਾਰਾ ਪ੍ਰਾਣ ਬੰਨ੍ਹ ਰੱਖੇ ਹਨ। ਸੂਰਜ ਤੇ ਚੰਦ੍ਰਮਾ ਦੋਇ ਮੁਖੀ ਦੀਵੇ ਪ੍ਰਿਥਵੀ ਤੇ ਚਾਨਣ ਕਰਨ ਲਈ ਬਣਾ ਰਖ ਹਨ। ਅਸਾਡੇ ਸੱਚੇ ਵਾਹਿਗੁਰੂ ਗੋਰਖ ਨੇ ਇਹ ਧਰਤੀ ਸਾਨੂੰ ਜੋ ਦਿਤੀ ਹੋਈ ਹੈ, ਇਸ ਦੇ ਉਪਰ ਰਹਿ ਕੇ ਹੀ, ਇਸ ਦੇ ਉਪਰ ਵਸ ਕੇ ਹੀ, ਸਾਰੇ ਜੀਅ ਜੰਤ ਉਪਜੀਵਕਾ ਕਰਦੇ ਹਨ ਅਤੇ ਹੁਕਮ ਅਨੁਸਾਰ ਹੀ ਉਪਜੀਵਕਾ ਖ਼ਤਮ ਹੋ ਜਾਂਦੀ ਹੈ ਤਾਂ ਵੀ ਅਸੀਂ ਸੱਚੇ ਗੋਰਖ ਦਾ ਧੰਨਵਾਦ ਕਰਦੇ ਹਾਂ। ਉਸ ਸੱਚੇ ਵਾਹਿਗੁਰੂ ਗੋਰਖ ਦੇ ਬੜੇ ਬੜੇ ਉਪਕਾਰ ਹਨ, ਜੋ ਉਸ ਨੇ ਕੀਤੇ ਹਨ, ਪ੍ਰੰਤੂ ਭੁਲੜ ਜੀਵਾਂ ਨੇ ਸਾਰੇ ਵਿਸਾਰ ਛਡੇ ਹਨ।

ਇਸ ਸੰਸਾਰ ਉਤੇ ਵਡੇ ਵਡੇ ਕਮਾਈ ਕਰਨ ਵਾਲੇ ਸਿਧ ਸਾਧਿਕ ਤੇ ਜੋਗੀ ਜੰਗਮ ਭੇਖ ਵਾਲੇ ਪੁਰਸ਼ ਹੋਏ ਹਨ, ਜੋ ਆਪਣੇ ਆਪ ਨੂੰ ਪੀਰ ਸਦਾ ਸਦਾ ਕੇ ਇਸ ਸੰਸਾਰ ਤੋਂ ਕੂਚ ਕਰ ਗਏ। ਇਨ੍ਹਾਂ ਭੇਖਧਾਰੀ ਜੋਗੀ ਜੰਗਮਾਂ ਆਦਿਕਾਂ ਨੂੰ ਮਿਲ ਕੇ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਾਡੇ ਵਲੋਂ ਉਨ੍ਹਾਂ ਨੂੰ ਮੁਖ ਸਿਖਸ਼ਾ ਇਹ ਦਿਤੀ ਜਾਂਦੀ ਹੈ ਕਿ ਇਹ ਸਾਰੇ ਭੇਖ ਪਾਖੰਡ ਛਡ ਕੇ ਵਾਹਿਗੁਰੂ ਦੀ ਸਿਫ਼ਤ ਸਲਾਹ ਕਰੋ। ਇਹ ਸਿਖਸ਼ਾ ਜਿਨ੍ਹਾਂ ਨੂੰ ਦ੍ਰਿੜ੍ਹ ਹੋ ਜਾਂਦੀ ਹੈ, ਉਹ ਗੁਰੂ ਘਰ ਦੇ ਸੇਵਕ ਸਿਖ ਬਣ ਜਾਂਦੇ ਹਨ ਅਤੇ ਮਨ ਵੀ ਉਨ੍ਹਾਂ ਦਾ ਸਦਾ ਸੇਵਾ ਪ੍ਰਬੀਨ ਹੁੰਦਾ ਹੋਇਆ ਅਸਥਿਰ ਰਹਿੰਦਾ ਹੈ। ਜਿਸ ਪ੍ਰਕਾਰ ਕਾਗਜ਼ ਅਤੇ ਲੂਣ ਘਿਉ ਨਾਲ ਰਹਿਣ ਕਰਕੇ ਨਿਰਲੇਪ ਰਹਿੰਦੇ ਹਨ (ਭਾਵ, ਥਿੰਦੇ ਕਾਗਜ਼ ਅਤੇ ਲੂਣ ਨੂੰ ਪਾਣੀ ਨਹੀਂ ਗਾਲ ਸਕਦਾ) ਅਤੇ ਜਿਸ ਪ੍ਰਕਾਰ ਕੰਵਲ ਫੁੱਲ ਪਾਣੀ ਵਿਚ ਨਿਰਲੇਪ ਰਹਿੰਦਾ ਹੈ, ਅਤੇ ਪਾਣੀ ਉਸ ਨੂੰ ਨਹੀਂ ਪੋਹ ਸਕਦਾ, ਤਿਵੇਂ ਗੁਰੂ ਘਰ ਦੇ ਭਗਤ ਜਨ ਗ੍ਰਿਹਸਤ ਵਿਚ ਰਹਿੰਦੇ ਹੀ ਸੱਚੀ ਜੋਗ-ਸਾਧਨਾ ਕਰਦੇ ਹਨ, ਜੋਗ ਤੇ ਜੋਗੀਆਂ ਨਾਲ ਹੀ ਸੱਚਾ ਮਿਲਾਪ ਰਖਦੇ ਹਨ; ਇਸ ਪ੍ਰਕਾਰ ਦੀ ਰਹਿਤ ਰਹਿਣੀ ਵਾਲੇ ਜੋਗੀਸ਼ਰਾਂ ਦਾ ਜਮ ਕਿਛ ਨਹੀਂ ਵਿਗਾੜ ਸਕਦਾ।

ਸੁਣਿ ਮਾਛਿੰਦ੍ਰਾ ਨਾਨਕੁ ਬੋਲੈ ॥ ਵਸਗਤਿ ਪੰਚ ਕਰੇ ਨਹ ਡੋਲੈ ॥
ਐਸੀ ਜੁਗਤਿ ਜੋਗ ਕਉ ਪਾਲੇ ॥ ਆਪਿ ਤਰੈ ਸਗਲੇ ਕੁਲ ਤਾਰੇ ॥੧॥
ਸੋ ਅਉਧੂਤੁ ਐਸੀ ਮਤਿ ਪਾਵੈ ॥
ਅਹਿਨਿਸਿ ਸੁੰਨਿ ਸਮਾਧਿ ਸਮਾਵੈ ॥੧॥ਰਹਾਉ॥
ਬਿਖਿਆ ਭਾਇ ਭਗਤਿ ਭੈ ਚਲੈ ॥ ਹੋਵੈ ਸੁ ਤ੍ਰਿਪਤਿ ਸੰਤੋਖਿ ਅਮੁਲੈ ॥
ਧਿਆਨ ਰੂਪਿ ਹੋਇ ਆਸਣੁ ਪਾਵੈ ॥ ਸਚਿ ਨਾਮਿ ਤਾੜੀ ਚਿਤੁ ਲਾਵੈ ॥੨॥

ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਸੁਣਿ ਮਾਛਿੰਦ੍ਰਾ ਅਉਧੂ ਨੀਸਾਣੀ ॥
ਆਸਾ ਮਾਹਿ ਨਿਰਾਸੁ ਵਲਾਏ ॥ ਨਿਹਚਉ ਨਾਨਕ ਕਰਤੇ ਪਾਏ ॥੩॥
ਪ੍ਰਣਵਤਿ ਨਾਨਕੁ ਅਗਮੁ ਸੁਣਾਏ ॥ ਗੁਰ ਚੇਲੇ ਕੀ ਸੰਧਿ ਮਿਲਾਏ ॥
ਦੀਖਿਆ ਦਾਰੂ ਭੋਜਨ ਖਾਇ ॥ ਛਿਅ ਦਰਸਨ ਕੀ ਸੋਝੀ ਪਾਇ ॥੪॥੫॥

[ਰਾਮਕਲੀ ਮ: ੧, ਪੰਨਾ ੮੭੭-੭੮

ਇਸ ਗੁਰਵਾਕ ਦਵਾਰਾ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਸਿਧ ਮੰਡਲੀ ਵਾਲੇ ਜੋਗੀਆਂ ਨੂੰ ਖ਼ੁਦ ਮਿਲ ਕੇ ਸਨਮੁਖ ਉਪਦੇਸ਼ ਦਿੰਦੇ ਹਨ, ਕਿ ਤੁਸਾਡੇ ਆਨਮਤੀ ਪਾਖੰਡ-ਜੋਗ ਵਿਚ ਕੁਝ ਨਹੀਂ ਧਰਿਆ ਪਿਆ। ਤਾਂ ਤੇ ਉਨ੍ਹਾਂ ਪ੍ਰਤੀ ਸੱਚਾ ਗੁਰਮਤਿ ਜੋਗ ਦ੍ਰਿੜ੍ਹਾਉਂਦੇ ਹਨ। ਪ੍ਰਿਥਮ ਤਾਂ ਸਿਧ ਮੰਡਲੀ ਦੇ ਇਕ ਪ੍ਰਸਿਧ ਜੋਗੀ ਮਾਛਿੰਦਰ ਨਾਥ ਨਾਮ ਵਾਲੇ ਇਕ ਵੱਡੇ ਜੋਗੀ ਪ੍ਰਤੀ ਇਸ ਬਿਧਿ ਸੁਮਤਿ ਬਖ਼ਸ਼ਦੇ ਹਨ, ਕਿ ਜੋਗਾਂ ਸਿਰ ਜੋਗ ਦਾ ਪਹਿਲਾ ਸੱਚਾ ਨੁਸਖ਼ਾ ਇਹ ਹੈ ਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਪੰਜਾਂ ਵਿਕਾਰਾਂ ਨੂੰ ਵਸਗਤਿ ਕਰੇ, ਅਤੇ ਇਨ੍ਹਾਂ ਵਲੋਂ ਸਦਾ ਅਡੋਲ ਰਹਿ ਕੇ ਸਾਵਧਾਨ ਰਹੇ। ਇਸ ਸਾਵਧਾਨਤਾ ਸਹਿਤ ਗੁਰਮਤਿ ਨਾਮ ਅਭਿਆਸ ਕਰਨ ਵਾਲਾ ਸੱਚਾ ਜੋਗ-ਜੋਗਤੀਸ਼ਰ ਗੁਰਮੁਖਿ ਜੋਗੀ ਹੈ। ਅਰਥਾਤ, ਉੱਪਰ ਦੱਸੀ ਗੁਰਮਤਿ ਜੋਗ ਦੀ ਜੁਗਤੀ ਨੂੰ ਜੋ ਪਾਲਦਾ ਹੈ, ਉਹੀ ਸੱਚਾ ਜੋਗੀ ਹੈ। ਐਸਾ ਗੁਰਮੁਖਿ ਜੋਗੀ ਨ ਸਿਰਫ਼ ਆਪ ਹੀ ਭਵ ਸਾਗਰ ਤੋਂ ਤਰ ਜਾਂਦਾ ਹੈ, ਬਲਕਿ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ। ਵਿਰੱਕਤ ਸਾਧੂ ਸੱਚਾ ਅਵਧੂਤ ਜੋਗੀ ਸੋਈ ਹੈ, ਜੋ ਉੱਪਰ ਦੱਸੀ ਗੁਰਮਤਿ ਮਤਿ ਅਨੁਸਾਰ ਜੋਗ ਕਮਾਉਂਦਾ ਹੈ। ਯਥਾ—ਗੁਰਮੁਖਿ ਜੋਗੀ ਸੋ ਹੈ ਜੋ ਦਿਨੇ ਰਾਤ ਗੁਰਮਤਿ ਨਾਮ ਵਿਚ ਲੀਨ ਰਹਿ ਕੇ ਅਫੁਰ ਨਿਰਵਿਕਲਪ ਵਿਚ ਸਮਾ ਜਾਂਦਾ ਹੈ।

ਐ ਜੋਗੀਓ! ਤੁਸੀਂ ਝੂਠੀ ਭਿਖਿਆ ਮੰਗਣ ਵਿਚ ਪ੍ਰਵਿਰਤ ਰਹਿੰਦੇ ਹੋ। ਗੁਰਮਤਿ ਨਾਮ ਰੂਪੀ, ਸੱਚੀ ਭੈ-ਭਗਤੀ ਅਤੇ ਪ੍ਰਮਾਰਥ ਦੇ ਸੱਚੇ ਭੈ ਅੰਦਰ ਚਲਣਾ ਹੀ ਸੱਚੀ ਭਿਖਿਆ ਮੰਗਣਾ ਹੈ। ਅਮੁਲਾ ਸੰਤੋਖ ਕੇਵਲ ਗੁਰਮਤਿ ਨਾਮ ਦੇ ਰੰਗਾਂ ਵਿਚ ਹੀ ਰੰਗੀਜੇ ਰਹਿਣਾ ਹੈ। ਐਸੇ ਗੁਰਮਤਿ ਰੰਗਾਂ ਵਿਚ ਰਤੇ ਰਹਿਣ ਕਰਕੇ ਹੀ ਸੱਚੀ ਤ੍ਰਿਪਤੀ ਆਉਂਦੀ ਹੈ। ਐਸਾ ਗੁਰਮਤਿ ਨਾਮ ਅਭਿਆਸ ਕਰਦਾ ਹੋਇਆ, ਅਤੇ ਵਾਹਿਗੁਰੂ ਦਾ ਧਿਆਨ ਧਰਦਾ ਹੋਇਆ ਧਿਆਨ ਰੂਪ ਹੋ ਜਾਵੇ। ਐਸਾ ਆਸਣ ਜਮਾਉਣਾ ਅਤੇ ਧਿਆਨ ਵਿਚ ਤਦ-ਰੂਪ ਹੋ ਜਾਣਾ ਹੀ ਸੱਚੀ ਗੁਰਮਤਿ ਜੋਗ ਜੁਗਤਿ ਹੈ। ਐ ਜੋਗੀਓ! ਇਹ ਜੋ ਤੁਸੀਂ ਝੂਠੀਆਂ ਤਾੜੀਆਂ ਲਾਂਦੇ ਹੋ, ਇਹ ਕਿਸੇ ਲੇਖੇ ਹੀ ਨਹੀਂ, ਕਿਉਂਕਿ ਸੰਕਲਪ ਤੁਹਾਡੇ ਮਿਟਦੇ ਹੀ ਨਹੀਂ। ਸੱਚੇ ਨਾਮ ਵਿਚ ਹੀ ਸਾਸ ਗਿਰਾਸ ਅਭਿਆਸ-ਸਥਿਤ ਹੋ ਕੇ ਹੀ ਸੱਚੀ ਤਾੜੀ ਲਗਦੀ ਹੈ ਅਤੇ ਕੋਈ ਫੁਰਨਾ ਆਦਿ ਹੋਰ ਨਹੀਂ ਫੁਰਦਾ। ਇਸ ਬਿਧਿ, ਕੇਵਲ ਇਸ ਬਿਧਿ ਹੀ ਵਾਹਿਗੁਰੂ ਕੇ

ਚਰਨਾਂ ਵਿਚ ਚਿਤ ਲਗਦਾ ਹੈ। ਗੁਰ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅੰਮ੍ਰਿਤ ਬਾਣੀ ਹੀ ਉਚਾਰਨ ਕਰਦਾ ਰਹੇ। ਹੇ ਮਾਛਿੰਦਰ ਜੋਗੀ ! ਜ਼ਰਾ ਕੰਨ ਲਾ ਕੇ ਸੁਣ, ਸੱਚੀ ਗੁਰਮਤਿ ਸਿਖਿਆ ਨੂੰ; ਕਿ ਸੱਚੇ ਅਉਧੂ ਦੀ ਨੀਸ਼ਾਨੀ ਇਹ ਹੈ ਕਿ ਉਹ ਆਸ਼ਾ ਵਿਚ ਨਿਰਾਸ਼ ਹੋ ਕੇ ਸਾਰੀ ਉਮਰ ਬਤੀਤ ਕਰੇ। ਯਕੀਨਨ ਐਸਾ ਜੋਗੀ ਕਰਤੇ ਪੁਰਖ ਨੂੰ ਪਾ ਲੈਂਦਾ ਹੈ, ਐਸਾ ਗੁਰ ਨਾਨਕ ਸਾਹਿਬ ਦਾ ਫ਼ੁਰਮਾਨ ਹੈ। ਗੁਰ ਨਾਨਕ ਸਾਹਿਬ ਸਚੜੀ ਗੁਰਮਤਿ ਗੁਹਜ ਗੱਲ ਸੁਣਾਉਂਦੇ ਹਨ, ਕਿ ਕੇਵਲ ਗੁਰਮਤਿ ਜੋਗ ਜੁਗੰਤੀ ਦਵਾਰਾ ਹੀ ਈਸ਼ਵਰ ਅਤੇ ਜੀਵ ਵਿਖੇ ਜੋ ਹਉਮੈ ਰੂਪੀ ਕੰਧ ਦੀ ਸੰਧ ਪਈ ਹੋਈ ਹੈ, ਉਸ ਨੂੰ ਮਿਟਾ ਕੇ ਸੱਚੇ ਵਾਹਿਗੁਰੂ ਨਾਲ ਮਿਲ ਰਹੇ। ਗੁਰਦੀਖਿਆ ਰੂਪੀ ਸੱਚੀ ਔਖਧੀ ਵਰਤਣ ਨਾਲ ਹੀ ਸੱਚਾ ਭੋਜਨ ਛਾਂਦਾ ਮਿਲਦਾ ਹੈ। ਐਸੇ ਗੁਰਮਤਿ ਜੋਗੀ ਨੂੰ ਸੁਤੇ-ਸੁਭਾਵ ਹੀ ਛੇ ਦਰਸ਼ਨ (ਖਟ-ਸ਼ਾਸਤ੍ਰਾਂ) ਦੀ ਸੋਝੀ ਹੋ ਜਾਂਦੀ ਹੈ।

ਇਹੋ ਭਾਵ ਅਗਲੇਰੇ ਗੁਰਵਾਕ ਅੰਦਰ ਵੀ ਨਿਰੂਪਣ ਕੀਤਾ ਗਿਆ ਹੈ ਕਿ ਪਾਖੰਡ-ਜੋਗ ਕੀਤਿਆਂ ਪਾਪਾਂ ਦੀ ਭਰੀ ਹੋਈ ਬੇੜੀ ਬੰਨੇ ਨਹੀਂ ਲਗਦੀ, ਤ੍ਰਿਸ਼ਨਾ ਰੂਪੀ ਹਵਾ ਲਗਣ ਤੇ ਡੁਬ ਜਾਂਦੀ ਹੈ। ਗੁਰਮਤਿ-ਨਾਮ-ਰਤੜੇ ਸੱਚੇ ਜੋਗ ਪ੍ਰਾਪਤ ਕੀਤੇ ਬਿਨਾਂ ਇਹ ਹਵਾ ਸਾਰੇ ਪਾਖੰਡ ਜੋਗੀਆਂ 'ਤੇ ਲਗੇ ਬਿਨਾਂ ਰਹਿੰਦੀ ਨਹੀਂ। ਸਨਮੁਖ ਹੋ ਕੇ ਨਿਰਵਿਕਲਪ ਸੱਚੇ ਵਾਹਿਗੁਰੂ ਰੂਪੀ ਸਿਧ ਨੂੰ ਭੇਟਣ ਲਗਿਆਂ ਨਿਸਚੇ ਕਰਕੇ ਸੱਚੀ ਵਡਿਆਈ ਮਿਲਦੀ ਹੈ। ਤਾਂ ਤੇ ਧੁਰ ਦਰਗਾਹੋਂ ਕਲਜੁਗੀ ਜੀਵਾਂ ਨੂੰ ਤਾਰਨ ਆਇਆ ਸਤਿਗੁਰੂ ਹੀ ਮੰਝ-ਧਾਰ ਪਈ ਬੋਹਿਥ ਨੂੰ ਤਾਰਨਹਾਰਾ ਹੈ। ਪੂਰਨ ਅਬਿਨਾਸ਼ੀ ਵਾਹਿਗੁਰੂ ਦੀ ਸਤਿਗੁਰੂ ਦਵਾਰਾ ਬਖ਼ਸ਼ੀ ਹੋਈ ਭਗਤੀ ਕਰਕੇ ਹੀ ਨਿਸਤਰੀਦਾ ਹੈ। ਐਸੇ ਸਤਿਗੁਰੂ ਵਿਟਹੁ ਸਦਾ ਸਦਾ ਹੀ ਵਾਰਨੇ ਬਲਿਹਾਰਨੇ ਜਾਈਏ। ਇਹ ਜੋਗ, ਸਿਧ ਸਾਧਿਕ, ਜੋਗੀ ਜੰਗਮ, ਸਰੇਵੜੇ, ਸਭ ਭਰਮ-ਭੁਲੇ ਅਤੇ ਭਟਕੇ ਹੀ ਫਿਰਦੇ ਹਨ। ਸੱਚੀ ਸਿਧਤਾ ਇਹ ਹੈ, ਜਿਸ ਦਵਾਰਾ ਇਕ ਅਕਾਲ ਰੂਪੀ ਸੱਚੇ ਵਾਹਿਗੁਰੂ ਸਿਧ ਨੂੰ ਧਿਆਇਆ ਜਾਵੇ। ਅਤੇ ਉਹੀ ਸਚੜੇ ਸਿਧ ਸਾਧਿਕ ਸਚੜੇ ਵਾਹਿਗੁਰੂ ਸਿਧ ਨੂੰ ਧਿਆਉਂਦੇ ਹਨ। ਉਹ ਵਾਹਿਗੁਰੂ ਸੁਆਮੀ ਦੇ ਚਰਨ ਪਰਸਿਆਂ ਹੀ ਸਫਲ ਹੋ ਜਾਂਦੇ ਹਨ। ਤਿਨ੍ਹਾਂ ਵਡਭਾਗੇ ਗੁਰਮੁਖਿ ਜਨਾਂ ਨੂੰ ਧੁਰੋਂ ਗੁਰੂ ਵਾਹਿਗੁਰੂ ਦਾ ਦਰਗਾਹੋਂ ਸੱਚਾ ਗੁਰ-ਦੀਖਿਆ ਮਈ ਗੁਰਮਤਿ ਨਾਮ ਗੁਰਮੰਤਰ ਰੂਪੀ ਅੱਖਰ ਮਿਲ ਜਾਂਦਾ ਹੈ। ਸੋ ਸੱਚੇ ਗੁਰਮਤਿ ਜੋਗੀਆਂ ਨੂੰ ਵਾਹਿਗੁਰੂ ਨਾਮ ਜਪੀ ਜਾਣ ਬਿਨਾਂ ਕੋਈ ਵੀ ਹੀਲਾ ਨਹੀਂ। ਤਾਂ ਤੇ ਐਸੇ ਗੁਰਮਤਿ ਨਾਮ-ਅਹਾਰੀ ਨਾਮ-ਜੁਗਤਾਰੀ ਜਨ ਵਾਹਿਗੁਰੂ ਦੇ ਸੱਚੇ ਨਾਮ ਬਾਝੋਂ ਹੋਰ ਕੋਈ ਵੀ ਜਪ, ਤਪ, ਸੰਜਮ ਕਰਮ ਨਹੀਂ ਜਾਣਦੇ। ਗੁਰ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਅਜਿਹੇ ਵਡਭਾਗੀ ਜਨਾਂ ਨੂੰ ਗੁਰੂ ਪੂਰਨ ਪਰਮੇਸ਼ਰ ਰੂਪ ਧੁਰ ਦਰਗਾਹੋਂ ਹੀ ਭੇਟ ਹੋ ਜਾਂਦਾ ਹੈ ਕਿ ਸੱਚੇ ਗੁਰ-ਸ਼ਬਦ

ਦਵਾਰਾ ਹੀ ਸਚੜਾ ਨਿਬੇੜਾ ਹੁੰਦਾ ਹੈ। ਗੁਰ-ਦੀਖਿਆ ਗ੍ਰਹਿਣ ਕੀਤੇ ਬਿਨਾਂ ਜਨਮ ਮਰਨ ਦਾ ਗੇੜ ਨਹੀਂ ਮੁਕਦਾ ਅਤੇ ਸਚੜਾ ਰਾਜ ਜੋਗ ਪ੍ਰਾਪਤ ਨਹੀਂ ਹੁੰਦਾ, ਇਸ ਤੋਂ ਬਿਨਾਂ ਹੋਰ ਸਭ ਪਾਖੰਡ ਰੂਪ ਹੈ। ਯਥਾ ਗੁਰਵਾਕ—

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ ॥੧॥
ਗੁਰ ਤਾਰਿ ਤਾਰਣਹਾਰਿਆ ॥
ਦੇਹਿ ਭਗਤਿ ਪੂਰਨ ਅਵਿਨਾਸੀ
ਹਉ ਤੁਝ ਕਉ ਬਲਿਹਾਰਿਆ ॥੧॥ਰਹਾਉ॥
ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ ॥
ਪਰਸਤ ਪੈਰ ਸਿਝਤ ਤੇ ਸੁਆਮੀ ਅਖਰੁ ਜਿਨ ਕਉ ਆਇਆ ॥੨॥
ਜਪੁ ਤਪ ਸੰਜਮ ਕਰਮ ਨ ਜਾਨਾ ਨਾਮੁ ਜਪੀ ਪ੍ਰਭ ਤੇਰਾ ॥
ਗੁਰੁ ਪਰਮੇਸਰੁ ਨਾਨਕ ਭੇਟਿਓ ਸਾਚੈ ਸਬਦਿ ਨਿਬੇਰਾ ॥੩॥੬॥

[ਰਾਮਕਲੀ ਮ: ੧, ਪੰਨਾ ੮੭੮

ਸਾਰ ਸਿੱਟਾ ਇਹ ਹੈ ਕਿ ਜਿਤਨੇ ਵੀ ਆਨਮਤ ਜੋਗ ਜੁਗਤਿ ਵਾਲੇ ਭੇਖ ਹਨ, ਸਭ ਰਸਾਤਲ ਨੂੰ ਲਿਜਾਣ ਵਾਲੇ ਹਨ। ਕੇਵਲ ਗੁਰਮਤਿ, ਸਚੜੀ ਗੁਰਮਤਿ ਧਾਰਨੀ ਸਚੜਾ ਮਤ ਧਾਰਨ ਕੀਤਿਆਂ ਸਚੜਾ ਨਿਸਤਾਰਾ ਤੇ ਭਵਜਲ ਤੋਂ ਪਾਰ-ਉਤਾਰਾ ਹੁੰਦਾ ਹੈ।

ਗੁਰ ਕਾ ਸਬਦੁ ਵੀਚਾਰਿ ਜੋਗੀ ॥ ਦੂਖੁ ਸੂਖੁ ਸਮ ਕਰਣਾ ਸੋਗ ਬਿਓਗੀ ॥
ਭੁਗਤਿ ਨਾਮੁ ਗੁਰ ਸਬਦਿ ਬੀਚਾਰੀ ॥ ਅਸਥਿਰੁ ਕੰਧੁ ਜਪੈ ਨਿਰੰਕਾਰੀ ॥੩॥
ਸਹਜ ਜਗੋਟਾ ਬੰਧਨ ਤੇ ਛੂਟਾ ॥ ਕਾਮੁ ਕ੍ਰੋਧੁ ਗੁਰ ਸਬਦੀ ਲੂਟਾ ॥
ਮਨ ਮਹਿ ਮੁੰਦ੍ਰਾ ਹਰਿ ਗੁਰ ਸਰਣਾ ॥
ਨਾਨਕ ਰਾਮ ਭਗਤਿ ਜਨ ਤਰਣਾ ॥ ੪ ॥ ੧੧ ॥

[ਰਾਮਕਲੀ ਮ: ੧, ਪੰਨਾ ੮੭੯

ਗੁਰੂ ਘਰ ਦਾ ਸੱਚਾ ਜੋਗ ਗੁਰ-ਸ਼ਬਦ ਦੀ ਅਭਿਆਸ ਕਰਣੀ ਵਿਚ ਹੈ। ਗੁਰੂ ਸਾਹਿਬ ਜੋਗੀਆਂ ਪ੍ਰਤੀ ਉਪਦੇਸ਼ ਦਿੰਦੇ ਹਨ ਕਿ ਐ ਜੋਗੀ! ਜੇ ਤੂੰ ਸੱਚਾ ਜੋਗੀ ਬਣਨਾ ਹੈ, ਤੂੰ ਵੀ ਗੁਰ-ਸ਼ਬਦ ਗੁਰਮੰਤਰ ਵਾਹਿਗੁਰੂ ਨਾਮ ਦੀ ਅਭਿਆਸ ਕਮਾਈ ਕਰ। ਇਸ ਬਿਧਿ, ਕੇਵਲ ਇਸ ਬਿਧਿ ਹੀ ਗੁਰਮਤਿ ਨਾਮ ਅਭਿਆਸ ਵਿਚ ਲੀਨ ਹੋਇਆਂ ਸਰੀਰਕ ਦੁਖ ਸੁਖ ਨੂੰ ਅਤੇ ਮਾਇਕ ਸੋਗ ਵਿਜੋਗ ਨੂੰ ਸਮਾਨ ਕਰਕੇ ਜਾਣ ਸਕੀਦਾ ਹੈ। ਨਾਮ-ਗੁਰ-ਸ਼ਬਦ ਦੀਆਂ ਕਮਾਈਆਂ ਕਰ ਕਰ ਕੇ, ਨਾਮ-ਰਸ ਲੀਨ ਹੋਇਆਂ ਹੀ ਸੱਚੀ ਭੁਗਤ (ਭੋਜਨ, ਭਾਉ) ਪ੍ਰਾਪਤ ਹੁੰਦੀ ਹੈ। ਨਿਰੰਕਾਰੀ ਨਾਮ ਵਾਹਿਗੁਰੂ ਨੂੰ ਜਪਿਆਂ ਹੀ ਸਰੀਰ ਅਸਥਿਰ ਰਹਿੰਦਾ ਹੈ, ਇਸ ਪ੍ਰਥਾਇ ਪਾਖੰਡ-ਜੋਗ

ਦੀ ਸਭ ਕਿਰਿਆ ਅਨੱਥੀ ਹੈ। ਉਹ ਜੋ ਉੱਨ ਦਾ ਜਗੋਟਾ ਪਾਖੰਡ ਕਿਰਿਆਵੀ ਆਨਮਤੀ ਜੋਗੀ ਲੱਕ ਉਦਾਲੇ ਪਹਿਨਦੇ ਹਨ, ਉਸ ਦੇ ਥਾਉਂ ਸਹਜ ਦਾ ਜਗੋਟਾ ਬੰਨ੍ਹ, ਜਿਸ ਦਵਾਰਾ ਸਾਰੇ ਬੰਧਨ ਛੁਟ ਜਾਵਣ। ਕਾਮ, ਕ੍ਰੋਧ ਆਦਿਕ ਪੰਜੇ ਦੂਤ ਗੁਰ-ਸ਼ਬਦ ਦੀਆਂ ਕਮਾਈਆਂ ਦਵਾਰਾ ਹੀ ਨਿਬੜਦੇ ਹਨ, ਉੱਨ ਦੇ ਲੰਗੋਟੇ ਨਾਲ ਕੁਛ ਨਹੀਂ ਬਣਦਾ। ਵਾਹਿਗੁਰੂ ਸਤਿਗੁਰੂ ਦੀ ਸ਼ਰਨ ਆਇਆਂ, ਭਾਵ, ਮਨ-ਬਚਨ-ਕਰਮ ਕਰਕੇ ਵਾਹਿਗੁਰੂ ਨਾਮ ਤੇ ਸਰਧਾ ਲਿਆਵਣੀ, ਇਹੋ ਗੁਰ-ਦੀਖਿਆ ਰੂਪੀ ਸੱਚੀਆਂ ਮੁੰਦਰਾਂ ਹਨ, ਝੂਠੀਆਂ ਮੁੰਦਰਾਂ ਕੰਨ ਪਾੜ ਕੇ ਪਾਣ ਨਾਲ ਝੂਠੇ ਜੋਗੀ ਬਣਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਨਾਮ ਦੀ ਭਗਤੀ ਕਰਨ ਨਾਲ ਹੀ ਗੁਰਮੁਖਿ ਜਨਾਂ ਦਾ ਨਿਸਤਾਰਾ ਹੁੰਦਾ ਹੈ, ਪਾਖੰਡੀ ਜੋਗੀਆਂ ਦਾ ਨਿਸਤਾਰਾ ਹੀ ਨਹੀਂ।

ਤਾਗਾ ਕਰਿ ਕੈ ਲਾਈ ਥਿਗਲੀ ॥ ਲਉ ਨਾੜੀ ਸੂਆ ਹੈ ਅਸਤੀ ॥
ਅੰਭੈ ਕਾ ਕਰਿ ਡੰਡਾ ਧਰਿਆ ॥ ਕਿਆ ਤੂ ਜੋਗੀ ਗਰਬਹਿ ਪਰਿਆ ॥੧॥
ਜਪਿ ਨਾਥੁ ਦਿਨੁ ਰੈਨਾਈ ॥ ਤੇਰੀ ਖਿੰਥਾ ਦੋ ਦਿਹਾਈ ॥੧॥ਰਹਾਉ॥
ਗਹਰੀ ਬਿਭੂਤ ਲਾਇ ਬੈਠਾ ਤਾੜੀ ॥ ਮੇਰੀ ਤੇਰੀ ਮੁੰਦ੍ਰਾ ਧਾਰੀ ॥
ਮਾਗਹਿ ਟੂਕਾ ਤ੍ਰਿਪਤਿ ਨ ਪਾਵੈ ॥ ਨਾਥੁ ਛੋਡਿ ਜਾਚਹਿ ਲਾਜ ਨ ਆਵੈ॥੨॥
ਚਲਚਿਤ ਜੋਗੀ ਆਸਣੁ ਤੇਰਾ ॥ ਸਿੰਙੀ ਵਾਜੈ ਨਿਤ ਉਦਾਸੇਰਾ ॥
ਗੁਰ ਗੋਰਖ ਕੀ ਤੈ ਬੂਝ ਨ ਪਾਈ ॥ ਫਿਰਿ ਫਿਰਿ ਜੋਗੀ ਆਵੈ ਜਾਈ ॥੩॥
ਜਿਸ ਨੋ ਹੋਆ ਨਾਥੁ ਕ੍ਰਿਪਾਲਾ ॥ ਰਹਰਾਸਿ ਹਮਾਰੀ ਗੁਰ ਗੋਪਾਲਾ ॥
ਨਾਮੈ ਖਿੰਥਾ ਨਾਮੈ ਬਸਤਰੁ ॥ ਜਨ ਨਾਨਕ ਜੋਗੀ ਹੋਆ ਅਸਥਿਰੁ ॥੪॥
ਇਉ ਜਪਿਆ ਨਾਥੁ ਦਿਨੁ ਰੈਨਾਈ ॥
ਹੁਣਿ ਪਾਇਆ ਗੁਰੁ ਗੋਸਾਈ ॥ ੧ ॥ ਰਹਾਉ ਦੂਜਾ ॥ ੧੩ ॥

[ਰਾਮਕਲੀ ਮ: ੫, ਪੰਨਾ ੮੮੬

ਇਸ ਗੁਰਵਾਕ ਦੁਆਰਾ ਵੀ ਗੁਰੂ ਸਾਹਿਬ ਜੋਗੀ ਜਨਾਂ ਨੂੰ ਸੱਚਾ ਗੁਰਮਤਿ-ਜੋਗ ਦ੍ਰਿੜ੍ਹਾਉਂਦੇ ਹਨ, ਤੇ ਪਾਖੰਡ-ਜੋਗ ਦਾ ਖੰਡਨ ਕਰ ਕੇ ਦਿਖਾਉਂਦੇ ਹਨ। ਯਥਾ ਵਿਆਖਿਆ—

ਜੋਗੀ ਜਨ ਟਾਕੀਆਂ ਧਾਗਿਆਂ ਵਾਲੀ ਗੋਦੜੀ ਪਹਿਨਣਾ ਹੀ ਫ਼ਖ਼ਰ ਸਮਝਦੇ ਹਨ। ਗੁਰੂ ਸਾਹਿਬ ਕਹਿੰਦੇ ਹਨ, ਇਹ ਸਭ ਭੇਖ-ਜੋਗ ਹੈ, ਜਿਸ ਦਾ ਗੁਰਮਤਿ ਅੰਦਰ ਪੂਰਾ ਖੰਡਨ ਹੈ। ਇਸ ਦੀ ਬਜਾਏ ਨਾਮ ਦੀਆਂ ਕਮਾਈਆਂ ਕਰਿ ਕਰਿ ਸਰੀਰ ਦੀ ਨਾੜੀ ਨਾੜੀ ਅੰਦਰ ਨਾਮ ਰਮਾਓ। ਨਾਮ ਦੇ ਹੀ ਤੋਪੇ ਲਾਓ, ਜਿਸ ਕਰਕੇ ਸਰੀਰ ਦੇ ਰੋਮ ਰੋਮ ਅੰਦਰ, ਹੱਡੀਆਂ ਅੰਦਰ ਭੀ ਨਾਮ ਰਮ ਜਾਵੇ। ਇਹ ਪਾਖੰਡ ਰੂਪੀ ਡੰਡਾ, ਜੋ ਪਾਖੰਡ ਭੇਖ ਦਾ ਧਾਰਨ ਕੀਤਾ ਹੋਇਆ ਹੈ, ਹੇ ਪਾਖੰਡੀ

**ਜੋਗੀ** ! ਇਸ ਦੇ ਥਾਂ ਨਾਮ-ਰਸ ਦੀ ਸੱਚੀ ਇਕ ਟੋਹਣੀ ਬਣਾਓ। ਐਵੇਂ ਭੇਖ-ਡੰਡੇ **ਫੜ** ਕੇ ਹੀ ਕੀ ਨਿਕੰਮੇ ਜੋਗ ਵਿਚ ਫਸਿਆ ਹੋਇਆ ਹੈਂ। ਨਿਰਾ ਹੰਕਾਰ ਹੀ ਹੰਕਾਰ **ਹੈ**। ਐ ਜੋਗੀ ! ਤੂੰ ਸਰੀਰ ਦੇ ਅੰਗਾਂ ਨੂੰ ਨਥ ਕੇ ਝੂਠਾ ਨਾਥ ਕਹਾਉਂਦਾ ਹੈਂ। ਦਿਨੇ **ਰਾਤ** ਵਾਹਿਗੁਰੂ ਸੱਚੇ ਨਾਥ ਨੂੰ ਜਪਿਆਂ ਹੀ ਗਤਿ ਮੁਕਤੀ ਹੁੰਦੀ ਹੈ ਤੇ ਸੱਚੇ ਜੋਗੀ ਬਣੀਦਾ ਹੈ। ਇਹ ਜੋ ਤੂੰ ਝੂਠੀ ਗੋਦੜੀ (ਖਿੰਥਾ) ਪਹਿਰ ਕੇ ਨਿਰੇ ਦਿਖਾਵੇ ਦਾ ਹੀ ਜੋਗੀ ਬਣਦਾ ਹੈਂ, ਇਹ ਸਿਰਫ਼ ਦੋ ਦਿਨਾਂ ਦਾ ਹੀ ਭੇਖ ਹੈ।

ਹੇ ਜੋਗੀ ! ਸਾਰੇ ਸਰੀਰ ਉਤੇ ਗੂੜ੍ਹੀ ਸੁਆਹ ਮਲ ਕੇ ਚਾਹੇ ਦਿਨ ਰਾਤ ਲਖ ਝੂਠੀਆਂ ਤਾੜੀਆਂ ਲਾ ਕੇ ਬੈਠ, ਪਰ ਤੇਰਾ ਬਣੇਗਾ ਕੁਛ ਨਹੀਂ। ਇਸ ਦੇ ਥਾਉਂ ਸੱਚੀਆਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰ ਕਰ ਕੇ ਸਰੀਰ ਉਤੇ ਸੱਚੇ ਰੰਗ ਚਾੜ੍ਹ। ਹੇ ਜੋਗੀ ! ਇਹ ਜੋ ਤੂੰ ਝੂਠੀਆਂ ਮੁੰਦਰਾਂ ਕੰਨ ਪਾੜ ਕੇ ਪਾਈਆਂ ਹਨ, ਇਹ ਦਵੈਤ ਪੱਖ ਦੀਆਂ ਮੁੰਦਰਾਂ ਹਨ, ਨਾਮ ਗੁਰ-ਦੀਖਿਆ ਰੂਪੀ ਮੁੰਦਰਾਂ ਮਨ ਅੰਦਰ ਧਾਰਨ ਕਰ ਕੇ ਤੂੰ ਸੱਚਾ ਅਦਵੈਤ ਪੱਖੀ ਜੋਗੀ ਬਣ। ਘਰ ਘਰ ਟੁਕੜਾ ਮੰਗਣਾ ਨਿਰਾ ਪਾਖੰਡ-ਜੋਗ ਹੈ, ਕਿਉਂਕਿ ਇਸ ਦਵਾਰਾ ਤ੍ਰਿਪਤੀ ਨਹੀਂ ਹੁੰਦੀ। ਨਾਮ ਰੂਪੀ ਸੱਚੀ ਭਿਖਿਆ ਨੂੰ ਗੁਰੂ ਦਵਾਰਿਓਂ ਦਮ-ਦਮ ਮੰਗਣਾ ਸੱਚੀ ਭਿਖਿਆ ਹੈ। ਹੇ ਜੋਗੀ ! ਤੂੰ ਸੱਚੇ ਨਾਥ ਵਾਹਿਗੁਰੂ ਨੂੰ ਛਡ ਕੇ ਦਵਾਰੇ ਦਵਾਰੇ ਮੰਗਣ ਲਈ ਯਾਚਨਾ ਕਰਦਾ ਫਿਰਦਾ ਹੈਂ ਅਤੇ ਫਿਰ ਆਪਣੇ ਆਪ ਨੂੰ ਨਾਥ ਕਹਾਉਂਦਾ ਫਿਰਦਾ ਹੈਂ, ਇਸ ਫੋਕੇ ਨਾਥ ਕਹਾਉਣ ਵਿਚ ਤੇਰੀ ਕੋਈ ਵਡਿਆਈ ਨਹੀਂ। ਵਾਹਿਗੁਰੂ ਦੀ ਸੇਵਾ-ਸਿਮਰਨ ਕਰਨ ਵਿਚ ਹੀ ਤੱਤ ਵਡਿਆਈ ਹੈ।

ਹੇ ਜੋਗੀ ! ਇਹ ਜੋ ਤੂੰ ਝੂਠਾ ਆਸਣ ਲਾਉਂਦਾ ਹੈਂ ਤੇ ਚਿਤ ਤੇਰਾ ਚਲਾਇਮਾਨ ਰਹਿੰਦਾ ਹੈ ਹਰਦਮ ; ਐਸੇ ਆਸਣ ਲਾਉਣ ਦਾ ਕੀ ਲਾਭ ? ਇਸ ਗੁਰਵਾਕ ਅਨੁਸਾਰ "ਮਨੁ ਪ੍ਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥"* ਵਾਹਿਗੁਰੂ ਨਾਮ ਦੇ ਪ੍ਰਭਾਵ ਕਰਕੇ ਮਨ ਵਸ ਵਿਚ ਆਉਂਦਾ ਹੈ। ਝੂਠੀ ਸਿੰਙੀ ਵਜਾ ਕੇ, ਹੇ ਜੋਗੀ ! ਤੇਰੀ ਪ੍ਰੇਸ਼ਾਨ ਰਹਿਣ ਵਾਲੀ ਉਦਾਸੀਨਤਾ ਨਹੀਂ ਮਿਟਦੀ। ਗੁਰਮਤਿ ਨਾਮ ਰੂਪੀ ਨਾਦ ਵਜਾ ਕੇ ਹੀ ਤੂੰ ਸਦਾ ਪ੍ਰਸੰਨ ਰਹਿ ਸਕਦਾ ਹੈਂ। ਸੱਚੇ ਗੁਰੂ ਵਾਹਿਗੁਰੂ ਰੂਪੀ ਗੋਰਖ ਦੀ ਤੈਨੂੰ ਸੂਝ ਬੂਝ ਹੀ ਨਹੀਂ, ਝੂਠੇ ਗੋਰਖ ਨੂੰ ਗੁਰੂ ਬਣਾਈ ਫਿਰਦਾ ਹੈਂ, ਜੋ ਨਿਸ ਦਿਨ ਸ਼ਰਾਬ ਪੀਣ ਵਿਚ ਹੀ ਮਸਤ ਹੈ। ਇਹ ਮਸਤੀ ਨਹੀਂ, ਨਿਰੀ ਖੜ-ਮਸਤੀ ਹੀ ਹੈ। ਤੂੰ ਵੀ ਐਸੇ ਪਾਖੰਡੀ ਜੋਗੀ ਗੋਰਖ ਦਾ ਚੇਲਾ ਹੋ ਕੇ ਇਹੋ ਕੁਝ ਗ੍ਰਹਿਣ ਕਰੇਂਗਾ, ਜੋ ਤੇਰੇ ਡਿੰਭੀ ਗੁਰੂ ਨੇ ਕੀਤਾ ਹੈ। ਇਸ ਜੋਗ ਨਾਲ ਮੁੜ ਮੁੜ ਕੇ ਤੇਰਾ ਆਵਣਾ ਜਾਵਣਾ ਨਹੀਂ ਮਿਟੇਗਾ।

ਜਿਸ ਦੇ ਉਪਰ ਸੱਚਾ ਵਾਹਿਗੁਰੂ ਨਾਥ ਕਿਰਪਾਲ ਹੋਇਆ ਹੈ, ਉਸ ਦੀ

*ਗਉੜੀ ਸੁਖਮਨੀ ੫, ॥੩॥੧੯॥ ਪੰਨਾ ੨੮੮


www.sikhbookclub.com

ਸੱਚੀ ਅਰਦਾਸ ਗੁਰੂ ਗੋਪਾਲ ਦਾ ਸਵਾਸ ਸਵਾਸ ਨਾਮ ਜਪਣਾ ਹੀ ਹਮੇਸ਼ਾ ਰਹਿੰਦੀ ਹੈ। ਸੱਚੇ ਗੁਰਮੁਖਿ ਜੋਗੀ ਨਾਮ ਦੀ ਹੀ ਖ਼ਫਨੀ ਪਹਿਨਦੇ ਹਨ ਅਤੇ ਨਾਮ ਦੇ ਹੀ ਬਸਤਰ ਪਹਿਨਦੇ ਹਨ, ਹੋਰ ਭੇਖਧਾਰੀ ਬਸਤਰ ਨਹੀਂ ਧਾਰਦੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਸ ਪ੍ਰਕਾਰ ਦਾ ਸੱਚਾ ਗੁਰਮੁਖਿ ਬਣਿਆਂ ਹੀ ਅਸਥਿਰਤਾ ਪ੍ਰਾਪਤ ਹੁੰਦੀ ਹੈ। ਰਾਤ ਦਿਨੇ ਸੱਚੇ ਨਾਥ ਵਾਹਿਗੁਰੂ ਨੂੰ ਜਪੀ ਜਾਣ ਕਰਕੇ ਹੀ ਕਲਿਆਣ ਹੁੰਦੀ ਹੈ; ਭੇਖੀ ਨਾਥ ਬਣਿਆਂ ਕੁਛ ਨਹੀਂ ਬਣਦਾ। ਗੁਰੂ ਦੁਆਰੇ ਹੀ ਸੱਚਾ ਗੁਸਾਈਂ ਨਾਥ ਮਿਲਦਾ ਹੈ ਤੇ ਸੱਚੇ ਜੋਗ ਭੇਖ ਦਾ ਸ਼ਿੰਗਾਰ ਸ਼ਿੰਗਾਰ ਸਕੀਦਾ ਹੈ।

ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥ ਅਪਨਾ ਕਹਿਆ ਆਪਿ ਨ ਕਮਾਵੈ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ ॥
ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥੧॥ ਰਹਾਉ ॥
ਆਗੈ ਰਾਖਿਓ ਸਾਲਗਿਰਾਮੁ ॥ ਮਨੁ ਕੀਨੋ ਦਹਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ ॥ ਲੋਕ ਪਚਾਰਾ ਅੰਧੁ ਕਮਾਇ ॥੨॥
ਖਟੁ ਕਰਮਾ ਅਰੁ ਆਸਣੁ ਧੋਤੀ ॥ ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ ॥ ਇਹ ਬਿਧਿ ਕੋਇ ਨ ਤਰਿਓ ਮੀਤ ॥੩॥
ਸੋ ਪੰਡਿਤੁ ਗੁਰ ਸਬਦੁ ਕਮਾਇ ॥ ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥
ਚਤੁਰ ਬੇਦ ਪੂਰਨ ਹਰਿ ਨਾਇ ॥
ਨਾਨਕ ਤਿਸ ਕੀ ਸਰਣੀ ਪਾਇ ॥ ੪ ॥ ੬ ॥ ੧੭ ॥

[ਰਾਮਕਲੀ ਮ: ੫, ਪੰਨਾ ੮੮੭-੮੮

ਇਸ ਗੁਰਵਾਕ ਦਵਾਰਾ ਸਪੱਸ਼ਟ ਤੌਰ ਤੇ ਆਨਮਤ ਖੰਡਨੀ ਉਦਾਹਰਨ ਮਿਲਦਾ ਹੈ ਅਤੇ ਗੁਰਮਤਿ ਮੰਡਨੀ ਪ੍ਰੋੜ੍ਹਤਾ ਹੁੰਦੀ ਹੈ। ਯਥਾ ਵਿਆਖਿਆ–

ਚਾਹੇ ਮੁਖ ਤੋਂ ਪੰਡਿਤ ਲੋਕ ਆਨਮਤੀ ਪੁਸਤਕਾਂ ਬੇਦ ਬਿਆਕਰਣ ਆਦਿਕ ਨੂੰ ਸਹਿਤ ਟੀਕੇ (ਅਰਥਾਂ ਸਮੇਤ) ਦੇ ਕੰਠਾਗਰੋਂ ਪੜ੍ਹਨ, ਪੰਤੂ ਜੇਕਰ ਉਨ੍ਹਾਂ ਦੇ ਹਿਰਦੇ ਅੰਦਰ ਗੁਰਮਤਿ ਨਾਮ ਨਹੀਂ ਰਮਿਆ, ਤਾਂ ਉਨ੍ਹਾਂ ਦਾ ਕੁਛ ਨਹੀਂ ਬਣਿਆ, ਨਾ ਹੀ ਪੂਰਨ ਰਹਿਤ ਪ੍ਰਾਪਤ ਹੋਈ ਹੈ। ਪੰਡਿਤ, ਐਵੇਂ ਲੋਕਾਂ ਨੂੰ ਹੀ ਉਪਦੇਸ਼ ਕਰ ਕਰ ਕੇ ਦ੍ਰਿੜ੍ਹਾਉਂਦਾ ਹੈ, ਆਪਣਾ ਕਹਿਆ ਆਪ ਨਹੀਂ ਕਮਾਉਂਦਾ। ਗੁਰੂ ਸਾਹਿਬ ਫ਼ੁਰਮਾਉਂਦੇ ਹਨ, ਕਿ ਹੇ ਪੰਡਿਤ! ਤੂੰ ਸੱਚਾ ਗੁਰਮਤਿ ਨਾਮ ਰੂਪੀ ਸਪੈਸ਼ਲ ਬੇਦ ਬੀਚਾਰ ਅਤੇ ਮਨ ਦਾ ਅੰਦਰਲਾ ਕ੍ਰੋਧ ਨਿਵਾਰ। ਗੁਰਮਤਿ ਨਾਮ ਰੂਪੀ ਸੱਚੇ ਬੇਦ ਦੀ ਅਭਿਆਸ ਕਮਾਈ ਕੀਤਿਆਂ ਹੀ ਸੱਚਾ ਪੰਡਿਤ ਬਣੀਦਾ ਹੈ।

ਵੈਸ਼ਨੋ ਮੂਰਤੀ, ਸਾਲਗਰਾਮ ਦੀ ਮੂਰਤੀ ਅਗੇ ਧਰ ਕੇ ਪੂਜਿਆਂ ਤੇਰਾ ਕੁਛ

ਨਹੀਂ ਬਣੇਗਾ। ਮੂਰਤੀ ਸਾਲਗਰਾਮ ਦੀ ਤਾਂ ਅਗੇ ਹੀ ਧਰੀ ਰਹਿੰਦੀ ਹੈ, ਮਨ ਤੇਰਾ ਚਾਰ ਚੁਫੇਰੇ ਘੁੰਮਦਾ ਰਹਿੰਦਾ ਹੈ। ਐਸੀ ਪੂਜਾ ਪਾਖੰਡ ਰੂਪ ਹੈ। ਤਿਲਕ ਚੜ੍ਹਾਉਂਦਾ ਹੈਂ, ਸਾਲਗਰਾਮ ਪੱਥਰ ਦੀ ਪੈਰੀ ਪੈਂਦਾ ਹੈਂ। ਲੋਕਾਂ ਨੂੰ ਪਰਚਾਉਣ ਖ਼ਾਤਰ ਇਹ ਸਾਰੀ ਅੰਧ-ਗਹੇਰੀ ਪਾਖੰਡ-ਪੂਜਾ ਕਰਦਾ ਏਂ। ਇਸ ਨਾਲ ਨ ਤੇਰਾ ਲੋਕ ਸਵਰੇਗਾ, ਨਾ ਪਰਲੋਕ। ਬੇਦਾਂ ਪੁਰਾਨਾਂ ਦੇ ਦੱਸੇ ਹੋਏ ਖਟ ਕਰਮ ਤੇਰੇ ਕਿਸੇ ਕੰਮ ਨਹੀਂ ਆਵਣਗੇ। ਨਾ ਹੀ ਜੋਗੀਆਂ ਵਾਲੇ ਆਸਣ ਜਮਾਣੇ ਕਿਸੇ ਲੇਖੇ ਲਗਣਗੇ। ਨੇਤੀ-ਧੋਤੀ ਵਾਲੀ ਪੂਜਾ ਵੀ ਤੇਰੀ ਕਿਸੇ ਕੰਮ ਨਹੀਂ ਆਵੇਗੀ। (ਜੋਗੀ ਲੋਕ ਆਂਦਰਾਂ ਦੀ ਮੈਲ ਧੋਣ ਲਈ ਗਿੱਲੇ ਕੱਪੜੇ ਨੂੰ ਪਾਣੀ ਦੀ ਸਹਾਇਤਾ ਨਾਲ ਅੰਦਰ ਨਿਗਲਦੇ ਹਨ, ਥੋੜਾ ਚਿਰ ਅੰਦਰ ਰਖ ਕੇ ਬਾਹਰ ਕਢਦੇ ਹਨ। ਇਸ ਪ੍ਰਕਾਰ ਦੀ ਨੇਤੀ-ਧੋਤੀ ਕਿਰਿਆ ਜੋਗੀਆਂ ਅੰਦਰ ਪ੍ਰਸਿੱਧ ਹੈ, ਜੋ ਸਭ ਫੋਕਟ ਕਰਮ ਹੈ)। ਧਨੀ ਲੋਕਾਂ ਦੇ ਗ੍ਰਿਹਿ ਵਿਖੇ ਜਾ ਕੇ ਪੋਥੀਆਂ ਪੜ੍ਹ ਕੇ ਸੁਣਾਉਂਦੇ ਹੋ, ਮਾਇਆ ਖੱਟਣ ਲਈ ਅਤੇ ਧਨ ਖੱਟਣ ਲਈ (ਬਿਭੂਤੀ ਮੰਗਣ ਲਈ) ਮਾਲਾ ਫੇਰਦੇ ਹੋ। ਹੇ ਮੇਰੇ ਮੀਤ ਪੰਡਿਤ! ਇਸ ਬਿਧਿ ਕੋਈ ਨਹੀਂ ਤਰ ਸਕਦਾ, ਨਾ ਤਰਿਆ ਹੈ।

ਅਸਲ ਪੰਡਿਤ ਉਹ ਹੈ ਜੋ ਗੁਰ-ਸ਼ਬਦ ਦੀ ਕਮਾਈ ਕਰਦਾ ਹੈ। ਗੁਰ-ਸ਼ਬਦ ਦੀ ਕਮਾਈ ਕੀਤਿਆਂ ਹੀ ਤ੍ਰੈਗੁਣੀ ਮਾਇਆ ਦਾ ਪ੍ਰਭਾਵ ਉਤਰ ਜਾਂਦਾ ਹੈ। ਪੂਰਨ ਵਾਹਿਗੁਰੂ ਦੇ ਨਾਮ ਵਿਚ ਲੀਨ ਰਹਿਣਾ ਹੀ ਚਾਰ ਵੇਦ ਪੜ੍ਹਨਾ ਹੈ, ਹੋਰ ਏਦੂੰ ਉਪਰ ਕੋਈ ਵੇਦ ਨਹੀਂ। ਐਸੇ ਨਾਮ-ਅਭਿਆਸੀ ਨਾਮ ਕਮਾਈਆਂ ਵਾਲੇ ਚਤੁਰ-ਬੇਦ-ਪਾਠੀ ਪੰਡਿਤ ਦੇ ਸ਼ਰਨੀ ਪੈਂਦੇ ਹਨ।

ਅਠ ਦਸ ਬੇਦ ਸੁਨੇ ਕਹ ਡੋਰਾ॥ ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥੨॥੩੦॥
ਰਾਮਕਲੀ ਮ: ੫, ਪੰਨਾ ੮੯੨

ਆਨਮਤੀ ਲੋਕ ਜੋ ਆਨਮਤੀ ਪੁਸਤਕਾਂ ਅਠਾਰ੍ਹਾਂ ਪੁਰਾਨ ਅਤੇ ਚਾਰੇ ਬੇਦ ਸੁਣਦੇ ਕਥਦੇ ਹਨ, ਫੇਰ ਭੀ ਉਨ੍ਹਾਂ ਦੇ ਪੱਲੇ ਕੁਛ ਨਹੀਂ ਪੈਂਦਾ, ਉਹ ਡੋਰੇ ਦੇ ਡੋਰੇ (ਬੋਲੇ ਦੇ ਬੋਲੇ) ਅਤੇ ਢੋਰ ਦੇ ਢੋਰ ਹੀ ਰਹਿੰਦੇ ਹਨ, ਕਿਉਂਕਿ ਵੇਦਾਂ, ਪੁਰਾਨਾਂ ਵਿਚ ਸੁਮਾਰਗ ਲਾਉਣ ਵਾਲੀ ਤੱਤ ਵਸਤੂ ਹੀ ਨਹੀਂ। ਜੋ ਅੰਨ੍ਹੇ ਹਨ ਉਨ੍ਹਾਂ ਨੂੰ ਦਿਸਦਾ ਹੀ ਕੁਛ ਨਹੀਂ, ਅਨ੍ਹੇਰਾ ਹੀ ਅਨ੍ਹੇਰਾ ਉਨ੍ਹਾਂ ਦੀਆਂ ਅੱਖਾਂ ਅਗੇ ਰਹਿੰਦਾ ਹੈ, ਭਾਵੇਂ ਪ੍ਰਮਾਰਥ ਮਈ ਸੂਰਜ ਦੇ ਕ੍ਰੋੜਾਂ ਹੀ ਚਾਨਣ ਚਰਾਗ ਉਜਾਰਤ ਰਹਿਣ। ਯਥਾ ਗੁਰਵਾਕ—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥੨॥੧॥
[ਵਾਰ ਆਸਾ, ਮ: ੨, ਪੰਨਾ ੪੬੩

ਆਨਮਤ ਪੁਸਤਕਾਂ ਬੇਦਾਂ ਪੁਰਾਣਾਂ ਅੰਦਰ ਪ੍ਰਮਾਰਥੀ ਚਾਨਣਾ ਕਰਨਹਾਰ

ਕੋਈ ਵੀ ਬਿਭੂਤੀ ਨਹੀਂ, ਗੁਰਮਤਿ ਸੁਮਾਰਗ ਦਾ ਥਹੁ ਪਤਾ ਉਹ ਦੱਸ ਹੀ ਨਹੀ ਸਕਦੇ, ਕੁਮਾਰਗ ਹੀ ਪਾਉਂਦੇ ਹਨ।

ਮਹਿਮਾ ਨ ਜਾਨਹਿ ਬੇਦ ॥ ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥ ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥
ਅਪਨੀ ਗਤਿ ਆਪਿ ਜਾਨੈ ॥ ਸੁਣਿ ਸੁਣਿ ਅਵਰ ਵਖਾਨੈ ॥੧॥ਰਹਾਉ॥
ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥
ਦੇਵੀਆ ਨਹੀ ਜਾਨੈ ਮਰਮ ॥ ਸਭ ਊਪਰਿ ਅਲਖ ਪਾਰਬ੍ਰਹਮ ॥੨॥
ਅਪਨੈ ਰੰਗਿ ਕਰਤਾ ਕੇਲ ॥ ਆਪਿ ਬਿਛੋਰੈ ਆਪੇ ਮੇਲ ॥
ਇਕਿ ਭਰਮੇ ਇਕਿ ਭਗਤੀ ਲਾਏ ॥ ਆਪਣਾ ਕੀਆ ਆਪਿ ਜਣਾਏ ॥੩॥
ਸੰਤਨ ਕੀ ਸੁਣਿ ਸਾਚੀ ਸਾਖੀ ॥ ਸੋ ਬੋਲਹਿ ਜੋ ਪੇਖਹਿ ਆਖੀ ॥
ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥
ਨਾਨਕ ਕਾ ਪ੍ਰਭੁ ਆਪੇ ਆਪਿ ॥ ੪ ॥ ੨੫ ॥ ੩੬ ॥

[ਰਾਮਕਲੀ ਮ: ੫, ਪੰਨਾ ੮੯੪

ਇਸ ਗੁਰਵਾਕ ਦਵਾਰਾ ਸਪੱਸ਼ਟ ਤੌਰ ਤੇ ਆਨਮਤ ਦਾ ਖੰਡਨ ਕੀਤਾ ਗਿਆ ਹੈ, ਕੇਵਲ ਮੰਡਨ ਹੈ ਤਾਂ ਗੁਰਮਤਿ ਸੁਮਾਰਗ ਦਾ ਹੀ ਹੈ। ਯਥਾ ਵਿਆਖਿਆ—

ਹਿੰਦੂਆਂ ਦੇ ਮੁਖੀ ਮੰਨੇ ਹੋਏ ਆਨਮਤੀ ਪੁਸਤਕ ਚਾਰੇ ਵੇਦ ਉਸ ਵਾਹਿਗੁਰੂ ਦੀ ਮਹਿਮਾ ਨੂੰ ਨਹੀਂ ਜਾਣਦੇ, ਉੱਕਾ ਹੀ ਨਹੀਂ ਜਾਣ ਸਕਦੇ, ਨਾ ਹੀ ਵੇਦਾਂ ਦੇ ਰਚਨਹਾਰੇ ਬ੍ਰਹਮਾ ਨੂੰ ਵਾਹਿਗੁਰੂ ਦਾ ਭੇਦ ਮਿਲਿਆ ਹੈ। ਉਹ ਤਾਂ ਵਿਚਾਰਾ ਤ੍ਰੈਗੁਣੀ ਬੇਦ ਦੇ ਵਿਸਥਾਰ ਕਰਨ ਵਿਚ ਹੀ ਰੁਝਿਆ ਰਿਹਾ। ਜਿੰਨੇ ਵੀ ਆਨਮਤੀ ਅਵਤਾਰ ਹਨ ਉਹ ਬੇਅੰਤ ਪਰਮੇਸ਼ਰ, ਵਾਹਿਗੁਰ, ਪਾਰਬ੍ਰਹਮ ਦੀ ਮਾਹੀਅਤ ਨਹੀਂ ਜਾਣ ਸਕੇ, ਬੇਅੰਤ ਵਾਹਿਗੁਰੂ ਦਾ ਅੰਤ ਲਭਾ ਹੀ ਨਹੀਂ। ਆਪਣੀ ਗਤੀ ਵਾਹਿਗੁਰੂ ਆਪ ਹੀ ਜਾਣ ਸਕਦਾ ਹੈ। ਜਿੰਨੇ ਵੀ ਆਨਮਤੀ ਅਵਤਾਰ ਅਤੇ ਔਲੀਆ ਅੰਬੀਆ ਹਨ, ਉਹ ਐਵੇਂ ਸੁਣਿਆ ਸੁਣਾਇਆ ਹੀ ਥੋੜਾ ਬਹੁਤ ਜ਼ਿਕਰ ਕਰਦੇ ਹਨ, ਉਨ੍ਹਾਂ ਤੋਂ ਸੁਣੀ ਸੁਣਾਈ ਗੱਲ ਵਖਾਨਣੀ ਯਕੀਨਨ ਠੀਕ ਨਹੀਂ ਹੁੰਦੀ। ਸ਼ਿਵ ਜੀ (ਮਹਾਂਦੇਵ) ਨੇ ਵੀ ਵਾਹਿਗੁਰ ਦੇ ਭੇਦ ਨੂੰ ਕੁਛ ਨਹੀਂ ਜਾਣਿਆ। ਹੋਰ ਜਿਤਨੇ ਵੀ ਹਿੰਦੂਆਂ ਦੇ ਵੱਡੇ ਵੱਡੇ ਦੇਵਤੇ ਹੋਏ ਹਨ, ਉਹ ਸਭ ਖੋਜ ਖੋਜ ਕੇ ਹਾਰ ਥਕੇ ਹਨ। ਦੇਵੀਆਂ ਨੇ ਵਾਹਿਗੁਰੂ ਦੇ ਮਰਮ ਨੂੰ ਕੁਛ ਨਹੀਂ ਜਾਣਿਆ। ਇਨ੍ਹਾਂ ਦੇਵੀ ਦੇਵਤਿਆਂ, ਅਵਤਾਰਾਂ ਔਲੀਆਂ, ਅੰਬਾਵਾਂ ਦੀ, ਸਭ ਦੀ ਸਮਝ ਤੋਂ ਅਗੋਚਰਾ ਅਪਰੰਪਰ, ਪਾਰਬ੍ਰਹਮ ਅਲਖ ਵਾਹਿਗੁਰੂ ਹੈ। ਉਹ ਆਪਣੇ ਰੰਗਾਂ ਵਿਚ ਹੀ ਚੋਲ੍ਹ (ਕੇਲ) ਕਰਦਾ ਹੈ, ਜਿਸ ਨੂੰ ਚਾਹੇ ਉਸ ਨੂੰ ਆਪਣਾ ਗੁਹਜ ਗਿਆਨ ਬਖ਼ਸ਼ ਕੇ ਮੇਲ ਲੈਂਦਾ ਹੈ। ਗੁਰਮੁਖਾਂ ਨੂੰ ਸਦਾ ਮੇਲਦਾ ਹੈ, ਮਨਮੁਖਾਂ ਨੂੰ ਆਪ ਹੀ ਵਿਛੋੜ ਦਿੰਦਾ ਹੈ। ਮਨਮੁਖ

ਮਨਮਤੀ ਅਗਿਆਨ-ਅੰਧੇਰੇ ਵਿਚ ਹੀ ਭਰਮਦੇ ਫਿਰਦੇ ਹਨ। ਕੋਈ ਕੋਈ ਵਿਰਲੇ ਗੁਰਮੁਖਿ ਲੋਕ ਐਸੇ ਵੀ ਹਨ, ਜੋ ਵਾਹਿਗੁਰੂ ਨੇ ਆਪ ਆਪਣੀ ਕਿਰਪਾ ਦ੍ਰਿਸ਼ਟੀ ਕਰਕੇ ਆਪਣੀ ਭਗਤੀ ਅੰਦਰ ਲਾਇ ਰਖੇ ਹਨ। ਆਪਣੀ ਕਿਰਪਾ ਦ੍ਰਿਸ਼ਟੀ ਦਵਾਰਾ ਹੀ ਆਪਣਾ ਆਪ ਅਤੇ ਆਪਣਾ ਕੀਆ ਗੁਰਮੁਖਾਂ ਪ੍ਰਤੀ ਜਣਾਉਂਦਾ ਹੈ। ਗੁਰੂ ਰੂਪੀ ਸੰਤ ਹੀ ਇਹ ਸੱਚੀ ਸਿਖਿਆ-ਮਈ, ਗੁਰ-ਦੀਖਿਆ ਮਈ ਗਵਾਹੀ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਰਸਨਾ ਤੋਂ ਸੋਈ ਕੁਛ ਉਚਾਰਨ ਹੁੰਦਾ ਹੈ, ਜੋ ਕੁਛ ਉਹ ਆਪਣੀਆਂ ਅੱਖੀਆਂ ਦਵਾਰਾ ਪਰਤੱਖ ਦੇਖਦੇ ਹਨ। ਗੁਰੂ ਨਾਨਕ ਸਾਹਿਬ ਦਾ ਦਰਸਾਇਆ ਹੋਇਆ ਵਾਹਿਗੁਰੂ ਆਪਣੇ ਆਪ ਵਿਚ ਪਰੀਪੂਰਨ ਹੈ, ਉਸ ਨੂੰ ਕ੍ਰਿਤਮ ਬੰਦਿਆਂ ਦੇ ਕੀਤੇ ਹੋਏ ਪੁੰਨ-ਪਾਪ ਦਾ ਲੇਪ ਲਗਦਾ ਹੀ ਨਹੀਂ।

ਕਲਿ ਕਲਵਾਲੀ ਸਰਾ ਨਿਬੇੜੀ ਕਾਜੀ ਕ੍ਰਿਸਨਾ ਹੋਆ ॥
ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ ॥੫॥
ਪਤਿ ਵਿਣੁ ਪੂਜਾ ਸਤ ਵਿਣੁ ਸੰਜਮੁ ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ ॥੬॥
ਕਲਿ ਪਰਵਾਣੁ ਕਤੇਬ ਕੁਰਾਣੁ ॥ ਪੋਥੀ ਪੰਡਿਤ ਰਹੇ ਪੁਰਾਣ ॥
ਨਾਨਕ ਨਾਉ ਭਇਆ ਰਹਮਾਣੁ ॥ ਕਰਿ ਕਰਤਾ ਤੂ ਏਕੋ ਜਾਣੁ ॥੭॥
ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥
ਜੇ ਘਰਿ ਹੋਦੈ ਮੰਗਣਿ ਜਾਈਐ ਫਿਰਿ ਓਲਾਮਾ ਮਿਲੈ ਤਹੀ ॥੮॥੧॥

[ਰਾਮਕਲੀ ਮ: ੧, ਪੰਨਾ ੯੦੩

ਇਸ ਕਲੇਸ਼ ਭਰੇ ਕਲਜੁਗ ਵਿਖੇ ਕਲੇਸ਼ ਦਾ ਕਾਰਨ ਮੁਸਲਮਾਨ ਕਾਜ਼ੀਆਂ ਦੀ ਸ਼ਰ੍ਹਾ ਸ਼ਰੀਅਤ ਹੈ, ਇਸੇ ਸ਼ਰ੍ਹਾ ਸ਼ਰੀਅਤ ਅਨੁਸਾਰ ਨਿਬੇੜਾ ਹੁੰਦਾ ਹੈ ਅਤੇ ਕਾਜ਼ੀ ਲੋਕ ਕਾਲੇ ਬਸਤ੍ਰ ਪਹਿਨਣ ਕਰਕੇ ਨੀਲੇ ਰੰਗ ਕ੍ਰਿਸ਼ਨ ਰੂਪ ਹੋਏ ਬੈਠੇ ਹਨ। ਕਲੀਕਾਲ ਦੀ ਪ੍ਰਸਿੱਧ ਬਾਣੀ ਰੂਪੀ ਮੁਖ ਧਰਮ ਬੇਦ ਅਥਰਵਣ ਹੀ ਹੈ, ਜੋ ਕਲਜੁਗੀ ਜੀਵਾਂ ਨੂੰ ਹੋਰ ਡੋਬੀ ਜਾਂਦੀ ਹੈ। ਉਧਾਰ ਤਿਨ੍ਹਾਂ ਦਾ ਹੁੰਦਾ ਹੀ ਨਹੀਂ। ਉਧਾਰ ਕਰਨਹਾਰੀ ਸੁਕ੍ਰਿਤ **ਕਰਣੀ** ਨਾਮ ਰੂਪੀ ਸਿਫਤ ਸਲਾਹ ਹੀ ਹੈ, ਜੋ ਕਿਸੇ ਕਰਣੀ ਵਾਲੇ ਗੁਰਮੁਖਿ ਜਨ ਤੋਂ ਹੀ ਵੇਖਿਆ (ਲਹਿਆ) ਜਾਂਦਾ ਹੈ। ਤੇ ਲੋਕੀ ਦੇਖਾ ਦੇਖੀ ਵਾਹੀ ਤਬਾਹੀ ਪੂਜਾ ਕਰੀ ਜਾਂਦੇ ਹਨ। ਪਰ ਜਿਸ ਪੂਜਾ ਦਵਾਰਾ ਸੱਚੀ ਦਰਗਾਹੇ ਪਤਿ ਲੇਖੇ ਨ ਪਵੇ, ਉਹ ਪੂਜਾ ਕਾਹਦੀ ਹੈ। ਆਮ ਲੋਕ ਮਨ ਇੰਦਰੀਆਂ ਨੂੰ ਬਿਕਾਰਾਂ ਤੋਂ ਰੋਕਣ ਲਈ ਅਨੇਕ ਪ੍ਰਕਾਰ ਦੇ ਮਨ-ਉਕਤਿ ਸੰਜਮ ਕਰਦੇ ਫਿਰਦੇ ਹਨ, ਪ੍ਰੰਤੂ ਸੱਚੇ ਗੁਰਮਤਿ ਤੱਤ ਸਤਿ ਬਾਝੋਂ ਸੰਜਮ ਕ੍ਰਿਆ ਬਿਅਰਥੀ ਹੈ। ਨਿਰੇ ਜਨੇਊ ਪਾਏ ਤੇ ਧਰਮੀ ਨਹੀਂ ਬਣ ਸਕੀਦਾ, ਸੱਚਾ ਗੁਰਮਤਿ ਜਤ ਧਰਮ ਧਾਰਨ ਕੀਤਾ ਜਾਵੇ ਤਾਂ ਹੀ ਜਨੇਊ ਪਾਇਆ ਪ੍ਰਵਾਨ ਹੈ, ਨਹੀਂ ਤਾਂ "ਜਤ ਵਿਣੁ ਕਾਹੇ

ਜਨੇਊ"। ਨਿਰਾ ਨ੍ਹਾਤੇ ਧੋਤੇ ਅਤੇ ਮੱਥੇ ਤੇ ਤਿਲਕ ਲਗਾਇਆਂ ਧਰਮੀ ਨਹੀਂ ਬਣੀਦਾ, ਪਾਖੰਡੀ ਹੀ ਬਣੀਦਾ ਹੈ। ਸੁੱਚੀ ਸੱਚੀ ਗੁਰਮਤਿ ਰਹਿਣੀ ਬਿਨਾਂ ਸੋਚ ਪਵਿਤ੍ਰਤਾ ਨਹੀਂ ਹੋ ਸਕਦੀ। ਕਲਜੁਗ ਵਿਖੇ ਕਤੇਬ ਕੁਰਾਣ ਰੂਪੀ ਯਵਨੀ ਪੁਸਤਕਾਂ ਹੀ ਪ੍ਰਵਾਣ ਕੀਤੀਆਂ ਜਾਂਦੀਆਂ ਹਨ, ਪਰ ਇਨ੍ਹਾਂ ਦਵਾਰਾ ਵੀ ਪ੍ਰਮਾਰਥੀ ਤੱਤ-ਲਖਤਾ ਨਹੀਂ ਹੁੰਦੀ। ਕਤੇਬ ਕੁਰਾਣ ਯਵਨੀ ਪੁਸਤਕਾਂ ਦੀ ਨਿਆਈਂ ਪਾਖੰਡੀ ਪੰਡਤ ਲੋਕਾਂ ਦੀਆਂ ਪੁਰਾਣ ਆਦਿ ਪੋਥੀਆਂ ਵੀ ਰਹਿ ਖੜੋਤੀਆਂ ਹਨ (ਨਿਕੰਮੀਆਂ ਹੀ ਹੋ ਗਈਆਂ ਹਨ)। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕਲਜੁਗ ਵਿਖੇ ਤਾਂ ਕੇਵਲ ਗੁਰਮਤਿ ਨਾਮ ਹੀ ਤਾਰਨ ਜੋਗ ਹੈ, ਰਹੀਮ (ਵਾਹਿਗੁਰੂ) ਦਾ ਨਾਮ ਹੀ ਸੱਚਾ ਰਹਿਮਾਨ (ਮਦਦਗਾਰ) ਹੈ। ਉਸ ਸੱਚੇ ਜਗਿਆਸੂ ਇਕੋ ਅਕਾਲ ਪੁਰਖ ਵਾਹਿਗੁਰੂ ਨੂੰ ਤੂੰ ਕਰਤਾ ਪੁਰਖ ਕਰਕੇ ਜਾਣ। ਕਲਜੁਗ ਵਿਖੇ ਸੱਚੇ ਨਾਮ ਦੀ ਦਾਤਿ ਮਿਲੇ, ਇਹੋ ਸੱਚੀ ਵਡਿਆਈ ਹੈ। ਏਦੂੰ ਉਪਰ ਹੋਰ ਕੋਈ ਕਰਨ ਜੋਗ ਵਿਲੱਖਣ ਕਰਮ ਨਹੀਂ ਹੈ। ਵਾਹਿਗੁਰੂ ਅਕਾਲ ਪੁਰਖ ਕੇਵਲ ਗੁਰੂ ਘਰ ਵਿਖੇ ਹੀ ਪਾਇਆ ਜਾ ਸਕਦਾ ਹੈ ਤੇ ਗੁਰੂ ਘਰ ਦੀ ਗੁਰ-ਦੀਖਿਆ ਅਨੁਸਾਰ ਗੁਰਮਤਿ ਨਾਮ ਅਭਿਆਸ ਕਮਾਈ ਕਰਿ ਕਰਿ ਘਟ ਰੂਪੀ ਘਰ ਵਿਖੇ ਹੀ ਲਭਦਾ ਹੈ। ਜਿਸ ਗੁਰਮੁਖਿ ਜਨ ਨੇ ਘਟ ਰੂਪੀ ਘਰ ਵਿਖੇ ਹੀ ਗੁਰ ਪ੍ਰਸਾਦ ਕਰਿ ਗੁਰੂ ਘਰ ਦੀ ਬਰਕਤ ਨਾਲ ਵਾਹਿਗੁਰੂ ਲਭ ਲਿਆ ਹੈ, ਫੇਰ ਇਸ ਗੁਰੂ ਘਰ ਨੂੰ ਛਡ ਕੇ ਵਾਹਿਗੁਰੂ ਨੂੰ ਲਭਣ ਲਈ ਹੋਰ ਬਾਹਰ-ਮੁਖੀ ਆਸਰੇ ਤਕਣੇ ਨਿਤ ਨਵੇਂ ਉਲ੍ਹਾਮੇ ਹੀ ਸਹੇੜਨੇ ਹਨ। ਗੁਰੂ ਘਰ ਦੇ ਉਪਾਸ਼ਕ ਨੂੰ ਹੋਰ ਥਾਵੀਂ, ਹੋਰ ਮਤਾਂ ਮਤਾਂਤਰਾਂ ਅੰਦਰ ਵਾਹਿਗੁਰੂ ਨੂੰ ਲਭਣਾ ਸੱਚੀ ਪ੍ਰਮਾਰਥ-ਜਗਿਆਸਾ ਨੂੰ ਕਲੰਕਤ ਕਰਨਾ ਹੈ।

ਜਗੁ ਪਰਬੋਧਹਿ ਮੜੀ ਬਧਾਵਹਿ ॥ ਆਸਣਿ ਤਿਆਗਿ ਕਾਹੇ ਸਚੁ ਪਾਵਹਿ ॥
ਮਮਤਾ ਮੋਹੁ ਕਾਮਣਿ ਹਿਤਕਾਰੀ ॥ ਨਾ ਅਉਧੂਤੀ ਨਾ ਸੰਸਾਰੀ ॥੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ ॥
ਘਰਿ ਘਰਿ ਮਾਗਤ ਲਾਜ ਨ ਲਾਗੈ ॥੧॥ਰਹਾਉ॥
ਗਾਵਹਿ ਗੀਤ ਨ ਚੀਨਹਿ ਆਪੁ ॥ ਕਿਉ ਲਾਗੀ ਨਿਵਰੈ ਪਰਤਾਪੁ ॥
ਗੁਰ ਕੈ ਸਬਦਿ ਰਚੈ ਮਨ ਭਾਇ ॥ ਭਿਖਿਆ ਸਹਜ ਵੀਚਾਰੀ ਖਾਇ ॥੨॥
ਭਸਮ ਚੜਾਇ ਕਰਹਿ ਪਾਖੰਡੁ ॥ ਮਾਇਆ ਮੋਹਿ ਸਹਹਿ ਜਮਡੰਡੁ ॥
ਫੂਟੈ ਖਾਪਰੁ ਭੀਖ ਨ ਭਾਇ ॥ ਬੰਧਨਿ ਬਾਧਿਆ ਆਵੈ ਜਾਇ ॥੩॥
ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਜਾਲਾ ॥ ਬੂਡਤ ਬੂਡੇ ਸਰਬ ਜੰਜਾਲਾ ॥੪॥
ਭੇਖ ਕਰਹਿ ਖਿੰਥਾ ਬਹੁ ਥਟੂਆ ॥ ਝੂਠੋ ਖੇਲੁ ਖੇਲੈ ਬਹੁ ਨਟੂਆ ॥
ਅੰਤਰਿ ਅਗਨਿ ਚਿੰਤਾ ਬਹੁ ਜਾਰੇ ॥ ਵਿਣੁ ਕਰਮਾ ਕੈਸੇ ਉਤਰਸਿ ਪਾਰੇ॥੫॥

ਮੁੰਦ੍ਰਾ ਫਟਕ ਬਨਾਈ ਕਾਨਿ ॥ ਮੁਕਤਿ ਨਹੀ ਬਿਦਿਆ ਬਿਗਿਆਨ ॥
ਜਿਹਵਾ ਇੰਦ੍ਰੀ ਸਾਦਿ ਲੋਭਾਨਾ ॥ ਪਸੂ ਭਏ ਨਹੀ ਮਿਟੈ ਨੀਸਾਨਾ ॥੬॥
ਤ੍ਰਿਬਿਧਿ ਲੋਗਾ ਤ੍ਰਿਬਿਧਿ ਜੋਗਾ ॥ ਸਬਦੁ ਵੀਚਾਰੈ ਚੂਕਸਿ ਸੋਗਾ ॥
ਊਜਲੁ ਸਾਚੁ ਸੁ ਸਬਦੁ ਹੋਇ ॥ ਜੋਗੀ ਜੁਗਤਿ ਵੀਚਾਰੇ ਸੋਇ ॥੭॥
ਤੁਝ ਪਹਿ ਨਉਨਿਧਿ ਤੂ ਕਰਣੈ ਜੋਗੁ ॥ ਥਾਪਿ ਉਥਾਪੇ ਕਰੇ ਸੁ ਹੋਗੁ ॥
ਜਤੁ ਸਤੁ ਸੰਜਮੁ ਸਚੁ ਸੁ ਚੀਤੁ ॥ ਨਾਨਕ ਜੋਗੀ ਤ੍ਰਿਭਵਣ ਮੀਤੁ ॥੮॥੨॥

[ਰਾਮਕਲੀ ਮ: ੧, ਪੰਨਾ ੯੦੩

ਇਸ ਗੁਰਵਾਕ ਦੁਆਰਾ ਭੀ ਅਨਿਕ ਪ੍ਰਕਾਰੀ ਆਨਮਤ ਭੇਖਾਂ ਦਾ ਗੱਜ ਵੱਜ ਕੇ ਖੰਡਨ ਕੀਤਾ ਗਿਆ ਹੈ ਅਤੇ ਕੇਵਲ ਇਕੋ ਗੁਰਮਤਿ-ਮੰਡਨੀ ਸਿਧਾਂਤ ਨੂੰ ਹੀ ਸਿਧ ਰਖਿਆ ਗਿਆ ਹੈ। ਪ੍ਰਿਥਮ ਤਾਂ ਪੇਂਦੀ ਸਟ ਹੀ ਘਰ ਘਰ ਮੰਗਣਹਾਰੇ ਜੋਗੀ ਦੇ ਪਾਖੰਡ ਜੋਗ ਨੂੰ ਸੋਧਿਆ ਪ੍ਰਬੋਧਿਆ ਗਿਆ ਹੈ ਕਿ ਹੇ ਜੋਗੀ ! ਤੂੰ ਹੋਰ ਸਾਰੇ ਜਗਤ ਸੰਸਾਰ ਨੂੰ ਤਾਂ ਪ੍ਰਬੋਧਦਾ (ਉਪਦੇਸ਼ਦਾ) ਫਿਰਦਾ ਏਂ, ਪ੍ਰੰਤੂ ਮੰਗ ਮੰਗ ਕੇ ਅਤੇ ਮੰਗ ਤੰਗ ਦਾ ਖਾਣਾ ਖਾ ਖਾ ਕੇ ਆਪਣੇ ਸਰੀਰ ਰੂਪੀ ਮੜ੍ਹੀ ਨੂੰ ਵਧਾਉਂਦਾ ਅਫਰਾਉਂਦਾ ਫਿਰਦਾ ਏਂ। ਤੱਤ ਜੋਗੀ ਦਾ ਕੰਮ ਹੈ ਕਿ ਸੱਚਾ ਅਡੋਲਤਾ ਰੂਪੀ ਆਸਣ ਜਮਾ ਕੇ ਫੁਰਨਿਆਂ ਤੋਂ ਰਹਿਤ ਅਫੁਰ ਹੋ ਕੇ ਬੈਠਾ ਰਹੇ। ਹੇ ਜੋਗੀ ! ਤੂੰ ਫੁਰਨਿਆਂ ਵਾਲੇ ਪਾਖੰਡ-ਆਸਣ ਨੂੰ ਗ੍ਰਹਿਣ ਕਰ ਕੇ ਸੱਚੀ ਅਡੋਲਤਾ ਵਾਲੇ ਆਸਣ ਨੂੰ ਤਿਆਗ ਕੇ ਕਿਵੇਂ ਸਤਿ-ਮਾਰਗ ਸੱਚੇ ਪ੍ਰਮਾਰਥ ਨੂੰ ਪਾ ਸਕਦਾ ਹੈਂ ? ਮਮਤਾ ਮੋਹ ਅਤੇ ਕਾਮਣਿ (ਇਸਤ੍ਰੀ) ਦਾ ਅਧਿਕਾਰੀ ਹੋ ਕੇ ਅਤੇ ਪਰ-ਨਾਰੀ ਦਾ ਪਰਦ੍ਰਿਸ਼ਟਿ-ਵਿਕਾਰੀ ਹੋ ਕੇ, ਬਸ ਇਨ੍ਹਾਂ ਤ੍ਰੈਗੁਣੀ ਪਦਾਰਥਾਂ ਵਿਖੇ ਹੀ ਗ੍ਰਸਿਆ ਫਸਿਆ ਰਹੇਂਗਾ। ਨ ਅਉਧੂਤੀ (ਸੱਚਾ ਤਿਆਗੀ) ਬਣ ਸਕੇਂਗਾ, ਅਤੇ ਨ ਹੀ ਗ੍ਰਿਹਸਤ-ਅਚਾਰੀ ਸੰਸਾਰੀ ਹੀ ਰਹਿ ਸਕੇਂਗਾ। ਹੇ ਜੋਗੀ ! ਜੇ ਤੈਂ ਸੱਚਾ ਗ੍ਰਿਹਸਤ-ਉਦਾਸ ਜੋਗੀ ਬਣਨਾ ਹੈ, ਤਾਂ ਸੱਚੀ ਗੁਰਮਤਿ ਗ੍ਰਹਿਣ ਕਰ ਅਤੇ ਗੁਰਮਤਿ ਧਾਰਨ ਕਰ ਕੇ ਆਪਣੀ ਸੁਰਤ ਬਿਰਤੀ ਨੂੰ ਇਕ ਥਾਉਂ ਟਿਕਾਈ ਰਖ, ਦੁਬਿਧਾ ਧਾਰਨ ਕਰ ਕੇ ਸੱਚਾ ਜੋਗੀ ਨਹੀਂ ਬਣ ਸਕੇਂਗਾ, ਨਾ ਹੀ ਤੇਰਾ ਦੁਖ ਦੂਰ ਹੋ ਸਕੇਗਾ। ਹੇ ਘਰ ਘਰ ਹੰਢਣ ਵਾਲੇ ਮੰਗਤੇ ਜੋਗੀ ! ਤੈਨੂੰ ਘਰ ਘਰ ਮੰਗਣ 'ਤੇ ਲਾਜ ਨਹੀਂ ਲਗਦੀ; ਹੇ ਘਰ ਘਰ ਫਿਰ ਕੇ ਤੂਤਣੀ ਬਜਾ ਕੇ ਗਾਉਂਦੇ ਫਿਰਨਹਾਰੇ ਅਤੇ ਨਿਖਤਵੇਂ ਗੀਤ ਗਾ ਗਾ ਕੇ ਉਦਰ-ਪੂਰਨਾ ਕਰਨਹਾਰੇ ਪੁਰਸ਼ ! ਤੂੰ ਆਪਣਾ ਆਪ ਕਿਉਂ ਨਹੀਂ ਪਰਬੋਧਦਾ ? ਕੇਵਲ ਗੁਰਮਤਿ ਦਵਾਰਾ ਹੀ ਆਪਣਾ ਆਪ ਚੀਨ ਸਕਦਾ ਏਂ। ਇਸ ਬਿਧਿ ਤੇਰੇ ਅੰਦਰ ਲਗੀ ਹੋਈ ਤਪਸ਼ ਨਹੀਂ ਨਵਿਰਤ ਹੋ ਸਕਦੀ। ਗੁਰਮਤਿ ਧਾਰਨ ਕਰ ਕੇ, ਜੇ ਤੈਨੂੰ ਗੁਰ-ਦੀਖਿਆ ਰੂਪੀ ਗੁਰ-ਸ਼ਬਦ ਪ੍ਰਾਪਤ ਹੋ ਜਾਵੇ, ਤਾਂ ਉਸ ਗੁਰ-ਸ਼ਬਦ ਦੇ ਪ੍ਰਤਾਪ ਨਾਲ ਤੇਰਾ ਮਨ ਸੱਚੇ ਪ੍ਰਮਾਰਥੀ ਪ੍ਰੇਮ ਵਿਚ ਪ੍ਰਵੇਸ਼ ਹੋ ਜਾਵੇ। ਖਾਣੀ ਹੈ ਤਾਂ ਗੁਰਮਤਿ ਸਹਜ ਵੀਚਾਰੀ

ਗੁਰਮਤਿ ਭੀਖਿਆ ਨੂੰ ਖਾ, ਅਤੇ ਗੁਰੂ ਦਵਾਰਾ ਮੰਗ ਮੰਗ ਕੇ ਖਾਹ।

ਹੇ ਭਸਮਾਧਾਰੀ ਪਾਖੰਡੀ ! ਤੂੰ ਸਰੀਰ ਤੇ ਭਸਮ ਚੜ੍ਹਾ ਕੇ ਕਿਉਂ ਪਾਖੰਡ ਕਰਦਾ ਫਿਰਦਾ ਹੈਂ ? ਕੇਵਲ ਤੇਰਾ ਮਾਇਆ-ਮਮਤਾ ਰੂਪੀ ਮੋਹ ਹੀ ਹੈ, ਇਸ ਮੋਹ ਦੇ ਕਾਰਨ ਤੂੰ ਅਵੱਸ਼ ਜਮ-ਡੰਡ ਸਹੇਂਗਾ। ਇਹ ਜੋ ਤੂੰ ਖੱਪਰ ਲਈ ਫਿਰਦਾ ਏਂ ਭਿਖਿਆ ਮੰਗਣ ਵਾਸਤੇ, ਇਹ ਕੂੜਾਵਾ ਖੱਪਰ ਤੇਰਾ ਫੁਟ ਜਾਣਾ ਹੈ। ਤੇਰਾ ਹਿਰਦੇ ਰੂਪੀ ਖੱਪਰ ਫੁਟਿਆ ਪਿਆ ਹੈ ਤੇ ਪ੍ਰੇਮ ਰੂਪੀ ਭਿਖਿਆ ਉਸ ਵਿਚ ਪੈਂਦੀ ਨਹੀਂ ਹੈ। ਬਸ ਬੰਧਨ ਵਿਚ ਬੰਧਿਆ ਹੋਇਆ ਚੁਰਾਸੀ ਦੇ ਗੇੜ ਵਿਚ ਪਵੇਂਗਾ। ਹੇ ਫੋਕਟ ਜਤੀ ਕਹਾਵਣ ਵਾਲੇ ਪਾਖੰਡੀ ਜਤੀ ! ਤੂੰ ਆਪਣਾ ਬਿੰਦ ਬੀਰਜ ਤਾਂ ਰਖ ਨਹੀਂ ਸਕਦਾ ਅਤੇ ਜਤੀ ਕਿਸ ਬਿਧਿ ਕਹਾਉਂਦਾ ਏਂ, ਬੀਰਜ ਤੇਰਾ ਚਲਾਇਮਾਨ ਹੋ ਜਾਂਦਾ ਹੈ। ਤਿਹਾਂ ਗੁਣਾਂ ਵਿਚ ਲੁਭਾਇਮਾਨ ਹੋ ਕੇ ਮਾਇਆ ਨੂੰ ਮੰਗਦਾ ਫਿਰਦਾ ਏਂ। ਹੇ ਨਿਰਦਈ ਪੁਰਸ਼ ! ਤੂੰ ਜੀਅ-ਦਇਆ ਤਾਂ ਕਦੇ ਪਾਲੀ ਨਹੀਂ, ਅਤੇ ਸਦਾ ਨਿਰ-ਦਇਆ ਹੀ ਰਹਿੰਦਾ ਏਂ । ਸੱਚੀ ਵਾਹਿਗੁਰੂ ਜੋਤਿ ਦਾ ਉਜਿਆਰਾ ਤੇਰੇ ਘਟ ਅੰਦਰ ਕਿਵੇਂ ਹੋਵੇ ? ਸਰਬ ਪ੍ਰਕਾਰ ਦੇ ਜੰਜਾਲਾਂ ਵਿਚ ਲਗ ਕੇ ਬਸ ਸੰਸਾਰ-ਸਾਗਰ ਵਿਚ ਹੀ ਗੋਤੇ ਖਾਂਦਾ ਫਿਰਦਾ ਏਂ (ਡੁਬਿਆ ਫਿਰਦਾ ਏਂ) । ਗਲ ਵਿਚ ਖਫਣੀ ਪਹਿਨ ਕੇ ਪਾਖੰਡ ਭੇਖ ਕਰਦਾ ਫਿਰਦਾ ਏਂ ਅਤੇ ਅਨਿਕ ਪ੍ਰਕਾਰੀ ਫੋਕੇ ਠਾਠ ਬਣਾਈ ਫਿਰਦਾ ਏਂ। ਮਦਾਰੀ (ਨੱਟ) ਦੀ ਨਿਆਈਂ ਬਹੁ ਪ੍ਰਕਾਰੀ ਝੂਠੇ ਖੇਲ ਖੇਲ਼ਦਾ ਫਿਰਦਾ ਏਂ। ਅੰਤਰਗਤੀ ਚਿੰਤਾ ਰੂਪੀ ਅਗਨੀ ਦਾ ਹੀ ਜਲਿਆ, ਸੜਿਆ, ਬੁਝਿਆ ਫਿਰਦਾ ਏਂ। ਸੱਚੇ ਗੁਰਮਤਿ ਰੂਪੀ ਕਰਮ ਤੇ ਸੁਕ੍ਰਿਤ **ਕਰਣੀ** ਦੇ ਬਿਨਾਂ ਤੂੰ ਕੈਸੇ ਭਵ-ਸਾਗਰ ਤੋਂ ਪਾਰ ਉਤਰ ਸਕਦਾ ਏਂ ? ਕਚ ਦੀਆਂ ਮੁੰਦਰਾਂ ਕੰਨ ਵਿਚ ਪਾ ਕੇ ਐਵੇਂ ਭੇਖੀ ਬਣਿਆ ਫਿਰਦਾ ਏਂ, ਇਸ ਬਿਧਿ ਤੇਰੀ ਕਦੇ ਕਲਿਆਣ ਨਹੀਂ ਹੋਣੀ। ਸੱਚੀ ਗੁਰਮਤਿ ਗਿਆਨ ਤੋਂ ਰਹਿਤ ਹੋ ਕੇ ਤੇਰੀ ਮੁਕਤੀ ਕਦੇ ਨਹੀਂ ਹੋ ਸਕਦੀ। ਜੀਭ ਅਤੇ ਇੰਦਰੀ ਦੇ ਸੁਆਦ ਵਿਚ ਲੁਭਾਇਮਾਨ ਹੋਇਆ ਫਿਰਦਾ ਏ, ਇਹ ਤੇਰਾ ਨਿਰਾ ਪਸ਼ੂ-ਪੁਣਾ ਹੀ ਹੈ। ਭਾਵੇਂ ਕਿਤਨੇ ਭੇਖ ਦਿਖਾ ਲੈ, ਤੇਰਾ ਪਸ਼ੂ-ਪੁਣੇ ਦਾ ਨਿਸ਼ਾਨ ਕਦੇ ਨਹੀਂ ਮਿਟਣਾ।

ਜਿਵੇਂ ਸੰਸਾਰੀ ਲੋਕ ਤ੍ਰੈ-ਗੁਣੀ ਮਾਇਆ ਵਿਚ ਰਚੇ ਪਚੇ ਫਿਰਦੇ ਹਨ, ਤਿਵੇਂ ਤੂੰ ਭੀ ਤ੍ਰੈਗੁਣਾਂ ਵਾਲੀ ਮਾਇਆ ਵਿਚ ਫਸਿਆ ਫਿਰਦਾ ਏਂ, ਫੇਰ ਸੱਚਾ ਜੋਗੀ ਕਿਵੇਂ ਬਣ ਸਕਦਾ ਏਂ ? ਕੇਵਲ ਪਾਖੰਡੀ ਹੀ ਰਹੇਂਗਾ। ਜੇ ਤੂੰ ਗੁਰਮਤਿ ਗ੍ਰਹਿਣ ਕਰ ਕੇ ਸੱਚੇ ਗੁਰ-ਸ਼ਬਦ ਦਾ ਗੁਰ-ਅਭਿਆਸ ਗੁਰ-ਦੀਖਿਆ ਰਾਹੀਂ ਕਰੇਂ, ਤਾਂ ਤੇਰੇ ਸਾਰੇ ਰੋਗ ਸੋਗ ਦੂਰ ਹੋ ਸਕਦੇ ਹਨ। ਸੱਚੀ ਗੁਰਮਤਿ-ਉਜਲਤਾ ਹੀ ਸੱਚਾ ਗੁਰਮਤਿ ਸੁਮਾਰਗ ਹੈ ਜੋ ਗੁਰੂ ਕਾ ਸ਼ਬਦ ਹੀ ਹੋ ਸਕਦਾ ਹੈ। ਸੋਈ ਸੱਚਾ ਜੋਗੀ ਹੈ ਜੋ ਸੱਚੀ ਗੁਰਮਤਿ ਜੁਗਤਿ ਗ੍ਰਹਿਣ ਕਰਦਾ ਹੈ, ਸੋਈ ਸੱਚਾ ਗੁਰਮਤਿ-ਅਚਾਰੀ ਅਤੇ

ਅਭਿਆਸਾਚਾਰੀ ਹੈ। ਹੇ ਵਾਹਿਗੁਰੂ ! ਸੱਚੀ ਨਾਮ ਰੂਪੀ ਨੌਨਿਧੀ ਤੇਰੇ ਪਾਸ ਹੀ ਹੈ ਅਤੇ ਤੂੰ ਹੀ ਕਰਨ ਕਾਰਨ ਜੋਗ ਸਮਰੱਥ ਦਾਤਾਰ ਹੈਂ। ਜੋ ਤੂੰ ਕਰੇਂ ਸੋਈ ਹੁੰਦਾ ਹੈ, ਆਪੇ ਢਾਹ ਉਸਾਰਨਹਾਰਾ ਹੈਂ। ਸੱਚਾ ਵਾਹਿਗੁਰੂ ਚਿਤ ਅੰਦਰ ਵਸੇ, ਤਾਂ ਜਤ ਸਤ ਸੰਜਮ ਆਪੇ ਹੀ ਪ੍ਰਾਪਤ ਹੋ ਜਾਂਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸਾ ਗੁਰਮਤਿ ਜੋਗੀ ਤਿੰਨਾਂ ਹੀ ਭਵਣਾਂ ਦਾ ਮਿਤਰ ਸਖਾ ਹੁੰਦਾ ਹੈ।

ਵਾਚੈ ਵਾਦੁ ਨ ਬੇਦੁ ਬੀਚਾਰੈ ॥ ਆਪਿ ਡੁਬੈ ਕਿਉ ਪਿਤਰਾ ਤਾਰੈ ॥੪॥੪॥

[ਰਾਮਕਲੀ ਮ: ੧, ਪੰਨਾ ੯੦੪

ਆਨਮਤ ਦਾ ਵੇਦ-ਭਗਤ ਵੇਦ ਕੀ ਵੀਚਾਰਦਾ ਹੈ, ਨਿਰਾ ਝਗੜਾ ਹੀ ਸਹੇੜਦਾ ਹੈ। ਆਨਮਤੀ ਭੇਖੀਆਂ ਦਾ ਵੇਦ ਉਚਾਰਨਾ ਵਾਦ ਵਾਚਣਾ ਹੀ ਹੈ। ਐਸੇ ਬੇਦ-ਵੀਚਾਰੀ ਨੇਤਾ ਵਾਦ ਵਾਚ ਵਾਚ ਕੇ ਅਤੇ ਬੇਦ ਵੀਚਾਰ ਵੀਚਾਰ ਕੇ ਆਪਣੇ ਆਪ ਡੋਬਣ ਦਾ ਸਮਾਨ ਕਰਦੇ ਹਨ। ਯਥਾ ਗੁਰਵਾਕ—"ਆਪ ਡੁਬੈ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥"* ਆਪ ਡੁਬਣ ਵਾਲਾ ਬੇਦ-ਵੀਚਾਰੀ ਪੰਡਿਤ, ਆਪਣੀ ਪਾਖੰਡ ਆਨਮਤ ਕਿਰਿਆ ਦਵਾਰਾ ਆਪਣੇ ਪਿਤਰਾਂ ਨੂੰ ਕਿਵੇਂ ਤਾਰ ਸਕਦਾ ਹੈ ! ਆਪ ਡੁਬ ਕੇ ਚੇਲਿਆਂ ਨੂੰ ਭੀ ਨਾਲ ਹੀ ਰੋੜ੍ਹ ਦਿੰਦਾ ਹੈ।

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥ ਵਰਤੁ ਤਪਨੁ ਕਰਿ ਮਨੁ ਨਹੀ ਭੀਜੈ ॥
ਰਾਮ ਨਾਮ ਸਰਿ ਅਵਰੁ ਨ ਪੂਜੈ ॥੧॥
ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ
ਹਰਿ ਕਾ ਰਸੁ ਪੀਜੈ ॥੧॥ਰਹਾਉ॥
ਵਾਦੁ ਪੜੈ ਰਾਗੀ ਜਗੁ ਭੀਜੈ ॥ ਤ੍ਰੈਗੁਣ ਬਿਖਿਆ ਜਨਮਿ ਮਰੀਜੈ ॥
ਰਾਮ ਨਾਮ ਬਿਨੁ ਦੂਖੁ ਸਹੀਜੈ ॥੨॥
ਚਾੜਸਿ ਪਵਨੁ ਸਿੰਘਾਸਨੁ ਭੀਜੈ ॥ ਨਿਉਲੀ ਕਰਮ ਖਟੁ ਕਰਮ ਕਰੀਜੈ ॥
ਰਾਮ ਨਾਮ ਬਿਨੁ ਬਿਰਥਾ ਸਾਸੁ ਲੀਜੈ ॥੩॥
ਅੰਤਰਿ ਪੰਚ ਅਗਨਿ ਕਿਉ ਧੀਰਜੁ ਧੀਜੈ ॥
ਅੰਤਰਿ ਚੋਰੁ ਕਿਉ ਸਾਦੁ ਲਹੀਜੈ ॥
ਗੁਰਮੁਖਿ ਹੋਇ ਕਾਇਆ ਗੜੁ ਲੀਜੈ ॥੪॥
ਅੰਤਰਿ ਮੈਲੁ ਤੀਰਥ ਭਰਮੀਜੈ ॥ ਮਨੁ ਨਹੀ ਸੂਚਾ ਕਿਆ ਸੋਚ ਕਰੀਜੈ ॥
ਕਿਰਤੁ ਪਇਆ ਦੋਸੁ ਕਾ ਕਉ ਦੀਜੈ ॥੫॥
ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀ ਥੀਜੈ॥
ਮਨਮੁਖਿ ਜਨਮੈ ਜਨਮਿ ਮਰੀਜੈ ॥੬॥

* ਸਲੋਕ ਭਗਤ ਕਬੀਰ ਜੀਉ, ਨੰਬਰ ੧੮੪, ਪੰਨਾ ੧੩੭੦

ਸਤਿਗੁਰ ਪੂਛਿ ਸੰਗਤਿ ਜਨ ਕੀਜੈ ॥ ਮਨੁ ਹਰਿ ਰਾਚੈ ਨਹੀ ਜਨਮਿ ਮਰੀਜੈ॥
ਰਾਮ ਨਾਮ ਬਿਨੁ ਕਿਆ ਕਰਮੁ ਕੀਜੈ ॥੭॥
ਊਂਦਰ ਦੂੰਦਰ ਪਾਸਿ ਧਰੀਜੈ ॥ ਧੁਰ ਕੀ ਸੇਵਾ ਰਾਮੁ ਰਵੀਜੈ ॥
ਨਾਨਕ ਨਾਮੁ ਮਿਲੈ ਕਿਰਪਾ ਪ੍ਰਭ ਕੀਜੈ ॥੮॥੫॥

[ਰਾਮਕਲੀ ਮ: ੧, ਪੰਨਾ ੯੦੫

ਇਹ ਉਪਰਲਾ ਗੁਰਵਾਕ ਆਨਮਤ ਭੇਖਾਂ ਦੇ ਨਾਨਾ ਪ੍ਰਕਾਰੀ ਪਾਖੰਡ ਨੂੰ ਨਿਖਾਰ ਕੇ ਖੰਡਨ ਕਰਦਾ ਹੈ, ਇਨ੍ਹਾਂ ਸਭ ਪਾਖੰਡ ਭੇਖਾਂ ਦੇ ਮੁਕਾਬਲੇ ਵਿਚ ਗੁਰਮਤਿ ਦਾ ਮੰਡਨ ਵਿਲੱਖਣ ਤੌਰ ਤੇ ਪ੍ਰਗਟ ਕਰਦਾ ਹੈ। ਅਭਿਆਸ ਆਦਿਕ ਨਾਨਾ ਪ੍ਰਕਾਰ ਦੇ ਪਾਖੰਡ-ਸਾਧਨ ਜੋ ਕੇਵਲ ਸਰੀਰ ਰੂਪੀ ਵਰਮੀ ਨੂੰ ਮਾਰ ਕੇ ਦੇਹੀ ਨੂੰ ਪੁਠੀ ਸਿਧੀ ਕਰਕੇ ਅਤੇ ਤਰੋੜ ਮਰੋੜ ਕੇ ਕੀਤੇ ਜਾਂਦੇ ਹਨ, ਸਭ ਪਾਖੰਡ ਰੂਪ ਹਨ। ਇਨ੍ਹਾਂ ਦੇ ਕੀਤਿਆਂ ਮਨ ਰੂਪੀ ਸੱਪ ਨਹੀਂ ਮਰਦਾ। ਸਰੀਰ ਰੂਪੀ ਵਰਮੀ ਕੁਟੀ ਜਾਣ ਨਾਲ ਕੀ ਬਣਦਾ ਹੈ। ਸਰੀਰ ਨੂੰ ਖ਼ਾਹ-ਮਖਾਹ ਤਸੀਹੇ ਦੇ ਦੇ ਕੇ ਨਕਾਰਾ ਕਰ ਲੈਂਦੇ ਹਨ। ਯਥਾ ਵਿਆਖਿਆ—

ਹਠ ਯੋਗ ਦਵਾਰਾ ਸਵਾਸਾਂ ਨੂੰ ਚੜ੍ਹਾਉਣ ਦੀ ਕਿਰਿਆ, ਮਨ ਦੇ ਸੰਕਲਪਾਂ ਵਿਕਲਪਾਂ ਨੂੰ ਰੋਕ ਕੇ ਤ੍ਰਿਸ਼ਨਾ ਦਮਨ ਕਰਨ ਦਾ ਕੁਚੱਜ, ਸਿਰਫ਼ ਕਾਇਆਂ ਨੂੰ ਹੀ ਕਮਜ਼ੋਰ ਕਰਦਾ ਹੈ। ਹੋਰ ਇਸ ਪਾਖੰਡ-ਕਿਰਿਆ ਦੁਆਰਾ ਕੁਛ ਨਹੀਂ ਸਰਦਾ। ਇਸ ਦੇ ਥਾਉਂ ਸੱਚੇ ਸਤਿਗੁਰੂ ਦਾ ਸੇਵਕ ਸਿਖ ਬਣ ਕੇ ਗੁਰ-ਦੀਖਿਆ ਗੁਰ-ਮੰਤਰ ਗੁਰਮਤਿ ਨਾਮ ਅਭਿਆਸ ਕਮਾਈ ਅਤੁੱਟ ਕਰ ਕੇ ਅਤੇ ਨਾਮ ਅਭਿਆਸ ਕਮਾਈ ਵਾਲੇ ਗੁਰਮੁਖਿ ਜਨਾਂ ਦੀ ਸੰਗਤ ਕਰ ਕੇ ਮਨ ਨੂੰ ਪਰਬੋਧਣਾ ਸੋਧਣਾ ਅਤਿਅੰਤ ਗੁਣਕਾਰੀ ਹੈ। ਇਸ ਬਿਧਿ ਜਮ ਜੰਦਾਰ (ਜ਼ਾਲਮ ਜਮੂਆ) ਜੋਹਿ ਨਹੀਂ ਸਕਦਾ (ਦੁਖ ਨਹੀਂ ਦੇ ਸਕਦਾ) ਅਤੇ ਮਾਇਆ ਰੂਪੀ ਸੱਪਣੀ ਡੰਗ ਨਹੀਂ ਮਾਰ ਸਕਦੀ। ਬਸ, ਵਾਹਿਗੁਰੂ ਨਾਮ ਦਾ ਰਸ ਲੈ ਲੈ ਕੇ ਗੁਰਮਤਿ ਨਾਮ ਅਭਿਆਸ ਕਮਾਈ ਵਿਚ ਜੁਟ ਜਾਵੇ।

ਵਾਦਾਂ (ਝਗੜਿਆਂ) ਦੀਆਂ ਕਹਾਣੀਆਂ ਸੁਣ ਪੜ੍ਹ ਕੇ ਇਹ ਸੰਸਾਰ (ਸੰਸਾਰੀ ਪੁਰਸ਼) ਰੀਝਿਆ ਰਹਿੰਦਾ ਹੈ। ਆਮ ਜਗਤ ਫੋਕੇ ਰਾਗ ਨਾਦ ਦੁਆਰਾ ਹੀ ਮਨ ਨੂੰ ਪਰਚਾਉਂਦਾ ਹੈ। ਅੱਜ ਕਲ੍ਹ ਦੇ ਰਾਗ ਦੇ ਮੁੱਠੇ ਹੋਏ ਰਾਗੀ ਜਨ ਭੀ ਇਸੇ ਬਿਧਿ ਲੋਕਾਂ ਦੇ ਰੀਝਾਣ ਵਿਚ ਰਚੇ ਪਚੇ ਰਹਿੰਦੇ ਹਨ। ਇਹ ਸਭ ਤਿਹਾਂ ਗੁਣਾਂ ਵਿਚ ਮੁੱਠੇ ਰਹਿਣ ਦੀ ਖੇਡ ਹੈ ਅਤੇ ਸਾਰਾ ਜਗ ਤ੍ਰੈਗੁਣੀ ਬਿਖ ਮਾਇਆ ਵਿਚ ਮੁਠਿਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ, ਵਾਹਿਗੁਰੂ ਰਮਤ ਰਾਮ ਦੇ ਗੁਰਮਤਿ ਨਾਮ ਵਿਚ ਰਤੇ ਬਿਨਾਂ ਦੁਖ ਹੀ ਦੁਖ ਸਹਿੰਦਾ ਹੈ। ਫੋਕਟ-ਕਰਮੀ ਜੋਗੀ ਜਨ ਫੋਕੀ ਨਿਰਵਿਕਲਪਤਾ ਰਹਿਤ ਪੌਣ ਨੂੰ ਦਸਮੇ ਦਵਾਰ ਚੜ੍ਹਾਉਣਾ ਤਾਂ ਸਿਖ ਲੈਂਦਾ ਹੈ, ਪਰ

ਤੱਤ ਰਸ ਉਸ ਨੂੰ ਨਹੀਂ ਆਉਂਦਾ, ਫੋਕੇ ਰਸਾਂ ਵਿਚ ਲੁਭਾਇਮਾਨ ਹੋ ਕੇ ਹੀ ਚਿਤ ਪਰਚਾਈ ਰਖਦਾ ਹੈ। ਇਸੇ ਤਰ੍ਹਾਂ ਨਿਉਲੀ ਕਰਮ ਕਰਨਹਾਰੇ ਪਾਖੰਡੀ ਜਨ ਭੀ ਖਟ ਕਰਮ ਕਰ ਕਰ ਕੇ ਹੀ ਰਜੇ ਰਹਿੰਦੇ ਹਨ, ਇਹ ਨਿਰਾ ਉਨ੍ਹਾਂ ਦਾ ਕੁਚੱਜ ਹੀ ਹੈ। ਇਸ ਬਿਧਿ ਫੋਕਟ ਕਰਮ ਕਮਾਉਣਾ ਉਨ੍ਹਾਂ ਦਾ ਬਿਰਥਾ ਸਾਸ ਗਵਾਉਣਾ ਹੀ ਹੈ। ਕੇਵਲ ਗੁਰਮਤਿ ਨਾਮ ਅਭਿਆਸ ਵਿਚ ਲਗੇ ਸਵਾਸ ਹੀ ਸਫਲੇ ਹਨ।

ਜਿਨ੍ਹਾਂ ਦੇ ਅੰਦਰ ਕਾਮ ਆਦਿਕ ਪੰਜਾਂ ਚੋਰਾਂ ਦੀ ਅਗਨੀ ਭੜਕਦੀ ਰਹਿੰਦੀ ਹੈ, ਤਿਨ੍ਹਾਂ ਨੂੰ ਸੱਚੀ ਧੀਰਜ ਕਿਵੇਂ ਆ ਸਕਦੀ ਹੈ, ਸੱਚੀ ਧੀਰਜ ਵਿਚ ਧਿਜ ਹੀ ਨਹੀਂ ਸਕਦੇ। ਜਿਨ੍ਹਾਂ ਦੇ ਅੰਦਰ ਚੋਰ ਵਸਿਆ ਹੋਇਆ ਹੈ, ਤਿਨ੍ਹਾਂ ਨੂੰ ਸੱਚੇ ਨਾਮ ਦਾ ਸੁਆਦ ਕਿਵੇਂ ਆ ਸਕਦਾ ਹੈ। ਇਹ ਕੇਵਲ ਗੁਰ ਅਨੁਸਾਰੀ ਗੁਰਮੁਖਿ ਜਨ ਬਣ ਕੇ ਹੀ ਸੱਚੀ ਗੁਰਮਤਿ ਸੁਮਤਿ ਆਉਂਦੀ ਹੈ। ਕੇਵਲ ਇਸੇ ਬਿਧਿ ਹੀ ਸਰੀਰ ਰੂਪੀ ਕਿਲ੍ਹੇ ਨੂੰ ਕਾਬੂ ਕਰੀਦਾ ਹੈ। ਜਿਤਨੇ ਵੀ ਪਾਖੰਡੀ ਲੋਕ ਆਨਮਤ ਤੀਰਥਾਂ ਤੇ ਨਹਾਉਂਦੇ ਹਨ ਉਤਨੇ ਭਰਮਦੇ ਹੀ ਮਰ ਜਾਂਦੇ ਹਨ, ਅਤੇ ਉਨ੍ਹਾਂ ਦੇ ਅੰਦਰ ਦੀ ਮੈਲ ਨਹੀਂ ਜਾਂਦੀ, ਜਿਉਂ ਦੀ ਤਿਉਂ ਬਣੀ ਰਹਿੰਦੀ ਹੈ। ਜਿਵੇਂ ਪਾਖੰਡੀ ਉਦਕ-ਇਸ਼ਨਾਨੀ ਪੁਰਖ ਦਾ ਮਨ ਸੱਚਾ ਨਹੀਂ ਹੁੰਦਾ, ਤਾਂ ਐਸੇ ਸੋਚ ਇਸ਼ਨਾਨ ਕਰਨ ਦਾ ਕੀ ਲਾਭ! ਉਨ੍ਹਾਂ ਦੇ ਲੇਖਾਂ ਵਿਚ ਐਸਾ ਲਿਖਿਆ ਹੁੰਦਾ ਹੈ, ਕਿਸੇ ਦਾ ਕੀ ਦੋਸ਼ ਰੋਸ ਹੈ। ਜੋ ਪਾਖੰਡੀ ਪੁਰਸ਼ ਅੰਨ ਨਹੀਂ ਖਾਂਦੇ ਉਹ ਐਵੇਂ ਦੇਹੀ ਨੂੰ ਹੀ ਦੁਖ ਦਿੰਦੇ ਹਨ, ਉਨ੍ਹਾਂ ਦਾ ਅੰਨ-ਤਿਆਗੀ ਪਾਖੰਡੀ ਹੋਣਾ ਦੇਹੀ ਨੂੰ ਦੁਖ ਦੇਣਾ ਹੀ ਕਰਮ ਹੈ। ਗੁਰੂ ਦੇ ਬਖ਼ਸ਼ੇ ਹੋਏ ਗੁਰਮਤਿ ਗਿਆਨ ਤੋਂ ਬਿਨਾਂ ਸੱਚੀ ਤ੍ਰਿਪਤੀ ਕਦੇ ਨਹੀਂ ਆਉਂਦੀ। ਜੋ ਪੁਰਸ਼ ਗੁਰਮਤਿ ਗਿਆਨ ਤੋਂ ਉੱਕਾ ਹੀ ਅਗਿਆਤ ਅਤੇ ਮਨਮੁਖ ਰਹਿੰਦੇ ਹਨ, ਉਹ ਮੁੜ ਮੁੜ ਕੇ ਹੀ ਜੰਮਦੇ ਰਹਿੰਦੇ ਹਨ।

ਸਤਿਗੁਰੂ ਸੱਚੇ ਪਾਤਸ਼ਾਹ ਦੀ ਗੁਰ-ਦੀਖਿਆ ਲੈਣਾ ਤੇ ਗੁਰੂ ਦੀ ਸੰਗਤ ਵਿਚ ਹੀ ਹਰ ਵਕਤ ਰਹਿਣਾ ਜੋ ਜਨ ਅਖ਼ਤਿਆਰ ਕਰਦੇ ਹਨ, ਉਨ੍ਹਾਂ ਦਾ ਮਨੂਆ ਹਰ ਵਕਤ ਰਾਮ ਨਾਮ ਵਿਚ ਲੀਨ ਰਹਿੰਦਾ ਹੈ, ਉਹ ਕਦੇ ਜੰਮਦੇ ਮਰਦੇ ਨਹੀਂ। ਤਾਂ ਤੇ ਵਾਹਿਗੁਰੂ ਨਾਮ ਰੂਪੀ ਗੁਰਮਤਿ ਅਭਿਆਸ ਤੋਂ ਬਿਨਾਂ ਹੋਰ ਸਭ ਕਰਮ ਪਾਖੰਡ-ਰੂਪ ਹਨ। ਜਿਵੇਂ ਚੂਹਾ ਐਵੇਂ ਕੁਤਰ ਕੁਤਰ ਕੇ ਚੀਜ਼ਾਂ ਦਾ ਢੇਰ ਲਾ ਦਿੰਦਾ ਹੈ, ਇਸੇ ਪ੍ਰਕਾਰ ਇਹ ਸਾਰੇ ਫੋਕਟ ਕਰਮ ਉਂਦਰ ਧੂੰਦਰ ਕਿਰਿਆ ਦੀ ਨਿਆਈਂ ਹਨ। ਧੁਰ ਦਰਗਾਹੀ ਪ੍ਰੇਰਨਾ ਵਾਲੀ ਸੱਚੀ ਸੇਵਾ ਗੁਰਮਤਿ ਨਾਮ ਵਿਚ ਰਚਣਾ ਹੀ ਹੈ। ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਕਿ ਜੇ ਵਾਹਿਗੁਰੂ ਦੀ ਅਤਿ ਕਿਰਪਾ ਹੋਵੇ ਤਾਂ ਗੁਰਮਤਿ ਨਾਮ ਮਿਲਦਾ ਹੈ।

ਬੇਦੁ ਬਾਦੁ ਨ ਪਾਖੰਡੁ ਅਉਧੂ ਗੁਰਮੁਖਿ ਸਬਦਿ ਬੀਚਾਰੀ ॥੧੯॥
ਗੁਰਮੁਖਿ ਜੋਗੁ ਕਮਾਵੈ ਅਉਧੂ ਜਤੁ ਸਤੁ ਸਬਦਿ ਵੀਚਾਰੀ ॥੨੦॥

 www.sikhbookclub.com

ਸਬਦਿ ਮਰੈ ਮਨੁ ਮਾਰੇ ਅਉਧੂ ਜੋਗ ਜੁਗਤਿ ਵੀਚਾਰੀ ॥੨੧॥
ਮਾਇਆ ਮੋਹੁ ਭਵਜਲੁ ਹੈ ਅਵਧੂ ਸਬਦਿ ਤਰੈ ਕੁਲ ਤਾਰੀ ॥੨੨॥
ਸਬਦਿ ਸੂਰ ਜੁਗ ਚਾਰੇ ਅਉਧੂ ਬਾਣੀ ਭਗਤਿ ਵੀਚਾਰੀ ॥੨੩॥
ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥
ਆਪੇ ਬਖਸੇ ਮੇਲਿ ਮਿਲਾਏ ਨਾਨਕ ਸਰਣਿ ਤੁਮਾਰੀ ॥੨੫॥੯॥

[ਰਾਮਕਲੀ ਦਖਣੀ ਮ: ੧, ਪੰਨਾ ੯੦੮

ਐ ਪਾਖੰਡੀ ਜਨ ! ਬੇਦ ਬਾਦ ਮਤ ਕਰੋ ! ਇਹ ਸਭ ਪਾਖੰਡ ਰੂਪ ਹੀ ਹਨ। ਹੇ ਜੋਗੀ ਅਉਧੂ ਜਨ ! ਇਹ ਪਾਖੰਡ, ਸ਼ਬਦ-ਬੀਚਾਰੀ ਗੁਰਮੁਖਿ ਨਾਮ ਅਭਿਆਸੀ ਜਨਾਂ ਨੂੰ ਨਹੀਂ ਭਾਉਂਦਾ। ਗੁਰਮੁਖਿ ਜਨ ਸੱਚਾ ਜੋਗ ਕਮਾਉਂਦਾ ਹੈ। ਹੇ ਅਉਧੂ ! ਉਸ ਦਾ ਜਤ ਅਤੇ ਸਤ ਇਹੀ ਹੈ ਕਿ ਸ਼ਬਦ ਗੁਰ-ਮੰਤਰ ਦੀ ਕਮਾਈ ਕਰੀ ਹੀ ਜਾਵੇ। ਗੁਰਮਤਿ-ਸ਼ਬਦ-ਕਮਾਈ ਵਿਚ ਲੀਨ ਰਹਿਣਾ ਹੀ ਸੱਚਾ ਜਤ ਸਤ ਹੈ। ਏਦੂੰ ਵਧ ਕੇ ਹੋਰ ਕੋਈ ਜਤ ਸਤ ਨਹੀਂ ਹੈ। ਸ਼ਬਦ-ਕਮਾਈਆਂ ਕਰ ਕਰ ਕੇ ਜੀਵਨ-ਮੁਕਤ ਹੋ ਜਾਵੇ, ਇਹੋ ਉਸ ਦਾ ਮਨ ਮਾਰਨਾ ਹੈ ; ਹੇ ਅਉਧੂ ! ਇਹੋ ਸੱਚੀ ਜੋਗ ਜੁਗਤ ਵੀਚਾਰ ਹੈ। ਇਸ ਬਿਧਿ ਜੋਗ-ਜੁਗਤ-ਵੀਚਾਰੀ ਬਣਨਾ ਹੀ ਲੇਖੇ ਪੈਂਦਾ ਹੈ, ਹੋਰ ਸਭ ਪਾਖੰਡ ਮਾਇਆ ਮੋਹ ਹੈ, ਨਿਰੀ ਭਵਜਲ ਵਿਚ ਗੋਤੇ ਖਾਣ ਵਾਲੀ ਹੀ ਗੱਲ ਹੈ। ਹੇ ਅਉਧੂ ! ਇਸ ਭਵਜਲ ਤੋਂ ਕੇਵਲ ਗੁਰ-ਸ਼ਬਦ ਦੁਆਰਾ ਨਾਮ ਅਭਿਆਸ ਕਮਾਈ ਕਰਕੇ ਹੀ ਤਰੀਦਾ ਹੈ। ਗੁਰਮੁਖਿ ਨਾਮ ਅਭਿਆਸੀ ਜਨ ਆਪ ਵੀ ਤਰ ਜਾਂਦੇ ਹਨ ਅਤੇ ਕੁਲ ਭੀ ਤਾਰ ਲੈਂਦੇ ਹਨ। ਗੁਰ-ਸ਼ਬਦ-ਵੀਚਾਰੀ ਅਭਿਆਸਾਚਾਰੀ ਹੋ ਕੇ ਜੋ ਜਨ ਆਪਣਾ ਜਨਮ ਜਿਣਦੇ ਹਨ, ਉਹ ਚਹੁੰਆਂ ਜੁਗਾਂ ਵਿਚ ਪ੍ਰਸਿੱਧ ਸੂਰਮੇ ਕਹਾਉਂਦੇ ਹਨ। ਹੇ ਅਉਧੂ ! ਸਤਿਗੁਰੂ ਦੀ ਬਾਣੀ ਦੁਆਰਾ ਭਗਤੀ ਕਰਨਾ ਹੀ ਸੱਚਾ ਵੀਚਾਰੀ ਬਣਨਾ ਹੈ। ਇਹ ਮਨੂਆ ਮਾਇਆ ਦਾ ਮੋਹਿਆ ਹੈ, ਹੇ ਅਉਧੂ ! ਇਸ ਮਾਇਆ ਮੋਹ ਵਿਚ ਧਸਣ ਤੋਂ ਤਦੇ ਨਿਕਲ ਸਕਦਾ ਹੈ, ਜੇਕਰ ਗੁਰ-ਸ਼ਬਦ ਦਾ ਅਭਿਆਸ (ਵਿਚਾਰ) ਸਦਾ ਹੀ ਸਵਾਸ ਸਵਾਸ ਕਰਦਾ ਰਹੇ। ਜਿਸ ਉਪਰ ਬਖ਼ਸ਼ਿਸ਼ ਵਾਹਿਗੁਰੂ ਦੀ ਹੋ ਜਾਵੇ, ਉਹੀ ਗੁਰਮੁਖਿ ਜਨ ਵਾਹਿਗੁਰੂ ਸੇਤੀ ਮਿਲ ਕੇ ਫਿਰ ਮਿਲਿਆ ਹੀ ਰਹਿੰਦਾ ਹੈ। ਐਸੀ ਹੈ ਗੁਰ ਨਾਨਕ ਸਾਹਿਬ ਦੀ ਸਰਨ, ਜੋ ਤਕ ਤਕਾਈ ਹੋਈ ਕਦੇ ਬਿਰਥੀ ਨਹੀਂ ਜਾਂਦੀ।

ਇਸ ਤੋਂ ਅਗਲਾ ਸਾਰਾ ਸ਼ਬਦ ਗੁਰਵਾਕ ਰਾਮਕਲੀ ਮਹਲਾ ੩ ॥੧੨॥੧॥੧੦॥ ਪਾਖੰਡ ਜੋਗ ਦਾ ਹੀ ਖੰਡਨ ਕਰਦਾ ਹੈ, ਜਿਸ ਦੀ ਅਧਿਕ ਵਿਆਖਿਆ ਕਰਨ ਦੀ ਲੋੜ ਨਹੀਂ। ਪਹਿਲਾਂ ਪਾਖੰਡ ਜੋਗ ਬਥੇਰਾ ਖੰਡਨ ਹੋ ਚੁਕਿਆ ਹੈ।

ਤ੍ਰੈਗੁਣ ਅਚੇਤ ਨਾਮੁ ਚੇਤਹਿ ਨਾਹੀ ਬਿਨੁ ਨਾਵੈ ਬਿਨਸਿ ਜਾਈ ॥੧੫॥
ਬ੍ਰਹਮਾ ਬਿਸਨੁ ਮਹੇਸੁ ਤ੍ਰੈਮੂਰਤਿ ਤ੍ਰਿਗੁਣਿ ਭਰਮਿ ਭੁਲਾਈ ॥੧੬॥

ਗੁਰ ਪਰਸਾਦੀ ਤ੍ਰਿਕੁਟੀ ਛੂਟੈ ਚਉਥੈ ਪਦਿ ਲਿਵ ਲਾਈ ॥੧੭॥
ਪੰਡਿਤ ਪੜਹਿ ਪੜਿ ਵਾਦੁ ਵਖਾਣਹਿ ਤਿੰਨਾ ਬੂਝ ਨ ਪਾਈ ॥੧੮॥
ਬਿਖਿਆ ਮਾਤੇ ਭਰਮਿ ਭੁਲਾਏ ਉਪਦੇਸੁ ਕਰਹਿ ਕਿਸੁ ਭਾਈ ॥੧੯॥
੨॥੧੧॥ [ਰਾਮਕਲੀ ਮ: ੩, ਪੰਨਾ ੯੦੯

ਤਿਹਾਂ ਗੁਣਾਂ ਦਾ ਧਾਰਨੀ ਪਾਖੰਡੀ ਜਨ ਸਦਾ ਅਚੇਤ ਅਵਸਥਾ ਵਿਚ ਹੀ ਰਹਿੰਦਾ ਹੈ, ਨਾਮ ਕਦੇ ਚੇਤਦਾ ਹੀ ਨਹੀਂ। ਬਿਨਾਂ ਨਾਮ ਤੋਂ ਬਸ ਬਿਨਸ ਹੀ ਜਾਂਦਾ ਹੈ। ਤ੍ਰੈਗੁਣੀ ਜੀਵ ਉਹੀ ਹਨ ਜੋ ਤਿੰਨਾਂ ਗੁਣਾਂ ਵਾਲੀ ਮਾਇਆ ਵਿਚ ਹੀ ਲਥ ਪਥ ਰਹਿੰਦੇ ਹਨ। ਬ੍ਰਹਮਾ, ਬਿਸ਼ਨ, ਮਹੇਸ਼ (ਮਹਾਂਦੇਉ) ਇਹ ਤ੍ਰੈਵੇਂ ਮੂਰਤੀਆਂ, ਜੋ ਪਾਖੰਡੀਆਂ ਦੇ ਪੂਜਣ ਜੋਗ ਹਨ. ਇਨ੍ਹਾਂ ਤਿਹਾਂ ਦੇਵਤਿਆਂ ਦੀ ਤਿੱਕੜੀ ਤਿੰਨਾਂ ਮਾਇਆਵੀ ਗੁਣਾਂ ਵਿਚ ਹੀ ਭਰਮਦੀ ਫਿਰਦੀ ਰਹਿੰਦੀ ਹੈ; ਇਨ੍ਹਾਂ ਤਿਹਾਂ ਦੇਵਤਿਆਂ ਦੇ ਪੁਜਾਰੀਆਂ ਨੇ ਭੀ ਮਾਇਆ ਵਿਚ ਹੀ ਭਰਮਣਾ ਹੋਇਆ, ਤਿਹਾਂ ਮਾਇਆਵੀ ਗੁਣਾਂ ਦੀ ਤ੍ਰਿਕੁਟੀ ਵਿਚ ਭੁਲੇ ਰਹਿਣਾ ਹੋਇਆ। ਇਹ ਤ੍ਰਿਕੁਟੀ ਗੁਰਪ੍ਰਸਾਦੀ (ਗੁਰੂ ਦੇ ਪ੍ਰਸਾਦ ਕਿਰਪਾ ਦਵਾਰਾ) ਹੀ ਛੁਟਦੀ ਹੈ, ਅਤੇ ਗੁਰਪ੍ਰਸਾਦੀ ਹੀ ਚੌਥੇ ਪਦ ਤੁਰੀਆ ਗੁਣ ਵਿਚ ਲਿਵ ਲਗਦੀ ਹੈ। ਪਾਖੰਡੀ ਪੰਡਿਤ ਲੋਕ ਇਨ੍ਹਾਂ ਹੀ ਪਾਖੰਡ ਰੂਪ ਤਿਹਾਂ ਮਾਇਆਵੀ ਗੁਣਾਂ ਵਾਲੇ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਾਦ ਵਖਾਣਦੇ ਰਹਿੰਦੇ ਹਨ, ਤਿਨ੍ਹਾਂ ਨੇ ਤੁਰੀਆ ਪਦ ਦੀ ਬੂਝ ਕਿਵੇਂ ਪਾਣੀ ਸੀ ? ਪਾ ਹੀ ਨਹੀਂ ਸਕਦੇ। ਬਿਖਿਆ ਵਿਚ ਮਤੇ ਹੋਏ ਅਤੇ ਖ਼ੁਦ ਭਰਮ ਵਿਚ ਭੁਲੇ ਹੋਏ ਪਾਖੰਡੀ ਪੰਡਿਤ ਕਿਸੇ ਹੋਰਸ ਨੂੰ ਕੀ ਉਪਦੇਸ਼ ਕਰ ਸਕਦੇ ਹਨ। ਸੱਚਾ ਉਪਦੇਸ਼ ਕਰ ਹੀ ਨਹੀਂ ਸਕਦੇ ਅਤੇ ਉਨ੍ਹਾਂ ਦਾ ਉਪਦੇਸ਼ ਕੀਤਾ ਹੋਇਆ ਕਿਸੇ ਨੂੰ ਕੀ ਭਾਉਂਦਾ ਹੈ।

ਇਸ ਤੋਂ ਅਗਲੇਰੇ ਸ਼ਬਦ ਵਿਖੇ ਭੀ ਭਲੀ ਭਾਂਤ ਇਹੋ ਗੱਲ ਦਰਸਾਈ ਗਈ ਹੈ ਕਿ ਗੁਰਮਤਿ ਨਾਮ ਦੀ ਪੂਜਾ ਤੋਂ ਬਿਨਾਂ ਹੋਰ ਸਭ ਪੂਜਾ ਪਾਖੰਡ ਰੂਪ ਹੈ (ਦੇਖੋ ਰਾਮਕਲੀ ਮਹਲਾ ੩ ॥੨੧॥੩॥੧੨॥)

# ੬੭. ਹੋਰ ਕਰਮ-ਸਾਧਨ ਤੇ ਨਾਮ ਕਰਮ ਦਾ ਟਾਕਰਾ

ਕਿਨ ਹੀ ਕੀਆ ਪਰਵਿਰਤਿ ਪਸਾਰਾ ॥ ਕਿਨ ਹੀ ਕੀਆ ਪੂਜਾ ਬਿਸਥਾਰਾ ॥
ਕਿਨ ਹੀ ਨਿਵਲ ਭੁਇਅੰਗਮ ਸਾਧੇ ॥ ਮੋਹਿ ਦੀਨ ਹਰਿ ਹਰਿ ਆਰਾਧੇ ॥੧॥


www.sikhbookclub.com

ਤੇਰਾ ਭਰੋਸਾ ਪਿਆਰੇ ॥ ਆਨ ਨ ਜਾਨਾ ਵੇਸਾ ॥੧॥ਰਹਾਉ॥
ਕਿਨ ਹੀ ਗ੍ਰਿਹੁ ਤਜਿ ਵਣਖੰਡਿ ਪਾਇਆ ॥
ਕਿਨ ਹੀ ਮੋਨਿ ਅਉਧੂਤੁ ਸਦਾਇਆ ॥
ਕੋਈ ਕਹਤਉ ਅਨੰਨਿ ਭਗਉਤੀ ॥ ਮੋਹਿ ਦੀਨ ਹਰਿ ਹਰਿ ਓਟ ਲੀਤੀ ॥੨॥
ਕਿਨ ਹੀ ਕਹਿਆ ਹਉ ਤੀਰਥ ਵਾਸੀ ॥ ਕੋਈ ਅੰਨੁ ਤਜਿ ਭਇਆ ਉਦਾਸੀ ॥
ਕਿਨ ਹੀ ਭਵਨੁ ਸਭ ਧਰਤੀ ਕਰਿਆ ॥
ਮੋਹਿ ਦੀਨ ਹਰਿ ਹਰਿ ਦਰਿ ਪਰਿਆ ॥੩॥
ਕਿਨ ਹੀ ਕਹਿਆ ਮੈ ਕੁਲਹਿ ਵਡਿਆਈ ॥
ਕਿਨ ਹੀ ਕਹਿਆ ਬਾਹ ਬਹੁ ਭਾਈ ॥
ਕੋਈ ਕਹੈ ਮੈ ਧਨਹਿ ਪਸਾਰਾ ॥ ਮੋਹਿ ਦੀਨ ਹਰਿ ਹਰਿ ਆਧਾਰਾ ॥੪॥
ਕਿਨ ਹੀ ਘੂੰਘਰ ਨਿਰਤਿ ਕਰਾਈ ॥ ਕਿਨ ਹੂ ਵਰਤ ਨੇਮ ਮਾਲਾ ਪਾਈ ॥
ਕਿਨ ਹੀ ਤਿਲਕੁ ਗੋਪੀਚੰਦਨ ਲਾਇਆ ॥
ਮੋਹਿ ਦੀਨ ਹਰਿ ਹਰਿ ਹਰਿ ਧਿਆਇਆ ॥੫॥
ਕਿਨ ਹੀ ਸਿਧ ਬਹੁ ਚੇਟਕ ਲਾਏ ॥ ਕਿਨ ਹੀ ਭੇਖ ਬਹੁ ਥਾਟ ਬਨਾਏ ॥
ਕਿਨ ਹੀ ਤੰਤ ਮੰਤ ਬਹੁ ਖੇਵਾ ॥ ਮੋਹਿ ਦੀਨ ਹਰਿ ਹਰਿ ਹਰਿ ਸੇਵਾ ॥੬॥
ਕੋਈ ਚਤੁਰੁ ਕਹਾਵੈ ਪੰਡਿਤ ॥ ਕੋ ਖਟੁ ਕਰਮ ਸਹਿਤ ਸਿਉ ਮੰਡਿਤ ॥
ਕੋਈ ਕਰੈ ਆਚਾਰ ਸੁਕਰਣੀ ॥ ਮੋਹਿ ਦੀਨ ਹਰਿ ਹਰਿ ਹਰਿ ਸਰਣੀ ॥੭॥
ਸਗਲੇ ਕਰਮ ਧਰਮ ਜੁਗ ਸੋਧੇ ॥ ਬਿਨੁ ਨਾਵੈ ਇਹੁ ਮਨੁ ਨ ਪ੍ਰਬੋਧੇ ॥
ਕਹੁ ਨਾਨਕ ਜਉ ਸਾਧ ਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥੮॥੧॥

[ਰਾਮਕਲੀ ਮ: ੫ ਅਸਟ:, ਪੰਨਾ ੯੧੨-੧੩

ਏਸ ਗੁਰਵਾਕ ਦੁਆਰਾ ਇਹ ਸਿਧਾਂਤ ਸਿਧ ਹੁੰਦਾ ਹੈ ਕਿ ਜੋਗੀਆਂ, ਸੰਨਿਆਸੀਆਂ, ਸੰਸਾਰੀਆਂ, ਭਗਉਤੀਆਂ, ਪੰਡਤਾਂ ਆਦਿ ਭੇਖੀਆਂ ਦੇ ਕਰਮ ਧਰਮ ਸਭ ਪਾਖੰਡ ਰੂਪ ਹੀ ਹਨ, ਇਨ੍ਹਾਂ ਦਾ ਖੰਡਨ ਗਹਿ ਕਰ ਕੇ ਕੀਤਾ ਗਿਆ ਹੈ। ਇਨ੍ਹਾਂ ਸਾਰਿਆਂ ਪਾਖੰਡ-ਭੇਸਾਂ ਦੇ ਮੁਕਾਬਲੇ ਵਿਚ ਗੁਰਮਤਿ ਨਾਮ ਦੀ ਉਸਤਤ ਕਰਨੀ ਹੀ ਭਰੋਸੇ ਯੋਗ ਹੈ। ਯਥਾ ਵਿਆਖਿਆ—

ਬਹੁਤਿਆਂ ਨੇ ਤਾਂ ਪ੍ਰਵਿਰਤ ਪਸਾਰੇ ਤੇ ਮਾਇਕ ਲਾਹਿਆਂ ਵਿਚ ਵਸਣ ਦੀ ਵਿਉਂਤ ਬਣਾਈ ਹੈ ਅਤੇ ਬਹੁਤਿਆਂ ਨੇ ਅਨਿਕ ਪੂਜਾਰੀ ਬਣਨ ਦੇ ਅਡੰਬਰ ਰਚੇ ਹੋਏ ਹਨ। ਕਈਆਂ ਨੇ ਨਿਵਲੀ ਕਰਮ ਅਤੇ ਬਨਾਉਟੀ ਭੁਇਅੰਗਮ ਕਿਰਿਆਂ ਦੇ ਭੇਖ ਰਚੇ ਹੋਏ ਹਨ। ਇਹ ਕੇਵਲ ਗੁਰੂ ਨਾਨਕ ਸਾਹਿਬ ਦਾ ਗੁਰੂ ਘਰ ਹੀ ਹੈ ਜਿਥੇ ਕੇਵਲ ਨੌ ਨਿਧਿ ਨਾਮ ਗਰੀਬੀ ਧਾਰਨ ਕਰਾਈ ਜਾਂਦੀ ਹੈ। ਕੇਵਲ ਗੁਰੂ ਘਰ ਵਿਖੇ

ਰਹਿ ਕੇ ਹੀ ਅਨਿੰਨ ਭਰੋਸੇ ਤੋਂ ਛੁਟ, ਹੋਰ ਸਾਰੇ ਭੇਸਾਂ ਭੇਖਾਂ ਦਾ ਤਿਆਗਣ ਕੀਤਾ ਜਾਂਦਾ ਹੈ। ਬਹੁਤੇ ਭੇਖੀ ਲੋਕ ਘਰ ਬਾਰ ਤਿਆਗ ਕੇ ਬਨਾਂ ਵਿਚ ਜਾ ਵਸਦੇ ਹਨ, ਕਈ ਮੋਨਧਾਰੀ ਬਣ ਜਾਂਦੇ ਹਨ, ਕਈ ਆਪਣੇ ਆਪ ਨੂੰ ਤਿਆਗੀ ਸਾਧੂ ਅਉਧੂਤ ਸਦਾਉਂਦੇ ਹਨ ਅਤੇ ਕੋਈ ਕਹਿੰਦੇ ਹਨ ਕਿ ਅਨਿੰਨ ਭਗਉਤੀ ਅਸੀਂ ਹੀ ਹਾਂ। ਇਨ੍ਹਾਂ ਭੇਖੀਆਂ ਦੇ ਸਭ ਦਾਅਵੇ ਝੂਠੇ ਹਨ, ਨਿਰਦਾਅਵੇ ਰਹਿਣ ਵਾਲੇ ਕੇਵਲ ਗੁਰੂ ਘਰ ਦੇ ਸੇਵਕਾਂ ਨੇ ਹੀ ਓਟ ਲੀਤੀ ਹੋਈ ਹੈ। ਕਈਆਂ ਨੂੰ ਤੀਰਥ-ਵਾਸੀ ਹੋਣ ਦਾ ਅਭਿਮਾਨ ਹੈ। ਕੋਈ ਅੰਨ ਤਜ ਕੇ ਉਦਾਸੀ ਬਣਿਆ ਫਿਰਦਾ ਹੈ। ਕਈ ਐਸੇ ਵੀ ਹਨ ਜੋ ਸਾਰੀ ਧਰਤੀ ਤੇ ਘੁੰਮ ਕੇ ਚੌਦਾਂ ਭਵਨਾਂ ਵਿਖੇ ਟੱਕਰਾਂ ਮਾਰਦੇ ਫਿਰਦੇ ਹਨ। ਵਾਹਿਗੁਰੂ ਦੇ ਦਰ 'ਤੇ ਕੇਵਲ ਅਨਿੰਨ ਭਰੋਸੇ ਵਾਲਾ ਗੁਰਮੁਖਿ ਜਨ ਹੀ ਆ ਪੈਂਦਾ ਹੈ। ਕਈਆਂ ਨੂੰ ਬਹੁਤੇ ਭਰਾਵਾਂ ਅਤੇ ਮਦਦਗਾਰਾਂ ਦਾ ਮਾਣ ਹੈ। ਕੋਈ ਕਹਿੰਦਾ ਹੈ, ਮੇਰੇ ਪਾਸ ਬਹੁਤੇ ਧਨ ਦਾ ਪਸਾਰਾ ਹੈ। ਕੇਵਲ ਵਾਹਿਗੁਰੂ ਦੇ ਨਾਮ ਪੁਰ ਓਟ ਅਧਾਰ ਰਖਣ ਵਾਲੇ ਕੋਈ ਵਿਰਲੇ ਗੁਰਮੁਖਿ ਜਨ ਹੀ ਹਨ। ਕਈ ਲੋਕ ਕਚ-ਪਿਚੇ ਰਾਗਾਂ ਵਾਲੇ ਨਾਚ-ਨਿਰਤ ਘੁੰਘਰੂ ਪਾ ਕੇ ਕਰਨ ਵਿਚ ਖਚਤ ਹੋਏ ਹਨ। ਬਹੁਤੇ ਐਸੇ ਵੀ ਹਨ ਜੋ ਵਰਤ ਨੇਮ ਮਾਲਾ ਗਲ ਵਿਚ ਪਾ ਕੇ ਆਪਣਾ ਆਪ ਬਣਾਉਣ ਦੀ ਵਡਿਆਈ ਨੂੰ ਹੀ ਫ਼ਖ਼ਰ ਸਮਝਦੇ ਹਨ। ਕੋਈ ਗੋਪੀਚੰਦਨ ਤਿਲਕ ਲਾਉਣ ਵਾਲੇ ਭੇਖ ਨੂੰ ਹੀ ਕਲਿਆਣਕਾਰੀ ਸਮਝਦਾ ਹੈ। ਕੇਵਲ ਵਾਹਿਗੁਰੂ ਦਾ ਨਾਮ ਧਿਆਵਣ ਵਾਲੇ ਵਿਲੱਖਣੀ ਪੁਰਸ਼ ਹੀ ਹਨ, ਸੱਚੀ ਕਲਿਆਣ ਉਨ੍ਹਾਂ ਦੇ ਵਿਰਸੇ ਵਿਚ ਹੀ ਆਈ ਹੈ। ਬਹੁਤ ਸਾਰੇ ਨਾਟਕ **ਚੇਟਕ** ਰਿਧੀਆਂ ਸਿਧੀਆਂ ਵਾਲੇ ਕਰਾਮਾਤੀ ਬਣੇ ਫਿਰਦੇ ਹਨ। ਬਹੁਤਿਆਂ ਨੇ ਬਨਾਵਟੀ ਜਟਾਂ ਵਧਾਉਣ ਵਾਲੇ ਭੇਖ ਹੀ ਅਡੰਬਰੇ ਹੋਏ ਹਨ। ਬਹੁਤ ਸਾਰੇ ਤੰਤ੍ਰ ਮੰਤ੍ਰਾਂ ਦੇ ਚਲਾਉਣ ਵਿਚ ਹੀ ਖਚਤ ਹਨ। ਵਾਹਿਗੁਰੂ ਨਾਮ ਦੀ ਭਗਤੀ ਰੂਪ ਸੇਵਾ ਵਿਚ ਜੋ ਡਟੇ ਹੋਏ ਹਨ, ਉਹ ਵਿਰਲੇ ਗਰਮੁਖਿ ਜਨ ਹੀ ਹਨ। ਕੋਈ ਆਪਣੇ ਆਪ ਨੂੰ ਚਤੁਰ ਪੰਡਿਤ ਹੀ ਕਹਾਉਂਦਾ ਹੈ, ਕੋਈ ਖਟ ਕਰਮਾਂ ਦੇ ਨਾਲ ਨਾਲ ਸ਼ਿਵ ਦੀਆਂ ਮੂਰਤੀਆਂ ਬਣਾ ਬਣਾ ਪੂਜਦਾ ਹੈ, ਕੋਈ ਦੁਨੀਆਦਾਰ ਦੁਨਿਆਵੀ ਅਚਾਰ-**ਕਰਣੀਆਂ** ਕਰਨ ਵਿਚ ਹੀ ਲਗਾ ਹੋਇਆ ਹੈ, ਕੇਵਲ ਅਕਾਲ ਪੁਰਖ ਵਾਹਿਗੁਰੂ ਦੀ ਸ਼ਰਨੀ ਪੈਣ ਵਾਲੇ ਗੁਰੂ ਕੇ ਗੁਰਮੁਖਿ ਜਨ ਹੀ ਵਿਰਲੇ ਰਹਿ ਗਏ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸਾਰੇ ਜੁਗਾਂ ਦੇ ਸਗਲੇ ਕਰਮ ਧਰਮ ਸੋਧ ਕੇ ਦੇਖ ਲਏ ਹਨ, ਸਭ ਪਾਖੰਡ ਹੀ ਸਿਧ ਹੋਏ ਹਨ। ਗੁਰਮਤਿ ਨਾਮ ਬਿਨਾਂ ਗੁਰਮੁਖਿ ਜਨਾਂ ਦਾ ਮਨੂਆ ਹੋਰ ਕਿਤੇ ਨਹੀਂ ਪਤੀਜਦਾ। ਗੁਰੂ ਘਰ ਦੀ ਸਾਧ ਸੰਗਤ ਦੀ ਪ੍ਰਾਪਤੀ ਕਰ ਕੇ ਉਨ੍ਹਾਂ ਦੀ ਤ੍ਰਿਸ਼ਨਾ ਬੁਝਦੀ ਹੈ ਅਤੇ ਮਹਾਂ ਸੀਤਲਤਾਈ ਪ੍ਰਾਪਤ ਹੁੰਦੀ ਹੈ।

ਕਾਹੂ ਬਿਹਾਵੈ ਰੰਗ ਰਸ ਰੂਪ ॥ ਕਾਹੂ ਬਿਹਾਵੈ ਮਾਇ ਬਾਪ ਪੂਤ ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ॥ ਸੰਤ ਬਿਹਾਵੈ ਹਰਿ ਨਾਮ ਆਧਾਰਾ॥੧॥
ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ਰਹਾਉ॥
ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥
ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੋਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥੩॥
ਕਾਹੂ ਬਿਹਾਵੈ ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥
ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ ਕੀਰਤਨੁ ਗਾਏ ॥੪॥
ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ ਸੋ ਪਿੜੁ ਮਾਲਤ ॥
ਕਾਹੂ ਬਿਹਾਵੈ ਬਾਲ ਪੜਾਵਤ ॥ ਸੰਤ ਬਿਹਾਵੈ ਹਰਿ ਜਸੁ ਗਾਵਤ ॥੫॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ ਜੀਆਇਹ ਹਿਰਤੇ ॥
ਕਾਹੂ ਬਿਹਾਵੈ ਰਾਜ ਮਹਿ ਡਰਤੇ ॥ ਸੰਤ ਬਿਹਾਵੈ ਹਰਿ ਜਸੁ ਕਰਤੇ ॥੬॥
ਕਾਹੂ ਬਿਹਾਵੈ ਮਤਾ ਮਸੂਰਤਿ ॥ ਕਾਹੂ ਬਿਹਾਵੈ ਸੇਵਾ ਜਰੂਰਤਿ ॥
ਕਾਹੂ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥

[ਰਾਮਕਲੀ ਮ: ੫, ਪੰਨਾ ੯੧੩-੧੪

ਇਸ ਗੁਰਵਾਕ ਦਵਾਰਾ ਭਿੰਨ ਭਿੰਨ ਸੰਸਾਰੀਆਂ ਦੇ ਭਿੰਨ ਭਿੰਨ ਕੰਮਾਂ ਵਿਹਾਰਾਂ ਪੂਜਾ ਪਾਠਾਂ ਨੂੰ ਮਨਮਤਿ ਪਾਖੰਡ ਕਰਮ ਦਰਸਾ ਕੇ ਖੰਡਨ ਕੀਤਾ ਗਿਆ ਹੈ ਅਤੇ ਇਸ ਦੇ ਟਾਕਰੇ ਵਿਚ ਗੁਰੂ ਘਰ ਦੇ ਸੰਤਾਂ ਸੇਵਕਾਂ ਦਾ ਗੁਰਮਤਿ-ਨਾਮ ਵਿਚ ਜੁਟੇ ਰਹਿਣਾ ਹੀ ਕਲਿਆਣਕਾਰੀ ਸਿਧ ਕੀਤਾ ਹੈ । ਵਾਸਤਵ ਵਿਚ ਜਿਤਨਾ ਵੀ ਆਨਮਤਾਂ ਦੇ ਨਾਨਾ ਪ੍ਰਕਾਰੀ ਪਾਖੰਡ ਕਰਮਾਂ ਵਿਚ ਰਚਿਆ ਪਚਿਆ ਸੰਸਾਰ ਹੈ, ਉਹ ਸਾਰਾ ਦ੍ਰਿਸ਼ਟਿਮਾਨ ਤ੍ਰੈਗੁਣੀ ਮਾਇਆ ਵਿਚ ਹੀ ਲਗ ਕੇ ਆਪਣਾ ਜਨਮ ਬਿਰਥਾ ਗਵਾ ਰਿਹਾ ਹੈ। ਤੁਰੀਆ ਗੁਣੀ ਪਦ ਸੱਚੀ ਅਦ੍ਰਿਸ਼ਟ ਵਸਤੂ ਦਾ ਕੇਵਲ ਤੱਤ ਗੁਰਮਤਿ ਧਾਰਨੀ ਗੁਰੂ ਘਰ ਦੇ ਗੁਰਮੁਖਿ ਜਨਾਂ ਨੂੰ ਹੀ ਪਤਾ ਲਗਦਾ ਹੈ। ਯਥਾ ਵਿਆਖਿਆ—

ਕਿਸੇ ਸੰਸਾਰੀ ਪੁਰਸ਼ ਦੀ ਤਾਂ ਤ੍ਰੈਗੁਣੀ ਰੰਗਾਂ, ਰਸਾਂ, ਰੂਪਾਂ ਵਿਚ ਵਿਹਾਉਂਦੀ ਹੈ ਅਤੇ ਕਿਸੇ ਦੀ ਵਿਹਾਉਂਦੀ ਹੈ ਮਾਈ ਬਾਪ ਪੂਤ ਆਦਿਕ ਸੰਸਾਰੀ ਰਿਸ਼ਤਿਆਂ ਦੀ ਮੋਹ-ਮਮਤਾ ਵਿਚ ਹੀ ਖਰਚ ਹੋਇਆਂ। ਕਿਸੇ ਦੀ ਗੁਜ਼ਰਦੀ ਹੈ ਰਾਜ ਮਲਕੀਅਤ, ਖ਼ਾਸ ਕਰ ਜ਼ਮੀਨ ਦੇ ਟੰਟਿਆਂ ਵਿਹਾਰਾਂ, ਵਪਾਰਾਂ ਵਿਚ ਲੰਪਟ

ਹੋਇਆਂ। ਇਹ ਕੇਵਲ ਗੁਰੂ ਘਰ ਦੇ ਸੰਤ ਸੇਵਕ ਗੁਰਸਿਖ ਜਨ ਹੀ ਹਨ, ਜਿਨ੍ਹ ਦੀ ਨਿਰੋਲ ਗੁਰਮਤਿ ਨਾਮ ਦੇ ਆਸਰੇ ਹੀ ਵਿਹਾਉਂਦੀ ਹੈ। ਸੰਸਾਰ ਦੀ ਅਜੀਬ ਰਚਨਾ ਬਣੀ ਹੋਈ ਹੈ, ਸੱਚੇ ਵਾਹਿਗੁਰੂ ਦਾ ਸੱਚਾ ਖੇਡ ਹੀ ਰਚਿਆ ਹੋਇਆ ਹੈ, ਸਭਨਾਂ ਦਾ ਇਕੋ ਅਕਾਲ ਪੁਰਖ ਹੀ ਮਾਲਕ ਹੈ। ਕਿਸੇ ਦੀ ਬੇਦ ਪੜ੍ਹਦਿਆਂ ਅਤੇ ਬਾਦ ਬਿਵਾਦੀ ਚਰਚਿਆਂ ਵਿਚ ਹੀ ਵਿਹਾਉਂਦੀ ਹੈ, ਅਤੇ ਕਿਸੇ ਦੀ ਸਾਰੀ ਅਵਰਦਾ ਜੀਭ ਦੇ ਸੁਆਦਾਂ ਵਿਚ ਹੀ ਗੁਜ਼ਰ ਜਾਂਦੀ ਹੈ। ਅਤੇ ਕਿਸੇ ਪ੍ਰਾਣੀ ਦੀ ਆਪਣੀ ਨਾਰੀ ਸੰਗ ਲੰਪਟ ਹੋਇਆਂ ਹੀ ਅਤੇ ਨਾਰੀ ਦੀ ਵਿਸ਼ੇ ਵਿਕਾਰਾਂ ਵਿਚ ਹੀ ਸਾਰੀ ਉਮਰ ਗੁਜ਼ਰਦੀ ਹੈ। ਇਹ ਕੇਵਲ ਗੁਰੂ ਘਰ ਦੇ ਸੰਤ ਭਗਤ ਹੀ ਹਨ ਜੋ ਕੇਵਲ ਵਾਹਿਗੁਰੂ ਨਾਮ-ਰੰਗਾਂ ਵਿਚ ਹੀ ਸਾਸ ਗਿਰਾਸ ਰਚੇ ਰਹਿੰਦੇ ਹਨ। ਬਹੁਤ ਸਾਰੇ ਐਸੇ ਲੋਗ ਵੀ ਹਨ ਜਿਨ੍ਹਾਂ ਦੀ ਸਾਰੀ ਉਮਰ ਜੂਆ ਖੇਡਦਿਆਂ ਹੀ ਵਿਹਾ ਜਾਂਦੀ ਹੈ, ਅਤੇ ਕਈਆਂ ਦੀ ਸਾਰੀ ਆਰਬਲਾ ਅਮਲਾਂ ਨਸ਼ਿਆਂ ਦੇ ਪੀਣ ਵਿਚ ਹੀ ਵਿਹਾਉਂਦੀ ਹੈ, ਬਹੁਤ ਸਾਰਿਆਂ ਦੀ ਪਰਾਇਆ ਧਨ ਮਾਲ ਚੋਰੀ ਕਰਦਿਆਂ ਹੀ ਵਿਹਾ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਗੁਰਮੁਖਿ ਜਨ ਹੀ ਹਨ ਜਿਨ੍ਹਾਂ ਦੀ ਸਾਰੀ ਉਮਰ ਨਾਮ ਧਿਆਉਂਦਿਆਂ ਹੀ ਵਿਹਾਉਂਦੀ ਹੈ।

ਅਨੇਕਾਂ ਦੀ ਉਮਰ ਵਿਹਾਉਂਦੀ ਹੈ ਅਨੇਕ ਪ੍ਰਕਾਰ ਦੇ ਜੋਗ ਤਪਾਂ ਪੂਜਾ ਆਦਿਕ ਭੇਖਾਂ ਦੇ ਵਿਚ ਖਚਤ ਹੋਇਆਂ, ਅਤੇ ਬਹੁਤਿਆਂ ਦੀ ਰੋਗਾਂ ਸੋਗਾਂ ਅਤੇ ਭਰਮਾਂ ਵਿਚ ਭੁਲਿਆਂ ਹੀ ਵਿਹਾਉਂਦੀ ਹੈ ਅਤੇ ਐਸੇ ਵੀ ਅਨੇਕ ਭੇਖਧਾਰੀ ਹਨ ਜਿਨ੍ਹਾਂ ਦੀ ਫੋਕਟ ਪ੍ਰਾਣਾਯਾਮ ਆਦਿਕ ਮਨਮਤਿ ਕਰਦਿਆਂ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ। ਇਹ ਵਿਰਲੇ ਸੰਤ ਭਗਤ ਗੁਰਮੁਖਿ ਜਨ ਹੀ ਹਨ, ਜਿਨ੍ਹਾਂ ਦੀ ਕੇਵਲ ਕੀਰਤਨ ਕਰਦਿਆਂ ਹੀ ਸਾਰੀ ਉਮਰ ਲੇਖੇ ਲਗਦੀ ਹੈ। ਬਹੁਤ ਸਾਰੇ ਐਸੇ ਪ੍ਰਾਣੀ ਹਨ ਜੋ ਸਾਰੀ ਉਮਰ ਰਾਤ ਦਿਨੇ ਦੇਸਾਂ ਦੇਸਾਂਤ੍ਰਾਂ ਵਿਚ ਹੀ ਐਵੇਂ ਘੁੰਮਦੇ ਫਿਰਦੇ ਹਨ, ਬਹੁਤ ਸਾਰੇ ਐਸੇ ਪ੍ਰਾਣੀ ਵੀ ਹਨ ਜਿਨ੍ਹਾਂ ਦੀ ਰਣ ਆਦਿਕ ਅਖਾੜਿਆਂ ਤੇ ਮੱਲਾਂ ਦੇ ਪਿੜਾਂ ਮਲਣ ਵਿਚ ਹੀ ਵਿਹਾਈ ਰਹਿੰਦੀ ਹੈ। ਬਹੁਤ ਸਾਰੇ ਐਸੇ ਪ੍ਰਾਣੀ ਵੀ ਹਨ ਜਿਨ੍ਹਾਂ ਦੀ ਬਾਲਕਾਂ ਨੂੰ ਨਿਕੰਮੀਆਂ ਪੜ੍ਹਾਈਆਂ ਪੜ੍ਹਾਂਦਿਆਂ ਹੀ ਗੁਜ਼ਰਦੀ ਹੈ। ਇਹ ਕੇਵਲ ਗੁਰੂ ਘਰ ਦੇ ਸੰਤ ਜਨ ਹੀ ਹਨ ਜਿਨ੍ਹਾਂ ਦੀ ਗੁਰੂ ਦਾ ਜਸ ਗਾਉਂਦਿਆਂ ਹੀ ਸਾਰੀ ਅਵਰਦਾ ਲੇਖੇ ਲਗਦੀ ਹੈ।

ਬਹੁਤ ਸਾਰੇ ਅਭਾਗੇ ਜਨ ਐਸੇ ਵੀ ਹਨ ਜਿਨ੍ਹਾਂ ਦੀ ਨਾਟਕ ਚੇਟਕ ਕੁਕਾਜਾਂ ਤੇ ਨਿਰਤ ਨਾਚਾਂ ਦੇ ਰੰਗਾਂ ਕੁਰੰਗਾਂ ਦੇ ਦੇਖਣ ਸੁਣਨ ਵਿਚ ਹੀ ਵਿਹਾਉਂਦੀ ਹੈ; ਬਹੁਤ ਸਾਰੇ ਅਜਿਹੇ ਕੁਕ੍ਰਿਤ ਕਰਮੀ ਪਾਪੀ ਜਨ ਐਸੇ ਵੀ ਹਨ ਜਿਨ੍ਹਾਂ ਦੀ ਸਾਰੀ ਉਮਰ ਜੀਵ-ਹਿੰਸਾ ਕਰਦਿਆਂ ਹੀ ਗੁਜ਼ਰ ਜਾਂਦੀ ਹੈ ਅਤੇ ਬਹੁਤ ਸਾਰੇ ਐਸੇ ਮੰਦਭਾਗੀ ਪੁਰਸ਼ ਵੀ ਹਨ ਜਿਨ੍ਹਾਂ ਦੀ ਰਾਜਸੀ ਰੰਗਾਂ ਅਤੇ ਰਾਜਸੀ ਗ਼ੁਲਾਮੀਆਂ ਵਿਚ ਹੀ

 www.sikhbookclub.com

ਸਾਰੀ ਉਮਰ ਲੰਘ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਸੰਤ ਜਨ ਹੀ ਹਨ ਜਿਨ੍ਹਾਂ ਦੀ ਵਾਹਿਗੁਰੂ ਦਾ ਜਸ ਗਾਂਵਦਿਆਂ ਹੀ ਵਿਹਾਉਂਦੀ ਹੈ। ਬਹੁਤਿਆਂ ਦੀ ਦੁਨਿਆਵੀ ਨਿਕੰਮੇ ਮਸ਼ਵਰੇ ਕਰਦਿਆਂ ਹੀ ਸਾਰੀ ਉਮਰ ਗੁਜ਼ਰ ਜਾਂਦੀ ਹੈ ਅਤੇ ਬਹੁਤਿਆਂ ਦੀ ਸੁਆਰਥੀ ਕੰਮਾਂ ਵਿਚ ਤੇ ਜ਼ਰੂਰਤਾਂ ਲੋੜਾਂ ਵਿਚ ਹੀ ਵਿਹਾਉਂਦੀ ਰਹਿੰਦੀ ਹੈ। ਬਹੁਤ ਸਾਰੇ ਰਾਜੇ ਸਰਦਾਰ ਉਨ੍ਹਾਂ ਦੇ ਵਜ਼ੀਰ ਕਬੀਰ, ਸੇਵਕ ਐਸੇ ਵੀ ਹਨ ਜਿਨ੍ਹਾਂ ਦੀ ਸਾਰੀ ਉਮਰ ਜੀਵਾਂ ਨੂੰ ਸੋਧਣ ਦੰਡ ਦੇਣ ਵਿਚ ਹੀ ਕੁਲੇਖੇ ਗੁਜ਼ਰਦੀ ਹੈ। ਇਹ ਕੇਵਲ ਗੁਰੂ ਘਰ ਦੇ ਗੁਰਮੁਖਿ ਸੰਤ ਭਗਤ ਜਨ ਹੀ ਹਨ, ਜਿਨ੍ਹਾਂ ਦੀ ਸਵਾਸ ਸਵਾਸ ਵਾਹਿਗੁਰੂ ਦਾ ਨਾਮ-ਰਸ ਪੀਂਵਦਿਆਂ ਹੀ ਵਿਹਾਉਂਦੀ ਹੈ। ਪਿਛਲੇ ਜਨਮਾਂ ਦੇ ਕਰਮਾਂ ਅਨੁਸਾਰ ਹੀ ਸਾਰੇ ਜੀਅ ਜੰਤ ਆਪਣਾ ਲੇਖਾ ਭੁਗਤਦੇ ਹਨ, ਲੇਖਾ ਭੁਗਤਾਉਣਹਾਰ ਗੁਰੂ ਕਰਤਾਰ ਹੈ। ਕਿਸੇ ਨੂੰ ਕੁਕਰਮਾਂ ਦੀ ਸਜ਼ਾ ਕੁਕਰਮ ਕਰਨ ਵਿਚ ਹੀ ਦੇਂਦਾ ਹੈ, ਅਤੇ ਕਿਸੇ ਨੂੰ ਸੁਕ੍ਰਿਤ **ਕਰਣੀ** ਦੇ ਸੱਚੇ ਫਲ ਚਖਾਉਂਦਾ ਹੈ।

ਗੱਲ ਕੀ, ਜਿਸ ਪਾਸੇ ਕੋਈ ਲਗਿਆ ਹੋਇਆ ਹੈ ਉਹ ਲਾਇਆ ਹੀ ਲਗਾ ਹੋਇਆ ਹੈ, ਕਰਮ ਫਲ ਪਰਦਾਤਾ ਗੁਰੂ ਕਰਤਾਰ ਦਾ ਭਾਣਾ ਹੀ ਐਸਾ ਹੈ, ਇਥੇ ਕਿਸੇ ਦੀ ਮੂੜ੍ਹਤਾ ਤੇ ਸਿਆਣਪ ਦਾ ਚਾਰਾ ਕੋਈ ਨਹੀਂ ਚਲਦਾ। ਵਡਭਾਗਾ ਗੁਰਮੁਖਿ ਜਨ ਕੋਈ ਐਸਾ ਹੈ ਜੋ ਵਾਹਿਗੁਰੂ ਦੀ ਕਿਰਪਾ ਦਵਾਰਾ ਗੁਰਮਤਿ ਨਾਮ ਦਾ ਪਾਤਰ ਬਣਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸੇ ਗੁਰਮੁਖਿ ਜਨ ਦੇ ਅਸੀਂ ਵਾਰਨੇ ਘੋਲਣੇ ਜਾਂਦੇ ਹਾਂ।

ਤਾਂ ਤੇ ਇਸ ਸਾਰੇ ਗੁਰਵਾਕ ਦੇ ਭਾਵ ਅੰਦਰ ਮੁਕਾਬਲਤਨ ਦੋ ਹੀ ਗੱਲਾਂ ਦਰਸਾਈਆਂ ਗਈਆਂ ਹਨ ਕਿ ਇਕ ਤਾਂ ਉਹ ਗੁਰਮੁਖਿ ਜਨ ਹਨ ਜਿਨ੍ਹਾਂ ਨੂੰ ਗੁਰੂ ਦੀ ਕਿਰਪਾ ਦਵਾਰਾ ਵਾਹਿਗੁਰੂ ਦੇ ਦਰ-ਘਰ ਦੀ ਸੋਝੀ ਆਈ ਹੈ। ਤਿਨ੍ਹਾਂ ਦਾ ਸਾਰੀ ਉਮਰ ਦਾ ਵਿਹਾਰ ਕਾਰ ਗੁਰਮਤਿ ਨਾਮ ਅਭਿਆਸ ਕਮਾਈਆਂ ਵਿਚ ਹੀ ਰਸੇ ਰਚੇ ਰਹਿਣਾ ਹੈ।

ਦੂਜੇ ਅਭਾਗੇ ਪੁਰਸ਼ ਲਗ ਪਗ ਸਾਰੇ ਦੇ ਸਾਰੇ ਹੀ ਐਸੇ ਹਨ ਜੋ ਪਾਖੰਡ-ਮਈ ਦੁਕ੍ਰਿਤ ਕਰਮਾਂ ਵਿਚ ਲਗੇ ਹੋਏ ਸਾਰੀ ਉਮਰ ਗੁਜ਼ਾਰ ਦੇਂਦੇ ਹਨ। ਤਾਂ ਤੇ ਪਾਖੰਡ-ਕਰਮਾਂ ਦਾ ਇਸ ਵਾਕ ਦੁਆਰਾ ਖੰਡਨ ਹੈ ਅਤੇ ਸੱਚੇ ਸੁਕ੍ਰਿਤ ਗੁਰਮਤਿ ਕਰਮਾਂ ਦਾ ਮੰਡਨ ਹੈ।

ਗੁਰਮੁਖਿ ਨਾਦ ਬੇਦ ਬੀਚਾਰੁ ॥ ਗੁਰਮੁਖਿ ਮਜਨੁ ਚਜੁ ਅਚਾਰੁ ॥
ਗੁਰਮੁਖਿ ਸਬਦੁ ਅੰਮ੍ਰਿਤੁ ਹੈ ਸਾਰੁ ॥ ਨਾਨਕ ਗੁਰਮੁਖਿ ਪਾਵੈ ਪਾਰੁ ॥੨੨॥੧॥
[ਰਾਮਕਲੀ ਮ: ੧ ਦਖਣੀ ਓਅੰਕਾਰੁ, ਪੰਨਾ ੯੩੨

**ਗੁਰਮਤਿ ਅਨੁਸਾਰ ਵਾਹਿਗੁਰੂ ਮੰਤਰ ਦਾ ਨਾਮ ਅਭਿਆਸ ਹੀ ਸੱਚਾ ਨਾਦ**

 www.sikhbookclub.com

ਹੈ ਤੇ ਸੱਚਾ ਬੇਦ ਬੀਚਾਰ ਹੈ । ਹੋਰ ਕਿਸੇ ਨਾਦ ਬੇਦ ਬੀਚਾਰ ਦੀ ਗੁਰਮਤਿ ਅੰਦਰਿ ਗੁੰਜਾਇਸ਼ ਨਹੀਂ । ਗੁਰਮਤਿ ਨਾਮ ਹੀ, ਵਾਹਿਗੁਰੂ ਗੁਰਮੰਤਰ ਹੀ ਸੱਚਾ ਇਸ਼ਨਾਨ (ਮਜਨ) ਅਤੇ ਸਿਆਣਪੀ ਚੱਜ ਹੈ ਅਤੇ ਸੱਚੀ ਸੁਕਰਣੀ ਕਿਰਤ ਰੂਪੀ ਅਚਾਰ ਹੈ. ਵਾਹਿਗੁਰੂ ਸ਼ਬਦ ਹੀ ਸਾਰ ਅੰਮ੍ਰਿਤ ਹੈ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰੂ ਦੁਆਰਾ ਪ੍ਰਾਪਤ ਹੋਇਆ ਵਾਹਿਗੁਰੂ ਗੁਰਮੰਤਰ ਨਾਮ ਹੀ ਭਵਜਲੋਂ ਪਾਰ ਕਰਨ ਨੂੰ ਸਮਰੱਥ ਹੈ ।

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ ॥
ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥੫੩॥
ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮ ਸਮਾਲਹੁ ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥

[ਰਾਮਕਲੀ ਮ: ੧, ਦਖਣੀ ਓਅੰਕਾਰ, ਪੰ: ੯੩੭-੩੮

ਗੁਰਮਤਿ ਅਨੁਸਾਰ ਸੋਈ ਪੜ੍ਹਿਆ ਹੋਇਆ ਪਾਧਾ ਆਖੀਦਾ ਹੈ ਜੋ ਸੱਚੀ ਗੁਰਮਤਿ ਵਿਦਿਆ ਨਾਮ ਦਾ ਅਭਿਆਸ ਰੂਪੀ ਵੀਚਾਰ ਸਹਜ ਸੁਭਾਇ ਠੰਡੇ ਦਿਲ ਨਾਲ ਕਰਦਾ ਹੈ; ਜੋ ਗੁਰਮਤਿ ਗਿਆਨ ਰੂਪੀ ਵਿਦਿਆ ਨੂੰ ਵੀਚਾਰਦਾ ਹੈ, ਅਤੇ ਇਸੇ ਬਿਧਿ ਹੀ ਗੁਰਮਤਿ ਵੀਚਾਰ ਵੀਚਾਰ ਕੇ ਸੱਚੇ ਤਤਸਾਰ ਵਾਹਿਗੁਰੂ ਨੂੰ ਲਖਦਾ ਹੈ ਅਤੇ ਰਾਮ ਨਾਮ ਜਪਦਾ ਹੈ । ਰਮਤ ਰਾਮ ਵਾਹਿਗੁਰੂ ਦੇ ਸਰੂਪ ਵਿਚ ਲਿਵ ਲਾਉਂਦਾ ਹੈ । ਇਸ ਤੋਂ ਬਿਨਾਂ ਜੋ ਝੂਠੀ ਵਿਦਿਆ ਨੂੰ ਪੜ੍ਹ ਪੜ੍ਹ ਵੇਚਦਾ ਹੈ ਉਹ ਮਨਮੁਖ ਹੈ । ਐਸਾ ਮਨਮੁਖ ਪੁਰਸ਼ ਨਾਮ ਤੋਂ ਬਿਨਾਂ ਹੋਰ ਕੂੜਾਵੀ ਵਿਦਿਆ ਵੀਚਾਰਨਹਾਰਾ ਬਿਖ ਹੀ ਬਿਹਾਜਦਾ ਹੈ ਤੇ ਬਿਖ ਹੀ ਖਾਂਦਾ ਹੈ । ਜੋ ਗੁਰ ਸ਼ਬਦ ਨਹੀਂ ਸਮਝਦਾ ਉਹ ਮੂਰਖ ਹੈ, ਉਸ ਨੂੰ ਕਦੀ ਸੂਝ ਬੂਝ ਨਹੀਂ ਪੈਂਦੀ, ਉਹ ਵਿਦਿਆ ਰੂਪੀ ਅਵਿਦਿਆ ਵਿਚ ਅਹਿਨਿਸ ਰਚਿਆ ਪਚਿਆ ਹੈ । ਸੋ ਸਤਿਗੁਰੂ ਦੀ ਸੱਚੀ ਰਜ਼ਾ ਮੰਨਣਹਾਰੇ ਗੁਰਮੁਖਿ ਅਭਿਆਸੀ ਜਨਾਂ ਨੂੰ ਸੱਚੇ ਪਾਧੇ ਆਖੀਦਾ ਹੈ । ਉਹ ਜਗਿਆਸੂਆਂ ਨੂੰ ਸੱਚੀ ਗੁਰਮਤਿ ਹੀ ਦਿੰਦੇ ਹਨ, ਸੱਚਾ ਗੁਰਮਤਿ ਨਾਮ ਵਾਹਿਗੁਰੂ ਹੀ ਸੰਮਾਲੋ (ਸਿਮਰੋ) ! ਅਤੇ ਨਾਮ ਰੂਪੀ ਧਨ ਨੂੰ ਹੀ ਇਕੱਠਾ ਕਰੋ । ਐਸੇ ਗੁਰਮੁਖਿ ਜਨ ਹੀ ਜਗ ਵਿਚ ਆ ਕੇ ਸੱਚਾ ਲਾਹਾ ਲੈ ਜਾਂਦੇ ਹਨ । ਸੱਚ ਰੂਪੀ ਵਾਹਿਗੁਰੂ ਨਾਮ ਜਿਸ ਦੇ ਮਨ ਅੰਦਰ ਵਸਦਾ ਹੈ ਉਹ ਦਿਨੇ ਰਾਤ ਮਨ ਵਿਖੇ ਲਿਖੀ ਹੋਈ ਸੱਚੀ ਪਟੀ ਵਾਹਿਗੁਰੂ ਨਾਮ ਦੀ ਪੜ੍ਹੀ ਜਾਂਦੇ ਹਨ, ਉਹ ਵਾਹਿਗੁਰੂ ਨਾਮ

ਰੂਪੀ ਸੱਚਾ ਸ਼ਬਦ, ਸਾਚ ਸ੍ਰੇਸ਼ਟ ਸ਼ਬਦ ਦਾ ਅਭਿਆਸ ਹੀ ਸਵਾਸ ਸਵਾਸ ਕਰੀ ਜਾਂਦੇ ਹਨ। ਤਾਂ ਤੇ ਗੁਰਮਤਿ ਅਨੁਸਾਰ ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੋਈ ਜਨ ਪੜ੍ਹਿਆ ਹੋਇਆ ਹੈ ਅਤੇ ਸੋਈ ਦਾਨਾ ਬੀਨਾ ਪੰਡਿਤ ਅਖਵਾਉਂਦਾ ਹੈ ਜੋ ਆਪਣੇ ਕੰਠ ਅੰਦਰ ਹਰ ਦਮ ਸੱਚੇ ਨਾਮ ਰੂਪੀ ਹਾਰ ਨੂੰ ਹੀ ਪਰੋਈ ਰਖਦਾ ਹੈ।

ਤਾਂ ਤੇ ਇਸ ਸਾਰੇ ਗੁਰ ਸ਼ਬਦ ਦੇ ਭਾਵ ਅਨੁਸਾਰ ਗੁਰਮਤਿ ਨਾਮ ਗੁਰਬਾਣੀ ਦੀਖਿਆ ਰੂਪੀ ਸੱਚੀ ਪੜ੍ਹਾਈ ਬਿਨਾਂ ਹੋਰ ਸਾਰੀਆਂ ਪੜ੍ਹਾਈਆਂ ਅਵਿਦਿਆ ਹੀ ਹਨ, ਜਿਨ੍ਹਾਂ ਨੂੰ ਪੜ੍ਹਨਾ ਤੇ ਪੜ੍ਹੀ ਜਾਣਾ ਮਹਾਂ ਮਨਮਤਿ ਹੈ। ਸਿੱਟਾ ਇਹ ਕਿ ਇਸ ਗੁਰਵਾਕ ਅੰਦਰ ਆਨਮਤ ਵਿਦਿਆ ਰੂਪੀ ਅਵਿਦਿਆ ਦਾ ਖੰਡਨ ਹੀ ਖੰਡਨ ਹੈ। ਇਸ ਦੇ ਮੁਕਾਬਲੇ ਵਿਚ ਕੇਵਲ ਗੁਰਮਤਿ ਵਿਦਿਆ ਦਾ ਮੰਡਨ ਹੀ ਸਿਧ ਹੁੰਦਾ ਹੈ। ਸਾਰਾ ਸੰਸਾਰ ਹੀ ਏਸੇ ਮਨਮਤਿ ਦੀ ਪੜ੍ਹਾਈ ਵਿਚ ਹੀ ਰੁੜ੍ਹਿਆ ਜਾ ਰਿਹਾ ਹੈ। ਸਾਨੂੰ ਬੜਾ ਹੀ ਅਫ਼ਸੋਸ ਹੈ ਕਿ ਆਨਮਤੀਆਂ ਦੀ ਰੀਸੇ ਅਸਾਡੇ ਗੁਰਮਤਿ ਆਸ਼ਰਮਾਂ ਵਿਚ ਭੀ ਇਹੋ ਪੜ੍ਹਾਈ ਆ ਘੁਸੜੀ ਹੈ, ਗੁਰਮਤਿ ਵਿਦਿਆ ਦਾ ਨਾਮ ਹੀ ਨਹੀਂ ਰਹਿਆ। ਸੱਚੀ ਗੁਰਮਤਿ ਤੋਂ ਸੱਖਣੇ ਹੋਣ ਕਰਕੇ ਅਸਾਡੇ ਗੁਰਮਤਿ ਆਸ਼ਰਮਾਂ ਵਿਚ ਪੜ੍ਹਨਹਾਰੇ ਪੜ੍ਹਾਕੂ ਲਗ ਪਗ ਸਾਰੇ ਦੇ ਸਾਰੇ ਹੀ ਗੁਰਮਤਿ ਰਹਿਣੀ ਬਹਿਣੀ ਤੋਂ ਹੀਨ ਛੀਨ ਹੋ ਰਹੇ ਹਨ।

# ੬੯. ਸਿਧ ਗੋਸਟਿ ਬਾਣੀ ਦਾ ਭਾਵ

ਅਗਲੀ 'ਸਿਧਿ ਗੋਸਟਿ' ਨਾਮ ਬਾਣੀ ਵਿਖੇ ਲਗ ਪਗ ਸਮੱਗਰ ਤੌਰ ਤੇ ਹੀ ਗੁਰੂ ਸਾਹਿਬਾਂ ਨੇ ਸਿਧਾਂ ਨਾਲ ਗੋਸ਼ਟ ਕਰਦੇ ਹੋਏ, ਸਿਧਾਂ ਦੇ ਪ੍ਰਤਿਪਾਦਨ ਕੀਤੇ ਹੋਏ ਹਠ-ਯੋਗ ਦੇ ਪਾਖੰਡ ਦਾ ਪੂਰੇ ਤੌਰ ਤੇ ਖੰਡਨ ਕੀਤਾ ਹੈ ਅਤੇ ਉਸ ਦੇ ਮੁਕਾਬਲੇ ਵਿਚ ਗੁਰਮਤਿ ਸਹਜ ਯੋਗ ਦਾ ਮੰਡਨ ਸਿੱਧ ਰਖਿਆ ਹੈ। ਇਹ ਸਾਰੀ ਸਿਧ ਗੋਸਟਿ ਬਾਣੀ ਪ੍ਰਸ਼ਨ ਉਤਰ ਵਿਚ ਹੀ ਪ੍ਰਤਿਪਾਦਨ ਕੀਤੀ ਗਈ ਹੈ ਅਤੇ ਲਗ ਪਗ ਹਰੇਕ ਪ੍ਰਸ਼ਨ ਉਤਰ ਵਿਚ ਹੀ ਗੁਰੂ ਸਾਹਿਬਾਨ ਨੇ ਪਾਖੰਡ ਯੋਗ ਮਾਰਗੀ ਭੇਖ ਦਾ ਅਲੇਖ ਲੇਖੀ ਖੰਡਨ ਕੀਤਾ ਹੋਇਆ ਹੈ। ਹਰ ਇਕ ਸਵਾਲ ਦੇ ਉਤਰ ਵਿਚ ਗੁਰੂ ਨਾਨਕ ਸਾਹਿਬ ਨੇ ਸੱਚੇ ਤੇ ਅਸਲੀ ਸਹਜ ਜੋਗ ਨੂੰ ਮੰਡਨ ਕਰਦਿਆਂ ਵਿਲੱਖਣ ਕਰਕੇ ਦੱਸਿਆ ਹੈ। ਉਦਾਹਰਣ ਵਜੋਂ ਅਸੀਂ ਇਕ ਦੋ ਪ੍ਰਸ਼ਨ ਉਤਰ ਹੀ ਵਿਆਖਤ ਕਰਦੇ ਹਾਂ, ਸਾਰੇ ਸਿਧ ਗੋਸਟਿ ਦੀ ਵਿਆਖਿਆ ਕਰਨ ਵਿਚ ਬਹੁਤ ਵਿਸਥਾਰ ਹੋ ਜਾਂਦਾ ਹੈ, ਯਥਾ—

ਗੁਰਮੁਖਿ ਪਰਚੈ ਬੇਦ ਬੀਚਾਰੀ ॥ ਗੁਰਮੁਖਿ ਪਰਚੈ ਤਰੀਐ ਤਾਰੀ ॥...੨੮॥...
ਗੁਰਮੁਖਿ ਜਪੀਐ ਅੰਤਰਿ ਪਿਆਰਿ ॥ ਗੁਰਮੁਖਿ ਪਾਈਐ ਸਬਦਿ ਅਚਾਰਿ ॥

 www.sikhbookclub.com

ਸਬਦਿ ਭੇਦਿ ਜਾਣੈ ਜਾਣਾਈ ॥ ਨਾਨਕ ਹਉਮੈ ਜਾਲਿ ਸਮਾਈ ॥੨੯॥

[ਰਾਮਕਲੀ ਮ: ੧, ਸਿਧ ਗੋਸਟਿ, ਪੰਨਾ ੯੪੧

ਗੁਰਮਤਿ ਅੰਦਰ ਵਾਹਿਗੁਰੂ ਸ਼ਬਦ ਨਾਲ ਹੀ ਪਰਚਾ ਪਾਉਣਾ ਸੱਚਾ ਵੇਦ-ਵੀਚਾਰੀ ਬਣਨਾ ਹੈ, ਹੋਰ ਸਿਧਾਂ ਜੋਗੀਆਂ ਦੇ ਬੇਦ-ਬੀਚਾਰ ਸਭ ਪਾਖੰਡ ਰੂਪ ਹਨ। ਜੋਗ-ਹਠ ਵਾਲੇ ਸਿਧ ਜੋਗੀ ਹਠ ਯੋਗ ਰਾਹੀਂ ਸਵਾਸਾਂ ਦੇ ਹੇਠਾਂ ਉਤੇ ਚੜ੍ਹਾਉਣ ਨਾਲ ਹੀ ਪਰਚਾ ਪਾਉਂਦੇ ਹਨ, ਪਰ ਇਸ ਹਠ-ਯੋਗੀ ਪਰਚੇ ਨਾਲ ਮਨ ਦੇ ਸੰਕਲਪ ਵਿਕਲਪ ਨਹੀਂ ਮਿਟਦੇ। ਗੁਰਮਤਿ ਸਹਜ ਯੋਗ ਨਾਮ ਅਭਿਆਸ ਦੇ ਸਾਸ-ਗਿਰਾਸੀ ਸਿਮਰਨ ਦੁਆਰਾ ਹੀ ਉਤਪੰਨ ਹੁੰਦਾ ਹੈ, ਜਿਸ ਕਰਕੇ ਮਨ ਦੇ ਸਾਰੇ ਫੁਰਨੇ ਕੁਫੁਰਨੇ ਮਿਟ ਜਾਂਦੇ ਹਨ ਅਥੇ ਮਨੂਆ ਸੁਤੇ ਹੀ ਸਹਜ ਸਮਾਧਿ ਵਿਚ ਅਸਥਿਤ ਹੋ ਜਾਂਦਾ ਹੈ ਅਤੇ ਗੁਰਮੁਖਿ ਸਹਜ ਯੋਗੀ ਦਾ ਸੁਤੇ-ਸੁਭਾਵ ਹੀ ਨਿਸਤਾਰਾ ਹੋ ਜਾਂਦਾ ਹੈ। ਤਾਂ ਤੇ ਅਗਲੀ ਤੁਕ ਇਸ ਲਈ ਆਉਂਦੀ ਹੈ—"ਗੁਰਮੁਖਿ ਪਰਚੈ ਤਰੀਐ ਤਾਰੀ"—ਕੇਵਲ ਵਾਹਿਗੁਰੂ ਨਾਮ ਦੇ ਸਿਮਰਨ ਰੂਪੀ ਪਰਚਾ ਪਾਉਣ ਨਾਲ ਹੀ ਭਵ-ਸਾਗਰ ਤੋਂ ਸੱਚੀ ਤਾਰੀ ਦੁਆਰਾ ਤਰਿਆ ਜਾ ਸਕਦਾ ਹੈ, ਕੇਵਲ ਮਨੋ-ਮਨੀ ਚਰਚੇ ਵਾਲੀ ਗਿਆਨ ਗੋਸ਼ਟਿ ਕੀਤਿਆਂ ਸੱਚਾ ਗਿਆਨੀ ਨਹੀਂ ਬਣ ਸਕੀਦਾ। ਗੁਰ-ਦੀਖਿਆ ਮਈ ਗੁਰ ਸ਼ਬਦ ਗੁਰਮੰਤਰ ਨੂੰ ਹਿਰਦੇ ਵਿਖੇ ਧਾਰਨ ਕੀਤਿਆਂ ਅਤੇ ਵਾਹਿਗੁਰੂ ਨਾਮ ਨਾਲ ਸਾਸ ਗਿਰਾਸੀ ਪਰਚਾ ਪਾਇਆਂ ਸੱਚਾ ਗਿਆਨੀ ਬਣ ਸਕੀਦਾ ਹੈ ਅਤੇ ਕੇਵਲ ਏਸੇ ਬਿਧਿ ਹੀ ਗੁਰਮਤਿ ਗਿਆਨੀ ਦੀ ਸਚਿਆਰਤਾ ਪ੍ਰਾਪਤ ਹੁੰਦੀ ਹੈ—

ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥...੨੮॥ (੯੪੧)

ਅੰਤਰਲੀ ਰਹਿਤ ਰਹਿਣੀ ਦੀ ਜੁਗਤੀ ਭੀ ਉਪਰ ਦੱਸੇ ਅਨੁਸਾਰ ਗੁਰਮਤਿ ਗਿਆਨ ਪ੍ਰਾਪਤ ਕੀਤਿਆਂ ਸੁਤੇ ਸਿਧ ਹੀ ਸਹਜ ਬਿਧੀ ਨਾਲ ਹੀ ਜਾਣੀ ਜਾਂਦੀ ਹੈ—

ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ ॥...੨੮॥ (੯੪੧)

ਏਸੇ ਬਿਧਿ ਹੀ ਗੁਰਮਤਿ ਗਿਆਨ ਪ੍ਰਾਪਤ ਕੀਤਿਆਂ ਅਤੇ ਗੁਰਮਤਿ ਜੋਤਿ ਪ੍ਰਕਾਸ਼ੀ ਗੁਰਮੁਖਿ ਬਣਿਆਂ ਅਲਖ ਅਪਾਰ ਨਿਰੰਜਨ ਵਾਹਿਗੁਰੂ ਨੂੰ ਪਾ ਸਕੀਦਾ ਹੈ—

ਗੁਰਮੁਖਿ ਪਾਈਐ ਅਲਖ ਅਪਾਰੁ ॥...੨੮॥

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਵਾਹਿਗੁਰੂ ਦਰਬਾਰ ਦੇ ਦਰਸਾਨ-ਮਈ ਮੁਕਤਿ ਦੁਆਰ ਨੂੰ ਗੁਰਮੁਖਿ ਬਣ ਕੇ ਹੀ ਪ੍ਰਾਪਤ ਕਰ ਸਕੀਦਾ ਹੈ—

ਨਾਨਕ ਗੁਰਮੁਖਿ ਮੁਕਤਿ ਦੁਆਰੁ ॥੨੮॥ (੯੪੧)

ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ ॥ ਗੁਰਮੁਖਿ ਪਾਵੈ ਘਟ ਘਟਿ ਭੇਦ ॥

ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥

 www.sikhbookclub.com

ਗੁਰਮੁਖਿ ਰਾਮ ਨਾਮ ਰੰਗਿ ਰਾਤਾ ॥ ਨਾਨਕ ਗੁਰਮੁਖਿ ਖਸਮੁ ਪਛਾਤਾ ॥੩੭॥
[ਰਾਮਕਲੀ ਮ: ੧ ਸਿਧ ਗੋਸਟਿ, ਪੰਨਾ ੯੪੨

ਜੋ ਪੁਰਸ਼ ਆਪਣੀ ਮਨਮਤਿ ਦੇ ਪਾਖੰਡ-ਹਠ ਦਵਾਰਾ ਸ਼ਾਸਤ੍ਰ ਸਿਮ੍ਰਿਤਿ ਦਾਨੀ (ਜਾਣਨਹਾਰੇ) ਅਤੇ ਬੇਦ-ਬੇਤੇ ਬਣੇ ਫਿਰਦੇ ਹਨ, ਏਸ ਦੇ ਮੁਕਾਬਲੇ ਵਿਚ ਗੁਰੂ ਘਰ ਦੇ ਗੁਰਮੁਖਿ ਜਨਾਂ ਦਾ ਸਹਜ ਅਭਿਆਸ ਯੋਗ ਐਸਾ ਗੁਰਮੁਖਿ ਪਰਚਾ ਹੈ ਜਿਸ ਦੇ ਪਿਛੇ ਸ਼ਾਸਤ੍ਰ ਸਿਮ੍ਰਿਤਿ ਬੇਦ ਸਭ ਲਗੇ ਫਿਰਦੇ ਹਨ, ਸ਼ਾਸਤ੍ਰ ਸਿਮ੍ਰਿਤਿ ਬੇਦਾਂ ਦਾ ਗੂੜ੍ਹ ਤੱਤ ਵੀਚਾਰ ਗੁਰਮੁਖਿ ਜਨਾਂ ਦੇ ਨਹੁੰਆਂ ਉਤੇ ਹੀ ਆ ਜਾਂਦਾ ਹੈ। ਗੁਰੂ ਘਰ ਦਾ ਗੁਰਮੁਖਿ ਜਨ ਸੁਤੇ ਹੀ ਅੰਤਰਯਾਮੀ ਐਸਾ ਹੋ ਜਾਂਦਾ ਹੈ ਕਿ ਉਹ ਘਟ ਘਟ ਦਾ ਭੇਦ ਸਹਜ ਸੁਭਾ ਹੀ ਪਾ ਲੈਂਦਾ ਹੈ, ਜੋ ਕਿਸੇ ਵੀ ਮਨਮਤਿ-ਮਈ ਪਾਖੰਡ ਵੀਚਾਰ ਦੁਆਰਾ ਨਸੀਬ ਨਹੀਂ ਹੁੰਦਾ। ਮਨ-ਮੰਨੀ ਮਤਿ ਦੁਆਰਾ ਅਤੇ ਹਠ-ਪਾਖੰਡ ਜਤਨ ਕਰਕੇ ਮਨਮੁਖੀਆਂ ਦੇ ਮਨਾਂ ਦੇ ਵੈਰ ਵਿਰੋਧ ਕਦੇ ਨਹੀਂ ਗਵਾਏ ਜਾਂਦੇ। ਗੁਰ-ਸ਼ਬਦ ਨਾਮ ਅਭਿਆਸ ਵਿਚ ਲੀਨ ਹੋਇਆਂ ਗੁਰੂ ਘਰ ਦਾ ਗੁਰਮੁਖਿ ਜਨ ਸੁਤੇ ਸਿਧ ਹੀ ਵੈਰ ਵਿਰੋਧ ਗਵਾ ਲੈਂਦਾ ਹੈ। ਮਨ ਦੀ ਉਕਤੀ ਯੁਗਤੀ ਦਵਾਰਾ ਮਨਮਤਿ ਭਰਿਆ ਫੋਕਾ ਗਿਆਨ ਵੀਚਾਰ ਕੀਤਿਆਂ ਕਦੇ ਭੀ ਗਿਣੀ ਮਿਣੀ ਵੈਰ ਵਿਰੋਧ ਵਾਲੀ ਮਤਿ ਨਹੀਂ ਮਿਟਦੀ। ਗੁਰੂ ਘਰ ਦਾ ਗੁਰਮੁਖਿ ਜਨ ਸਹਜੇ ਹੀ ਸਗਲੀ ਗਣਤ ਮਿਟਾ ਲੈਂਦਾ ਹੈ। ਗੁਰੂ ਘਰ ਦਾ ਗੁਰਮੁਖਿ ਬਣਿਆਂ ਹੀ ਰਾਮ ਨਾਮ ਦੇ ਰੰਗਾਂ ਵਿਚ ਰਤਿਆ ਜਾ ਸਕੀਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੇਵਲ ਗੁਰੂ ਘਰ ਦੇ ਗੁਰਮੁਖਿ ਜਨ ਹੀ ਸੱਚੇ ਵਾਹਿਗੁਰੂ ਰੂਪੀ ਖਸਮ ਪਛਾਣਨਹਾਰੇ ਹੋ ਸਕਦੇ ਹਨ, ਹੋਰ ਕਿਸੇ ਵੀ ਮਨਮਤਿ ਪਾਖੰਡ ਵੀਚਾਰ ਦੁਆਰਾ ਨਹੀਂ ਹੋ ਸਕਦੇ।

ਗੱਲ ਕੀ, ਸਾਰ ਸਿੱਟਾ ਸਾਰੀ ਸਿਧ ਗੋਸਟਿ ਵਿਚੋਂ ਇਹੋ ਹੀ ਨਿਕਲਦਾ ਹੈ ਕਿ ਕੇਵਲ ਗੁਰੂ ਦੇ ਬਣੇ ਹੀ ਸੱਚੀ ਗਿਆਨ ਮਤਿ ਬੁਧ ਆ ਸਕਦੀ ਹੈ। ਗੁਰੂ ਬਿਨਾਂ, ਭਾਵ, ਗੁਰਮਤਿ ਦਵਾਰਾ, ਗੁਰੂ ਦਵਾਰਿਓਂ ਸੱਚੀ ਗੁਰਦੀਖਿਆ ਲਏ ਬਿਨਾਂ ਇਹ ਮਤਿ ਬੁਧ ਕਿਸੇ ਨੂੰ ਨਹੀਂ ਆ ਸਕਦੀ। ਅਤੇ ਸਿੱਟਾ ਇਉਂ ਕਢਦੇ ਹਨ—

ਬਿਨੁ ਸਤਿਗੁਰ ਸੇਵੇ ਜੋਗੁ ਨ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥
ਬਿਨੁ ਸਤਿਗੁਰ ਭੇਟੇ ਨਾਮੁ ਪਾਇਆ ਨ ਜਾਇ ॥
ਬਿਨੁ ਸਤਿਗੁਰ ਭੇਟੇ ਮਹਾ ਦੁਖੁ ਪਾਇ ॥
ਬਿਨੁ ਸਤਿਗੁਰ ਭੇਟੇ ਮਹਾ ਗਰਬਿ ਗੁਬਾਰਿ ॥
ਨਾਨਕ ਬਿਨੁ ਗੁਰ ਮੁਆ ਜਨਮੁ ਹਾਰਿ ॥੭੦॥
[ਰਾਮਕਲੀ ਮ: ੧ ਸਿਧ ਗੋਸਟਿ, ਪੰ: ੯੪੬

 www.sikhbookclub.com

# ੬੯. ਅਕਾਲ ਪੁਰਖ ਦਾ ਅਚਰਜ ਖੇਲ਼

ਦੂਜਾ ਭਾਉ ਰਚਾਇਓਨੁ ਤ੍ਰੈ ਗੁਣ ਵਰਤਾਰਾ ॥
ਬ੍ਰਹਮਾ ਬਿਸਨੁ ਮਹੇਸੁ ਉਪਾਇਅਨੁ ਹੁਕਮਿ ਕਮਾਵਨਿ ਕਾਰਾ ॥
ਪੰਡਿਤ ਪੜਦੇ ਜੋਤਕੀ ਨਾ ਬੂਝਹਿ ਬੀਚਾਰਾ ॥
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥
ਜਿਸ ਭਾਵੈ ਤਿਸੁ ਬਖਸਿ ਲੈਹਿ ਸਚਿ ਸਬਦਿ ਸਮਾਈ ॥੪॥

(ਪਉੜੀ, ਰਾਮਕਲੀ ਕੀ ਵਾਰ ਮ: ੩, ਪੰ: ੯੪੮)

ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥੧॥ਰਹਾਉ॥ (ਪੰਨਾ ੯੪੭)

ਜਿਤਨਾ ਭੀ ਤ੍ਰੈਗੁਣ ਦਾ ਵਿਸਥਾਰਾ ਹੈ, ਸਭ ਦੂਜਾ ਭਾਉ ਰਚਾਵਣਹਾਰਾ ਹੈ। ਏਸੇ ਦੂਜੇ ਭਾਉ ਦੇ ਰਚਾਵਣਹਾਰੇ, ਤ੍ਰੈਗੁਣ ਵਰਤਾਰਾ ਵਰਤਾਵਣਹਾਰੇ ਬ੍ਰਹਮਾ ਬਿਸ਼ਨ ਮਹੇਸ਼ ਤ੍ਰੈਗੁਣ ਰੂਪੀ ਉਪਾਏ ਗਏ ਹਨ, ਤ੍ਰੈਗੁਣੀ ਉਪਾਏ ਹੋਏ ਸਰੂਪ ਵਿਚ ਹੁਕਮ ਅੰਦਰ ਤ੍ਰੈਗੁਣੀ ਕਾਰ ਹੀ ਕਮਾਉਂਦੇ ਹਨ। ਪੰਡਿਤ, ਪਾਂਧੇ, ਜੋਤਸ਼ੀ ਭੀ ਦੂਜੇ ਭਾਵ ਦੀ ਤ੍ਰੈਗਣੀ ਪੜ੍ਹਾਈ ਪੜ੍ਹਦੇ ਹਨ। ਤਿਨ੍ਹਾਂ ਨੂੰ ਤੱਤ ਪ੍ਰਮਾਰਥੀ ਸੂਝ ਬੂਝ ਵੀਚਾਰ ਆਉਂਦੀ ਹੀ ਨਹੀਂ। ਸੱਚੇ ਸਿਰਜਨਹਾਰ ਵਾਹਿਗੁਰੂ ਕਰਤਾਰ ਦਾ ਹੀ ਇਹ ਸਾਰਾ ਚੋਜ ਵਿਡਾਣੀ ਖੇਡ-ਤਮਾਸ਼ਾ ਹੈ। ਜਿਸ ਨੂੰ ਉਹ ਭਾਉਂਦਾ ਹੈ ਤਿਸ ਨੂੰ ਬਖ਼ਸ਼ ਲੈਂਦਾ ਹੈ, ਪਰ ਸੱਚੇ ਗੁਰ-ਸ਼ਬਦ ਵਿਖੇ ਸਮਾਈ ਕਰ ਕੇ ਹੀ ਬਖ਼ਸ਼ਦਾ ਹੈ। ਸੱਚਾ ਪਾਤਸ਼ਾਹ ਵਾਹਿਗੁਰੂ ਹੀ (ਵਾਹਿਗੁਰੂ ਗੁਰ-ਸ਼ਬਦ ਹੀ) ਵਾਹਿ ਵਾਹਿ ਗੁਰ ਗੁਰ ਕਰ ਕੇ ਸਲਾਹੁਣ ਯੋਗ ਹੈ। ਬ੍ਰਹਮਾ, ਬਿਸ਼ਨ, ਮਹੇਸ਼ ਦੇਵਤਿਆਂ ਦੀ ਸ਼ਲਾਘਾ ਬਿਲਕੁਲ ਬੇਫ਼ਾਇਦਾ ਹੈ, ਜੋ ਦੂਜੇ ਭਾਵ ਦਾ ਪਸਾਰਾ ਵਰਤਾਰਾ ਹੀ ਹੈ।

ਮਨ ਕਾ ਝੂਠਾ ਝੂਠੁ ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥
ਭਰਮੇ ਭੂਲਾ ਸਭਿ ਤੀਰਥ ਗਹੈ ॥ ਓਹੁ ਤਪਾ ਕੈਸੇ ਪਰਮ ਗਤਿ ਲਹੈ ॥
ਗੁਰ ਪਰਸਾਦੀ ਕੋ ਸਚੁ ਕਮਾਵੈ ॥ ਨਾਨਕ ਸੋ ਤਪਾ ਮੋਖੰਤਰੁ ਪਾਵੈ ॥੧॥

(ਸਲੋਕ ਮ: ੩)

ਸੋ ਤਪਾ ਜਿ ਇਹੁ ਤਪੁ ਘਾਲੇ ॥ ਸਤਿਗੁਰ ਨੋ ਮਿਲੈ ਸਬਦੁ ਸਮਾਲੇ ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ ॥੨॥੫॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੮)

ਇਸ ਗੁਰਵਾਕ ਤੋਂ ਸਾਫ਼ ਸਿਧ ਹੋ ਗਿਆ ਕਿ ਜਿਤਨੇ ਭੀ ਗੁਰਮਤਿ-ਹੀਣੇ ਤਪ ਕਰਨ ਵਾਲੇ ਝੂਠੇ ਆਹਰ ਅਤੇ ਪਾਖੰਡ ਹਨ, ਸਭ ਭਰਮਾਉਣ ਭਟਕਾਉਣ ਵਾਲੇ

ਹੀ ਹਨ, ਇਕ ਗੁਰੂ ਕਾ ਦੀਖਿਆ-ਮਈ ਉਪਦੇਸ਼ ਗੁਰਮੰਤਰ ਕਮਾਉਣਾ ਹੀ ਸੱਚਾ ਤਪ ਹੈ, ਯਥਾ ਵਿਆਖਿਆ—

ਮਨ ਦਾ ਝੂਠਾ ਜੋ ਮਨਮੁਖ ਪੁਰਸ਼ ਹੈ, ਉਹ ਝੂਠ ਹੀ ਕਮਾਉਂਦਾ ਮਾਇਆ ਪਿਛੇ ਦੌੜਿਆ ਫਿਰਨਹਾਰਾ ਆਪਣੇ ਆਪ ਨੂੰ ਤਪਾ ਸਦਾਉਂਦਾ ਹੈ, ਜੋ ਨਿਰਾ ਪਾਖੰਡ ਰੂਪ ਹੈ। ਭਰਮਦਾ ਭੁਲਿਆ ਹੋਇਆ ਸਾਰੇ ਅਨਮਤੀ ਤੀਰਥਾਂ ਉਤੇ ਭਟਕਦਾ ਫਿਰਦਾ ਹੈ। ਅਜਿਹੇ ਭਰਮੀ ਪਾਖੰਡੀ ਤਪੇ ਨੂੰ ਪਰਮ ਗਤੀ ਕੈਸੇ ਪ੍ਰਾਪਤ ਹੋ ਸਕਦੀ ਹੈ। ਗੁਰੂ ਦੀ ਕਿਰਪਾ ਜਿਸ ਗੁਰਮੁਖਿ ਜਨ ਉਪਰ ਹੋ ਜਾਵੇ, ਸੋਈ ਵਿਰਲਾ ਗੁਰਮੁਖਿ ਜਨ ਹੀ ਸੱਚਾ ਸ਼ਬਦ ਕਮਾਈ ਰੂਪੀ ਸੱਚਾ ਤਪ ਕਮਾਉਂਦਾ ਹੈ। ਐਸਾ ਗੁਰਮੁਖਿ ਤਪਾ ਹੀ ਮੁਕਤੀ ਪਦ ਨੂੰ ਪਾਉਂਦਾ ਹੈ, ਇਹ ਗੁਰੂ ਨਾਨਕ ਸਾਹਿਬ ਦਾ ਸੱਚਾ ਸਿਧਾਂਤ ਹੈ।

ਸੱਚਾ ਤਪਾ ਉਹ ਹੈ ਜੋ ਅਗੇ ਲਿਖਿਆ ਤਪ ਕਮਾਉਂਦਾ ਹੈ—ਸੱਚੇ ਸਤਿਗੁਰੂ ਨੂੰ ਮਿਲ ਕੇ ਸੱਚੇ ਗੁਰ ਸ਼ਬਦ ਗੁਰਮੰਤਰ ਨੂੰ ਸਮਾਲ੍ਹਦਾ ਹੈ ਅਤੇ ਸਮਾਲ੍ਹ ਕੇ ਸੱਚੀ ਘਾਲ ਕਮਾਈ ਕਰਦਾ ਹੈ। ਸੱਚੇ ਸਤਿਗੁਰੂ ਦੀ ਫ਼ੁਰਮਾਈ ਹੋਈ ਅਜਿਹੀ ਸਿਮਰਨ ਮਈ ਸੇਵਾ ਹੀ ਸੱਚਾ ਪ੍ਰਮਾਣੀਕ ਤਪ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਐਸਾ ਸੱਚਾ ਤਪਾ ਹੀ ਸੱਚੀ ਦਰਗਾਹ ਅੰਦਰ ਮਾਣ ਪਾਉਂਦਾ ਹੈ।

## ੭੦. ਅਭਿਆਗਤ, ਹਿੰਦੂ, ਤੁਰਕ ਕਾਜ਼ੀ ਤੇ ਗ੍ਰਿਹਸਤੀ

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥
ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥
ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ ॥
ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ ॥੧॥ (ਸਲੋਕ ਮ: ੩)
ਅਭਿਆਗਤ ਏਹਿ ਨ ਆਖੀਅਨਿ ਜਿ ਪਰ ਘਰਿ ਭੋਜਨੁ ਕਰੇਨਿ ॥
ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥
ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥
ਭਾਲਿ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ॥੨॥੬॥
(ਰਾਮਕਲੀ ਕੀ ਵਾਰ, ਮ: ੩, ਪੰਨਾ ੯੪੯)

ਇਸ ਗੁਰਵਾਕ ਦਵਾਰਾ ਮਨਮਤਿ ਕੁਕਰਮੀ ਆਨਮਤ ਭੇਖ ਪਾਖੰਡ ਦਾ ਖੰਡਨ ਕੀਤਾ ਗਿਆ ਹੈ ਅਤੇ ਇਸ ਦੇ ਮੁਕਾਬਲੇ ਵਿਚ ਗੁਰਮਤਿ ਅਨੁਕੂਲੀ ਸੱਚੇ

 www.sikhbookclub.com

ਅਭਿਆਗਤ ਦਾ ਮੰਡਨ ਹੈ। ਯਥਾ ਵਿਆਖਿਆ—

ਸੱਚੇ ਸਾਧੂ ਮੰਗਤੇ ਫ਼ਕੀਰ ਇਹ ਨਹੀਂ ਆਖੀਦੇ, ਜਿਨ੍ਹਾਂ ਦੇ ਹਿਰਦੇ ਅੰਦਰ ਦੂਜੇ ਭਾਵ ਦਾ ਭਰਮ ਹੀ ਵਸਿਆ ਰਹਿੰਦਾ ਹੈ, ਅਜਿਹੇ ਪਾਖੰਡੀ ਮੰਗਤੇ ਨੂੰ ਭਿਖਿਆ ਦੇਣ ਦਾ ਪੁੰਨ ਫਲ ਭੀ ਪਾਖੰਡ ਰੂਪ ਹੀ ਹੈ, ਅਰਥਾਤ ਪੁੰਨ ਫਲ ਕੁਛ ਨਹੀਂ ਹੁੰਦਾ। ਅਭੈ ਨਿਰੰਜਨ ਵਾਹਿਗੁਰੂ-ਪ੍ਰਾਪਤੀ ਮਈ ਜੋ ਪਰਮ ਪਦ ਹੈ, ਤਿਸੈ ਦੇ ਪ੍ਰਾਪਤ ਕਰਨ ਦਾ ਖ਼ਾਹਸ਼ਮੰਦ ਹਮੇਸ਼ਾ ਰਹਿਣਾ ਚਾਹੀਦਾ ਹੈ। ਐਸੇ ਪਰਮ ਪਦ ਦੀ ਪ੍ਰਾਪਤੀ ਕਰਾਉਣ ਵਾਲੇ ਵਾਹਿਗੁਰੂ ਨਾਮ ਦਾ ਜੋ ਸੱਚਾ ਭੋਜਨ ਹੈ, ਤਿਸ ਨੂੰ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕੋਈ ਵਿਰਲਾ ਗੁਰਮੁਖਿ ਜਨ ਹੀ ਪਾਉਂਦਾ ਹੈ। ਸੱਚੇ ਅਭਿਆਗਤ ਉਹ ਨਹੀਂ ਅਖਵਾਉਂਦੇ (ਭਾਵ, ਉਹ ਝੂਠੇ ਤੇ ਪਾਖੰਡੀ ਅਭਿਆਗਤ ਹਨ) ਜੋ ਪਰਾਏ ਘਰਾਂ ਤੋਂ ਮੰਗ ਮੰਗ ਕੇ ਭੋਜਨ ਟੁਕੜੇ ਪਾਉਂਦੇ ਹਨ, ਅਤੇ ਆਪਣਾ ਢਿਡ ਭਰਨ ਲਈ ਹੀ ਮੰਗਤਿਆਂ ਦੇ ਬਹੁ ਪ੍ਰਕਾਰੀ ਭੇਖ ਧਾਰਨ ਕਰਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ, ਕਿ ਸੱਚੇ ਅਭਿਆਗਤ ਸੋਈ ਹਨ, ਜੋ ਗੁਰਮਤਿ ਨਾਮ ਅਭਿਆਸ ਮਈ ਆਤਮ ਗੋਣੀ (ਆਤਮਾ ਪਰਮਾਤਮਾ ਨੂੰ ਚੀਨਣਹਾਰੀ) ਸੱਚੀ ਕਮਾਈ ਕਰਦੇ ਹਨ, ਆਪਣੇ ਨਿਜ ਘਟ ਰੂਪੀ ਘਰ ਵਿਖੇ ਹੀ ਨਾਮ ਅਭਿਆਸੀ ਘਾਲ-ਕਮਾਈਆਂ ਕਰ ਕਰ ਕੇ ਵਾਹਿਗੁਰੂ ਰੂਪੀ ਸੱਚੇ ਸ਼ਬਦ ਨੂੰ ਭਾਲ ਲੈਂਦੇ ਹਨ, ਲਭ ਲੈਂਦੇ ਹਨ—

ਸਾਸਤੁ ਬੇਦੁ ਨ ਮਾਨੈ ਕੋਇ ॥ ਆਪੋ ਆਪੈ ਪੂਜਾ ਹੋਇ ॥<br>
ਕਾਜੀ ਹੋਇ ਕੈ ਬਹੈ ਨਿਆਇ ॥ ਫੇਰੇ ਤਸਬੀ ਕਰੇ ਖੁਦਾਇ ॥<br>
ਵਢੀ ਲੈ ਕੈ ਹਕੁ ਗਵਾਏ ॥ ਜੇ ਕੋ ਪੁਛੈ ਤਾ ਪੜਿ ਸੁਣਾਏ ॥<br>
ਤੁਰਕ ਮੰਤ੍ਰੁ ਕੰਨਿ ਰਿਦੈ ਸਮਾਹਿ ॥ ਲੋਕ ਮੁਹਾਵਹਿ ਚਾੜੀ ਖਾਹਿ ॥<br>
ਚਉਕਾ ਦੇ ਕੈ ਸੁਚਾ ਹੋਇ ॥ ਐਸਾ ਹਿੰਦੂ ਵੇਖਹੁ ਕੋਇ ॥<br>
ਜੋਗੀ ਗਿਰਹੀ ਜਟਾ ਬਿਭੂਤ ॥ ਆਗੈ ਪਾਛੈ ਰੋਵਹਿ ਪੂਤ ॥<br>
ਜੋਗੁ ਨ ਪਾਇਆ ਜੁਗਤਿ ਗਵਾਈ ॥ ਕਿਤੁ ਕਾਰਣਿ ਸਿਰਿ ਛਾਈ ਪਾਈ ॥<br>
ਨਾਨਕ ਕਲਿ ਕਾ ਏਹੁ ਪਰਵਾਣੁ ॥ ਆਪੇ ਆਖਣੁ ਆਪੇ ਜਾਣੁ ॥੧॥੧੧॥

(ਰਾਮਕਲੀ ਕੀ ਵਾਰ, ਸਲੋਕ ਮ: ੧, ਪੰ: ੯੫੧)

ਆਨਮਤੀ ਪੁਸਤਕਾਂ ਸ਼ਾਸਤ੍ਰ ਬੇਦ ਆਦਿਕ ਮੰਨਣ ਵਾਲਾ ਵਾਸਤਵ ਵਿਚ ਕੋਈ ਨਹੀਂ, ਨਾ ਹੀ ਸ਼ਾਸਤ੍ਰ ਬੇਦ ਆਦਿਕ ਅਨਮਤੀ ਪੁਸਤਕਾਂ ਦੀ ਮਨੌਤੀ ਕੁਛ ਕਿਸੇ ਦਾ ਪਾਰ-ਉਤਾਰਾ ਕਰ ਸਕਦੀ ਹੈ। ਬੇਦ ਸ਼ਾਸਤ੍ਰ ਆਦਿ ਪੁਸਤਕਾਂ ਨੂੰ ਪੜ੍ਹਨਹਾਰੇ ਆਪਣੇ ਸੁਆਰਥ ਲਈ ਹੀ ਆਪੋ ਆਪਣੀ ਪੂਜਾ ਕਰਾਂਵਦੇ ਹਨ। ਤਾਂ ਤੇ ਇਹਨਾਂ ਆਨਮਤੀ ਪੁਸਤਕਾਂ ਬੇਦ ਸ਼ਾਸਤ੍ਰ ਆਦਿਕਾਂ ਦੀ ਪੜ੍ਹਾਈ ਨਿਰਾ ਸੁਆਰਥ ਸਿਧ ਕਰਨ ਲਈ ਹੀ ਪਾਖੰਡ ਰਚਿਆ ਹੋਇਆ ਹੈ। ਏਸੇ ਪ੍ਰਕਾਰ ਹੀ ਜੋ **ਮੁਸਲਮਾਨੀ**

ਮਤ ਦੇ ਕਾਜ਼ੀ ਲੋਕ ਹਨ, ਉਹ ਮਨ-ਮੰਨੀ ਪਾਖੰਡੀ ਸ਼ਰ੍ਹਾ ਅਨੁਸਾਰ ਨਿਆਉਂ ਕਰਨ ਬੈਠ ਜਾਂਦੇ ਹਨ, ਪਰ ਨਿਆਉਂ ਨਿਬੇੜ ਨਹੀਂ ਸਕਦੇ। ਉਪਰੋਂ ਉਪਰੋਂ ਤਾਂ ਲੋਕ-ਦਿਖਾਵੇ ਲਈ ਹੱਥ ਵਿਚ ਤਸਬੀ ਮਾਲਾ ਫੜ ਕੇ ਫੇਰਦੇ ਹਨ, ਅਤੇ ਖ਼ੁਦਾਇ ਖ਼ੁਦਾਇ ਕਰਦੇ ਹਨ, ਪਰੰਤੂ ਅੰਦਰੋਂ ਇਹ ਭੇਖ-ਦਿਖਾਵਾ ਲੋਕਾਂ ਨੂੰ ਦਿਖਾ ਕੇ ਉਨ੍ਹਾਂ ਦੀ ਨੀਅਤ ਲੋਕਾਂ ਪਾਸੋਂ ਵਢੀ ਰਿਸ਼ਵਤ ਲੈਣ ਦੀ ਹੁੰਦੀ ਹੈ। ਇਸ ਨੀਅਤ ਦੇ ਅਧੀਨ ਹੋ ਕੇ ਹੱਕ ਹਕੀਕਤ ਰੂਪੀ ਸੱਚੇ ਨਿਆਉਂ ਨੂੰ ਹੱਥੋਂ ਗਵਾ ਬੈਠਦੇ ਹਨ। ਜੇ ਕੋਈ ਅਗੋਂ ਉਹਨਾਂ ਨੂੰ ਪੁਛੇ ਕਿ ਐਸਾ ਕਿਉਂ ਕਰਦੇ ਹੋ ? ਤਾਂ ਅਗੋਂ ਕੋਈ ਨ ਕੋਈ ਸ਼ਰ੍ਹਾ ਦਾ ਮਸਲਾ ਘੜ ਕੇ ਤੇ ਪੜ੍ਹ ਕੇ ਸੁਣਾ ਦੇਂਦੇ ਹਨ। ਉਪਦੇਸ਼ੀ ਤੁਰਕਾਂ ਦਾ ਮੰਤਰ ਇਸਲਾਮੀ ਕਲਮਾ ਕੰਨਾਂ ਤੇ ਹਿਰਦੇ ਵਿਚ ਵਸਾਉਂਦੇ ਹਨ, ਇਸ ਪ੍ਰਕਾਰ ਰਿਸ਼ਵਤ ਖਾ ਖਾ ਕੇ ਲੋਕਾਂ ਨੂੰ ਲੁਟਦੇ ਮੁਠਦੇ ਹਨ। ਐਸੇ ਪਾਖੰਡੀ ਲੋਕ ਬਥੇਰੇ ਦੇਖੀਦੇ ਹਨ, ਜੋ ਚਉਕਾ ਦੇ ਕੇ ਹੀ ਸੁੱਚੇ ਬਣ ਬਣ ਬਹਿੰਦੇ ਹਨ । ਜੋਗੀ ਗਿਰਹੀ ਜਟਾਧਾਰੀ ਅਤੇ ਬਿਭੂਤ (ਸਵਾਹ) ਮਲਣ ਵਾਲੇ ਵੀ ਭੇਖ ਬਥੇਰੇ ਦੇਖੀਦੇ ਹਨ, ਜੋ ਐਵੇਂ ਰੁਲਦੇ ਫਿਰਦੇ ਹਨ। ਅਗੇ ਪਿਛੇ ਉਹਨਾਂ ਦੇ ਪੁਤ ਧੀਆਂ ਵੀ ਰੋਂਦੇ ਫਿਰਦੇ ਹਨ, ਸੱਚਾ ਯੋਗ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦਾ, ਸੱਚੀ ਜੋਗ-ਜੁਗਤ ਗਵਾਈ ਫਿਰਦੇ ਹਨ, ਐਵੇਂ ਅਕਾਰਣ ਹੀ ਸਿਰ ਵਿਚ ਸਵਾਹ ਪਾ ਪਾ ਕੇ ਬਿਗੁਚਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਕਲਜੁਗ ਦਾ ਇਹ ਮਾਪ ਤੇ ਤੋਲ ਹੈ ਕਿ ਆਪੇ ਹੀ ਆਖਣ ਵਾਲੇ ਅਤੇ ਆਪੇ ਹੀ ਜਾਨਣਹਾਰੇ ਬਣ ਬਹਿੰਦੇ ਹਨ।

ਅਗਲੇ ਗੁਰਵਾਕ ਵਿਖੇ ਪਾਖੰਡੀ ਹਿੰਦੂ ਤੇ ਪਾਖੰਡ ਭੇਖੀ ਤੁਰਕ ਦਾ ਖੰਡਨ ਕੀਤਾ ਗਿਆ ਹੈ। ਹਿੰਦੂ ਤਾਂ ਜਨੇਊ ਪਾਉਣ ਵਿਚ ਹੀ ਹਿੰਦੂ-ਪੁਣਾ ਸਮਝੀ ਬੈਠੇ ਹਨ, ਤੇ ਸੂਤ ਦੇ ਧਾਗੇ (ਜਨੇਊ) ਨੂੰ ਹਿੰਦੂ ਮੰਤਰ ਕੁਮੰਤਰ ਪੜ੍ਹ ਕੇ ਗਲ ਵਿਚ ਪਾਉਣ ਨਾਲ ਹੀ ਮੁਕਤੀ ਪਦ ਦੀ ਪ੍ਰਾਪਤੀ ਸਮਝਦੇ ਹਨ, ਉਂਜ ਸੂਤ ਵਾਲਾ ਜਨੇਊ ਪਾ ਕੇ ਬੁਰਾਈਆਂ ਕਰਦੇ ਫਿਰਦੇ ਹਨ। ਅਜਿਹੇ ਪਾਖੰਡੀਆਂ ਹਿੰਦੂਆਂ ਦਾ ਨਹਾਉਣਾ ਧੋਣਾ ਭੀ ਦਿਖਾਵੇ ਦਾ ਹੁੰਦਾ ਹੈ, ਜੋ ਥਾਇ ਨਹੀਂ ਪੈਂਦਾ। ਮੁਸਲਮਾਨ ਭੀ ਆਪਣੀ ਫੋਕੀ ਵਡਿਆਈ ਕਰਦੇ ਫਿਰਦੇ ਹਨ, ਪਰੰਤੂ ਸੱਚੇ ਗੁਰੂ ਪੀਰ ਦੇ ਮਿਲੇ ਬਿਨਾਂ ਕਿਸੇ ਦੀ ਵੀ ਘਾਲ ਥਾਉਂ ਨਹੀਂ ਪੈਂਦੀ। ਸੱਚਾ ਗੁਰੂ ਪੀਰ ਸਤਿਗੁਰੂ ਜੋ ਸੱਚਾ ਮਾਰਗ ਦਸਦਾ ਹੈ, ਉਸ ਉਪਰ ਕੌਣ ਚਲਦਾ ਹੈ ? ਸੱਚੀ ਸੁਕ੍ਰਿਤ ਕਰਨੀ ਬਾਝੋਂ ਸੁਰਗ ਬਹਿਸ਼ਤ ਕਿਸੇ ਨੂੰ ਨਹੀਂ ਮਿਲਦੇ। ਉਹਨਾਂ ਦੇ ਪਾਸ ਕੰਨ ਵਿਚ ਮੁੰਦਰਾਂ ਪਾਉਣ ਤੋਂ ਬਿਨਾਂ ਹੋਰ ਕੋਈ ਜੁਗਤੀ ਹੀ ਨਹੀਂ, ਐਵੇਂ ਦਿਖਾਵੇ ਦਾ ਭੇਖ ਦਿਖਾ ਕੇ ਮੁੰਦਰਾਂ ਪਾ ਪਾ ਕੇ ਦੁਨੀਆ (ਸੰਸਾਰ) ਵਿਚ ਬਿਚਰਦੇ ਫਿਰਦੇ ਹਨ, ਪਰ ਉਨ੍ਹਾਂ ਨੂੰ ਸੱਚਾ ਸਿਰਜਣਹਾਰ ਕਰਤਾਰ ਦਿਸਦਾ ਹੀ ਨਹੀਂ, ਜੋ ਹਰ ਥਾਂ ਮੌਜੂਦ ਹੈ। ਸਤਿਗੁਰੂ ਦੀ ਕਿਰਪਾ ਦੁਆਰਾ ਜਿਸ ਗੁਰਮੁਖਿ ਜਨ ਨੂੰ ਇਸ ਦੁਨੀਆ ਵਿਚ ਰਹਿ ਕੇ ਹੀ ਸੱਚੇ

ਵਾਹਿਗੁਰੂ ਦੀ ਜਾਣ ਪਛਾਣ ਆਉਂਦੀ ਹੈ, ਉਹੀ ਸੱਚੀ ਦਰਗਾਹ ਵਿਚ ਜਾ ਕੇ ਮਾਣ ਪਾਉਂਦਾ ਹੈ। ਹੋਰ ਹਿੰਦੂ ਮੁਸਲਮਾਨ ਆਦਿਕ ਭੇਖ ਫੋਕਟ ਅਤੇ ਫ਼ਜ਼ੂਲ ਹੀ ਹਨ, ਸਭਨਾਂ ਦਾ (ਕੀ ਹਿੰਦੂ, ਕੀ ਮੁਸਲਮਾਨ) ਸੱਚੀ ਦਰਗਾਹੇ ਜਾ ਕੇ ਲੇਖਾ ਹੋਣਾ ਹੈ। ਗੁਰੂ-ਦਰਸਾਈ ਅਤੇ ਸਤਿਗੁਰੂ ਦਰਸਾਈ ਸੱਚੀ ਸੁਕ੍ਰਿਤ ਕਰਨੀ ਬਾਝੋਂ ਇਨ੍ਹਾਂ ਆਨਮਤ ਭੇਖਾਂ ਹਿੰਦੂ ਮੁਸਲਮਾਨਾਂ ਵਿਚੋਂ ਕੋਈ ਭੀ ਤਰ ਨਹੀਂ ਸਕਦਾ। ਸਤਿਗੁਰੂ ਦੀ ਸੁਮਤਿ ਅਨੁਸਾਰ ਜੋ ਕੋਈ ਗੁਰਮੁਖਿ ਜਨ ਸੱਚੇ ਵਾਹਿਗੁਰੂ ਦਾ ਸੱਚਾ ਨਾਮ (ਗੁਰਮੰਤ੍ਰ) ਵਖਾਣਦਾ ਹੈ, ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਉਸ ਦੀ ਅਗੇ ਜਾ ਕੇ ਪੁਛ ਨਹੀਂ ਹੁੰਦੀ, ਅਰਥਾਤ, ਉਸ ਤੋਂ ਕੋਈ ਲੇਖਾ ਨਹੀਂ ਮੰਗ ਸਕਦਾ। ਯਥਾ ਗੁਰਵਾਕ—

ਹਿੰਦੂ ਕੈ ਘਰਿ ਹਿੰਦੂ ਆਵੈ ॥ ਸੂਤੁ ਜਨੇਊ ਪੜਿ ਗਲਿ ਪਾਵੈ ॥
ਸੂਤੁ ਪਾਇ ਕਰੇ ਬੁਰਿਆਈ ॥ ਨਾਤਾ ਧੋਤਾ ਥਾਇ ਨ ਪਾਈ ॥
ਮੁਸਲਮਾਨੁ ਕਰੇ ਵਡਿਆਈ ॥ ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥ ਕਰਣੀ ਬਾਝਹੁ ਭਿਸਤਿ ਨ ਪਾਇ ॥
ਜੋਗੀ ਕੈ ਘਰਿ ਜੁਗਤਿ ਦਸਾਈ ॥ ਤਿਤੁ ਕਾਰਣਿ ਕਨਿ ਮੁੰਦ੍ਰਾ ਪਾਈ ॥
ਮੁੰਦ੍ਰਾ ਪਾਇ ਫਿਰੈ ਸੰਸਾਰਿ ॥ ਜਿਥੈ ਕਿਥੈ ਸਿਰਜਣਹਾਰੁ ॥
ਜੇਤੇ ਜੀਅ ਤੇਤੇ ਵਾਟਾਊ ॥ ਚੀਰੀ ਆਈ ਢਿਲ ਨ ਕਾਊ ॥
ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ ॥
ਸਚੋ ਸਚੁ ਵਖਾਣੈ ਕੋਇ ॥ ਨਾਨਕ ਅਗੈ ਪੁਛ ਨ ਹੋਇ ॥੨॥੧੧॥

[ਰਾਮਕਲੀ ਕੀ ਵਾਰ, ਮ: ੧, ਪੰਨਾ ੯੫੧-੫੨

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥
ਬੋਲੈ ਈਸਰੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੨॥ (ਮ: ੧)
ਸੋ ਅਉਧੂਤੀ ਜੋ ਧੂਪੈ ਆਪੁ ॥ ਭਿਖਿਆ ਭੋਜਨੁ ਕਰੈ ਸੰਤਾਪੁ ॥
ਅਉਹਠ ਪਟਣ ਮਹਿ ਭੀਖਿਆ ਕਰੈ ॥ ਸੋ ਅਉਧੂਤੀ ਸਿਵਪੁਰਿ ਚੜੈ ॥
ਬੋਲੈ ਗੋਰਖੁ ਸਤਿ ਸਰੂਪ ॥ ਪਰਮ ਤੰਤ ਮਹਿ ਰੇਖ ਨ ਰੂਪ ॥੩॥ (ਮ: ੧)
ਸੋ ਉਦਾਸੀ ਜਿ ਪਾਲੇ ਉਦਾਸੁ ॥ ਅਰਧ ਉਰਧ ਕਰੇ ਨਿਰੰਜਨ ਵਾਸੁ ॥
ਚੰਦ ਸੂਰਜ ਕੀ ਪਾਏ ਗੰਢਿ ॥ ਤਿਸੁ ਉਦਾਸੀ ਕਾ ਪੜੈ ਨ ਕੰਧੁ ॥
ਬੋਲੈ ਗੋਪੀ ਚੰਦੁ ਸਤਿ ਸਰੂਪੁ ॥ ਪਰਮ ਤੰਤ ਮਹਿ ਰੇਖ ਨ ਰੂਪੁ ॥੪॥ (ਮ:੧)
ਸੋ ਪਾਖੰਡੀ ਜਿ ਕਾਇਆ ਪਖਾਲੇ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ॥
ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥

ਬੋਲੈ ਚਰਪਟੁ ਸਤਿ ਸਰੂਪੁ ।। ਪਰਮ ਤੰਤ ਮਹਿ ਰੇਖ ਨ ਰੂਪੁ ।।੫।। (ਮ: ੧)
ਸੋ ਬੈਰਾਗੀ ਜਿ ਉਲਟੇ ਬ੍ਰਹਮੁ ।। ਗਗਨ ਮੰਡਲ ਮਹਿ ਰੋਪੈ ਥੰਮੁ ।।
ਅਹਿਨਿਸਿ ਅੰਤਰਿ ਰਹੈ ਧਿਆਨਿ ।। ਤੇ ਬੈਰਾਗੀ ਸਤ ਸਮਾਨਿ ।।
ਬੋਲੈ ਭਰਥਰਿ ਸਤਿ ਸਰੂਪੁ ।। ਪਰਮ ਤੰਤ ਮਹਿ ਰੇਖ ਨ ਰੂਪੁ ।।੬।। (ਮ: ੧)
ਕਿਉ ਮਰੈ ਮੰਦਾ ਕਿਉ ਜੀਵੈ ਜੁਗਤਿ।।ਕੰਨ ਪੜਾਇ ਕਿਆ ਖਾਜੈ ਭੁਗਤਿ।।
ਆਸਤਿ ਨਾਸਤਿ ਏਕੋ ਨਾਉ ।। ਕਉਣੁ ਸੁ ਅਖਰੁ ਜਿਤੁ ਰਹੈ ਹਿਆਉ ।।
ਧੂਪ ਛਾਵ ਜੇ ਸਮ ਕਰਿ ਸਹੈ ।। ਤਾ ਨਾਨਕੁ ਆਖੈ ਗੁਰੁ ਕੋ ਕਹੈ ।।
ਛਿਅ ਵਰਤਾਰੇ ਵਰਤਹਿ ਪੂਤ ।। ਨਾ ਸੰਸਾਰੀ ਨਾ ਅਉਧੂਤ ।।
ਨਿਰੰਕਾਰਿ ਜੋ ਰਹੈ ਸਮਾਇ।।ਕਾਹੇ ਭੀਖਿਆ ਮੰਗਣਿ ਜਾਇ।।੭।।੧੨।।(ਮ:੧

[ਰਾਮਕਲੀ ਕੀ ਵਾਰ, ਪੰਨਾ ੯੫੨-੫੩

ਏਸ ਗੁਰਵਾਕ ਦੁਆਰਾ ਭੀ ਗੁਰੂ ਸਾਹਿਬ ਨੇ ਅਨਿਕ ਪ੍ਰਕਾਰ ਦੇ ਆਨਮਤੀ ਭੇਖਾਂ—ਗਿਰਹੀ, ਜਪ ਤਪ ਸੰਜਮੀ, ਭੀਖਿਆਧਾਰੀ ਤੇ ਹੋਰ ਅਨਿਕ ਪ੍ਰਕਾਰੀ ਪਾਖੰਡੀਆਂ ਦੇ ਪਾਖੰਡ ਭੇਖ ਦਾ ਖੰਡਨ ਕੀਤਾ ਹੈ । ਇਨ੍ਹਾਂ ਸਾਰਿਆਂ ਦੇ ਮੁਕਾਬਲੇ ਵਿਚ ਸੱਚਾ ਸੁੱਚਾ ਗੁਰਮਤਿ ਧਰਮ ਦਾ ਮੰਡਨ ਕਰ ਦਿਖਾਇਆ ਹੈ । ਯਥਾ ਵਿਆਖਿਆ—

ਸੱਚਾ ਗ੍ਰਿਹਸਤੀ (ਗਿਰਹੀ) ਉਹ ਹੈ ਜੋ ਪੰਜਾਂ ਇੰਦਰਿਆਂ ਨੂੰ ਪਾਪਾਂ ਵਲੋਂ ਰੋਕਣ ਦਾ ਉਦਮ ਕਰਦਾ ਹੈ। ਕੇਵਲ ਗੁਰਮਤਿ ਨਾਮ ਅਭਿਆਸ ਦੁਆਰਾ ਹੀ ਇਹ ਇੰਦਰੇ ਦਮਨ ਹੁੰਦੇ ਹਨ । ਸੱਚਾ ਜਪ ਤਪ ਸੰਜਮ ਭੀ ਵਾਹਿਗੁਰੂ ਨਾਮ ਦੀ ਅਭਿਆਸ ਕਮਾਈ ਦੁਆਰਾ ਹੀ ਪ੍ਰਾਪਤ ਹੁੰਦਾ ਹੈ । ਜੋ ਐਸੇ ਨਾਮ ਅਭਿਆਸ ਦੀ ਮੰਗ ਹੀ ਵਾਹਿਗੁਰੂ ਪਾਸੋਂ ਮੰਗੇ, ਉਹ ਹੀ ਸੱਚਾ ਜਪੀ ਤਪੀ ਹੈ । ਹਠ-ਭੇਖ ਨਾਲ ਪੁੰਨੀ ਅਤੇ ਪਰਉਪਕਾਰੀ ਕੋਈ ਨਹੀਂ ਬਣ ਸਕਦਾ, ਗੁਰੂ ਦੁਆਰਿਓਂ ਦੀਖਿਆ ਲੈ ਕੇ ਅਤੇ ਗ੍ਰਿਹਸਤ ਵਿਚ ਰਹਿ ਕੇ ਹੀ ਸੱਚਾ ਪੁੰਨੀ ਤੇ ਪਰਉਪਕਾਰੀ ਹੋ ਸਕਦਾ ਹੈ । ਐਸੇ ਗੁਰਮੁਖਿ ਪਰਉਪਕਾਰੀ ਜਨ ਦਾ ਸਾਰਾ ਸਰੀਰ ਤਨ, ਮਨ, ਧਨ ਹੀ ਪੁੰਨ ਤੇ ਪਰਉਪਕਾਰ ਦਾ ਪੁਤਲਾ ਬਣ ਜਾਂਦਾ ਹੈ । ਐਸਾ ਗੁਰਮੁਖਿ ਗ੍ਰਿਹਸਤੀ ਜਨ ਘਰ ਵਿਖੇ (ਗ੍ਰਿਹਸਤ ਵਿਚ ਰਹਿ ਕੇ) ਹੀ ਸੱਚਾ ਪੁੰਨੀ ਪਰਉਪਕਾਰੀ ਹੁੰਦਾ ਹੋਇਆ ਪਰਮ ਪਵਿੱਤਰ ਤੇ ਸਾਫ਼ ਸੁਥਰਾ ਹੋ ਸਕਦਾ ਹੈ, ਗੰਗਾ ਜਲ ਨੀਰ ਵੀ ਉਥੇ ਮਾਤ ਹੈ । ਵਾਹਿਗੁਰੂ ਈਸ਼ਰ ਸਤਿ ਸਰੂਪ ਹੈ, ਤਾਂ ਤੇ ਉਸੇ ਦਾ ਨਾਮ (ਗੁਰਮੰਤਰ) ਰਾਤ ਦਿਨੇ ਉਚਾਰੀ ਜਾਵੇ । ਉਚਾਰਦਾ ਉਚਾਰਦਾ ਪਰਮਤੰਤੀ ਵਾਹਿਗੁਰੂ ਦੇ ਸਰੂਪ ਵਿਚ ਹੀ ਲੀਨ ਹੋ ਜਾਂਦਾ ਹੈ, ਜਿਸ ਪਰਮਤੰਤੀ ਸਰੂਪ ਵਾਹਿਗੁਰੂ ਦਾ ਨ ਕੋਈ ਰੇਖ ਹੈ ਨ ਰੂਪ ਹੈ ।

ਸੱਚਾ ਬੈਰਾਗੀ (ਅਉਧੂਤ) ਉਹ ਹੈ ਜੋ ਆਪਣਾ ਆਪ ਵਾਹਿਗੁਰੂ ਦੇ ਨਾਮ ਅਭਿਆਸ ਵਿਚ ਹੋਮ ਦੇਵੇ । ਸੱਚੇ ਗੁਰਮਤਿ ਮਾਰਗ ਧਾਰਨ ਕੀਤੇ ਬਿਨਾਂ ਹੋਰ ਜੋ

ਅਉਧੂਤ ਭੇਖੀ ਹਨ ਉਹ ਸਭ ਪਾਖੰਡੀ ਹਨ ਜਿਨ੍ਹਾਂ ਦਾ ਗੁਰਮਤਿ ਅੰਦਰ ਖੰਡਨ ਹੈ। ਸਰੀਰ ਉਤੇ ਤਤਖਸ਼ਾ ਰੂਪੀ ਕਸ਼ਟ ਸਹਾਰਨੇ ਨਿਰਾ ਵਰਮੀ ਨੂੰ ਮਾਰਨਾ ਹੈ, ਸਰੀਰ ਨੂੰ ਸਾਧਨ ਰੂਪੀ ਉਪਾਉ ਦੁਆਰਾ ਅਉਧੂਤ ਬਣੇ ਫਿਰਨਾ ਨਿਰਾ ਹੀ ਪਾਖੰਡ ਹੈ। ਵਾਹਿਗੁਰੂ ਨਾਮ ਦਾ ਭਿਖਿਆ ਰੂਪੀ ਭੋਜਨ ਲੈ ਕੇ ਸੁਤੇ ਸੁਭਾਵ ਹੀ ਨਾਮ-ਅਹਾਰੀ ਤੇ ਨਾਮ-ਅਧਾਰੀ ਨਿਰੰਕਾਰੀ ਬਣ ਜਾਈਦਾ ਹੈ। ਸੱਚੇ ਆਤਮ-ਰਸ ਪ੍ਰਾਪਤ ਹੋਏ ਬਿਨਾਂ ਨਿਰਾ ਭੋਜਨ ਦਾ ਤਿਆਗੀ ਬਣਨਾ ਐਵੇਂ ਸਰੀਰ ਨੂੰ ਸੁਕਾਣਾ ਤੇ ਸੰਤਾਪ ਦੇਣਾ ਹੀ ਹੈ, ਜਿਸ ਦਾ ਗੁਰਮਤਿ ਅੰਦਰ ਉੱਕਾ ਹੀ ਵਿਧਾਨ ਨਹੀਂ। ਹਿਰਦੇ ਰੂਪੀ ਸ਼ਹਿਰ (ਪਟਨ) ਵਿਖੇ ਨਾਮ ਰੂਪੀ ਭੀਖਿਆ ਦਾ ਹੀ ਭੋਜਨ ਕਰੇ, ਐਸਾ ਅਉਧੂਤੀ ਵਾਹਿਗੁਰੂ ਦੇ ਅਗਮ ਅਗੋਚਰ ਦੇਸ ਵਿਖੇ ਜਾ ਚੜ੍ਹਦਾ ਹੈ। ਸਤਿ ਸਰੂਪ ਗੋਰਖ ਮਈ ਵਾਹਿਗੁਰੂ ਨਾਮ ਹੀ ਉਚਾਰੀ ਜਾਵੇ, ਇਸ ਬਿਧਿ ਉਹ ਪਰਮ ਤੰਤ ਵਾਹਿਗੁਰੂ ਦੇ ਸਰੂਪ ਵਿਚ ਹੀ ਜਾ ਸਮਾਉਂਦਾ ਹੈ, ਜਿਸ ਦਾ ਰੂਪ ਰੇਖ ਕੋਈ ਨਹੀਂ।

ਇਸੇ ਪ੍ਰਕਾਰ ਜੋ ਗੇਰੂ ਰੰਗ ਦੇ ਕਪੜੇ ਪਹਿਨ ਕੇ ਉਦਾਸੀ ਬਣੇ ਫਿਰਦੇ ਹਨ, ਉਹ ਪਾਖੰਡ-ਭੇਖੀ ਉਦਾਸੀ ਹਨ। ਸੱਚਾ ਉਦਾਸੀ ਉਹ ਹੈ ਜੋ ਸੱਚੇ ਉਦਾਸ ਨੂੰ ਪਾਲਦਾ ਹੈ, ਵਾਹਿਗੁਰੂ ਨਾਮ ਦਾ ਰਸੀਆ ਹੋ ਕੇ ਗ੍ਰਿਹਸਤ ਵਿਚ ਰਹਿ ਕੇ ਹੀ ਸੱਚਾ ਗ੍ਰਿਹਸਤ-ਉਦਾਸੀ ਬਣਦਾ ਹੈ, ਉਤਾਂਹ ਹਿਠਾਂਹ ਸਵਾਸ ਅਭਿਆਸੀ ਵਾਹਿਗੁਰੂ ਨਾਮ ਦੀ ਕਮਾਣ ਨੂੰ ਖਿਚ ਕੇ ਨਾਭੀ ਵਿਖੇ ਰਸ-ਜੋਤਿ ਭਰੇ ਤਾਣ ਦੁਆਰਾ ਨਿਰੰਜਨ ਵਾਹਿਗੁਰੂ ਦੇ ਸੱਚੇ ਸਰੂਪ ਦਾ ਵਾਸਾ ਹੀ ਅਖ਼ਤਿਆਰ ਕਰੀ ਰਖੇ। ਇਹ ਜੋ ਸੰਨਿਆਸੀ ਜੋਗੀ ਪਾਖੰਡ ਸੰਨਿਆਸ-ਜੋਗ ਦੁਆਰਾ ਝੂਠ ਮੂਠ ਚੰਦ ਸੂਰਜ ਦੇ ਉਜਿਆਰੇ ਨੂੰ ਦੇਖਿਆ ਜ਼ਾਹਿਰ ਕਰਦੇ ਹਨ (ਜੋ ਵਾਸਤਵ ਵਿਚ ਕੁਛ ਵੀ ਨਹੀਂ, ਨਿਰਾ ਪਾਖੰਡ ਹੀ ਹੈ), ਇਸ ਦੇ ਥਾਉਂ ਵਾਹਿਗੁਰੂ ਨਾਮ ਦੀ ਧਣਖ ਦਸਵੇਂ ਦੁਆਰ ਵਿਖੇ ਚੜ੍ਹਾ ਕੇ ਗੁਰਮੁਖਿ ਜਗਿਆਸੂ ਅਭਿਆਸੀ ਜਨ ਕੋਟ ਸੂਰਜਾਂ ਦਾ ਉਜੀਆਰਾ ਦੇਖ ਸਕਦਾ ਹੈ, ਜਿਸ ਜੋਤਿ-ਉਜੀਆਰੇ ਦੇ ਤੇਜ ਵਿਖੇ ਕੋਟਾਨ ਕੋਟ ਚੰਦ੍ਰਮਾਵਾਂ ਦੀਆਂ ਸੀਤਲਤਾਵਾਂ ਭਰੀਆਂ ਪਈਆਂ ਹਨ। ਜੋ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਕੇ ਆਪਣੇ ਹਿਰਦੇ ਅੰਦਰ ਹੀ ਗੰਠ (ਗੰਠੜੀ) ਬੰਨ੍ਹ ਲੈਂਦਾ ਹੈ, ਐਸੇ ਗੁਰਮਤਿ ਗੁਰਮੁਖਿ ਗ੍ਰਿਹਸਤ ਉਦਾਸੀ ਜਨ ਦੇ ਸੂਖਸ਼ਮ ਸਰੀਰ ਦਾ ਕਦੇ ਬਿਨਾਸ ਨਹੀਂ ਹੁੰਦਾ। ਉਹੀ ਸੱਚਾ ਗੋਪੀ ਚੰਦ ਦੇ ਨਾਮ ਵਾਲਾ ਜੋਗੀ ਹੈ, ਜੋ ਸਤਿ ਸਰੂਪ ਵਾਹਿਗੁਰੂ ਦਾ ਨਾਮ ਗੁਰਮੰਤਰ ਹੀ ਹਰ ਦਮ ਉਚਾਰਦਾ ਰਹੇ ਅਤੇ ਪਰਮ ਤੱਤ ਰੂਪ ਪਰਮੇਸ਼ਰ ਵਾਹਿਗੁਰੂ ਦੇ ਸਰੂਪ ਵਿਚ ਲੀਨ ਹੋ ਜਾਵੇ, ਜਿਸ ਦਾ ਜ਼ਾਹਿਰਾ ਕੋਈ ਵੀ ਰੂਪ ਰੇਖ ਨਹੀਂ ਹੈ।

ਵਾਮ ਮਾਰਗੀ ਪਾਖੰਡੀ ਭੇਖੀ ਉਹ ਹੈ ਜੋ ਖੁਲ੍ਹੇ ਡੁਲ੍ਹੇ ਅੰਦਰ ਬਹਿ ਕੇ

 www.sikhbookclub.com

ਸਾਰੇ ਪਾਪ ਕਮਾਉਂਦਾ ਹੈ ਤੇ ਪਾਪਾਂ ਰੂਪੀ ਕਾਮ-ਜਲ ਨਾਲ ਹੀ ਨਹਾਉਂਦਾ ਰਹਿੰਦਾ ਹੈ। ਇਸ ਦੇ ਥਾਉਂ ਗੁਰਮਤਿ ਦੁਆਰਾ, ਗੁਰਮਤਿ ਨਾਮ ਅਭਿਆਸੀ ਹੋ ਕੇ ਸੱਚਾ ਉਦਕ-ਇਸ਼ਨਾਨੀ ਬਣਿਆ ਰਹੇ, ਜਿਸ ਤੋਂ ਉਸ ਦੀ ਕਾਇਆਂ ਹੀ ਸੁਧਰ ਜਾਂਦੀ ਹੈ ਅਤੇ ਮਾਇਆ ਦਾ ਮੋਹਿਆ ਮਨ ਵੀ ਸੁਧਰ ਜਾਂਦਾ ਹੈ। ਕਾਇਆਂ ਰੂਪੀ ਅਗਨੀ ਵਿਚੋਂ ਹੀ ਸੱਚੀ ਬ੍ਰਹਮ ਜੋਤਿ ਨੂੰ ਪ੍ਰਜੁਲਤ ਕਰੇ। ਐਸਾ ਵਾਹਿਗੁਰੂ ਰੂਪੀ ਪਾਰਬ੍ਰਹਮ ਦਾ ਰਸਿਕ ਰਸੀਆ ਬਣੇ ਕਿ ਉਸ ਦੀ ਕਾਮ-ਚੇਸਟਾ ਉੱਕੀ ਹੀ ਉਡ ਜਾਵੇ। ਐਥੋਂ ਤਾਈਂ ਕਿ ਸੁਪਨੇ ਵਿਚ ਭੀ ਆਪਣਾ ਬੀਰਜ ਨ ਝਰਨ ਦੇਵੇ। ਐਸਾ ਗੁਰਮਤਿ ਨਾਮ-ਰਸੀਆ ਜੋਤਿ ਪ੍ਰਕਾਸ਼ੀ ਸੱਚਾ ਵਾਮ ਮਾਰਗੀ (ਪਾਖੰਡੀ) ਕਦੇ ਵੀ ਬੁਢੇਪੇ ਦੀ ਮੌਤ ਨਹੀਂ ਮਰਦਾ, ਯਥਾ ਗੁਰਵਾਕ—

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥੪੪॥
[ਸਲੋਕ ਮ: ੩ ਵਾਰਾਂ ਤੇ ਵਧੀਕ, ਪੰਨਾ ੧੪੧੮

ਵਿੱਦਤ ਹੋਵੇ ਕਿ ਵਾਮ ਮਾਰਗੀ ਇਕ ਐਸਾ ਪਾਖੰਡ ਭੇਖ ਹੈ, ਜਿਸ ਵਿਚ ਵਿਭਚਾਰ ਅਤੇ ਪਾਪਾਂ ਵਿਚ ਪ੍ਰਵਿਰਤ ਅਤੇ ਲਥ ਪਥ ਹੋਣ ਨੂੰ ਹੀ ਪੂਰਨ ਗਿਆਨ ਸਮਝਿਆ ਜਾਂਦਾ ਹੈ। ਐਸੇ ਪਾਪੀ ਕੁਕਰਮੀ ਵਿਭਚਾਰੀ ਲੋਕ, ਜਿਨ੍ਹਾਂ ਦਾ ਤਨ ਮਨ ਸਭ ਪਾਪਾਂ ਵਿਚ ਹੀ ਪ੍ਰਵਿਰਤ ਰਹਿੰਦਾ ਹੈ, ਤਨ ਮਨ ਕਰਕੇ ਜੀਉਂਦੇ ਜੀਅ ਹੀ ਬੁੱਢੇ ਹੋ ਜਾਂਦੇ ਹਨ, ਬਿਕਾਰ ਵਾਲੀ ਤ੍ਰਿਸ਼ਨਾ ਕਦੇ ਬੁਝਦੀ ਨਹੀਂ। ਬਸ ਬੁਝੇ ਹੀ ਰਹਿੰਦੇ ਹਨ ਸਾਰੀ ਉਮਰ ਅਤੇ ਕਰਿਝ ਕਰਿਝ ਕੇ ਮਰਦੇ ਹਨ। ਇਸ ਮਹਾਂ ਪਾਪਿਸ਼ਟ ਵਾਮ ਮਾਰਗੀ ਭੇਖ ਦਾ ਗੁਰਮਤਿ ਅਨੁਸਾਰ ਖ਼ਾਸ ਤੌਰ ਤੇ ਖੰਡਨ ਕੀਤਾ ਗਿਆ ਹੈ। ਸੱਚਾ ਸਪੱਸ਼ਟ ਜੋਗੀ ਉਹੀ ਹੈ ਜੋ ਰੂਪ ਰੇਖ ਤੋਂ ਨਿਆਰੇ ਸਤਿ ਸਰੂਪ ਵਾਹਿਗੁਰੂ ਦਾ ਸਵਾਸ ਸਵਾਸ ਚੇਤਨ ਕਰਦਾ ਰਹੇ।

ਉਹ ਬੈਰਾਗੀ ਭੇਖ ਨਿਰਾ ਪਾਖੰਡ ਹੈ ਜੋ ਗ੍ਰਿਹਸਤ ਤਿਆਗ ਕੇ ਬਨਾਂ ਜੰਗਲਾਂ ਵਿਚ ਜਾ ਬੈਠਣ ਨੂੰ ਹੀ ਬੈਰਾਗ ਪ੍ਰਾਪਤ ਦਸਦੇ ਹਨ। ਤਿਨ੍ਹਾਂ ਨੂੰ ਸੱਚਾ ਬੈਰਾਗ ਕਦੇ ਪ੍ਰਾਪਤ ਨਹੀਂ ਹੁੰਦਾ। ਸੋ ਉਹ ਜੰਗਲਾਂ ਵਿਚ ਵੀ ਜਾ ਕੇ ਫੁਰਨਿਆਂ ਕੁਫੁਰਨਿਆਂ, ਸੰਕਲਪਾਂ ਵਿਕਲਪਾਂ ਦਾ ਸ਼ਿਕਾਰ ਅੰਤਰਗਤੀ ਬਣੇ ਰਹਿੰਦੇ ਹਨ। ਗੁਰਮਤਿ ਅੰਦਰ ਸੱਚਾ ਬੈਰਾਗੀ ਉਹ ਹੈ ਜੋ ਗ੍ਰਿਹਸਤ ਵਿਚ ਰਹਿ ਕੇ ਗੁਰਮਤਿ ਨਾਮ ਦੀਆਂ ਐਸੀਆਂ ਅਤੁੱਟ ਅਭਿਆਸ ਕਮਾਈਆਂ ਕਰੇ ਕਿ ਵਾਹਿਗੁਰੂ ਰੂਪੀ ਬ੍ਰਹਮ ਹੀ ਉਲਟਾ ਉਸ ਦੇ ਹਿਰਦੇ ਵਿਚ ਆਇ ਵਸੇ, ਨਾਮ ਅਭਿਆਸ ਦੀ ਇਸ ਜੋਤਿ ਪ੍ਰਕਾਸ਼ ਸ਼ਕਤੀ ਨਾਲ ਨਾਭ ਕਮਲ ਵਿਖੇ ਸਵਾਸਾਂ ਦਾ ਐਸਾ ਅਹਿਲ ਥੰਮ੍ਹ ਬਣਾਵੇ ਕਿ ਸਾਰੇ ਰਿਦੇ ਅਕਾਸ਼-ਮੰਡਲੀ-ਪੁਲਾੜ ਨੂੰ ਜਗਮਗੀ ਜੋਤਿ ਨਾਲ ਜਗਾਇ ਅਤੇ ਗੁੰਜਾਇ ਦੇਵੇ ਅਤੇ ਦਿਨੇ ਰਾਤ ਅੰਤਰ-ਧਿਆਨ ਹੀ ਹੋਇ ਰਹੇ। ਐਸੇ ਬੈਰਾਗੀ ਜਨ ਸਤਿ ਸਰੂਪ ਵਾਹਿਗੁਰੂ ਸਮਾਨ

ਹੀ ਹੋਇ ਰਹਿੰਦੇ ਹਨ। ਸੱਚਾ ਭਰਥਰੀ ਜੋਗੀ ਵੀ ਉਹੀ ਹੋ ਸਕਦਾ ਹੈ ਜੋ ਰੂਪ ਰੇਖ ਤੋਂ ਨਿਆਰੇ ਪਰਮ ਤੱਤੀ ਵਾਹਿਗੁਰੂ ਦੇ ਸੱਚੇ ਸਰੂਪ ਵਿਚ ਸਦਾ ਲੀਨ ਹੋਇ ਰਹੇ।

ਕੰਨ ਪੜਵਾ ਕੇ ਭੋਜਨ ਕਰਨ ਦਾ ਕੀ ਲਾਭ ? ਇਸ ਬਿਧਿ ਨਾ ਹੀ ਸੱਚਾ ਜੋਗੀ ਸੰਨਿਆਸੀ ਬਣ ਸਕੀਦਾ ਹੈ, ਨਾ ਹੀ ਇਸ ਬਿਧਿ ਅੰਦਰਲੀ ਪਾਪਾਂ ਭਰੀ ਬੁਰਾਈ ਮਿਟ ਸਕਦੀ ਹੈ ਤੇ ਨਾ ਹੀ ਅਸਲੀ ਤਤ-ਜੀਵਨ ਦੀ ਜੁਗਤੀ ਪ੍ਰਾਪਤ ਹੋ ਸਕਦੀ ਹੈ। ਸਤਿ ਅਸਤਿ ਦੋਹਾਂ ਹਾਲਤਾਂ (*Spheres*) ਵਿਚ ਇਕੋ ਗੁਰਮਤਿ ਨਾਮ, ਗੁਰ ਦੀਖਿਅਤ ਗੁਰਮੰਤਰ ਵਾਹਿਗੁਰੂ ਹੀ ਕੰਮ ਆਉਂਦਾ ਹੈ। ਹੀਅੜੇ-ਜੀਅੜੇ ਨੂੰ ਥੰਮ੍ਹੀ ਰੱਖਣ ਵਾਲਾ ਇਕ ਇਹੋ ਹੀ ਉਪਾਉ ਹੈ ਕਿ ਹਰ ਦਮ ਵਾਹਿਗੁਰੂ ਨਾਮ ਰੂਪੀ ਸੱਚੇ ਅੱਖਰ (ਲਫ਼ਜ਼, ਪਦ) ਨੂੰ ਹੀ ਹਿਰਦੇ ਅੰਦਰ ਪੂਰੀ ਰਖੇ। ਐਸੇ ਉਚ ਪਦ ਵਾਲੇ ਗੁਰਮੁਖਿ ਅਭਿਆਸੀ ਜਨ ਨੂੰ ਧੁਪ ਅਤੇ ਛਾਉਂ, ਉਸਨ ਅਤੇ ਸੀਤ ਸਮਾਨ ਹੀ ਪ੍ਰਤੀਤ ਹੁੰਦੀਆਂ ਹਨ। ਇਹ ਕੇਵਲ,ਗੁਰ ਨਾਨਕ ਸਾਹਿਬ ਦਾ ਗੁਰੂ ਘਰ ਹੀ ਹੈ ਜਿਸ ਅੰਦਰ ਰਹਿ ਕੇ ਗੁਰੂ ਵਾਹਿਗੁਰੂ ਰੂਪੀ ਨਾਮ ਅਭਿਆਸ ਨੂੰ ਸਵਾਸ ਸਵਾਸ ਰਟਨ ਕਰ ਸਕੀਦਾ ਹੈ। ਪਾਖੰਡੀ ਲੋਕ ਮਨ-ਉਕਤ ਗਿਣਤੀ ਦੇ ਖਟ ਵਰਤਾਰਿਆਂ ਵਿਚ ਵਰਤਣਹਾਰੇ ਪੁਤਲੇ ਹੁੰਦੇ ਹਨ, ਨਾ ਉਹ ਸੰਸਾਰੀ ਰਹਿੰਦੇ ਹਨ ਨਾ ਅਉਧੂਤੀ ਬਣ ਸਕਦੇ ਹਨ। ਜੋ ਗੁਰਮੁਖਿ ਨਿਰੰਕਾਰੀ ਜਨ ਵਾਹਿਗੁਰੂ ਨਿਰੰਕਾਰ ਦਾ ਨਾਮ ਜਪ ਕੇ ਨਿਰੰਕਾਰ ਦੇ ਸਰੂਪ ਵਿਚ ਹੀ ਸਮਾਏ ਰਹਿੰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਭੇਖ-ਧਾਰੀਆਂ ਵਾਂਗੂ ਭੀਖ ਮੰਗਣ ਦੀ ਕੋਈ ਲੋੜ ਹੀ ਨਹੀਂ ਰਹਿੰਦੀ।

# ੭੧. ਵਾਹਿਗੁਰੂ ਕਿਵੇਂ ਵਸ ਆਉਂਦਾ ਹੈ ?

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥
ਨਾ ਤੂ ਆਵਹਿ ਵਸਿ ਧਰਤੀ ਧਾਈਐ ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥
ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥੧੦॥

[ਪਉੜੀ, ਰਾਮਕਲੀ ਕੀ ਵਾਰ ਮ: ੫, ਪੰਨਾ ੯੬੨

ਇਸ ਗੁਰਵਾਕ ਪਉੜੀ ਦੇ ਭਾਵ ਤੋਂ ਸਿਧਾਂਤ ਸਿੱਟਾ ਇਹ ਨਿਕਲਦਾ ਹੈ ਕਿ ਨਾ ਹੀ ਆਨਮਤ ਪੁਸਤਕਾਂ ਦੇ ਪੜ੍ਹਿਆਂ ਘੋਖਿਆਂ ਅਤੇ ਨਾ ਹੀ ਆਨਮਤ ਕਰਮਾਂ ਦੇ

ਕੀਤਿਆਂ ਅਤੇ ਨਾ ਹੀ ਦੁਰਮਤਿ ਕਰਮੀ ਸਿਖਿਆ ਦੇ ਲੀਤਿਆਂ ਪ੍ਰਮਾਰਥ ਸਿਧ ਹੁੰਦਾ ਹੈ ਅਤੇ ਨਾ ਹੀ ਪਰਮਾਤਮਾ ਮਿਲਦਾ ਹੈ। ਬਲਕਿ ਨਿਰੋਲ ਗੁਰਮਤਿ ਅਨੁਸਾਰ ਘਾਲਣਾ ਘਾਲਿਆਂ ਹੀ ਅਕਾਲ ਪੁਰਖ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਯਥਾ ਵਿਆਖਿਆ—

ਬਹੁਤ ਸਾਰੇ ਮਤ ਇਹ ਸਿਖਾਂਵਦੇ ਹਨ ਕਿ ਆਪਣੀ ਨਿਜ ਸਹੇੜ ਕੁਮੱਤੜੀ ਤੋਂ ਬਿਨਾਂ ਹੋਰ ਸਭ ਮਤੜੀਆਂ ਤੋਂ ਘਿਰਣਾ ਨਫ਼ਰਤ ਕੀਤੀ ਜਾਵੇ, ਸਗੋਂ ਆਪਣੇ ਆਪ ਨੂੰ ਪਾਰਸਾਅ ਜਣਾਇਆਂ ਅਤੇ ਆਪਣੇ ਛੁਟ ਹੋਰਨਾਂ ਲੋਕਾਂ ਨੂੰ ਹੇਚ ਸਮਝਿਆਂ ਵਾਹਿਗੁਰੂ ਵਸ ਨਹੀਂ ਆਉਂਦਾ, ਅਤੇ ਨਾ ਹੀ ਬੇਦਾਂ ਦੇ ਪੜ੍ਹਿਆਂ ਪੜ੍ਹਾਇਆਂ ਹੀ ਵਾਹਿਗੁਰੂ ਵਸਗਤਿ ਹੁੰਦਾ ਹੈ। ਆਨਮਤੀ ਤੀਰਥਾਂ ਦੇ ਨ੍ਹਾਤਿਆਂ ਵੀ ਵਾਹਿਗੁਰੂ ਵਸਗਤਿ ਨਹੀਂ ਆਉਂਦਾ ਅਤੇ ਨਾ ਹੀ ਧਰਤੀ ਬਸੁਧਾ ਉਤੇ ਧਾਇਆਂ (ਗਵਨ ਕੀਤਿਆਂ) ਬਹੁਤਾ ਫਿਰਿਆਂ ਹੀ ਪ੍ਰਮਾਰਥ ਦੀ ਸਿਧੀ ਹੁੰਦੀ ਹੈ। ਨਾ ਹੀ ਬਹੁਤੀਆਂ ਫ਼ਿਲਾਸਫ਼ੀਆਂ ਦੇ ਪੜ੍ਹਿਆਂ ਤੇ ਅਕਲੀ ਢਕੌਂਸਲਿਆਂ ਦੇ ਦੁਹਰਾਇਆਂ ਹੀ ਵਾਹਿਗੁਰੂ ਮਿਲਦਾ ਹੈ, ਅਤੇ ਨਾ ਹੀ ਬਹੁਤਾ ਦਾਨੀ ਬਣਿਆਂ ਹੀ ਕੁਝ ਸੌਰਦਾ ਹੈ, ਬਲਕਿ ਹੰਕਾਰ ਹੀ ਵਧਦਾ ਹੈ। ਪਰਮਾਤਮਾ ਪਾਉਣ ਵਾਲੇ ਪ੍ਰਮਾਰਥ ਦੀ ਤਾਂ ਕੀ ਸੋਝੀ ਆਉਣੀ ਸੀ ! ਮੇਰੇ ਅਗਮ ਅਗੋਚਰ ਵਾਹਿਗੁਰੂ ਦੇ ਹੀ ਸਭ ਕੋਈ ਤੇ ਸਭ ਕੁਝ ਵਸ-ਗਤਿ ਹੈ। ਉਸ ਨੂੰ ਆਪਣੀਆਂ ਅਕਲਾਂ ਨਾਲ ਕੋਈ ਵਸਗਤਿ ਨਹੀਂ ਕਰ ਸਕਦਾ। ਭਗਤਾਂ ਦੇ ਵਸ ਹੀ ਵਾਹਿਗੁਰੂ ਆਉਂਦਾ ਹੈ। ਜਿਨ੍ਹਾਂ ਭਗਤਾਂ ਦੇ ਵਸ ਤੂੰ ਆਂਵਦਾ ਹੈਂ, ਉਨ੍ਹਾਂ ਨੂੰ ਕੇਵਲ ਤੇਰਾ ਹੀ ਆਸਰਾ, ਬਲ, ਤਕੀਆ, ਤਾਣ ਹੁੰਦਾ ਹੈ। ਸੱਚੀ ਭਗਤੀ ਗੁਰਮਤਿ ਦੇ ਧਾਰਨ ਕੀਤਿਆਂ ਹੀ ਪ੍ਰਾਪਤ ਹੁੰਦੀ ਹੈ, ਐਵੇਂ ਨਹੀਂ। ਹੋਰ ਸਾਰੇ ਵਸੀਲੇ ਵਾਹਿਗੁਰੂ-ਪ੍ਰਾਪਤੀ ਦੇ ਐਵੇਂ ਅਜਾਈਂ ਹੀ ਜਾਂਦੇ ਹਨ, ਖ਼ਾਸ ਕਰ ਆਨਮਤ ਧਰਮ ਕਰਮ ਸਭ ਖੰਡਨ ਹਨ। ਗੁਰਮਤਿ ਮਾਰਗ ਤੇ ਚਲਿਆਂ ਹੀ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਜਿਹ ਮੁਖਿ ਬੇਦੁ ਗਾਇਤ੍ਰੀ ਨਿਕਸੈ ਸੋ ਕਿਉ ਬ੍ਰਹਮਨੁ ਬਿਸਰੁ ਕਰੈ ॥
ਜਾ ਕੇ ਪਾਇ ਜਗਤ ਸਭੁ ਲਾਗੈ ਸੋ ਕਿਉ ਪੰਡਿਤੁ ਹਰਿ ਨ ਕਹੈ ॥੧॥
ਕਾਹੇ ਮੇਰੇ ਬਾਮ੍ਹਨ ਹਰਿ ਨ ਕਹਹਿ ॥
ਰਾਮੁ ਨ ਬੋਲਹਿ ਪਾਡੇ ਦੋਜਕੁ ਭਰਹਿ ॥੧॥ਰਹਾਉ॥
ਆਪਨ ਊਚ ਨੀਚ ਘਰਿ ਭੋਜਨੁ ਹਠੇ ਕਰਮ ਕਰਿ ਉਦਰੁ ਭਰਹਿ ॥
ਚਉਦਹ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕੁ ਲੈ ਕੂਪਿ ਪਰਹਿ ॥੨॥
ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ॥
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ ॥੩॥੫॥

[ਰਾਮਕਲੀ ਕਬੀਰ ਜੀਉ, ਪੰਨਾ ੯੭੦

ਜਿਸ ਬ੍ਰਾਹਮਣ ਦੇ ਮੁਖੋਂ ਬੇਦ ਗਾਇਤ੍ਰੀ ਨਿਕਲਦੀ ਹੈ, ਸੋ ਬ੍ਰਾਹਮਣ ਵਾਹਿਗੁਰੂ ਨੂੰ ਕਿਉਂ ਵਿਸਾਰਦਾ ਹੈ ? ਭਾਵ, ਬੇਦ ਗਾਇਤ੍ਰੀ ਉਚਾਰਨਹਾਰਾ ਬ੍ਰਾਹਮਣ ਨਿਰਾ ਫੋਕਟ-ਕਰਮੀ ਹੈ, ਉਹ ਵੇਦ ਗਾਇਤ੍ਰੀ ਮੰਤਰ ਉਚਾਰਨਾ ਆਦਿਕ ਫੋਕਟ ਕਰਮ ਕਰਦਾ ਹੈ। ਵੇਦ ਗਾਇਤ੍ਰੀ ਮੰਤਰ, ਬੇਦ ਪੜ੍ਹਨਹਾਰੇ ਪੰਡਿਤ ਨੂੰ ਬ੍ਰਹਮ ਗਿਆਨ ਦ੍ਰਿੜ੍ਹਾਵਨ ਦੀ ਸਿਖਸ਼ਾ ਹੀ ਨਹੀਂ ਦੇਂਦੇ, ਤਾਂ ਤੇ ਬੇਦ ਗਾਇਤ੍ਰੀ ਪੜ੍ਹਨਹਾਰਾ ਪੰਡਿਤ ਵਾਹਿਗੁਰੂ ਸਿਮਰਨ ਵਲੋਂ ਕੋਰਾ ਹੀ ਰਹਿੰਦਾ ਹੈ ਤੇ ਵਾਹਿਗੁਰੂ ਨੂੰ ਵਿਸਾਰੀ ਹੀ ਰਖਦਾ ਹੈ। ਤਾਂ ਲਕਾਂ ਨੂੰ ਬੇਦ ਗਾਇਤ੍ਰੀ ਪੜ੍ਹਾਵਣ ਦ੍ਰਿੜ੍ਹਾਉਣ ਤੋਂ ਕੀ ਸਰ ਸਕਦਾ ਹੈ ? ਕੁਝ ਨਹੀਂ ਸਰ ਸਕਦਾ। ਜਿਸ ਦੇ ਪੈਰੀਂ ਸਭ ਜਗ ਪੈਂਦਾ ਹੈ, ਉਹ ਪੰਡਿਤ ਖ਼ੁਦ ਵਾਹਿਗੁਰੂ ਨਾਮ ਉਚਾਰਨ ਦੀ ਸਾਰ ਹੀ ਨਹੀਂ ਜਾਣਦਾ। ਹੇ ਮੇਰੇ ਭੋਲੇ ਬ੍ਰਾਹਮਣ ਭਾਈ–

ਤੂੰ ਵਾਹਿਗੁਰੂ ਦਾ ਨਾਮ ਕਿਉਂ ਨਹੀਂ ਉਚਾਰਨ ਕਰਦਾ, ਜਿਸ ਦੇ ਨ ਉਚਾਰਨ ਕੀਤਿਆਂ ਹੇ ਪਾਂਡੇ, ਤੂੰ ਦੋਜ਼ਖ ਹੀ ਭਰਦਾ ਹੈਂ। ਆਪਣੇ ਆਪ ਵਿਚ ਤੂੰ ਉੱਚਾ ਬਣਿਆ ਫਿਰਦਾ ਹੈਂ, ਹੋਰ ਸਾਰਿਆਂ ਜਾਤਿ-ਕਰਮੀਆਂ ਨੂੰ ਤੂੰ ਨੀਚ ਸਮਝਦਾ ਹੈਂ, ਪਰ ਤੂੰ ਐਡਾ ਉੱਚਾ ਕਹਾਉਣ ਵਾਲਾ ਬ੍ਰਾਹਮਣ ਆਪਣੇ ਮੁਖੋਂ ਦਸੀਆਂ ਨੀਚ ਜਾਤੀਆਂ ਵਾਲੇ ਪੁਰਸ਼ਾਂ ਦੇ ਘਰ ਭੋਜਨ ਕਿਉਂ ਕਰਦਾ ਏਂ ? ਤੂੰ ਤਾਂ ਨਿਰਾ ਹਠ ਕਰਮ ਕਰਕੇ ਪੇਟ ਭਰਦਾ ਏਂ। ਚੌਦਸ ਤੇ ਮੱਸਿਆ ਰਚ ਰਚ ਕੇ ਐਵੇਂ ਤੈਂ ਲੋਕਾਂ ਤੋਂ ਮੰਗਣ ਦਾ ਹੀਲਾ ਬਣਾਇਆ ਹੋਇਆ ਹੈ। ਹੱਥ ਤੇ ਦੀਵਾ ਹੁੰਦਿਆਂ ਹੋਇਆਂ ਤੂੰ ਖੂਹ ਵਿਚ ਡਿਗਦਾ ਹੈਂ। ਇਸ ਤੋਂ ਸਾਫ਼ ਸਿਧ ਹੋਇਆ ਕਿ ਫੋਕਟ-ਕਰਮੀ ਬ੍ਰਾਹਮਣਾਂ ਦੇ ਹਿਰਦੇ ਅੰਦਰ ਨਾਮ ਰੂਪੀ ਦੀਵਾ ਉੱਕਾ ਹੀ ਨਹੀਂ ਜਗਦਾ। ਜੇਕਰ ਦੀਵਾ ਜਗਦਾ ਹੋਵੇ ਤਾਂ ਪਾਖੰਡ ਕਰਮਾਂ ਰੂਪੀ ਖੂਹ ਵਿਚ ਕਿਉਂ ਪਵੇ। ਇਸ ਤੋਂ ਇਹ ਵੀ ਸਾਫ਼ ਸਿਧ ਹੋਇਆ ਕਿ ਬੇਦ ਗਾਇਤ੍ਰੀ ਮੰਤਰ ਬੇਦ ਨਾਮ ਨੂੰ ਉੱਕਾ ਹੀ ਨਹੀਂ ਦ੍ਰਿੜ੍ਹਾਉਂਦੇ। ਤਾਂ ਤੇ ਤੇਰੇ ਬ੍ਰਾਹਮਣ ਹੋਣ ਦੀ ਕੀ ਵਡਿਆਈ ਹੈ ਅਤੇ ਹੋਰ ਜਾਤੀਆਂ ਦੇ ਤੇਰੀਆਂ ਨਜ਼ਰਾਂ ਵਿਚ ਨੀਚ ਹੋਣ ਦੀ ਕੀ ਛੁਟਿਆਈ ਹੈ। ਬਲਕਿ ਉਸ ਉੱਚ ਜਾਤੀ ਵਾਲੇ ਬ੍ਰਾਹਮਣ ਨਾਲੋਂ ਨੀਚ ਜਾਤਿ ਦੇ ਸਦਾਉਣ ਵਾਲੇ ਛੋਟੇ ਪੁਰਸ਼ ਹੀ ਬਹੁਤ ਚੰਗੇ ਹਨ। ਜਿਨ੍ਹਾਂ ਉਤੇ ਵਾਹਿਗੁਰੂ ਦੀ ਕਿਰਪਾ ਹੋਈ ਹੈ ਅਤੇ ਵਾਹਿਗੁਰੂ ਦੀ ਕਿਰਪਾ ਹੋਣ ਕਰਿ ਅਤੇ ਗੁਰੂ ਦਵਾਰਿਓਂ ਵਰੋਸਾਏ ਜਾਣ ਕਰਿ ਕਬੀਰ ਸਾਰਖੇ ਭਗਤ ਜਨਾਂ ਦੇ ਨਾਲ ਨਾਮ ਤੋਂ ਕੋਰੇ, ਮਹਿਜ਼ ਜਾਤਿ ਅਭਿਮਾਨੀ ਬ੍ਰਾਹਮਣ ਦੀ ਕੀ ਸਮਸਰਤਾ (ਬਰਾਬਰੀ) ਹੋ ਸਕਦੀ ਹੈ। ਭਗਤ ਜਨ ਤਾਂ ਵਾਹਿਗੁਰੂ ਨਾਮ ਉਚਾਰਨ ਕੀਤਿਆਂ ਬਚ ਗਏ (ਉਬਰ ਖੜੋਤੇ), ਅਤੇ ਉਚ ਜਾਤੀ ਵਾਲੇ ਬ੍ਰਾਹਮਣ ਬੇਦਾਂ ਦੇ ਭਰੋਸੇ ਤੇ ਡੁਬ ਕੇ ਮਰ ਗਏ। ਤਾਂ ਤੇ ਬੇਦ ਆਦਿਕ ਪੜ੍ਹਨਹਾਰਿਆਂ ਦਾ ਤੇ ਉਨ੍ਹਾਂ ਉਤੇ ਭਰੋਸਾ ਰਖਣ-ਹਾਰਿਆਂ ਦਾ ਗੁਰਮਤਿ ਅੰਦਰ ਉੱਕਾ ਹੀ ਖੰਡਨ ਹੈ।

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉ ਗੋ ॥
ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉ ਗੋ ॥੧॥੨॥
[ਰਾਮਕਲੀ ਨਾਮਦੇਉ ਜੀ, ਪੰਨਾ ੬੭੨

ਇਸ ਦੁਤੁਕੀ-ਗੁਰਵਾਕ ਤੋਂ ਸਾਫ਼ ਸਿਧ ਹੋਇਆ ਕਿ ਆਨਮਤ ਧਰਮ ਦੇ ਪੁਸਤਕ ਬੇਦ, ਪੁਰਾਨ, ਸਿਮ੍ਰਿਤੀਆਂ ਆਦਿਕ ਦਾ ਪੜ੍ਹਨਾ ਉਚਾਰਨਾ ਗੁਰਮਤਿ **ਅੰਦਰ ਉੱਕਾ ਹੀ ਨਿਖੇਧਤ ਹੈ ਅਤੇ ਗੁਰਮਤਿ ਨਾਮ ਤੇ ਗੁਰਬਾਣੀ ਤੋਂ ਬਿਨਾਂ ਹੋਰ ਅਨੇਕ** ਪ੍ਰਕਾਰ ਕਚੀਆਂ ਬਾਣੀਆਂ, ਅਨਮਤੀ ਗੀਤ ਅਤੇ ਠੇਠ ਕਵਿਤਾਵਾਂ ਗਾਵਣੀਆਂ, ਪੜ੍ਹਨੀਆਂ, ਸੁਣਨੀਆਂ ਦਾ ਭੀ ਮਹਾਂ ਮਨਮਤਿ ਮਈ ਖੰਡਨ ਹੈ। ਕੇਵਲ ਨਿਰੰਕਾਰ ਵਾਹਿਗੁਰੂ ਨੂੰ ਹਿਰਦੇ ਅੰਦਰ ਵਸਾਵਣਾ ਤੇ ਰਸਾਵਣਾ ਹੀ ਗੁਰਮਤੀ ਹੁਕਮ ਹੈ। ਜਿਸ ਗੁਰਮਤਿ ਨਾਮ ਅਭਿਆਸ ਕਮਾਈ ਕਰਕੇ ਨਿਰੰਕਾਰ ਦੇ ਅਖੰਡ ਮੰਡਲੀ ਸਰੂਪ ਵਿਚ ਸਮਾ ਜਾਈਦਾ ਹੈ ਅਤੇ ਇਸੇ ਨਾਮ ਅਭਿਆਸ ਦੀ ਕਮਾਈ ਦੇ ਪ੍ਰਤਾਪ ਨਾਲ ਸਹਜੇ ਹੀ ਦਸਵੇਂ ਦੁਆਰ ਬਿਖੇ ਅਨਹਦ ਸ਼ਬਦ-ਮਈ ਕੀਰਤਨ ਅਖਾੜੇ ਖੁਲ੍ਹ ਜਾਂਦੇ ਹਨ।

ਬੇਦੁ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ ॥
ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥੧॥
ਜੀਅ ਕੀ ਕੈ ਪਹਿ ਬਾਤ ਕਹਾ ॥
ਆਪਿ ਮੁਕਤੁ ਮੋ ਕਉ ਪ੍ਰਭੁ ਮੇਲੇ ਐਸੋ ਕਹਾ ਲਹਾ ॥੧॥ਰਹਾਉ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹ ਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਰਿਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥੨॥
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥੩॥
ਹਰਖ ਸੋਗ ਲੋਭ ਮੋਹ ਰਹਤ ਹਹਿ ਨਿਰਮਲ ਹਰਿ ਕੇ ਸੰਤਾ ॥
ਤਿਨ ਕੀ ਧੂੜਿ ਪਾਏ ਮਨੁ ਮੇਰਾ ਜਾ ਦਇਆ ਕਰੇ ਭਗਵੰਤਾ ॥
ਕਹੁ ਨਾਨਕ ਗੁਰੁ ਪੂਰਾ ਮਿਲਿਆ ਤਾਂ ਉਤਰੀ ਮਨ ਕੀ ਚਿੰਤਾ ॥੪॥
ਮੇਰਾ ਅੰਤਰਜਾਮੀ ਹਰਿ ਰਾਇਆ ॥
ਸਭੁ ਕਿਛੁ ਜਾਣੈ ਮੇਰੇ ਜੀਅ ਕਾ ਪ੍ਰੀਤਮੁ ਬਿਸਰਿ ਗਏ ਬਕਬਾਇਆ ॥੧॥
ਰਹਾਉ ਦੂਜਾ ॥੬॥੧੫॥ [ਮਾਰੂ ਮ: ੫, ਪੰਨਾ ੧੦੦੩

ਇਸ ਗੁਰਵਾਕ ਦੁਆਰਾ ਅਮਲਾਂ ਤੋਂ ਸੱਖਣੇ ਪੰਡਤਾਂ, ਸੰਕਲਪਾਂ ਵਿਕਲਪਾਂ ਵਾਲੇ ਮੋਨੀਆਂ ਮਾਇਆ ਪਿਛੇ ਭੱਜਣ ਵਾਲੇ ਉਦਾਸੀਆਂ ਤੇ ਤਪੀਆਂ, ਆਨਮਤ

ਕਰਮ-ਧਰਮੀ ਜਤ ਤੇ ਗੁਮਾਨ ਰਖਣ ਵਾਲਿਆਂ ਬ੍ਰਹਮਚਾਰੀਆਂ, ਕ੍ਰੋਧਵਾਨ ਸੰਨਿ-ਆਸੀਆਂ ਅਤੇ ਪੇਟ ਦੀ ਖ਼ਾਤਰ ਨੱਚਣ ਟੱਪਣ ਵਾਲੀਆਂ ਭਗਤੀਆਂ, ਇਸ ਪ੍ਰਕਾਰ ਦੇ ਸਭ ਭੇਖੀਆਂ ਪਾਖੰਡੀਆਂ ਦਾ ਰੱਜ ਕੇ ਖੰਡਨ ਕੀਤਾ ਗਿਆ ਹੈ ਅਤੇ ਇਸ ਦੇ ਮੁਕਾਬਲੇ ਵਿਚ ਨਿਰੋਲ ਗੁਰਮਤਿ ਅਵਲੰਭੀਆਂ ਗੁਰਮੁਖਾਂ ਜਨਾਂ, ਗੁਰਮਤਿ ਤੇ ਚੱਲਣ ਵਾਲੇ ਭਗਤ ਜਨਾਂ ਦਾ ਪੂਰਾ ਪੂਰਾ ਮੰਡਨ ਕੀਤਾ ਗਿਆ ਹੈ । ਯਥਾ ਵਿਆਖਿਆ—

ਕਮਾਈ ਤੋਂ ਸੱਖਣਾ, ਮਨ ਦਾ ਮੁੱਠਾ, ਦਲਿਦ੍ਰੀ ਪੰਡਿਤ ਮੁਖ ਤੋਂ ਬੇਦ ਉਚਾਰਦਾ ਹੈ, ਪਰ ਉਸ ਦਾ ਕੁਛ ਨਹੀਂ ਬਣਦਾ, ਕਿਉਂਕਿ ਬੇਦ ਮਨ ਦਾ ਮੱਠਾਪਨ ਦੂਰ ਕਰਨ ਦਾ ਦਾਰੂ ਦਸਦਾ ਹੀ ਨਹੀਂ, ਇਸ ਕਰਕੇ ਉਸ ਦਾ ਬੇਦ ਉਚਾਰਨਾ ਨਿਸਫਲ ਹੀ ਜਾਂਦਾ ਹੈ । ਭੇਖ-ਪਾਖੰਡੀ ਪੁਰਖ ਭੇਖ-ਪਾਖੰਡ ਦੀਆਂ ਸਿਖਸ਼ਾਵਾਂ ਪੜ੍ਹ ਪੜ੍ਹ ਕੇ ਮੋਨੀ ਅਤੇ ਇਕਾਂਤੀ ਹੋਇ ਕੇ ਬਨਾਂ ਕੰਦਰਾਂ ਵਿਚ ਜਾ ਬਹਿੰਦੇ ਹਨ, ਪ੍ਰੰਤੂ ਮਨ ਉਸ ਦਾ ਮਰਦਾ ਨਹੀਂ, ਹਿਰਦੇ ਅੰਦਰ ਉਸ ਦੇ ਸੰਕਲਪਾਂ ਵਿਕਲਪਾਂ ਰੂਪੀ ਕਲਪਨਾਂ ਦੀ ਗੰਢ ਬੰਨ੍ਹੀ ਰਹਿੰਦੀ ਹੈ । ਉਦਾਸੀ ਭੇਖ ਆਨਮਤੀਆਂ ਦਾ ਨਿਰਾ ਹੀ ਨਿਕੰਮਾ ਹੈ, ਘਰ ਛਡ ਕੇ ਬੀਆਬਾਨਾਂ ਵਿਚ ਚਲ ਬੈਠਦੇ ਹਨ, ਪਰ ਘਰ ਵਿਚੋਂ ਨਠਿਆਂ ਉਸ ਦੀ ਦੁਬਿਧਾ ਛੁਟਦੀ ਨਹੀਂ । ਐਸੇ ਸੰਸਾਰੀਆਂ ਭੇਖੀਆਂ ਆਨਮਤੀਆਂ ਨੂੰ ਦੇਖ ਕੇ ਜਗਿਆਸੂ ਜਨ ਘਬਰਾ ਜਾਂਦਾ ਹੈ, ਕਿਉਂਕਿ ਉਸ ਦੇ ਹਿਰਦੇ ਦੀ ਬੁਝਾਰਤ ਕੋਈ ਵੀ ਭੇਖਧਾਰੀ ਨਹੀਂ ਸਮਝ ਸਕਦਾ । ਉਸ ਨੂੰ ਤਾਂ ਐਸਾ ਦੁਆਰਾ ਲਭਣ ਦੀ ਲੋੜ ਹੁੰਦੀ ਹੈ ਜਿਸ ਦੁਆਰੇ ਨੂੰ ਲਭ ਕੇ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਵੇ, ਨਾਲੇ ਵਾਹਿਗੁਰੂ ਦਾ ਦਰਸ਼ਨ ਮਿਲਾਪ ਵੀ ਹੋ ਜਾਵੇ । ਸੋ ਐਸਾ ਦੁਆਰਾ ਗੁਰ ਨਾਨਕ ਦਾ ਹੀ ਦੁਆਰਾ ਹੈ, ਗੁਰੂ ਘਰ ਨੂੰ ਹੀ ਭਾਲ ਕੇ ਜਗਿਆਸੂ ਜਨ ਦੀ ਤਸੱਲੀ ਹੁੰਦੀ ਹੈ, ਇਸ ਤੋਂ ਬਿਨਾਂ ਹੋਰ ਮਤ ਭੇਖ ਦੁਆਰੇ, ਸਭ ਫੋਕਟ ਪਾਖੰਡ-ਪਸਾਰੇ ਹੀ ਹਨ ।

ਫੋਕਟ ਤਪੱਸਿਆ ਕਰਮ ਕਰਕੇ ਅਤੇ ਫੋਕਟ ਤਪੱਸਵੀ ਬਣ ਕੇ ਦੇਹੀ ਨੂੰ ਹੀ ਸਾਧਿਆਂ ਕੁਛ ਨਹੀਂ ਬਣਦਾ, ਕਿਉਂਕਿ ਐਸੇ ਪਾਖੰਡ ਆਨਮਤ ਦੁਆਰਾ ਮਨ ਤਾਂ ਉਸ ਦਾ ਮਰਦਾ ਹੀ ਨਹੀਂ, ਸਗੋਂ ਦਹਿਦਿਸ ਧਾਉਂਦਾ ਹੀ ਰਹਿੰਦਾ ਹੈ । ਇਕ ਦੂਜੇ ਕਪਟ-ਪੰਥੀਆਂ ਦਾ ਭੇਖਧਾਰੀ ਬ੍ਰਹਮਚਾਰੀ ਪਾਖੰਡ ਧਰਮ ਹੈ, ਉਹ ਨਿਰਾ ਪੂਰਾ ਸਾਰੀ ਉਮਰ ਬ੍ਰਹਮਚਰਜ ਧਾਰੀ ਰਖਣ ਨੂੰ ਹੀ ਪਰਮ ਕਲਿਆਣਕਾਰੀ ਧਰਮ ਸਮਝੀ ਫਿਰਦੇ ਹਨ, ਜੋ ਨਿਰਾ ਭਰਮ ਰੂਪ ਹੈ । ਬ੍ਰਹਮਚਾਰੀ ਭੇਖ ਧਾਰਨ ਕੀਤਿਆਂ, ਬ੍ਰਹਮ-ਚਾਰੀ ਕਪਟ ਭੇਖਧਾਰੀ ਦੇ ਹਿਰਦੇ ਅੰਦਰ ਫੋਕਾ ਗੁਮਾਨ ਹੀ ਗੁਮਾਨ ਰਹਿ ਜਾਂਦਾ ਹੈ ਕਿ ਮੈਂ ਬੜਾ ਬ੍ਰਹਮਚਾਰੀ ਹਾਂ ਹੋਰ ਉਸ ਦੇ ਅੰਦਰ ਕੁਛ ਵੀ ਨਹੀਂ । ਨਾ ਹੀ ਬ੍ਰਹਮ-ਚਰਜ ਉਸ ਦਾ ਅਸਥਿਰ ਰਹਿੰਦਾ ਹੈ । ਫੋਕੇ ਬ੍ਰਹਮਚਾਰੀ ਅਸੀਂ ਬਥੇਰੇ **ਗਲਦੇ** ਡੁਬਦੇ ਦੇਖੇ ਹਨ । ਇਕ ਹੋਰ ਸੰਨਿਆਸ-ਧਾਰੀ ਸੰਨਿਆਸੀ ਭੇਖੀ ਹਨ, ਜੋ **ਸੰਨਿਆਸੀ** ਬਣ ਕੇ ਆਨਮਤੀ ਤੀਰਥਾਂ 'ਤੇ ਹੀ ਭ੍ਰਮਣ ਨੂੰ ਮਨ-ਮੰਨਿਆ ਸੰਨਿਆਸ-ਧਰਮ **ਸਮਝੀ**

ਬੈਠੇ ਹਨ, ਪਰ ਉਸ ਦੇ ਅੰਦਰ ਮੂਰਖਾਂ ਵਾਲਾ (ਬੇਗਿਆਨਾ) ਕ੍ਰੋਧ ਹੀ ਭਰਿਆ ਰਹਿੰਦਾ ਹੈ। ਇਕ ਹੋਰ ਭੇਖੀ ਹਨ ਜੋ ਆਨਮਤ ਦੇ ਮੰਦਰਾਂ ਵਿਚ ਪੈਰਾਂ ਵਿਚ ਘੁੰਘਰੂ ਬੰਨ੍ਹ ਕੇ ਨੱਚਣ ਟੱਪਣ ਦੀ ਫੋਕਟ-ਕਰਮੀ-ਕਿਰਿਆ ਕਰ ਕੇ ਆਪਣੇ ਆਪ ਨੂੰ ਭਗਤੀਏ ਸਦਾਉਂਦੇ ਹਨ ਇਹ ਸਭ ਕੁਛ ਪੇਟ ਭਰਨ ਲਈ ਰੋਟੀਆਂ ਦੇ ਉਪਾਵ ਕਾਰਨ ਕਰਦੇ ਹਨ। ਇਕ ਹੋਰ ਵੀ ਭੇਖਧਾਰੀ ਹਨ ਜੋ ਬਾਹਰੋਂ ਭੇਖ ਦਿਖਾਵਣ ਖ਼ਾਤਰ ਹੀ ਖਟ-ਕਰਮੀ ਬ੍ਰਤ ਨੇਮ ਕਰਦੇ ਹਨ, ਪਰ ਉਨ੍ਹਾਂ ਦੇ ਪੱਲੇ ਕੁਛ ਨਹੀਂ ਪੈਂਦਾ। ਆਨਮਤੀ ਗੀਤ ਗਾਉਣੇ, ਮੁਖੋਂ ਰਾਗ ਅਲਾਪਣੇ ਇਹ ਕਈਆਂ ਭੇਖੀਆਂ ਦੇ ਫੋਕਟ-ਦਿਖਾਵੇ ਦੇ ਆਨ ਕਰਮ ਹੀ ਰਹਿ ਗਏ ਹਨ, ਮਨ ਕਰਕੇ ਉਹ ਹਰਿ ਹਰਿ ਗਾਉਂਦੇ ਹੀ ਨਹੀਂ।

ਅਜਿਹੇ ਵਾਹਿਗੁਰੂ ਪਰਮਾਤਮਾ ਦੇ ਵਿਰਲੇ ਹੀ ਸੰਤ ਹਨ ਜੋ ਗੁਰਮਤਿ ਧਾਰਨ ਕਰਨ ਦੇ ਸੱਚੇ ਗੁਰਮਤਿ ਨਾਮ ਅਭਿਆਸੀ ਜਨ ਬਣਦੇ ਹਨ। ਐਸੇ ਗੁਰਮੁਖਿ ਲੋਕ ਦੁਨਿਆਵੀ ਖ਼ੁਸ਼ੀ (ਹਰਖ) ਸੋਗ ਲੋਭ ਮੋਹ ਤੋਂ ਰਹਿਤ ਹੋ ਜਾਂਦੇ ਹਨ। ਵਾਹਿਗੁਰੂ ਭਗਵੰਤ ਦੀ ਕਿਰਪਾ ਪੂਰਨ ਹੋਵੇ ਤਾਂ ਅਜਿਹੇ ਗੁਰਮੁਖਿ ਜਨਾਂ ਦੀ ਧੂੜੀ ਪ੍ਰਾਪਤ ਹੋ ਜਾਵੇ। ਗੁਰ ਨਾਨਕ ਸਾਹਿਬ ਗੁਰੂ ਅਰਜਨ ਸਾਹਿਬ ਦੇ ਰੂਪ ਵਿਚ ਫ਼ੁਰਮਾਉਂਦੇ ਹਨ ਕਿ ਪੂਰਾ ਗੁਰੂ, ਧੁਰੋਂ ਪਠਾਇਆ ਪੂਰਾ ਗੁਰੂ ਮਿਲ ਜਾਵੇ ਤਾਂ ਮਨ ਦੀ ਸਾਰੀ ਚਿੰਤਾ ਦੂਰ ਹੋ ਜਾਂਦੀ ਹੈ। ਅੰਦਰ ਦੀਆਂ ਜਾਨਣਹਾਰਾ ਸੱਚਾ ਹਰਿ-ਰਾਇ ਵਾਹਿਗੁਰੂ ਹੀ ਐਸਾ ਪਰਮ ਪੁਰਖ ਹੈ ਜੋ ਜੀਅ ਦੀ ਅੰਦਰਲੀ ਵੇਦਨ ਜਾਣਦਾ ਹੋਇਆ, ਜਗਿਆਸੂ ਦੀ ਸਵੱਛ ਮਨਸ਼ਾ ਦਾ ਪੂਰਨਹਾਰਾ ਹੈ। ਵਾਹਿਗੁਰੂ ਦੀ ਪੂਰਨ ਕਿਰਪਾ ਦੁਆਰਾ ਹੀ ਪੂਰਾ ਗੁਰੂ ਮਿਲਦਾ ਹੈ, ਤੇ ਗੁਰੂ ਸੱਚੇ ਦੇ ਪ੍ਰਤਾਪ ਕਰਕੇ ਹੀ ਸੱਚਾ ਪ੍ਰੀਤਮ ਵਾਹਿਗੁਰੂ ਅੰਤਰ ਆਤਮੇ ਆਇ ਪ੍ਰਗਟ ਹੁੰਦਾ ਹੈ। ਅਤੇ ਇਸ ਬਿਧਿ, ਕੇਵਲ ਇਸ ਬਿਧਿ ਹੀ ਉਪਰ ਦੱਸੇ ਫ਼ਜ਼ੂਲ ਬਕਵਾਸ ਕਰਨ ਵਾਲੇ ਭੇਸ ਸਾਰੇ ਹੀ ਖੈ ਹੋ ਜਾਂਦੇ ਹਨ।

ਜੇ ਇਹ ਸਮੁਚੇ ਭੇਖੀ ਗੁਰੂ ਦੀ ਸ਼ਰਨ ਆ ਪੈਣ ਤਾਂ ਉਨ੍ਹਾਂ ਦਾ ਵੀ ਨਿਸਤਾਰਾ ਹੋ ਜਾਵੇ, ਨਹੀਂ ਤਾਂ ਸਾਰੀ ਉਮਰ ਰੁਲਦੇ ਰਹਿਣਗੇ, ਜੈਸੇ ਕਿ ਬਹੁਤ ਸਾਰੇ ਪਾਖੰਡੀ ਰੁਲ ਰਹੇ ਹਨ।

ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥
ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥
ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥
ਕਰਣੈਹਾਰਾ ਬੂਝਹੁ ਰੇ ॥ ਸਤਿਗੁਰ ਮਿਲੈ ਤ ਸੂਝੈ ਰੇ ॥੧॥ਰਹਾਉ॥
ਤ੍ਰੈ ਗੁਣ ਕੀਆ ਪਸਾਰਾ ॥ ਨਰਕ ਸੁਰਗ ਅਵਤਾਰਾ ॥
ਹਉਮੈ ਆਵੈ ਜਾਈ ॥ ਮਨੁ ਟਿਕਣੁ ਨ ਪਾਵੈ ਰਾਈ ॥

ਬਾਝੁ ਗੁਰੂ ਗੁਬਾਰਾ ॥ ਮਿਲਿ ਸਤਿਗੁਰ ਨਿਸਤਾਰਾ ॥੨॥
ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥
ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥
ਸੋ ਗੁਰ ਮਿਲਿ ਏਕੁ ਪਛਾਣੈ ॥ ਜਿਸੁ ਹੋਵੈ ਭਾਗੁ ਮਥਾਣੈ ॥੩॥
ਸੋ ਮਿਲਿਆ ਜਿ ਹਰਿ ਮਨਿ ਭਾਇਆ ॥ ਸੋ ਭੂਲਾ ਜਿ ਪ੍ਰਭੂ ਭੁਲਾਇਆ ॥
ਨਹ ਆਪਹੁ ਮੂਰਖੁ ਗਿਆਨੀ ॥ ਜਿ ਕਰਾਵੈ ਸੁ ਨਾਮੁ ਵਖਾਨੀ ॥
ਤੇਰਾ ਅੰਤੁ ਨ ਪਾਰਾਵਾਰਾ ॥ ਜਨ ਨਾਨਕ ਸਦ ਬਲਿਹਾਰਾ ॥੪॥੧॥੧੭॥

[ਮਾਰੂ ਮ: ੫, ਪੰਨਾ ੧੦੦੩-੦੪

ਇਸ ਸਾਰੇ ਗੁਰਵਾਕ ਦਾ ਸਾਰ-ਸਿਧਾਂਤ ਇਹ ਹੈ ਕਿ ਬਿਨਾਂ ਕਰਤੇ ਪੁਰਖ ਕਰਤਾਰ ਦੇ ਹੋਰ ਜਿਤਨੀ ਭੀ ਕਾਇਨਾਤ ਹੈ, ਸੋ ਉਸ ਦੀ ਕੀਤੀ ਹੋਈ ਹੈ, ਇਕੋ ਕਰਤਾਰ ਹੀ ਗੁਰਮਤਿ ਅਨੁਸਾਰ ਪੂਜਣ ਯੋਗ ਹੈ । ਏਸ ਅਦ੍ਰਿਸ਼ਟ ਵਾਹਿਗੁਰੂ ਤੋਂ ਬਿਨਾਂ ਹੋਰ ਸਾਰਾ ਪਸਾਰਾ ਤ੍ਰੈਗੁਣ ਮਾਇਆ ਦਾ ਹੈ, ਇਹ ਦ੍ਰਿਸ਼ਟਮਾਨ ਤ੍ਰੈਗੁਣ ਮਾਇਆ ਦਾ ਹੀ ਪੂਜਣਾ ਹੈ। ਹਿੰਦੂਆਂ ਦੇ ਚਾਰੇ ਵੇਦ ਭੀ ਇਸੇ ਤ੍ਰੈਗੁਣ ਮਾਇਆ ਦੇ ਪਸਾਰੇ ਵਿਚੋਂ ਹਨ । ਇਹ ਚਾਰੇ ਬੇਦ ਅਤੇ ਹੋਰ ਆਨਮਤੀ ਸਾਰੀਆਂ ਪੁਸਤਕਾਂ ਤ੍ਰੈਗੁਣਾਂ ਨੂੰ ਹੀ ਦ੍ਰਿੜ੍ਹਾਉਂਦੀਆਂ ਹਨ, ਤੱਤ ਮਾਰਗ ਦਾ ਸੁਮਾਰਗ ਦਰਸਾਉਂਦੀਆਂ ਹੀ ਨਹੀਂ । ਤਾਂ ਤੇ ਇਹ ਚਾਰੇ ਬੇਦ ਆਦਿਕ ਆਨਮਤ ਧਰਮ-ਪੁਸਤਕਾਂ ਦ੍ਰਿਸ਼ਟਮਾਨ ਅਕਾਰ ਦਾ ਹੀ ਪਸਾਰਾ ਹਨ ਅਤੇ ਦ੍ਰਿਸ਼ਟਮਾਨ ਮਾਇਆ ਦੀ ਪੂਜਾ ਹੀ ਦ੍ਰਿੜ੍ਹਾਉਂਦੀਆਂ ਹਨ, ਜੋ ਗੁਰਮਤਿ ਅਨੁਸਾਰ ਉੱਕੀ ਹੀ ਖੰਡਤ ਹੈ । ਕਰਨੇਹਾਰ ਕਰਤਾਰ ਨੂੰ ਬੁਝਣਾ ਹੀ ਸੱਚੀ ਪ੍ਰਮਾਰਥਕ ਸਾਰ ਸੋਝੀ ਹੈ, ਜੋ ਕੇਵਲ ਸਤਿਗੁਰੂ ਮਿਲਿਆਂ ਹੀ ਸੁਝਦੀ ਹੈ । ਹੋਰ ਤ੍ਰੈਗੁਣੀ ਪਸਾਰਾ ਸਭ ਨਰਕ ਸੁਰਗ ਦਾ ਹੀ ਅਵਤਾਰਾ ਹੈ ਤੇ ਹਉਮੈ ਦੀ ਪੰਡ ਬੰਨ੍ਹ ਕੇ ਹੀ ਆਵਣ ਜਾਣ ਦਾ ਸੌਦਾ ਹੈ । ਇਸ ਤ੍ਰੈਗੁਣੀ ਬੇਦਾਂ ਆਦਿਕ ਦੇ ਅਭਿਆਸ ਦੁਆਰਾ ਮਨ ਰਾਈ ਮਾਤਰ ਵੀ ਟਿਕਾਣਾ ਨਹੀਂ ਪਾਉਂਦਾ । ਸਤਿਗੁਰੂ ਬਿਨਾਂ ਚਾਰ ਚੁਫੇਰੇ ਗੁਬਾਰ ਹੀ ਗੁਬਾਰ, ਅੰਧਕਾਰ ਹੀ ਅੰਧਕਾਰ ਹੈ । ਕੇਵਲ ਸਤਿਗੁਰੂ ਮਿਲਿਆਂ ਹੀ ਤੱਤ ਨਿਸਤਾਰਾ ਹੁੰਦਾ ਹੈ । ਤਾਂ ਤੇ ਤ੍ਰੈਗੁਣੀ ਵਿਸਥਾਰ ਵਿਚ ਪੈਣਾ ਹਉਮੈ ਦੇ ਕਰਮਾਂ ਨੂੰ ਹੀ ਕਮਾਉਣਾ ਹੈ ਅਤੇ ਅਣਹੋਏ ਬੰਧਨਾਂ ਨੂੰ ਹੀ ਗਲ ਵਿਚ ਪਾਉਣਾ ਹੈ । ਆਨਮਤੀ ਪੁਸਤਕਾਂ ਦਾ ਅਧੈਨ ਮੇਰੀ ਮੇਰੀ ਧਾਰੀ ਤੋਂ ਛੁਟਕਾਰਾ ਨਹੀਂ ਕਰਾਉਂਦਾ, ਸਗੋਂ ਲੋਹੇ ਦੀ ਬੇੜੀ ਪੈਰਾਂ ਵਿਚ ਪਾਉਂਦਾ ਹੈ । ਜਿਸ ਵਡਭਾਗੇ ਜਗਿਆਸੂ ਦੇ ਮੱਥੇ ਤੇ ਵਡੇ ਭਾਗ ਲਿਖੇ ਹੁੰਦੇ ਹਨ ਓਹੋ ਹੀ ਸੱਚੇ ਸਤਿਗੁਰੂ ਨੂੰ ਮਿਲ ਕੇ ਇਕ ਵਾਹਿਗੁਰੂ ਨੂੰ ਪਛਾਣਦਾ ਹੈ । ਕਰਮ-ਬਿਧਾਤਾ ਵਾਹਿਗੁਰੂ ਹੀ ਪੂਰਬਲੇ ਕਰਮਾਂ ਅਨੁਸਾਰ ਜੀਵਾਂ ਦੀ ਕਰਣੀ ਨੂੰ ਭੁਗਤਾਉਂਦਾ ਹੈ । ਸੋਈ ਵਾਹਿਗੁਰੂ ਨੂੰ ਮਿਲਿਆ ਹੈ ਜੋ ਗੁਰਮੁਖਿ ਜਗਿਆਸੂ ਵਾਹਿਗੁਰੂ ਨੂੰ ਭਾਇਆ ਹੈ ।

ਉਹ ਹੀ ਭੁਲਾ ਹੈ ਜੋ ਵਾਹਿਗੁਰੂ ਨੇ ਭੁਲਾਇਆ ਹੈ। ਆਪੋਂ ਨ ਕੋਈ ਮੂਰਖ ਹੈ, ਕਿਉਂਕਿ ਉਹ ਪੂਰਬਲੇ ਕਰਮਾਂ ਅਨੁਸਾਰ ਆਪਣੀ ਮੂਰਖਤਾਈ ਨੂੰ ਭੁਗਤਦਾ ਹੈ। ਨ ਕੋਈ ਆਪੋਂ ਗਿਆਨੀ ਬਣ ਬੈਠਣੇ ਦਾ ਦਮਗਜਾ ਮਾਰ ਸਕਦਾ ਹੈ। ਗੁਰਮਤਿ ਗਿਆਨ ਵਾਹਿਗੁਰੂ ਉਸੇ ਤੋਂ ਕਰਾਉਂਦਾ ਹੈ ਜਿਸ ਤੋਂ ਉਹ ਸਵਾਸ ਸਵਾਸ ਵਾਹਿਗੁਰੂ ਨਾਮ ਅਭਿਆਸ ਕਰਾਉਂਦਾ ਹੈ। ਆਪਣੀ ਅਕਲ ਦੁਆਰਾ ਵਾਹਿਗੁਰੂ ਦਾ ਅੰਤ ਪਾਰਾਵਾਰ ਕਿਸੇ ਨੇ ਨਹੀਂ ਪਾਇਆ ਹੈ। ਗੁਰੂ ਨਾਨਕ ਸਾਹਿਬ ਸਦਾ ਹੀ ਸੱਚੇ ਵਾਹਿਗੁਰੂ ਉਪਰੋਂ ਘੋਲੇ ਵਾਰੇ ਜਾਂਦੇ ਹਨ।

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ ॥
ਗ੍ਰਿਹ ਧਰਮੁ ਗਵਾਏ ਸਤਿਗੁਰੁ ਨ ਭੇਟੈ ਦੁਰਮਤਿ ਘੂਮਨ ਘੇਰੈ ॥
ਦਿਸੰਤਰੁ ਭਵੈ ਪਾਠ ਪੜਿ ਥਾਕਾ ਤ੍ਰਿਸਨਾ ਹੋਇ ਵਧੇਰੈ ॥
ਕਾਚੀ ਪਿੰਡੀ ਸਬਦੁ ਨ ਚੀਨੈ ਉਦਰੁ ਭਰੈ ਜੈਸੇ ਢੋਰੈ ॥੧॥
ਬਾਬਾ ਐਸੀ ਰਵਤ ਰਵੈ ਸੰਨਿਆਸੀ ॥
ਗੁਰ ਕੈ ਸਬਦਿ ਏਕ ਲਿਵ ਲਾਗੀ ਤੇਰੈ ਨਾਮਿ ਰਤੇ ਤ੍ਰਿਪਤਾਸੀ॥੧॥ਰਹਾਉ॥
ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ ਭੇਖ ਭੇਖਾਰੀ ॥
ਕਾਪੜ ਫਾਰਿ ਬਨਾਈ ਖਿੰਥਾ ਝੋਲੀ ਮਾਇਆ ਧਾਰੀ ॥
ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ ॥੨॥
ਅੰਤਰਿ ਅਗਨਿ ਨ ਗੁਰ ਬਿਨੁ ਬੂਝੈ ਬਾਹਰਿ ਪੂਅਰ ਤਾਪੈ ॥
ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉਕਰਿ ਚੀਨਸਿ ਆਪੈ ॥
ਨਿੰਦਾ ਕਰਿ ਕਰਿ ਨਰਕ ਨਿਵਾਸੀ ਅੰਤਰਿ ਆਤਮ ਜਾਪੈ ॥
ਅਠਸਠਿ ਤੀਰਥ ਭਰਮਿ ਵਿਗੂਚਹਿ ਕਿਉ ਮਲੁ ਧੋਪੈ ਪਾਪੈ ॥੩॥
ਛਾਣੀ ਖਾਕੁ ਬਿਭੂਤ ਚੜਾਈ ਮਾਇਆ ਕਾ ਮਗੁ ਜੋਹੈ ॥
ਅੰਤਰਿ ਬਾਹਰਿ ਏਕੁ ਨ ਜਾਣੈ ਸਾਚੁ ਕਹੇ ਤੇ ਛੋਹੈ ॥
ਪਾਠੁ ਪੜੈ ਮੁਖਿ ਝੂਠੋ ਬੋਲੈ ਨਿਗੁਰੇ ਕੀ ਮਤਿ ਓਹੈ ॥
ਨਾਮੁ ਨ ਜਪਈ ਕਿਉ ਸੁਖੁ ਪਾਵੈ ਬਿਨੁ ਨਾਵੈ ਕਿਉ ਸੋਹੈ ॥੪॥
ਮੂੜੁ ਮੁੰਡਾਇ ਜਟਾ ਸਿਖ ਬਾਧੀ ਮੋਨਿ ਰਹੈ ਅਭਿਮਾਨਾ ॥
ਮਨੂਆ ਡੋਲੈ ਦਹ ਦਿਸ ਧਾਵੈ ਬਿਨੁ ਰਤ ਆਤਮ ਗਿਆਨਾ ॥
ਅੰਮ੍ਰਿਤੁ ਛੋਡਿ ਮਹਾ ਬਿਖੁ ਪੀਵੈ ਮਾਇਆ ਕਾ ਦੇਵਾਨਾ ॥
ਕਿਰਤੁ ਨ ਮਿਟਈ ਹੁਕਮੁ ਨ ਬੂਝੈ ਪਸੂਆ ਮਾਹਿ ਸਮਾਨਾ ॥੫॥
ਹਾਥਿ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ ॥
ਇਸਤ੍ਰੀ ਤਜਿ ਕਰਿ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ ॥


www.sikhbookclub.com

ਸਿਖ ਕਰੇ ਕਰਿ ਸਬਦੁ ਨ ਚੀਨੈ ਲੰਪਟੁ ਹੈ ਬਾਜਾਰੀ ॥
ਅੰਤਰਿ ਬਿਖੁ ਬਾਹਰਿ ਨਿਭਰਾਤੀ ਤਾ ਜਮੁ ਕਰੇ ਖੁਆਰੀ ॥੬॥
ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥
ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥
ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥
ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥
ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥
ਹਰਿ ਰਸੁ ਪੀਵੈ ਤਾ ਸਾਤਿ ਆਵੈ ਨਿਜ ਘਰਿ ਤਾੜੀ ਲਾਏ ॥
ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥
ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥
ਬ੍ਰਹਮਾ ਬਿਸਨੁ ਮਹੇਸੁ ਸਰੇਸਟ ਨਾਮਿ ਰਤੇ ਵੀਚਾਰੀ ॥
ਖਾਣੀ ਬਾਣੀ ਗਗਨ ਪਤਾਲੀ ਜੰਤਾ ਜੋਤਿ ਤੁਮਾਰੀ ॥
ਸਭਿ ਸੁਖ ਮੁਕਤਿ ਨਾਮ ਧੁਨਿ ਬਾਣੀ ਸਚੁ ਨਾਮੁ ਉਰਧਾਰੀ ॥
ਨਾਮ ਬਿਨਾ ਨਹੀ ਛੂਟਸਿ ਨਾਨਕ ਸਾਚੀ ਤਰੁ ਤੂ ਤਾਰੀ ॥੯॥੭॥

[ਮਾਰੂ ਮ: ੧, ਪੰਨਾ ੧੦੧੨-੧੩

ਗੁਰਮਤਿ ਅਨੁਸਾਰ ਗ੍ਰਿਹਸਤ ਵਿਚ ਰਹਿ ਕੇ ਆਪਣਾ ਪੂਰਨ ਗੁਰਮਤਿ ਜੀਵਨ ਢਾਲ ਕੇ ਹੀ ਪ੍ਰਮਾਰਥ ਦੀ ਸੱਚੀ ਸੋਝੀ ਹੁੰਦੀ ਹੈ, ਆਨਮਤੀ ਲੋਕ ਜੋ ਗੁਰਮਤਿ ਦੇ ਤੱਤ ਭਾਵ ਨੂੰ ਵਿਸਾਰ ਕੇ ਆਪੋ ਆਪਣੀ ਮਤਿ ਅਨੁਸਾਰ ਬਾਹਲੇ ਭੇਖ ਪਾਖੰਡ ਧਾਰਨ ਕਰਦੇ ਹਨ ਤਿਨ੍ਹਾਂ ਦਾ ਇਸ ਵਾਕ ਦੇ ਭਾਵ ਅਨੁਸਾਰ ਪੂਰਨ ਖੰਡਨ ਹੈ। ਯਥਾ ਵਿਆਖਿਆ—

ਜੋ ਮਨਮੁਖ ਆਨਮਤੀ ਆਪਣੇ ਮਨ ਦੀ ਮਤਿ ਅਨੁਸਾਰ ਪਾਖੰਡ ਭੇਖ ਧਾਰਦੇ ਹਨ, ਕਿਸੇ ਜੋਸ਼ ਦੇ ਝੂਠੇ ਵੈਰਾਗ ਦੀ ਲਹਿਰ ਵਿਚ ਗ੍ਰਿਹਸਤ (ਘਰ) ਤਿਆਗ ਕੇ ਭੇਖੀ ਸੰਨਿਆਸੀ ਬਣ ਜਾਂਦੇ ਹਨ, ਉਹ ਅੰਤ ਨੂੰ ਵਿਗੁਚਦੇ ਹਨ ਅਤੇ ਖੀਨ ਖ਼ਰਾਬ ਹੁੰਦੇ ਹਨ, ਆਪਣਾ ਘਰ ਛਡ ਕੇ ਦੂਜਿਆਂ ਦੇ ਘਰ ਵਲ ਤਕਦੇ ਹਨ, ਮੰਗਣ ਲਈ ਦੂਜਿਆਂ ਦੇ ਘਰ ਜਾਂਦੇ ਹਨ। ਐਸੇ ਪੁਰਸ਼ਾਂ ਨੂੰ ਗ੍ਰਿਹਸਤ ਧਰਮ ਦੇ ਅਸੂਲਾਂ ਦੀ ਸੂਝ ਬੂਝ ਹੀ ਨਹੀਂ ਹੁੰਦੀ। ਜੇ ਸੂਝ ਬੂਝ ਹੋਵੇ ਤਾਂ ਖੀਨ ਖਰਾਬ ਕਿਉਂ ਹੋਵਣ। ਮਨਮੁਖ ਪਾਖੰਡੀ ਪੁਰਸ਼ ਆਪਣਾ ਗ੍ਰਿਹਸਤ ਧਰਮ ਛਡ ਬਹਿੰਦਾ ਹੈ, ਆਪਣੀ ਦੁਰਮਤਿ ਮਤਿ ਅਨੁਸਾਰ ਫੋਕਟ ਗ੍ਰਿਹਸਤ ਧਰਮ ਦੇ ਤਿਆਗ ਨੂੰ ਹੀ ਪੂਰਨ ਮਤਿ ਸਮਝਦਾ ਹੈ। ਇਸ ਦੁਰਮਤਿ ਘੁੰਮਣ-ਘੇਰੀ ਵਿਚ ਉਹ ਤਦੇ ਪੈਂਦਾ ਹੈ ਜਦੋਂ ਉਸ ਨੂੰ ਸੱਚੇ ਸਤਿਗੁਰੂ ਦੀ ਗੁਰ-ਦੀਖਿਆ ਮਈ ਸੱਚੀ ਸੁਮਤਿ ਨਹੀਂ ਮਿਲਦੀ। ਬਸ, ਐਵੇਂ ਦੇਸਾਂ ਪਰਦੇਸਾਂ ਵਿਚ ਭੌਂਦਾ ਫਿਰਦਾ ਹੈ, ਆਨਮਤੀ ਪੁਸਤਕਾਂ ਦੇ ਪਾਠ ਵਧੇਰੇ ਕਰਦਾ ਹੈ, ਉਸ ਦੀ


www.sikhbookclub.com

ਤ੍ਰਿਸ਼ਨਾ ਵਧਦੀ ਜਾਂਦੀ ਹੈ, ਕਿਉਂਕਿ ਵੇਦ ਆਦਿਕ ਆਨਮਤ ਧਰਮ-ਪੁਸਤਕਾਂ ਅੰਦਰ ਤ੍ਰਿਸ਼ਨਾ ਘਟਾਣ ਦੀ ਸਿਖਿਆ ਹੀ ਨਹੀਂ ਮਿਲਦੀ, ਸਗੋਂ ਵਧਾਣ ਦੀ ਮਿਲਦੀ ਹੈ। ਇਹ ਸਰੀਰ ਰੂਪੀ ਭਾਂਡਾ ਕੱਚਾ ਭਾਂਡਾ ਹੈ, ਥੋੜੇ ਦਿਨਾਂ ਵਿਚ ਹੀ ਬਿਨਸ ਜਾਂਦਾ ਹੈ। ਇਸ ਕੱਚੇ ਭਾਂਡੇ (ਸਰੀਰ ਰੂਪੀ ਪਿੰਡ) ਦੇ ਹੁੰਦਿਆਂ ਗੁਰ ਸ਼ਬਦ ਮਣੀ ਗੁਰ-ਦੀਖਿਆ (ਗੁਰ-ਮੰਤਰ) ਨੂੰ ਇਹ ਚੀਨਦਾ ਹੀ ਨਹੀਂ, ਐਵੇਂ ਪਸ਼ੂ ਦੀ ਨਿਆਈਂ ਪੇਟ ਭਰਨ ਦੇ ਸਹੇੜੇ ਸਹੇੜਦਾ ਰਹਿੰਦਾ ਹੈ। ਸੱਚਾ ਸੰਨਿਆਸੀ ਸੋ ਹੈ ਜੋ ਗੁਰੂ ਦੇ ਦਰ ਉਤੇ ਢਹਿ ਪੈਣ ਦੀ ਸੱਚੀ ਸੁਮਤਿ ਨੂੰ ਧਾਰਨ ਕਰਦਾ ਹੈ ਅਤੇ ਗੁਰੂ ਦੇ ਸ਼ਬਦ ਗੁਰ-ਦੀਖਿਆ ਦਵਾਰਾ ਇਕ ਅਕਾਲ ਨਾਲ ਲਿਵ ਲਾਉਂਦਾ ਹੈ ਅਤੇ ਸੱਚੇ ਗੁਰਮਤਿ ਨਾਮ ਦੇ ਰਸ ਵਿਚ ਹੀ ਰਤਿਆ ਤੇ ਤ੍ਰਿਪਤਾਸਿਆ (ਰੱਜਿਆ) ਰਹਿੰਦਾ ਹੈ।

ਸੰਨਿਆਸ ਉਦਾਸ ਮਨਮਤਿ ਪਾਖੰਡ ਭੇਸ ਗੇਰੂ ਘੋਲ ਘੋਲ ਕੇ ਕਪੜਿਆਂ ਤੇ ਰੰਗ ਚੜ੍ਹਾ ਲੈਂਦਾ ਹੈ ਅਤੇ ਭੇਖਾਰੀ, ਭੇਖਧਾਰੀ ਭੇਸ ਰਚਾ ਲੈਂਦਾ ਹੈ, ਗ੍ਰਿਹਸਤ ਦੇ ਕਪੜੇ ਪਾੜ ਕੇ ਗਲ ਵਿਚ ਖਫਣੀ (ਖਿੰਥਾ) ਪਾ ਲੈਂਦਾ ਹੈ, ਹੱਥ ਵਿਚ ਝੋਲੀ ਫੜ ਕੇ ਮੰਗਣ ਦੜ੍ਹ ਜਾਂਦਾ ਹੈ ਤੇ ਪੱਕਾ ਮਾਇਆਧਾਰੀ ਬਣ ਬੈਠਦਾ ਹੈ, ਘਰ ਘਰ ਮੰਗਣ ਚੜ੍ਹਦਾ ਹੈ। ਉਪਰੋਂ (ਇਹ ਸੰਨਿਆਸੀ) ਜਗ ਨੂੰ ਪਰਬੋਧਣਹਾਰਾ ਬਣਦਾ ਹੈ, ਆਪ ਮਨ ਕਰਕੇ ਅੰਨ੍ਹਾ ਹੁੰਦਾ ਹੈ ਅਤੇ ਪ੍ਰਮਾਰਥ ਸੰਬੰਧੀ ਸਾਰੀ ਪੱਤ ਨੂੰ ਹਾਰ ਬੈਠਦਾ ਹੈ। ਏਸੇ ਮਨਮੁਖ ਭਰਮ ਭੇਸ ਵਿਚ ਐਸਾ ਭੁਲਿਆ ਰਹਿੰਦਾ ਹੈ ਕਿ ਗੁਰੂ ਅਤੇ ਗੁਰੂ ਦੀ ਮਤਿ ਦੇ ਨੇੜੇ ਹੀ ਨਹੀਂ ਢੁਕਦਾ, ਗੁਰੂ ਦਾ ਸ਼ਬਦ (ਗੁਰਮੰਤਰ) ਚੀਨਦਾ ਹੀ ਨਹੀਂ, ਦੂਜੇ ਭਾਵ ਦੇ ਮਨਮਤਿ ਵਿਚ ਹੀ ਮਨੁਖਾ ਜਨਮ ਦੀ ਸਾਰੀ ਬਾਜ਼ੀ ਨੂੰ ਹਾਰ ਦੇਂਦਾ ਹੈ। ਐਸੇ ਭੇਖਧਾਰੀ ਤਪੱਸਵੀ, ਸੰਨਆਸੀ, ਉਦਾਸੀ ਦੇ ਅੰਦਰੋਂ ਅਗਨੀ ਬੁਝਦੀ ਹੀ ਨਹੀਂ; ਨਿਗੁਰਿਆਂ ਦੀ ਬੁਝ ਹੀ ਨਹੀਂ ਸਕਦੀ, ਬਾਹਰੋਂ ਧੂਣੀ ਤਾਪਿਆਂ ਕੀ ਬਣਦਾ ਹੈ, ਸੱਚੀ ਭਗਤੀ ਦੇ ਰਸਤੇ ਆਉਂਦਾ ਹੀ ਨਹੀਂ। ਸੱਚੇ ਸਤਿਗੁਰੂ ਦੇ ਸੇਵਕ ਸਿਖ ਬਣੇ ਬਿਨਾਂ ਭਗਤੀ **ਦੀ ਸਾਰ ਆਉਂਦੀ ਹੀ ਨਹੀਂ, ਨਾ ਹੀ** ਆਪਣੇ ਆਪ ਦੀ ਸੂਝ ਬੂਝ ਉਸ ਨੂੰ ਪੈਂਦੀ ਹੈ। ਅਜਿਹਾ ਭੇਖਧਾਰੀ ਨਿਗੁਰਾ ਪਾਖੰਡੀ ਪੁਰਸ਼ ਸਗੋਂ ਉਲਟੀ ਨਿੰਦਾ ਕਰ ਕਰ ਕੇ ਨਰਕ-ਨਿਵਾਸੀ ਬਣਦਾ ਹੈ, ਅੰਦਰੋਂ ਅਤਿ ਦਰਜੇ ਦਾ ਤਮੋਗੁਣ ਉਸ ਦੇ ਅੰਦਰ ਵਸਿਆ ਹੀ ਰਹਿੰਦਾ ਹੈ, ਅਗਿਆਨਤਾ ਦੇ ਹਨੇਰੇ ਵਿਚ ਹੀ ਫਿਰਦਾ ਰਹਿੰਦਾ ਹੈ, ਹਿੰਦੂ ਮਤ ਦੇ ੬੮ ਤੀਰਥਾਂ ਤੇ ਭ੍ਰਮਣ ਨੂੰ ਹੀ ਸੱਚੀ ਸੁਮਤਿ ਸਮਝਦਾ ਹੈ, ਵਾਸਤਵ ਵਿਚ ਭਰਮ ਭਰਮ ਕੇ ਹੀ ਖੁਆਰ ਹੁੰਦਾ ਹੈ। ਇਸ ਬਿਧਿ ਪਾਪਾਂ ਦੀ ਮਲ ਕਦੇ ਨਹੀਂ ਧੋਤੀ ਜਾ ਸਕਦੀ। ਅਗਨੀ ਜਲਾ ਕੇ ਅਤੇ ਸਵਾਹ ਛਾਣ ਕੇ ਪਿੰਡੇ ਤੇ ਮਲਦਾ ਹੈ, ਇਸ ਨੂੰ ਬਿਭੂਤੀ ਚੜ੍ਹਾਈ ਦਸਦਾ ਹੈ, ਪਰ ਇਸ ਬਿਧਿ ਮਾਇਆ ਦਾ ਮਾਰਗ ਹੀ ਉਸ ਦੇ ਹੱਥ ਆਉਂਦਾ ਹੈ। ਆਪਣੇ ਅੰਦਰ ਬਾਹਰ ਇਕ ਅਕਾਲ ਪੁਰਖ ਨੂੰ ਵੇਖਦਾ ਜਾਣਦਾ ਹੀ ਨਹੀਂ। ਵੇਖੇ ਜਾਣੇ ਤਾਂ, ਜੇ ਸੱਚੇ ਗੁਰਮਤਿ ਮਾਰਗ ਤੇ ਚੱਲੇ, ਸਗੋਂ ਜੇ

ਉਸ ਨੂੰ ਕੋਈ ਸੱਚੀ ਸੁਮਤਿ ਦੇਵੇ, ਜਾਂ ਸੱਚਾ ਮਾਰਗ ਦੱਸੇ ਤਾਂ ਉਸ ਉਤੇ ਇਸ ਨੂੰ ਗੁੱਸਾ ਆਉਂਦਾ ਹੈ। ਬੇਦਾਂ ਸ਼ਾਸਤ੍ਰਾਂ ਦਾ ਪਾਠ ਮੂੰਹ ਤੋਂ ਬਥੇਰਾ ਕਰਦਾ ਫਿਰਦਾ ਹੈ, ਪਰ ਉਸ ਦੇ ਪੱਲੇ ਕੁਛ ਨਹੀਂ ਪੈਂਦਾ। ਨਿਗੁਰੇ ਦੀ ਮਤਿ ਦੀ ਨਿਸ਼ਾਨੀ ਇਹੋ ਹੈ। ਗੁਰਮਤਿ ਧਾਰਨ ਕਰੇ ਤਾਂ ਸਗੁਰਾ ਬਣੇ, ਗੁਰੂ ਦਵਾਰਿਓਂ ਗੁਰ-ਦੀਖਿਆ ਲੈ ਕੇ ਨਾਮ ਅਭਿਆਸ ਦੀਆਂ ਕਮਾਈਆਂ ਕਰੇ ਤਾਂ ਉਸ ਨੂੰ ਸੱਚੇ ਸੁਖ ਦੀ ਪ੍ਰਾਪਤੀ ਹੋਵੇ। ਪਰ ਨਾਮ ਤਾਂ ਉਹ ਜਾਪਦਾ ਹੀ ਨਹੀਂ, ਸੱਚਾ ਸੁਖ ਉਸ ਨੂੰ ਕਿਸ ਤਰ੍ਹਾਂ ਮਿਲੇ। ਨਾਮ ਜਪੇ ਬਿਨਾਂ ਉਹ ਅਗੇ ਜਾ ਕੇ ਗੁਰੂ ਦੇ ਦਰਬਾਰ ਵਿਚ ਸੋਂਹਦਾ ਹੀ ਨਹੀਂ।

ਸਿਰ ਮੂੰਹ ਮੁਨਾ ਕੇ ਅਤੇ ਜਟਾਂ ਬਧਾ ਕੇ ਜਾਂ ਬੋਦੀ ਰਖ ਕੇ ਭੇਖਧਾਰੀ ਬਣ ਬੈਠਿਆਂ ਕੁਛ ਨਹੀਂ ਬਣਦਾ। ਨਿਰਾ ਫੋਕਾ ਮੋਨਧਾਰੀ ਬਣ ਕੇ ਹੰਕਾਰ ਹੀ ਵਧਦਾ ਹੈ, ਸੱਚਾ ਪ੍ਰਮਾਰਥ ਤੱਤ ਹੱਥ ਨਹੀਂ ਆਉਂਦਾ। ਮਨੂਆ ਉਸ ਦਾ ਡੋਲਦਾ ਫਿਰਦਾ ਹੈ ਤੇ ਸਾਰੇ ਪਾਸੇ ਦੌੜਦਾ ਫਿਰਦਾ ਹੈ। ਆਤਮ ਤੱਤ ਗਿਆਨ ਦੇ ਸੱਚੇ ਪਿਆਰ ਤੋਂ ਬਿਨਾਂ ਫੋਕਟ ਭੇਖਧਾਰੀਆਂ ਦਾ ਐਸਾ ਹੀ ਹਾਲ ਹੁੰਦਾ ਹੈ। ਨਿਰਾ-ਪਾਖੰਡ ਹੀ ਪਾਖੰਡ ਰਹਿ ਜਾਂਦਾ ਹੈ, ਨਿਰਾ ਮਾਇਆ ਦਾ ਮੰਗਤਾ ਹੀ ਮੰਗਤਾ ਰਹਿ ਜਾਂਦਾ ਹੈ। ਅੰਮ੍ਰਿਤ ਛਡ ਕੇ ਮਹਾਂ ਬਿਖਿਆ ਦੇ ਗਟਾਕ ਪੀਂਦਾ ਹੈ, ਨਿਰਾ ਮਾਇਆ ਦਾ ਦੀਵਾਨਾ ਹੀ ਹੋ ਜਾਂਦਾ ਹੈ। ਇਹ ਅੰਮ੍ਰਿਤ ਗੁਰੂ ਦੁਆਰਿਓਂ ਹੀ ਮਿਲਦਾ ਹੈ, ਹੋਰ ਕਿਤੋਂ ਨਹੀਂ ਮਿਲਦਾ, ਪਰ ਕਰਮਾਂ ਕਰਕੇ ਬੜੇ ਸੁਭਾਅ ਅਨੁਸਾਰ ਉਹ ਗੁਰਮਤਿ ਦੇ ਰਸਤੇ ਤੇ ਆਉਂਦਾ ਹੀ ਨਹੀਂ ਤੇ ਸੱਚੇ ਹੁਕਮ ਨੂੰ ਬੁਝਦਾ ਹੀ ਨਹੀਂ, ਨਾ ਹੀ ਬਝ ਸਕਦਾ ਹੈ, ਐਸਾ ਪੁਰਖ ਪਸ਼ੂਆਂ ਵਿਚ ਹੀ ਸ਼ਾਮਲ ਹੈ।

ਹੱਥ ਵਿਚ ਚਿੱਪੀ ਕਮੰਡਲ ਫੜਿਆਂ ਹੀ ਸੱਚਾ ਸੰਨਿਆਸ ਪ੍ਰਾਪਤ ਨਹੀਂ ਹੋ ਜਾਂਦਾ। ਬਸ ਭੇਖਧਾਰੀ ਸੰਨਿਆਸੀ, ਉਦਾਸੀ ਬਣਿਆ ਰਹਿੰਦਾ ਹੈ, ਨਿਰਾ ਲੀਰਾਂ ਦਾ ਚੋਲਾ ਪਾ ਲੈਣ ਨਾਲ ਫ਼ਕੀਰੀ ਥੋੜਾ ਹੀ ਮਿਲਦੀ ਹੈ। ਬਹੁਤ ਸਾਰੇ ਭੇਖਧਾਰੀ ਫ਼ਕੀਰ ਗਲ ਵਿਚ ਖਫਣੀ ਪਾ ਕੇ ਹੀ ਆਪ ਨੂੰ ਪਹੁੰਚੇ ਹੋਏ ਫ਼ਕੀਰ ਗਰਦਾਨਦੇ ਹਨ, ਪਰ ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ। ਇਸ ਮਨਮਤਿ ਭੇਖ ਦੁਆਰਾ ਸੱਚਾ ਪ੍ਰਮਾਰਥੀ ਮਾਰਗ ਕਦੇ ਨਹੀਂ ਮਿਲਦਾ, ਸਗੋਂ ਮਨ ਵਿਖੇ ਭਾਰੀ ਤ੍ਰਿਸ਼ਨਾ ਉਪਜਦੀ ਹੈ। ਘਰ ਦੀ ਇਸਤ੍ਰੀ ਤਿਆਗ ਕੇ ਬਨਬਾਸੀ ਬਣ ਬਹਿੰਦਾ ਹੈ, ਪਰ ਓੜਕ ਉਸ ਦੇ ਮਨ ਵਿਖੇ ਘਣੀ ਕਾਮ-ਚੇਸ਼ਟਾ ਉਪਜਦੀ ਹੈ ਅਤੇ ਪਰਾਈਆਂ ਇਸਤ੍ਰੀਆਂ ਨਾਲ ਖੇਹ ਖਾਂਦਾ ਫਿਰਦਾ ਹੈ, ਆਪਣਾ ਲੋਕ ਵੀ ਵਿਗਾੜ ਲੈਂਦਾ ਹੈ, ਪਰਲੋਕ ਤਾਂ ਕੀ ਸਵਾਰਨਾ ਸੀ। ਲੋਕਾਂ ਨੂੰ ਉਪਦੇਸ਼ ਕਰਦਾ ਹੈ, ਆਪਣੇ ਆਪ ਨੂੰ ਝੂਠਾ ਗੁਰੂ ਸਦਾਉਂਦਾ ਹੈ ਤੇ ਗੁਰਮਤਿ ਮਾਰਗ ਤੋਂ ਘੁਥਿਆਂ ਸੰਸਾਰੀਆਂ ਨੂੰ ਸਿਖ ਬਣਾਉਂਦਾ ਫਿਰਦਾ ਹੈ, ਸੱਚੇ ਗੁਰੂ ਪਾਸੋਂ ਸ਼ਬਦ ਦੀਖਿਆ ਲੈ ਕੇ ਚੀਨਦਾ ਹੀ ਨਹੀਂ। ਐਸਾ ਪੁਰਸ਼ ਬਜ਼ਾਰੀਆਂ ਵਾਲੀ ਲੰਪਟ-ਬਾਜ਼ੀ ਹੀ ਸਾਰੀ ਉਮਰ ਕਰਦਾ ਰਹਿੰਦਾ ਹੈ ਅਤੇ ਭੌਂਦੂ ਬਣਿਆ

ਰਹਿੰਦਾ ਹੈ, ਅੰਦਰ ਤਾਂ ਉਹਦੇ ਬਿਖ ਵਸੀ ਰਹਿੰਦੀ ਹੈ, ਬਾਹਰੋਂ ਮੋਨ ਸਾਧਿਆਂ **ਕੁਛ** ਨਹੀਂ ਬਣਦਾ, ਬਸ, ਉਸ ਨੂੰ ਜਮ ਹੀ ਖੁਆਰ ਕਰਦਾ ਹੈ ।

ਸੱਚਾ ਸੰਨਿਆਸੀ ਉਹ ਹੈ ਜੋ ਸੱਚੇ ਸਤਿਗੁਰੂ ਦਾ ਸੇਵਕ ਸਿਖ ਬਣੇ ਅਤੇ ਗੁਰੂ ਦਵਾਰਿਓਂ ਗੁਰ-ਦੀਖਿਆ ਗੁਰ-ਮੰਤਰ ਲੈ ਕੇ ਸੱਚੀਆਂ ਕਮਾਈਆਂ ਕਰੇ ਤੇ ਆਪਣੀ ਹਉਮੈ ਨੂੰ ਖੋਵੇ, ਆਪਣਾ ਆਪ ਗਵਾ ਦੇਵੇ । ਐਸਾ ਸੱਚਾ ਗੁਰਮੁਖਿ ਸੰਨਿਆਸੀ ਛਾਦਨ ਭੋਜਨ ਦੀ ਆਸ ਹੀ ਨਹੀਂ ਕਰਦਾ, ਅਚਿੰਤ ਹੀ ਜੋ ਉਸ ਨੂੰ ਮਿਲਦਾ ਹੈ ਉਹ ਉਸੇ ਨੂੰ ਪਾ ਕੇ ਸਬਰ ਸੁਕਰ ਕਰੀ ਫਿਰਦਾ ਹੈ । ਇਸ ਬਿਧਿ ਗੁਰਮੁਖਿ ਬਣ ਕੇ ਜੋ ਆਸ ਨਿਰਾਸਾ ਰਹੇ, ਉਹੀ ਸੱਚਾ ਸੰਨਿਆਸੀ ਕਹਾ ਸਕਦਾ ਹੈ । ਉਸ ਦੀ ਇਕੋ ਵਾਹਿਗੁਰੂ ਨਾਲ ਹੀ ਲਿਵ ਲਗੀ ਰਹਿੰਦੀ ਹੈ । ਵਾਹਿਗੁਰੂ ਨਾਮ ਦਾ ਰਸ ਪੀਵੇ ਤਾਂ ਸੱਚੀ ਸ਼ਾਂਤੀ ਆਉਂਦੀ ਹੈ, ਅਤੇ ਨਿਜ ਘਰ ਉਸ ਦੀ ਤਾੜੀ ਲਗਦੀ ਹੈ । ਵਾਹਿਗੁਰੂ ਨਾਲ ਸੱਚੀ ਲਿਵ ਲਗੀ ਰਹਿਣ ਕਰਕੇ ਐਸੇ ਸੱਚੇ ਸੰਨਿਆਸੀ ਦਾ ਮਨ ਕਦੇ ਡੋਲਦਾ ਹੀ ਨਹੀਂ । ਵਾਹਿਗੁਰੂ ਦੀ ਸੱਚੀ ਸੂਝ ਬੂਝ ਆਵਣ ਕਰਕੇ ਉਸ ਦਾ ਦਹਿਦਿਸ ਧਾਉਂਦਾ ਮਨ ਸੁਤੇ ਹੀ ਵਸਗਤਿ ਰਹਿੰਦਾ ਹੈ । ਸੱਚੀ ਗੁਰਮਤਿ ਦੇ ਧਾਰਨ ਕੀਤਿਆਂ ਅਤੇ ਗੁਰਮਤਿ ਧਾਰਨ ਕਰਕੇ ਨਾਮ ਪਦਾਰਥ ਦੇ ਪਾਇਆਂ ਤੇ ਗੁਰਮਤਿ ਨਾਮ ਅਭਿਆਸ ਨੂੰ ਕਮਾਇਆਂ ਉਸ ਦਾ ਸਰੀਰ ਰੂਪੀ ਗ੍ਰਿਹ ਰਸ-ਜੋਤਿ ਪ੍ਰਕਾਸ਼ ਨਾਲ ਜਗਮਗਾ ਉਠਦਾ ਹੈ ।

ਬ੍ਰਹਮਾ ਬਿਸ਼ਨ ਮਹੇਸ਼ ਮੰਨੇ ਪ੍ਰਮੰਨੇ ਦੇਵਤੇ ਤਾਂ ਹੀ ਸਰੇਸ਼ਟ ਹੁੰਦੇ ਹਨ ਜੇ ਉਹ ਗੁਰਮਤਿ ਨਾਮ ਵਿਚ ਰੱਤੇ ਜਾਣ ਤੇ ਸੱਚੇ ਨਾਮ ਦੇ ਅਭਿਆਸੀ ਬਣ ਜਾਣ । ਚਾਰੇ ਖਾਣੀਆਂ ਤੇ ਸਾਰੀਆਂ ਬਾਣੀਆਂ ਵਿਖੇ, ਗਗਨ ਪਤਾਲਾਂ ਵਿਖੇ, ਸਾਰੇ ਜੀਅ ਜੰਤ ਅੰਦਰ ਵਾਹਿਗੁਰੂ ਦੀ ਸੱਚੀ ਜੋਤਿ ਵਰਤਦੀ ਹੈ, ਪਰ ਇਹ ਜੋਤਿ ਗੁਰੂ ਜਨਾਂ ਦੇ ਘਟ ਅੰਦਰ ਹੀ ਪਰਜੁਲਤ ਹੁੰਦੀ ਹੈ । ਤਾਂ ਤੇ ਸਾਰੇ ਸੁਖ ਤੇ ਸਾਰੀਆਂ ਮੁਕਤੀਆਂ ਗੁਰਮਤਿ ਨਾਮ ਦੀ ਧੁਨੀ ਗੁਰਬਾਣੀ ਵਿਖੇ ਹੀ ਚਮਤਕਾਰਤ ਹੁੰਦੀਆਂ ਹਨ ਤੇ ਸੱਚੇ ਨਾਮ ਨੂੰ ਉਰਧਾਰਿਆਂ ਹੀ ਮਿਲਦੀਆਂ ਹਨ । ਤਾਂ ਤੇ ਗੁਰੂ ਨਾਨਕ ਸਾਹਿਬ ਨੇ ਇਹੋ ਹੀ ਸਿਟਾ ਕਢਿਆ ਹੈ ਕਿ ਗੁਰਮਤਿ ਨਾਮ ਬਾਝੋਂ ਛੁਟਕਾਰਾ ਨਹੀਂ ਹੁੰਦਾ, ਨਾ ਹੀ ਭਵਜਲ ਤੇ ਤਰੀ ਜਾਣ ਵਾਲੀ ਸੱਚੀ ਤਾਰੀ ਤਰੀ ਜਾ ਸਕਦੀ ਹੈ ।

ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਾਵਾਰੀ ॥
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥੫॥੧੧॥

[ਮਾਰੂ ਮਹਲਾ ੧, ਪੰ: ੧੦੧੫-੧੬

ਇਸ ਜਗਤ ਵਿਖੇ ਜੋ ਵੀ ਚਤੁਰ ਸਿਆਣਾ ਕਹਾਉਂਦਾ ਹੈ ਉਹ ਭਰਮ ਵਿਖੇ ਹੀ ਭੁਲਿਆ ਫਿਰਦਾ ਹੈ, ਪੰਡਿਤ ਨਾਉਂ ਸਦਾਉਣਹਾਰਾ ਗਵਾਰਾਂ ਵਾਲੀ ਅਵਿਦਿਆ ਪੜ੍ਹਦਾ ਫਿਰਦਾ ਹੈ । ਸੱਚੇ ਨਾਮ ਨੂੰ ਵਿਸਾਰ ਕੇ ਬੇਦ ਸਮਾਲ੍ਹਦੇ ਹਨ, ਜਿਨ੍ਹਾਂ ਵਿਚ

ਬਿਖ ਹੀ ਬਿਖ ਲਿਖੀ ਹੋਈ ਹੈ, ਸੋ ਇਸ ਤ੍ਰੈ-ਗੁਣ ਬਿਖਿਆ ਵਿਚ ਹੀ ਬੇਦ ਭੁਲੇ ਫਿਰਦੇ ਹਨ, ਪ੍ਰਮਾਰਥੀ ਸੂਝ ਬੂਝ ਦੀ ਬੇਦਾਂ ਵਿਚ ਰਾਈ ਵੀ ਨਹੀਂ ਪਾਈ ਜਾਂਦੀ।

ਸਿਧ ਸਾਧਿਕ ਦੇਵ ਮੁਨਿ ਜਨ ਬੇਦ ਕਰਹਿ ਉਚਾਰੁ ॥
ਸਿਮਰਿ ਸੁਆਮੀ ਸੁਖ ਸਹਜਿ ਭੁੰਚਹਿ ਨਹੀ ਅੰਤੁ ਪਾਰਾਵਾਰੁ ॥੬॥
ਅਨਿਕ ਪ੍ਰਾਛਤ ਮਿਟਹਿ ਖਿਨ ਮਹਿ ਰਿਦੈ ਜਪਿ ਭਗਵਾਨ ॥
ਪਾਵਨਾ ਤੇ ਮਹਾ ਪਾਵਨ ਕੋਟਿ ਦਾਨ ਇਸਨਾਨ ॥੭॥
ਬਲ ਬੁਧਿ ਸੁਧਿ ਪਰਾਣ ਸਰਬਸੁ ਸੰਤਨਾ ਕੀ ਰਾਸਿ ॥
ਬਿਸਰੁ ਨਾਹੀ ਨਿਮਖ ਮਨ ਤੇ ਨਾਨਕ ਕੀ ਅਰਦਾਸਿ ॥੮॥੨॥

[ਮਾਰੂ ਮ: ੫, ਪੰਨਾ ੧੦੧੭

ਆਨਮਤੀ ਪਾਖੰਡ-ਧਰਮੀ ਸਿਧ ਸਾਧਿਕ ਦੇਵਤੇ ਮੁਨੀ ਜਨ ਬੇਦਾਂ ਦਾ ਉਚਾਰਨ ਕਰਦੇ ਫਿਰਦੇ ਹਨ, ਪਰ ਉਥੋਂ ਉਨ੍ਹਾਂ ਨੂੰ ਕੱਖ ਨਹੀਂ ਲਭਦਾ। ਜੇ ਵਾਹਿਗੁਰੂ ਸੁਆਮੀ ਦਾ ਸਿਮਰਨ ਕਰਨ ਤਾਂ ਹੀ ਸਹਜ ਅਵਸਥਾ ਵਾਲਾ ਐਸਾ ਆਤਮ ਸੁਖ ਮਾਨਣ, ਜਿਸ ਸੁਖ ਦਾ ਕੋਈ ਅੰਤ ਪਾਰਾਵਾਰ ਨਹੀਂ। ਹਿਰਦੇ ਅੰਦਰ ਗੁਰਮਤਿ ਨਾਮ ਦਾ ਜਾਪ ਅਭਿਆਸ ਕੀਤਿਆਂ ਅਨੇਕਾਂ ਹੀ ਪ੍ਰਾਛਤ (ਪਾਪ) ਖਿਨ ਵਿਚ ਮਿਟ ਜਾਂਦੇ ਹਨ, ਜੇਕਰ ਹਿਰਦੇ ਅੰਦਰ ਗੁਰਮਤਿ ਦਰਸਾਇਆ ਵਾਹਿਗੁਰੂ ਭਗਵਾਨ ਜਪਿਆ ਜਾਵੇ। ਗੁਰਮਤਿ ਨਾਮ ਅਭਿਆਸ ਕੀਤਿਆਂ ਪਵਿਤਰ ਤੋਂ ਮਹਾਂ ਪਵਿਤਰ ਹੋ ਜਾਈਦਾ ਹੈ, ਕੋਟਾਨ ਕੋਟ ਪੁੰਨ ਦਾਨ ਇਸ਼ਨਾਨਾਂ ਦਾ ਫਲ ਉਸ ਨੂੰ ਛਿਨ ਵਿਚ ਮਿਲ ਜਾਂਦਾ ਹੈ। ਗੁਰੂ ਘਰ ਦੇ ਸੰਤ ਜਨਾਂ ਦੀ ਰਾਸਿ ਪੂੰਜੀ ਕੇਵਲ ਨਾਮ ਹੀ ਹੈ, ਜਿਸ ਦੇ ਪਿਛੇ ਬਲ ਬੁਧੀ ਸੁਧੀ ਪ੍ਰਾਣਾਯਾਮੀ ਮਤੀਆਂ ਸੁਤੇ ਸਿਧ ਹੀ ਲਗੀਆਂ ਫਿਰਦੀਆਂ ਹਨ ਤੇ ਸਭ ਕੁਛ ਉਸ ਨੂੰ ਮਿਲ ਜਾਂਦਾ ਹੈ। ਵਾਹਿਗੁਰੂ ਦਾ ਨਾਮ ਨਿਮਖ ਮਾਤਰ ਵੀ ਮਨ ਤੋਂ ਨ ਵਿਸਰੇ, ਗੁਰੂ ਨਾਨਕ ਸਾਹਿਬ ਦੀ ਇਹੋ ਅਰਦਾਸ ਬੇਨਤੀ ਹੈ।

ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ ॥
ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ ॥੨॥੭॥

[ਮਾਰੂ ਮਹਲਾ ੫, ਪੰਨਾ ੧੦੧੯

ਗ੍ਰਿਹਸਤ ਵਿਖੇ ਰਹਿ ਕੇ ਅਤੇ ਰਾਜਸੀ ਬੁਧੀ ਕਰਕੇ ਸੱਚੀ ਸ਼ਾਂਤੀ ਨਹੀਂ ਆਉਂਦੀ, ਬਲਕਿ ਗ੍ਰਹਿ ਰਾਜ ਵਿਖੇ ਰਹਿ ਕੇ ਭੀ ਨਰਕ ਹੀ ਨਰਕ ਭੁੰਚੀਦਾ ਹੈ ਅਤੇ ਸਦਾ ਕ੍ਰੋਧ ਵਿਖੇ ਹੀ ਰਹੀਦਾ ਹੈ, ਜਿਸ ਕਰਕੇ ਮਨ ਉਤੇ ਨਿਰਾਸਤਾ ਵਾਲੀ ਮਲੀਨਤਾ ਹੀ ਛਾਈ ਰਹਿੰਦੀ ਹੈ। ਚਾਹੇ ਬਥੇਰੀਆਂ ਬਿਧੀਆਂ ਕਰਕੇ ਬੇਦ ਦੇ ਸਾਰੇ ਪਾਠ ਸੋਧੇ ਜਾਣ ਤਾਂ ਵੀ ਕੁਛ ਨਹੀਂ ਬਣਦਾ। ਗੁਰੂ ਦੀ ਕਿਰਪਾ ਨਾਲ ਸੱਚੀ ਗੁਰਮਤਿ ਪ੍ਰਾਪਤ ਹੋਣ ਕਰਕੇ ਇਸ ਦੇਹੀ ਅੰਦਰ ਹੀ ਅਲੇਪ ਰਹਿਣ ਵਾਲੇ ਜਨ ਦੀ

ਘਾਲ ਥਾਉਂ ਪੈਂਦੀ ਹੈ ।

ਬੇਦ ਕਤੇਬੀ ਭੇਦੁ ਨ ਜਾਤਾ ॥ ਨਾ ਤਿਸੁ ਮਾਤ ਪਿਤਾ ਸੁਤ ਭ੍ਰਾਤਾ ॥
ਸਗਲੇ ਸੈਲ ਉਪਾਇ ਸਮਾਏ ਅਲਖੁ ਨ ਲਖਣਾ ਜਾਈ ਹੇ ॥੬॥...
ਬ੍ਰਹਮਾ ਬਿਸਨੁ ਮਹੇਸੁ ਦੁਆਰੈ ॥ ਊਭੇ ਸੇਵਹਿ ਅਲਖ ਅਪਾਰੈ ॥
ਹੋਰ ਕੇਤੀ ਦਰਿ ਦੀਸੈ ਬਿਲਲਾਦੀ ਮੈ ਗਣਤ ਨ ਆਵੈ ਕਾਈ ਹੇ ॥੧੪॥
ਸਾਚੀ ਕੀਰਤਿ ਸਾਚੀ ਬਾਣੀ ॥ ਹੋਰ ਨ ਦੀਸੈ ਬੇਦ ਪੁਰਾਣੀ ॥
ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ ॥੧੫॥੨॥
[ਮਾਰੂ ਸੋਲਹੇ ਮਹਲਾ ੧, ਪੰਨਾ ੧੦੨੧-੨੨

ਬੇਦ ਅਵਲੰਬੀ ਹਿੰਦੂ ਮਤ ਦੁਆਰਾ ਅਤੇ ਕਤੇਬ ਅਵਲੰਭੀ ਮੁਸਲਮਾਨ ਮਤ ਦੁਆਰਾ ਵਾਹਿਗੁਰੂ ਸੱਚੇ ਦਾ ਭੇਦ ਨਹੀਂ ਜਾਣਿਆ ਜਾਂਦਾ । ਸੱਚੇ ਵਾਹਿਗੁਰੂ ਦਾ ਨਾ ਕੋਈ ਮਾਤਾ ਪਿਤਾ ਹੈ, ਨ ਕੋਈ ਸੁਤ (ਪੁਤਰ) ਭ੍ਰਾਤਾ ਹੈ । ਜਿਤਨੇ ਪਹਾੜ ਉਸ ਨੇ ਉਪਾਏ ਹਨ, ਸੋ ਉਪਾਇ ਕੇ ਸਮਾਏ ਲਏ ਹਨ (ਅਰਥਾਤ, ਤ੍ਰੈਗੁਣ ਧਾਤ ਸਭ ਨਿਹਚਲ ਰਹਿਣ ਵਾਲੀ ਨਹੀਂ) । ਇਹਨਾਂ ਸੈਲ ਪਹਾੜਾਂ ਪੱਥਰਾਂ ਵਿਚ ਸਮਾਇ ਰਿਹਾ ਅਲਖ ਵਾਹਿਗੁਰੂ ਬੇਦਾਂ ਕਤੇਬਾਂ ਦੁਆਰਾ ਲਖਿਆ ਨਹੀਂ ਜਾਂਦਾ ।

ਹਿੰਦੂ ਦੇ ਦੇਵਤੇ ਬ੍ਰਹਮਾ ਬਿਸ਼ਨ ਮਹੇਸ਼ ਵਾਹਿਗੁਰੂ ਦਾ ਦੁਆਰਾ **ਢੂੰਡਣ** ਲਈ ਬਥੇਰੇ ਭਰਮਦੇ ਭਟਕਦੇ ਫਿਰਦੇ ਹਨ । ਉਸ ਅਲੱਖ ਪਾਰਬ੍ਰਹਮ ਵਾਹਿਗੁਰੂ ਨੂੰ ਪੁੱਠੇ ਲਟਕ ਕੇ ਹਠ-ਕਰਮ ਦੁਆਰਾ ਸੇਵਿਆਂ ਕੁਛ ਨਹੀਂ ਬਣਦਾ । ਇਹੋ ਜਿਹਾਂ ਤਿਹਾਂ ਦੇਵਤਿਆਂ ਵਰਗੀ ਹੋਰ ਕੇਤੀ ਲੁਕਾਈ ਵਾਹਿਗੁਰੂ ਦਾ ਦਰ ਢੂੰਡਣ ਲਈ ਬਿਲਲਾਂਦੀ ਫਿਰਦੀ ਹੈ, ਮੈਥੋਂ ਉਨ੍ਹਾਂ ਬਿਲਲਾਵਣਹਾਰੀ ਦੁਨੀਆ ਦੀ ਗਿਣਤੀ ਨਹੀਂ ਕੀਤੀ ਜਾਂਦੀ, ਇਨ੍ਹਾਂ ਦੀ ਆਸ ਬਿਰਥੀ ਅਜਾਈਂ ਜਾਂਦੀ ਹੈ ।

ਸੱਚੀ ਸਿਫਤ-ਸਲਾਹ ਮਈ ਕੀਰਤੀ ਕੇਵਲ ਸੱਚੀ ਗੁਰਬਾਣੀ ਦੁਆਰਾ ਹੋ ਸਕਦੀ ਹੈ, ਭਾਵ, ਗੁਰੂ ਕੀ ਬਾਣੀ ਹੀ ਸੱਚੀ ਸਿਫ਼ਤ ਹੈ । ਇਹ ਸਿਫ਼ਤ ਸਲਾਹ ਹੋਰ ਕਿਤੇ ਨਹੀਂ ਦਿਸਦੀ, ਬੇਦਾਂ ਪੁਰਾਣਾਂ ਅੰਦਰ ਹੈ ਹੀ ਨਹੀਂ । ਸੱਚੀ ਪੂੰਜੀ ਰਾਸ ਵਾਹਿਗੁਰੂ ਨਾਮ ਦੀ ਸੱਚੇ ਗੁਰਮਤਿ ਗੁਣ ਗਾਇਆਂ ਹੀ ਮਿਲਦੀ ਹੈ, ਹੋਰ ਆਸਰਾ ਕੋਈ ਹੈ ਹੀ ਨਹੀਂ ।

ਗੁਰ ਕੀ ਭਗਤਿ ਕਰਹਿ ਕਿਆ ਪ੍ਰਾਣੀ ॥ ਬ੍ਰਹਮੈ ਇੰਦ੍ਰਿ ਮਹੇਸਿ ਨ ਜਾਣੀ ॥
ਸਤਿਗੁਰੁ ਅਲਖੁ ਕਹਹੁ ਕਿਉ ਲਖੀਐ ਜਿਸੁ ਬਖਸੇ ਤਿਸਹਿ ਪਛਾਤਾ ਹੇ॥੧੪॥੧੧॥
[ਮਾਰੂ ਮਹਲਾ ੧, ਪੰਨਾ ੧੦੩੨

ਗੁਰਮਤਿ ਤੋਂ ਘੁਥੇ ਹੋਏ ਤੇ ਹਉਮੈ ਦੇ ਮੁਠੇ ਹੋਏ ਪ੍ਰਾਣੀ ਸਧਾਰਨ ਜੀਵ ! ਤੂੰ ਗੁਰੂ ਕੀ ਭਗਤੀ ਦੀ ਸਾਰ ਕੀ ਜਾਣਦਾ ਹੈਂ ! ਇਸ ਗੁਰ-ਭਗਤੀ ਦੀ ਸਾਰ ਤਾਂ ਬ੍ਰਹਮੇ ਤੇ ਇੰਦਰ ਨੇ ਅਤੇ ਮਹਾਂਦੇਵ ਨੇ ਵੀ ਨਹੀਂ ਜਾਣੀ । ਗੁਰੂ ਵਾਹਿਗੁਰੂ ਅਲੱਖ

ਪਾਰਬ੍ਰਹਮ ਗਲੀਂ ਬਾਤੀਂ ਕਿਵੇਂ ਲਖਿਆ ਜਾ ਸਕਦਾ ਹੈ ? ਜਿਸ ਉਪਰ ਵਾਹਿਗੁਰੂ ਬਖ਼ਸ਼ਿਸ਼ ਕਰੇ, ਸੋਈ ਇਸ ਭਗਤੀ ਨੂੰ ਜਾਣ ਸਕਦਾ ਹੈ ।

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ ॥ ਵਾਦੁ ਵਖਾਣਹਿ ਤਤੁ ਨ ਜਾਣਾ ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ ॥੪॥੧੨॥

[ਮਾਰੂ ਮਹਲਾ ੧, ਪੰਨਾ ੧੦੩੨

ਮਨਮੁਖ ਅਗਿਆਨੀ ਲੋਕ ਗੁਰਮਤਿ ਤੋਂ ਹੀਣੇ ਪਾਖੰਡ-ਭੇਖ ਵਾਲੇ ਸਿਮਰਤੀਆਂ ਸ਼ਾਸਤ੍ਰਾਂ ਅਤੇ ਪੁਰਾਣਾਂ ਨੂੰ ਪੜ੍ਹਦੇ ਫਿਰਦੇ ਹਨ, ਐਵੇਂ ਵਾਦ ਹੀ ਵਖਾਣਦੇ ਹਨ, ਪ੍ਰਮਾਰਥੀ ਤੱਤ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ ਲਗਦਾ। ਸੱਚੇ ਸਤਿਗੁਰੂ ਬਾਝੋਂ ਪ੍ਰਮਾਰਥੀ ਤੱਤ ਹਾਸਲ ਹੀ ਨਹੀਂ ਹੁੰਦਾ। ਪ੍ਰਮਾਰਥੀ ਸੱਚਾ ਸੁਮਾਰਗ ਸੱਚ ਰੂਪੀ ਵਾਹਿਗੁਰੂ ਮੰਤਰ ਦੇ ਸੁੱਚੇ ਅਭਿਆਸ ਕੀਤਿਆਂ ਮਿਲਦਾ ਹੈ, ਐਵੇਂ ਨਹੀਂ ।

ਮਾਰੂ ਮਹਲਾ ੧ ॥੧੬॥੨॥੧੪॥ "ਦਰਸਨੁ ਪਾਵਾ ਜੇ ਤੁਧੁ ਭਾਵਾ"
ਪੰਨਾ ੧੦੩੪-੩੫

ਇਹ ਸਮੁਚਾ ਗੁਰ ਸ਼ਬਦ ਗੁਰਮਤਿ ਸੁਮਾਰਗੀ ਸੱਚੇ ਅਨਹਦ ਸ਼ਬਦ ਨੂੰ ਦ੍ਰਿੜ੍ਹਾਉਂਦਾ ਹੈ। ਇਸ ਸਮੁਚੇ ਗੁਰ ਸ਼ਬਦ ਦੇ ਭਾਵ ਅੰਦਰ ਹੀ ਆਨਮਤੀ ਹਠ-ਯੋਗ ਅਤੇ ਦਸਮ ਦੁਆਰ ਪਾਖੰਡ ਭੇਖੀ ਅਨਹਦ ਸ਼ਬਦ ਦਾ ਠੀਕ ਠੀਕ ਖੰਡਨ ਭੀ ਆ ਜਾਂਦਾ ਹੈ। ਵਿਸਥਾਰ ਕੀਤਿਆਂ ਪੁਸਤਕ ਦਾ ਵਿਸਥਾਰ ਹੋ ਜਾਂਦਾ ਹੈ, ਇਸ ਲਈ ਟੂਕ ਮਾਤਰ ਇਤਨਾ ਹੀ ਬਥੇਰਾ ਹੈ ।

ਸੋਹਨਿ ਭਗਤ ਪ੍ਰਭੂ ਦਰਬਾਰੇ ॥ ਮੁਕਤੁ ਭਏ ਹਰਿ ਦਾਸ ਤੁਮਾਰੇ ॥
ਆਪੁ ਗਵਾਇ ਤੇਰੈ ਰੰਗ ਰਾਤੇ ਅਨਦਿਨੁ ਨਾਮੁ ਧਿਆਇਦਾ ॥੨॥
ਈਸਰੁ ਬ੍ਰਹਮਾ ਦੇਵੀ ਦੇਵਾ ॥ ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥
ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥੩॥੧੪॥

[ਮਾਰੂ ਮਹਲਾ ੧, ਪੰਨਾ ੧੦੩੪

ਵਾਹਿਗੁਰੂ ਦੇ ਸੱਚੇ ਦਰਬਾਰ ਵਿਖੇ (ਸੱਚੀ ਵਾਹਿਗੁਰੂ ਦੀ ਹਜ਼ੂਰੀ ਵਿਖੇ) ਉਸ ਦੇ ਗੁਰਮੁਖਿ ਭਗਤ ਜਨ ਹੀ ਸੋਂਹਦੇ ਹਨ, ਵਾਹਿਗੁਰੂ ਦੇ ਹੁਕਮ ਮੰਨਣਹਾਰੇ ਗੁਰਮੁਖਿ ਦਾਸ ਹੀ ਇਸ ਬਿਧਿ ਮੁਕਤ ਭਏ ਹੈਂ। ਆਪਾ ਭਾਵ ਗਵਾਇ ਕੇ ਅਤੇ ਹਉਮੈ ਨੂੰ ਬਿਨਸਾਇ ਕੇ ਹੀ ਵਾਹਿਗੁਰੂ ਨਾਮ ਦੇ ਰੰਗਾਂ ਵਿਚ ਰਤੇ ਰਹਿੰਦੇ ਹਨ, ਦਿਨੇ ਰਾਤ ਇਸ ਗੁਰਮਤਿ ਨਾਮ ਗੁਰ-ਮੰਤ੍ਰ ਦਾ ਅਭਿਆਸ ਹੀ ਕਰਦੇ ਰਹਿੰਦੇ ਹਨ ।

ਹਿੰਦੂਆਂ ਦੇ ਆਨਮਤੀ ਦੇਵਤੇ ਮਹਾਂਦੇਵ (ਈਸ਼ਰ) ਬ੍ਰਹਮਾ ਆਦਿਕ ਅਤੇ ਤੇਤੀਸ ਕਰੋੜ ਹਿੰਦੂਆਂ ਦੇ ਮੰਨੇ ਹੋਏ ਦੇਵੀ ਦੇਵਤੇ, ਸਣੇ ਇੰਦ੍ਰ ਦੇਵਤਾ ਦੇ, ਤਪੀਸ਼ਰ ਤੇ ਮੁਨੀ ਜਨ, ਆਪੋਂ ਹੁਦਰੇ ਹੀ ਵਾਹਿਗੁਰੂ ਦੀ ਸੇਵਾ ਸਿਮਰਨ ਵਿਚ ਜੁਟਦੇ ਹਨ, ਪ੍ਰੰਤੂ ਨਿਗੁਰੇ ਹੋਣ ਕਰਕੇ ਉਨ੍ਹਾਂ ਦਾ ਬਣਦਾ ਕੁਛ ਨਹੀਂ। ਕਿਤਨੇ ਹੀ ਬਨਬਾਸੀ,

ਸੰਨਿਆਸੀ ਭੇਖੀ ਜਨ ਜਤੀ ਸਤੀ ਬਣ ਬਣ ਬਹਿੰਦੇ ਹਨ ਅਤੇ ਮਨ-ਹਠ-ਪਾਖੰਡ ਕਰਕੇ ਮਨ ਦੀ ਮਤਿ ਦੁਆਰਾ ਵਾਹਿਗੁਰੂ ਦਾ ਅੰਤ ਲੈਣਾ ਚਾਹੁੰਦੇ ਹਨ, ਪਰ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਐਵੇਂ ਉਨ੍ਹਾਂ ਦੀ ਘਾਲ ਅਜਾਈਂ ਜਾਂਦੀ ਹੈ।

ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥...੪॥
ਨਾ ਤਦਿ ਜਤੀ ਸਤੀ ਬਨਵਾਸੀ ॥
ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ ॥੫॥
ਨ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥...੧੧॥..
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥
ਪਾਠ ਪੁਰਾਣ ਉਦੈ ਨਹੀ ਆਸਤ॥ ੧੩॥
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ ॥
ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ ॥੧੫॥
ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ॥੧੬॥੩॥੧੫॥
[ਮਾਰੂ ਮ: ੧, ਪੰਨਾ ੧੦੩੫-੩੬

ਇਸ ਸਮੁਚੇ ਗੁਰ ਸ਼ਬਦ ਵਿਖੇ ਸਾਰੇ ਆਨਮਤਾਂ ਦਾ, ਬੇਦ ਕਤੇਬ ਭੇਖ ਮਤਾਂ ਦਾ ਸਮੁਚਾ ਖੰਡਨ ਹੀ ਖੰਡਨ ਹੈ। ਮੰਡਨ ਕੇਵਲ ਗੁਰਮਤਿ ਸੁਮਾਰਗ ਦਾ ਹੈ। ਯਥਾ ਵਿਆਖਿਆ—

ਬ੍ਰਹਮਾ ਬਿਸ਼ਨ ਮਹੇਸ਼ ਆਦਿਕ ਹਿੰਦੂਆਂ ਦੇ ਦੇਵਤੇ ਤੱਤ ਸੁਮਾਰਗ ਵਿਚ ਕੋਈ ਵੀ ਰਿਸ਼ਤਾ ਨਹੀਂ ਰਖਦੇ, ਕੇਵਲ ਇਕ ਅਕਾਲ ਪੁਰਖ ਹੀ ਪਰੀਪੂਰਨ ਹੈ, ਜਿਸ ਨੂੰ ਕੇਵਲ ਗੁਰਮਤਿ ਹੀ ਸੱਚੀ ਕੇਵਲਤਾ ਵਿਚ ਦ੍ਰਿੜ੍ਹਾਉਂਦੀ ਹੈ। ਤੁਰਕਾਂ ਦੇ (ਮੁਸਲਮਾਨੀ ਮਤ ਦੇ) ਮੰਨੇ ਹੋਏ ਦੋਜ਼ਖ ਤੇ ਬਹਿਸ਼ਤ (ਨਰਕ ਤੇ ਸੁਰਗ) ਪ੍ਰਮਾਰਥ ਦੇ ਸੱਚੇ ਸੁਮਾਰਗ ਵਿਚ ਸਭ ਫ਼ਲੂ ਹਨ। ਸਾਧਿਕ ਸਿਧ, ਜੋਗੀ ਜੰਗਮ ਸਭ ਭੇਖ ਪਾਖੰਡ ਰੂਪ ਕਰਕੇ ਖੰਡਨ ਕੀਤੇ ਗਏ ਹਨ, ਹਿੰਦੂਆਂ ਦੇ ਮੰਨੇ ਦੰਨੇ ਜਪ ਤਪ ਸੰਜਮ, ਬੁੱਤ ਪੂਜਾ ਆਦਿਕ ਅਸੂਲ ਸਾਰੇ ਨਾਮਾਕੂਲ ਸਿਧ ਕੀਤੇ ਗਏ ਹਨ।

ਵਰਨ ਭੇਖ ਬ੍ਰਾਹਮਣ ਕਸ਼ਤ੍ਰੀ ਆਦਿਕ ਆਸ਼੍ਰਮ, ਦੇਹੁਰੇ ਦੇਵਤੇ ਗਊ ਗਾਇਤ੍ਰੀ ਆਦਿਕ ਹਿੰਦੂਆਂ ਦੇ ਮੰਨੇ ਹੋਏ ਤੀਰਥ ਪੂਜਾ ਆਦਿਕ ਸਭ ਖੰਡਨ ਕੀਤੇ ਗਏ ਹਨ। ਮੁਸਲਮਾਨੀ ਮਤ ਦੇ ਮੰਨੇ ਹੋਏ ਮੁਲਾਂ ਕਾਜ਼ੀ, ਸ਼ੇਖ ਮਸ਼ਾਇਕ, ਹਾਜੀ ਆਦਿਕ ਸਭ ਮਨਮਤਿ ਵਾਲੇ ਪਾਖੰਡ ਖੰਡਨੀ ਮਤ ਹੀ ਹਨ। ਬੇਦ ਕਤੇਬ, ਸਿਮ੍ਰਿਤਿ ਸ਼ਾਸਤ੍ਰ,

ਪਾਠ ਪੁਰਾਣ ਭੇਖ ਸਭ ਖੰਡਨ ਹਨ, ਬ੍ਰਹਮਾ ਬਿਸ਼ਨ ਆਦਿਕ ਤ੍ਰੈਗੁਣ ਮਾਇਆ ਰੂਪੀ ਦਰਸਾਏ ਗਏ ਹਨ। ਇਨ੍ਹਾਂ ਪਾਖੰਡ ਕਰਮਾਂ ਧਰਮਾਂ ਤੋਂ ਕੋਈ ਵੀ ਪ੍ਰਮਾਰਥੀ ਤੱਤ ਦੀ ਲਭਤਾ ਨਹੀਂ ਹੁੰਦੀ, ਨ ਹੀ ਸੱਚੇ ਪ੍ਰਮਾਰਥੀ ਸੁਮਾਰਗ ਦੀ ਕੋਈ ਸੂਝ ਹੁੰਦੀ ਹੈ। ਸੋਝੀ ਹੁੰਦੀ ਹੈ ਤਾਂ ਪੂਰੇ ਗੁਰੂ ਤੋਂ ਹੀ ਹੁੰਦੀ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰੂ ਵਰੋਸਾਏ ਸੱਚੇ ਗੁਰਮੁਖਿ ਜਨ, ਸੱਚੇ ਨਾਮ ਅਭਿਆਸ ਵਿਖੇ ਰਤੇ ਹੋਏ ਬਿਸਮਾਦੀ ਰੰਗਾਂ ਵਿਚ ਖੇਡਦੇ ਹਨ ਅਤੇ ਵਾਹਿਗੁਰੂ ਦੇ ਗੁਣ ਗਾ ਗਾ ਕੇ ਬਿਸਮ ਰੂਪ ਹੀ ਹੋਇ ਰਹਿੰਦੇ ਹਨ।

ਅਗਲਾ ਸਮੁਚਾ ਗੁਰ ਸ਼ਬਦ ਮਾਰੂ ਮਹਲਾ ੧ ॥੧੭॥੫॥੧੭॥ ਗੁਰਮਤਿ ਮੰਡਨ ਆਨਮਤ ਖੰਡਨ ਦਾ ਹੀ ਵਿਸਥਾਰ ਹੈ, ਵਿਆਖਿਆ ਦੀ ਲੋੜ ਨਹੀਂ, ਇਸ ਭਾਵ ਦੀ ਵਿਆਖਿਆ ਅਗੇ ਬਥੇਰੀ ਹੋ ਚੁਕੀ ਹੈ।

ਵਾਚਹਿ ਪੁਸਤਕ ਵੇਦ ਪੁਰਾਨਾਂ ॥ ਇਕ ਬਹਿ ਸੁਨਹਿ ਸੁਨਾਵਹਿ ਕਾਨਾਂ ॥
ਅਜਗਰ ਕਪਟੁ ਕਹਹੁ ਕਿਉ ਖੁਲੈ ਬਿਨੁ ਸਤਿਗੁਰ ਤਤੁ ਨ ਪਾਇਆ ॥੧੧॥
ਕਰਹਿ ਬਿਭੂਤਿ ਲਗਾਵਹਿ ਭਸਮੈ ॥ ਅੰਤਰਿ ਕ੍ਰੋਧੁ ਚੰਡਾਲੁ ਸੁ ਹਉਮੈ ॥
ਪਾਖੰਡ ਕੀਨੇ ਜੋਗੁ ਨ ਪਾਈਐ ਬਿਨੁ ਸਤਿਗੁਰ ਅਲਖੁ ਨ ਪਾਇਆ ॥੧੨॥
ਤੀਰਥ ਵਰਤ ਨੇਮ ਕਰਹਿ ਉਦਿਆਨਾ ॥ ਜਤੁ ਸਤੁ ਸੰਜਮੁ ਕਥਹਿ ਗਿਆਨਾ ॥
ਰਾਮ ਨਾਮ ਬਿਨੁ ਕਿਉ ਸੁਖੁ ਪਾਈਐ ਬਿਨੁ ਸਤਿਗੁਰ ਭਰਮੁ ਨ ਜਾਇਆ ॥੧੩॥
ਨਿਉਲੀ ਕਰਮ ਭੁਇਅੰਗਮ ਭਾਠੀ ॥ ਰੇਚਕ ਕੁੰਭਕ ਪੂਰਕ ਮਨ ਹਾਠੀ ॥
ਪਾਖੰਡ ਧਰਮੁ ਪ੍ਰੀਤਿ ਨਹੀ ਹਰਿ ਸਉ ਗੁਰ ਸਬਦ ਮਹਾ ਰਸੁ ਪਾਇਆ ॥੧੪॥
ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥ ਗੁਰ ਸਬਦੀ ਸਭੁ ਬ੍ਰਹਮੁ ਪਛਾਨਿਆ ॥
ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖੁ ਲਖਾਇਆ ॥੧੫॥
੫॥੨੨॥ [ਮਾਰੂ ਮਹਲਾ ੧, ਪੰਨਾ ੧੦੪੩

ਇਸ ਗੁਰਵਾਕ ਅੰਦਰ ਆਨਮਤ ਪੁਸਤਕਾਂ ਬੇਦ ਪੁਰਾਨਾਂ ਆਦਿਕ ਆਨਮਤ ਕਰਮ ਧਰਮ ਭੇਖਾਂ ਦਾ ਸਪੱਸ਼ਟ ਖੰਡਨ ਹੈ, ਕੇਵਲ ਗੁਰਮਤਿ ਦਾ ਮੰਡਨ ਸਿਧਾਂਤ ਸਿਧ ਕੀਤਾ ਗਿਆ ਹੈ। ਯਥਾ ਵਿਆਖਿਆ—

ਅਜਿਹੇ ਬਥੇਰੇ ਭੇਖਧਾਰੀ ਪੁਰਸ਼ ਹਨ ਜੋ ਆਨਮਤੀ ਪੁਸਤਕਾਂ ਬੇਦ ਪੁਰਾਨਾਂ ਆਦਿਕ ਨੂੰ ਵਾਚਦੇ ਹਨ, ਪ੍ਰੰਤੂ ਉਨ੍ਹਾਂ ਦੇ ਦਸਮ ਦੁਆਰ ਝਪੀੜ ਕੇ ਜੜੇ ਹੋਏ ਕਪਾਟ ਕਦੇ ਵੀ ਨਹੀਂ ਖੁਲ੍ਹਦੇ, ਖੁਲ੍ਹਦੇ ਹਨ ਤਾਂ ਸਤਿਗੁਰ ਦੇ ਗੁਰ ਦੀਖਿਅਤ ਸ਼ਬਦ ਦੇ ਤੱਤ ਅਭਿਆਸ ਦੁਆਰਾ ਖੁਲ੍ਹਦੇ ਹਨ, ਬਿਨਾਂ ਸਤਿਗੁਰ ਦੇ ਇਸ ਤੱਤ ਪ੍ਰਮਾਰਥ ਨੂੰ ਕਿਸੇ ਨੇ ਨਹੀਂ ਪਾਇਆ। ਬਥੇਰੇ ਬਿਭੂਤੀ ਲਾਉਂਦੇ ਹਨ, ਸਰੀਰ ਤੇ ਸਵਾਹ (ਭਸਮ) ਮਲਦੇ ਹਨ, ਪਰ ਅੰਤਰਗਤੀ ਕ੍ਰੋਧ ਚੰਡਾਲ ਹਉਮੈ ਰੋਗ ਉਨ੍ਹਾਂ ਦਾ ਦੂਰ ਨਹੀਂ ਹੁੰਦਾ। ਨਿਰਾ ਪਾਖੰਡ ਕੀਤੇ ਤੇ ਜੋਗ ਨਹੀਂ ਪਾਇਆ ਜਾਂਦਾ, ਸਤਿਗੁਰੂ ਦੇ ਬਖ਼ਸ਼ੇ

 www.sikhbookclub.com

ਗੁਰਮਤਿ-ਗਿਆਨ ਵਿਹੂਣ ਅਲੱਖ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ। ਇਕ ਐਸੇ ਭੇਖਧਾਰੀ ਵੀ ਹਨ ਜੋ ਬਨ ਵਿਚ ਜਾ ਕੇ ਰਹਿੰਦੇ ਹਨ ਅਤੇ ਸੁੱਕਾ ਫੋਕਟ ਤੀਰਥ ਵਰਤ ਨੇਮ ਕਿਰਿਆ ਕਰਮ ਕਰਦੇ ਹਨ, ਜਤ ਸਤ ਸੰਜਮ ਆਦਿਕ ਕਿਰਿਆ ਕਰਨ ਦਾ ਅਭਿਮਾਨ ਭਰਿਆ ਗਿਆਨ ਕਰਦੇ ਫਿਰਦੇ ਹਨ, ਪ੍ਰੰਤੂ ਵਾਹਿਗੁਰੂ ਦੇ ਰਮਤ ਰਾਮ ਨਾਮ ਬਿਨਾਂ ਸੱਚੇ ਆਤਮ-ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਸਤਿਗੁਰੂ ਬਿਨਾਂ ਉਨ੍ਹਾਂ ਦਾ ਭਰਮ ਭੇਖ ਜਾਂਦਾ ਹੀ ਨਹੀਂ। ਐਸੇ ਵੀ ਬਥੇਰੇ ਹਨ ਜੋ ਨਿਉਲੀ ਕਰਮ ਦੇ ਭਰਮ ਭੇਖ ਵਿਚ. ਹੀ ਰੁਝੇ ਰਹਿੰਦੇ ਹਨ। ਹੋਰ ਬਥੇਰੀਆਂ ਭਠੀਆਂ ਤਾਪਦੇ ਹਨ ਅਤੇ ਕੁੰਡਲਨੀਆਂ ਦੇ ਆਸਨ ਸਾਧਦੇ ਫਿਰਦੇ ਹਨ, ਮਨ-ਹਠ ਕਰਕੇ ਰੇਚਕ ਕੁੰਭਕ ਪੂਰਕ ਹਠਯੋਗ ਦੇ ਕਰਮ ਕਰਨ ਵਿਚ ਪ੍ਰਵਿਰਤ ਰਹਿੰਦੇ ਹਨ, ਪ੍ਰੰਤੂ ਪਾਖੰਡ-ਕਰਮ ਕੀਤਿਆਂ ਵਾਹਿਗੁਰੂ ਨਾਲ ਪ੍ਰੀਤਿ ਨਹੀਂ ਜੁੜਦੀ। ਇਹ ਗੁਰੂ ਦਾ ਬਖ਼ਸ਼ਿਆ ਗੁਰਦੀਖਤ ਗੁਰਮੰਤਰ ਗੁਰ-ਨਾਮ ਰੂਪੀ ਗੁਰ ਸ਼ਬਦ ਹੈ, ਜਿਸ ਦੀ ਅਤੁੱਟ ਅਭਿਆਸ ਕਮਾਈ ਕੀਤਿਆਂ ਮਹਾਂ ਰਸ ਉਪਜਦਾ ਹੈ। ਗੁਰ ਸ਼ਬਦ ਦੇ ਪ੍ਰਤਾਪ ਨਾਲ ਹੀ ਤੱਤ ਬ੍ਰਹਮ ਪਛਾਣੀਦਾ ਹੈ ਅਤੇ ਇਸ ਬਿਧਿ ਅਲੱਖ ਵਾਹਿਗੁਰੂ ਨੂੰ ਕੁਦਰਤ ਵਿਚ ਰਮਿਆ ਹੋਇਆ ਦੇਖ ਕੇ ਜਗਿਆਸੂ ਦਾਂ ਮਨ ਪਤੀਜਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਗੁਰੂ ਸਤਿਗੁਰੂ ਸੱਚੇ ਪਾਤਸ਼ਾਹ ਦਾ ਲਖਾਇਆ ਹੋਇਆ ਅਲੱਖ ਸਾਰੇ ਹੀ ਵਿਆਪਿਆ ਪਰਤੱਖ ਨਜ਼ਰੀ ਆਉਂਦਾ ਹੈ।

ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥<br>
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੇ ॥੫॥<br>
ਇਕਿ ਭਸਮ ਲਗਾਇ ਫਿਰਹਿ ਭੇਖਧਾਰੀ ॥ ਬਿਨੁ ਸਬਦੈ ਹਉਮੈ ਕਿਨਿ ਮਾਰੀ ॥<br>
ਅਨਦਿਨ ਜਲਤ ਰਹਹਿ ਦਿਨੁ ਰਾਤੀ ਭਰਮਿ ਭੇਖ ਭਰਮਾਈ ਹੇ ॥੬॥<br>
ਇਕਿ ਗ੍ਰਿਹ ਕੁਟੰਬ ਮਹਿ ਸਦਾ ਉਦਾਸੀ ॥ ਸਬਦਿ ਮੁਏ ਹਰਿ ਨਾਮਿ ਨਿਵਾਸੀ ॥<br>
ਅਨਦਿਨੁ ਸਦਾ ਰਹਹਿ ਰੰਗਿ ਰਾਤੇ ਭੈ ਭਾਇ ਭਗਤਿ ਚਿਤੁ ਲਾਈ ਹੇ ॥੭॥...<br>
ਇਕਿ ਸਿਧ ਸਾਧਿਕ ਬਹੁਤੁ ਵੀਚਾਰੀ ॥<br>
ਇਕਿ ਅਹਿਨਿਸਿ ਨਾਮਿ ਰਤੇ ਨਿਰੰਕਾਰੀ ॥<br>
ਜਿਸ ਨੋ ਆਪਿ ਮਿਲਾਏ ਸੋ ਬੂਝੈ ਭਗਤਿ ਭਾਇ ਭਉ ਜਾਈ ਹੇ ॥੧੦॥੩॥<br>
[ਮਾਰੂ ਮਹਲਾ ੩, ਪੰਨਾ ੧੦੪੬

ਪਾਖੰਡੀ ਪੰਡਿਤ ਹੋਰਨਾਂ ਨੂੰ ਪੜ੍ਹ ਕੇ ਸਮਝਾਂਦਾ ਹੈ, ਪਰ ਆਪਣੇ ਘਰ ਜਲਦੇ ਦੀ ਖ਼ਬਰ ਨਹੀਂ ਪਾਉਂਦਾ, ਬਸ, ਨਾਮ ਤੋਂ ਸੁੰਨਾ ਹੀ ਫਿਰਦਾ ਹੈ। ਸਤਿਗੁਰ ਦਾ ਸੇਵਕ ਸਿਖ ਬਣੇ ਤੋਂ ਬਿਨਾਂ ਨਾਮ ਨਹੀਂ ਲਭਦਾ; ਫੋਕਟ ਆਨਮਤ ਪੁਸਤਕਾਂ ਨੂੰ ਬਥੇਰਾ ਪੜ੍ਹ ਥਕਿਆ, ਪਰ ਸ਼ਾਂਤ ਕਿਤੋਂ ਨਹੀਂ ਆਈ। ਐਸੇ ਵੀ ਅਨੇਕਾਂ ਭੇਖਧਾਰੀ ਹਨ ਜੋ ਸਰੀਰ 'ਤੇ ਭਸਮ ਲਾਈ ਫਿਰਨ ਨੂੰ ਹੀ ਪਰਮਗਤੀ ਸਮਝਦੇ ਹਨ; ਉਹ ਨਿਰੇ

ਅਹੰਕਾਰ ਵਿਚ ਹਉਂ ਹਉਂ ਮੈਂ ਮੈਂ ਹੀ ਕਰਦੇ ਫਿਰਦੇ ਹਨ, ਦਿਨ ਰਾਤੀ ਹਉਮੈ ਦੀ ਅਗਨੀ ਵਿਚ ਹੀ ਜਲਦੇ ਫਿਰਦੇ ਰਹਿੰਦੇ ਹਨ। ਇਕ ਐਸੇ ਖ਼ਾਸ ਵਿਰਲੇ ਹੀ ਗੁਰਮੁਖਿ ਜਨ ਹਨ, ਜਿਨ੍ਹਾਂ ਨੂੰ ਗੁਰੂ ਦੀ ਕਿਰਪਾ ਦਵਾਰਾ ਐਜੀ ਸੁਮਤਿ ਆਉਂਦੀ ਹੈ ਕਿ ਉਨ੍ਹਾਂ ਨੂੰ ਘਰ ਤੇ ਕੁਟੰਬ ਛਡਣਾ ਹੀ ਨਹੀਂ ਪੈਂਦਾ, ਗ੍ਰਿਹਿ ਕੁਟੰਬ ਵਿਚ ਰਹਿ ਕੇ ਹੀ ਉਨ੍ਹਾਂ ਨੂੰ ਗੁਰਮੁਖਿ ਗ੍ਰਿਹਸਤ ਉਦਾਸੀ ਵਾਲੀ ਪਦਵੀ ਪ੍ਰਾਪਤ ਹੋ ਜਾਂਦੀ ਹੈ। ਗੁਰ ਸ਼ਬਦ ਦੀ ਕਿਰਪਾ ਦੁਆਰਾ ਉਹ ਜੀਵਨ-ਮੁਕਤ ਹੋ ਜਾਂਦੇ ਹਨ ਤੇ ਉਨ੍ਹਾਂ ਦਾ ਵਾਹਿਗੁਰੂ ਦੇ ਨਾਮ ਵਿਚ ਅਨਦਿਨ ਸਦਾ ਨਿਵਾਸ ਰਹਿੰਦਾ ਹੈ, ਦਿਨੇ ਰਾਤ ਵਾਹਿਗੁਰੂ ਦੇ ਰੰਗਾਂ ਵਿਚ ਹੀ ਰਤੇ ਰਹਿੰਦੇ ਹਨ, ਵਾਹਿਗੁਰੂ ਦੇ ਦਰ ਤੇ ਭਗਤੀ ਵਿਚ ਹੀ ਸਦਾ ਲੀਨ ਰਹਿੰਦੇ ਹਨ। ਬਹੁਤ ਸਾਰੇ ਐਸੇ ਵੀ ਭੇਖਧਾਰੀ ਹਨ ਜੋ ਸਿਧ ਸਾਧਿਕ ਬਣ ਕੇ ਮਨ-ਮੰਨੀਆਂ ਵੀਚਾਰਾਂ ਕਰਦੇ ਰਹਿੰਦੇ ਹਨ ਸਾਰਾ ਦਿਨ। ਪ੍ਰੰਤੂ ਐਸੇ ਵਿਰਲੇ ਗੁਰਮੁਖਿ ਨਿਰੰਕਾਰੀ ਜਨ ਹਨ, ਜੋ ਗੁਰਮਤਿ ਨਿਰੰਕਾਰੀ ਨਾਮ ਵਿਚ ਹੀ ਰਤੇ ਰਹਿੰਦੇ ਹਨ। ਜਿਸ ਨੂੰ ਆਪ ਵਾਹਿਗੁਰੂ ਮਿਲਾਉਂਦਾ ਹੈ ਸੋ ਹੀ ਮਿਲਦਾ ਹੈ। ਵਾਹਿਗੁਰੂ ਦੀ ਭੈ ਭਗਤੀ ਦਵਾਰਾ ਹੀ ਇਨ੍ਹਾਂ ਦਾ ਭਉ ਭਰਮ ਚਲਾ ਜਾਂਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਵੀਚਾਰੀ ॥ ਤ੍ਰੈਗੁਣ ਬਧਕ ਮੁਕਤਿ ਨਿਰਾਰੀ ॥
ਗੁਰਮੁਖਿ ਗਿਆਨੁ ਏਕੋ ਹੈ ਜਾਤਾ ਅਨਦਿਨੁ ਨਾਮੁ ਰਵੀਜੈ ਹੇ ॥੧੩॥
ਬੇਦ ਪੜਹਿ ਹਰਿ ਨਾਮ ਨ ਬੂਝਹਿ ॥
ਮਾਇਆ ਕਾਰਣਿ ਪੜਿ ਪੜਿ ਲੂਝਹਿ ॥
ਅੰਤਰਿ ਮੈਲੁ ਅਗਿਆਨੀ ਅੰਧਾ ਕਿਉ ਕਰਿ ਦੁਤਰੁ ਤਰੀਜੈ ਹੇ ॥੧੪॥
ਬੇਦ ਬਾਦ ਸਭਿ ਆਖਿ ਵਖਾਣਹਿ ॥ ਨ ਅੰਤਰੁ ਭੀਜੈ ਨ ਸਬਦੁ ਪਛਾਣਹਿ ॥
ਪੁੰਨੁ ਪਾਪੁ ਸਭੁ ਬੇਦਿ ਦ੍ਰਿੜਾਇਆ ਗੁਰਮੁਖਿ ਅੰਮ੍ਰਿਤੁ ਪੀਜੈ ਹੇ ॥੧੫॥
ਆਪੇ ਸਾਚਾ ਏਕੋ ਸੋਈ ॥ ਤਿਸੁ ਬਿਨੁ ਦੂਜਾ ਅਵਰੁ ਨ ਕੋਈ ॥
ਨਾਨਕ ਨਾਮਿ ਰਤੇ ਮਨੁ ਸਾਚਾ ਸਚੋ ਸਚੁ ਰਵੀਜੈ ਹੇ ॥੧੬॥੬॥

[ਮਾਰੂ ਮ: ੩, ਪੰਨਾ ੧੦੪੯

ਬ੍ਰਹਮਾ ਬਿਸ਼ਨ ਮਹੇਸ਼ (ਮਹਾਂਦੇਵ) ਹਿੰਦੂਆਂ ਦੇ ਤਿੰਨੇ ਦੇਵਤੇ ਫੋਕੀ ਵੀਚਾਰ ਵਿਚ ਹੀ ਮਤੇ ਪਏ ਹਨ, ਤ੍ਰੈਗੁਣਾਂ ਦੇ ਬਧੇ ਹੋਏ ਹਨ, ਮੁਕਤ ਪਦਾਰਥ ਇਨ੍ਹਾਂ ਤੋਂ ਦੂਰ ਰਹਿ ਜਾਂਦਾ ਹੈ। ਗੁਰਮੁਖਾਂ, ਗੁਰ ਕੇ ਤਾਰੇ ਗੁਰਸਿੱਖਾਂ ਲਈ ਬਸ ਇਕੋ ਗੁਰਮਤਿ ਪ੍ਰਗਾਸਿਆ ਪ੍ਰਚੰਡ ਗਿਆਨ ਹੀ ਹੈ, ਜਿਸ ਦਵਾਰਾ ਇਕੋ ਅਕਾਲ ਪੁਰਖ ਦੇ ਉਪਾਸ਼ਕ ਰਹਿੰਦੇ ਹਨ, ਅਤੇ ਸਦਾ ਸਦਾ ਵਾਹਿਗੁਰੂ ਦਾ ਨਾਮ ਹੀ ਹਿਰਦਿਓਂ ਰਟਦੇ ਰਹਿੰਦੇ ਹਨ। ਜੇਹੜੇ ਵੇਦ ਪੜ੍ਹਦੇ ਹਨ, ਵਾਹਿਗੁਰੂ ਦਾ ਨਾਮ ਉਹ ਬੁਝ ਹੀ ਨਹੀਂ ਸਕਦੇ। ਮਾਇਆ ਕਾਰਨ ਹੀ ਪੜ੍ਹ ਪੜ੍ਹ ਝੂਰਦੇ ਰਹਿੰਦੇ ਹਨ। ਵੇਦਾਂ ਦਾ ਪੜ੍ਹਨਹਾਰਾ ਅੰਦਰੋਂ ਮਾਇਆ ਦੀ ਮੈਲ ਦਾ ਹੀ ਲਿਬੜਿਆ ਰਹਿੰਦਾ ਹੈ, ਸਦਾ ਅਗਿਆਨੀ ਅੰਧਾ ਹੋਣ

ਕਰਕੇ ਉਸ ਨੂੰ ਦੁਤਰ ਸੰਸਾਰ ਤਰਨ ਦਾ ਕੋਈ ਹੀਲਾ ਮਿਲਦਾ ਹੀ ਨਹੀਂ। ਸਾਰੇ ਵੇਦ ਵਿਕਾਰਾਂ ਦੇ ਝਗੜੇ ਹੀ ਬਿਆਨ ਕਰਦੇ ਰਹਿੰਦੇ ਹਨ, ਬਸ ਇਹੋ ਕੁਝ ਭੁਸ ਹੀ ਬੇਦਾਂ ਵਿਚ ਭਰਿਆ ਪਿਆ ਹੈ। ਬੇਦ ਪੜ੍ਹਿਆਂ ਪੜ੍ਹਨਹਾਰਿਆਂ ਦਾ ਅੰਦਰ ਭਿਜਦਾ ਹੀ ਨਹੀਂ, ਗੁਰੂ ਦਾ ਸ਼ਬਦ ਪਛਾਣਨ ਹਿਤ ਉਨ੍ਹਾਂ ਦੀ ਰੁਚੀ ਜਾਂਦੀ ਹੀ ਨਹੀਂ; ਬੇਦਾਂ ਨੇ ਤਾਂ ਨਿਰਾ ਪਾਪ ਪੁੰਨ ਹੀ ਦ੍ਰਿੜ੍ਹਾਇਆ ਹੈ। ਗੁਰਮਤਿ ਨਾਮ-ਰਸੀਆਂ ਨੇ ਤਾਂ ਨਾਮ ਰਸ ਹੀ ਪੀਣਾ ਹੋਇਆ। ਸੱਚਾ ਅਕਾਲ ਪੁਰਖ ਵਾਹਿਗੁਰੂ ਇਕੋ ਹੀ ਹੈ। ਗੁਰਮੁਖਿ ਏਕੰਕਾਰ ਨਿਰੰਕਾਰੀ ਜਨ ਹੀ ਵਾਹਿਗੁਰੂ ਦੀ ਗਤਿ ਜਾਣਦੇ ਹਨ, ਉਹ ਇਕੋ ਵਾਹਿਗੁਰੂ ਤੋਂ ਛੁਟ ਹੋਰ ਕਿਸੇ ਨੂੰ ਜਾਣਦੇ ਹੀ ਨਹੀਂ। ਉਨ੍ਹਾਂ ਦੇ ਮਨ ਵਿਖੇ ਸੱਚਾ ਨਾਮ ਰਵਿਆ ਰਹਿਣ ਕਰਕੇ, ਮਨ ਉਨ੍ਹਾਂ ਦਾ ਸੱਚਾ ਹੀ ਰਹਿੰਦਾ ਹੈ।

ਜਿਨਿ ਬ੍ਰਹਮਾ ਬਿਸਨੁ ਮਹੇਸੁ ਉਪਾਏ ॥ ਸਿਰਿ ਸਿਰਿ ਧੰਧੈ ਆਪੇ ਲਾਏ ॥
ਜਿਸੁ ਭਾਵੈ ਤਿਸੁ ਆਪੇ ਮੇਲੇ ਜਿਨਿ ਗੁਰਮੁਖਿ ਏਕੋ ਜਾਤਾ ਹੇ ॥੨॥
ਆਵਾ ਗਉਣੁ ਹੈ ਸੰਸਾਰਾ ॥ ਮਾਇਆ ਮੋਹੁ ਬਹੁ ਚਿਤੈ ਬਿਕਾਰਾ ॥
ਥਿਰੁ ਸਾਚਾ ਸਾਲਾਹੀ ਸਦ ਹੀ ਜਿਨਿ ਗੁਰ ਕਾ ਸਬਦੁ ਪਛਾਤਾ ਹੇ॥੩॥੮॥
[ਮਾਰੂ ਮ: ੩, ਪੰਨਾ ੧੦੫੧

ਏਥੇ ਬ੍ਰਹਮਾ, ਬਿਸ਼ਨ, ਮਹੇਸ਼ ਹਿੰਦੂ ਦੇ ਮੰਨੇ ਹੋਏ ਦੇਵਤੇ ਉਸੇ ਤਰ੍ਹਾਂ ਉਪਾਏ ਗਏ ਦੱਸੇ ਗਏ ਹਨ ਜੈਸੇ ਕਿ ਆਵਾਗਉਣ ਤੇ ਮਾਇਆ-ਮੋਹ-ਪਸਾਰਾ ਰਚਿਆ ਗਇਆ ਹੈ। ਇਹ ਤਿੰਨੇ ਹਿੰਦੂਆਂ ਦੇ ਮੰਨੇ ਹੋਏ ਦੇਵਤੇ ਤ੍ਰੈ ਗੁਣਾਂ ਵਿਚ ਹੀ ਧੰਧੈ ਧਾਂਵਦੇ ਰਚ ਪਿਚ ਗਏ। ਤਾਂ ਤੇ ਇਥੇ ਇਨ੍ਹਾਂ ਦਾ ਮੰਡਨ ਕੁਛ ਨਹੀਂ, ਖੰਡਨ ਹੀ ਖੰਡਨ ਹੈ।

ਏਸੇ ਪ੍ਰਕਾਰ ਹੀ ਅਗਲੇ ਗੁਰ ਸ਼ਬਦ ਅੰਦਰ ਦਿਤੀਆਂ ਤੁਕਾਂ ਭੀ ਇਹੋ ਭਾਵ ਦਸਦੀਆਂ ਹਨ, ਜੈਸਾ ਕਿ ਪਿਛੇ ਦਰਸਾਇਆ ਗਿਆ ਹੈ। ਯਥਾ ਗੁਰਵਾਕ—

ਮਾਇਆ ਮੋਹਿ ਸਭੁ ਜਗਤੁ ਉਪਾਇਆ ॥
ਬ੍ਰਹਮਾ ਬਿਸਨੁ ਦੇਵ ਸਬਾਇਆ ॥...੫॥...
ਸਿਮ੍ਰਿਤਿ ਸਾਸਤ੍ਰ ਬਹੁਤੁ ਬਿਸਥਾਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਮੂਰਖ ਪੜਹਿ ਸਬਦੁ ਨ ਬੂਝਹਿ ਗੁਰਮੁਖਿ ਵਿਰਲੈ ਜਾਤਾ ਹੇ ॥੧੫॥੯॥
[ਮਾਰੂ ਮ: ੩, ਪੰਨਾ ੧੦੫੨-੫੩

ਬ੍ਰਹਮਾ ਬਿਸਨੁ ਰੁਦ੍ਰ ਤਿਸ ਕੀ ਸੇਵਾ ॥ ਅੰਤੁ ਨ ਪਾਵਹਿ ਅਲਖ ਅਭੇਵਾ ॥
ਜਿਨ ਕਉ ਨਦਰਿ ਕਰਹਿ ਤੂ ਅਪਣੀ ਗੁਰਮੁਖਿ ਅਲਖੁ ਲਖਾਹਾ ਹੇ॥੧੦॥
੧੦॥ [ਮਾਰੂ ਮ: ੩, ਪੰਨਾ ੧੦੫੩

ਇਸ ਗੁਰਵਾਕ ਦੀ ਦੁਤੁਕੀ ਦੁਆਰਾ ਇਹ ਸਿਧ ਹੁੰਦਾ ਹੈ ਕਿ ਹਿੰਦੂਆਂ ਦੇ ਤਿੰਨੇ ਦੇਵਤੇ ਬ੍ਰਹਮਾ, ਬਿਸ਼ਨ, ਮਹਾਂਦੇਉ ਆਪਣੀ ਮਨ ਦੀ ਮਤਿ ਦੁਆਰਾ ਅਕਾਲ

ਪੁਰਖ ਦੀ ਸੇਵਾ ਵਿਚ ਬਥੇਰੇ ਲਗੇ, ਪਰ ਉਨ੍ਹਾਂ ਦਾ ਕੁਛ ਨ ਬਣਿਆ। ਉਹ ਅਲੱਖ ਅਭੇਵ ਵਾਹਿਗੁਰੂ ਦਾ ਅੰਤ ਨਹੀਂ ਪਾ ਸਕਦੇ। ਜਿਨ੍ਹਾਂ ਤੇ ਖ਼ਾਸ ਮੇਹਰ ਦੀ ਨਦਰ ਵਾਹਿਗੁਰੂ ਦੀ ਹੁੰਦੀ ਹੈ ਉਨ੍ਹਾਂ ਨੂੰ ਗੁਰੂ ਦਵਾਰਿਓਂ ਗੁਰ-ਦੀਖਿਆ ਗੁਰ-ਮੰਤਰ ਮਿਲਦਾ ਹੈ, ਉਹ ਫਿਰ ਅਤੁਟ ਅਭਿਆਸ ਕਮਾਈਆਂ ਕਰਕੇ ਵਾਹਿਗੁਰੂ ਅਲੱਖ ਅਪਾਰ ਨੂੰ ਅੰਦਰੋਂ ਹੀ ਲਖ ਲੈਂਦੇ ਹਨ।

ਬੇਦ ਪੜਹਿ ਪੜਿ ਬਾਦੁ ਵਖਾਣਹਿ ॥
**ਘਟ** ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥੧੧॥੧੪॥
[ਮਾਰੂ ਮ: ੩, ਪੰਨਾ ੧੦੫੮

ਇਸ ਗੁਰਵਾਕ ਦੀ ਪੰਗਤੀ ਤੋਂ ਸਪੱਸ਼ਟ ਬੇਦਾਂ ਦਾ ਖੰਡਨ ਸਿਧ ਹੈ। ਮਾਰੂ ਸੋਲਹੇ ਦੇ ਇਸ ਪ੍ਰਕਾਰ ਦੇ **ਸਾਰੇ** ਵਾਕਾਂ ਦੇ ਭਾਵ ਤੋਂ ਸਮੁਚੇ ਤੌਰ ਤੇ ਗੁਰਮਤਿ ਮੰਡਨ ਅਤੇ **ਮਨਮਤਿ** ਦਾ ਖੰਡਨ ਸੁਤੇ ਸੁਭਾਵ ਹੀ ਸਿਧ ਹੋ ਜਾਂਦਾ ਹੈ। ਹਰੇਕ ਗੁਰਵਾਕ ਦੀ ਵਿਆਖਿਆ ਕੀਤਿਆਂ ਬਹੁਤ ਵਿਸਥਾਰ ਹੋ ਜਾਂਦਾ ਹੈ। ਪਿਛੇ ਦਰਸਾਏ ਭਾਵਾਂ ਦੀ ਰੌਸ਼ਨੀ ਵਿਚ ਗੁਰਮੁਖਿ ਖੋਜੀ ਜਨ ਨੂੰ ਆਪਣੇ ਆਪ ਇਹ ਸੋਝੀ ਪੈ ਜਾਂਦੀ ਹੈ ਕਿ ਸਚ ਮੁਚ ਇਨ੍ਹਾਂ ਗੁਰਵਾਕਾਂ ਦੇ ਗੂੜ੍ਹ ਭਾਵ ਆਪੋਂ ਹੀ ਤੱਤ ਗੁਰਮਤਿ ਦਾ ਪੂਰਾ ਪੂਰਾ ਮੰਡਨ ਕਰਦੇ ਹਨ ਤੇ ਇਸ ਤੱਤ ਗੁਰਮਤਿ ਤੋਂ ਛੁਟ ਹੋਰ ਸਭ ਖੰਡਨ ਹੈ। ਲੰਮੇ ਵਾਕ ਹੋਣ ਕਰਕੇ ਲੰਮੀ ਵਿਆਖਿਆ ਹੋਣ ਦਾ ਡਰ ਹੈ, ਇਸ ਕਰਕੇ ਵਧੀਕ ਲਿਖਣ ਤੋਂ ਸੰਕੋਚ ਕੀਤੀ ਜਾਂਦੀ ਹੈ।

ਮਾਇਆ ਮਾਈ ਤ੍ਰੈ ਗੁਣ ਪਰਸੂਤਿ ਜਮਾਇਆ ॥
ਚਾਰੇ ਬੇਦ ਬ੍ਰਹਮੇ ਨੋ ਫੁਰਮਾਇਆ ॥
ਵਰ੍ਹੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਝੀ ਪਾਇਦਾ ॥੨॥
ਗੁਰ ਸੇਵਾ ਤੇ ਕਰਣੀ ਸਾਰ ॥ ਰਾਮ ਨਾਮੁ ਰਾਖਹੁ ਉਰਿਧਾਰ ॥
ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿਨਾਮੁ ਪਾਇਦਾ ॥੩॥
ਵੇਦੁ ਪੜੈ ਅਨਦਿਨੁ ਵਾਦ ਸਮਾਲੇ ॥ ਨਾਮੁ ਨ ਚੇਤੈ ਬਧਾ ਜਮਕਾਲੇ ॥
ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥੪॥੨੨॥
[ਮਾਰੂ ਮ: ੩, ਪੰਨਾ ੧੦੬੬

ਹਿੰਦੂ ਮਤ ਦੀ ਫ਼ਿਲਾਸਫ਼ੀ ਅਨੁਸਾਰ ਮਾਇਆ ਰੂਪੀ ਮਾਈ ਦੀ ਰਾਹੀਂ ਤ੍ਰੈ ਗੁਣਾਂ ਵਾਲਾ ਪ੍ਰਸੂਤ ਪਸਾਰਾ ਜਮਾਇਆ ਗਿਆ, ਬ੍ਰਹਮੇ ਨੂੰ ਚਾਰ ਵੇਦ ਰਚਣ ਦਾ ਹੁਕਮ ਫ਼ੁਰਮਾਇਆ ਗਿਆ, ਬ੍ਰਹਮਾ ਦੇ ਬੇਦਮਈ ਰਚੇ ਇਸ ਤ੍ਰੈਗੁਣੀ ਪਸਾਰੇ ਅੰਦਰ ਵਰ੍ਹੇ, ਮਹੀਨੇ, ਥਿਤਾਂ ਅਤੇ ਵਾਰਾਂ ਦਾ ਅਡੰਬਰ ਹੀ ਰਚਿਆ ਗਿਆ। ਪ੍ਰਮਾਰਥ ਦੀ ਸੂਝ ਬੂਝ ਅਤੇ ਪਰਮਾਤਮਾ ਬਾਰੇ ਰਾਈ ਮਾਤਰ ਵੀ ਇਸ ਵੇਦ-ਪਸਾਰੇ

ਅੰਦਰ ਦਰਜ ਨਹੀਂ ਕੀਤਾ ਗਿਆ। ਇਹ ਤਾਂ ਗੁਰੂ ਘਰ ਦਾ ਸੇਵਕ ਸਿਖ ਬਣੇ ਤੇ ਹੀ ਰਮਤ ਰਾਮ ਵਾਹਿਗੁਰੂ ਨਾਮ ਦੀ ਸੱਚੀ ਸੁਕ੍ਰਿਤ ਕਰਣੀ ਮਈ ਰਿਦੈ ਧਾਰਨ ਦੀ ਜੁਗਤੀ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜਗ ਵਿਖੇ ਪ੍ਰਗਟ ਹੋਣ ਪਰ ਸੱਚੀ ਗੁਰਬਾਣੀ ਜਗ ਅੰਦਰ ਫੈਲੀ ਅਤੇ ਇਸ ਬਾਣੀ ਦਵਾਰਾ ਹੀ ਵਾਹਿਗੁਰੂ ਨਾਮ ਗੁਰ-ਮੰਤਰ ਦੀ ਅਤੁੱਟ ਅਭਿਆਸ ਕਮਾਈ ਨਾਮੀ-ਵਾਹਿਗੁਰੂ ਦੇ ਲਭਣ ਦਾ ਵਸੀਲਾ ਲਭਿਆ।

ਜੇ ਕੋਈ ਵੇਦ ਪੜ੍ਹਦਾ ਹੈ, ਉਹ ਦਿਨੇ ਰਾਤ ਵਾਦ-ਚਰਚਾ ਦੇ ਝਗੜਿਆਂ ਵਿਚ ਹੀ ਮੁਸਤਗ਼ਰਕ ਰਹਿੰਦਾ ਹੈ; ਨਾਮ ਚੇਤਨ ਦਾ ਉਸ ਨੂੰ ਵੇਹਲ ਹੀ ਨਹੀਂ ਮਿਲਦਾ, ਇਸ ਕਰਕੇ ਉਹ ਜਮਕਾਲ ਦੇ ਬੰਧਨਾਂ ਵਿਚ ਬੱਧਾ ਰੁਧਾ ਰਹਿੰਦਾ ਹੈ, ਤ੍ਰੈਗੁਣੀ ਮਾਇਆ ਦੇ ਦੂਜੇ ਭਾਵ (ਦਵੈਤ ਭਾਵ) ਵਿਚ ਫਸਿਆ ਹੋਇਆ ਸਦਾ ਦੁਖ ਹੀ ਪਾਉਂਦਾ ਹੈ ਅਤੇ ਤ੍ਰੈਗੁਣੀ ਮਾਇਆ ਦੇ ਹੁਕਮ ਵਿਚ ਹੀ ਭੁਲਿਆ ਰਹਿੰਦਾ ਹੈ।

ਗੁਰ ਕੀ ਮਹਿਮਾ ਬੇਦ ਨ ਜਾਣਹਿ ॥ ਤੁਛ ਮਾਤ ਸੁਣਿ ਸੁਣਿ ਵਖਾਣਹਿ ॥
ਪਾਰਬ੍ਰਹਮ ਅਪਰੰਪਰ ਸਤਿਗੁਰ ਜਿਸੁ ਸਿਮਰਤ ਮਨੁ ਸੀਤਲਾਇਣਾ ॥੧੦॥੭॥
[ਮਾਰੂ ਮਹਲਾ ੫, ਪੰਨਾ ੧੦੭੮

ਗੁਰੂ ਪਾਰਬ੍ਰਹਮ ਪਰਮੇਸ਼ਰ ਅਪਰੰਪਰ ਵਾਹਿਗੁਰੂ ਅਕਾਲ ਪੁਰਖ ਦੀ ਮਹਿਮਾ ਬੇਦ ਨਹੀਂ ਜਾਣਦੇ। ਐਵੇਂ ਥੋੜੀ ਜਿਹੀ ਤੁਛ ਮਾਤਰ ਸੁਣੀ ਸੁਣਾਈ ਬਿਆਨ ਕਰਦੇ ਹਨ। ਗੁਰੂ ਵਾਹਿਗੁਰੂ ਪਾਰਬ੍ਰਹਮ ਅਪਰੰਪਰ ਪੁਰਸ਼ ਹੈ, ਜਿਸ ਦੀ ਮਹਿਮਾ ਕੋਈ ਬੂਝ ਨਹੀਂ ਸਕਦਾ, ਗੁਰੂ ਵਾਹਿਗੁਰੂ ਦਾ ਸਿਮਰਨ ਹੀ ਮਨ ਠੰਡਾ ਕਰਦਾ ਹੈ।

ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥
ਸਿਮਰਹਿ ਜਖਿ ਦੈਤ ਸਭਿ ਸਿਮਰਹਿ ਅਗਣਤੁ ਨ ਜਾਈ ਜਸੁ ਗਨਾ॥੩॥...
ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥
ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥੁ ਸੋ ਜਿਨਾ ॥੮॥
ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥
ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥੯॥੮॥
[ਮਾਰੂ ਸੋਲਹੇ ਮਹਲਾ ੫, ਪੰਨਾ ੧੦੭੯

ਇਹ ਸਮੁੱਚਾ ਗੁਰਵਾਕ, ਜਿਸ ਵਿਚੋਂ ਇਹ ਉਪਰ ਲਿਖੀਆਂ ਪੰਗਤੀਆਂ ਪਾਈਆਂ ਗਈਆਂ ਹਨ, ਇਹ ਸਿਧ ਕਰਦਾ ਹੈ ਕਿ ਆਪਣੇ ਮਨ-ਉਕਤ ਜੁਗਤੀ ਅਨੁਸਾਰ ਤਾਂ ਹਰ ਕੋਈ ਆਪਣੇ ਜਾਣੇ ਸਿਮਰਨ ਕਰਦਾ ਹੈ, ਪ੍ਰੰਤੂ ਤੱਤ ਸਿਮਰਨ ਸੱਚੇ ਸਤਿਗੁਰੂ ਦੁਆਰਾ ਪ੍ਰਾਪਤ ਹੋਈ ਗੁਰਮੰਤਰੀ ਗੁਰ-ਦੀਖਿਆ ਕਰਕੇ ਹੀ ਨਸੀਬ ਹੁੰਦਾ ਹੈ। ਬ੍ਰਹਮੇ ਬਿਸ਼ਨ ਮਹਾਂਦੇਉ ਆਦਿਕ ਹਿੰਦੂਆਂ ਦੇ ਮੰਨੇ ਦੰਨੇ

**ਮੁਖੀ** ਦੇਵਤੇ ਅਤੇ ਹੋਰ ਕ੍ਰੋੜਾਂ ਦੇਵਤੇ ਜਖ, ਕਿਨਰ, ਦੈਂਤ ਆਪਣੇ ਜਾਣੇ ਸਭ ਸਿਮਰਦੇ ਫਿਰਦੇ ਹਨ, ਪ੍ਰੰਤੂ ਅਣਗਿਣਤ ਵਾਹਿਗੁਰੂ ਦਾ ਸੱਚਾ ਜਸ ਤਿਨ੍ਹਾਂ ਜਾਣਿਆ ਹੀ ਨਹੀਂ, ਨਾ ਹੀ ਤਿਨ੍ਹਾਂ ਤੋਂ ਜਾਣਿਆ ਜਾ ਸਕਦਾ ਹੈ।

ਹੇ ਕਰਨ **ਕਰਾਵਨਹਾਰ** ਵਾਹਿਗੁਰੂ ਸੁਆਮੀ ! ਸਾਰੇ ਦਿਲਾਂ ਦੇ ਅੰਤਰਯਾਮੀ ! ਜਿਸ ਵਡਭਾਗੇ ਗੁਰਮੁਖਿ ਜਨ ਨੂੰ ਤੂੰ ਆਪਣੀ ਕਿਰਪਾ ਦੁਆਰਾ ਤੱਤ ਭਗਤੀ ਵਿਖੇ ਲਾਵੇਂ, ਉਹ ਹੀ ਸਿਮਰਨ ਵਿਚ ਜੁਟਦਾ ਹੈ ਅਤੇ ਸਿਮਰਨ ਕਰ ਕੇ ਆਪਣਾ ਜਨਮ-ਪਦਾਰਥ ਜਿਤ ਲੈਂਦਾ ਹੈ। ਅਜਿਹੇ ਵਡਭਾਗੇ ਗਰਮੁਖਿ ਜਨ ਦੇ ਮਨ ਵਿਖੇ ਹੀ ਵਾਹਿਗੁਰੂ ਵਸਦਾ ਹੈ, ਉਹੀ ਪੂਰੀ ਪ੍ਰਾਲਬਧੀ ਨਸੀਬਣੀ ਅਨੁਸਾਰ ਗੁਰੂ ਦ੍ਰਿੜ੍ਹਾਇਆ ਜਪੁ ਜਾਪ ਜਪਦਾ, ਸਿਮਰਨ ਕਰਦਾ ਹੈ । ਉਸੇ ਗੁਰਮੁਖਿ ਜਨ ਨੇ ਹੀ ਸਾਰਿਆਂ ਦੇ ਅੰਦਰ ਸੱਚੇ ਵਾਹਿਗੁਰੂ ਨੂੰ ਜਾਣਿਆ ਹੈ। ਉਹ ਮੁੜ ਕੇ ਗਰਭ ਜੋਨੀ ਵਿਚ ਨਹੀਂ ਆਉਂਦਾ। ਜਿਸ ਦੇ ਅੰਦਰ ਗੁਰੂ ਕਾ ਸ਼ਬਦ ਵਸ ਜਾਂਦਾ ਹੈ, ਉਸ ਦਾ ਡਰ ਭਰਮ ਸਭ ਨਸ ਜਾਂਦਾ ਹੈ। ਸੱਚਾ ਸੁਖ ਸਹਜ ਅਨੰਦ ਨਾਮ-ਰਸ ਤਿਸੇ ਨੂੰ ਪ੍ਰਾਪਤ ਹੁੰਦਾ ਹੈ, ਅਤੇ ਸੋਈ ਜਨ ਸੱਚੀ ਅਨੰਦ ਬਾਣੀ ਦਾ ਸਹਜ ਧੁਨ ਰਸ ਮਾਣਦਾ ਹੈ, ਜਿਸ ਗੁਰਮੁਖਿ ਜਨ ਨੂੰ ਜੋਤੀ ਸਰੂਪ ਵਾਹਿਗੁਰੂ ਸਾਰੇ ਰਮਿਆ ਹੋਇਆ ਪ੍ਰਗਟ ਪਹਾਰੇ ਜਾਪਦਾ ਹੈ। ਜੋ **ਗੁਰਮੁਖਿ** ਜਨ ਰੋਮ ਰੋਮ ਕਰਕੇ ਵਾਹਿਗੁਰੂ ਨੂੰ ਸਿਮਰਦਾ ਹੈ, ਉਸ ਨੂੰ ਰਚਨਹਾਰ ਸਿਰਜਨਹਾਰ ਵਾਹਿਗੁਰੂ ਦੀ ਕਾਇਨਾਤ ਵਿਚੋਂ ਸਿਮਰਨ ਦੀ ਧੁਨੀ ਉਠਦੀ ਹੀ ਹਰ ਦਮ ਪ੍ਰਤੀਤ ਹੁੰਦੀ ਹੈ, ਉਸ ਨੂੰ ਸਾਰਿਆਂ ਖੰਡਾਂ ਬ੍ਰਹਮੰਡਾਂ ਅਤੇ ਸਾਰਿਆਂ ਦੀਪਾਂ ਲੋਆਂ ਪਤਾਲ-ਪੁਰੀਆਂ ਵਿਚੋਂ ਸਿਮਰਨ ਦੀ ਧੁਨੀ ਹੀ ਸੁਣਾਈ ਦਿੰਦੀ ਹੈ। ਨਹੀਂ ਤਾਂ ਸਾਰੀ ਚਰਾਚਰ ਰਚਨਾ ਵਾਸਤਵ ਵਿਚ ਸਿਮਰਨ ਨਹੀਂ ਕਰਦੀ। ਖੰਡ ਦੀਪ ਲੋਆਂ ਅਤੇ ਸਮੱਗਰ ਲਤਾ-ਬਲੀ ਸਿਮਰਨ ਕਰਨਾ ਜਾਣਦੀ ਹੀ ਨਹੀਂ। ਸਿਮਰਨ ਕਰਨਹਾਰੇ ਗੁਰਮੁਖਿ ਜਨ ਨੂੰ ਇਨ੍ਹਾਂ ਵਿਚੋਂ ਸਿਮਰਨ ਦੀ ਧੁਨੀ ਹੀ ਸੁਣਾਈ ਦਿੰਦੀ ਹੈ।

ਸਾਸਤ ਸਿੰਮ੍ਰਿਤ ਬੇਦ ਵਖਾਣੀ ॥ ਜਨਮੁ ਪਦਾਰਥੁ ਜੀਤ ਪਰਾਣੀ ॥
ਕਾਮੁ ਕ੍ਰੋਧੁ ਨਿੰਦਾ ਪਰਹਰੀਐ ਹਰਿ ਰਸਨਾ ਨਾਨਕ ਗਾਵਣਾ ॥੫॥੧੪॥

[ਮਾਰੂ ਮ: ੫, ਪੰਨਾ ੧੦੮੯

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰਮਤਿ ਨਾਮ ਵਾਹਿਗੁਰੂ ਗੁਰਮੁਖਿ ਬਾਣੀ ਨੂੰ ਰਸਨਾ ਕਰਕੇ ਗਾਉਣ ਨਾਲ ਕਾਮ ਕ੍ਰੋਧ ਨਿੰਦਾ ਸੁਤੇ ਹੀ ਪਰਹਰੇ ਜਾਂਦੇ ਹਨ, ਕੇਵਲ ਇਸ ਬਿਧਿ ਹੀ ਜਗਿਆਸੂ ਪ੍ਰਾਣੀ ਆਪਣੇ ਮਨੁਖਾ ਰੂਪੀ ਜਨਮ-ਪਦਾਰਥ ਨੂੰ ਜਿਤ ਸਕਦਾ ਹੈ। ਗੁਰਮੁਖਾਂ ਦਾ ਇਸ ਬਿਧਿ ਰਸਨਾ ਕਰਕੇ ਗੁਣ ਗਾਵਣਾ ਹੀ ਸੱਚਾ ਸ਼ਾਸਤ੍ਰ ਸਿਮ੍ਰਿਤਿ ਬੇਦ ਵਖਾਨਣਾ ਹੀ ਹੈ।

 www.sikhbookclub.com

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥
ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥
ਭੇਖੀ ਹਾਥ ਨ ਲਧੀਆ ਸਭ ਬਧੀ ਜਮਕਾਲਿ ॥
ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥੧॥੯॥

[ਮਾਰੂ ਵਾਰ, ਸਲੋਕ ਮ: ੩, ਪੰਨਾ ੧੦੮੯

ਜੋਗ ਭੇਖ ਧਾਰਨ ਕੀਤਿਆਂ ਅਤੇ ਸਾਰਾ ਜਗ ਭਵਿਆਂ ਕੁਛ ਵੀ ਪੱਲੇ ਨਹੀਂ ਪੈਂਦਾ, ਸਿਵਾਏ ਇਸ ਦੇ ਜੋ ਘਰ ਘਰ ਤੋਂ ਭੀਖਿਆ ਮੰਗਣੀ ਪੈਂਦੀ ਹੈ ਉਸ ਦਾ ਦਰਗਾਹ ਅੰਦਰ ਲੇਖਾ ਮੰਗੀਦਾ ਹੈ, ਲੇਖਾ ਮੰਗਿਆਂ ਸਭ ਦੇ ਦੀਵਾਲੀਏ ਬਣੀਦਾ ਹੈ, ਜਿਸ ਜਿਸ ਘਰ ਤੋਂ ਭੀਖਿਆ ਮੰਗੀ ਸੀ, ਸਭ ਨੂੰ ਦੇਣੀਆਂ ਪੈਂਦੀਆਂ ਹਨ। ਅਜਿਹੇ ਭੇਖ ਨਾਲੋਂ ਤਾਂ ਗ੍ਰਿਹਸਤ ਧਰਮ ਹੀ ਚੰਗਾ ਹੈ। ਗ੍ਰਿਹਸਤ ਵਿਖੇ ਰਹਿੰਦਿਆਂ ਹੋਇਆਂ ਗੁਰੂ ਦੁਆਰਿਓਂ ਸੱਚੇ ਨਾਮ ਦੀ ਗੁਰਮਤਿ-ਭੀਖਿਆ ਮੰਗ ਕੇ ਸੰਤੁਸ਼ਟ ਰਹੀਦਾ ਹੈ। ਸੰਤੋਖ ਦੀ ਬਗਲੀ ਫੜ ਕੇ ਗੁਰਮਤਿ ਨਾਮ ਦੇ ਜਾਚਿਕ ਬਣਿਆਂ ਸੱਚਾ ਵਾਹਿਗੁਰੂ ਸਦਾ ਨਾਲ ਹੀ, ਹਾਜ਼ਰ ਨਾਜ਼ਰ ਦਿਸਦਾ ਹੈ, ਜੋ ਭੇਖ ਕੀਤਿਆਂ ਕਦੇ ਵੀ ਹੱਥ ਨਹੀਂ ਆਉਂਦਾ। ਭੇਖ ਕਰਨ ਵਾਲੀ ਦੁਨੀਆ ਸਭ ਜਮਕਾਲ ਦੀ ਬਧੀ ਹੋਈ ਹੈ। ਗੁਰਮਤਿ ਨਾਮ ਨੂੰ ਹਿਰਦੇ ਵਿਚ ਸਮਾਲਣ ਤੋਂ ਬਿਨਾਂ ਹੋਰ ਸਾਰੀਆਂ ਗੱਲਾਂ ਝੂਠੀਆਂ ਹਨ, ਇਉਂ ਗੁਰੂ ਨਾਨਕ ਸਾਹਿਬ ਨਿਬੇੜਾ ਕਰਦੇ ਹਨ।

ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥
ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥
ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥
ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥
ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥੯॥

[ਪਉੜੀ, ਵਾਰ ਮਾਰੂ ਮ: ੩, ਪੰਨਾ ੧੦੮੯

ਸੂਰਮੇ ਉਹ ਨਹੀਂ ਆਖੀਦੇ ਜੋ ਅਹੰਕਾਰ ਹਿਰਦੇ ਵਿਚ ਲੈ ਕੇ ਜੂਝ ਮਰਦੇ ਹਨ। ਇਸ ਬਿਧਿ ਅਹੰਕਾਰ ਨਾਲ ਮਰਨ ਕਰਕੇ ਉਹ ਦੁਖ ਹੀ ਦੁਖ ਪਾਉਂਦੇ ਹਨ। ਉਹ ਅੰਧੇ ਅਗਿਆਨੀ ਆਪਣਾ ਆਪ ਤਾਂ ਪਛਾਣ ਹੀ ਨਹੀਂ ਸਕਦੇ, ਦਵੈਤ ਭਾਵ ਵਿਚ ਪਚ ਮਰਦੇ ਹਨ। ਅਤਿ ਕ੍ਰੋਧ ਕਰਕੇ ਜੰਗ ਵਿਚ ਮਰਨ ਨਾਲ ਅਗੇ ਪਿਛੇ ਏਥੇ ਉਥੇ ਦੁਖ ਹੀ ਦੁਖ ਪਾਈਦਾ ਹੈ। ਵਾਹਿਗੁਰੂ ਨੂੰ ਅਹੰਕਾਰ ਭਾਉਂਦਾ ਨਹੀਂ। ਵੇਦਾਂ ਨੂੰ ਕੂਕ ਕੂਕ ਕੇ ਪੜ੍ਹ ਸੁਨਾਵਣ ਵਾਲਿਆਂ ਦਾ ਅਹੰਕਾਰ ਹੀ ਵਧਦਾ ਹੈ। ਜੋ ਇਸ ਬਿਧਿ ਅਹੰਕਾਰ-ਗੁਸੇ ਹੋਏ ਮਰਦੇ ਹਨ, ਉਹ ਅਵਗਤੇ ਹੀ ਜਾਂਦੇ ਹਨ ਅਤੇ ਇਹ ਮਨਮੁਖ ਚਉਰਾਸੀ ਦੇ ਗੇੜ ਵਿਚ ਪੈਂਦੇ ਹਨ।

ਸਿਮ੍ਰਿਤ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥
ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ ॥੧੦॥
[ਪਉੜੀ, ਵਾਰ ਮਾਰੂ ਮ: ੩, ਪੰਨਾ ੧੦੯੦

ਸਿਮ੍ਰਿਤ ਸ਼ਾਸਤ੍ਰ ਸਭ ਸੋਧ ਕੇ ਦੇਖ ਲਏ ਹਨ, ਨਾ ਸਿਮ੍ਰਿਤ ਸ਼ਾਸਤ੍ਰ ਤੇ ਨਾ ਹੀ ਸਿਮ੍ਰਿਤ ਸ਼ਾਸਤ੍ਰ ਦੇ ਪੜ੍ਹਨਹਾਰੇ ਥਿਰ ਰਹਿੰਦੇ ਹਨ। ਸਿਮ੍ਰਿਤ ਸ਼ਾਸਤ੍ਰ ਰੂਪੀ ਕਹਾਣੀਆਂ ਸਭ ਕਚੀਆਂ ਪਿਚੀਆਂ ਹੀ ਕਹਾਣੀਆਂ ਹਨ। ਗੁਰਮਤਿ ਨਾਮ ਤੋਂ ਬਿਨਾਂ ਹੋਰ ਕੋਈ ਪਦਾਰਥ ਵੀ ਥਿਰ ਨਹੀਂ ਰਹਿਣਾ। ਤਾਂ ਤੇ ਗੁਰਮਤਿ-ਨਾਮ ਹੀ ਸੱਚਾ ਥਿਰ ਰਹਿਣ ਵਾਲਾ ਪਦਾਰਥ ਹੈ। ਗੁਰਮਤਿ-ਨਾਮ ਨੂੰ ਵਖਾਨਣਹਾਰੇ ਗੁਰਮੁਖਿ ਜਨ ਹੀ ਸਦਾ ਅਸਥਿਰ ਰਹਿਣ ਵਾਲੇ ਹਨ। ਗੁਰਮਤਿ ਨਾਮ ਵਖਾਨਣ ਵਾਲੇ ਗੁਰਮੁਖ ਜਨ ਸੱਚੇ ਉਤਮ ਦਾਸ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਨਾਮ ਤੋਂ ਬਿਨਾਂ ਕੁਛ ਵੀ ਥਿਰ ਨਹੀਂ। ਇਸ ਕਰਕੇ ਨਾਮ ਦੀਆਂ ਕਮਾਈਆਂ ਕਰਨਹਾਰੇ ਵਿਟਹੁ ਸਦਾ ਵਾਰਨੇ ਬਲਿਹਾਰਨੇ ਜਾਣਾ ਉਚਿਤ ਹੈ।

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥
ਨਵਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥
ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨ ਕੋਇ ॥
ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥੧॥੧੧॥
[ਵਾਰ ਮਾਰੂ, ਸਲੋਕ ਮ: ੩, ਪੰਨਾ ੧੦੯੦

ਵੇਦਾਂ ਦਾ ਪੰਡਿਤ ਬਣਿਆਂ ਅਤੇ ਜੋਤਸ਼ੀ ਬਣਿਆਂ ਕੁਛ ਨਹੀਂ ਬਣਦਾ, ਭਾਵੇਂ ਚਾਰੇ ਬੇਦ ਮੁਖੋਂ ਪੜ੍ਹ ਮੂੰਹ-ਜ਼ਬਾਨੀ ਉਚਾਰਨ ਕਰਾਂ। ਇਸ ਬਿਧਿ ਚਾਰੇ ਵੇਦਾਂ ਦੇ ਪਾਠੀ ਅਤੇ ਜੋਤਸ਼ੀ ਹੋਣ ਕਰਕੇ ਨਵਾਂ ਖੰਡਾਂ ਵਿਖੇ ਚਾਹੇ ਕਿਤਨੀ ਪੂਜਾ ਪ੍ਰਤਿਸ਼ਟਾ ਵਧ ਜਾਵੇ, ਇਹ ਸਭ ਕੁਛ ਹੁੰਦਿਆਂ ਇਹ ਸੱਚੀ ਗੱਲ ਨ ਵਿਸਰ ਜਾਏ, ਇਕ ਸੱਚੇ ਨਾਮ ਵਾਲੀ ਗੱਲ ਹੀ ਪਲੇ ਬਝੀ ਰਹੇ। ਇਹ ਚੜੇ ਚਉਕੇ ਸਭ ਝੂਠੇ ਹਨ, ਸੱਚੇ ਨਾਮ ਜਪੇ ਬਿਨਾਂ ਕੁਛ ਵੀ ਸੁੱਚਾ ਨਹੀਂ। ਇਕ ਸੱਚਾ ਅੱਖਰ ਵਾਹਿਗੁਰੂ ਹੀ ਸਾਰੀ ਸੁਚਮਤਾ ਦਾ ਘਰ ਹੈ; ਇਹ ਨ ਭੁਲ ਜਾਏ। ਹੋਰ ਚਉਕੇ ਕਦੇ ਭਿਟੇ ਹੀ ਨਹੀਂ ਜਾਂਦੇ, ਕੋਈ ਵੀ ਚਉਕਿਆਂ ਨਾਲ ਨਹੀਂ ਭਿਟ ਸਕਦਾ। ਵੇਦ-ਵੀਚਾਰੀ ਪੰਡਿਤਾਂ ਜੋਤਸ਼ੀਆਂ ਲਈ ਸਭ ਕੁਛ ਜੂਠਾ ਹੀ ਜੂਠਾ ਹੈ—ਚਉਕੇ ਵੀ ਜੂਠੇ, ਕਾਰਾਂ ਵੀ ਅਹੰਕਾਰ ਦੀਆਂ ਜੂਠੀਆਂ। ਵੇਦ ਵੀਚਾਰਿਆਂ ਕਦੇ ਸੁੱਚਾ ਹੋ ਹੀ ਨਹੀਂ ਸਕਦਾ, ਗੁਰਮਤਿ ਨਾਮ ਹੀ ਸੱਚਾ ਕਰਨ ਕਰਾਵਨਹਾਰਾ ਹੈ, ਨਾਮ ਅਭਿਆਸੀ ਜਨਾਂ ਨੂੰ।

ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰ ਮਤੇ ॥
ਚਾਰੇ ਕੁੰਡਾਂ ਭਵਿ ਥਕੇ ਅੰਦਰਿ ਤਿਖ ਤਤੇ ॥
ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥

ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ ॥
ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥੧੯॥

[ਪਉੜੀ, ਵਾਰ ਮਾਰੂ ਮ: ੩, ਪੰਨਾ ੧੦੯੩

ਜੋ ਪੁਰਸ਼ ਆਪ-ਹੁਦਰੇ ਮਨ ਦੇ ਮਗਰ ਚਲਣ ਵਾਲੇ ਮਨਮੁਖ ਹਨ ਉਨ੍ਹਾਂ ਨੂੰ ਨਾ ਹੀ ਨਾਮ ਪ੍ਰਾਪਤ ਹੁੰਦਾ ਹੈ, ਨਾ ਹੀ ਉਨ੍ਹਾਂ ਤੋਂ ਆਪਣਾ ਸਰੂਪ ਅੰਦਰ ਭਾਲ ਹੁੰਦਾ ਹੈ। ਉਹ ਅਹੰਕਾਰ-ਮਤੇ ਹੋਏ ਹੀ ਸਦਾ ਰਹਿੰਦੇ ਹਨ, ਭਾਵੇਂ ਚਾਰੇ ਕੁੰਡਾਂ ਵਿਖੇ ਭੌਂ ਥਕਣ, ਅੰਤਰ ਆਤਮੇ ਉਹ ਤਿਹਾਏ (ਪਿਆਸੇ) ਅਤੇ ਤੱਤੇ (ਜਲਦੇ) ਹੀ ਰਹਿੰਦੇ ਹਨ। ਉਹ ਮਨਮੁਖ ਐਵੇਂ ਹੀ ਨਾਸ ਹੋ ਜਾਂਦੇ ਹਨ, ਸਿਮ੍ਰਿਤ ਸ਼ਾਸਤ੍ਰ ਉਨ੍ਹਾਂ ਨੂੰ ਸੋਧ ਸਵਾਰ ਹੀ ਨਹੀਂ ਸਕਦਾ। ਵਾਹਿਗੁਰੂ ਦਾ ਸਤਿ ਪਦਾਰਥ ਨਾਮ ਜਪਣ ਕਰਕੇ ਹੀ ਉਹ ਸੂਚੇ ਬਣ ਸਕਦੇ ਹਨ। ਸਤਿਗੁਰੂ ਬਿਨਾਂ ਨਾਮ ਕਿਸੇ ਨੂੰ ਮਿਲਦਾ ਹੀ ਨਹੀਂ।

...ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥
ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥ ॥੧॥

[ਪਉੜੀ, ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੪

ਚਰਾਚਰ ਸ੍ਰਿਸ਼ਟੀ ਦੀ ਰਚਨਾ ਜੋ ਵਾਹਿਗੁਰੂ ਅਕਾਲ ਪੁਰਖ ਦੀ ਆਗਿਆ ਨਾਲ ਹੋਈ, ਤਿਵੇਂ ਹੀ ਵਾਹਿਗੁਰੂ ਦੀ ਆਗਿਆ ਅਨੁਸਾਰ ਚਾਰੇ ਵੇਦਾਂ ਦੀ ਰਚਨਾ ਹੋਈ, ਪਰ ਇਨ੍ਹਾਂ ਬੇਦਾਂ ਤੋਂ ਸਰਿਆ ਕੁਛ ਨਾ। ਪਾਪ ਪੁੰਨ ਵੀਚਾਰਨਾ ਹੀ ਬੇਦਾਂ ਦੇ ਵਿਰਸੇ ਵਿਚ ਆਇਆ। ਬ੍ਰਹਮਾ, ਬਿਸ਼ਨ, ਮਹੇਸ਼ ਹਿੰਦੂਆਂ ਦੇ ਤਿੰਨੇ ਦੇਵਤੇ ਇਨ੍ਹਾਂ ਦੇ ਪਾਪ-ਪੁੰਨਾਂ ਵਾਲੇ ਬੇਦਾਂ ਦੇ ਵੀਚਾਰਨ ਵਾਲੇ ਹੋਏ, ਤ੍ਰੈ-ਗੁਣੀ ਮਾਇਆ ਵਾਲਾ ਵਿਸਥਾਰ ਹੀ ਵਿਚੋਂ ਹਰੇਕ ਨੇ ਖਟਿਆ। ਨਿਸਤਾਰਾ ਤਾਂ ਕੇਵਲ ਗੁਰਮਤਿ ਨਾਮ ਜਪਣ ਵਾਲੇ ਗੁਰਮੁਖਾਂ ਦਾ ਹੀ ਹੋਇਆ ਹੈ, ਤੇ ਹੋ ਸਕਦਾ ਹੈ।

ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥
ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥
ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥
ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥
ਤਿਲਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ॥
ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥
ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥
ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥੧੩॥

[ਪਉੜੀ, ਮਾਰੂ ਵਾਰ ਡਖਣੇ ਮ: ੫, ਪੰਨਾ ੧੦੯੮-੯੯

ਕਲਹ ਤੋਂ ਰਹਿਤ ਕਲਾ ਵਾਲਾ ਵਾਹਿਗੁਰੂ ਪਾਇਆ ਨਹੀਂ ਜਾ ਸਕਦਾ, ਕਿਉਂਕਿ ਉਹ ਅਲੱਖ ਹੈ ਤੇ ਅਲੇਖ ਹੈ, ਕਿਸੇ ਤੋਂ ਲਿਖਿਆ ਨਹੀਂ ਜਾ ਸਕਦਾ ਤੇ

ਨਾ ਹੀ ਲਖਿਆ ਜਾ ਸਕਦਾ ਹੈ। ਹਿੰਦੂਆਂ ਦੇ ਛੇ (ਖਟ) ਦਰਸ਼ਨ ਆਨਮਤ ਬਥੇਰੇ ਭਰਮਦੇ ਰਹੇ, ਇਨ੍ਹਾਂ ਖਟ-ਦਰਸ਼ਨੀ ਭੇਖਾਂ ਦਵਾਰਾ ਕਦੇ ਨਹੀਂ ਮਿਲਦਾ। ਚੰਦ੍ਰਾਇਣੀ ਵਰਤ ਰਖਣੇ ਵੀ ਕਿਸੇ ਲੇਖੇ ਨਹੀਂ, ਵਰਤ ਰਖਿਆਂ ਮਿਲਦਾ ਹੀ ਨਹੀਂ। ਚਾਹੇ ਸੰਪੂਰਨ ਵੇਦਾਂ ਦਾ ਪਾਠ ਕਰ ਲਈਏ, ਪ੍ਰੰਤੂ ਇਨ੍ਹਾਂ ਬੇਦਾਂ ਵਿਖੇ ਤਤਸਾਰ ਕਿਤੇ ਨਹੀਂ ਵੇਖੀਦਾ ਤੇ ਲਭੀਦਾ। ਅੰਦਰ ਕਾਲਖ ਹੀ ਰਹਿੰਦੀ ਹੈ। ਨਹਾ ਧੋ ਕੇ ਤਿਲਕ ਮੱਥੇ ਤੇ ਲਾਇਆਂ ਕੁਛ ਨਹੀਂ ਬਣਦਾ। ਭੇਖਾਂ ਦੁਆਰਾ ਵਾਹਿਗੁਰੂ ਨਹੀਂ ਲਭਦਾ। ਲਭਦਾ ਹੈ ਤਾਂ ਸੱਚੀ ਸਿਖਿਆ ਗੁਰਦੀਖਿਆ ਦੁਆਰਾ ਹੀ ਲਭਦਾ ਹੈ। ਭਰਮ ਭੁਲੇ ਹੋਏ, ਸੱਚੇ ਮਾਰਗ ਤੋਂ ਘੁਥੇ ਹੋਏ ਭੇਖੀ ਲੋਕ ਸੱਚੇ ਮਾਰਗ 'ਤੇ ਕੇਵਲ ਉਹ ਹੀ ਚਲ ਸਕਦੇ ਹਨ ਜਿਨ੍ਹਾਂ ਦੇ ਮੱਥੇ ਤੇ ਧੁਰੋਂ ਹੀ ਇਹ ਲੇਖ ਲਿਖਿਆ ਹੈ ਸੱਚੇ ਮਾਰਗ ਤੇ ਚਲਣ ਵਾਲਾ। ਜਿਨ੍ਹਾਂ ਨੇ ਸੱਚੇ ਗੁਰੂ ਵਾਹਿਗੁਰੂ ਨੂੰ ਪਰਤੱਖ ਅਖੀਂ ਦੇਖ ਲਿਆ ਹੈ ਤਿਨ੍ਹਾਂ ਨੇ ਹੀ ਆਪਣਾ ਜਨਮ ਸਵਾਰ ਲਿਆ ਹੈ।

# ੭੨. ਸਦਾ ਨਿਹਚਲ ਰਹਿਣ ਤੇ ਨਾਸ ਹੋਣ ਵਾਲਿਆਂ ਦਾ ਵੇਰਵਾ

ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥
ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥
ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥੧੭॥
[ਪਉੜੀ, ਮਾਰੂ ਵਾਰ ਡਖਣੇ ਮ: ੫, ਪੰਨਾ ੧੧੦੦

ਇਸ ਪਉੜੀ ਰਾਹੀਂ ਇਹ ਸਪੱਸ਼ਟ ਸਿਧ ਹੁੰਦਾ ਹੈ ਕਿ ਪੀਰ ਪੈਕੰਬਰ ਔਲੀਏ ਮੁਸਲਮਾਨਾਂ ਦੇ ਮੰਨੇ ਪ੍ਰਮੰਨੇ ਵਲੀ ਅਵਤਾਰ ਹਨ, ਇਨ੍ਹਾਂ ਵਿਚੋਂ ਕਿਸੇ ਨੇ ਭੀ ਥਿਰ ਨਹੀਂ ਰਹਿਣਾ, ਸਭ ਅਵਗਤੇ ਹੀ ਜਾਣਗੇ, ਏਸੇ ਪ੍ਰਕਾਰ ਹੀ ਜਿਸ ਪ੍ਰਕਾਰ ਕਿ ਧਰਤੀ, ਅਕਾਸ਼, ਪਤਾਲ, ਚੰਦ, ਸੂਰਜ ਬਿਨਾਸਮਾਨ ਹਨ ਅਤੇ ਦੁਨਿਆਵੀ ਪਾਤਸ਼ਾਹ ਸ਼ਾਹ ਉਮਰਾਵੜੇ ਵਡੇ ਵਡੇ ਖ਼ਾਨ ਡੇਰੇ ਢਾਹ ਕੇ ਜਾਣ ਵਾਲੇ ਹਨ। ਕੀ ਕੰਗਾਲ ਕੀ ਅਮੀਰ ਲੋਕ ਅਤੇ ਗਰੀਬ ਲੋਕ, ਮਾਨ-ਮੱਤੇ ਅਹੰਕਾਰੀ ਲੋਕ ਸਭ ਕੋਈ ਇਸ ਜਗਤ ਤੋਂ ਖ਼ਾਲੀ ਹਥੀਂ ਚਲਿਆ ਜਾਵੇਗਾ। ਏਸੇ ਪ੍ਰਕਾਰ ਹੀ ਕਾਜ਼ੀ, ਮੁਲਾਂ, ਸ਼ੇਖ, ਮਸ਼ਾਇਕ ਸਾਰੇ ਹੀ ਖ਼ਾਲੀ ਹਥੀਂ ਉਠ ਜਾਣਗੇ। ਇਹ ਸਾਰੇ ਵਾਹਿਗੁਰੂ ਦੇ ਬੂਝੇ ਬਿਨਾਂ ਹੀ ਐਵੇਂ ਚਲੇ ਜਾਣਗੇ, ਜਿਵੇਂ ਚਉਰਾਸੀਹ ਲਖ ਦੇ ਜੀਅ ਐਵੇਂ ਜੋਨੀ ਵਿਚ ਪੈ ਜਾਂਦੇ ਹਨ।

ਉਪਰ ਲਿਖੇ ਸਭ ਚਉਰਾਸੀ ਲਖ ਜੋਨੀ ਵਿਚ ਪੈਣ ਵਾਲੇ ਹਨ, ਸਦਾ ਨਿਹਚਲ ਰਹਿਣ ਵਾਲਾ ਇਕੋ ਵਾਹਿਗੁਰੂ ਖ਼ੁਦਾਇ ਅਲੱਖ ਪਰਵਰਦਗਾਰ ਹੈ ਜਾਂ ਵਾਹਿਗੁਰੂ ਦਾ ਗੁਰਮੁਖਿ ਬੰਦਾ ਹੀ ਅਬਿਨਾਸ਼ੀ ਤੇ ਨਿਹਚਲ ਰਹਿਣ ਵਾਲਾ ਹੈ।

ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥
ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥
ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥
ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥
ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥
ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥
ਜੋ ਦੀਸੈ ਸੋ ਵਿਣਸਣਾ ਸਭਿ ਬਿਨਸਿ ਬਿਨਾਸੀ ॥
ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥੧੮॥

[ਪਉੜੀ, ਵਾਰ ਮਾਰੂ ਡਖਣੇ ਮ: ੫, ਪੰਨਾ ੧੧੦੦

ਇਸ ਪਉੜੀ ਦੁਆਰਾ ਸਿਧ ਹੋਇਆ ਕਿ ਹਿੰਦੂਆਂ ਦੇ ਜਿਤਨੇ ਤੀਰਥ ਹਨ ਅਤੇ ਜਿਤਨੇ ਹਿੰਦੂਆਂ ਦੇ ਦੇਵਾਲੇ, ਮੰਦਰ, ਦੇਹੁਰੇ ਹਨ, ਅਤੇ ਕੇਦਾਰ, ਮਥਰਾ, ਕਾਸ਼ੀ ਆਦਿਕ ਹਿੰਦਵਾਣੀ ਪੂਜ-ਅਸਥਾਨ ਹਨ, ਅਤੇ ਹਿੰਦੂਆਂ ਦੇ ਤੇਤੀਸ ਕ੍ਰੋੜ ਦੇਵਤੇ ਹਨ, ਸਮੇਤ ਇੰਦਰ ਰਾਜੇ ਦੇ ਸਭ ਬਿਨਾਸਮਾਨ ਹਨ ਅਤੇ ਜਿਤਨੇ ਆਨਮਤੀ ਧਰਮ-ਪੁਸਤਕ ਸਿਮ੍ਰਿਤਿ ਸ਼ਾਸਤ੍ਰ, ਚਾਰੇ ਬੇਦ, ਖਟ ਦਰਸ਼ਨ ਹਨ, ਸਮੇਤ ਸੰਨਿਆਸੀਆਂ ਦੇ, ਸਾਰੇ ਹੀ ਕਾਲ ਦੇ ਵਸ ਹਨ। ਪੰਡਿਤ ਤੇ ਪੰਡਿਤਾਂ ਦੀਆਂ ਪੋਥੀਆਂ ਜਿਤਨੀਆਂ ਭੀ ਹਨ ਅਤੇ ਜਿਤਨੀਆਂ ਵੀ ਕੱਚੀਆਂ ਬਾਣੀਆਂ ਵਾਲੇ ਗੀਤ ਤੇ ਕਵਿਤਾਵਾਂ ਹਨ, ਸਣੇ ਕਵੀਸ਼ਰਾਂ ਦੇ, ਸਭੇ ਚਲਾਇਮਾਨ ਹਨ। ਆਨਮਤ ਵਾਲੇ ਜਿਤਨੇ ਵੀ ਜਤੀ ਸਤੀ ਸੰਨਿਆਸੀ ਹਨ, ਸਭ ਕਾਲ ਦੇ ਵਸ ਹਨ। ਜੋਗੀ ਮੁਨੀ ਤੇ ਨਾਂਗੇ ਭੇਖੀ (ਇਹ ਜਿਤਨੇ ਵੀ ਭੇਖ ਹਨ) ਸਭੇ ਜਮ ਦੇ ਵਸ ਹਨ ਅਤੇ ਜਮ ਸਮੇਤ ਹੀ ਜਾਣ ਵਾਲੇ ਹਨ। ਜਿਤਨਾ ਵੀ ਦ੍ਰਿਸ਼ਟਮਾਨ ਪਸਾਰਾ ਹੈ, ਸਭ ਬਿਨਸਣਹਾਰ ਹੈ। ਸਦਾ ਥਿਰ ਰਹਿਣ ਵਾਲਾ ਪਾਰਬ੍ਰਹਮ ਪਰਮੇਸ਼ਰ ਅਕਾਲ ਪੁਰਖ ਵਾਹਿਗੁਰੂ ਹੀ ਹੈ ਜਾਂ ਵਾਹਿਗੁਰੂ ਨੂੰ ਸਿਮਰਨਹਾਰੇ ਜੋ ਵੀ ਸੇਵਕ ਸਿਖ ਜਨ ਹੈ, ਸੋ ਸਦਾ ਹੀ ਥਿਰ ਰਹੇਗਾ।

ਸਦਾ ਥਿਰ ਤੇ ਨਿਹਚਲ ਰਹਿਣ ਵਾਲੇ ਪਦਾਰਥ ਇਸ ਅਗਲੀ ਪਉੜੀ ਵਿਚ ਗਿਣੇ ਹਨ, ਯਥਾ—

ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ ॥
ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ ॥
ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਾਵਾਧਾ ॥
ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ ॥

ਦਇਆ ਧਰਮੁ ਤਪੁ ਨਿਹਚਲੋ ਜਿਸ ਕਰਮਿ ਲਿਖਾਧਾ ॥
ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ ॥
ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥
ਜਿਨ ਕਉ ਪੂਰਬਿ ਲਿਖਿਆ ਤਿਨਾ ਸਦਾ ਸਦਾ ਆਰਾਧਾ ॥੧੯॥

[ਪਉੜੀ, ਵਾਰ ਮਾਰੂ ਡਖਣੇ ਮ: ੫, ਪੰਨਾ ੧੧੦੧

ਵਿਆਖਿਆ—ਸਦਾ ਅਸਥਿਰ ਤੇ ਨਿਹਚਲ ਰਹਿਣ ਵਾਲਾ ਇਕੋ ਵਾਹਿਗੁਰੂ ਨਰਾਇਣ ਅਗਮ ਅਗਾਧ ਹਰੀ (ਨਾਮੀ ਅਕਾਲ ਪੁਰਖ) ਹੀ ਹੈ। ਜਾਂ ਵਾਹਿਗੁਰੂ ਦਾ ਨਾਮ ਸਦਾ ਨਿਹਚਲ ਰਹਿਣ ਵਾਲਾ ਹੈ, ਇਹ ਨਾਮ ਸੁਖਾਂ ਦਾ ਘਰ ਹੈ, ਜਿਸ ਨੂੰ ਸਿਮਰਨ ਕਰਕੇ ਵਾਹਿਗੁਰੂ (ਨਾਮੀ) ਲਭਦਾ ਹੈ। ਗੁਰਮੁਖਿ ਜਨਾਂ, ਗੁਰੂ ਦੇ ਵਰੋਸਾਏ ਹੋਏ ਸਿੱਖਾਂ ਦਾ ਗਾਵਿਆ ਹੋਇਆ ਕੀਰਤਨ ਤੇ ਵਾਹਿਗੁਰੂ ਦਾ ਜਸ ਸਦਾ ਨਿਹਚਲ ਰਹਿਣ ਵਾਲਾ ਪਦਾਰਥ ਹੈ। ਸੱਚਾ ਗੁਰਮਤਿ ਧਰਮ, ਸੱਚਾ ਗੁਰਮਤਿ ਨਾਮ ਅਭਿਆਸ ਰੂਪੀ ਤਪ ਵੀ ਨਿਹਚਲ ਹੈ, ਜੋ ਦਿਨ ਰਾਤ ਅਰਾਧਿਆ ਜਾਂਦਾ ਹੈ, ਗੁਰਮਤਿ ਅਨੁਸਾਰ ਕੀਤਾ ਹੋਇਆ ਦਇਆ ਧਰਮ ਰੂਪੀ ਤਪ ਵੀ ਨਿਹਚਲ ਹੈ। ਜਿਸ ਦੇ ਕਰਮਾਂ ਵਿਚ ਲਿਖਿਆ ਹੋਵੇ, ਮੱਥੇ ਤੇ ਲਿਖਿਆ ਹੋਇਆ ਲੇਖ ਵੀ ਨਿਹਚਲ ਹੈ, ਜੋ ਕਦੇ ਟਲਾਇਆਂ ਟਲਦਾ ਨਹੀਂ। ਸਾਧ ਜਨਾਂ ਗੁਰਮੁਖਾਂ ਦੀ ਸੰਗਤ ਵੀ ਨਿਹਚਲ ਹੈ ਅਤੇ ਗੁਰੂ ਰੂਪੀ ਸਾਧ ਦੇ ਬਚਨ ਵੀ ਨਿਹਚਲ ਹਨ। ਗੁਰ-ਦੀਖਿਆ ਰੂਪੀ ਉਪਦੇਸ਼ ਵੀ ਗੁਰੂ ਦਾ ਦਿਤਾ ਹੋਇਆ ਨਿਹਚਲ ਹੈ। ਜਿਸ ਨੂੰ ਪਹਿਲਾਂ ਤੋਂ ਹੀ ਪੂਰਬਲੇ ਕਰਮਾਂ ਅਨੁਸਾਰ ਲਿਖਿਆ ਹੋਵੇ, ਤਿਨ੍ਹਾਂ ਨੇ ਹੀ ਸਦਾ ਸਦਾ ਇਸ ਗੁਰਦੀਖਿਆ ਰੂਪੀ ਗੁਰ ਮੰਤਰ ਨੂੰ ਅਰਾਧਿਆ ਹੈ। ਇਨ੍ਹਾਂ ਉਪਰ ਲਿਖੇ ਸਭ ਪਦਾਰਥਾਂ ਦਾ ਨਿਹਚਲ ਹੋਣਾ ਸਿਧ ਕਰਦਾ ਹੈ ਕਿ ਸਭ ਪ੍ਰਮਾਰਥੀ ਪਦਾਰਥ ਗੁਰਮਤਿ ਅਨੁਸਾਰ ਗ੍ਰਹਿਣ ਕਰਨ ਯੋਗ ਹਨ ਅਤੇ ਉਪਰਲੀਆਂ ਪਉੜੀਆਂ ਵਿਚ ਵਰਨਣ ਕੀਤੇ ਆਨਮਤ ਪਦਾਰਥ ਸਭ ਤਿਆਗਣ ਯੋਗ ਹਨ।

ਪੰਡੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ਰਹਾਉ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥੧॥

[ਮਾਰੂ ਕਬੀਰ ਜੀਉ, ਪੰਨਾ ੧੧੦੨-੦੩

ਇਸ ਗੁਰਵਾਕ ਦਵਾਰਾ ਸਾਫ਼ ਸਿਧ ਹੁੰਦਾ ਹੈ ਕਿ ਪੰਡਿਤ ਆਦਿਕ ਆਨ-ਮਤੀ ਪੁਰਸ਼ ਸਭ ਕੁਮੱਤੇ ਲਗੇ ਹੋਏ ਹਨ ਅਤੇ ਸਭ ਪਰਵਾਰ ਸਹਿਤ ਡੁਬਣ ਵਾਲੀਆਂ ਗੱਲਾਂ ਹੀ ਕਰ ਰਹੇ ਹਨ। ਉਹ ਕਿਹੜੀਆਂ ? ਬੇਦ ਪੁਰਾਨ ਆਦਿਕ ਪੜ੍ਹਨ **ਵਾਲੀਆਂ**। ਇਕ ਵਾਹਿਗੁਰੂ ਦਾ ਨਾਮ ਜਪਣਾ ਹੀ ਨਿਸਤਾਰਾ ਕਰਨਹਾਰਾ ਹੈ। ਬੇਦ

ਪੁਰਾਨ ਆਦਿਕ ਪੜ੍ਹਨ ਦਾ ਕਿਆ ਗੁਣ ਹੈ, ਕੁਛ ਵੀ ਨਹੀਂ, ਇਕ ਖੋਤੇ ਤੇ ਚੰਦਨ ਦਾ ਭਾਰ ਲਦਣ ਵਾਲਾ ਹੀ ਸੌਦਾ ਹੈ, ਭਾਵ, ਸਭ ਨਿਸਫਲ ਹੀ ਹੈ। ਜਿਨ੍ਹਾਂ ਨੇ ਵਾਹਿਗੁਰੂ ਦੇ ਨਾਮ ਦੀ ਮਹਿਮਾ ਨਹੀਂ ਜਾਣੀ, ਉਹ ਕੈਸੇ ਪਾਰ ਉਤਰ ਸਕਣਗੇ।

ਬਨਹਿ ਬਸੇ ਕਿਉ ਪਾਈਐ ਜਉ ਲਉ ਮਨਹੁ ਨ ਤਜਹਿ ਬਿਕਾਰ ॥
ਜਿਹ ਘਰੁ ਬਨੁ ਸਮਸਰਿ ਕੀਆ ਤੇ ਪੂਰੇ ਸੰਸਾਰ ॥੧॥
ਸਾਰ ਸੁਖੁ ਪਾਈਐ ਰਾਮਾ ॥ ਰੰਗਿ ਰਵਹੁ ਆਤਮੈ ਰਾਮ ॥੧॥ਰਹਾਉ॥
ਜਟਾ ਭਸਮ ਲੇਪਨ ਕੀਆ ਕਹਾ ਗੁਫਾ ਮਹਿ ਬਾਸੁ ॥
ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥
ਅੰਜਨੁ ਦੇਇ ਸਭੈ ਕੋਈ ਟੁਕੁ ਚਾਹਨ ਮਾਹਿ ਬਿਡਾਨੁ ॥
ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥੩॥
ਕਹਿ ਕਬੀਰ ਅਬ ਜਾਨਿਆ ਗੁਰ ਗਿਆਨੁ ਦੀਆ ਸਮਝਾਇ ॥
ਅੰਤਰਗਤਿ ਹਰਿ ਭੇਟਿਆ ਅਬ ਮੇਰਾ ਮਨੁ ਕਤਹੂ ਨ ਜਾਇ ॥੪॥੨॥

[ਮਾਰੂ ਕਬੀਰ ਜੀਉ, ਪੰਨਾ ੧੧੦੩

ਇਸ ਗੁਰਵਾਕ ਦਵਾਰਾ ਬਨਬਾਸੀਆਂ ਦਾ ਆਨਮਤ ਬਨਬਾਸ ਭੇਖ ਖੰਡਨ ਕੀਤਾ ਗਿਆ ਹੈ, ਅਤੇ ਹੋਰਸ ਜਟਾਧਾਰੀ, ਭਸਮ-ਲੇਪਲਾਰੀ, ਤੇ ਗੁਫਾ-ਵਾਸੀਆਂ ਦੇ ਭਰਮ ਭੇਖ ਨੂੰ ਖ਼ੂਬ ਹੀ ਖੰਡਨਾਇਆ ਗਇਆ ਹੈ। ਯਥਾ ਵਿਆਖਿਆ—

ਬਨ ਵਿਚ ਵਸਿਆਂ ਵਾਹਿਗੁਰੂ ਨਹੀਂ ਪਾਇਆ ਜਾ ਸਕਦਾ, ਜਦ ਤਾਈਂ ਮਨ ਤੋਂ ਵਿਕਾਰ ਨ ਛਡੇ ਜਾਣ। ਇਹ ਵਿਕਾਰ ਮਨ ਦੀ ਮਤਿ ਦੁਆਰਾ ਨਹੀਂ ਛਡੇ ਜਾ ਸਕਦੇ, ਜਦ ਤਾਈਂ ਪੂਰਨ ਗੁਰਮਤਿ ਧਾਰਨ ਕਰ ਕੇ ਅਤੇ ਗੁਰੂ ਦਵਾਰਿਓਂ ਗੁਰ-ਦੀਖਿਆ ਲੈ ਕੇ ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਨ ਕੀਤੀਆਂ ਜਾਣ। ਜੋ ਗੁਰਮੁਖਿ ਜਨ ਇਸ ਬਿਧਿ ਕਮਾਈਆਂ ਕਰਦੇ ਹਨ, ਉਹ ਗ੍ਰਿਹਸਤ ਵਿਚ ਰਹਿ ਕੇ ਹੀ ਸੰਸਾਰ ਤੋਂ ਅਲੇਪ ਰਹਿੰਦੇ ਹਨ ਅਤੇ ਗੁਰਮਤਿ ਵਿਚ ਵੀ ਸੱਚੀ ਪ੍ਰਬੀਨਤਾ ਅਖ਼ਤਿਆਰ ਕਰਦੇ ਹਨ। ਐਸੇ ਗੁਰਮਖਿ ਜਨ, ਜਿਨ੍ਹਾਂ ਨੇ ਗ੍ਰਿਹਸਤ ਅਤੇ ਬਨਬਾਸ ਇਕੋ ਜਿਹਾ ਕਰਕੇ ਜਾਣਿਆ ਹੁੰਦਾ ਹੈ, ਸੰਸਾਰ ਵਿਖੇ ਪੂਰੇ ਸੂਰੇ ਉਤਰਦੇ ਹਨ। ਸੱਚਾ ਸਾਰ ਸੁਖ ਪ੍ਰਮਾਰਥ ਦੇ ਰੰਗਾਂ ਵਾਲਾ ਸਾਰੇ ਰਮੇ ਹੋਏ ਵਾਹਿਗੁਰੂ ਅਕਾਲ ਪੁਰਖ ਦੇ ਰੰਗਾਂ ਵਿਚ ਰੰਗੀਜ ਕੇ ਤਿਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਇਸ ਬਿਧਿ ਆਤਮਕ ਰੰਗਾਂ ਵਿਚ ਰੰਗੇ ਜਾ ਕੇ ਉਹ ਖਿਨ ਖਿਨ ਵਾਹਿਗੁਰੂ ਰਾਮ ਨਾਮ ਵਿਚ ਹੀ ਰੰਗੇ ਰਹਿੰਦੇ ਹਨ।

ਜੋ ਆਨਮਤੀ ਲੋਕ ਮਸਨੂਈ ਜਟਾਂ ਬਣਾ ਕੇ ਅਤੇ ਪਿੰਡੇ ਉਤੇ ਸਵਾਹ ਮਲ ਕੇ ਗੁਫਾ-ਵਾਸੀ ਬਣ ਬਹਿੰਦੇ ਹਨ, ਉਨ੍ਹਾਂ ਦਾ ਇਸ ਬਿਧਿ ਪਾਖੰਡ-ਭੇਖ ਧਾਰਨਾ ਮਹਾਂ ਮਨਮਤਿ ਹੈ, ਜਿਸ ਤੋਂ ਪ੍ਰਮਾਰਥੀ ਮਾਰਗ ਬਾਰੇ ਤਸੂ ਭੀ ਪ੍ਰਾਪਤ ਨਹੀਂ ਹੁੰਦਾ। ਉਹ ਮਹਿਜ਼ ਵਰਮੀ ਨੂੰ ਮਾਰਦੇ ਹਨ, ਵਰਮੀ ਮਾਰਿਆਂ ਸੱਪ ਨਹੀਂ ਮਰਦਾ। ਫੋਕਟ ਤਨ

ਤਾਵਣ ਨਾਲ ਮਨ ਵਸ ਵਿਚ ਨਹੀਂ ਆ ਸਕਦਾ। ਜੋ ਗੁਰਮੁਖਿ ਜਨ ਵਾਹਿਗੁਰੂ ਨਾਲ ਲਿਵ ਜੋੜ ਕੇ ਗ੍ਰਿਹਸਤ ਵਿਖੇ ਰਹਿੰਦੇ ਹਨ, ਉਹ ਗ੍ਰਿਹਸਤ ਵਿਚ ਰਹਿ ਕੇ ਹੀ ਮਨ ਨੂੰ ਜਿਤ ਲੈਂਦੇ ਹਨ। ਜਿਨ੍ਹਾਂ ਨੇ ਮਨ ਨੂੰ ਜਿਤਿਆ ਹੈ, ਉਨ੍ਹਾਂ ਨੇ ਜਗ ਨੂੰ ਵੀ ਜਿਤ ਲਿਆ ਹੈ; ਗੁਰਮਤਿ ਗ੍ਰਿਹਸਤ ਧਰਮ ਦਾ ਇਹ ਵਾਧਾ ਹੈ ਕਿ ਗ੍ਰਿਹਸਤ ਵਿਖੇ ਰਹਿ ਕੇ ਹੀ ਗੁਰਮੁਖਿ ਜਨ ਬਿਖ-ਮਾਇਆ ਤੋਂ ਉਦਾਸ ਰਹਿੰਦੇ ਹਨ। ਯਥਾ ਮਹਾਂਵਾਕ—

ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨ ਉਦਾਸੀ॥

[ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫

ਸਭ ਕੋਈ ਭੇਖਧਾਰੀ ਆਨਮਤੀ ਪੁਰਸ਼ ਖ਼ੁਦ ਆਨਮਤਿ ਅਗਿਆਨ ਵਿਚ ਵਸਦਾ ਹੋਇਆ ਫੋਕਟ ਅੰਧ-ਗੁਰੂ ਬਣ ਬੈਠਦਾ ਹੈ ਅਤੇ ਇਸ ਬਿਧਿ ਡਿੰਭੀ ਬਣ ਬਣ ਕੇ ਹੋਰਨਾਂ ਨੂੰ ਗਿਆਨ ਰੂਪੀ ਸੁਰਮਾ, ਅੰਤ੍ਰੀਵ ਅੱਖਾਂ ਵਿਚ ਪਾਣ ਲਈ ਦਿੰਦਾ ਹੈ, ਜਿਸ ਦਾ ਇਹ ਨਤੀਜਾ ਨਿਕਲਦਾ ਹੈ ਕਿ ਝੂਠੇ ਗਿਆਨ ਲੈਣ ਵਾਲਿਆਂ ਨੂੰ ਮੁੜ ਕੇ ਫੇਰ ਅੰਧ ਅਗਿਆਨ ਦੇ ਖੂਹ ਵਿਚ ਹੀ ਸੁਟ ਦਿੰਦਾ ਹੈ। ਸੋਈ ਲੋਇਣ ਪ੍ਰਵਾਨ ਹਨ ਜਿਨ੍ਹਾਂ ਅੰਦਰ ਗੁਰਮੁਖਿ ਜਨਾਂ ਨੇ ਗਿਆਨ ਰੂਪੀ ਅੰਜਨ (ਸੁਰਮਾ) ਪਾਇਆ ਹੈ। ਪਰ ਇਹ ਗਿਆਨ ਰੂਪੀ ਸੁਰਮਾ ਸਦਾ ਗੁਰੂ ਦਵਾਰਿਓਂ ਹੀ ਮਿਲਦਾ ਹੈ ਤੇ ਗੁਰਮਤਿ ਗਿਆਨ ਦਵਾਰਾ ਹੀ ਇਸ ਸੱਚ ਸੁਰਮੇ ਦੀ ਸਮਝ ਪੈਂਦੀ ਹੈ। ਕਬੀਰ ਸਾਹਿਬ ਨੇ ਗੁਰਮਤਿ ਗਿਆਨ ਪ੍ਰਾਪਤ ਕਰਕੇ ਇਸ ਰਮਜ਼ ਨੂੰ ਬੁਝਿਆ ਹੈ। ਗੁਰੂ ਦੀ ਕਿਰਪਾ ਦਵਾਰਾ ਤਿਨ੍ਹਾਂ ਗੁਰਮੁਖਿ ਜਨਾਂ ਨੇ ਅੰਤਰ-ਮੁਖੀ ਬਿਰਤੀ ਨਾਲ ਵਾਹਿਗੁਰੂ ਅਕਾਲ ਪੁਰਖ ਭੇਟਿਆ ਹੈ। ਇਸ ਬਿਧਿ ਵਾਹਿਗੁਰੂ ਨੂੰ ਭੇਟ ਕੇ ਹੀ ਗੁਰਮੁਖਾਂ ਦਾ ਮਨ ਅਸਥਿਰ ਹੋਇਆ ਹੈ, ਐਵੇਂ ਨਹੀਂ ਹੁੰਦਾ।

ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ ਅਛਰ ਮਾਹੀ॥<br>
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ ਨਾਮ ਸਰਿ ਨਾਹੀ॥੨॥੧੫॥

[ਮਾਰੂ ਰਵਿਦਾਸ ਜੀਉ, ਪੰਨਾ ੧੧੦੬

ਬੇਦ ਪੁਰਾਨਾਂ ਵਿਖੇ ਬਹੁ ਬਿਧਿ ਲਿਖੇ ਹੋਏ ਚੌਤੀਸੇ ਅੱਖਰ ਨਾਨਾ ਪ੍ਰਕਾਰ ਦੇ ਖੀਨ ਖਰਾਬ ਕਰਨ ਵਾਲੇ ਖ਼ਿਆਲਾਤ ਹੀ ਉਪਜਾਉਂਦੇ ਹਨ। ਗੁਰੂ ਘਰ ਦਾ ਵਰੋਸਾਇਆ ਹੋਇਆ ਬਿਆਸ ਰੂਪੀ ਗੁਰਮੁਖਿ ਜਨ ਸੱਚੀ ਵੀਚਾਰ ਵੀਚਾਰ ਕੇ ਸੱਚਾ ਪ੍ਰਮਾਰਥ ਦਰਸਾਉਂਦਾ ਹੈ ਅਤੇ ਦ੍ਰਿੜ੍ਹਤਾ ਸੇਤੀ ਇਉਂ ਕਹਿੰਦਾ ਹੈ ਕਿ ਗੁਰਮਤਿ-ਰਮਤ-ਰਾਮ ਦੇ ਬਰਾਬਰ ਹੋਰ ਕੁਛ ਵੀ ਨਹੀਂ, ਆਨਮਤ ਕਰਮ ਕਾਂਡ ਉਰੇ ਉਰੇ ਹੀ ਰਹਿ ਜਾਂਦੇ ਹਨ।

# ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ ਸੰਤੋਖੇ ਜੋਗੀ ਦੀ ਕਹਾਣੀ

ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥
ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥੧॥
ਭਵਜਲੁ ਬਿਨੁ ਸਬਦੈ ਕਿਉ ਤਰੀਐ ॥
ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥੧॥ਰਹਾਉ
॥੨॥ [ਭੈਰਉ ਮ: ੧ ਘਰੁ ੨, ਪੰਨਾ ੧੧੨੫

ਇਸ ਗੁਰਵਾਕ ਦੁਆਰਾ ਸਿਧ ਹੁੰਦਾ ਹੈ ਕਿ ਸਭ ਤਰ੍ਹਾਂ ਦੇ ਜੀਵ ਤੇ ਮਨੁੱਖਾਂ ਦਾ ਨਿਸਤਾਰਾ ਕੇਵਲ ਗੁਰੂ ਕੇ ਸ਼ਬਦ ਦੁਆਰਾ ਹੀ ਸੰਭਵ ਹੈ, ਹੋਰ ਕਿਸੇ ਬਿਧਿ ਭੀ ਨਹੀਂ ਹੋ ਸਕਦਾ। ਸ਼ਬਦ ਕੇਵਲ ਗੁਰੂ ਨਾਨਕ ਸਾਹਿਬ ਦੇ ਘਰੋਂ ਪ੍ਰਾਪਤ ਹੁੰਦਾ ਹੈ। ਪਿਛਲੇ ਜਨਮਾਂ ਵਿਖੇ ਸਿਧ ਮੁਨੀ ਜਨ ਜੋ ਆਪ-ਹੁਦਰੇ ਹੀ ਜੋਗ ਅਭਿਆਸ ਆਦਿਕ ਦੀਆਂ ਟੱਕਰਾਂ ਮਾਰਦੇ ਰਹੇ **ਹਨ,** ਉਨ੍ਹਾਂ ਦਾ ਨਿਸਤਾਰਾ ਉਦੋਂ ਹੀ ਹੋਇਆ ਜਦ ਉਨ੍ਹਾਂ ਨੇ ਆ ਕੇ ਗੁਰੂ ਨਾਨਕ ਦੇ ਘਰ ਜਨਮ ਲਿਆ ਅਤੇ ਗੁਰੂ ਕੇ ਸਿਖ ਬਣੇ। ਅਨੇਕਾਂ ਹੀ ਮੁਨੀ ਜਨ ਬ੍ਰਹਮਾ ਅਤੇ ਸਨਕ ਸਨੰਦਨ ਆਦਿਕ ਜਦੋਂ ਵੀ ਤਰੇ ਅਤੇ ਤਰਨਗੇ ਤਾਂ ਗੁਰੂ ਨਾਨਕ ਦੇ ਦੀਖਿਅਤ ਗੁਰ-ਸ਼ਬਦ ਮੰਤਰ ਲੈ ਕੇ ਹੀ ਤਰੇ ਹਨ ਜਾਂ ਤਰਨਗੇ। ਜੈਸੇ ਕਿ ਗੁਰੂ ਘਰ ਵਿਖੇ ਇਸ ਪ੍ਰਸਿੱਧ ਸਾਖੀ ਤੋਂ ਸਿਧ ਹੈ ਕਿ ਸੰਤੋਖ ਸਰ ਦਾ ਤਾਲ ਪੁਟਣ ਸਮੇਂ, ਵਿਚੋਂ ਇਕ ਜੋਗੀ ਦਾ ਮੱਠ ਨਿਕਲਿਆ। ਸੰਗਤਾਂ ਗੁਰੂ ਸਾਹਿਬ ਪਾਸ ਧਾਈਆਂ ਗਈਆਂ। ਗੁਰੂ ਸਾਹਿਬ ਜੀ ਦੇ ਪੁਜਣ ਪਰ ਜਦ ਉਸ ਜੋਗੀ ਦੇ ਮਠ ਨੂੰ ਪੁਟਿਆ ਗਿਆ ਤਾਂ ਉਸ ਜੋਗੀ ਨੇ ਪਹਿਲਾ ਸਵਾਲ ਇਹ ਪੁਛਿਆ (ਜਿਸ ਨੂੰ ਕੇਵਲ ਤ੍ਰੈਕਾਲ-ਦਰਸੀ ਗੁਰੂ ਸਾਹਿਬ ਨੇ ਸਮਝਿਆ) ਕਿ ਇਹ ਕਿਹੜਾ ਜੁਗ ਹੈ ? ਜਦ ਉਸ ਨੂੰ ਦਸਿਆ ਗਿਆ ਕਿ ਇਹ ਕਲਜੁਗ ਹੈ ਤਾਂ ਉਹ ਬੜਾ ਹੀ ਅਨੰਦਤ ਹੋਇਆ। ਫਿਰ ਦੂਜਾ ਸਵਾਲ ਇਹ ਕੀਤਾ ਕਿ ਗੁਰੂ ਨਾਨਕ ਸਾਹਿਬ ਪ੍ਰਗਟ ਹੋ ਗਏ ਹਨ ? 'ਹਾਂ' ਦਾ ਉਤਰ ਮਿਲਣ ਪਰ ਉਸ ਜੋਗੀ ਦੀ ਖ਼ੁਸ਼ੀ ਦੀ ਹਦ ਕੋਈ ਨ ਰਹੀ। ਉਸ ਨੇ ਬੜੀ ਖ਼ੁਸ਼ੀ ਨਾਲ ਇਹ ਭਾਖਿਆ ਕਿ ਮੇਰਾ ਕਲਿਆਨ ਦਾ ਸਮਾਂ ਆ ਗਿਆ ਹੈ। ਗੱਲ ਕੀ, ਗੁਰੂ ਸਾਹਿਬ ਦੀ ਚਰਨੀਂ ਪੈ ਕੇ ਅਤੇ ਗੁਰ-ਦੀਖਿਆ ਲੈ ਕੇ ਉਸ ਤ੍ਰੇਤੇ ਜੁਗ ਤੋਂ ਬੈਠੈ ਜੋਗੀ ਦੀ ਕਲਿਆਨ ਕੀਤੀ ਗਈ। ਅਤੇ ਪੂਰਬਲੇ ਕਰਮਾਂ ਦਾ ਸ਼ੁਭ ਅੰਕੁਰ ਪ੍ਰਗਟ ਹੋਇਆ।

ਇਸੇ ਪ੍ਰਕਾਰ ਪੂਰਬ ਲਿਖੇ ਕਰਮਾਂ ਅਨੁਸਾਰ ਜੋ ਜੋ ਮੁਨੀ ਜਨ ਦੇਵਤੇ ਗੁਰ-

ਸ਼ਰਨੀ ਪੈਣਗੇ ਜਾਂ ਪਏ ਹਨ, ਗੁਰੂ ਸਾਹਿਬ ਦੇ ਘਰੋਂ ਹੀ ਗੁਰ-ਦੀਖਿਆ ਲੈ ਕੇ ਨਿਸਤਰੇ ਹਨ ਜਾਂ ਨਿਸਤਰਨਗੇ, ਐਵੇਂ ਕਦਾਂਤਿ ਨਹੀਂ। ਏਸ ਭਵਜਲ-ਸੰਸਾਰ ਦਾ ਨਿਸਤਾਰਾ ਗੁਰ-ਸ਼ਬਦ ਤੋਂ ਬਿਨਾਂ ਹੋਣਾ ਹੀ ਨਹੀਂ। ਗੁਰ-ਸ਼ਬਦ, ਗੁਰ-ਦੀਖਿਆ ਲਏ ਬਿਨਾਂ ਬੜੇ ਬੜੇ ਮੁਨੀ ਜਨਾਂ ਦੇਵਤਿਆਂ ਦੇ ਅੰਦਰ ਹਉਮੈ ਤੇ ਦੁਬਿਧਾ ਰੋਗ ਹੀ ਬਿਆਪ ਰਹਿਆ ਹੈ, ਜਾਂ ਬਿਆਪਿਆ ਰਹੇਗਾ, ਤੇ ਸਾਰਾ ਜਗਤ ਦੁਬਿਧਾ ਰੋਗ ਦਾ ਗ੍ਰਸਿਆ ਹੋਇਆ ਹੀ ਡੁਬ ਡੁਬ ਮਰੇਗਾ।

ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ॥
ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ॥੪॥੩॥੪॥
[ਭੈਰਉ ਮਹਲਾ ੧, ਪੰਨਾ ੧੧੨੬

ਗੁਰਮਤਿ ਤੋਂ ਛੁਟ ਹੋਰ ਕੋਈ ਵੀ ਐਸਾ ਦਰ ਘਰ (ਆਨਮਤ) ਨਹੀਂ ਹੈ, ਜਿਸ ਨੂੰ ਧਾਰਨ ਕੀਤਿਆਂ ਵਾਹਿਗੁਰੂ ਨੂੰ ਜਾਣ ਸਕੀਦਾ ਹੈ। ਐਸਾ ਇਕੋ ਦਰ (ਗੁਰੂ ਨਾਨਕ ਸਾਹਿਬ ਦਾ ਦਵਾਰਾ) ਹੀ ਸਚਿਆਰਾ ਹੈ, ਜਿਸ ਨੂੰ ਧਾਰਨ ਕੀਤਿਆਂ ਵਾਹਿਗੁਰੂ ਅਲਖ ਪਾਰਬ੍ਰਹਮ ਪਰਮੇਸ਼ਰ ਨੂੰ ਪਾ ਸਕੀਦਾ ਹੈ। ਗੁਰ ਨਾਨਕ ਸਾਹਿਬ ਤੱਤ ਵੀਚਾਰ ਇਹੋ ਉਚਾਰਨ ਕਰਦੇ ਹਨ ਕਿ ਕੇਵਲ ਸਤਿਗੁਰੂ ਦੀ ਕਿਰਪਾ ਦਵਾਰਾ ਹੀ ਪਰਮ ਪਦ ਪਾਇਆ ਜਾ ਸਕਦਾ ਹੈ।

ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥
ਸਾਸਤ੍ਰ ਬੇਦ ਤ੍ਰੈਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥੩॥
ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥
ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥੪॥੪॥੫॥
[ਭੈਰਉ ਮ: ੧, ਪੰਨਾ ੧੧੨੬

ਆਨਮਤ ਦੇ ਗ੍ਰਸੇ ਹੋਏ ਮਨਮਤੀ ਮਨਮੁਖ ਜਨ ਸਦਾ ਹੀ ਡੋਲਦੇ ਰਹਿੰਦੇ ਹਨ ਅਤੇ ਸਾਰੀ ਉਮਰ ਅੰਧ-ਅਗਿਆਨੀ ਹੀ ਰਹਿੰਦੇ ਹਨ, ਉਨ੍ਹਾਂ ਦੇ ਨੇਤਰਾਂ ਅੰਦਰ ਸੱਚਾ ਗਿਆਨ ਅੰਜਨ ਆਉਂਦਾ ਹੀ ਨਹੀਂ। ਸ਼ਬਦ **ਸੁਰਤਿ** ਉਨ੍ਹਾਂ ਨੂੰ ਭਾਉਂਦੀ ਹੀ ਨਹੀਂ, ਸ਼ਬਦ ਸੁਰਤ ਦੇ ਰਸਤੇ ਹੀ ਨਹੀਂ ਆਉਂਦੇ। ਇਹ ਸ਼ਬਦ ਸੁਰਤਿ ਦਾ ਸੱਚਾ ਪ੍ਰਮਾਰਥੀ ਗਿਆਨ ਕੇਵਲ ਗੁਰੂ ਘਰ ਤੋਂ ਹੀ ਲਭਦਾ ਹੈ। ਆਮ ਲੋਕੀ ਪਏ ਬੇਦ ਸ਼ਾਸਤ੍ਰ ਨਾਲ ਟੱਕਰਾਂ ਮਰਦੇ ਰਹਿੰਦੇ ਹਨ ਸਾਰੀ ਉਮਰ; ਪ੍ਰੰਤੂ ਇਹ ਸ਼ਾਸਤ੍ਰ ਬੇਦ ਸਭ ਤ੍ਰੈਗੁਣੀ ਮਾਇਆ ਹੈ। ਤਾਂ ਤੇ ਬੇਦ ਸ਼ਾਸਤ੍ਰ ਪੜ੍ਹਿਆਂ ਆਨਮਤੀ ਲੋਕ ਅਗਿਆਨੀ ਅੰਧਲੇ ਹੀ ਰਹਿੰਦੇ ਹਨ। ਇਨ੍ਹਾਂ ਆਨਮਤੀ ਪੁਸਤਕਾਂ ਦਾ ਪੜ੍ਹਨਾ ਨਿਰੀ ਧੰਧ ਕਮਾਈ ਹੀ ਹੈ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥੧॥

ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥
ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ॥੧॥ਰਹਾਉ॥
ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥੨॥
ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥
ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥੩॥
ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥੪॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥
ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥੫॥
੭॥੮॥ [ਭੈਰਉ ਮ: ੧, ਪੰਨਾ ੧੧੨੭

ਇਸ ਗੁਰਵਾਕ ਤੋਂ ਸਾਫ਼ ਸਿਧ ਹੋਇਆ ਕਿ ਨਿਸਤਾਰਾ ਹੈ ਤਾਂ ਕੇਵਲ ਗੁਰੂ-ਘਰ ਤੋਂ ਪ੍ਰਾਪਤ ਹੋਏ ਗੁਰ-ਦੀਖਿਆ ਰੂਪੀ ਗੁਰ-ਮੰਤਰ ਤੋਂ ਹੀ ਹੈ । ਹੋਰ ਆਨਮਤੀ ਦੁਨੀਆ ਐਵੇਂ ਧੰਧ ਪਿਟਦੀ ਫਿਰਦੀ ਹੈ । ਆਨਮਤ ਦੇ ਦੱਸੇ ਦਸਾਏ ਹੋਏ ਬਹੁਤੇ ਜੱਗ, ਹੋਮ, ਪੁੰਨ, ਤਪ, ਪੂਜਾ ਕੀਤੇ ਹੋਏ ਸਭ ਦੇਹੀ ਨੂੰ ਦੁਖ ਦੇਣ ਵਾਲੇ ਹੀ ਸੌਦੇ ਹਨ । ਐਸੇ ਪਾਖੰਡ ਕੀਤਿਆਂ ਉਹ ਨਿਤਾਪ੍ਰਤਿ ਦੁਖ ਹੀ ਦੁਖ ਸਹਿੰਦੇ ਹਨ, ਰਾਮ ਨਾਮ, ਰਮਤ ਰਾਮ ਵਾਹਿਗੁਰੂ ਅਕਾਲ ਪੁਰਖ ਬਿਨਾਂ ਮੁਕਤੀ ਨਹੀਂ ਪਾ ਸਕਦੇ । ਮੁਕਤੀ ਮਿਲ ਸਕਦੀ ਹੈ ਤਾਂ ਗੁਰਮਤਿ ਨਾਮ ਦਵਾਰਾ ਹੀ ਮਿਲ ਸਕਦੀ ਹੈ ਅਤੇ ਗੁਰਮਤਿ ਨਾਮ ਤੋਂ ਬਿਨਾਂ ਇਸ ਪ੍ਰਾਣੀ ਦਾ ਜਗ ਵਿਚ ਜਨਮਣਾ ਹੀ ਬਿਰਥਾ ਹੈ । ਉਹ ਬਿਖ (ਵਿਹੁ) ਖਾਂਦਾ ਹੈ, ਬਿਖਿਆ ਰੂਪੀ ਵਿਹੁਲੀ ਬੋਲੀ ਬੋਲਦਾ ਹੈ, ਨਾਮ ਬਿਨਾਂ ਉਹਦਾ ਜੀਵਨ ਹੀ ਨਿਸਫਲ ਹੈ । ਬਸ, ਨਾਮ ਬਿਨਾਂ ਮਰ ਮਰ ਕੇ ਮੁੜ ਮੁੜ ਕੇ ਜੂਨੀਆਂ ਵਿਚ ਭਰਮਣ ਵਾਲੀ ਹੀ ਗੱਲ ਹੈ । ਨਾਮ ਬਿਨਾਂ, ਨਾਮ ਦੀ ਸੱਚੀ ਗੁਰਮਤਿ ਕਮਾਈ ਕੀਤੇ ਬਿਨਾਂ ਸ਼ਾਂਤਮਈ ਨਹੀਂ ਆਉਂਦੀ । ਸ਼ੁਸ਼ਕ ਸ਼ਾਂਤਮਈ ਕੁਝ ਸਾਰਦੀ ਨਹੀਂ, ਨਾ ਹੀ ਇਸ ਸ਼ੁਸ਼ਕ ਮਈ ਸ਼ਾਂਤੀ ਨੇ ਕਿਸੇ ਦਾ ਕੁਛ ਸਾਰਿਆ ਹੈ, ਨਾ ਹੀ ਸਾਰੇਗੀ । ਜੋ ਵੀ ਵਡਭਾਗਾ ਜਨ ਗੁਰਮਤਿ ਨਾਮ ਨੂੰ ਜਪੇਗਾ, ਸੋਈ ਪਾਰ ਪਵੇਗਾ ।

ਆਨਮਤੀ ਪੁਸਤਕਾਂ ਦੇ ਪਾਠ ਪੜ੍ਹਿਆਂ, ਬਿਆਕਰਣ ਬੇਦਾਂਤ ਵਖਾਣਿਆਂ, ਤ੍ਰੈਕਾਲਾਂ ਵੇਲੇ ਸੰਧਿਆ ਕਰਨ, ਗਾਇਤ੍ਰੀ ਆਦਿਕ ਕਰਿਆਂ ਕੁਛ ਨਹੀਂ ਸੌਰਦਾ । ਗੁਰੂ ਦੇ ਸ਼ਬਦ ਬਿਨਾਂ, ਹੇ ਪ੍ਰਾਣੀ ! ਸੱਚੀ ਕਲਿਆਨ ਮਈ ਮੁਕਤੀ ਕਿਥੇ ਹੈ ? ਸੱਚੇ ਰਮਤ ਰਾਮ ਵਾਹਿਗੁਰੂ ਨਾਮ ਦੇ ਅਭਿਆਸ ਬਿਨਾਂ ਐਵੇਂ ਉਲਝ ਉਲਝ ਕੇ ਹੀ ਮਰਨ ਵਾਲੀ ਗੱਲ ਹੈ । ਜੋ ਆਨਮਤੀ ਲੋਕ ਹੱਥਾਂ ਵਿਚ ਡੰਡਾ ਕਰਮੰਡਲ ਫੜੀ ਫਿਰਦੇ ਹਨ ਅਤੇ ਬੋਦੀ ਸਿਖਾ ਸੂਤ ਧੋਤੀ ਬੰਨ੍ਹ ਕੇ ਤੀਰਥਾਂ 'ਤੇ ਗਵਨ ਕਰਦੇ ਅਤੇ ਭਰਮਨ

ਕਰਦੇ ਫਿਰਦੇ ਹਨ, ਇਹਨਾਂ ਨੂੰ ਗੁਰੂ ਘਰ ਤੋਂ ਰਮਤ ਰਾਮ ਵਾਹਿਗੁਰੂ ਨਾਮ ਪ੍ਰਾਪਤ ਹੋਏ ਬਿਨਾਂ ਕਦੇ ਵੀ ਸੱਚੀ ਸ਼ਾਂਤੀ ਨਹੀਂ ਆਉਣੀ। ਉਨ੍ਹਾਂ ਦਾ ਪਾਰ-ਉਤਾਰਾ ਹੋਣਾ ਹੈ ਤਾਂ ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕੀਤਿਆਂ ਹੀ ਹੋਣਾ ਹੈ। ਬੜੀਆਂ ਬੜੀਆਂ ਮਸਨੂਈ ਜਟਾਵਾਂ ਵਧਾ ਕੇ, ਉਨ੍ਹਾਂ ਨੂੰ ਸੀਸ 'ਤੇ ਬੰਨ੍ਹ ਕੇ ਆਪਣੇ ਜੂੜੇ (ਮੁਕਟ) ਬਣਾਈ ਫਿਰਦੇ ਹਨ ਅਤੇ ਸਰੀਰ ਤੇ ਭਸਮ ਲਗਾਈ ਫਿਰਦੇ ਹਨ ਅਤੇ ਬਸਤਰ ਛੋਡ ਕੇ ਤਨ ਨਗਨ ਕਰੀ ਫਿਰਦੇ ਹਨ, ਇਹ ਸਭ ਭਰਮ-ਭੁਲਾਵੇ ਵਾਲੇ ਭੇਖ ਹਨ, ਇਨ੍ਹਾਂ ਨਾਲ ਤ੍ਰਿਪਤੀ ਕਦੇ ਨਹੀਂ ਆਉਣੀ। ਤ੍ਰਿਪਤੀ ਆਉਣੀ ਹੈ ਤਾਂ ਰਮਤ ਰਾਮ ਵਾਹਿਗੁਰੂ ਨਾਮ ਤੋਂ ਹੀ ਆਉਣੀ ਹੈ। ਉਨ੍ਹਾਂ ਦੀ ਪੂਰਬਲੇ ਕਰਮਾਂ ਦੀ ਗਤੀ ਹੀ ਐਸੀ ਹੈ ਕਿ ਜਿਸ ਦੇ ਬਧੇ ਹੋਏ ਉਹ ਕੇਵਲ ਭੇਖ ਹੀ ਭੇਖ, ਡਿੰਭ ਹੀ ਡਿੰਭ ਧਾਰਨ ਕਰੀ ਫਿਰਦੇ ਹਨ। ਜਲ ਥਲ ਮਹੀਅਲ ਵਿਖੇ ਜਿਤਨੇ ਵੀ ਜੀਅ ਜੰਤ ਹਨ, ਜਿਥੇ ਕਿਥੇ, ਭਾਵ ਸਭਨੀ ਥਾਈਂ ਤੂੰ ਸਰਬ ਜੀਆਂ ਅੰਦਰ ਵਰਤ ਰਿਹਾ ਹੈਂ, ਹੇ ਵਾਹਿਗੁਰੂ ! ਪ੍ਰੰਤੂ ਗੁਰੂ ਦੇ ਪ੍ਰਸਾਦ ਕਿਰਪਾ ਦਵਾਰਾ ਤੂੰ ਤਿਸੇ ਗੁਰਮੁਖਿ ਜਨ ਨੂੰ ਇਸ ਘੁੰਮਣ-ਘੇਰੀ ਤੋਂ ਰਖ ਲੈਂਦਾ ਹੈਂ, ਜਿਸ ਨੇ ਗੁਰੂ ਨਾਨਕ ਦੇ ਘਰ ਤੋਂ ਵਿਹਾਝ ਕੇ ਝੋਲਿ ਝੋਲਿ ਹਰਿ ਰਸ ਪੀਤਾ ਹੈ।

ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥੧॥
ਮਾਇਆ ਮਦਿ ਮਾਤਾ ਰਹਿਆ ਸੋਇ ॥ ਜਾਗਤੁ ਰਹੈ ਨ ਮੂਸੈ ਕੋਇ ॥੧॥ਰਹਾਉ॥
ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥੨॥
ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੇ ॥੩॥
ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥੪॥
ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥੫॥
ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ॥੬॥੨॥
[ਭੈਰਉ ਮ: ੩, ਪੰਨਾ ੧੧੨੮

ਆਨਮਤ ਦੇ ਮੁੱਠੇ ਹੋਏ ਜਿਤਨੇ ਵੀ ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ਹਨ, ਉਹ ਸਭ ਆਪਣੇ ਅਹੰਕਾਰ ਵਿਚ ਹੀ ਸੁੱਤੇ ਪਏ ਹਨ। ਸੱਚੇ ਗੁਰਮਤਿ ਪ੍ਰਮਾਰਥ ਵਲੋਂ ਘੂਕ ਸੁੱਤੇ ਹੋਏ ਹਨ। ਸਾਰਾ ਜਗ ਮਾਇਆ ਦਾ ਮਤਿਆ ਹੋਇਆ ਸੌਂ ਰਹਿਆ ਹੈ। ਜਿਸ ਉਤੇ ਵਾਹਿਗੁਰੂ ਦੀ ਕਿਰਪਾ ਹੈ ਸੋਈ ਜਾਗਦਾ ਰਹਿੰਦਾ ਹੈ, ਉਹ ਫਿਰ ਕਦੇ ਮੁਸਦਾ ਹੀ ਨਹੀਂ। ਸੱਚੀ ਜਾਗਣੀ ਸੋਈ ਜਾਗਦਾ ਹੈ ਜਿਸ ਨੂੰ ਸੱਚਾ ਸਤਿਗੁਰੂ ਮਿਲਦਾ ਹੈ। ਸੱਚੇ ਸਤਿਗੁਰੂ ਦੇ ਮਿਲਾਪ ਵਾਲੇ ਗੁਰਮੁਖਿ ਜਨ ਦੇ ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ ਆਦਿਕ ਸਾਰੇ ਵਸਗਤਿ ਆ ਜਾਂਦੇ ਹਨ। ਸਾਰੇ ਆਨਮਤੀ ਭੇਖੀਆਂ ਨੇ ਮਾਇਆ ਰੂਪੀ ਮਦ ਪੀਤੀ ਹੋਈ ਹੈ, ਇਸ ਮਦ-ਮਾਇਆ ਤੋਂ ਸੋਈ ਵਡਭਾਗਾ ਸੁਜਾਗਾ ਜਨ ਸਾਵਧਾਨ ਹੋ ਕੇ ਜਾਗਦਾ ਹੈ ਜੋ ਗੁਰਮਤਿ ਤੱਤ ਨਾਮ ਨੂੰ ਵੀਚਾਰਦਾ

ਹੈ । ਜੋ ਅਸਲੀ ਸੂਰਮਾ ਛਤ੍ਰੀ ਹੈ ਸੋ ਆਪਣੇ ਆਪ ਨੂੰ ਹੀ ਮਾਰਦਾ ਹੈ. ਹੋਰਨਾਂ ਨੂੰ ਮਾਰਦਾ ਦੁਖਾਰਦਾ ਨਹੀਂ । ਸੋਈ ਜਨ ਤੱਤ ਗੁਰਮਤਿ ਜਾਗਣੀ ਜਾਗਦਾ ਹੈ ਜੋ ਇਕੋ ਅਕਾਲ ਪੁਰਖ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਜਾਣਦਾ ਹੈ, ਪ੍ਰਕਿਰਤੀ ਮਾਇਆ ਨੂੰ ਛਡ ਕੇ ਕੇਵਲ ਤੱਤ ਵਸਤੂ ਵਾਹਿਗੁਰੂ ਨਾਮ ਨੂੰ ਹੀ ਪਛਾਣਦਾ ਹੈ । ਚਹੁੰਆਂ ਵਰਨਾਂ ਵਿਚੋਂ ਬਸ ਕੋਈ ਵਿਰਲਾ ਜਨ ਹੀ ਜਾਗਦਾ ਹੈ, ਉਸ ਜਨ ਦਾ ਜਮਕਾਲ ਤੋਂ ਸਦਾ ਲਈ ਛੁਟਕਾਰਾ ਹੋ ਜਾਂਦਾ ਹੈ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਕੇਵਲ ਸੋਈ ਗੁਰਮੁਖਿ ਜਨ ਹੀ ਤੱਤ-ਜਾਗਣੀ ਜਾਗਦਾ ਹੈ ਜਿਸ ਦੇ ਨੇਤਰਾਂ ਅੰਦਰ ਸੱਚਾ ਗਿਆਨ ਅੰਜਨ ਗੁਰੂ ਦੀ ਕਿਰਪਾ ਨਾਲ ਪਾਇਆ ਹੋਇਆ ਹੁੰਦਾ ਹੈ ।

ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥
ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥੨॥
ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰ ਉਪਾਇਆ ॥
ਨਾਨਕ ਨਿਹਚਲੁ ਸਾਚਾ ਏਕੋ ਨ ਓਹੁ ਮਰੈ ਨ ਜਾਇਆ ॥੫॥੧॥੧੧॥
[ਭੈਰਉ ਮ: ੩, ਪੰਨਾ ੧੧੩੦

ਸਿਮ੍ਰਤੀਆਂ ਅਤੇ ਸ਼ਾਸਤ੍ਰਾਂ ਨੂੰ ਕਿਤਨੇ ਹੀ ਮੁਨੀ ਜਨ ਪੜ੍ਹਦੇ ਹਨ, ਪਰ ਉਨ੍ਹਾਂ ਦੀ ਮੁਕਤੀ ਕਲਿਆਣ ਕਦੇ ਨਹੀਂ ਹੁੰਦੀ । ਗੁਰੂ ਕੇ ਸ਼ਬਦ ਬਾਝੋਂ ਤਿਨ੍ਹਾਂ ਨੂੰ ਸੱਚੀ ਮੁਕਤਿ ਕਲਿਆਣ ਦੀ ਸੁਰਤ ਹੀ ਨਹੀਂ ਪੈਂਦੀ । ਇਹ ਆਨਮਤੀ ਪੁਸਤਕਾਂ ਸਭ ਤ੍ਰੈਗੁਣਾਂ ਦਾ ਹੀ ਵਿਸਥਾਰਾ ਹੈਨ, ਇਹ ਸਭੇ ਤ੍ਰੈਗੁਣ ਰੋਗਾਂ ਵਿਚ ਹੀ ਵਿਆਪੇ ਹੋਏ ਹਨ, ਸੱਚੀ ਸੂਝ ਬੂਝ ਪ੍ਰਮਾਰਥ ਦੀ ਇਨ੍ਹਾਂ ਦੀ ਗਵਾਚੀ ਹੋਈ ਹੈ । ਸਾਰਿਆਂ ਦੇ ਸਿਰ ਉਤੇ ਇਕੋ ਵਾਹਿਗੁਰੂ ਦੀ ਕਾਰ ਹੀ ਕੰਮ ਕਰ ਰਹੀ ਹੈ । ਏਸੇ ਇਕੋ ਵਾਹਿਗੁਰੂ ਨੇ ਬ੍ਰਹਮਾ ਬਿਸ਼ਨ ਮਹਾਂਦੇਵ ਆਦਿਕ ਨੂੰ ਉਪਾਇਆ ਹੋਇਆ ਹੈ । ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਇਕੋ ਵਾਹਿਗੁਰੂ ਹੀ ਸੱਚਾ ਹੈ, ਨ ਉਹ ਆਂਦਾ ਹੈ ਨਾ ਜਾਂਦਾ ਹੈ ।

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥
ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ਰਹਾਉ॥
ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥੨॥
ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥੩॥
ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡ ਪਰਾਨ ॥੪॥
ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥
੫॥੩॥ [ਭੈਰਉ ਮ: ੫, ਪੰਨਾ ੧੧੩੬

ਇਸ ਗੁਰਵਾਕ ਦੁਆਰਾ ਇਹ ਸਿਧ ਕੀਤਾ ਗਿਆ ਹੈ ਕਿ ਗੁਰਮਤਿ ਅੰਦਰ ਕੇਵਲ ਇਕੋ ਨਿਰੰਕਾਰ ਵਾਹਿਗੁਰੂ ਅਕਾਲ ਪੁਰਖ ਦੀ ਉਪਾਸ਼ਨਾ ਹੀ ਪ੍ਰਧਾਨ ਤੇ ਪਰਵਾਨ ਹੈ । ਇਸ ਤੋਂ ਬਿਨਾਂ ਗੁਰਮਤਿ ਰਹਿਣੀ ਰਖਣ ਵਾਲੇ ਗੁਰਮੁਖਿ ਜਨਾਂ ਲਈ

 www.sikhbookclub.com

ਆਨਮਤਾਂ ਦੇ ਦੱਸੇ ਹੋਏ ਕੁਮਤਿ **ਕਰਣੀਆਂ** ਵਾਲੇ ਭੇਖ ਸਭ ਨਿੰਦਤ ਹਨ। ਗੁਰਸਿਖਾਂ ਲਈ ਨਾ ਵਰਤ ਰਖਣ ਦੀ ਲੋੜ ਹੈ, ਨਾ ਹੀ ਰਮਜ਼ਾਨ ਦੇ ਮਹੀਨੇ ਦੀ ਕੈਦ ਵਿਚ ਪੈ ਕੇ ਰੋਜ਼ੇ ਰਖਣ ਦੀ ਲੋੜ ਹੈ। ਕੇਵਲ ਇਕੋ ਅਕਾਲ ਪੁਰਖ ਦੀ ਸੇਵਾ ਕਰਨੀ ਪਰਮ ਲਾਜ਼ਮੀ ਹੈ, ਜਿਸ ਦੀ ਸੇਵਾ ਅੰਤੀ ਔਸਰ ਸੇਵਨਹਾਰੇ ਲਈ ਸਹਾਈ ਹੁੰਦੀ ਹੈ। ਗੁਰਸਿੱਖਾਂ ਲਈ ਇਕੋ ਵਾਹਿਗੁਰੂ ਹੀ ਵਾਹਿਗੁਰੂ ਉਪਾਸ਼ਨਾ ਯੋਗ ਹੈ, ਨਾ ਹੀ ਹਿੰਦੂਆਂ ਦੇ ਗੁਸਾਈਂ ਨੂੰ ਮੰਨਣ ਦੀ ਲੋੜ ਹੈ ਤੇ ਨਾ ਹੀ ਮੁਸਲਮਾਨਾਂ ਦੇ ਮੰਨੇ-ਦੰਨੇ ਅਲਹ ਦੀ ਉਪਾਸ਼ਨਾ ਕਰਨ ਦੀ ਲੋੜ ਹੈ। ਹਿੰਦੂ ਤੁਰਕਾਂ ਤੇ ਦੋਹਾਂ ਮੱਤਾਂ ਆਨਮੱਤਾਂ ਤੋਂ ਗੁਰਸਿੱਖਾਂ ਨੇ ਪੱਲਾ ਛੁੜਾ ਲਿਆ ਹੈ। ਨਾ ਹੀ ਗੁਰਸਿੱਖਾਂ ਨੂੰ ਮੁਸਲਮਾਨੀ ਮਤ ਵਾਲੇ ਹਜ ਕਾਬੇ ਜਾਣ ਦੀ ਲੋੜ ਹੈ, ਨਾ ਹੀ ਹਿੰਦੂ ਮਤ ਵਾਲੇ ਤੀਰਥ ਪੂਜਾ ਦੀ ਲੋੜ ਹੈ। ਬਸ, ਇਕੋ ਅਕਾਲ ਪੁਰਖ ਦੀ ਸੇਵਾ ਉਪਾਸ਼ਨਾ ਕਰਨਾ ਹੀ ਗੁਰਸਿੱਖਾਂ ਦਾ ਪਰਮ ਧਰਮ ਹੈ। ਇਸ ਤੋਂ ਬਿਨਾਂ ਦੂਜੀ ਗੱਲ ਕਿਸੇ ਮਤ ਦੀ ਨਹੀਂ ਮੰਨੀ। ਨਾ ਹਿੰਦੂਆਂ ਵਾਲੀ ਪੂਜਾ ਕਰਨੀ ਹੈ, ਨਾ ਮੁਸਲਮਾਨਾਂ ਵਾਲੀ ਨਿਮਾਜ਼ ਗੁਜ਼ਾਰਨੀ ਹੈ। ਇਕੋ ਨਿਰੰਕਾਰ (ਵਾਹਿਗੁਰੂ) ਨੂੰ ਹਿਰਦੇ ਵਿਚ ਲੈ ਕੇ ਨਮਸਕਾਰਨ ਹੈ। ਹਿੰਦੂ ਮੁਸਲਮਾਨਾਂ ਦੋਹਾਂ ਮੱਤਾਂ ਵਾਲੀ ਕਨੌਡ ਚੁਕਵਾ ਦੇਣੀ ਹੈ। ਅਲਹ ਤੇ ਰਾਮ ਦੇ ਪ੍ਰਤਿਪਾਦਨ ਕਰਨਹਾਰਾ ਸਾਂਝਾ ਮਤ ਗੁਰਸਿਖਾਂ ਦੇ ਪਿੰਡ ਪ੍ਰਾਣ ਦਾ ਸਹਾਰਾ ਹੈ। ਕੇਵਲ ਵਾਹਿਗੁਰੂ ਨਾਮ ਦੇ ਮੰਨਣ ਵਿਚ ਹੀ ਗੁਰਮਤਿ ਮਤ ਵਾਲੀ ਉਹ ਮਨੌਤੀ ਆ ਜਾਂਦੀ ਹੈ ਜਿਸ ਦੇ ਨਿਕਟ ਮੁਸਲਮਾਨੀ ਮਤ ਦੇ ਅਲਹ ਨੂੰ ਮੰਨਣ ਵਾਲੀ ਮਨੌਤੀ ਅਤੇ ਹਿੰਦੂਆਂ ਦੇ ਰਾਮ ਨੂੰ ਮੰਨਣ ਵਾਲੀ ਮਨੌਤੀ ਸਭ ਹੇਚ ਹੈ। ਸ੍ਰੀ ਕਬੀਰ ਸਾਹਿਬ ਇਉਂ ਵਖਾਣਦੇ ਹਨ ਕਿ ਗੁਰੂ ਰੂਪੀ ਪੀਰ ਨੂੰ ਮਿਲ ਕੇ ਖ਼ਾਸ ਖ਼ਸਮ ਵਾਹਿਗੁਰੂ ਨੂੰ ਪਛਾਨਣਾ ਗੁਰਸਿੱਖਾਂ ਦਾ ਵਿਸ਼ੇਸ਼ ਧਰਮ ਹੈ।

ਪਾਥਰ ਕਉ ਬਹੁ ਨੀਰੁ ਪਵਾਇਆ ॥ ਨਹ ਭੀਗੈ ਅਧਿਕ ਸੂਕਾਇਆ ॥੨॥
ਖਟੁ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹਦਿਸ ਪਵਨੁ ਝੁਲਾਇਆ ॥੩॥੫॥

[ਭੈਰਉ ਮਹਲਾ ੫, ਪੰਨਾ ੧੧੩੭

ਆਨ ਪੂਜਾ ਗੁਰਮਤਿ ਅੰਦਰ ਖਰੀ ਦੁਹੇਲੀ ਤੇ ਨਿਸਫਲ ਗਿਣੀ ਗਈ ਹੈ। ਪੱਥਰ ਨੂੰ ਚਾਹੇ ਪਾਣੀ ਨਾਲ ਕਿਤਨੇ ਹੀ ਭੇਵੇਂ, ਉਹ ਸੁੱਕੇ ਦਾ ਸੁੱਕਾ ਹੀ ਰਹਿੰਦਾ ਹੈ, ਭਿਜਦਾ ਹੀ ਨਹੀਂ, ਤੈਸੇ ਹੀ ਪੱਥਰ ਦੀ ਪੂਜਾ ਤੋਂ ਕੁਛ ਵੀ ਪ੍ਰਾਪਤੀ ਨਹੀਂ ਹੁੰਦੀ। ਖੱਟ ਸਾਸਤ੍ਰ ਸਿਰਫ ਮੂਰਖਾਂ ਨੂੰ ਸੁਨਾਵਣ ਵਾਸਤੇ ਚਾਹੇ ਕੁਝ ਗੁਣ ਰਖਦਾ ਹੋਵੇ, ਪਰ ਗੁਣ ਕੀ ਹੋਣਾ ਸੀ, ਜਿਵੇਂ ਪੌਣ ਦਸੇ ਦਿਸ਼ਾਂ ਵਿਖੇ ਬੇਫ਼ਾਇਦਾ ਹੀ ਝੁਲਦੀ ਫਿਰਦੀ ਹੈ, ਕਿਸੇ ਦਾ ਕੁਝ ਨਹੀਂ ਸਵਾਰਦੀ, ਏਸੇ ਤਰ੍ਹਾਂ ਖਟ ਸ਼ਾਸਤ੍ਰ ਵੀ ਕੁਝ ਨਹੀਂ ਸਵਾਰਦੇ ਪੜ੍ਹਨ ਗੁਣਨਹਾਰਿਆਂ ਦਾ।

ਗੰਗਾ ਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥੧॥ਰਹਾਉ
॥੮॥ [ਭੈਰਉ ਮ: ੫, ਪੰਨਾ ੧੧੩੭

ਗੁਰਸਿੱਖਾਂ ਲਈ ਗੁਰੂ ਦਰਸਾਇਆ, ਗੁਰੂ ਦ੍ਰਿੜ੍ਹਾਇਆ ਵਾਹਿਗੁਰੂ (ਗੋਵਿੰਦ) ਨਾਮ ਹੀ ਗੰਗਾ ਜਲ ਹੈ। ਇਸ ਨਾਮ ਤੋਂ ਛੁਟ ਹੋਰ ਕਿਸੇ ਗੰਗਾ ਜਲ ਦੀ ਮਨੌਤੀ ਗੁਰਮਤਿ ਅੰਦਰ ਪ੍ਰਵਾਨ ਨਹੀਂ। ਇਸ ਵਾਹਿਗੁਰੂ ਨਾਮ ਦੇ ਸਿਮਰਿਆਂ ਹੀ ਸਿਮਰਨ-ਹਾਰੇ ਗੁਰਸਿੱਖਾਂ ਦੀ ਕਲਿਆਨ ਹੁੰਦੀ ਹੈ, ਹੋਰ ਕਲਿਆਨਕਾਰੀ ਕੋਈ ਵੀ ਆਨਮਤੀ ਸ਼ੈ ਗੁਰਸਿੱਖਾਂ ਨੂੰ ਨਹੀਂ ਪੋਹੰਦੀ। ਇਸੇ ਗੁਰਮਤਿ ਨਾਮ ਰੂਪੀ ਰਸਾਇਣ ਨੂੰ ਪੀ ਕੇ ਗੁਰਸਿੱਖਾਂ ਦਾ ਜਨਮ ਮਰਨ ਸਭ ਮਿਟ ਜਾਂਦਾ ਹੈ। ਗੰਗਾ ਜਲ ਆਦਿਕ ਪੀਣ ਦੇ ਭਰਮ ਵਿਚ ਪੈਣ ਦੀ ਗੁਰਸਿੱਖਾਂ ਨੂੰ ਲੋੜ ਹੀ ਨਹੀਂ। ਆਨਮਤੀ ਜਨ, ਜੋ ਇਸ (ਗੰਗਾ ਜਲ ਆਦਿਕ) ਨੂੰ ਵਰਤਦੇ ਹਨ, ਉਨ੍ਹਾਂ ਦਾ ਕੁਛ ਨਹੀਂ ਸੌਰਦਾ, ਐਵੇਂ ਭਰਮਾਂ ਵਿਚ ਹੀ ਪੈਂਦੇ ਹਨ।

ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥
ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥
੧॥੧੪॥ [ਭੈਰਉ ਮਹਲਾ ੫, ਪੰਨਾ ੧੧੩੯

ਇਸ ਗੁਰਵਾਕ ਦੋ-ਤੁਕੀ ਦੁਆਰਾ ਸਪੱਸ਼ਟ ਤੌਰ ਤੇ ਆਨਮਤੀ ਭੇਖਾਂ ਦਾ ਖੰਡਨ ਕੀਤਾ ਹੈ। ਆਨਮਤ ਦੇ ਹੋਮ ਕਿਰਿਆਵੀ ਸਾਧਨ ਅਤੇ ਆਨਮਤ ਦਵਾਰਾ ਕੀਤੇ ਜਗਾਂ, ਜਪ ਤਪ ਸੰਜਮਾਂ ਨੂੰ, ਸਭ ਨੂੰ ਖੰਡਿਆ ਗਿਆ ਹੈ। ਇਹ ਆਨਮਤੀ ਸਾਧਨ ਸੰਜਮ ਕੀਤੇ ਸਭ ਨਿਸਫਲ ਹੀ ਜਾਂਦੇ ਹਨ। ਇਨ੍ਹਾਂ ਦੇ ਕੀਤਿਆਂ ਸੱਚੇ ਵਾਹਿਗੁਰੂ ਦੀ ਪ੍ਰਾਪਤੀ ਹੁੰਦੀ ਹੀ ਨਹੀਂ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ੇ ਹੋਏ ਗੁਰਮਤਿ ਮਾਰਗ ਦੁਆਰਾ, ਗੁਰਮਤਿ ਨਾਮ· ਗੁਰਮੰਤ੍ਰ ਗੁਰਦੀਖਿਆ ਦੀ ਕਮਾਈ ਕੀਤਿਆਂ ਤੁਰਤ ਨਿਸਤਾਰਾ ਹੋ ਜਾਂਦਾ ਹੈ। ਜੋ ਜੋ ਗੁਰਮੁਖਿ ਜਨ ਗੁਰਮਤਿ ਮਾਰਗੀ ਹੋ ਕੇ ਸੱਚੇ ਗੁਰੂ ਨਾਨਕ ਸਾਹਿਬ ਦੀ ਸ਼ਰਨੀ ਪੈਂਦੇ ਹਨ, ਉਨ੍ਹਾਂ ਦੇ ਅੰਦਰੋਂ ਆਪਣੇ ਆਪ ਦੁਬਿਧਾ ਭਾਵ ਵਾਲਾ ਹਉਮੈ ਰੋਗ ਉੱਕਾ ਹੀ ਮਿਟ ਜਾਂਦਾ ਹੈ।

ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥
ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥੧॥
ਸੰਤ ਸੰਗਿ ਪੇਖਿਓ ਮਨ ਮਾਏਂ ॥
ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ ॥੧॥ਰਹਾਉ॥
ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ ॥
ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ ॥੨॥
ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ ॥

ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ ॥੩॥
ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥
ਜਨ ਨਾਨਕ ਤਿਨ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀ ਆਏ॥੪॥
੨॥੧੫॥ [ਭੈਰਉ ਮ: ੫, ਪੰਨਾ ੧੧੩੯

ਇਸ ਗੁਰਵਾਕ ਦੁਆਰਾ ਆਨਮਤ ਭੇਖਾਂ ਦਾ ਖੰਡਨ ਕੈਸਾ ਸਾਫ਼ ਸਪੱਸ਼ਟਾਇਆ ਗਿਆ ਹੈ, ਇਸ ਦੇ ਉਲਟ ਗੁਰਮਤਿ ਮਾਰਗ ਦਾ ਮੰਡਨ ਕਿਆ ਖ਼ੂਬ ਦ੍ਰਿੜ੍ਹਾਇਆ ਗਿਆ ਹੈ। ਯਥਾ ਵਿਆਖਿਆ—

ਜਿਨ੍ਹਾਂ ਗੁਰਮੁਖਿ ਜਨਾਂ ਨੇ ਗੁਰੂ ਘਰ ਦੀ ਸਾਧ ਸੰਗਤ ਦੇ ਤੁਫ਼ੈਲ ਮਨ ਅੰਦਰ ਹੀ ਵਾਹਿਗੁਰੂ ਨੂੰ ਪ੍ਰਗਟਾਅ ਲਿਆ ਹੈ, ਤਿਨ੍ਹਾਂ ਨੂੰ ਜਲੇ ਥਲੇ ਸਾਰੀ ਥਾਈਂ ਗ੍ਰਿਹਿ ਬਨ ਵਿਖੇ ਵਾਹਿਗੁਰੂ ਵਾਹਿਗੁਰੂ ਹੀ ਦਿਸਦਾ ਹੈ। ਨਹੀਂ ਤਾਂ ਆਨਮਤ ਭੇਖੀਆਂ ਨੂੰ ਵਾਹਿਗੁਰੂ ਕਦੇ ਕਿਤੇ ਵੀ ਦਿਖਾਈ ਨਹੀਂ ਦਿੰਦਾ; ਚਾਹੇ ਉਹ ਬਨਾਂ (ਜਗਲਾਂ) ਵਿਚ ਢੂੰਢਦੇ ਫਿਰਨ, ਚਾਹੇ ਮਨ-ਉਕਤ ਪੇਖਣੀ ਕੱਖਾਂ ਕਾਨਿਆਂ ਨੂੰ ਵੀ ਪੇਖਣ, ਚਾਹੇ ਗ੍ਰਿਹਸਤ ਵਿਚ ਵਸ ਕੇ ਦੇਖਣ, ਚਾਹੇ ਗ੍ਰਿਹਸਤੋਂ ਉਪਰਾਮ ਹੋ ਕੇ ਉਦਾਸੀ ਬਣ ਕੇ ਦੇਖਣ, ਭਾਵੇਂ ਡੰਡਾ-ਧਾਰ ਜੋਗੀ ਹੋ ਕੇ ਦੇਖਣ, ਚਾਹੇ ਜਟਾਧਾਰੀ ਹੋ ਕੇ ਭੇਖ ਵਿਚ ਭਰਮਦੇ ਫਿਰਨ। ਅੱਛੀ ਤਰ੍ਹਾਂ ਘੋਖ ਕੇ ਅਜ਼ਮਾ ਕੇ ਦੇਖਿਆ ਹੈ ਕਿ ਇਨ੍ਹਾਂ ਪਾਖੰਡ ਭੇਖ ਕੀਤਿਆਂ ਵਾਹਿਗੁਰੂ ਮਿਲਦਾ ਹੀ ਨਹੀਂ। ਆਨਮਤੀ ਵਰਤ ਨੇਮ ਤੀਰਥ ਕੀਤਿਆਂ ਭੀ ਨਹੀਂ ਮਿਲਦਾ। ਇਨ੍ਹਾਂ ਭੇਖ-ਧਾਰੀਆਂ ਦੀ ਅਜ਼ਮਾਇਸ਼ ਤ੍ਰੈ ਕਾਲ-ਦਰਸਤਾ ਦੁਆਰਾ ਗੁਰੂ ਸਾਹਿਬ ਨੇ ਖ਼ੂਬ ਅਜ਼ਮਾ ਕੇ ਕੀਤੀ ਹੈ। ਜਿਨ੍ਹਾਂ ਗੁਰਮੁਖਿ ਜਨਾਂ ਨੇ ਗੁਰੂ ਦੀ ਕਿਰਪਾ ਨਾਲ ਘਟ ਅੰਦਰ ਹੀ ਅਕਾਲ ਪੁਰਖ ਜੋਤਿ ਸਰੂਪ ਦਾ ਪਰਤੱਖ ਨਜ਼ਾਰਾ ਦੇਖਿਆ ਹੈ ਅਤੇ ਜਿਨ੍ਹਾਂ ਗੁਰਮੁਖਿ ਜਨਾਂ ਨੇ ਪੂਰਨ ਰਸ ਵਿਚ ਆ ਕੇ ਵਾਹਿਗੁਰੂ ਦੇ ਮੰਗਲ ਗੁਣ ਗਾਏ ਹਨ, ਤਿਨ੍ਹਾਂ ਨੂੰ ਅਕਾਸ਼ ਤੇ ਪਤਾਲ ਸਾਰਿਆਂ ਵਿਚ ਭਰਪੂਰ ਵਾਹਿਗੁਰੂ ਵਾਹਿਗੁਰੂ ਹੀ ਦਿਸਦਾ ਹੈ। ਤਪੀ ਤਪੀਸ਼ਰਾਂ, ਮੁਨੀ ਜਨਾਂ ਦੀ ਅੰਤਰ ਦਸ਼ਾ ਘੋਖ ਕੇ ਅਜ਼ਮਾ ਲਈ ਹੈ, ਤਿਨ੍ਹਾਂ ਭੇਖਧਾਰੀਆਂ ਪਾਖੰਡੀਆਂ ਨੂੰ ਭੀ ਅਖੰਡ ਵਾਹਿਗੁਰੂ ਦੀ ਜੋਤਿ ਨਜ਼ਰ ਨਹੀਂ ਆਉਂਦੀ। ਨਟ ਨਾਟਕ ਨ੍ਰਿਤਕਾਰੀਆਂ ਦੇ ਤਮਾਸ਼ਿਆਂ ਦੇ ਦੇਖਿਆਂ ਸੁਣਿਆਂ ਤੋਂ ਕੀ ਆਉਣੀ ਸੀ! ਚਹੁੰ ਵੇਦਾਂ ਵਿਚ ਵੀ ਅਜ਼ਮਾ ਦੇਖਿਆ ਹੈ ਕਿ ਵਾਹਿਗੁਰੂ ਦੇ ਤੱਤ ਗਿਆਨ ਦਾ ਨਮੂਦ ਮਾਤਰ ਵੀ ਨਜ਼ਰ ਨਹੀਂ ਆਉਂਦਾ, ਨਾ ਹੀ ਖਟ ਸ਼ਾਸਤ੍ਰਾਂ ਵਿਖੇ ਆਉਂਦਾ ਹੈ, ਅਠਾਰ੍ਹਾਂ ਪੁਰਾਣਾਂ ਅਤੇ ਸਿਮ੍ਰਿਤੀਆਂ ਦਾ ਵੀ ਇਹੋ ਹਾਲ ਹੈ। ਵਾਹਿਗੁਰੂ ਦੀ ਕਿਰਪਾ ਨਾਲ ਜਿਨ੍ਹਾਂ ਗੁਰਮੁਖਿ ਜਨਾਂ ਨੇ ਗੁਰਮਤਿ ਨਾਮ ਦੀਆਂ ਕਮਾਈਆਂ ਕਰ ਕੇ ਘਟ ਅੰਦਰ ਹੀ ਜੋਤੀਸ਼ ਵਾਹਿਗੁਰੂ ਦੀ ਜੋਤਿ ਨੂੰ ਪ੍ਰਜੁਲਤ ਕਰ ਲਿਆ ਹੈ, ਤਿਨ੍ਹਾਂ ਨੂੰ ਸਾਰੇ ਹੀ ਉਹ ਪਰੀਪੂਰਨ ਨਜ਼ਰ ਆਇਆ ਹੈ, ਤਿਨ੍ਹਾਂ ਦੇ ਭਾ ਦਾ ਸਾਰੀਆਂ ਆਨਮਤਾਂ ਦੀਆਂ ਪੋਥੀਆਂ ਮਿਲ

ਕੇ ਇਕੋ ਇਕ ਵਾਹਿਗੁਰੂ ਦਾ ਨਾਮ ਹੀ ਵਖਾਣਦੀਆਂ ਹਨ। ਜਦ ਇਹੋ ਹਾਲ ਹੈ ਤਾਂ ਵਾਹਿਗੁਰੂ ਕਿਸੇ ਪਾਸੋਂ ਵੀ ਲੁਕਿਆ ਹੋਇਆ ਨਹੀਂ ਕਿਹਾ ਜਾ ਸਕਦਾ। ਗੁਰੂ ਨਾਨਕ ਸਾਹਿਬ ਤਿਨ੍ਹਾਂ ਗੁਰਮੁਖਾਂ ਦੇ ਬਲਿ ਬਲਿ ਜਾਂਦੇ ਹਨ, ਜਿਨ੍ਹਾਂ ਦੇ ਘਟਾਂ ਵਿਖੇ ਵਾਹਿਗੁਰੂ ਪ੍ਰਗਟਾਇਆ ਹੈ। ਪ੍ਰਗਟੀ ਆਵਣ ਪਰ ਵੀ, ਗੁਰਮੁਖਾਂ ਦੇ ਘਟਾਂ ਅੰਦਰ ਜੋਤਿ-ਜਗੰਨੀ ਝਾਤੀ ਪੈਣ ਪਰ ਵੀ ਉਸ ਅਕਾਲ ਪੁਰਖ ਵਾਹਿਗੁਰੂ ਦੀ ਕੀਮਤ ਨਹੀਂ ਪੈ ਸਕਦੀ, ਕਿਉਂਕਿ ਉਹ ਪਰੇ ਤੋਂ ਪਰੇ ਪਾਰਬ੍ਰਹਮ ਬੇਅੰਤ ਸੁਆਮੀ ਹੈ।

ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥੪॥੧੧॥੨੪॥

[ਭੈਰਉ ਮਹਲਾ ੫, ਪੰਨਾ ੧੧੪੨

ਗੁਰੂ ਨਾਨਕ ਸਾਹਿਬ ਦੇ ਮਾਰਗ ਤੇ ਚਲਿਆਂ ਇਹ ਗੱਲ ਸਪੱਸ਼ਟ ਦੇਖੀ ਜਾਂਦੀ ਹੈ ਕਿ ਵਾਹਿਗੁਰੂ ਕਰਤਾਰ ਤੇ ਸਤਿਗੁਰੂ ਅੰਦਰ ਕੋਈ ਭੇਦ ਨਹੀਂ ਹੈ। ਇਸ ਰਮਜ਼ ਦਾ ਕੇਵਲ ਗੁਰੂ ਘਰ ਦੇ ਵਰੋਸਾਏ ਗੁਰਮੁਖਾਂ ਨੂੰ ਹੀ ਪਤਾ ਲਗਦਾ ਹੈ, ਨਹੀਂ ਤਾਂ ਆਨਮਤ, ਧਰਮ ਭੇਖ ਸਭ ਭਰਮ ਵਿਚ ਹੀ ਭੁਲੇ ਫਿਰਦੇ ਹਨ। ਗੁਰੂ ਸਾਹਿਬ ਨੇ ਇਸ ਬਾਰੇ ਸਾਰੇ ਸਿੰਮ੍ਰਿਤਿ ਬੇਦ ਪੁਰਾਨ ਸੋਧ ਸੋਧ ਕੇ ਦੇਖ ਮਾਰੇ ਹਨ।

ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥
ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥੨॥੪੫॥

[ਭੈਰਉ ਮਹਲਾ ੫, ਪੰਨਾ ੧੧੪੯

ਇਸ ਦੁਤੁਕੀ ਵਾਕ ਅੰਦਰ ਪਹਿਲੀ ਤੁਕ ਵਿਚ ਆਈ ਪੰਗਤੀ ਵਾਲੇ ਤੀਰਥ ਪਦ ਤੋਂ ਭਾਵ ਆਨਮਤੀ ਤੀਰਥਾਂ ਤੋਂ ਹੈ, ਭਾਵ ਆਨਮਤੀ ਤੀਰਥਾਂ ਵਿਖੇ ਨ੍ਹਾਤਿਆਂ ਸੁਚਮ ਕਦੇ ਨਹੀਂ ਆਉਂਦੀ, ਕਠੋਰ ਮਨ ਕਠੋਰ ਦਾ ਕਠੋਰ ਹੀ ਰਹਿੰਦਾ ਹੈ, ਤੀਰਥਾਂ 'ਤੇ ਨ੍ਹਾਉਣ ਨਾਲ ਪਵਿੱਤਰ ਨਹੀਂ ਹੋ ਸਕਦਾ, ਸੰਗਦਿਲਾਂ ਪੱਥਰ-ਸੈਲਾਂ ਅੰਦਰ ਪਵਿਤ੍ਰਤਾ ਪੁਹੰਦੀ ਹੀ ਨਹੀਂ, ਸਗੋਂ ਹੋਰ ਹਉਮੈ ਰੂਪੀ ਮੈਲ ਵਿਆਪ ਜਾਂਦੀ ਹੈ। ਆਨਮਤੀ ਕਰਮ ਭਾਵੇਂ ਕਰੋੜਾਂ ਹੀ ਕੀਤੇ ਜਾਣ, ਸਭ ਬੰਧਨ ਦਾ ਮੂਲ ਹੀ ਰਹਿੰਦੇ ਹਨ। ਵਾਹਿਗੁਰੂ-ਭਜਨ ਬਾਝੋਂ ਮਨੂਆ ਉੱਕਾ ਬੰਧਨਾਂ ਦਾ ਪੂਲਾ ਹੀ ਬਣਿਆ ਰਹਿੰਦਾ ਹੈ। ਤਾਂ ਤੇ ਆਨਮਤੀ ਕਰਮ ਸਭ ਬੰਧਨ ਦੀਆਂ ਪੰਡਾਂ ਹੀ ਹਨ, ਚਾਹੇ ਕਿਤਨੀਆਂ ਬੰਨ੍ਹ ਲਵੋ।

ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥
ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥੧॥੫੦॥

[ਭੈਰਉ ਮ: ੫, ਪੰਨਾ ੧੧੫੦

ਵਾਹਿਗੁਰੂ ਨਾਮ ਦੇ ਸਿਮਰਨ ਵਿਚ ਬੇਦ ਸ਼ਾਸਤ੍ਰ ਦਾ ਵਾਚਣਾ ਆਪੇ ਹੀ ਆ ਜਾਂਦਾ ਹੈ। ਵਾਹਿਗੁਰੂ ਨਾਮ ਅਭਿਆਸ ਕਮਾਈ ਦੀ ਐਸੀ ਸ਼ਕਤੀ ਹੈ ਕਿ ਘਟ ਘਟ ਦਾ ਭੇਦ ਆਪੇ ਜਾਣ ਲਈਦਾ ਹੈ, ਖ਼ੁਦ ਬਖ਼ੁਦ ਹੀ ਸਾਰੇ ਘਟਾਂ ਦੀ ਅੰਤਰਗਤੀ ਦਾ

ਦਾਨੀ ਬਣ ਜਾਈਦਾ ਹੈ । ਰੂਪ ਵਾਲੀਆਂ ਵਸਤੂਆਂ ਦਾ ਜੋ ਵਾਹਿਗੁਰੂ ਮਾਲਕ ਹੈ, ਉਹ ਆਪ ਪ੍ਰਕਾਸ਼ ਰੂਪ ਹੈ, ਉਸ ਦਾ ਕੋਈ ਮਾਦੀ ਸਰੂਪ ਨਹੀਂ ।

ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥
ਐਸੋ ਧਣੀ ਗੁਵਿੰਦੁ ਹਮਾਰਾ॥ਬਰਨਿ ਨ ਸਾਕਉ ਗੁਣ ਬਿਸਥਾਰਾ॥੧॥ਰਹਾਉ॥...
ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੋੁਨਿ ਮਹਿ ਰਹਤੇ ॥੭॥
ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥
ਜਤ ਕਤ ਦੇਖਉ ਤੇਰਾ ਵਾਸਾ॥ਨਾਨਕ ਕਉ ਗੁਰਿ ਕੀਓ ਪ੍ਰਗਾਸਾ॥੮॥੨॥੫॥
[ਭੈਰਉ ਮ: ੫, ਪੰਨਾ ੧੧੫੬-੫੭

ਇਸ ਗੁਰਵਾਕ ਦੁਆਰਾ ਇਹ ਗੱਲ ਸਪੱਸ਼ਟ ਸਿਧ ਹੁੰਦੀ ਹੈ ਕਿ ਗੁਰਮਤਿ ਅਨੁਸਾਰ ਇਕੋ ਨਿਰੰਕਾਰ ਵਾਹਿਗੁਰੂ ਦੀ ਉਪਾਸ਼ਨਾ ਵਾਲਾ ਸਿਧਾਂਤ ਮੰਡਨ ਰੂਪ ਹੈ, ਹੋਰ ਆਨਮਤ ਦੇ ਦਰਸਾਏ ਦੇਵਤੇ ਚਾਹੇ ਕੋਟਾਨ ਕੋਟ ਹੋਣ, ਸਭ ਵਾਹਿਗੁਰੂ ਨਿਰੰਕਾਰ ਸਿਰਜਨਹਾਰ ਦੀ ਰਚੀ ਰਚਨਾ ਦੇ ਰਚਿਤ ਜੀਵ ਹੀ ਹਨ, ਜਿਨ੍ਹਾਂ ਦੀ ਉਪਾਸ਼ਨਾ ਆਨਮਤੀ ਭੇਖੀ ਪੁਰਸ਼ ਕਰਦੇ ਹਨ, ਸੋ ਸਭ ਖੰਡਨ ਰੂਪ ਹੈ । ਯਥਾ ਵਿਆਖਿਆ—

ਜਿਸ ਵਿਸ਼ਨੂੰ ਦੇਵਤਾ ਦੀ ਉਪਾਸ਼ਨਾ ਆਨਮਤੀ ਜਨ ਮੁਖ ਰਖ ਕੇ ਕਰਦੇ ਹਨ, ਅਜਿਹੇ ਅਨੇਕਾਂ ਤੇ ਕ੍ਰੋੜਾਂ ਵਿਸ਼ਨੂੰ ਹਨ, ਜੋ ਕਰਤਾਰ ਵਾਹਿਗੁਰੂ ਦੀ ਕਾਇਨਾਤ ਦੇ ਅਧੀਨ ਅਵਤਾਰ ਧਾਰਦੇ ਫਿਰਦੇ ਹਨ । ਅਕਾਲ ਪੁਰਖ ਵਾਹਿਗੁਰੂ ਕਰਤਾਰ ਦੇ ਰਚੇ ਹੋਏ ਕੋਟਾਨ ਕੋਟ ਬ੍ਰਹਮੰਡ ਹਨ । ਜਿਥੇ ਕੋਟਾਨ ਕੋਟ ਧਰਮ ਕਮਾਉਣ ਦੀਆਂ ਥਾਵਾਂ ਰਚੀਆਂ ਹੋਈਆਂ ਹਨ । ਆਨਮਤੀ ਲੋਕ ਇਕ ਮਹੇਸ਼ਰ (ਮਹਾਂਦੇਵ) ਦੀ ਉਪਾਸ਼ਨਾ ਵਿਚ ਲੰਪਾਇਮਾਨ ਹੋਣ ਨੂੰ ਹੀ ਆਪਣੇ ਧਰਮੀ ਹੋਣ ਦਾ ਬੜਾ ਫ਼ਖ਼ਰ ਸਮਝਦੇ ਹਨ, ਪ੍ਰੰਤੂ ਗੁਰੂ ਕਰਤਾਰ ਸਿਰਜਨਹਾਰ ਵਾਹਿਗੁਰੂ ਦੇ ਉਪਾਏ ਹੋਏ ਕ੍ਰੋੜਾਂ ਹੀ ਮਹੇਸ਼ਰ ਹਨ, ਜਿਨ੍ਹਾਂ ਨੂੰ ਪੈਦਾ ਕਰ ਕੇ ਵਾਹਿਗੁਰੂ ਅਕਾਲ ਪੁਰਖ ਫਿਰ ਖੈ ਕਰ ਲੈਂਦਾ ਹੈ । ਹਿੰਦੂ ਲੋਕ ਇਕੋ ਬ੍ਰਹਮਾ ਦੀ ਪੂਜਾ ਨੂੰ ਮੁਖ ਰਖਦੇ ਹੋਏ ਧਰਮੀ ਬਣੇ ਫਿਰਦੇ ਹਨ, ਪਰ ਸਾਡੇ ਅਕਾਲ ਪੁਰਖ ਵਾਹਿਗੁਰੂ ਦੀ ਰਚਨਾ ਅੰਦਰ ਇੱਕ ਨਹੀਂ, ਕ੍ਰੋੜਾਂ ਹੀ ਬ੍ਰਹਮੇ ਰਚੇ ਹੋਏ ਹਨ, ਜੋ ਸ੍ਰਿਸ਼ਟੀ ਰਚਣ ਦੇ ਧੰਧੇ ਲਾਏ ਰਖੇ ਹਨ । ਐਸਾ ਹੈ ਸਭਨਾਂ ਦਾ ਮਾਲਕ ਗੁਰੂ ਗੋਬਿੰਦ, ਵਾਹਿਗੁਰੂ ਅਕਾਲ ਪੁਰਖ ਸਿਰਜਨਹਾਰ, ਜੋ ਸਭਨਾਂ ਦੇਵਤਿਆਂ ਦਾ ਸ਼੍ਰੋਮਣੀ ਅਤੇ ਮੁਖੀ ਹੈ, ਜਿਸ ਦੇ ਗੁਣਾਂ ਦਾ ਵਿਸਥਾਰ ਵਰਨਣ ਹੀ ਨਹੀਂ ਹੋ ਸਕਦਾ ।

ਉਸ ਵਡੇ ਸਿਰਜਨਹਾਰ ਕਰਤਾਰ ਦੀ ਰਚਨਾ ਵਿਚ ਕ੍ਰੋੜਾਂ ਹੀ ਤਪੀਸ਼ਰ ਤਪ ਕਰ ਰਹੇ ਹਨ, ਉਹ ਸਭ ਆਨਮਤ ਦਾ ਮਨੋ ਮਨੀ ਹੀ ਤਪ ਕਰਦੇ ਹਨ, ਕ੍ਰੋੜਾਂ ਹੀ ਮੁਨੀ ਜਨ ਮੁਨੀਸ਼ਰ ਹਨ ਜੋ ਆਪਣੀ ਮਤਿ ਮਨਮਤਿ ਦਾ ਉਪਾਇਆ ਹੋਇਆ ਮੋਨ

ਹੀ ਸਾਧਦੇ ਹਨ, ਪਰ ਉਹ ਅਗਮ ਅਗੋਚਰ ਅਵਿਗਤ ਸੁਆਮੀ ਇਨ੍ਹਾਂ ਸਭਨਾਂ ਦਾ ਰਚਨਹਾਰ, ਸਭ ਤੋਂ ਵਿਲੱਖਣ ਤੇ ਨਿਰਾਲਾ ਹੀ ਰਹਿ ਜਾਂਦਾ ਹੈ। ਉਹ ਸਾਰਿਆਂ ਘਟਾਂ ਵਿਚ ਪੂਰ ਰਹਿਆ ਹੈ, ਸਭ ਦਾ ਅੰਤਰਯਾਮੀ ਹੈ। ਵਾਹਿਗੁਰੂ ਦੇ ਵਰੋਸਾਏ ਗੁਰਮੁਖਿ ਜਨ, ਜਿਨ੍ਹਾਂ ਨੂੰ ਗੁਰ ਨਾਨਕ ਦੇ ਦਵਾਰਿਓਂ, ਗੁਰੂ ਘਰ ਤੋਂ ਸੱਚਾ ਆਤਮ-ਤਪ-ਗਿਆਨ ਪ੍ਰਗਾਸ ਹੋਇਆ ਹੈ, ਉਹ ਸਾਰੇ ਹੀ ਇਕੋ ਵਾਹਿਗੁਰੂ ਨੂੰ ਪਰੀਪੂਰਨ ਵਸਿਆ ਹੋਇਆ ਪਰਤੱਖ ਪੇਖਦੇ ਹਨ।

ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥੧॥
ਮੈਲਾ ਮਲਤਾ ਇਹੁ ਸੰਸਾਰੁ ॥
ਇਕੁ ਹਰਿ ਨਿਰਮਲੁ ਜਾ ਕਾ ਅੰਤੁ ਨ ਪਾਰੁ ॥੧॥ਰਹਾਉ॥੩॥
[ਭੈਰਉ ਕਬੀਰ ਜੀਉ, ਪੰਨਾ ੧੧੫੮

ਹਿੰਦੂਆਂ ਦੇ ਮੰਨੇ ਪ੍ਰਮੰਨੇ ਦੇਵਤੇ ਸਭ ਮੈਲੋ ਮੈਲ ਹੀ ਭਰੇ ਸਿਧ ਕੀਤੇ ਗਏ ਹਨ, ਤਿਨ੍ਹਾਂ ਦੀ ਉਪਾਸ਼ਨਾ ਕਰਨ ਵਾਲੇ ਭੀ ਮਲੀਨ ਹੀ ਰਹਿੰਦੇ ਹਨ। ਯਥਾ ਵਿਆਖਿਆ—

ਹਿੰਦੂਆਂ ਦਾ ਮੰਨਿਆ ਪ੍ਰਮੰਨਿਆ ਦੇਵਤਾ ਬ੍ਰਹਮਾ ਵੀ ਮੈਲਾ (ਅਪਵਿੱਤਰ) ਹੈ, ਤਿਨ੍ਹਾਂ ਦਾ ਇੰਦਰ ਦੇਵਤਾ ਵੀ ਮਲੀਨ ਹੀ ਹੈ। ਭੇਖੀ ਆਨਮਤੀ ਜਨ ਸੂਰਜ ਤੇ ਚੰਨ ਨੂੰ ਵੀ ਦੇਵਤੇ ਸਮਝ ਕੇ ਪੂਜਦੇ ਹਨ, ਗੁਰਮਤਿ ਅਨੁਸਾਰ ਸੂਰਜ (ਰਵਿ) ਵੀ ਮੈਲਾ ਹੈ ਅਤੇ ਚੰਦਰਮਾ ਵੀ ਮੈਲਾ ਹੈ।

ਇਹ ਸਾਰਾ ਰਚਿਆ ਹੋਇਆ ਸੰਸਾਰ ਹੀ ਮੈਲਾ ਤੇ ਮਲੀਨ ਹੈ। ਇਕ ਵਾਹਿਗੁਰੂ ਸਿਰਜਨਹਾਰ ਕਰਤਾਰ ਹੀ ਮੈਲ ਤੋਂ ਰਹਿਤ ਹੈ, ਜਿਸ ਦਾ ਪਾਰਾਵਾਰ ਅੰਤ ਨਹੀਂ ਪਾਇਆ ਜਾ ਸਕਦਾ।

ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥੧॥...
ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥੩॥
ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥ ਆਪੁ ਖੋਜਿ ਖੋਜਿ ਮਿਲੇ ਕਬੀਰਾ॥੪॥
੭॥ [ਭੈਰਉ ਕਬੀਰ ਜੀਉ, ਪੰਨਾ ੧੧੫੮-੫੯

ਇਸ ਗੁਰਵਾਕ ਦੀਆਂ ਇਨ੍ਹਾਂ ਤੁਕਾਂ ਅੰਦਰ ਸਾਫ਼ ਤੌਰ ਤੇ ਹਿੰਦੂ ਤੁਰਕ ਦੋਹਾਂ ਮੱਤਾਂ ਦਾ ਖੰਡਨ ਕੀਤਾ ਗਿਆ ਹੈ। "ਪੰਡਿਤ ਮੁਲਾਂ ਛਾਡੇ ਦੋਊ" ਵਾਲੀ ਗੁਰਵਾਕ-ਪੰਗਤੀ ਸਾਫ਼ ਸਿਧ ਕਰਦੀ ਹੈ ਕਿ ਗੁਰਮਤਿ ਦੇ ਤੱਤ ਜਾਣੂਆਂ ਗੁਰਮੁਖਿ ਜਨਾਂ ਨੇ ਹਿੰਦੂ ਮੱਤ ਦੇ ਮੁਖ ਪ੍ਰਚਾਰਕਾਂ ਪੰਡਿਤਾਂ ਨੂੰ ਤੇ ਮੁਸਲਮਾਨੀ ਮਤ ਦੇ ਮੋਹਰੀਆਂ ਮੁਲਾਣਿਆਂ ਨੂੰ ਛੁਟੜ ਸਮਝ ਕੇ ਧੱਕ ਦਿਤਾ ਹੈ ਤੇ ਝਗੜਾ ਮੁਕਾ ਦਿਤਾ ਹੈ। ਗੁਰਮਤਿ ਅਨੁਸਾਰ ਨ ਮੁਸਲਮਾਨੀ ਮਤ ਦੀ ਉਪਾਸ਼ਨਾ ਸਿਧ ਹੈ, ਨ ਹੀ ਹਿੰਦਵੈਣੀ ਮੱਤ ਦੀ ਸਿਖਿਆ ਮੰਨੀ ਗਈ ਹੈ। ਬਲਕਿ ਹਿੰਦੂ ਮੁਸਲਮਾਨਾਂ ਆਗੂਆਂ ਨੇ ਜੋ ਕੁਛ ਲੋਕਾਂ ਦੀ

ਅਗਵਾਈ ਲਈ ਲਿਖਿਆ ਸੀ, ਅਰਥਾਤ, ਉਨ੍ਹਾਂ ਦੀਆਂ ਯਵਨੀ ਮਤ ਦੀਆਂ ਤੇ ਹਿੰਦਵਾਣੀ ਮਤ ਦੀਆਂ ਪੁਸਤਕਾਂ ਅੰਦਰ ਜੋ ਕੁਛ ਲਿਖਿਆ ਗਿਆ ਹੈ, ਉਨ੍ਹਾਂ ਵਿਚੋਂ ਗੁਰ ਨਾਨਕ ਘਰ ਦੇ ਉਪਾਸ਼ਕਾਂ ਗੁਰਮੁਖਿ ਜਨਾਂ ਨੇ ਕੁਛ ਵੀ ਨਹੀਂ ਲਿਆ, ਉਨ੍ਹਾਂ ਦੇ ਮਤ ਦੀ ਕੋਈ ਗੱਲ ਵੀ ਧਾਰਨ ਨਹੀਂ ਕੀਤੀ, ਸਭ ਕੁਛ ਫ਼ਾਲਤੂ ਸਮਝ ਕੇ ਛਡ ਦਿਤਾ ਹੈ। ਕੇਵਲ ਗੁਰਮੁਖਿ ਜਨਾਂ ਦੇ ਹਿਰਦੇ ਅੰਦਰ ਹੀ ਸੱਚੀ ਪਵਿੱਤਰਤਾ ਮਈ ਖੁਲਾਸਾ-ਪਨ ਪ੍ਰਜੁਲਤ ਹੁੰਦਾ ਹੈ ਅਤੇ ਹਿਰਦੇ ਅੰਦਰ ਹੀ ਵਾਹਿਗੁਰੂ ਸਭ ਤੋਂ ਵਡੇ ਮੀਰ ਸੁਲਤਾਨ ਨੂੰ ਉਹ ਨਿਰਖ ਨਿਰਖ ਕੇ ਅਨੰਦ ਰਹਿੰਦੇ ਹਨ, ਵਾਹਿਗੁਰੂ ਨਾਮ ਗੁਰਮੰਤਰ ਦੀ ਅਭਿਆਸ ਕਮਾਈ ਦੀ ਬਰਕਤ ਨਾਲ ਅੰਦਰੋਂ ਹੀ ਖੋਜ ਖੋਜ ਵਾਹਿਗੁਰੂ ਨੂੰ ਮਿਲੇ ਹਨ। ਇਹ ਕਬੀਰ ਸਾਹਿਬ ਦਾ ਸੱਚਾ ਸਿਧਾਂਤ ਹੈ, ਜੋ ਐਨ ਗੁਰਮਤਿ ਅਨਕੂਲ ਸਿਧਾਂਤ ਹੈ।

ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥
ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥੧॥
ਜਉ ਜਾਚਉ ਤਉ ਕੇਵਲ ਰਾਮ॥ਆਨ ਦੇਵ ਸਿਉ ਨਾਹੀ ਕਾਮ॥੧॥ਰਹਾਉ॥
੨੦॥ [ਭੈਰਉ ਕਬੀਰ ਜੀਉ, ਪੰਨਾ ੧੧੬੨

ਹਿੰਦੂ ਮਤ ਵਾਲੇ ਤਾਂ ਇਕੋ ਸੂਰਜ ਦੇਵਤਾ ਦੀ ਉਪਾਸ਼ਨਾ ਨੂੰ ਲਈ ਫਿਰਦੇ ਹਨ। ਵਾਹਿਗੁਰੂ ਅਗਮ ਅਗੋਚਰ ਪਾਰਬ੍ਰਹਮ ਦੀ ਕਾਇਨਾਤ ਅੰਦਰ ਕ੍ਰੋੜਾਂ ਸੂਰਜ ਪ੍ਰਕਾਸ਼ਤ ਹਨ। ਹਿੰਦੂ ਆਨਮਤੀ ਲੋਕ ਤਾਂ ਇਕੋ ਮਹਾਂਦੇਵ ਦੀ ਉਪਾਸ਼ਨਾ ਸਿਧ ਰਖਦੇ ਹਨ ਅਤੇ ਇਕੋ ਕੈਲਾਸ਼ ਪਰਬਤ ਨੂੰ ਮੰਨਦੇ ਹਨ, ਗੁਰਮਤਿ ਅਨੁਸਾਰ ਕ੍ਰੋੜਾਂ ਹੀ ਮਹਾਂਦੇਵ ਅਤੇ ਕ੍ਰੋੜਾਂ ਹੀ ਕੈਲਾਸ਼ ਪਰਬਤ ਸਿਧ ਹਨ। ਹਿੰਦਵੈਣੀ ਮਤ ਅੰਦਰ ਇਕੋ ਦੁਰਗਾ ਦੇਵੀ ਦੀ ਉਪਾਸ਼ਨਾ ਸਿਧ ਕਰ ਕੇ ਮੰਨੀ ਗਈ ਹੈ, ਗੁਰਮਤਿ ਅੰਦਰ ਇਹ ਦਰਸਾਇਆ ਗਿਆ ਹੈ ਕਿ ਕ੍ਰੋੜਾਂ ਹੀ ਦੇਵੀਆਂ ਦੁਰਗਾਵਾਂ ਵਾਹਿਗੁਰੂ ਅਕਾਲ ਪੁਰਖ ਦੇ ਚਰਨਾਂ ਨੂੰ ਝੱਸਣ ਵਾਲੀਆਂ ਹਨ ਅਤੇ ਕ੍ਰੋੜਾਂ ਹੀ ਬ੍ਰਹਮੇ ਕ੍ਰੋੜਾਂ ਬੇਦਾਂ ਨੂੰ ਉਚਾਰਨਹਾਰੇ ਹਨ। ਇਥੇ ਇਕ ਬ੍ਰਹਮਾ ਤੇ ਚਾਰ ਵੇਦਾਂ ਦਾ ਕੀ ਲੇਖਾ ਹੈ, ਜਿਸ ਨੂੰ ਕਿ ਹਿੰਦਵੈਣੀ ਮਤ ਵਾਲੇ ਬੜੇ ਫ਼ਖ਼ਰ ਨਾਲ ਪੂਜਿਆ ਲੋੜਦੇ ਹਨ। ਗੁਰਮਤਿ ਅੰਦਰ ਤਾਂ ਕੇਵਲ ਇਕੋ ਰਮਤ ਰਾਮ ਵਾਹਿਗੁਰੂ ਦੀ ਯਾਚਨਾ ਦਾ ਸਿਧਾਂਤ ਪ੍ਰਸਿੱਧ ਹੈ, ਹੋਰ ਦੇਵਤਿਆਂ ਦੀ ਉਪਾਸ਼ਨਾ ਦਾ ਗੁਰਮਤਿ ਅੰਦਰ ਕੋਈ ਕੰਮ ਹੀ ਨਹੀਂ।

ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ॥
ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥੨॥
ਕਾਜੀ ਮੁਲਾਂ ਹੋਵਹਿ ਸੇਖ ॥ ਜੋਗੀ ਜੰਗਮ ਭਗਵੇ ਭੇਖ ॥
ਕੋ ਗਿਰਹੀ ਕਰਮਾ ਕੀ ਸੰਧਿ ॥ ਬਿਨੁ ਬੂਝੇ ਸਭ ਖੜੀਅਸਿ ਬੰਧਿ ॥੩॥੩॥
[ਬਸੰਤੁ ਮ: ੧, ਪੰਨਾ ੧੧੬੯

ਭਾਵੇਂ ਅਠਾਰ੍ਹਾਂ ਪੁਰਾਨ ਪਾਸ ਲਿਖੇ ਧਰੇ ਹੋਵਣ, ਚਾਰੇ ਬੇਦ ਮੂੰਹ-ਜ਼ਬਾਨੀ ਕੰਠ ਹੋਵਣ, ਚਾਹੇ ਖ਼ਾਸ ਪੁਰਬਾਂ (ਤਿਉਹਾਰਾਂ) ਉਤੇ ਸਾਰੇ ਤੀਰਥਾਂ ਤੇ ਨਹਾਉਂਦਾ ਫਿਰੇ, ਖਤਰੀ ਬ੍ਰਾਹਮਣਾਂ ਆਦਿ ਵਖੋ ਵਖਰਾ ਵਰਨਾਂ ਲਈ ਜੋ ਦਾਨ ਲਿਖਿਆ ਹੈ ਉਸ ਵਿਧੀ ਅਨੁਸਾਰ ਭਾਵੇਂ ਕਿੰਨੇ ਦਾਨ ਕਰਦਾ ਫਿਰੇ, ਅਤੇ ਦਿਨੇ ਰਾਤ ਵਰਤ ਨੇਮ ਵਾਲੇ ਭੇਖ ਧਾਰਦਾ ਫਿਰੇ; ਭਾਵੇਂ ਕਾਜ਼ੀ, ਮੁਲਾਂ, ਸ਼ੇਖ ਹੋਣ ਦੀ ਧਤ ਪਈ ਹੋਵੇ, ਅਤੇ ਭਗਵੇ ਭੇਸ ਵਾਲਾ ਕਿਤਨੇ ਹੀ ਜੋਗੀ ਜੰਗਮ ਭੇਖਧਾਰੀ ਬਣਿਆ ਫਿਰੇ। ਕਈ ਗ੍ਰਿਹਸਤੀ ਕਰਮ-ਕਾਂਡੀ ਬਣਨ ਦਾ ਮਾਣ ਲਈ ਫਿਰਦੇ ਹਨ। ਇਹ ਉਪਰਲੇ ਭੇਖਧਾਰੀ ਸਾਰੇ ਹੀ ਵਾਹਿਗੁਰੂ ਗੁਰਮਤਿ ਨਾਮ ਨੂੰ ਬੁਝੇ ਦੇ ਬਿਨਾਂ ਬੰਨ੍ਹ ਕੇ ਖੜੇ ਜਾਣਗੇ (ਲਿਜਾਏ ਜਾਣਗੇ)।

ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾ ਧਾਰਿ ਕਿਆ ਕਮਾਵੈ ਜੋਗੁ ॥...੧॥...
ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜ੍ਹਹਿ ਪੁਰਾਣ ॥
ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥੨॥
ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥
ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥੩॥...
ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥
ਨਾਨਕ ਮਿਲੀਐ ਸਤਿਗੁਰ ਸੰਗ ॥ ਤਉ ਭਵਜਲ ਕੇ ਤੂਟਸਿ ਬੰਧ ॥੫॥੪॥

[ਬਸੰਤੁ ਮ: ੩, ਪੰਨਾ ੧੧੬੯

ਵਿਆਖਿਆ—ਬਹੁਤ ਸਾਰੇ ਭੇਖੀ ਲੋਕ ਸਾਰੇ ਕਪੜੇ ਲਾਹ ਕੇ ਨਾਂਗੇ ਰਹਿੰਦੇ ਹਨ, ਆਪਣੇ ਆਪ ਨੂੰ ਨਾਂਗੇ ਸਾਧੂ ਅਖਵਾਉਂਦੇ ਹਨ। ਉਹ ਬਹੁਤ ਸਾਰੇ ਭੇਖੀ ਲੰਮੀਆਂ ਲਮੀਆਂ ਜਟਾਂ ਵਧਾ ਕੇ ਜੋਗ ਕਮਾਉਂਦੇ ਹਨ ਅਤੇ ਬਹੁਤ ਸਾਰੇ ਆਨਮਤੀ ਭੇਖੀ ਜਨ ਸਿਮ੍ਰਿਤੀਆਂ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਲੋਕਾਂ ਤਾਈਂ ਸੁਣਾਉਂਦੇ ਹਨ। ਐਸੇ ਭੇਖੀ ਵੀ ਹਨ, ਜੋ ਉਚੀ ਉਚੀ ਕੂਕਣ ਨੂੰ ਨਾਦੀ ਪੰਥ ਦੇ ਬਕਤੇ ਆਪਣੇ ਆਪ ਨੂੰ ਅਖਵਾਉਂਦੇ ਹਨ। ਬੇਦਾਂ ਨੂੰ ਪੜ੍ਹਨ ਵਾਲੇ ਬੇਦੀ ਕਹਾਉਂਦੇ ਹਨ, ਬੇਦਾਂ ਪੁਰਾਨਾਂ ਨੂੰ ਪੜ੍ਹਨ ਵਾਲੇ ਬਥੇਰੇ ਫਿਰਦੇ ਹਨ। ਪ੍ਰੰਤੂ ਇਹ ਭੇਖੀ ਲੋਕ ਦੰਭ (ਪਾਖੰਡ) ਦਿਖਾਇ ਕੇ ਲੋਕਾਂ ਨੂੰ ਰੀਝਾਉਂਦੇ ਹਨ ਤੇ ਮਨ ਅੰਦਰ ਕਪਟ ਕਮਾਉਂਦੇ ਹਨ। ਅਜਿਹੇ ਪਾਖੰਡੀਆਂ, ਭੇਖੀਆਂ ਦੇ ਨੇੜੇ ਵਾਹਿਗੁਰੂ ਨਹੀਂ ਢੁਕਦਾ। ਕਈ ਇੰਦ੍ਰੀਆਂ ਨੂੰ ਵਸਗਤਿ ਕਰਨ ਦਾ ਸਾਧਨ ਕਰਨ ਵਾਲੇ ਭੇਖੀ ਦੇਖੀਦੇ ਹਨ ਤੇ ਇਸ ਨਮਿਤ ਖ਼ਾਸ ਕ੍ਰਿਆ ਵਾਲਾ ਕਪਟ ਕਮਾਉਂਦੇ ਹਨ। ਖ਼ਾਸ ਪੂਜਾ ਹੀ ਆਪਣਾ ਪਾਖੰਡ ਭੇਖ ਦਿਖਾਉਣ ਲਈ ਕਰਦੇ ਹਨ, ਉਨ੍ਹਾਂ ਦੇ ਅੰਤਰ-ਆਤਮੇ ਲੋਭ ਵਸਿਆ ਹੁੰਦਾ ਹੈ, ਮਨ ਉਨ੍ਹਾਂ ਦਾ ਅੰਤਰਗਤੀ ਬਿਖਿਆ ਦਾ ਗ੍ਰਸਿਆ ਹੋਇਆ ਹੁੰਦਾ ਹੈ। ਐਸੇ ਭੇਖੀ ਲੋਕ ਵਾਹਿਗੁਰੂ ਨਿਰੰਜਨ ਪਰਮਾਤਮਾ ਨੂੰ ਕੈਸੇ ਪਾ ਸਕਦੇ ਹਨ। ਜਿਸ ਦਾ ਜੀਵ-

ਆਤਮਾ ਅਤੇ ਅੰਦਰਲਾ ਹਿਰਦਾ ਕਪਟ ਪਾਖੰਡ ਨਾਲ ਮੈਲਾ ਹੋਇਆ ਹੋਇਆ ਹੋਵੇ, ਉਹ ਚਾਹੇ ਸਾਰੇ ਦੇਸਾਂਤਰਾਂ ਅਤੇ ਲੋਆਂ ਅੰਦਰ ਭੌਂਦਾ ਫਿਰੇ ਅਤੇ ਸਾਰੇ ਤੀਰਥ ਕਰਦਾ ਫਿਰੇ, ਉਸ ਦਾ ਕੁਛ ਨਹੀਂ ਬਣਦਾ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਤਿਗੁਰੂ ਸੰਗ ਮਿਲਿਆਂ ਹੀ ਭਉਜਲ ਦੇ ਬੰਧ ਟੁਟਦੇ ਹਨ ਅਤੇ ਪਾਖੰਡ ਦੂਰ ਹੁੰਦੇ ਹਨ।

ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥
ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥੨॥੧੨॥
[ਬਸੰਤੁ ਮ: ੩, ਪੰਨਾ ੧੧੭੬

ਜੋ ਲੋਕ ਭਗਵਾ ਭੇਸ ਕਰਕੇ ਗੇਰੂ ਨਾਲ ਕਪੜੇ ਰੰਗ ਲੈਂਦੇ ਹਨ ਅਤੇ ਆਪਣੇ ਆਪ ਨੂੰ ਭੇਖੀ ਉਦਾਸੀ ਸਾਧੂ ਕਹਾਉਂਦੇ ਹਨ, ਐਸੀ ਭਰਮ ਭੇਖਿ ਕ੍ਰਿਆ ਨਾਲ ਉਨ੍ਹਾਂ ਦੀ ਮੁਕਤਿ ਕਲਿਆਣ ਕਦੇ ਨਹੀਂ ਹੁੰਦੀ, ਚਾਹੇ ਕਿਤਨੇ ਵੀ ਸੰਜਮ ਕਰਦੇ ਫਿਰਨ, ਪਰ ਕਿਸੇ ਨੂੰ ਵੀ ਸੱਚੀ ਸ਼ਾਂਤਿ ਪ੍ਰਾਪਤ ਨਹੀਂ ਹੁੰਦੀ। ਜਿਨ੍ਹਾਂ ਵਡਭਾਗੇ ਗੁਰਮੁਖਿ ਜਨਾਂ ਨੂੰ ਗੁਰਮਤਿ ਨਾਮ ਪ੍ਰਾਪਤ ਹੋ ਜਾਂਦਾ ਹੈ, ਉਹੀ ਵਡਭਾਗੀ ਹਨ। ਭੇਖੀਆਂ ਭਰਮੀਆਂ ਨੂੰ ਕਦੇ ਨਹੀਂ ਹੋ ਸਕਦੀ।

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ ॥
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥
ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮਾਰੀ ॥੧॥ਰਹਾਉ॥
ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥
ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥੨॥
ਨਾ ਸਾਬੂਰੁ ਹੋਵੈ ਫਿਰਿ ਮੰਗੈ ਨਾਰਦੁ ਕਰੇ ਖੁਆਰੀ ॥
ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ ॥੩॥
ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁਟਵਾਰੀ ॥
ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮ੍ਾਰੀ ॥੪॥
ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥
ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥੫॥
ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥
ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥੬॥
ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥
ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਾਰੀ ॥੭॥
ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥
ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਾਲੀ ॥੮॥੧॥੮॥
[ਬਸੰਤੁ ਹਿੰਡੋਲੁ ਮ: ੧, ਪੰਨਾ ੧੧੯੦

ਵਿਆਖਿਆ—ਵਾਹਿਗੁਰੂ ਨਿਰੰਕਾਰ ਸਿਰਜਨਹਾਰ ਨੇ ਆਪਣੀ ਨਾਨਾ ਪ੍ਰਕਾਰੀ ਰਚਨਾ ਰਚੀ। ਨੌ ਖੰਡ ਰਚੇ, ਸਤ ਦੀਪ ਰਚੇ, ਚੌਦਾਂ ਭਵਨ ਰਚੇ, ਤੀਨ ਲੋਕ ਰਚੇ, ਚਾਰੇ ਜੁਗ ਕਰ ਕੇ ਸਭ ਨੂੰ ਥਾਉਂ ਥਾਈਂ ਬਿਠਾ ਦਿਤਾ। ਚਹੁੰਆਂ ਜੁਗਾਂ ਵਿਚ ਆਪਣੀ ਆਪਣੀ ਵਾਰੀ ਚਾਰੇ ਵੇਦ ਸੰਸਾਰ ਨੂੰ ਗਿਆਨ ਦੇਣ ਲਈ ਦੀਵੇ ਬਣਾਏ, ਪਰ ਉਹ ਅਗਿਆਨ ਵਿਚ ਹੀ ਰੁੜ੍ਹ ਗਏ। ਮਿਹਰਵਾਨ ਮਧੁਸੂਦਨ ਮਾਧੋ ਵਾਹਿਗੁਰੂ ਨੇ ਐਸੀ ਚਲਤ ਸ਼ਕਤੀ ਵਰਤਾਈ ਕਿ ਘਰ ਘਰ ਅੰਦਰ ਲੜਾਈ ਰੂਪੀ ਅਗਨੀ ਐਸੀ ਭੜਕਾਈ ਕਿ ਹਰੇਕ ਰਚਿਆ ਹੋਇਆ ਜੀਵ ਆਪੋ ਆਪਣੀ ਸਿਕਦਾਰੀ (ਸਰਦਾਰੀ) ਚਲਾਉਣ ਲਈ ਆਪੋ ਆਪਣਾ ਧਰਮ ਥਾਪ ਬੈਠਾ। ਤੇ ਹੇ ਕਰਤਾਰ! ਤੈਂ ਸਾਰੀ ਧਰਤੀ ਰੂਪੀ ਦੇਗ ਐਸੀ ਚਲਾਈ ਕਿ ਸਭ ਜੀਅ-ਜੰਤ ਨੂੰ ਆਪੋ ਆਪਣਾ ਛਾਂਦਾ ਵਰਤਿਆ ਵਰਤਾਇਆ ਮਿਲ ਗਿਆ, ਪਰ ਇਹ ਬਪੁੜਾ ਜੀਵ ਨਾਸ਼ੁਕਰਾ ਤੇ ਬੇਸਬਰਾ ਹੋ ਕੇ ਫੇਰ ਫੇਰ ਮੰਗਦਾ ਹੈ। ਉਹ ਦਾਤਾਰ ਦਾਤ ਕਰਦਾ ਹੀ ਰਹਿੰਦਾ ਹੈ। ਯਥਾ ਗੁਰਵਾਕ—

ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥ [ਜਪੁ ਜੀ, ਪੰਨਾ ੨

ਚਲਾਇਮਾਨ ਮਨ ਨਾਰਦ ਰੂਪ ਹੋ ਕੇ ਖੁਆਰੀ ਕਰਦਾ ਰਹਿੰਦਾ ਹੈ, ਲੋਭ ਦੇ ਅੰਧੇਰੇ ਬੰਦੀਖ਼ਾਨੇ ਵਿਚ ਅਉਗਣਾਂ ਰੂਪੀ ਲੋਹੇ ਦੀ ਬੇੜੀ ਪੈਰੀਂ ਪਾਈ ਹੀ ਰਖਦਾ ਹੈ। ਲੋਭੀ ਮੰਗਤੇ ਨੂੰ ਇਹ ਪੂੰਜੀ ਮਿਲਦੀ ਹੈ ਕਿ ਅਗੇ ਜਾ ਕੇ ਨਿਤ ਮੁਦਗਰਾਂ ਦੀ ਮਾਰ ਉਸ ਨੂੰ ਪੈਂਦੀ ਹੈ ਅਤੇ ਉਸ ਦੇ ਚਿਤਰ-ਗੁਪਤੀ ਅੰਕੁਰੇ ਹੋਏ ਪਾਪ ਉਸ ਦੀ ਕੁਤਵਾਲੀ ਕਰਦੇ ਹਨ। ਵਾਹਿਗੁਰੂ ਦੀ ਜੈਸੀ ਨਦਰ ਹੁੰਦੀ ਹੈ, ਭਾਣੇ ਅੰਦਰ ਤੇ ਕਰਮਾਂ ਅਨੁਸਾਰ ਹਰੇਕ ਜੀਵ ਨੂੰ ਚੰਗਾ ਜਾਂ ਮੰਦਾ ਬਣਾ ਦੇਂਦਾ ਹੈ। ਜਦੋਂ ਸ਼ੇਖਾਂ ਮੁਲਾਣਿਆਂ ਦੀ ਅਮਲਦਾਰੀ (ਹਕੂਮਤ) ਹੁੰਦੀ ਹੈ ਤਾਂ ਆਦਿ ਪੁਰਖ ਵਾਹਿਗੁਰੂ ਦਾ ਨਾਮ ਉਹ ਅੱਲਾ ਧਰ ਲੈਂਦੇ ਹਨ, ਦੇਵਤਿਆਂ ਦੇ ਮੰਦਰਾਂ ਨੂੰ ਉਹ ਟੈਕਸ ਲਾ ਦਿੰਦੇ ਹਨ, ਇਹੋ ਜਿਹਾ ਰਿਵਾਜ ਚਲ ਪੈਂਦਾ ਹੈ। ਨਿਮਾਜ਼ ਪੜ੍ਹਨ ਲਈ ਲੋਟਾ ਲੈ ਕੇ ਮੁਲਾਣੇ ਪਹਿਲਾਂ ਵੁਜ਼ੂ ਕਰਦੇ ਹਨ, ਫਿਰ ਮੁਸੱਲਾ ਵਿਛਾਉਂਦੇ ਹਨ, ਇਸ ਪ੍ਰਕਾਰ ਦੇ ਰਿਵਾਜ ਚਲਾ ਕੇ ਇਹੋ ਦਸਦੇ ਹਨ ਕਿ ਵਾਹਿਗੁਰੂ ਬਨਵਾਰੀ ਭੀ ਨੀਲੇ ਬਾਣੇ ਵਾਲਾ ਹੈ, ਘਰ ਘਰ ਵਿਚ ਮੀਆਂ ਮੀਆਂ ਹੋਣ ਲਗ ਪੈਂਦੀ ਹੈ ਅਤੇ ਬੋਲੀ ਵੀ ਹੋਰ ਹੋਰ ਬੋਲਣ ਲਗ ਪੈਂਦੇ ਹਨ ਕੀ ਹਿੰਦੂ ਕੀ ਤੁਰਕ। ਹੇ ਸੱਚੇ ਸਾਹਿਬਾ! ਧਰਤੀ ਦੇ ਪਤੀ ਮਾਲਕਾ! ਜੇ ਤੈਂ ਨੇ ਹੀ ਐਸਾ ਭਾਣਾ ਵਰਤਾਇਆ ਹੈ ਤਾਂ ਸਾਡਾ ਜੀਵਾਂ ਦਾ ਕੀ ਜ਼ੋਰ ਹੈ, ਜੋ ਅਸੀਂ ਇਸ ਨੂੰ ਬਦਲ ਸਕੀਏ। ਜੇ ਭਾਣਾ ਵਰਤੇਗਾ ਤਾਂ ਘਰ ਘਰ ਅੰਦਰ ਤੇਰੀ ਹੀ ਸਿਫ਼ਤ ਸਲਾਹ ਹੋਵੇਗੀ, ਚਾਰੇ ਕੁੰਟ ਤੇਰੇ ਅਗੇ ਨਿਵਣਗੇ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜੇ ਨਾਮ ਰੂਪੀ ਵਡਿਆਈ ਮਿਲ ਜਾਵੇ ਤਾਂ ਇਕ ਘੜੀ ਮਾਤਰ ਨਾਮ ਰੂਪੀ ਸੁਕ੍ਰਿਤ ਕਾਰ ਕੀਤੀ ਹੋਈ ਪਰਵਾਨ ਪੈ ਜਾਂਦੀ ਹੈ। ਹਿੰਦੂਆਂ ਦੇ ਤੀਰਥ ਆਦਿ ਤੋਂ ਜੋ ਕੁਛ ਲਾਭ ਲਾਹਾ ਦਿਹਾੜੀ (ਮਜ਼ਦੂਰੀ) ਦੇ ਤੌਰ ਤੇ

ਮਿਲਦਾ ਸੀ, ਉਹ ਘੜੀ ਦੇ ਸਿਮਰਨ ਨਾਲ ਮਿਲ ਪੈਂਦਾ ਹੈ। ਐਸੀ ਗੁਰਮਤਿ ਨਾਮ ਦੀ ਵਡਿਆਈ ਹੈ। ਹੋਰ ਸਭ ਭੇਖ ਕੀਤੇ ਫ਼ਜ਼ੂਲ ਹਨ।

ਮਉਲੀ ਧਰਤੀ ਮਉਲਿਆ ਅਕਾਸੁ ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥
ਰਾਜਾ ਰਾਮੁ ਮਉਲਿਆ ਅਨਤ ਭਾਇ ॥
ਜਹ ਦੇਖਉ ਤਹ ਰਹਿਆ ਸਮਾਇ ॥੧॥ਰਹਾਉ॥
ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥
ਸੰਕਰੁ ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥

[ਬਸੰਤੁ ਕਬੀਰ ਜੀ, ਪੰਨਾ ੧੧੯੩

ਜਿਥੇ ਕਿਥੇ ਵਾਹਿਗੁਰੂ ਦਾ ਵਾਸਾ ਹੈ ਉਥੇ ਬਸੰਤ ਖਿੜੀ ਹੈ। ਕੁਦਰਤ ਕਾਇਨਾਤ ਵਿਚ ਵਾਹਿਗੁਰੂ ਦਾ ਵਾਸਾ ਗੁਰਮੁਖਿ ਜਨਾਂ ਨੂੰ ਪ੍ਰਜੁਲਤ ਹੋ ਕੇ ਦਿਸਦਾ ਹੈ, ਉਥੇ ਵੀ ਕੁਦਰਤ ਦੇ ਰੰਗ ਤਿਨ੍ਹਾਂ ਨੂੰ ਦਿਖਾਈ ਦਿੰਦੇ ਹਨ। ਅਕਾਸ਼ ਬ੍ਰਹਮੰਡ ਵਿਖੇ ਗੁਰਮੁਖਿ ਜਨਾਂ ਨੂੰ ਅਕਾਲ ਪੁਰਖ ਵਾਹਿਗੁਰੂ ਦੀ ਜੋਤਿ ਹੀ ਪਸਰੀ ਨਜ਼ਰ ਆਉਂਦੀ ਹੈ। ਸਭਨਾਂ ਵਿਖੇ ਕਈ ਰੰਗਾਂ ਵਿਚ ਵਾਹਿਗੁਰੂ ਖਿੜਿਆ ਪ੍ਰਗਟ ਹੁੰਦਾ ਹੈ। ਜਿਥੇ ਦੇਖੀਏ ਤਿਥੇ ਹੀ ਸਮਾਇ ਰਹਿਆ ਹੈ। ਦੂਜੀ ਗੱਲ ਇਹ ਹੈ ਕਿ ਆਪਣੇ ਮੱਤ ਦੇ ਮੱਤੇ ਹੋਏ ਚਾਰੇ ਵੇਦ ਵੀ ਪ੍ਰਗਟਾਏ, ਹਿੰਦੂਆਂ ਦੀਆਂ ਧਰਮ ਪੁਸਤਕਾਂ (ਸਿਮ੍ਰਿਤੀਆਂ), ਮੁਸਲਮਾਨੀ ਧਰਮ ਪੁਸਤਕਾਂ (ਕਤੇਬਾਂ) ਸਮੇਤ ਭੀ ਆਪੋ ਆਪਣੇ ਮੱਤਾਂ ਵਿਚ ਮੱਤੇ ਹੋਏ ਉਗਵ ਉਠੇ। ਪਰ ਉਨ੍ਹਾਂ ਤੋਂ ਕੁਛ ਨ ਸਰਿਆ, ਨ ਕਿਸੇ ਦਾ ਸਾਰਿਆ। ਸ਼ੰਕਰ (ਸ਼ਿਵ ਜੀ) ਜੋਗ-ਆਸਣ ਜਮਾ ਕੇ ਹੀ ਆਪਣੇ ਮਨ-ਉਕਤ ਧਿਆਨ-ਧਰਨੀ ਧਰ ਕੇ ਮਉਲਣ (ਖਿੜਨ) ਲਗ ਪਿਆ। ਪ੍ਰੰਤੂ ਕਬੀਰ ਸਾਹਿਬ ਦਾ ਮੰਨਿਆ ਦੰਨਿਆ ਗੁਰਮਤਿ ਮਾਰਗ ਦਾ ਦ੍ਰਿੜ੍ਹਾਇਆ ਹੋਇਆ ਵਾਹਿਗੁਰੂ ਗੁਰਮੁਖਿ ਜਨਾਂ ਨੂੰ ਸਾਰੇ ਹੀ ਇਕ-ਸਾਰ ਪ੍ਰਫੁਲਤ ਹੋਇਆ ਦਿਸਿਆ।

ਅਗਲਾ ਗੁਰਵਾਕ ਇਸੇ ਭਾਵ ਦੀ ਖ਼ੂਬ ਪ੍ਰੋੜ੍ਹਤਾ ਕਰਦਾ ਹੈ ਕਿ ਪੰਡਿਤ ਜਨ (ਪੁਰਸ਼) ਪੁਰਾਨ ਪੜ੍ਹ ਕੇ ਹੀ ਮੱਤੇ ਗਏ, ਜੋਗੀ ਜਨ ਜੋਗ-ਧਿਆਨ ਦੇ ਵਿਚ ਹੀ ਮਦ-ਮੱਤੇ ਹੋ ਗਏ, ਸੰਨਿਆਸੀ ਭੇਖੀ ਆਪਣੇ ਤਪ ਦੇ ਭੇਖ ਵਿਖੇ ਹੀ ਮਦ-ਮੱਤੇ ਹੋ ਗਏ। ਉਪਰਲੇ ਸਾਰੇ ਭੇਖ ਮਦ-ਮਾਤੇ ਹੋ ਗਏ ਅਤੇ ਆਪੋ ਆਪਣੇ ਮਦ ਵਿਚ ਮਤਵਾਲੇ ਹੋ ਕੇ ਪ੍ਰਮਾਰਥ ਵਲੋਂ ਉੱਕੇ ਹੀ ਸੌਂ ਗਏ, ਕੋਈ ਵੀ ਜਾਗਦਾ ਨਾ ਰਿਹਾ। ਕਾਮ ਆਦਿਕ ਚੋਰਾਂ ਨੇ ਤਿਨ੍ਹਾਂ ਨੂੰ ਸੁੱਤਿਆਂ ਪਿਆਂ ਹੀ ਨੱਪ ਲਿਆ, ਉਹ ਇਨ੍ਹਾਂ ਸੁੱਤਿਆਂ ਮਨ-ਮਤਿਆਂ ਦਾ ਘਰ ਲੁਟਣ ਲਗ ਪਏ। ਯਥਾ ਗੁਰਵਾਕ—

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥
ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੇ ਭੇਵ ॥੧॥

ਸਭ ਮਦ ਮਾਤੇ ਕੋਊ ਨ ਜਾਗ॥ਸਗ ਹੀ ਚੋਰ ਘਰੁ ਮੁਸਨ ਲਾਗ॥੧॥ਰਹਾਉ॥
[ਬਸੰਤੁ ਕਬੀਰ ਜੀਉ, ਪੰਨਾ ੧੧੯੩

ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਹਮਾਦਿ ॥
ਕਬਿ ਜਨ ਜੋਗੀ ਜਟਾਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥੨॥
ਤੂੰ ਅਥਾਹੁ ਮੋਹਿ ਥਾਹ ਨਾਹਿ ॥ ਪ੍ਰਭ ਦੀਨਾ ਨਾਥ ਦੁਖੁ ਕਹਉ ਕਾਹਿ ॥...
੩॥੫॥ [ਬਸੰਤੁ ਕਬੀਰ ਜੀਉ, ਪੰਨਾ ੧੧੯੪

ਬ੍ਰਹਮਾ ਦੇ ਪੁੱਤਰ ਸਨਕ ਸਨੰਦਨ, ਸ਼ਿਵ ਜੀ ਅਤੇ ਸੁਕਦੇਵ ਆਦਿਕ ਹਿੰਦੂ ਦੇਵਤੇ, ਭਗਤ ਅਤੇ ਕਮਲ ਦੀ ਨਾਭੀ ਵਿਚੋਂ ਪੈਦਾ ਹੋਏ ਬ੍ਰਹਮਾ ਆਦਿਕ, ਹੋਰ ਕਵੀ ਜਨ, ਜੋਗੀ, ਜਟਾ-ਧਾਰੀ ਭੇਖੀ ਲੋਕ ਸਾਰੇ ਆਪੋ ਆਪਣਾ ਸਮਾਂ (ਅਉਸਰ) ਖਿਤਾ ਬਿਤਾਇ ਕੇ ਲੱਦ ਗਏ (ਤਿਨ੍ਹਾਂ ਮਨਮਤੀਆਂ ਦੇ ਹੱਥ ਕੁਛ ਵੀ ਨ ਆਇਆ)। ਵਾਹਿਗੁਰੂ ਅਥਾਹ ਦੀ ਥਾਹ ਕੋਈ ਨ ਪਾ ਸਕਿਆ। ਵਾਹਿਗੁਰੂ ਦੀਨਾ ਨਾਥ ਬਿਨਾਂ ਤਿਨ੍ਹਾਂ ਦੇ ਜਨਮ ਮਰਨ ਦਾ ਦੁਖ ਕੋਈ ਨ ਮਿਟਾ ਸਕਿਆ।

ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥੩॥੧॥
[ਬਸੰਤੁ ਰਾਮਾਨੰਦ ਜੀ, ਪੰਨਾ ੧੧੯੫

ਹਿੰਦਵਾਣੀ ਪੁਸਤਕਾਂ ਬੇਦ ਪੁਰਾਨ ਆਦਿਕ ਸਭ ਪੜਤਾਲ ਕੇ ਦੇਖ ਲਏ, ਉਨ੍ਹਾਂ ਵਿਚ ਪ੍ਰਮਾਰਥ ਸੰਬੰਧੀ ਕੁਝ ਵੀ ਧਰਿਆ ਪਿਆ ਨ ਲਭਿਆ, ਤਾਂ ਤੇ ਉਥੇ ਜਾਣ ਦੀ (ਤਿਨ੍ਹਾਂ ਪੁਸਤਕਾਂ ਨੂੰ ਢੂੰਢਣ ਦੀ) ਲੋੜ ਨਹੀਂ ਰਹੀ। ਉਥੇ ਤਾਂ ਭਟਕੀਏ ਜੇ ਏਥੇ ਹਿਰਦੇ ਅੰਦਰ ਵਾਹਿਗੁਰੂ ਨ ਹੋਵੇ। ਸਤਿਗੁਰੂ ਨੇ ਪਰਮ ਕਿਰਪਾਲਤਾ ਕਰ ਕੇ ਹਿਰਦੇ ਅੰਦਰ ਹੀ ਵਾਹਿਗੁਰੂ ਨੂੰ ਦਿਖਾ ਦਿਤਾ, ਬਿਕਲ ਕਰਨ ਵਾਲੇ (ਭਟਕਣ ਵਾਲੇ) ਸਾਰੇ ਭਰਮ ਕਟ ਸੁਟੇ। ਐਸੇ ਵਾਹਿਗੁਰੂ ਵਿਟਹੁੰ ਵਾਰਨੇ ਬਲਿਹਾਰਨੇ ਜਾਈਏ।

ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥੩॥੬॥
[ਸਾਰਗ ਮ: ੪, ਪੰਨਾ ੧੨੦੦

ਭਾਵ, ਸਤਸੰਗ ਤੋਂ ਬਿਨਾਂ ਸੱਚਾ ਪ੍ਰਮਾਰਥੀ ਸੁਖ ਕਿਸੇ ਨੂੰ ਨਹੀਂ ਲੱਭਾ, ਨਿਸੰਗ ਬੇਦਾਂ ਦਾ ਬੀਚਾਰ ਜਾ ਕੇ ਪੁਛੋ ਤਾਂ ਸਹੀ ? (ਸਤਸੰਗ ਬਿਨਾਂ ਸਭ ਥੋਥੇ ਹੀ ਰਹਿ ਗਏ) ਸਤਸੰਗ ਬਿਨਾਂ ਕਿਸੇ ਨੂੰ ਸੁਖ ਨਹੀਂ ਮਿਲਿਆ।

ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ
ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ ॥
ਤਿਨ ਜਨ ਕੀ ਸੇਵਾ ਥਾਇ ਪਈ ਜਿਨ੍ ਕਉ ਕਿਰਪਾਲ ਹੋਵਤੁ ਬਨਵਾਰੀ ॥੧॥
॥੧੧॥ [ਸਾਰਗ ਮਹਲਾ ੪, ਪੰਨਾ ੧੨੦੧

ਆਪਣੇ ਮਨ-ਉਕਤ ਉਕਤੀ-ਜੁਗਤੀ ਦੁਆਰਾ ਹਿੰਦੂਆਂ ਦੇ ਮਨਮਤੀ ਤੇਤੀ

 www.sikhbookclub.com

ਕ੍ਰੋੜ ਦੇਵਤੇ, ਜਤੀ, ਜੋਗੀ ਤੀਰਥਾਂ 'ਤੇ ਬਥੇਰੇ ਫਿਰਦੇ ਰਹੇ (ਪ੍ਰਭਵਨ ਕਰਦੇ ਰਹੇ) ਅਤੇ ਬਿਨਾਂ ਕੁਛ ਖਾਣ ਪੀਣ ਦੇ (ਨਿਰਾਹਾਰੀ) ਰਹਿ ਕੇ ਵੀ ਤਿਨ੍ਹਾਂ ਦੇਖਿਆ, ਪ੍ਰੰਤੂ ਵਾਹਿਗੁਰੂ ਦਾ ਦਰਸ਼ਨ ਤਿਨ੍ਹਾਂ ਭੇਖੀਆਂ ਨੂੰ ਨਾ ਹੀ ਹੋਇਆ। ਤਿਨ੍ਹਾਂ ਵਰੋਸਾਏ ਗੁਰਮੁਖਿ ਜਨਾਂ ਦੀ ਸੇਵਾ ਥਾਇ ਪਈ, ਤਿਨ੍ਹਾਂ ਗੁਰਮੁਖਿ ਜਨਾਂ ਨੂੰ ਹੀ ਵਾਹਿਗੁਰੂ ਦੇ ਦਰਸ਼ਨ ਪ੍ਰਾਪਤ ਹੋਏ, ਜਿਨ੍ਹਾਂ ਦੇ ਉਤੇ ਵਾਹਿਗੁਰੂ ਕਿਰਪਾਲ ਹੋ ਕੇ ਤੁਠਿਆ (ਭਾਵ, ਜਿਨ੍ਹਾਂ ਨੂੰ ਸੱਚੇ ਸਤਿਗੁਰੂ ਦਾ ਮਿਲਾਪ ਬਖ਼ਸ਼ਿਆ ਅਤੇ ਇਸ ਮਿਲਾਪ ਦਵਾਰਾ ਗੁਰਮੰਤਰ ਦੀਖਿਆ ਦੀ ਦਾਤਿ ਬਖ਼ਸ਼ੀ)।

ਕਰਹਿ ਸੋਮਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥
ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ ਮਨ ਕੈ ਮਾਨ ॥੨॥
ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥
ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭ ਕਰਮਾਨ ॥੩॥੨॥

[ਸਾਰਗ ਮ: ੫, ਪੰਨਾ ੧੨੦੩

ਹੇ ਪਾਖੰਡੀ ਭੇਖੀ! ਤੂੰ ਸੋਮਪਾਕੀ ਬਰਤ ਰਖ ਕੇ ਬਥੇਰੇ ਪਾਖੰਡ ਕਰਦਾ ਹੈਂ ਪਰ ਤੇਰਾ ਬਣਦਾ ਕੁਛ ਨਹੀਂ। ਐਸੇ ਬ੍ਰਤ ਰਖਣ ਦਾ ਫ਼ਾਇਦਾ ਕੀ? ਜੇ ਤੂੰ ਬ੍ਰਤ ਵੀ ਰਖਦਾ ਹੈਂ ਤੇ ਆਪਣੇ ਜਾਣੇ ਆਪਣੀ ਹਥੀਂ ਭੋਜਨ ਬਣਾ ਕੇ ਖਾਂਦਾ ਹੈਂ, ਪ੍ਰੰਤੂ ਪਰਾਇਆ ਦਰਬ (ਮਾਲ ਧਨ) ਚੁਕਣ ਤੋਂ ਸੰਗਦਾ ਨਹੀਂ, ਮਨਮਤਿ ਦਾ ਗ੍ਰਸਿਆ ਹੋਇਆ ਸੱਚ ਵਸਤੂ ਗ੍ਰਹਿਣ ਨਹੀਂ ਕਰ ਸਕਦਾ। ਤੇਰੇ ਹਿਰਦੇ ਅੰਦਰ ਸੋਮ-ਪਾਕੀ ਬਣਨ ਦਾ ਝੂਠਾ ਹੀ ਗੁਮਾਨ ਹੈ। ਸ਼ਾਸਤ੍ਰ ਬੇਦ ਦੀ ਬਿਧਿ ਤੈਨੂੰ ਆਉਂਦੀ ਹੀ ਨਹੀਂ। ਇਹ ਪੁਸਤਕ ਸ਼ਾਸਤ੍ਰ ਬੇਦ ਮਨ ਦਾ ਮਾਣ ਹੀ ਵਧਾਉਂਦੇ ਹਨ, ਸੋ ਤੂੰ ਉਸ ਮਾਣ ਵਿਚ ਹੀ ਬਿਆਪਿਆ (ਗ੍ਰਸਿਆ) ਹੋਇਆ ਹੈਂ। ਨਾਮ ਰੂਪੀ ਸੱਚੇ ਬੇਦ ਸ਼ਾਸਤ੍ਰ ਦਾ ਤੈਨੂੰ ਪਤਾ ਹੀ ਨਹੀਂ।

ਹਿੰਦੂ ਮਤ ਅਨੁਸਾਰ ਸੰਧਿਆ ਸਮੇਂ ਗਾਇਤ੍ਰੀ ਆਦਿਕ ਅਤੇ ਵਰਤਾਂ ਸਮੇਤ ਸਭ ਕਿਛ ਕਰਦਾ ਏਂ। ਇਹ ਸਭ ਕਿਰਿਆ ਤੂੰ ਲੋਕਾਂ ਦੇ ਵਿਖਾਵੇ ਵਾਸਤੇ ਮਦਾਰੀ ਦੇ ਪਾਖੰਡ ਵਾਂਗ ਕਰਦਾ ਏਂ। ਇਹ ਤੇਰੇ ਸਾਰੇ ਕਰਮ ਕਰਨੇ ਨਿਹਫਲ ਹਨ, ਕਿਉਂਕਿ ਤੂੰ ਪ੍ਰਭੂ ਦਾ ਭੁਲਾਇਆ ਤੇ ਉਝੜ ਪਾਇਆ ਹੋਇਆ ਹੈਂ।

ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥
ਓਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥
੪॥੨॥ [ਸਾਰਗ ਮ: ੫, ਪੰਨਾ ੧੨੦੩

ਸੱਚਾ ਗਿਆਨੀ ਸੋ ਹੈ ਅਤੇ ਬੈਸਨੌ ਵੀ ਸੱਚਾ ਸੋਈ ਹੈ, ਸੱਚਾ ਪੜ੍ਹਿਆ ਹੋਇਆ ਵੀ ਸੋਈ ਹੈ, ਜਿਸ ਉਪਰ ਵਾਹਿਗੁਰੂ ਭਗਵਾਨ ਨੇ ਸੱਚੀ ਕਿਰਪਾ ਕੀਤੀ ਹੈ। ਉਸ ਪੁਰਸ਼ ਨੇ ਸਤਿਗੁਰ ਦਾ ਸੇਵਕ ਸਿਖ ਬਣ ਕੇ ਪਰਮ ਪਦ ਪਾਇਆ ਹੈ। ਸਤਿਗੁਰੂ

ਸੱਚੇ ਪਾਤਸ਼ਾਹ ਦੀ ਸਿਖਿਆ ਗੁਰ-ਦੀਖਿਆ ਸਾਰੇ ਹੀ ਸੰਸਾਰ ਦੇ ਤਾਰਨ ਲਈ ਹੈ। ਸੋਈ ਉਧਰਿਆ ਹੈ ਜਿਸ ਨੂੰ ਸੱਚੇ ਸਤਿਗੁਰ ਨੇ ਭੇਟਿਆ ਹੈ।

ਮੋਹਨੀ ਮੋਹਤ ਰਹੈ ਨ ਹੋਰੀ ॥
ਸਾਧਿਕ ਸਿਧ ਸਗਲ ਕੀ ਪਿਆਰੀ ਤੂਟੈ ਨ ਕਾਹੂ ਤੋਰੀ ॥੧॥ਰਹਾਉ॥
ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥
ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥੧॥
ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥
ਸਾਧ ਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ॥੨॥੩੭॥੬੦॥
[ਸਾਰਗ ਮ: ੫, ਪੰਨਾ ੧੨੧੬

ਇਹ ਮਾਇਆ ਬੜੀ ਮੋਹਨੀ ਹੈ, ਤੇ ਮਨੁੱਖ ਨੂੰ ਮੋਂਹਦੀ ਹੀ ਰਹਿੰਦੀ ਹੈ। ਮਨੁੱਖ ਦੇ ਆਪਣੇ ਯਤਨ ਦੁਆਰਾ ਇਹ ਮਾਇਆ ਕਦੇ ਵੀ ਹੋੜੀ ਨਹੀਂ ਰਹਿੰਦੀ (ਰੋਕੀ ਰੁਕਦੀ ਨਹੀਂ)। ਮਨ-ਉਕਤ ਸਾਧਨਾਂ ਦੇ ਕਰਨ ਵਾਲੇ ਸਾਰੇ ਜੋਗੀਆਂ, ਸਿਧ-ਲੋਕਾਂ ਦੀ ਇਹ ਪਿਆਰੀ ਹੈ, ਭਾਵ, ਸਾਧਿਕ ਸਿਧ ਲੋਕ ਇਸ ਨੂੰ ਪਿਆਰ ਕਰਦੇ ਹਨ, ਉਹ ਵੀ ਇਸ ਮੋਹਣੀ ਮਾਇਆ ਦੇ ਮੁਠੇ ਹੋਏ ਹਨ। ਕਿਸੇ ਦੀ ਤੋੜੀ ਹੋਈ ਇਹ ਟੁਟਦੀ ਨਹੀਂ, ਮਨਮਤੀ ਮਨਮੁਖਾਂ ਭੇਖੀਆਂ ਭਰਮੀਆਂ ਨੂੰ ਚਿਮੜੀ ਹੀ ਰਹਿੰਦੀ ਹੈ। ਜੋਹੜੇ ਮਨਮਤੀ ਲੋਕ ਛਿਆਂ ਸ਼ਾਸਤ੍ਰਾਂ ਨੂੰ ਜ਼ਬਾਨੀ (ਰਸਨਾ ਕਰਕੇ) ਉਚਰਦੇ ਅਤੇ ਰਟਦੇ ਹਨ ਅਤੇ ਤੀਰਥਾਂ ਤੇ ਗਵਨ ਕਰਦੇ ਰਹਿੰਦੇ ਹਨ, ਤਿਨ੍ਹਾਂ ਕਰਮ-ਕਾਂਡੀਆਂ ਤੋਂ ਵੀ ਇਹ ਛੁਟਦੀ ਨਹੀਂ, ਸਗੋਂ ਉਕਤ ਕਰਮ-ਕਾਂਡੀ ਇਸ ਮਾਇਆ ਵਿਚ ਵਧੇਰੇ ਖੱਚਤ ਰਹਿੰਦੇ ਹਨ, ਆਮ ਮਾਇਆ-ਧਾਰੀਆਂ ਨਾਲੋਂ ਕੋਈ ਥੋੜੀ ਖਿਚ ਨਹੀਂ ਰਖਦੇ।

ਜੋਹੜੇ ਪਾਖੰਡੀ ਪੁਰਸ਼ ਦਿਖਾਵੇ ਦੀ ਪੂਜਾ ਕਰਦੇ ਹਨ ਤੇ ਸਰੀਰ ਉਤੇ ਚਿਹਨ ਚਕ੍ਰ ਲਾਈ ਫਿਰਦੇ ਹਨ ਅਤੇ ਬਰਤ ਨੇਮੀ ਤਪੀਆ ਸਦਾਉਂਦੇ ਹਨ, ਉਨ੍ਹਾਂ ਦਾ ਵੀ ਇਹ ਪਿੱਛਾ ਨਹੀਂ ਛਡਦੀ। ਸਾਰਾ ਜਗ ਗੁਰਮਤਿ ਤੋਂ ਘੁਥਾ ਹੋਇਆ ਅੰਧ ਕੂਪ ਰੂਪੀ ਖਾਤੇ ਵਿਚ ਹੀ ਡਿਗਿਆ ਪਿਆ ਹੈ, ਇਸ ਮੋਹਣੀ ਮਾਇਆ ਦਾ ਪਤਿਤ ਕੀਤਾ ਹੋਇਆ ਹੀ ਰਹਿੰਦਾ ਹੈ। ਸਤਿਗੁਰੂ ਦੇ ਤਾਰੇ ਹੋਏ ਗੁਰਮੁਖਿ ਜਨਾਂ ਦੀ ਸਹਾਇਤਾ ਨਾਲ ਹੀ ਪਤਿਤ ਪੁਰਸ਼ਾਂ ਦੀ ਪਰਮਗਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਦੇ ਘਰ ਦੀ, ਭਾਵ, ਗੁਰੂ ਘਰ ਦੀ ਸਾਧ ਸੰਗਤ ਦੇ ਤੁਫ਼ੈਲ ਹੀ ਇਸ ਤੋਂ ਛੁਟਕਾਰਾ ਤੇ ਮੁਕਤ ਕਲਿਆਨ ਹੋ ਸਕਦੀ ਹੈ। ਗੁਰੂ ਰੂਪੀ ਸਾਧ ਜਨਾਂ ਦਾ ਭੋਰੀ ਮਾਤਰ ਦਰਸ਼ਨ ਹੀ ਪਾਪਿਸ਼ਟ ਜੀਵਾਂ ਦਾ ਨਿਸਤਾਰਾ ਕਰ ਸਕਦਾ ਹੈ। ਐਵੇਂ ਠਿਕਾਣਾ ਹੀ ਕੋਈ ਨਹੀਂ। ਕਰਮ-ਕਾਂਡੀਆਂ ਨੂੰ ਉਨ੍ਹਾਂ ਦੇ ਕਰਮ ਕਾਂਡ ਨੇ ਕਦੇ ਨਹੀਂ ਤਾਰਨਾ।

ਹਰਿ ਕੇ ਨਾਮ ਕੀ ਗਤਿ ਠਾਂਢੀ ॥
ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥੧॥ਰਹਾਉ॥

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥
ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥੧॥
ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥
ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥੨॥੫੨॥੭੫॥
[ਸਾਰਗ ਮ: ੫, ਪੰਨਾ ੧੨੧੯

ਗੁਰਮਤਿ ਨਾਮ ਵਾਹਿਗੁਰੂ ਤੋਂ ਬਿਨਾਂ, ਵਾਹਿਗੁਰੂ ਨੂੰ ਮਿਲਣ ਦਾ ਹੋਰ ਕੋਈ ਰਾਹ ਨਹੀਂ, ਅਗੇ ਵੀ ਅਤੇ ਹੁਣ ਵੀ ਇਕੋ ਹੀ ਗੁਰਮਤਿ ਨਾਮ ਰੂਪੀ ਭਗਤੀ ਸੱਚਾ ਸਾਧਨ ਹੈ, ਹੋਰ ਆਨਮਤ ਸਾਧਨ ਸਭ ਪਾਖੰਡ ਰੂਪ ਅਤੇ ਖੰਡਤ ਹਨ। ਯਥਾ ਵਿਆਖਿਆ—

ਇਕੋ ਠੰਢਕ ਪਾਣ ਵਾਲੀ ਕਲਿਆਨ-ਕਾਰਕ ਗਤੀ ਵਾਹਿਗੁਰੂ ਦੇ ਨਾਮ ਦੀ ਹੀ ਹੈ, ਇਹੋ ਸੱਚਾ ਸੁਮਾਰਗ ਵਾਹਿਗੁਰੂ ਅਕਾਲ ਪੁਰਖ ਦੇ ਮਿਲਣ ਦਾ ਹੈ। ਗੁਰਮੁਖਿ ਸਾਧੂ ਜਨਾਂ ਨੇ ਬੇਦ ਪੁਰਾਨ ਸਿਮ੍ਰਿਤੀਆਂ ਨੂੰ ਸੋਧ ਕੇ ਇਹੋ ਤੱਤ ਕਢਿਆ ਹੈ ਕਿ ਅੰਦਰੋਂ ਹੀ ਖੋਜ ਖੋਜ ਕੇ ਗੁਰਮਤਿ ਨਾਮ ਦੀਖਿਆ ਰੂਪੀ ਗੁਰ-ਮੰਤਰ ਦਾ ਅਭਿਆਸ ਕਰ ਕਰ ਕੇ ਵਾਹਿਗੁਰੂ ਨੂੰ ਹਿਰਦੇ ਅੰਦਰੋਂ ਲਭਣਾ ਹੈ। ਵੇਦਾਂ ਪੁਰਾਨਾਂ ਸਿਮ੍ਰਿਤੀਆਂ ਵਿਚ ਕੁਛ ਭੀ ਨਹੀਂ ਧਰਿਆ ਪਿਆ। ਪ੍ਰਮਾਰਥ ਸੰਬੰਧੀ ਇਨ੍ਹਾਂ ਆਨਮਤ ਪੁਸਤਕਾਂ ਦਾ ਪੜ੍ਹਨਾ ਬਿਲਕੁਲ ਫੋਕਟ ਹੈ। ਆਨਮਤ ਖੋਜੀ ਪੁਰਸ਼ ਐਵੇਂ ਹੀ ਸ਼ਿਵਪੁਰੀ, ਬ੍ਰਹਮਪੁਰੀ ਅਤੇ ਇੰਦਰਪੁਰੀ ਨੂੰ ਤਾਮਸ ਹੰਕਾਰ ਵਿਖੇ ਹੀ ਖੋਜਦਾ ਖੋਜਦਾ ਜਲਦਾ ਫਿਰਦਾ ਰਿਹਾ, ਉਸ ਦਾ ਕੁਛ ਨ ਬਣਿਆ। ਗੁਰਮੁਖਿ ਜਨ ਗੁਰਮਤਿ ਨਾਮ ਗੁਰ-ਮੰਤਰ ਵਾਹਿਗੁਰੂ ਸੁਆਮੀ ਨੂੰ ਸਿਮਰ ਸਿਮਰ ਕੇ ਠੰਡੇ ਠਾਰ ਹੋ ਗਏ, ਤਿਨ੍ਹਾਂ ਦਾ ਦੁਖ ਦਰਦ ਭਰਮ ਸਭ ਦੂਰ ਹੋ ਗਿਆ। ਪੁਰਾਣੇ ਜਾਂ ਨਵੇਂ ਜ਼ਮਾਨੇ ਵਿਚ ਜੋ ਕੋਈ ਭੀ ਕਦੇ ਤਰਿਆ ਹੈ, ਵਾਹਿਗੁਰੂ ਸੱਚੇ ਗੁਰਦੇਵ ਦੀ ਭਾਉ ਭਗਤੀ ਦੁਆਰਾ ਹੀ ਤਰਿਆ ਹੈ, ਅਰਥਾਤ, ਇਹ ਬਾਤ ਬਿਲਕੁਲ ਗ਼ਲਤ ਹੈ ਕਿ ਗੁਰਮਤਿ ਤੋਂ ਫੋਕੇ ਅਤੇ ਖੋਟੇ ਸ਼ੁਸ਼ਕ ਆਨਮਤ ਗਿਆਨ ਨਾਲ ਵਾਹਿਗੁਰੂ ਮਿਲਦਾ ਹੈ। ਜਪ, ਤਪ, ਸੰਜਮ ਗੁਰਮਤਿ ਤੋਂ ਗਿਰੇ ਹੋਏ ਫੋਕਟ ਗਿਆਨ ਭਗਤੀ ਵਾਲੇ ਖ਼ਿਆਲਾਤ ਸਭ ਨਿਸਫਲ ਹਨ। ਜੇ ਵਾਹਿਗੁਰੂ ਮਿਲਦਾ ਹੈ ਜਾਂ ਕਦੇ ਅਗੇ ਵੀ ਮਿਲਿਆ ਹੈ ਤਾਂ ਕੇਵਲ ਗੁਰਮਤਿ ਗਿਆਨ ਰੂਪੀ ਸੱਚ-ਮਾਰਗੀ-ਭਗਤੀ ਦਵਾਰਾ ਹੀ ਮਿਲਿਆ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਗੁਰੂ ਘਰ ਦੇ ਸੰਤਾਂ ਗੁਰਮੁਖਿ ਜਨਾਂ ਦਾ ਸੱਚਾ ਸੰਗ ਕਰ ਕੇ ਅਤੇ ਸੇਵਾ ਮਾਰਗ ਧਾਰਨ ਕਰ ਕੇ ਹੀ ਵਾਹਿਗੁਰੂ ਦਾ ਮਿਲਾਪ ਹੁੰਦਾ ਹੈ।

ਸਨਕਾਦਿਕ ਬ੍ਰਹਮਾਦਿਕ ਗਾਵਤ ਗਾਵਤ ਸੁਕ ਪ੍ਰਹਿਲਾਦ ॥
ਪੀਵਤ ਅਮਿਉ ਮਨੋਹਰ ਹਰਿ ਰਸੁ ਜਪਿ ਨਾਨਕ ਹਰਿ ਬਿਸਮਾਦ ॥੨॥
੮੦॥੧੦੩॥ [ਸਾਰਗ ਮ: ੫, ਪੰਨਾ ੧੨੨੪

ਗੁਰੂ ਘਰ ਵਿਖੇ ਹੀ ਵਾਹਿਗੁਰੂ ਨਾਮ ਰੂਪੀ ਸੱਚਾ ਅੰਮ੍ਰਿਤ ਰਸ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਵਿਖੇ ਹੀ ਸੱਚਾ ਬਿਸਮਾਦੀ ਰਸ ਵਾਹਿਗੁਰੂ ਨਾਮ ਦਾ ਪ੍ਰਾਪਤ ਹੈ, ਹੋਰ ਕਿਤੇ ਨਹੀਂ। ਸਨਕਾਦਿਕ, ਬ੍ਰਹਮਾਦਿਕ, ਸੁਕਦੇਵ, ਪ੍ਰਹਿਲਾਦ ਆਦਿਕ ਭਗਤਾਂ ਦਾ ਗੁਣ ਗਾਵਣਾ ਤਦੇ ਹੀ ਥਾਉਂ ਪੈਂਦਾ ਹੈ ਜੇਕਰ ਉਹ ਨਿਰੋਲ ਗੁਰਮਤਿ ਅਨੁਸਾਰੀ ਹੋਇ ਕੇ ਵਾਹਿਗੁਰੂ ਨਾਮ ਦੇ ਆਧਾਰੀ ਬਣਨ।

ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥
ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰੁ ਦੁਤੀਆ ਬਿਰਥੀ ਸਾਖੀ ॥੨॥
੯੮॥੧੨੧॥ [ਸਾਰਗ ਮ: ੫, ਪੰਨਾ ੧੨੨੭

ਗੁਰੂ ਘਰ ਦੇ ਗੁਰਮੁਖਿ ਸਾਧੂ ਜਨ ਨਾਮ ਸਿਮਰਨ ਕਰਦੇ ਅਤੇ ਗੁਰਬਾਣੀ ਉਚਰਦੇ ਹਨ। ਗੁਰਬਾਣੀ ਰੂਪੀ ਨਾਮ ਸਿਮਰਨ ਹੀ ਗੁਰਮੁਖਾਂ ਲਈ ਬੇਦ ਪੁਰਾਨ ਸਿਮ੍ਰਿਤੀਆਂ ਦਾ ਸਿਮਰਨ ਹੈ। ਭਾਵ, ਗੁਰਬਾਣੀ ਅਤੇ ਗੁਰਮਤਿ ਨਾਮ ਬਾਝੋਂ ਗੁਰਮੁਖਾਂ ਜਨਾਂ ਦੇ ਨਿਕਟ ਨ ਕੋਈ ਬੇਦ ਹੈ, ਨ ਕੋਈ ਪੁਰਾਨ ਤੇ ਨ ਕੋਈ ਸਿਮ੍ਰਿਤੀ ਹੈ। ਗੁਰਮੁਖਿ ਜਨ ਰਸਨਾ ਤੋਂ ਜੋ ਉਚਾਰਨ ਕਰਦੇ ਹਨ, ਗੁਰਬਾਣੀ ਤੇ ਗੁਰਮਤਿ ਨਾਮ ਹੀ ਉਚਾਰਨ ਕਰਦੇ ਹਨ। ਕੇਵਲ ਗੁਰਮਤਿ ਰਮਤ ਰਾਮ ਵਾਹਿਗੁਰੂ ਹੀ ਗੁਰੂ ਨਾਨਕ ਸਾਹਿਬ ਜੀ ਦੇ ਉਪਦੇਸ਼ ਅਨੁਸਾਰ ਸੱਚੇ ਨਿਸਤਾਰੇ ਦਾ ਕਲਿਆਨ-ਮਈ ਮਾਰਗ ਹੈ। ਗੁਰਮਤਿ ਮਾਰਗ ਬਾਝੋਂ ਹੋਰ ਆਨਮਤ ਮਾਰਗੀ ਕੱਚੀਆਂ ਬਾਣੀਆਂ ਦਾ ਪੜ੍ਹਨਾ ਬਿਰਥੀ ਸਾਖੀ ਉਚਰਨਾ ਹੀ ਹੈ।

ਕੰਚਨਾ ਬਹੁ ਦਤ ਕਰਾ ॥ ਭੂਮਿ ਦਾਨੁ ਅਰਪਿ ਧਰਾ ॥
ਮਨ ਅਨਿਕ ਸੋਚ ਪਵਿਤ੍ਰ ਕਰਤ ॥
ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ਰਹਾਉ॥
ਚਾਰਿ ਬੇਦ ਜਿਹਵ ਭਨੇ ॥ ਦਸ ਅਸਟ ਖਸਟ ਸ੍ਰਵਨ ਸੁਨੇ ॥
ਨਹੀ ਤੁਲਿ ਗੋਬਿਦ ਨਾਮ ਧੁਨੇ ॥ ਮਨ ਚਰਨ ਕਮਲ ਲਾਗੇ ॥੧॥
ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟਿ ਨਿਰਾਹਾਰ ॥
ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮ ਬਹੁ ਬਿਸਥਾਰ ॥
ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥
ਰਾਮ ਦਇਆਰ ਸੁਨਿ ਦੀਨ ਬੇਨਤੀ ॥
ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ॥੨॥੨॥੧੩੧॥
[ਸਾਰਗ ਮ: ੫, ਪੰਨਾ ੧੨੨੯

ਆਨਮਤੀਆਂ ਦੇ ਕਰਮ ਕੀਤੇ ਕਿਸੇ ਵੀ ਲੇਖੇ ਨਹੀਂ ਪੈਂਦੇ, ਸਭ ਪਾਖੰਡ ਰੂਪ ਹਨ ਅਤੇ ਗੁਰਮਤਿ ਅੰਦਰ ਖੰਡਨ ਹਨ। ਯਥਾ ਵਿਆਖਿਆ—

ਆਨਮਤੀ ਲੋਕ ਜੋ ਬਹੁਤ ਸੋਨੇ ਦੀ ਦਾਤਿ ਦਾਨ ਕਰਦੇ ਹਨ, ਤੀਰਥਾਂ

ਤੇ ਜਾ ਕੇ ਅਤੇ ਭੂਮੀ ਦਾ ਵੀ ਦਾਨ ਅਰਪ ਧਰਦੇ ਹਨ ਤੇ ਮਨ ਕਰਕੇ ਅਨਿਕ ਪ੍ਰਕਾਰ ਦੀ ਸੁਚਮਤਾ ਧਾਰਦੇ ਹਨ ਤੇ ਆਪਣੇ ਵਲੋਂ ਪਵਿੱਤਰ ਹੋ ਹੋ ਕੇ ਬਹਿੰਦੇ ਹਨ, ਉਹ ਗੁਰਮਤਿ ਨਾਮ ਦੇ ਤੁਲ ਰੰਚਕ ਭਰ ਵੀ ਨਹੀਂ ਹਨ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਗੁਰਮਤਿ ਨਾਮ ਵਿਖੇ ਲਿਵ ਲਗ ਕੇ ਵਾਹਿਗੁਰੂ-ਚਰਨ ਕਮਲਾਂ ਨਾਲ ਡੋਰੀ ਲਪਟ ਜਾਂਦੀ ਹੈ। ਹਿੰਦੂਆਂ ਦੇ ਚਾਰੇ ਵੇਦ ਭਾਵੇਂ ਜਿਹਵਾ ਕਰਕੇ ਜ਼ਬਾਨੀ ਰਟਨ ਕੀਤੇ ਜਾਣ (ਅਰਥਾਤ, ਜ਼ਬਾਨੀ ਉਚਾਰੇ ਜਾਣ), ਅਠਾਰ੍ਹਾਂ ਪੁਰਾਨ ਤੇ ਛੇ ਸ਼ਾਸਤ੍ਰ ਚਾਹੇ ਕਿਤਨੇ ਹੀ ਸ੍ਰਵਨੀ ਸੁਣੇ ਜਾਣ, ਗੁਰਮਤਿ ਗੁਰ-ਮੰਤਰ ਵਾਹਿਗੁਰੂ ਦੀ ਧੁਨੀ ਦੇ ਤੁਲ ਕਦੇ ਨਹੀਂ ਪੁਜ ਸਕਦੇ। ਇਹ ਵਾਹਿਗੁਰੂ ਦੇ ਨਾਮ ਦੀ ਧੁਨੀ ਹੀ ਹੈ ਜੋ ਵਾਹਿਗੁਰੂ ਦੇ ਚਰਨ ਕਮਲਾਂ ਦੇ ਨਾਲ ਜੋੜਦੀ ਹੈ। ਹਿੰਦੂਆਂ ਦੇ ਬ੍ਰਤ ਆਦਿਕ ਕਰਮ ਤੇ ਸੰਧਿਆ ਗਾਇਤ੍ਰੀ ਵਾਲੇ ਕਰਮ ਅਤੇ ਸ੍ਰੇਸ਼ਟ ਸੁਚਮਤਾ ਜੋ ਆਪਣੇ ਵਲੋਂ ਕਰਦੇ ਹਨ, ਕਿਸੇ ਵੀ ਲੇਖੇ ਨਹੀਂ । ਭਾਵ, ਨਿਰਾਹਾਰ ਰਹਿ ਕੇ ਤੀਰਥ ਯਾਤਰਾ ਕਰਨੀ, ਪਕਵਾਨ ਖ਼ੁਦ ਆਪ ਤਿਆਰ ਕਰ ਕੇ, ਬਿਨਾਂ ਕਿਸੇ ਦੇ ਛੋਹੇ ਤੋਂ ਖਾਣਾ ਅਤੇ ਨਿਵਲੀ ਕਰਮ ਆਦਿਕ ਬਹੁ ਬਿਸਥਾਰ ਨਾਲ ਧਾਰਨ ਕਰਨੇ, ਹਿੰਦੂਆਂ ਦੇ ਧੂਪ ਦੀਪ ਕਰਮ ਕਰਨੇ ਆਦਿਕ ਸਭ ਗੁਰਮਤਿ ਅਨੁਸਾਰ ਭੇਖ ਕਰਮ ਹਨ, ਗੁਰਮਤਿ ਵਾਹਿਗੁਰੂ ਗੁਰ-ਮੰਤਰ ਦੇ ਤੁਲ ਪਾਸੰਗ ਮਾਤਰ ਵੀ ਨਹੀਂ। ਵਾਹਿਗੁਰੂ ਦੇ ਭਗਤ ਜਨ ਗੁਰਮੁਖਿ ਪਿਆਰੇ ਹਰ ਦਮ ਗੁਰਮਤਿ ਨਾਮ ਦਾ ਅਭਿਆਸ ਕਰਦੇ ਹੋਏ, ਵਾਹਿਗੁਰੂ ਦੇ ਦਰਸ਼ਨ ਦੇ ਜਾਚਕ ਹੀ ਰਹਿੰਦੇ ਹਨ, ਵਾਹਿ-ਗੁਰੂ ਦੇ ਦਰਸ਼ਨ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਚੀਜ਼ ਭਾਉਂਦੀ ਹੀ ਨਹੀਂ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਨਾਮ ਹੀ ਉਨ੍ਹਾਂ ਨੂੰ ਮਿਠਾ ਲਗਦਾ ਹੈ। ਇਸ ਤੋਂ ਬਿਨਾਂ ਹੋਰ ਸਭ ਕੁਝ ਫਿੱਕਾ ਹੀ ਲਗਦਾ ਹੈ ।

ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ॥...੮॥੧॥

[ਸਾਰਗ ਅਸਟ: ਮ: ੧, ਪੰਨਾ ੧੨੩੨

ਵਾਹਿਗੁਰੂ ਦੀ ਭਗਤੀ ਦੇ ਨਾਲ ਰਤੇ ਜਾਣ ਕਰਕੇ ਹੀ ਗੁਰਮਤਿ ਸੁਮਾਰਗੀ ਬਣ ਕੇ ਸਨਕ ਸਨਾਦਿ ਬ੍ਰਹਮਾਦਿਕ ਇੰਦ੍ਰ ਆਦਿਕਾਂ ਦੀ ਵਾਹਿਗੁਰੂ ਨਾਲ ਬਣ ਆਉਂਦੀ ਹੈ, ਐਵੇਂ ਨਹੀਂ ।

ਪੰਡਿਤ ਪੜਿ ਪੜਿ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥<br>ਗੁਰਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥੨॥

[ਸਾਰਗ ਮ: ੩ ਅਸ਼ਟ:, ਪੰਨਾ ੧੨੩੪

ਆਨਮਤੀ ਪੁਰਸ਼ ਪੰਡਿਤ ਜਨ ਆਨਮਤੀ ਪੁਸਤਕਾਂ ਬੇਦ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਬਥੇਰੇ ਹੰਭ ਗਏ ਤੇ ਮੋਨਧਾਰੀ ਪੁਰਸ਼ ਮੋਨ ਧਾਰਨ ਦਾ ਭੇਖ ਬਣਾ ਬਣਾ ਕੇ ਬਥੇਰੇ ਥਕ ਰਹੇ। ਕੇਵਲ ਗੁਰੂ ਦੀ ਕਿਰਪਾ ਨਾਲ ਹੀ ਅੰਜਨ ਰਹਿਤ ਵਾਹਿਗੁਰੂ ਨਿਰੰਜਨ ਨੂੰ

ਪਾਇਆ ਜਾ ਸਕਦਾ ਹੈ, ਐਵੇਂ ਨਹੀਂ । ਸੱਚੇ ਸ਼ਬਦ ਗੁਰ-ਮੰਤਰ ਦਾ ਅਭਿਆਸ ਰੂਪੀ ਕਮਾਈ ਕੀਤਿਆਂ ਹੀ ਵਾਹਿਗੁਰੂ ਪਾਇਆ ਜਾ ਸਕਦਾ ਹੈ ।

ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥
ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥
ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥੩॥...
ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥
ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥੬॥...
ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥

[ਸਾਰਗ ਮ: ੫, ਪੰਨਾ ੧੨੩੫

ਹਿੰਦੂ ਮਤ ਅਨੁਸਾਰ ਕੇਵਲ ਇਕੋ ਬ੍ਰਹਮਾ ਬੇਦਾਂ ਦਾ ਉਚਾਰਨਹਾਰਾ ਹੈ, ਪ੍ਰੰਤੂ ਵਾਹਿਗੁਰੂ ਸਿਰਜਨਹਾਰ ਦੀ ਕਾਇਨਾਤ ਅੰਦਰ ਬੇਅੰਤ ਬ੍ਰਹਮਾ ਹਨ, ਜੋ ਬੇਅੰਤ ਹੀ ਬੇਦਾਂ ਦੀਆਂ ਰਿਜਾਂ ਨੂੰ ਉਚੀ ਧੁਨੀ ਨਾਲ ਉਚਾਰਦੇ ਫਿਰਦੇ ਹਨ । ਹਿੰਦੂਆਂ ਦੀ ਆਨਮਤ ਫ਼ਿਲਾਸਫ਼ੀ ਅਨੁਸਾਰ ਕੇਵਲ ਇਕੋ ਹੀ ਮਹਾਂਦੇਉ ਮੰਨਿਆ ਜਾਂਦਾ ਹੈ, ਪ੍ਰੰਤੂ ਇਸ ਗੁਰਵਾਕ ਦੀ ਰੌਸ਼ਨੀ ਅੰਦਰ ਅਨੇਕਾਂ ਅਤੇ ਅਨਗਿਣਤ ਹੀ ਮਹਾਂਦੇਉ ਹਨ, ਜੋ ਆਪਣੀ ਮਨ-ਉਕਤ ਰੁਚੀ ਅਨੁਸਾਰ ਬੈਠ ਕੇ ਸਮਾਧੀਆਂ ਲਾਉਂਦੇ ਹਨ ਅਤੇ ਪਾਰਬ੍ਰਹਮ ਦਾ ਧਿਆਨ ਧਰਦੇ ਹਨ । ਉਸ ਅਕਾਲ ਪੁਰਖ ਦੀ ਕੁਦਰਤ ਅੰਦਰ ਬੇਸ਼ੁਮਾਰ ਅੰਸਾ ਅਵਤਾਰ ਹਨ, ਹਿੰਦੂ ਲੋਕ ਇਕੋ ਅੰਸਾ ਅਵਤਾਰ 'ਤੇ ਮਾਣ ਕਰਦੇ ਹਨ । ਅਨੇਕਾਂ ਹੀ ਇੰਦਰ ਦੇਵਤੇ ਹਨ, ਜੋ ਇਕ-ਟੰਗ ਭਾਰ ਖੜੇ ਹੋ ਕੇ ਅਕਾਲ ਪੁਰਖ ਨੂੰ ਅਰਾਧਨ ਦਾ ਫੋਕਟ ਯਤਨ ਕਰਦੇ ਹਨ । ਖਟ ਸ਼ਾਸਤ੍ਰਾਂ ਅਤੇ ਥੋੜੀ ਜਿਹੀ ਗਿਣਤੀ ਦੀਆਂ ਸਿਮ੍ਰਤੀਆਂ ਅਤੇ ਅਠਾਰ੍ਹਾਂ ਪੁਰਾਨਾਂ 'ਤੇ ਹਿੰਦੂ ਫ਼ਿਲਾਸਫ਼ੀ ਦਾ ਐਵੇਂ ਕੂੜਾ ਅਭਿਮਾਨ ਹੈ, ਬੇਅੰਤ ਵਾਹਿਗੁਰੂ ਦੀ ਬੇਅੰਤ ਰਚਨਾ ਅੰਦਰ ਅਨਗਿਣਤ ਹੀ ਸ਼ਾਸਤ੍ਰ, ਬੇਅੰਤ ਹੀ ਸਿਮ੍ਰਤੀਆਂ ਅਤੇ ਬੇਸ਼ੁਮਾਰ ਪੁਰਾਨ ਹਨ । ਅਤੇ ਅਨੇਕਾਂ ਹੀ ਜੁਗਤੀਆਂ ਦੁਆਰਾ ਇਨ੍ਹਾਂ ਦਾ ਵਿਸਥਾਰ ਵਿਆਖਿਆ-ਮਈ ਹੋ ਰਿਹਾ ਹੈ ਅਤੇ ਸੁਣਨਹਾਰੇ ਭੀ ਅਨੇਕਾਂ ਹੀ ਹਨ ਅਤੇ ਅਨੇਕਾਂ ਹੀ ਸਰੋਤਾ ਗਨ ਅਨੇਕ ਪ੍ਰਕਾਰ ਦੇ ਫੋਕਟ ਵਖਿਆਨਾਂ ਨੂੰ ਸੁਣਦੇ ਹਨ, ਪਰ ਸਭ ਬੇਫ਼ਾਇਦਾ ਹੈ । ਲਾਭ ਤਾਂ ਇਕੋ ਹੀ ਗੱਲ ਦਾ ਹੈ ਕਿ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਓਟ ਲੈ ਕੇ ਪੂਰਨ ਗੁਰਮਤਿ ਅਨੁਸਾਰ ਵਾਹਿਗੁਰੂ ਨੂੰ ਜਪਿਆ ਹੈ, ਸੋਈ ਗੁਰਮੁਖਿ ਜਨ ਨਿਹਾਲ ਨਿਹਾਲ ਨਿਹਾਲ ਹੋ ਗਏ ਹਨ ।

ਨ ਭੀਜੈ ਰਾਗੀ ਨਾਦੀ ਬੇਦਿ ॥
ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥
ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥

ਨ ਭੀਜੈ ਦਾਤੰੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥
ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥
ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥ [ਮ: ੨
ਨਵ ਛਿਅ ਖਟ ਕਾ ਕਰੇ ਬੀਚਾਰੁ ॥ ਨਿਸਿ ਦਿਨ ਉਚਰੈ ਭਾਰ ਅਠਾਰ ॥
ਤਿਨਿ ਭੀ ਅੰਤੁ ਨ ਪਾਇਆ ਤੋਹਿ ॥ ਨਾਮ ਬਿਹੂਣ ਮੁਕਤਿ ਕਿਉ ਹੋਇ ॥
ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ॥ਗੁਰਮੁਖਿ ਨਾਨਕ ਨਾਮੁ ਪਛਾਣਿਆ॥
੩॥੧॥ [ਮ: ੧, ਸਾਰੰਗ ਕੀ ਵਾਰ, ਪੰਨਾ ੧੨੩੭

ਨਾ ਹੀ ਕੱਚੀਆਂ ਪਿੱਲੀਆਂ ਬਾਣੀਆਂ ਦੇ ਕਚ-ਪਿਚੇ ਰਾਗਾਂ ਦਵਾਰਾ ਵਾਹਿਗੁਰੂ ਭਿਜਦਾ ਹੈ, ਨਾ ਹੀ ਨਾਦ ਨਰਸਿੰਘੇ ਵਜਾਇਆਂ ਵਾਹਿਗੁਰੂ ਭਿਜਦਾ ਹੈ (ਜੈਸੇ ਕਿ ਸੰਨਿਆਸੀ ਜੋਗੀ ਘਰ ਘਰ ਵਜਾਉਂਦੇ ਫਿਰਦੇ ਹਨ), ਨਾ ਹੀ ਬੇਦਾਂ ਦੁਆਰਾ ਭਿਜਦਾ ਹੈ, ਨਾ ਹੀ ਮੂਰਤੀਆਂ ਦੁਆਰਾ ਭਿਜਦਾ ਹੈ, ਨਾ ਹੀ ਫੋਕਟ ਗਿਆਨ-ਵੀਚਾਰਾਂ ਦੁਆਰਾ ਭਿਜਦਾ ਹੈ, ਨਾ ਹੀ ਜੋਗ-ਸਾਧਨ ਕੀਤਿਆਂ ਭਿਜਦਾ ਹੈ, ਨਾ ਹੀ ਸੋਗ ਬ੍ਰਿਤੀਆਂ ਮਰਨ ਬ੍ਰਤਾਂ ਦੁਆਰਾ ਵਾਹਿਗੁਰੂ ਭਿਜਦਾ ਹੈ, ਨਾ ਹੀ ਰੋਜ਼ੇ ਰਖਿਆਂ ਤੋਂ ਭਿਜਦਾ ਹੈ। ਨਾ ਹੀ ਵਾਹਿਗੁਰੂ ਰੂਪ ਨਾਲ, ਮਾਲ ਧਨ ਨਾਲ, ਮੌਜਾਂ ਕਰਨ ਨਾਲ ਸੁਪ੍ਰਸੰਨ ਹੁੰਦਾ ਹੈ। ਭਾਵ, ਚਾਹੇ ਕੋਈ ਕਿਤਨਾ ਰੂਪਵੰਤ ਹੋਵੇ, ਚਾਹੇ ਕੋਈ ਕਿਤਨਾ ਧਨਵੰਤ ਮਾਲ-ਮਤੇ ਵਾਲਾ ਹੋਵੇ, ਚਾਹੇ ਕੋਈ ਕਿਤਨਾ ਮੌਜਾਂ ਰੰਗ-ਰਲੀਆਂ ਮਾਣਨ ਵਾਲਾ ਹੋਵੇ, ਤਿਨ੍ਹਾਂ ਉਪਰ ਹਰਗਿਜ਼ ਹਰਗਿਜ਼ ਵਾਹਿਗੁਰੂ ਨਹੀਂ ਪਸੀਜਦਾ। ਚਾਹੇ ਕਿਤਨਾ ਹੀ ਕੋਈ ਆਨਮਤ ਤੀਰਥਾਂ ਉਤੇ ਨੰਗੇ ਪੈਰੀਂ ਭਉਂਦਾ ਫਿਰੇ, ਇਸ ਫੋਕਟ ਕਿਰਿਆ ਵਾਲੇ ਭੇਖ ਉਪਰ ਵਾਹਿਗੁਰੂ ਨਹੀਂ ਭਿਜਦਾ। ਭਾਵੇਂ ਕੋਈ ਕਿਤਨੀਆਂ ਦਾਤਾਂ ਦੇਂਦਾ ਫਿਰੇ ਅਤੇ ਕਿਤਨੇ ਹੀ ਪੁੰਨ ਕਰਦਾ ਫਿਰੇ ਤਾਂ ਵੀ ਇਨ੍ਹਾਂ ਫੋਕਟ ਕਿਰਿਆਵਾਂ ਉਤੇ ਵਾਹਿਗੁਰੂ ਨਹੀਂ ਰੀਝਦਾ। ਅਤੇ ਨਾ ਹੀ ਬਾਹਰ ਖੁਲ੍ਹੇ ਮੈਦਾਨ ਵਿਚ ਅਤੇ ਨਾ ਹੀ ਖੁਲ੍ਹੀਆਂ ਪੈਂਦੀਆਂ ਸਰਦੀਆਂ ਵਿਚ ਅਤੇ ਮੀਂਹਾਂ ਕਣੀਆਂ ਵਿਚ ਨਗਨ ਬੈਠਿਆਂ ਅਤੇ ਪਾਲੇ ਸੀਤ ਵਿਚ ਸੁੰਨ ਮਰਦਿਆਂ ਵਾਹਿਗੁਰੂ ਭਿਜਦਾ ਹੈ। ਅਤੇ ਨਾ ਹੀ (ਭੇੜਿ ਮਰਹਿ) ਜੰਗ ਯੁਧ ਵਿਚ ਭਿੜ ਕੇ ਮਰਨ ਨਾਲ ਅਤੇ ਸੂਰਮਾ ਸਦਾਉਣ ਨਾਲ ਵਾਹਿਗੁਰੂ ਭਿਜਦਾ ਹੈ, ਅਤੇ ਨਾ ਹੀ ਮਿੱਟੀਆਂ ਵਿਚ ਰੁਲਣ ਨਾਲ ਤਨ ਬਦਨ ਦੇਹ ਤੇ ਸਿਰ ਤੇ ਖ਼ਾਕ ਮਲਣ ਨਾਲ ਵਾਹਿਗੁਰੂ ਭਿਜਦਾ ਹੈ। ਮਨ ਦੀਆਂ ਅਵਸਥਾਂ ਅਨੁਸਾਰ ਲੇਖਾ ਲਿਖਿਆ ਜਾਂਦਾ ਹੈ। ਮਨ ਬਚਨ ਕਰਮ ਕਰਕੇ ਵਾਹਿਗੁਰੂ ਦੀ ਸੱਚੀ ਭਗਤੀ ਵਿਚ ਲੀਨ ਹੋਇਆਂ ਹੀ ਅਤੇ ਸੱਚੇ ਗੁਰਮੁਤਿ ਨਾਮ ਦੀਆਂ ਅਭਿਆਸ ਕਮਾਈਆਂ ਕਰ ਕੇ ਹੀ ਵਾਹਿਗੁਰੂ ਤੁਠਦਾ ਹੈ ਤੇ ਭਗਤੀ ਭਾਵ ਦੁਆਰਾ ਹੀ ਤੁਠ ਕੇ ਕਲਿਆਨ-ਦਾਇਕ ਬਣਦਾ ਹੈ।

ਨੌਂ ਵਿਆਕਰਣਾਂ, ਛੇਆਂ ਸ਼ਾਸਤ੍ਰਾਂ ਅਤੇ ਖੱਟ ਕਰਮਾਂ ਦੁਆਰਾ ਭਾਵੇਂ

ਕਿਤਨੀਆਂ ਹੀ ਫੋਕਟ ਵੀਚਾਰਾਂ ਕੋਈ ਕਰਦਾ ਫਿਰੇ, ਦਿਨੇ ਰਾਤ ਅਠਾਰ੍ਹਾਂ ਮਣ ਭਾਰਾਂ ਵਾਲੇ ਮਹਾਂਭਾਰਤ ਰਮਾਇਣ ਆਦਿਕ ਦੀ ਫੋਕਟ ਕਥਾ ਕੋਈ ਕਿਤਨੀ ਹੀ ਕਰਦਾ ਫਿਰੇ, ਤਿਨ੍ਹਾਂ ਭੇਖੀਆਂ ਨੇ ਭੀ ਤੇਰਾ ਅੰਤ ਨਹੀਂ ਪਾਇਆ। ਐਸੇ ਭੇਖੀ-ਭਰਮੀ ਮੁਕਤ ਨੂੰ ਕਦੇ ਪ੍ਰਾਪਤ ਨਹੀਂ ਹੋ ਸਕਦੇ। ਕਵਲ ਦੀ ਨਾਭੀ ਵਿਚ ਵਸਦੇ ਹੋਏ ਬ੍ਰਹਮੇ ਨੇ ਵਾਹਿਗੁਰੂ ਦਾ ਅੰਤ ਨਹੀਂ ਪਾਇਆ। ਨਾਮ ਤੋਂ ਬਿਨਾਂ ਮੁਕਤੀ ਕਦੇ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਜਨਾਂ ਨੇ ਗੁਰਮੰਤਰ ਗੁਰ-ਦੀਖਿਆ ਵਾਹਿਗੁਰੂ ਨਾਮ ਪਾ ਕੇ ਹੀ ਵਾਹਿਗੁਰੂ ਦੀ ਦਰਸ਼ਨ-ਪ੍ਰਾਪਤੀ ਕੀਤੀ ਹੈ।

ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥੨॥੩॥

[ਮਹਲਾ ੧, ਸਾਰੰਗ ਕੀ ਵਾਰ, ਪੰਨਾ ੧੨੩੮

ਇਹ ਇਕੱਲੀ ਗੁਰ-ਪੰਗਤੀ ਹੀ ਤੱਤ ਗੁਰਮਤਿ ਦੇ ਮੰਡਨ ਦਾ ਅਤੇ ਆਨਮਤ ਭਰੀ ਆਨਮਤ ਦੇ ਖੰਡਨ ਦਾ ਯਥਾਰਥ ਨਿਰਣਾ ਕਰਦੀ ਹੈ। ਵਿਆਖਿਆ ਦੀ ਲੋੜ ਹੀ ਕੋਈ ਨਹੀਂ।

ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥
ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥
ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥
ਸਭਿ ਪਾਤਿਸਾਹੀਆਂ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥
ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥
ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥
ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥
ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥੨॥੯॥

[ਮਹਲਾ ੧, ਸਾਰੰਗ ਕੀ ਵਾਰ, ਪੰਨਾ ੧੨੪੧

ਏਸ ਗੁਰ-ਸ਼ਬਦ ਗੁਰਵਾਕ ਦੁਆਰਾ ਸਰਬੱਤ ਆਨਮਤ ਭੇਖਾਂ ਦਾ ਸਪੱਸ਼ਟ ਖੰਡਨ ਹੈ। ਯਥਾ ਵਿਆਖਿਆ—

ਗੁਰਮਤਿ ਤੋਂ ਬਿਨਾਂ ਜਿਤਨੀਆਂ ਭੀ ਸੁਰਤੀਆਂ ਹਨ, ਜਿਤਨੇ ਭੀ ਜੋਗ ਸ਼ਾਸਤ੍ਰ ਹਨ, ਜਿਤਨੇ ਵੀ ਬੇਦ ਪੁਰਾਨ ਆਦਿਕ ਆਨਮਤੀ ਪੁਸਤਕ ਹਨ, ਜਿਤਨੇ ਵੀ ਜਪ ਤਪ ਆਦਿਕ ਆਨਮਤੀ ਭੇਖ ਹਨ ਅਤੇ ਜਿਤਨੇ ਵੀ ਆਨਮਤੀ ਗਿਆਨ ਹਨ, ਜਿਤਨੀਆਂ ਵੀ ਮਨਮਤਿ ਮਈ ਬੁਧੀਆਂ ਅਤੇ ਸੁਧੀਆਂ ਹਨ ਅਤੇ ਜਿਤਨੇ ਵੀ ਆਨਮਤੀ ਤੀਰਥ, ਸਮੂਹ ਮਨਮਤੀ ਤੀਰਥਾਂ ਦੇ ਅਸਥਾਨ ਹਨ, ਦੁਨਿਆਵੀ ਕੂੜ੍ਹਾ-ਵੀਆਂ ਪਾਤਸ਼ਾਹੀਆਂ ਤੇ ਕੂੜ੍ਹਾਵੇ ਪਾਤਸ਼ਾਹਾਂ ਦੇ ਹੁਕਮ ਹਾਸਲ ਹਨ ਅਤੇ ਤਿਨ੍ਹਾਂ ਦੇ ਜਿਤਨੀਆਂ ਖੁਸ਼ੀਆਂ ਖਾਨ ਪਾਨ ਦੀਆਂ ਹਨ, ਜਿਤਨੇ ਵੀ ਸੁਰ ਨਰ ਮੁਨਿ ਜਨ ਅਨਮੱਤੀ ਹਿੰਦੂਆਂ ਦੇ ਮੰਨੇ ਹੋਏ ਦੇਵਤੇ ਹਨ ਅਤੇ ਜਿਤਨੇ ਵੀ ਬਨਾਵਟੀ ਜੋਗ ਭੇਖ

ਧਿਆਨ ਹਨ, ਇਸ ਤੈ੍ਰਗੁਣੀ ਰਚਨਾ ਦੀਆਂ ਸਮੂਹ ਪੁਰੀਆਂ, ਜੀਅ ਅਤੇ ਜੀਆਂ ਸਮੇਤ ਜਹਾਨ ਅਤੇ ਖੰਡ ਮੰਡਲ ਬ੍ਰਹਮੰਡ ਹਨ, ਉਹ ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਹੁਕਮ ਅੰਦਰ ਹੀ ਰਖੇ ਹਨ, ਜਿਨ੍ਹਾਂ ਸਭਨਾਂ ਦੇ ਸਿਰਾਂ ਉਤੇ ਤਿਨ੍ਹਾਂ ਦੇ ਕਰਮਾਂ ਅਨੁਸਾਰ ਲੇਖ ਭੁਗਤਾਣ ਵਾਲੀ ਕਲਮ ਵੁੜੀ ਹੋਈ ਹੈ, ਇਹ ਸਭ ਪਿਛਲੇ ਗਿਣੇ ਹੋਏ ਆਨਮਤੀ ਭੇਖ ਕਰਮ ਕਾਂਡ ਦੇ ਰੂਪ ਰੇਖ ਹੀ ਹਨ। ਗੁਰਮਤਿ ਅਨੁਸਾਰ ਇਹ ਸਭ ਖੰਡਨ ਹਨ।

ਗੁਰ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਨ੍ਹਾਂ ਸਭ ਮਨਮਤੀ ਭੇਖਾਂ ਦੇ ਮੁਕਾਬਲੇ ਵਿਚ ਗੁਰੂ ਘਰ ਦਾ ਇਕੋ ਗੁਰਮਤਿ ਨਾਮ ਹੀ ਸੱਚਾ ਹੈ। ਹੋਰ ਸਭ ਕੂੜਾ-ਵੀਆਂ ਭਰਮ-ਭੁਲਾਵਣੀਆਂ ਵਾਲੇ ਭੇਖ ਹੀ ਹਨ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਸਤਸੰਗ ਮਈ ਦੀਵਾਨ-ਸਭਾ ਹੀ ਤੱਤਾਂ ਸਿਰ ਤੱਤ ਸੱਚ ਹੈ।

ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਇ ॥
ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ ॥
ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ ॥
ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥
ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧॥੧੦॥

[ਸਲੋਕ ਮ: ੧, ਸਾਰੰਗ ਕੀ ਵਾਰ, ਪੰਨਾ ੧੨੪੧

ਭਾਵੇਂ ਸਿਰ ਪਰਨੇ ਹੋ ਕੇ ਸਾਰੀਆਂ ਪੁਰੀਆਂ ਤੇ ਖੰਡ-ਬ੍ਰਹਮੰਡਾਂ ਵਿਖੇ ਫਿਰੇ ਅਤੇ ਇਕ ਪੈਰ (ਟੰਗ) ਖੜੇ ਹੋ ਕੇ ਮਨ-ਉਕਤ ਧਿਆਨ ਧਰੇ, ਆਪਣੇ ਮਨ ਹੀ ਮਨ ਅੰਦਰ ਪਉਣ ਨੂੰ ਰੋਕ ਕੇ ਮਨ-ਉਕਤ ਇਕ-ਸਾਰ ਜਪ ਕਰੇ, ਆਪਣੇ ਸਿਰ ਨੂੰ ਧੌਣ ਹੇਠਾਂ ਦੇਈ ਰਖੇ, ਕਿਸ ਉਤੇ ਉਹ ਟੇਕ ਰਖੇ, ਕਿਸ ਦੇ ਆਸਰੇ ਤੇ ਉਹ ਰਹੇ, ਇਹ ਸਭ ਬਨਾਵਟੀ ਆਸਰੇ ਤੁਛ ਹਨ, ਸਭ ਬਿਰਥੇ ਕਸ਼ਟ ਹਨ, ਜਿਨ੍ਹਾਂ ਦੇ ਕੀਤਿਆਂ ਕੁਛ ਨਹੀਂ ਬਣਦਾ ਸਰਦਾ। ਇਹ ਨਹੀਂ ਕਹਿ ਸਕੀਦਾ ਕਿ ਦਾਤਾਰ ਕਰਤਾ ਪੁਰਖ ਕਿਸ ਨੂੰ ਦਾਤਿ ਦਿੰਦਾ ਹੈ, ਇਹ ਸਭ ਵਾਹਿਗੁਰੂ ਦੀ ਨਦਰ ਮੇਹਰਾਂ ਦੀ ਖੇਡ ਹੈ। ਮੂਰਖ ਹਠੀਆ ਪੁਰਸ਼ ਆਪਣੇ ਮਨ-ਮੰਨੇ ਹੁਕਮ ਅਨੁਸਾਰ ਚਲਦਾ ਹੈ ਤੇ ਆਪਣਾ ਆਪ ਗਣਾਂਵਦਾ ਹੈ (ਜਤਾਂਵਦਾ ਹੈ)। ਇਹ ਸਭ ਹਠ-ਕਿਰਿਆ ਹੈ, ਜੋ ਗੁਰਮਤਿ ਅੰਦਰ ਪਰਮ ਖੰਡਣ ਯੋਗ ਹੈ।

ਅਖੀਂ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥
ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥
ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥
ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥
ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥
ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥

ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨॥੧੧॥

[ਮ: ੧, ਸਾਰੰਗ ਕੀ ਵਾਰ, ਪੰਨਾ ੧੨੪੧-੪੨

ਮਨ-ਹਠ ਕਰਕੇ ਭਾਵੇਂ ਅੱਖਾਂ ਦੇ ਭਾਰ (ਪਰਨੇ) ਹੋ ਕੇ ਰਚਨਹਾਰ ਕਰਤਾਰ ਦੀ ਰਚਨਾ (ਅਕਾਰ) ਵਿਖੇ ਸਭ ਸੰਸਾਰ ਨੂੰ ਦੇਖਦਾ ਫਿਰਾਂ, ਅਤੇ ਦੁਨਿਆਵੀ ਗਿਆਨੀਆਂ ਪੰਡਿਤਾਂ ਨੂੰ ਪ੍ਰਮਾਰਥ ਸੰਬੰਧੀ ਕਿਤਨਾ ਹੀ ਪੁਛਦਾ ਫਿਰਾਂ, ਸਾਰੀਆਂ ਦੁਨੀਆਂ ਵਿਚ ਫਿਰ ਫਿਰ ਕੇ ਇਨ੍ਹਾਂ ਕਹਾਵਤੀ ਪੰਡਿਤਾਂ ਗਿਆਨੀਆਂ ਨੂੰ ਪੁਛ ਪੁਛ ਕੇ ਹੰਭ ਹਟਾਂ, ਅਤੇ ਬੇਦਾਂ ਦੀ ਬੀਚਾਰ ਨੂੰ ਟੋਹ ਤਕਾਂ, ਸਾਰੀਆਂ ਦੁਨੀਆਂ ਦੇ ਸੁਰਾਂ ਨਰਾਂ ਦੇਵਤਿਆਂ ਮਨੁਖਾਂ ਨੂੰ ਤੇ ਜੋਧੇ ਅਵਤਾਰ ਸਦਾਵਣ-ਹਾਰਿਆਂ ਨੂੰ ਵੀ ਪੁਛ ਪੁਛ ਕੇ ਥੱਕ ਰਹਾਂ, ਮਨ-ਉਕਤ ਸਮਾਧੀਆਂ ਲਾਉਣ ਵਾਲੇ ਸਿਧਾਂ ਦੀ ਰਿਧੀ ਸਿਧੀ ਨੂੰ ਸੁਣ ਸੁਣ ਕੇ ਉਨ੍ਹਾਂ ਦੇ ਬਨਾਵਟੀ ਦਰਬਾਰ ਜਾਇ ਦੇਖਾਂ, ਪਰ ਇਹ ਬਨਾਵਟੀ ਕਸ਼ਟਾਵਣੀਆਂ ਕਿਸੇ ਕੰਮ ਨਹੀਂ ਆਵਣੀਆਂ। ਅਗੇ (ਪ੍ਰਲੋਕ ਵਿਖੇ) ਸੱਚੇ ਵਾਹਿਗੁਰੂ ਦਾ ਨਾਮ ਹੀ ਕੰਮ ਆਉਂਦਾ ਹੈ, ਵਾਹਿਗੁਰੂ ਦਾ ਨਾਮ ਨਿਰਭਉ ਹੈ, ਭੈ ਤੋਂ ਬਿਨਾਂ ਹੈ, ਅਤੇ ਸਾਰ ਤੱਤ ਵਸਤੂ ਗ੍ਰਹਿਣ ਕਰਨ ਜੋਗ ਇਹੀ ਹੈ। ਹੋਰ ਉਪਰ ਦੱਸੀਆਂ ਸਭ ਕੱਚੀਆਂ ਮਤੀਆਂ ਹਨ, ਜੋਗ ਇਹੀ ਹੈ, ਹੋਰ ਸਭ ਕਪੋਲ ਕਿਰਿਆ ਹੀ ਹੈ, ਜੋ ਨਿਰੀ ਕਚ-ਪਿਚੀ ਹੈ। ਗੁਰਮਤਿ ਤੋਂ ਘੁਥੇ ਹੋਏ ਅੰਧੇ ਅਗਿਆਨੀਆਂ ਦੀ ਇਹ ਅੰਧ ਵੀਚਾਰ ਹੈ। ਵਾਹਿਗੁਰੂ ਦੀ ਬਖ਼ਸ਼ਿਸ਼ ਦੁਆਰਾ ਗੁਰੂ ਨਾਨਕ ਦੇ ਘਰ ਦੀ ਬਖ਼ਸ਼ੀ ਹੋਈ ਬੰਦਗੀ ਵਾਹਿਗੁਰੂ ਦੀ ਨਦਰ ਮੇਹਰ ਨਾਲ ਭਵਜਲ ਤੋਂ ਪਾਰ ਲੰਘਾਵਣ ਲਈ ਸਮਰੱਥ ਹੈ।

ਸਾਸਤ੍ਰ ਬੇਦ ਪੁਰਾਣ ਪੜ੍ਹੰਤਾ ॥ ਪੂਕਾਰੰਤਾ ਅਜਾਣੰਤਾ ॥
ਜਾਂ ਬੂਝੈ ਤਾਂ ਸੂਝੈ ਸੋਈ ॥ ਨਾਨਕੁ ਆਖੈ ਕੂਕ ਨ ਹੋਈ ॥੧॥੧੩॥

[ਸਲੋਕੁ ਮ: ੧, ਸਾਰੰਗ ਕੀ ਵਾਰ, ਪੰਨਾ ੧੨੪੨

ਸ਼ਾਸਤ੍ਰ ਬੇਦ ਪੁਰਾਣ ਨੂੰ ਪੜ੍ਹਨਹਾਰਾ ਐਵੇਂ ਫੋਕਾ ਹੀ ਪੜ੍ਹਾਕੂ ਰਹਿੰਦਾ ਹੈ, ਜਿਉਂ ਜਿਉਂ ਉਹ ਬੇਦ ਪੁਰਾਣ ਸ਼ਾਸਤ੍ਰਾਂ ਨੂੰ ਪੁਕਾਰਦਾ ਹੈ ਤਿਉਂ ਤਿਉਂ ਉਹ ਅਜਾਣ ਮੂਰਖ ਅਗਿਆਨੀ ਹੀ ਰਹਿੰਦਾ ਹੈ। ਸੱਚੀ ਬੂਝਣੀ ਜੇ ਕੋਈ ਜਗਿਆਸੂ ਖੋਜੀ ਬੂਝਣਾ ਚਾਹੇ ਤਾਂ ਉਸ ਨੂੰ ਗੁਰਮਤਿ ਮਾਰਗ ਦੀ ਸੱਚੀ ਸੂਝ ਆਵੇ। ਗੁਰੂ ਨਾਨਕ ਸਾਹਿਬ ਦੀ ਗੁਰ-ਦੀਖਿਆ ਮਈ ਆਖਣੀ ਗੁਰਮੰਤਰ ਗੁਰਮਤਿ ਨਾਮ ਨੂੰ ਜੇ ਕੋਈ ਆਖੇ ਤਾਂ ਉਸ ਦੀ ਕੂਕ ਪੁਕਾਰ ਸਭ ਮਿਟ ਜਾਂਦੀ ਹੈ, ਐਵੇਂ ਕਦੇ ਨਹੀਂ ਮਿਟਦੀ। ਭਾਵੇਂ ਆਨਮਤ ਦੀਆਂ ਦੱਸੀਆਂ ਗੱਲਾਂ ਮਨ-ਉਕਤ ਵੀਚਾਰ ਕਰ ਕੇ ਕਿਤਨੀਆਂ ਹੀ ਉਚਾਰਦਾ ਫਿਰੇ, ਇਹ ਸਭ ਭੇਖ-ਕਰਣੀਆਂ ਹਨ, ਜੋ ਗੁਰਮਤਿ ਅੰਦਰ ਖੰਡਨ ਹਨ।

ਕਥਾ ਕਹਾਣੀ ਬੇਦੀਂ ਆਣੀ ਪਾਪੁ ਪੁੰਨੁ ਬੀਚਾਰੁ ॥

ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤੁ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥੧॥੧੬॥

[ਸਲੋਕ ਮ: ੨, ਸਾਰੰਗ ਕੀ ਵਾਰ, ਪੰਨਾ ੧੨੪੨

ਬੇਦਾਂ ਨੇ ਜੋ ਮਨ-ਉਕਤ ਕਥਾ ਕਹਾਣੀਆਂ ਲਿਆਂਦੀਆਂ ਹਨ, ਇਹ ਮਨ-ਉਕਤ ਮਾਇਆ ਮਈ ਸੰਸਾਰਕ ਕਹਾਣੀਆਂ ਹੀ ਹਨ। ਵੇਦਾਂ ਦੀਆਂ ਦੱਸੀਆਂ ਕਥਾਵਾਂ ਤੇ ਕਹਾਣੀਆਂ ਵਿਚ ਤਾਂ ਸਿਰਫ਼ ਪਾਪ ਪੁੰਨ ਹੀ ਵੀਚਾਰਿਆ ਹੁੰਦਾ ਹੈ ਤੇ ਦੱਸਿਆ ਹੁੰਦਾ ਹੈ ਕਿ ਕਿਵੇਂ ਸੰਸਾਰਕ ਪ੍ਰਾਣੀ ਦਿੱਤੇ ਨੂੰ ਲੈਂਦੇ ਹਨ ਅਤੇ ਲਏ ਨੂੰ ਦੇਂਦੇ ਹਨ, ਅਤੇ ਕਿਵੇਂ ਕਰਮਾਂ ਅਨੁਸਾਰ ਤਿਨ੍ਹਾਂ ਨੂੰ ਨਰਕਾਂ ਸੁਰਗਾਂ ਵਿਚ ਵਾਸਾ ਮਿਲਦਾ ਹੈ ਤੇ ਨਾਲੇ ਇਨ੍ਹਾਂ ਦੇ ਪੜ੍ਹਨ ਨਾਲ ਲੋਕੀ ਉਚੀਆਂ ਤੇ ਨੀਵੀਆਂ ਜਾਤਾਂ ਤੇ ਕਿਸਮ ਕਿਸਮ ਦੇ ਭਰਮਾਂ ਵਿਚ ਭਟਕਦੇ ਰਹਿੰਦੇ ਹਨ। ਤਾਂ ਤੇ ਇਨ੍ਹਾਂ ਬੇਦਾਂ ਆਦਿਕ ਆਨਮਤ ਦੀਆਂ ਪੁਸਤਕਾਂ ਦੀਆਂ ਪੜ੍ਹਾਈਆਂ ਤੋਂ ਕੋਈ ਉਚੀ ਗੱਲ ਨਹੀਂ ਮਿਲਦੀ। ਦੂਜੇ ਪਾਸੇ ਇਹ ਕੇਵਲ ਗੁਰੂ ਦੀ ਅੰਮ੍ਰਿਤ ਬਾਣੀ ਹੀ ਹੈ ਜੋ ਤੱਤ-ਗੱਲ ਵਾਹਿਗੁਰੂ ਨਾਮ ਨੂੰ ਹੀ ਵਖਾਣਦੀ ਹੈ। ਕਿਉਂਕਿ ਇਹ ਧੁਰ ਕੀ ਬਾਣੀ ਹੈ, ਕੇਵਲ ਗੁਰੂ ਸਾਹਿਬ ਦੇ ਗਿਆਨ ਧਿਆਨ ਵਿਚ ਹੀ ਧੁਰੋਂ ਆਈ ਹੈ ਤੇ ਕੇਵਲ ਗੁਰੂ ਘਰ ਦੇ ਗੁਰਮੁਖਿ ਜਨਾਂ ਨੇ ਹੀ ਗੁਰਮਤਿ ਗੁਰ-ਦੀਖਿਆ ਲੈ ਕੇ ਵਖਾਨਣੀ ਹੈ (ਭਾਵ, ਗੁਰਮੁਖਾਂ ਦੇ ਵਖਾਨਣ ਵਿਚ ਹੀ ਆਉਂਦੀ ਹੈ) ਤੇ ਗੁਰਮੁਖਿ ਜਨਾਂ ਨੇ ਹੀ ਵਾਹਿਗੁਰੂ ਦੀ ਬਖ਼ਸ਼ਿਸ਼ ਨਦਰ ਦੁਆਰਾ ਇਸ ਧੁਰੋਂ ਆਈ ਬਾਣੀ ਨੂੰ ਧਿਆਇਆ ਹੈ। ਵਾਹਿਗੁਰੂ ਕਰਤਾ ਪੁਰਖ ਆਪਣੇ ਹੁਕਮ ਮਈ ਕਾਰ ਦੀ ਸਾਜਨਾ ਨੂੰ ਹੀ ਮੁਖ ਕਰਦਾ ਹੈ। ਜਿਨ੍ਹਾਂ ਜੰਤਾਂ ਉਪਰ ਵਾਹਿਗੁਰੂ ਨਿਹਾਲ ਹੁੰਦਾ ਹੈ ਅਤੇ ਆਪਣੀ ਨਦਰ ਨਦਰਾਉਂਦਾ ਹੈ, ਉਨ੍ਹਾਂ ਨੂੰ ਆਪਣੇ ਹੁਕਮ ਵਿਚ ਹੀ ਰਖਦਾ ਹੈ, ਅਤੇ ਹੁਕਮੈ ਅੰਦਰ ਹੀ ਵਰਤਦਾ ਵੇਖ ਕੇ ਵਿਗਸਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਪਹਿਲਾਂ ਜਗਿਆਸੂ ਜਨ ਦੀ ਹਉਮੈ ਟੁਟ ਜਾਵੇ ਤਾਂ ਫਿਰ ਉਸ ਦੀ ਘਾਲ-ਕਮਾਈ ਲੇਖੈ ਪੈਂਦੀ ਹੈ ਇਹ ਹਉਮੈ ਟੁਟਦੀ ਨਾਮ ਦੁਆਰਾ ਹੀ ਹੈ, ਹੋਰ ਕਿਸੇ ਬਿਧਿ ਨਹੀਂ ਟੁਟਦੀ।

ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਕਾ ਬੀਉ ॥
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ॥
ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ ॥

ਸਚੁ ਬੀਜੈ ਸਚੁ ਉਗਵੈ ਦਰਗਹ ਪਾਈਐ ਥਾਉ ॥
ਬੇਦੁ ਵਪਾਰੀ ਗਿਆਨੁ ਰਾਸਿ ਕਰਮੀ ਪਲੈ ਹੋਇ ॥
ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ ॥੨॥੧੬॥

[ਮ: ੧, ਸਾਰੰਗ ਕੀ ਵਾਰ, ਪੰਨਾ ੧੨੪੩

ਉਪਰ ਵਿਅਖਤ ਕੀਤੇ ਗੁਰਵਾਕ ਦਾ ਭਾਵ ਹੀ ਇਸ ਗੁਰਵਾਕ ਵਿਚ ਵਿਆਖਤ ਕੀਤਾ ਗਿਆ ਹੈ। ਯਥਾ ਵਿਆਖਿਆ—

ਹਿੰਦੂ ਧਰਮ ਦਾ ਪੁਸਤਕ ਬੇਦ ਪੁੰਨ ਪਾਪ ਹੀ ਪੁਕਾਰਦਾ ਹੈ, ਜੋ ਪੁੰਨ ਸੁਰਗ ਦਾ ਬੀਜ ਬੀਜਦਾ ਹੈ ਤੇ ਪਾਪ ਨਰਕ ਦਾ। ਇਸ ਬੇਦ ਦੇ ਭਾਵ ਅਨੁਸਾਰ ਜੋ ਪੁਰਸ਼ ਆਪਣੀ ਕਰਣੀ ਕਰਤੂਤ ਦੁਆਰਾ ਬੀਜਦਾ ਹੈ ਸੋਈ ਉਗਵਦਾ ਹੈ। ਜੋ ਕਰਮ-ਕਾਂਡੀ ਪੁਰਸ਼ ਇਸ ਦੇ ਫਲ ਨੂੰ ਖਾਂਦਾ ਹੈ ਉਸ ਦਾ ਜੀਅ (ਦਿਲ) ਹੀ ਜਾਣਦਾ ਹੈ। (ਜਿਹਾ ਸੁਆਦ ਉਹ ਚਖਦਾ ਹੈ)। ਕੇਵਲ ਵਾਹਿਗੁਰੂ ਦਾ ਨਾਮ ਹੀ ਸੱਚਾ ਹੈ। ਗੁਰਮਤਿ ਅਨੁਸਾਰ ਇਹੀ, ਭਾਵ, ਗੁਰਮਤਿ ਨਾਮ ਹੀ ਸੱਚਾ ਪ੍ਰਚੰਡ ਗਿਆਨ ਹੈ। ਇਸ ਗੁਰਮਤਿ ਨਾਮ ਦੇ ਸਲਾਹਿਆਂ ਹੀ ਵਾਹਿਗੁਰੂ ਦੀ ਦਰਗਾਹ ਅੰਦਰ ਸੱਚੀ ਮਾਣ-ਵਡਿਆਈ ਪਾਉਂਦਾ ਹੈ, ਸਲਾਹੁਣਹਾਰਾ। ਇਹ ਗੁਰਮਤਿ ਨਾਮ ਹੀ ਸੱਚਾ ਬੀਜ ਹੈ, ਜੋ ਸੱਚੀ ਉਗਵਣੀ ਵਿਚ ਉਗਦਾ ਹੈ। ਇਸ ਵਾਹਿਗੁਰੂ ਦੇ ਨਾਮ ਦੇ ਜਪਿਆਂ ਵਾਹਿਗੁਰੂ ਦੀ ਦਰਗਾਹ ਵਿਖੇ ਸੱਚੀ ਥਾਉਂ ਪ੍ਰਾਪਤ ਹੁੰਦੀ ਹੈ। ਗੁਰਮਤਿ ਨਾਮ ਜਪਣ ਵਾਲਾ ਹੀ ਸੱਚਾ ਬੇਦ-ਬਪਾਰੀ ਹੈ। ਇਹ ਸੱਚਾ ਵਪਾਰ ਕਰਮਾਂ ਕਰਕੇ, ਵਾਹਿਗੁਰੂ ਦੀ ਨਦਰ ਬਖ਼ਸ਼ਿਸ਼ ਕਰਕੇ ਪੱਲੇ ਪੈਂਦਾ ਹੈ।

ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਹੀ ਨਾਮ ਰੂਪੀ ਸੱਚੀ ਪੂੰਜੀ ਹੈ। ਇਸ ਰਾਸ ਪੂੰਜੀ ਨੂੰ ਹੀ ਲਦ ਕੇ ਜੋ ਲੈ ਜਾਂਦਾ ਹੈ ਤਿਸੇ ਨੂੰ ਹੀ ਵਾਹਿਗੁਰੂ ਦੀ ਦਰਗਾਹ ਅੰਦਰ ਸੱਚੀ ਮਾਣ-ਵਡਿਆਈ ਮਿਲਦੀ ਹੈ। ਏਸ ਸੱਚੀ ਰਾਸ ਪੂੰਜੀ ਬਾਝੋਂ ਹੋਰ ਸਭ ਰਾਸਾਂ ਤੇ ਪੂੰਜੀਆਂ ਕੂੜਾਵੀਆਂ ਹਨ। ਇਨ੍ਹਾਂ ਕੂੜਾਵੀਆਂ ਰਾਸਾਂ ਪੂੰਜੀਆਂ ਨੂੰ ਲਦ ਕੇ ਕੋਈ ਕੀ ਲੈ ਜਾਵੇਗਾ! ਕੂੜਾਵੀਆਂ ਰਾਸਾਂ ਪੂੰਜੀਆਂ ਨੂੰ ਲਦ ਕੇ ਲੈ ਜਾਣਾ ਬਿਰਥਾ ਹੀ ਹੈ, ਤੱਤ ਲਾਭ ਲਾਹਾ ਕੁਛ ਵੀ ਨਹੀਂ ਪ੍ਰਾਪਤ ਹੁੰਦਾ।

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ ॥
ਏਹ ਤ੍ਰਿਗੁਣ ਮਾਇਆ ਜਿਨਿ ਜਗਤੁ ਭੁਲਾਇਆ ਜਨਮ ਮਰਣ ਕਾ ਸਹਸਾ ॥
ਗੁਰ ਪਰਸਾਦੀ ਏਕੋ ਜਾਣੈ ਚੂਕੈ ਮਨਹੁ ਅੰਦੇਸਾ ॥੨॥੧॥

[ਮਲਾਰ ਮਹਲਾ ੩ ਘਰੁ ੧, ਪੰਨਾ ੧੨੫੭

ਬ੍ਰਹਮਾ ਬਿਸ਼ਨ ਮਹੇਸ਼ ਹਿੰਦੂਆਂ ਦੇ ਇਨ੍ਹਾਂ ਤਿੰਨਾਂ ਦੇਵਤਿਆਂ ਵਿਚੋਂ ਹਰੇਕ ਨੇ ਬੇਦਾਂ ਨੂੰ ਪੜ੍ਹ ਕੇ ਵਾਦ ਹੀ ਵਖਾਣਿਆ ਹੈ, ਕਿਉਂਕਿ ਵੇਦਾਂ ਅੰਦਰ ਸਿਵਾਏ ਤ੍ਰੈਗੁਣੀ ਮਾਇਆ ਦੇ ਝਗੜਿਆਂ ਦੇ ਹੋਰ ਕੁਛ ਹੈ ਹੀ ਨਹੀਂ। ਇਸ ਤ੍ਰੈਗੁਣੀ ਮਾਇਆ

ਨੇ ਸਾਰਾ ਜਗਤ ਹੀ ਭੁਲਾ ਛਡਿਆ ਹੈ। ਜਨਮ ਮਰਨ ਦਾ ਸੰਸਾ ਤਿਨ੍ਹਾਂ ਦਾ ਮੁਕਦਾ ਹੀ ਨਹੀਂ। ਜਦ ਇਹ ਗੱਲ ਸੱਚ ਹੈ ਤਾਂ ਬ੍ਰਹਮਾ ਬਿਸ਼ਨ ਮਹੇਸ਼ ਦੇਵਤਿਆਂ ਦੇ ਪੁਜਾਰੀਆਂ ਦਾ ਸੰਸਾ ਕਦ ਮੁਕ ਸਕਦਾ ਹੈ। ਤਾਂ ਤੇ ਬੇਦਾਂ ਦੀ ਉਪਾਸ਼ਨਾ ਤੇ ਤਿੰਨਾਂ ਦੇਵਤਿਆਂ ਦੀ ਉਪਾਸ਼ਨਾ ਸਭ ਤ੍ਰੈਗੁਣੀ ਮਾਇਆ ਦੀ ਹੀ ਉਪਾਸ਼ਨਾ ਹੈ, ਜਿਸ ਵਿਚ ਪੈਣਾ ਬਿਰਥਾ ਹੈ। ਇਨ੍ਹਾਂ ਆਨਮਤੀ ਭਰਮ-ਭੇਖੀ ਉਪਾਸ਼ਨਾ ਵਾਲਿਆਂ ਦਾ ਸੰਸਾ ਕਦੇ ਮੁਕਦਾ ਹੀ ਨਹੀਂ। ਇਹ ਸੰਸਾ ਅੰਦੇਸਾ ਜਨਮ ਮਰਨ ਦਾ ਤਦੇ ਮੁਕਦਾ ਹੈ ਜੇ ਗੁਰੂ ਦੀ ਕਿਰਪਾ ਦੁਆਰਾ ਇਕੋ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਵਿਚ ਲਗਿਆ ਜਾਵੇ। ਇਕ ਅਕਾਲ ਪੁਰਖ ਵਾਹਿਗੁਰੂ ਦੀ ਉਪਾਸ਼ਨਾ ਕੇਵਲ ਗੁਰੂ ਸੱਚੇ ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਉਹ ਸੱਚਾ ਵਾਹਿਗੁਰੂ ਗੁਰ ਨਾਨਕ ਦੇਵ ਹੀ ਹੈ। ਤਾਂ ਤੇ ਗੁਰੂ ਨਾਨਕ ਸਾਹਿਬ ਦੇ ਲੜ ਲਗੇ ਬਿਨਾਂ ਅਤੇ ਗੁਰੂ ਘਰ ਵਿਖੇ ਆ ਕੇ ਗੁਰ-ਦੀਖਿਆ ਲਏ ਬਿਨਾਂ ਵਾਹਿਗੁਰੂ ਅਕਾਲ ਪੁਰਖ ਦੀ ਭਾਉ-ਭਗਤੀ ਕਦੇ ਪ੍ਰਾਪਤ ਹੁੰਦੀ ਹੀ ਨਹੀਂ, ਨਾ ਕਦੇ ਕਿਸੇ ਦੀ ਹੋਈ ਹੈ ਨ ਹੋਵੇਗੀ। ਇਹ ਸੱਚੀ ਬੂਝ ਵਾਹਿਗੁਰੂ ਗੁਰਮਤਿ ਨਾਮ ਦੀ ਕੇਵਲ ਗੁਰੂ ਵਰੋਸਾਏ ਗੁਰਮੁਖਿ ਜਨਾਂ ਨੂੰ ਹੀ ਆਉਂਦੀ ਹੈ। ਆਨਮਤੀਆਂ ਤੇ ਆਨਮਤ ਦੇ ਉਪਾਸ਼ਕਾਂ ਨੂੰ ਕਦੇ ਵੀ ਨਹੀਂ ਆ ਸਕਦੀ, ਇਹ ਗੱਲ ਪੱਥਰ 'ਤੇ ਲਕੀਰ ਜਾਣੋ।

ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥
ਅਨਦਿਨੁ ਏਕੋ ਨਾਮੁ ਵਖਾਣੈ ॥...॥੩॥...
ਅਨਦਿਨੁ ਹਰਿ ਗੁਣ ਗਾਵੈ ਸੋਇ॥
ਸਾਸਤ੍ਰ ਬੇਦ ਕੀ ਫਿਰਿ ਕੂਕ ਨ ਹੋਇ ॥੫॥੧॥੧੦॥

[ਮਲਾਰ ਮ: ੩, ਪੰਨਾ ੧੨੬੧

ਸੱਚਾ ਪੰਡਿਤ ਸੋਈ ਹੈ ਜੋ ਬੇਦਾਂ ਸ਼ਾਸਤ੍ਰਾਂ ਦੇ ਦੱਸੇ ਹੋਏ ਤ੍ਰੈਗੁਣਾਂ ਦੀ ਪੰਡ ਨੂੰ ਉਤਾਰ ਕੇ ਲਾਂਭੇ ਧਰ ਦੇਂਦਾ ਹੈ। ਮਾਇਆ ਰੂਪੀ ਤਿਹਾਂ ਗੁਣਾਂ ਦੀ ਲੱਦ ਦਾ ਲਦਿਆ ਹੋਇਆ ਕਦੇ ਪੰਡਿਤ ਕਹਾ ਸਕਦਾ ਹੈ ? ਕਦੇ ਨਹੀਂ। ਸੱਚਾ ਪੰਡਿਤ ਉਹ ਹੈ ਜੋ ਦਿਨੇ ਰਾਤ ਇਕੋ ਗੁਰਮਤਿ ਨਾਮ ਵਾਹਿਗੁਰੂ ਦੇ ਉਚਾਰਨ ਵਿਚ ਹੀ ਲਗਿਆ ਰਹਿੰਦਾ ਹੈ, ਜਿਸ ਦੇ ਮਨ ਤਨ ਹਿਰਦੇ ਅੰਦਰ ਨਾਮ ਹੀ ਪਰੋਇਆ ਰਹਿੰਦਾ ਹੈ। ਯਥਾ ਗੁਰਵਾਕ–

ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥੧॥

[ਰਾਮਕਲੀ ਮ: ੧, ਓਅੰਕਾਰੁ, ਪੰਨਾ ੯੩੮

ਦਿਨੇ ਰਾਤ ਵਾਹਿਗੁਰੂ ਦੇ ਗੁਣ ਗਾਵਣਹਾਰਿਆਂ ਸਿਫ਼ਤ-ਸਲਾਹੀਆਂ ਨੂੰ ਸ਼ਾਸਤ੍ਰ ਬੇਦਾਂ ਦੇ ਪੜ੍ਹਨ ਦੀ ਉੱਕੀ ਹੀ ਲੋੜ ਨਹੀਂ ਰਹਿੰਦੀ। ਜਿਸ ਘਟ ਵਿਖੇ

ਗੁਰਮਤਿ ਨਾਮ ਵਸਿਆ ਹੋਇਆ ਹੈ, ਉਥੇ ਬੇਦਾਂ ਸ਼ਾਸਤ੍ਰਾਂ ਦੀ ਕੂਕ ਪੁਕਾਰ ਨੇੜੇ ਨਹੀਂ ਢੁਕਦੀ। ਉਹ ਸ਼ਾਸਤ੍ਰਾਂ ਬੇਦਾਂ ਦੀ ਪਾਬੰਦੀ ਤੋਂ ਪਰੇ ਹੋ ਜਾਂਦੇ ਹਨ।

ਤ੍ਰੈਗੁਣ ਬਾਣੀ ਬੇਦ ਬੀਚਾਰੁ ॥
ਬਿਖਿਆ ਮੈਲੁ ਬਿਖਿਆ ਵਾਪਾਰੁ ॥
ਮਰਿ ਜਨਮਹਿ ਫਿਰਿ ਹੋਹਿ ਖੁਆਰੁ ॥
ਗੁਰਮੁਖਿ ਤੁਰੀਆ ਗੁਣੁ ਉਰਿਧਾਰੁ ॥੪॥੨੨॥

[ਮਲਾਰ ਮ: ੩, ਪੰਨਾ ੧੨੬੨

ਬੇਦਾਂ ਦੀ ਬੀਚਾਰ ਰੂਪੀ ਬਾਣੀ ਸਭ ਤ੍ਰੈਗੁਣੀ ਮਾਇਆ ਦਾ ਵਿਸਥਾਰ ਹੀ ਹੈ, ਇਹ ਬਿਖਿਆ ਦੀ ਮੈਲ ਹੀ ਹੈ, ਇਨ੍ਹਾਂ ਦਾ ਵੀਚਾਰ ਕਰਨਾ ਬਿਖਿਆ ਦਾ ਵਾਪਾਰ ਕਰਨਾ ਹੀ ਹੈ । ਇਸ ਨੂੰ ਮੰਨਣ ਵਾਲੇ ਆਵਾ ਗਵਣ ਵਿਚ ਪੈ ਪੈ ਖੁਆਰ ਹੁੰਦੇ ਹਨ। ਗੁਰੂ ਘਰ ਦੇ ਗੁਰਮੁਖਿ ਜਨ ਤੁਰੀਆ ਗੁਣ ਵਾਲੇ ਚੌਥੇ ਪਦ ਵਿਚ ਹੀ ਖੇਡਦੇ ਹਨ। ਉਨ੍ਹਾਂ ਦੇ ਨਿਕਟ ਤ੍ਰੈਗੁਣੀ ਮਾਇਆ ਵਾਲੀ ਮੈਲ ਆਉਂਦੀ ਹੀ ਨਹੀਂ, ਭਾਵ, ਉਹ ਤ੍ਰੈਗੁਣੀ ਮਾਇਆ ਵਿਚ ਲੁਭਾਇਮਾਨ ਹੀ ਨਹੀਂ ਹੁੰਦੇ। ਆਨਮਤ ਭੇਖੀ ਆਨਮਤ ਪੁਸਤਕਾਂ ਬੇਦ ਸ਼ਾਸਤ੍ਰਾਂ ਦੇ ਵੀਚਾਰਨ ਵਾਲੇ ਇਸ ਤ੍ਰੈਗੁਣੀ ਮਾਇਆ ਦੀ ਲਿਬੇੜ ਨਾਲ ਹੀ ਲਿਬੜੇ ਰਹਿੰਦੇ ਹਨ । ਗੁਰਮਤਿ ਨਾਮ ਦੇ ਅਭਿਆਸੀ ਹੀ ਇਸ ਮਾਇਆ ਤੋਂ ਨਿਰਲੇਪ ਰਹਿੰਦੇ ਹਨ। ਹੋਰ ਕੋਈ ਆਨਮਤ ਭੇਖੀ ਇਸ ਲਿਬੇੜ ਤੋਂ ਨਹੀਂ ਬਚਿਆ।

ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥
ਨਾਨਕ ਸਰਨਿ ਚਰਨ ਕਮਲਨ ਕੀ ਤੁਮ੍ ਨ ਡਾਰਹੁ ਪ੍ਰਭ ਕਰਤੇ ॥੩॥੪॥

[ਮਲਾਰ ਮਹਲਾ ੫, ਪੰਨਾ ੧੨੬੭

ਸ਼ਿਵ ਜੀ, ਬ੍ਰਹਮਾ ਤੇ ਹਿੰਦੂਆਂ ਦੇ ਸਾਰੇ ਦੇਵਤੇ, ਅਸੁਰ, ਗਣ, ਸਾਰੇ ਕਾਲ-ਮਈ ਅਗਨੀ ਵਿਚ ਹੀ ਜਲ ਰਹੇ ਹਨ ਅਤੇ ਜਲਦੇ ਰਹਿਣਗੇ। ਗੁਰੂ ਨਾਨਕ ਸਾਹਿਬ ਦੀ ਸਰਨ ਚਰਨ ਜੋ ਗੁਰਮੁਖਿ ਜਨ ਆਏ ਹਨ, ਉਹ ਇਸ ਅਗਨੀ ਵਿਚ ਨਹੀਂ ਪੈਂਦੇ, ਉਨ੍ਹਾਂ ਨੂੰ ਇਸ ਅਗਨੀ ਵਿਚ ਪੈਣ ਦਾ ਡਰ ਹੀ ਨਹੀਂ ਰਹਿੰਦਾ। ਹਿੰਦੂਆਂ ਆਨਮਤੀਆਂ ਭੇਖੀਆਂ ਦੇ ਅਤੇ ਉਨ੍ਹਾਂ ਦੇ ਪੂਜ ਦੇਵਤਿਆਂ ਦੇ ਸਿਰੋਂ ਇਹ ਭਾਰ ਉਤਰਦਾ ਹੀ ਨਹੀਂ ।

ਬੇਦ ਬਾਣੀ ਜਗੁ ਵਰਤਦਾ ਤ੍ਰੈਗੁਣ ਕਰੇ ਬੀਚਾਰੁ ॥
ਬਿਨੁ ਨਾਵੈ ਜਮ ਡੰਡੁ ਸਹੈ ਮਰਿ ਜਨਮੈ ਵਾਰੋ ਵਾਰ ॥
ਸਤਿਗੁਰ ਭੇਟੇ ਮੁਕਤਿ ਹੋਇ ਪਾਏ ਮੋਖੁ ਦੁਆਰੁ ॥੧॥...
ਤ੍ਰੈਗੁਣ ਸਭਾ ਧਾਤੁ ਹੈ ਪੜਿ ਪੜਿ ਕਰਹਿ ਵੀਚਾਰੁ ॥
ਮੁਕਤਿ ਕਦੇ ਨ ਹੋਵਈ ਨਹੁ ਪਾਇਨਿ੍ ਮੋਖ ਦੁਆਰੁ ॥

ਬਿਨੁ ਸਤਿਗੁਰ ਬੰਧਨ ਨ ਤੁਟਹੀ ਨਾਮਿ ਨ ਲਗੈ ਪਿਆਰੁ ॥੬॥
ਪੜਿ ਪੜਿ ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥
ਹਰਿ ਨਾਮੁ ਚਿਤਿ ਨ ਆਵਈ ਨਹ ਨਿਜ ਘਰਿ ਹੋਵੈ ਵਾਸੁ ॥
ਜਮਕਾਲੁ ਸਿਰਹੁ ਨ ਉਤਰੈ ਅੰਤਰਿ ਕਪਟ ਵਿਣਾਸੁ ॥੭॥੨॥
[ਮਲਾਰ ਮ: ੩, ਪੰਨਾ ੧੨੭੬-੭੭

ਸਤਿਗੁਰੂ ਤੇ ਸ਼ਰਧਾ ਨਾ ਰਖਣ ਵਾਲਾ ਸੰਸਾਰ ਬੇਦਾਂ ਦੀ ਸਿਖਸ਼ਾ ਉਤੇ ਚਲਦਾ ਹੈ। ਇਨ੍ਹਾਂ ਬੇਦਾਂ ਵਿਚ ਕੇਵਲ ਤਿੰਨਾਂ ਗੁਣਾਂ ਵਾਲੀ (ਤ੍ਰੈ-ਗੁਣੀ) ਮਾਇਆ ਦਾ ਹੀ ਜ਼ਿਕਰ ਹੁੰਦਾ ਰਹਿੰਦਾ ਹੈ। ਗੁਰ-ਨਾਮ ਬਿਨਾਂ (ਜੋ ਨਾਮ ਕੇਵਲ ਗੁਰੂ ਤੋਂ ਹੀ ਪ੍ਰਾਪਤ ਹੁੰਦਾ ਹੈ) ਸਾਰਾ ਜਗ ਜਮਡੰਡ ਹੀ ਸਹਿੰਦਾ ਹੈ। ਬੇਦ-ਬੀਚਾਰੀ, ਬੇਦ-ਪੂਜਾਰੀ ਸੰਸਾਰ ਦੀ ਇਹੋ ਗਤਿ ਹੁੰਦੀ ਹੈ ਕਿ ਤਿਨ੍ਹਾਂ ਦਾ ਜਨਮ ਮਰਨ ਕਦੇ ਹੀ ਨਹੀਂ ਮੁਕਦਾ, ਵਾਰੋ ਵਾਰੀ ਜੰਮਦਾ ਮਰਦਾ ਹੀ ਰਹਿੰਦਾ ਹੈ। ਕੇਵਲ ਸਤਿਗੁਰ ਨੂੰ ਭੇਟਣ ਕਰਕੇ ਹੀ ਤਿਨ੍ਹਾਂ ਨੂੰ ਮੁਕਤੀ ਮਿਲਦੀ ਹੈ ਤੇ ਮੋਖ ਦੁਆਰਾ ਪ੍ਰਾਪਤ ਹੁੰਦਾ ਹੈ। ਨਹੀਂ ਤਾਂ ਸਾਰੀ ਦੁਨੀਆ ਤਿਹਾਂ ਗੁਣਾਂ ਵਿਚ ਹੀ ਭਟਕਦੀ ਰਹਿੰਦੀ ਹੈ। ਤ੍ਰੈ-ਗੁਣਾਂ ਦਾ ਖ਼ਿਆਲ ਸਦਾ ਮਾਇਆ ਵਾਲਾ ਹੀ ਹੈ। ਪੜ੍ਹ ਪੜ੍ਹ ਕੇ, ਵੀਚਾਰ ਕਰ ਕਰ ਕੇ ਉਨ੍ਹਾਂ ਦੀ ਬਿਰਤੀ ਮਾਇਆ ਵਿਚ ਹੀ ਰਚੀ ਪਿਚੀ ਰਹਿੰਦੀ ਹੈ, ਤਿਨ੍ਹਾਂ ਨੂੰ ਮੁਕਤੀ ਕਦੇ ਨਹੀਂ ਪ੍ਰਾਪਤ ਹੁੰਦੀ, ਨਾ ਹੀ ਮੋਖ-ਦੁਆਰਾ ਮਿਲਦਾ ਹੈ। ਸਤਿਗੁਰੂ ਬਿਨਾਂ ਬੰਧਨ ਕਦੇ ਵੀ ਨਹੀਂ ਤੁਟਦੇ, ਨਾ ਹੀ ਨਾਮ ਨਾਲ ਪਿਆਰ ਲਗਦਾ ਹੈ। ਪੰਡਿਤ ਤੇ ਬੜੇ ਬੜੇ ਮੋਨੀ ਕਹਾਵਣ ਵਾਲੇ ਮੁਨੀਸ਼ਰ ਜਨ ਬੇਦਾਂ ਨੂੰ ਪੜ੍ਹ ਪੜ੍ਹ ਕੇ ਪਚਿ ਮਰਦੇ ਹਨ ਅਤੇ ਬੇਦਾਂ ਦਾ ਅਧੈਨ ਕਰ ਕੇ ਥਕ ਰਹਿੰਦੇ ਹਨ। ਫਿਰ ਇਨ੍ਹਾਂ ਵੇਦ-ਪਾਠੀ ਪੰਡਿਤਾਂ ਮੋਨੀਆਂ ਨੂੰ ਗੁਰਮਤਿ ਨਾਮ ਵਾਹਿਗੁਰੂ ਦੀ ਕਦੇ ਪ੍ਰਾਪਤੀ ਨਹੀਂ ਹੁੰਦੀ। ਉਨ੍ਹਾਂ ਦੇ ਚਿਤ ਵਿਖੇ ਤਾਂ ਨਾਮ ਨੇ ਕੀ ਵਸਣਾ ਸੀ ! ਨਾ ਹੀ ਆਪਣੇ ਅਸਲੀ ਘਰ ਹਰੀ ਦੀ ਹਜ਼ੂਰੀ ਵਿਚ ਉਨ੍ਹਾਂ ਨੂੰ ਵਾਸਾ ਮਿਲਦਾ ਹੈ। ਤਿਨ੍ਹਾਂ ਦੇ ਸਿਰ ਤੋਂ ਜਮਕਾਲ ਵਾਲਾ ਭੈ ਕਦੇ ਨਹੀਂ ਉਤਰਦਾ। ਉਨ੍ਹਾਂ ਦੇ ਹਿਰਦੇ ਅੰਦਰ ਸਦਾ ਕਪਟ ਹੀ ਵਸਿਆ ਰਹਿੰਦਾ ਹੈ, ਜਿਸ ਕਪਟ ਦੇ ਸਦਾ ਹਿਰਦੇ ਵਸੇ ਰਹਿਣ ਕਰਕੇ ਤਿਨ੍ਹਾਂ ਦਾ ਵਿਣਾਸ ਹੀ ਵਿਣਾਸ ਸਦਾ ਹੁੰਦਾ ਰਹਿੰਦਾ ਹੈ।

ਬ੍ਰਹਮਾ ਬਿਸਨੁ ਮਹੇਸੁ ਦੇਵ ਉਪਾਇਆ ॥
ਬ੍ਰਹਮੇ ਦਿਤੇ ਬੇਦ ਪੂਜਾ ਲਾਇਆ ॥
ਦਸ ਅਵਤਾਰੀ ਰਾਮੁ ਰਾਜਾ ਆਇਆ ॥
ਦੈਤਾ ਮਾਰੇ ਧਾਇ ਹੁਕਮਿ ਸਬਾਇਆ ॥
ਈਸ ਮਹੇਸੁਰੁ ਸੇਵ ਤਿਨੀ ਅੰਤੁ ਨ ਪਾਇਆ ॥...੩॥
ਪਉੜੀ, ਮਲਾਰ ਕੀ ਵਾਰ ਮ: ੧, ਪੰਨਾ ੧੨੭੯-੮੦

 www.sikhbookclub.com

ਬ੍ਰਹਮਾ, ਬਿਸ਼ਨ ਤੇ ਮਹਾਂਦੇਵ ਦੇਵਤੇ ਉਪਾਏ ਗਏ, ਬ੍ਰਹਮੇ ਨੂੰ ਬੇਦ ਦਿਤੇ ਗਏ, ਇਹ ਬੇਦਾਂ ਦੇ ਪੂਜਣ ਦੇ ਕੰਮ ਵਿਚ ਲਾਇਆ ਗਿਆ ਤੇ ਬਿਸ਼ਨੂ ਦਸਾਂ ਅਵਤਾਰਾਂ ਵਿਚ ਹੀ ਘੁੰਮਦਾ ਰਿਹਾ। ਇਨ੍ਹਾਂ ਦਸਾਂ ਅਵਤਾਰਾਂ ਵਿਚੋਂ ਰਾਜਾ ਰਾਮ ਚੰਦਰ ਹੋ ਕੇ ਵਰਤਦਾ ਰਿਹਾ ਤੇ ਦੈਂਤਾਂ ਦੇ ਮਾਰਨ ਵਿਚ ਰੁਝਾ ਰਿਹਾ। ਈਸ਼ਰ ਮਹੇਸ਼ਰ ਦੀ ਸੇਵਾ ਵਾਲਿਆਂ ਨੇ ਵਾਹਿਗੁਰੂ ਦਾ ਅੰਤ ਕੀ ਪਾਣਾ ਸੀ! ਇਹ ਤਿੰਨੇ ਦੇਵਤੇ ਵੀ ਵਾਹਿਗੁਰੂ ਦਾ ਅੰਤ ਨਾ ਪਾ ਸਕੇ। ਨਿਰਾ ਅੰਤ ਪਾਣ ਵਿਚ ਹੀ ਇਹ ਭੇਖੀ ਭਰਮੀ ਰੁੱਝੇ ਰਹੇ। ਵਾਹਿਗੁਰੂ ਤੇ ਵਾਹਿਗੁਰੂ ਦਾ ਨਾਮ ਤਿਨ੍ਹਾਂ ਨੂੰ ਕਦੇ ਪ੍ਰਾਪਤ ਨਹੀਂ ਹੋ ਸਕਿਆ।

ਦੋਵੈ ਤਰਫਾ ਉਪਾਇ ਇਕੁ ਵਰਤਿਆ ॥
ਬੇਦ ਬਾਣੀ ਵਰਤਾਇ ਅੰਦਰਿ ਵਾਦੁ ਘਤਿਆ ॥
ਪਰਵਿਰਤਿ ਨਿਰਵਿਰਤਿ ਹਾਠਾ ਦੋਵੈ ਵਿਚਿ ਧਰਮੁ ਫਿਰੈ ਰੈਬਾਰਿਆ ॥
ਮਨਮੁਖ ਕਚੇ ਕੂੜਿਆਰ ਤਿਨੀ ਨਿਹਚਉ ਦਰਗਹ ਹਾਰਿਆ ॥
ਗੁਰਮਤੀ ਸਬਦਿ ਸੂਰ ਹੈਂ ਕਾਮੁ ਕ੍ਰੋਧੁ ਜਿਨੀ ਮਾਰਿਆ ॥
ਸਚੈ ਅੰਦਰਿ ਮਹਲਿ ਸਦਿ ਸਵਾਰਿਆ ॥
ਸੇ ਭਗਤ ਤੁਧੁ ਭਾਵਦੇ ਸਚੈ ਨਾਇ ਪਿਆਰਿਆ ॥
ਸਤਿਗੁਰੁ ਸੇਵਨਿ ਆਪਣਾ ਤਿਨ੍ਹਾ ਵਿਟਹੁ ਹਉ ਵਾਰਿਆ ॥੫॥

[ਪਉੜੀ, ਵਾਰ ਮਲਾਰ ਮ: ੧, ਪੰਨਾ ੧੨੮੦

ਚੇਤਨਤਾ ਤੇ ਜੜ੍ਹਤਾ ਅਰਥਾਤ ਦੇਵਤੇ ਅਤੇ ਦੈਂਤਾਂ ਦੀਆਂ ਦੋਵੇਂ ਵਖੋ ਵਖ ਸ਼ਾਖ਼ਾਂ ਉਪਾਇ ਕੇ ਵਾਹਿਗੁਰੂ ਅਕਾਲ ਪੁਰਖ ਨਿਰਾਲਾ ਹੀ ਉਨ੍ਹਾਂ ਵਿਚ ਵਰਤਿਆ। ਤਿਨ੍ਹਾਂ ਦੋਹਾਂ ਦੇ ਅੰਦਰ ਬੇਦ-ਬਾਣੀ ਵਰਤਣ ਕਰਕੇ ਬਾਦ ਬਿਬਾਦ ਮਈ ਝਗੜਾ ਹੀ ਉਤਪੰਨ ਹੁੰਦਾ ਰਿਹਾ। ਪਰਵਿਰਤੀ ਅਤੇ ਨਿਰਵਰਤੀ ਪੱਖ ਵਿਚ ਦੋਵੇਂ ਧਿਰਾਂ ਖਹਿ ਖਹਿ ਮਰਦੀਆਂ ਰਹੀਆਂ, ਧਰਮ ਵਿਚ-ਵਿਚਾਲੇ ਇਨ੍ਹਾਂ ਦਾ ਰਹਿਬਰ ਹੋਇਆ, ਜਿਸ ਨੇ ਇਨ੍ਹਾਂ ਦੇ ਕਰਮਾਂ ਅਨੁਸਾਰ ਨਿਬੇੜਾ ਕੀਤਾ। ਏਹ ਦੋਨੋਂ ਪਾਸੇ ਵਾਲੇ ਗੁਰਮਤਿ ਵਲੋਂ ਉੱਕੇ ਹੀ ਮਨਮੁਖ ਰਹੇ ਤੇ ਕੱਚੇ ਕੂੜਿਆਰ ਹੀ ਰਹਿ ਕੇ ਸਾਰੀ ਉਮਰ ਬਤੀਤ ਕਰਦੇ ਰਹੇ, ਨਿਸਚੇ ਕਰਕੇ ਅਗੇ ਤਿਨ੍ਹਾਂ ਦੀ ਹਾਰ ਹੀ ਹਾਰ ਹੋਈ। ਜਿੱਤ ਉਨ੍ਹਾਂ ਦੀ ਹੋਈ, ਜੇਹੜੇ ਸੂਰਮੇ ਗੁਰਮੁਖਿ ਜਨ ਗੁਰਮਤਿ ਦੁਆਰਾ ਗੁਰ-ਸ਼ਬਦ (ਗੁਰਮੰਤ੍ਰ) ਦੇ ਅਭਿਆਸ ਵਿਚ ਲਗੇ ਰਹੇ।

ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ॥੨॥

[ਪਉੜੀ, ਆਸਾ ਦੀ ਵਾਰ, ਪੰਨਾ ੪੬੩

ਗੁਰਮਤਿ ਤੋਂ ਪ੍ਰਾਪਤ ਹੋਏ ਗੁਰ-ਸ਼ਬਦ ਗੁਰਦੀਖਿਆ ਗੁਰਮੰਤਰ ਵਿਚ ਜੁਟੇ ਹੋਏ ਗੁਰਮੁਖਿ ਜਨਾਂ ਨੇ ਹੀ ਨਾਮ ਜਪ ਜਪ ਕੇ ਅਤੇ ਇਸ ਬਿਧਿ ਆਪਣੇ ਮਨੂਏ ਨਾਲ

ਜੂਝ ਜੂਝ ਕੇ ਕਾਮ ਕ੍ਰੋਧ ਆਦਿਕਾਂ ਨੂੰ ਵਿਚੋਂ ਮਾਰ ਸੁਟਿਆ । ਸੱਚੇ ਵਾਹਿਗੁਰੂ ਦੇ ਮਹਿਲ ਅੰਦਰ ਤਿਨ੍ਹਾਂ ਦਾ ਵਾਸਾ ਹੋਇਆ; ਸੱਚੇ ਗੁਰਮੰਤਰ ਰੂਪੀ ਸ਼ਬਦ ਦਵਾਰਾ ਉਹ ਸਵਾਰੇ ਗਏ । ਜਿਨ੍ਹਾਂ ਦਾ ਸੱਚੇ ਵਾਹਿਗੁਰੂ ਨਾਮ ਨਾਲ ਪਿਆਰ ਹੋਇਆ, ਸੇਈ ਸੱਚੇ ਭਗਤ ਵਾਹਿਗੁਰੂ ਨੂੰ ਭਾਉਂਦੇ ਹਨ । ਜੋ ਗੁਰਮੁਖਿ ਜਨ ਧੁਰੋਂ ਆਇਆ, ਧੁਰੋਂ ਪਠਾਇਆ, ਖ਼ਾਸ ਸਤਿਗੁਰੂ ਸੇਵਦੇ ਹਨ, ਤਿਨ੍ਹਾਂ ਵਿਟਹੁ ਗੁਰੂ ਨਾਨਕ ਸਾਹਿਬ ਵਾਰਨੇ ਬਲਿਹਾਰਨੇ ਜਾਂਦੇ ਹਨ ।

ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
ਇਕਿ ਪਾਲੇ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ ॥
ਇਕ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥੧੫॥

[ਪਉੜੀ, ਵਾਰ ਮਲਾਰ ਮ: ੧, ਪੰਨਾ ੧੨੮੪

ਇਸ ਗੁਰਵਾਕ ਦੁਆਰਾ ਨਾਨਾ ਪ੍ਰਕਾਰ ਦੇ ਭੇਖੀਆਂ ਕਰਮੀਆਂ ਆਨਮਤੀਆਂ ਦੀ ਭੇਖ-ਕਿਰਿਆ ਨੂੰ ਖ਼ੂਬ ਸੋਧ ਕੇ ਖੰਡਨ ਕੀਤਾ ਗਿਆ ਹੈ । ਯਥਾ ਵਿਆਖਿਆ—

ਇਕ ਭੇਖੀ ਭਰਮੀ ਐਸੇ ਹਨ ਜੋ ਨਿਰ-ਜਨ ਜੰਗਲ ਵਿਚ ਜਾ ਬਹਿੰਦੇ ਹਨ ਅਤੇ ਪਏ ਭੁੱਖੇ ਮਰਦੇ ਹਨ । ਮੋਨ-ਬਰਤ ਧਾਰਨ ਕਰ ਕੇ ਕਿਸੇ ਤੋਂ ਮੰਗਦੇ ਨਹੀਂ । ਉਨ੍ਹਾਂ ਨੂੰ ਸੱਦ ਬੁਲਾ ਕੇ ਅਵਾਜ਼ ਮਾਰ ਕੇ ਕੋਈ ਦਿੰਦਾ ਵੀ ਨਹੀਂ ਖਾਣ ਪੀਣ ਨੂੰ । ਹੋਰ ਐਸੇ ਭੇਖਧਾਰੀ ਵੀ ਹਨ ਜੋ ਬਾਹਰ ਨਗਨ ਬੈਠ ਕੇ ਪਾਲੇ ਵਿਚ ਮਰਦੇ ਹਨ, ਕੱਕਰ ਪਾਲੇ ਪੈਂਦੇ ਵਿਚ ਆਪਣੇ ਸਰੀਰ ਨੂੰ ਭੰਨ ਕੇ ਤਰੋੜ ਮਰੋੜਦੇ ਹਨ, ਬਰਫ਼ ਵਰਗੇ ਸੀਤਲ ਜਲ ਨਾਲ ਨਹਾ ਕੇ ਆਪਣੇ ਸਰੀਰ ਨੂੰ ਕਸ਼ਟ ਦਿੰਦੇ ਹਨ । ਇਸ ਤੋਂ ਉਲਟ ਹੋਰ ਅਜਿਹੇ ਵੀ ਭੇਖਧਾਰੀ ਹਨ ਜੋ ਆਪਣੇ ਸਰੀਰ ਦੇ ਸਾਰੇ ਅੰਗਾਂ 'ਤੇ ਸਵਾਹ ਚੜ੍ਹਾਉਂਦੇ, ਭਸਮ ਰਮਾਉਂਦੇ ਹਨ ਤੇ ਮੈਲ ਕਦੇ ਨਹੀਂ ਧੋਂਵਦੇ, ਸਦਾ ਮੈਲ-ਧਾਰੀ ਰਹਿੰਦੇ ਹਨ । ਇਕ ਅਜਿਹੇ ਭਰਮੀ ਭੇਖੀ ਵੀ ਹਨ ਜੋ ਆਪਣੇ ਸਿਰ 'ਤੇ ਜਟਾਂ ਧਾਰ ਬਿਕਟ ਕਰੜੇ ਤਪ ਕਰਦੇ ਹਨ, ਬੜੇ ਬਿਕਰਾਲ ਰੂਪ ਵਿਚ ਰਹਿੰਦੇ ਹਨ, ਜਿਸ ਕੁਲ ਨੇ ਉਹ ਜਣੇ ਹਨ ਉਸ ਕੁਲ ਖ਼ਾਨਦਾਨ ਦਾ ਨਾਮ ਬਦਨਾਮ ਕਰਦੇ ਹਨ । ਨੰਗੇ ਭੇਖ ਵਾਲੇ ਇਕ ਐਸੇ ਭੇਖੀ ਵੀ ਹਨ ਜੋ ਦਿਨ ਰਾਤ ਨੰਗੇ ਹੀ ਫਿਰਦੇ ਰਹਿੰਦੇ ਹਨ ਅਤੇ ਰਜਵੀਂ ਨੀਂਦ ਵੀ ਨਹੀਂ ਸੌਂਦੇ । ਲੋਕਾਂ ਭਾਣੇ ਲੋਕਿਕ ਵਡਿਆਈ ਲੈਂਦੇ ਹਨ; ਅੰਧਲੇ ਅਗਿਆਨੀ ਲੋਕ ਵੀ ਅਜਿਹੇ ਭੇਖੀਆਂ ਭਰਮੀਆਂ ਨੂੰ ਪੂੱਜੇ ਹੋਏ ਸਮਝ ਕੇ

ਇਨ੍ਹਾਂ ਦੀ ਛਾਦਨ ਭੋਜਨ ਦੀ ਸੇਵਾ ਕਰਦੇ ਹਨ, ਜੋ ਕਿਸੇ ਲੇਖੇ ਅਤੇ ਥਾਉਂ ਨਹੀਂ ਪੈਂਦੀ। ਇਕ ਭੇਖ ਤਪ ਵਾਲੇ ਐਸੇ ਭੇਖੀ ਜਨ ਵੀ ਹਨ ਜੋ ਅਗਨੀ ਦੁਆਰਾ ਧੂਣੀ ਰਮਾ ਕੇ ਆਪਣੇ ਅੰਗਾਂ, ਸਰੀਰ ਨੂੰ ਜੇਠ ਹਾੜ ਦੀਆਂ ਪੈਂਦੀਆਂ ਗਰਮੀਆਂ ਵਿਖੇ ਵੀ ਸੇਕਦੇ ਹਨ। ਅਜਿਹੇ ਭੇਖੀ ਭਰਮੀ ਆਪਣੇ ਆਪ ਨੂੰ ਖ਼ਰਾਬ ਕਰਦੇ ਹਨ। ਅਜਿਹੇ ਭੇਖੀਆਂ ਭਰਮੀਆਂ ਦਾ ਤਨ (ਬਦਨ) ਛਾਰ ਵਿਚ ਰਲ ਕੇ ਖੀਨ ਖ਼ਰਾਬ ਹੁੰਦਾ ਰਹਿੰਦਾ ਹੈ। ਨਾਮ ਬਿਨਾਂ ਇਹ ਭੇਖ ਕਿਸੇ ਕੰਮ ਵੀ ਨਹੀਂ ਆਉਂਦੇ, ਐਵੇਂ ਰੋਂਦੇ ਬਿਲਲਾਉਂਦੇ ਹੀ ਰਹਿੰਦੇ ਹਨ। ਜੋ ਗੁਰਮੁਖਿ ਜਨ ਸਤਿਗੁਰ ਸੱਚੇ ਪਾਤਸ਼ਾਹ ਦੇ ਸੇਵਕ ਸਿਖ ਹਨ, ਉਹੀ ਸੱਚੇ ਖਸਮ ਵਾਹਿਗੁਰੂ ਦੇ ਦੁਆਰੇ 'ਤੇ ਜਾ ਕੇ ਸੋਂਹਦੇ ਤੇ ਸੁਖੀ ਵਸਦੇ ਹਨ।

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ ॥
ਤਿਨ੍ ਮੁਖਿ ਨਾਹੀ ਨ ਤੀਰਥਿ ਨ੍ਹਾਇਆ ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ ॥
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ ॥
ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ ॥੧੬॥

[ਪਉੜੀ, ਮਲਾਰ ਵਾਰ ਮ: ੧, ਪੰਨਾ ੧੨੮੫

ਇਸ ਗੁਰਵਾਕ ਦਵਾਰਾ ਜੈਨ ਮਤ ਵਾਲੇ ਪਾਖੰਡੀਆਂ ਭੇਖੀਆਂ ਨੂੰ ਫਿਰ ਸੋਧਿਆ ਪ੍ਰਬੋਧਿਆ ਗਿਆ ਹੈ ਤੇ ਇਨ੍ਹਾਂ ਦੀ ਆਨਮਤਿ ਵਾਲੀ ਪਾਖੰਡ-ਕਿਰਿਆ ਦਾ ਖ਼ੂਬ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ—

ਇਹ ਜੈਨ-ਮਤੀ ਧੁਰ ਦਰਗਾਹੋਂ ਹੀ ਫਿਟਕਾਰੇ ਗਏ ਹਨ ਅਤੇ ਉਝੜ ਪਾਏ ਗਏ ਹਨ, ਮੂਲ ਮੁਢੋਂ ਹੀ ਖੁਆਏ ਗਏ ਹਨ। ਨਾਮ ਤਾਂ ਉਨ੍ਹਾਂ ਦੇ ਮੁਖਾਰਬਿੰਦ ਵਿਚ ਕੀ ਆਉਣਾ ਸੀ, ਉਹ ਹਿੰਦੂਆਂ ਦੇ ਤੀਰਥਾਂ 'ਤੇ ਨਹੀਂ ਨ੍ਹਾਉਂਦੇ (ਨ੍ਹਾਉਂਦੇ ਉੱਕਾ ਹੀ ਨਹੀਂ)। ਉਹ ਆਪਣੇ ਹੱਥਾਂ ਨਾਲ ਹੀ ਸਿਰ ਦੇ ਰੋਮ ਖੋਹ ਖੋਹ ਕੇ ਪੁਟ ਸੁਟਦੇ ਹਨ, ਨਿਰਾ ਹੀ ਭਦਨ ਚੱਟ ਕਰ ਲੈਂਦੇ ਹਨ। ਉਹ ਦਿਨੇ ਰਾਤ ਕੁਚਲ ਕੁਚੀਲ ਹੀ ਰਹਿੰਦੇ ਹਨ, ਇਸ਼ਨਾਨ ਤਾਂ ਉਨ੍ਹਾਂ ਨੇ ਕਦੇ ਨ ਕਰਨਾ ਹੋਇਆ। ਧਿਆਨ ਤਾਂ ਉਹਨਾਂ ਕਿਸ ਦਾ ਧਰਨਾ ਸੀ, ਸ਼ਬਦ ਤਾਂ ਉਨ੍ਹਾਂ ਨੂੰ ਭਾਉਂਦਾ ਹੀ ਨਹੀਂ। ਹਿੰਦੂ ਮਤ ਅਨੁਸਾਰ ਭੀ ਉਹ ਕਿਸੇ ਵੀ ਜਾਤ ਕਰਮ ਅਨੁਸਾਰ ਨਹੀਂ ਰਹਿੰਦੇ। ਉਨ੍ਹਾਂ ਦੇ ਕਰਮ ਸਦਾ ਹੀ ਭ੍ਰਿਸ਼ਟ ਹੁੰਦੇ ਹਨ। ਮਨੁਖਾ ਜਨਮ ਉਹ ਬਿਰਥਾ ਹੀ ਗਵਾ ਲੈਂਦੇ ਹਨ। ਮਨ ਕਰਕੇ ਉਹ ਸਦਾ ਹੀ ਜੂਠੇ ਰਹਿੰਦੇ ਹਨ, ਜੂਠਾ ਵੀ ਖਾ ਲੈਂਦੇ ਹਨ। ਇਨ੍ਹਾਂ

ਭੇਖੀਆਂ ਵਿਚੋਂ ਸੱਚੀ ਸੁਕ੍ਰਿਤ **ਕਰਣੀ** ਰੂਪੀ ਅਚਾਰ ਚਲਨ ਕਿਸੇ ਨੇ ਵੀ ਨਹੀਂ ਪਾਇਆ, ਨਾ ਪਾ ਸਕਦੇ ਹਨ। ਯਥਾ ਗੁਰਵਾਕ—

ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥੧॥੩॥

[ਭੈਰਉ ਮ: ੪, ਪੰਨਾ ੧੧੩੪

ਜੇਹੜੇ ਗੁਰੂ ਦੇ ਵਰੋਸਾਏ ਹੋਏ ਗੁਰਮੁਖਿ ਜਨ ਹਨ, ਉਹ ਸੱਚੇ ਵਾਹਿਗੁਰੂ ਨਿਰੰਕਾਰ ਓਅੰਕਾਰ ਦੇ ਸਰੂਪ ਵਿਚ ਗੁਰਮਤਿ ਨਾਮ ਨੂੰ ਸਿਮਰ ਸਿਮਰ ਕੇ ਸਮਾਏ ਰਹਿੰਦੇ ਹਨ।

ਸਚਾ ਅਲਖ ਅਭੇਉ ਹਠਿ ਨ ਪਤੀਜਈ ॥
ਇਕਿ ਗਾਵਹਿ ਰਾਗ ਪਰੀਆ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥
ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥
ਕਰਮ ਵਧਹਿ ਕੈ ਲੋਅ ਖਪਿ ਮਰੀਜਈ ॥
ਲਾਹਾ ਨਾਮੁ ਸੰਸਾਰਿ ਅੰਮ੍ਰਿਤੁ ਪੀਜਈ ॥
ਹਰਿ ਭਗਤੀ ਅਸਨੇਹਿ ਗੁਰਮੁਖਿ ਘੀਜਈ ॥੧੭॥

[ਪਉੜੀ, ਵਾਰ ਮਲਾਰ ਮ: ੧, ਪੰਨਾ ੧੨੮੫

ਇਸ ਗੁਰਵਾਕ ਦੁਆਰਾ ਹਠੀਆਂ ਭੇਖੀਆਂ ਨੂੰ ਸੋਧਿਆ ਗਿਆ ਹੈ ਅਤੇ ਫੋਕੇ ਰਾਗ ਦਾ ਫ਼ਖਰ ਕਰਨ ਵਾਲੇ ਸ਼ੁਸ਼ਕ ਰਾਗੀਆਂ ਦਾ ਭੀ ਖੰਡਨ ਕੀਤਾ ਗਿਆ ਹੈ। ਨਿਰੇ ਨਿਰਤਕਾਰੀਆਂ ਤਾਲ ਪੂਰਨ-ਹਾਰੀਆਂ, ਭੇਖੀਆਂ ਦਾ ਵੀ ਪਾਖੰਡ ਖੋਲ੍ਹ ਕੇ ਖੰਡਨ ਕੀਤਾ ਗਿਆ ਹੈ। ਤਿਨ੍ਹਾਂ ਮੂਰਖ ਪਾਖੰਡੀਆਂ ਦਾ ਭੀ ਪੂਰੇ ਤੋਰ ਤੇ ਖੰਡਨ ਕੀਤਾ ਗਿਆ ਹੈ, ਜੇਹੜੇ ਅੰਨ-ਤਿਆਗੀ ਹੋ ਕੇ ਲੋਕਾਂ ਨੂੰ ਦਿਖਾਂਵਦੇ ਹਨ ਅਤੇ ਅੰਨ ਨਹੀਂ ਖਾਂਦੇ। ਯਥਾ ਵਿਆਖਿਆ—

ਸੱਚਾ ਅਲੱਖ ਅਭੇਵ ਵਾਹਿਗੁਰੂ ਅੰਤਰਯਾਮੀ ਪਾਖੰਡੀਆਂ ਦੇ ਫੋਕੇ ਹਠ ਤੇ ਨਹੀਂ ਪਤੀਜਦਾ। ਇਕ ਅਜਿਹੇ ਰਾਗ-ਅਭਿਮਾਨੀ ਰਾਗੀ ਜਨ ਵੀ ਹਨ, ਜੋ ਪਰੀਆਂ ਅਪੱਛਰਾਂ ਵਾਲੇ ਰਾਗ ਗਾ ਗਾ ਕੇ ਲੋਕਾਂ ਨੂੰ ਰੀਝਾਉਂਦੇ ਹਨ, ਉਹ ਲੋਕਾਂ ਨੂੰ ਤਾਂ ਪਏ ਰੀਝਾਵਣ, ਪਰ ਅੰਤਰਯਾਮੀ ਵਾਹਿਗੁਰੂ ਸੱਚਾ, ਸਤਿਗੁਰੂ ਸੱਚਾ ਤੇ ਗੁਰੂ ਦੇ ਗੁਰਮੁਖਿ ਸੱਚੇ ਇਨ੍ਹਾਂ ਦੇ ਫੋਕੇ ਰਾਗਾਂ 'ਤੇ ਨਹੀਂ ਭਿਜਦੇ। ਭਿਜਦੇ ਹਨ ਤਾਂ ਕੱਚੀਆਂ ਬਾਣੀਆਂ ਦੇ ਸੁਣਨਹਾਰੇ ਨਿਰੇ ਰਾਗ ਦੇ ਸ਼ੁਕੀਨ ਹੀ ਭਿਜਦੇ ਹਨ। ਇਕ ਅਜਿਹੇ ਪਾਖੰਡੀ ਭੇਖੀ ਭੀ ਹਨ ਜੋ ਨਿਰੀ ਨਿਰਤਕਾਰੀ ਕਰ ਕੇ ਫੋਕੇ ਤਾਲ ਪੂਰਦੇ ਹਨ ਅਤੇ ਇਸੇ ਨੱਚਣ ਟੱਪਣ ਤੇ ਫੋਕੇ ਤਾਲ ਪੂਰਨ ਨੂੰ ਹੀ ਭਗਤੀ ਦਸਦੇ ਹਨ। ਪ੍ਰੰਤੂ ਗੁਰਮਤਿ ਅਨੁਸਾਰ ਇਹ ਭਗਤੀ ਨਹੀਂ ਹੈ, ਇਸ ਲਈ ਇਹ ਤੱਤ-ਭਗਤੀ ਨਹੀਂ ਕਰਦੇ, ਬਲਕਿ

ਠਗ-ਭਗਤੀ ਕਰਦੇ ਹਨ। ਨਿਰੇ ਅੰਨ-ਤਿਆਗੀਆਂ ਨੂੰ ਗੁਰੂ ਸਾਹਿਬ ਨੇ ਮੂਰਖ ਦਸਿਆ ਹੈ, ਯਥਾ ਗੁਰਵਾਕ—

ਜਗ ਮਹਿ ਬਕਤੇ ਦੂਧਾਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥੩॥੧੧॥

[ਗੋਂਡ ਕਬੀਰ ਜੀਉ, ਪੰਨਾ ੮੭੩

ਭੇਖੀ ਅੰਨ-ਤਿਆਗੀਆਂ ਦੀ ਇਹ ਤ੍ਰਿਸ਼ਨਾ ਬਹੁਤੀ ਵਧ ਜਾਂਦੀ ਹੈ, ਐਸੀ ਵਧ ਜਾਂਦੀ ਹੈ ਕਿ ਕਿਵੇਂ ਧਿਜਦੇ ਹੀ ਨਹੀਂ। ਲੋਕਾਚਾਰੀ ਕਰਮ ਕਰ ਕੇ ਨਿਤਾਪ੍ਰਤਿ ਇਨ੍ਹਾਂ ਕਰਮ-ਕਾਂਡੀਆਂ ਦਾ ਭੇਖ ਵਧਦਾ ਹੀ ਜਾਂਦਾ ਹੈ, ਪਏ ਖਪ ਖਪ ਮਰਦੇ ਹਨ। ਸੱਚਾ ਲਾਹਾ ਇਸ ਸੰਸਾਰ ਵਿਖੇ ਸੱਚੇ ਨਾਮ ਦਾ ਹੈ ਤੇ ਐਸਾ ਲਾਹਾ ਹੈ ਕਿ ਨਾਮ ਜਪਿਆਂ ਅੰਮ੍ਰਿਤ ਰਸ ਦੇ ਗਟਾਕ ਭੁੰਚੀਦੇ ਹਨ। ਪਰ ਇਨ੍ਹਾਂ ਉਪਰ ਦੱਸੇ ਭੇਖੀਆਂ ਦੀ ਕਿਸਮਤ ਵਿਚ ਇਹ ਲਾਹਾ ਹੈ ਨਹੀਂ, ਲੋਕਾਚਾਰੀ ਦੇ ਰਾਹ ਵਿਚ ਘੁਸੜੇ ਹੋਏ ਹਨ ਅਤੇ ਇਸ ਲਾਹੇ ਨੂੰ ਵਡਾ ਲਾਹਾ ਸਮਝਦੇ ਹਨ, ਜੋ ਨਿਰੀ ਮੂੜ੍ਹ ਮਤਿ ਹੈ, ਜੋ ਗੁਰਮਤਿ ਦੇ ਬਿਲਕੁਲ ਉਲਟ ਹੈ। ਗੁਰੂ ਘਰ ਦੇ ਸੱਚੇ ਗੁਰਮੁਖਿ ਜਨਾਂ ਦਾ ਵਾਹਿਗੁਰੂ ਦੀ ਸੱਚੀ ਭਗਤੀ ਨਾਲ ਹੀ ਸੱਚਾ ਪ੍ਰੇਮ ਹੁੰਦਾ ਹੈ। ਗੁਰਮੁਖਿ ਜਨ ਇਸੇ ਭਾਉ ਭਗਤੀ ਦੇ ਅੰਦਰ ਹੀ ਭਿੱਜੇ ਰਹਿੰਦੇ ਹਨ। ਉਪਰ ਦੱਸੇ ਭੇਖਧਾਰੀਆਂ ਦੀਆਂ ਰਸਮਾਂ ਵਿਚ ਸੱਚੀ ਭਾਉ ਭਗਤੀ ਤੇ ਉਸ ਵਿਚ ਭਿੱਜਣਾ ਹੈ ਹੀ ਨਹੀਂ।

ਖਟ ਕਰਮ ਕਿਰਿਆ ਕਰਿ ਬਹੁ ਬਹੁ ਬਿਸਥਾਰ
ਸਿਧ ਸਾਧਿਕ ਜੋਗੀਆ ਕਰਿ ਜਟ ਜਟਾ ਜਟ ਜਾਟ ॥
ਕਰਿ ਭੇਖ ਨ ਪਾਈਐ ਹਰਿ ਬ੍ਰਹਮ ਜੋਗੁ
ਹਰਿ ਪਾਈਐ ਸਤ ਸੰਗਤੀ ਉਪਦੇਸਿ ਗੁਰੂ
ਗੁਰ ਸੰਤ ਜਨਾ ਖੋਲਿ ਖੋਲਿ ਕਪਾਟ ॥੧॥੧੦॥

[ਕਾਨੜਾ ਮ: ੪, ਪੰਨਾ ੧੨੯੭

ਇਸ ਗੁਰਵਾਕ ਦੀਆਂ ਇਨ੍ਹਾਂ ਪੰਗਤੀਆਂ ਦਵਾਰਾ ਖਟ ਕਰਮੀਆਂ ਸਿਧਾਂ, ਸਾਧਕਾਂ ਤੇ ਜੋਗੀਆਂ ਦੇ ਭੇਖਾਂ ਨੂੰ ਬਣਾ ਕੇ ਖੰਡਨ ਕੀਤਾ ਗਿਆ ਹੈ ਅਤੇ ਗੁਰਮਤਿ ਸਤਸੰਗਤ ਨੂੰ ਸਭ ਤੋਂ ਸ੍ਰੇਸ਼ਟ ਜਣਾਇ ਕੇ ਸਲਾਹਿਆ ਗਿਆ ਹੈ। ਯਥਾ ਵਿਆਖਿਆ—

ਸਿਧ ਸਾਧਕ ਜੋਗੀ ਜਨ ਬਹੁ ਬਹੁ ਵਿਸਥਾਰੀ ਤੇ ਖਟ ਕਰਮਾਰੀ ਕਿਰਿਆ (ਭੇਖ) ਕਰ ਕਰ ਕੇ ਹਾਰ ਥਕੇ ਅਤੇ ਬਨਾਵਟੀ ਜਟਾਂ ਬਣਾ ਬਣਾ ਕੇ ਵੀ ਭੇਖ ਕਰ ਹਟੇ, ਪ੍ਰੰਤੂ ਬਹੁ ਭੇਖ ਕਰ ਕੇ ਵਾਹਿਗੁਰੂ ਹਰੀ ਬ੍ਰਹਮ ਨਹੀਂ ਪਾਇਆ ਜਾ ਸਕਦਾ। ਪਾਇਆ ਜਾ ਸਕਦਾ ਹੈ ਤਾਂ ਗੁਰੂ ਨਾਨਕ ਦੇ ਘਰ ਦੀ ਸਤਸੰਗਤ ਦੁਆਰਾ, ਗੁਰੂ ਤੇ ਗੁਰੂ ਸਰੂਪ ਪੰਜ ਪਿਆਰੇ ਗੁਰਮੁਖਾਂ ਦੁਆਰਾ ਗੁਰ-ਦੀਖਿਆ ਲੈ ਕੇ ਪਾਇਆ ਜਾ ਸਕਦਾ ਹੈ। ਕੇਵਲ ਗੁਰੂ ਘਰ ਵਿਖੇ ਹੀ ਗੁਰੂ-ਦੀਖਿਆ ਗੁਰ-ਮੰਤਰ ਦੀ ਕਮਾਈ ਕਰ ਕੇ ਦਸਮ ਦੁਆਰ ਦੇ ਕਪਾਟ ਖੁਲ੍ਹਦੇ ਹਨ ਅਤੇ ਘਟ ਅੰਦਰ ਹੀ ਪ੍ਰਗਟ ਹੋ ਕੇ

ਵਾਹਿਗੁਰੂ ਦਾ ਦਰਸ਼ਨ ਹੁੰਦਾ ਹੈ।

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ ॥੧॥
ਜਤਨ ਭਾਂਤਨ ਤਪਨ ਭ੍ਰਮਨ ਅਨਿਕ ਕਥਨ ਕਥਤੇ ਨਹੀ ਥਾਹ ਪਾਈ ਠਾਉ ॥
ਸੋਧਿ ਸਗਰ ਸੋਧਨਾ ਸੁਖੁ ਨਾਨਕਾ ਭਜੁ ਨਾਉ ॥ ੨ ॥ ੨ ॥ ੩੯ ॥

[ਕਾਨੜਾ ਮ: ੫, ਪੰਨਾ ੧੩੦੬

ਇਸ ਗੁਰਵਾਕ ਦੀਆਂ ਪੰਗਤੀਆਂ ਦੁਆਰਾ ਖਟ ਕਰਮਾਂ ਆਦਿਕ ਭੇਖ ਕਰਿ, ਕੀਤੇ ਆਨਮਤ ਜਤਨ ਉਪਾਵਾਂ ਦਾ ਖੰਡਨ ਸਿਧ ਹੁੰਦਾ ਹੈ। ਗੁਰੂ ਨਾਨਕ ਦੇ ਘਰ ਦੀ ਗੁਰਮਤਿ ਨੂੰ ਸ੍ਰੇਸ਼ਟ ਜਣਾਇਆ ਗਿਆ ਹੈ। ਯਥਾ ਵਿਆਖਿਆ--

ਛੇ ਪ੍ਰਕਾਰ ਦੇ ਆਨਮਤ ਕਰਮਾਂ ਤੀਰਥਾਂ (ਤਟਾਂ) ਦੇ ਭੇਖਧਾਰੀ ਮਨਮਤਿ ਕਰਮ ਕੀਤਿਆਂ, ਜਟਾਵਾਂ ਧਾਰਿਆਂ, ਹੋਮ ਜਗ ਆਦਿਕ ਭੇਖ ਕਰਮ ਕੀਤਿਆਂ, ਜੋਗੀਆਂ ਵਾਂਗ ਡੰਡਾਧਾਰ ਹੋਣਾ, ਇਹ ਸਭ ਭੇਖ ਕਰਮ ਕਿਸੇ ਅਰਥ ਨਹੀਂ ਹਨ। ਸੰਸਾਰੀਆਂ ਨੂੰ ਮਗਰ ਲਾਉਣ ਲਈ ਅਤੇ ਸੰਸਾਰੀਆਂ ਤੋਂ ਇਸ ਬਿਧਿ ਭੇਖ ਕੀਤਿਆਂ ਸੁਆਰਥ ਪੂਰੇ ਕਰਨ ਲਈ ਇਹ ਭੇਖ ਕੀਤੇ ਜਾਂਦੇ ਹਨ। ਭਾਂਤ ਭਾਂਤ ਦੇ ਜਤਨ ਆਨਮਤ ਸਿਧਾਂਤ ਵਾਲੇ ਸਭ ਐਵੇਂ ਹੀ ਹਨ। ਆਨਮਤ ਤਪਾਂ ਦੇ ਕਰਨ ਲਈ ਭਰਮਦੇ ਫਿਰਨਾ, ਫਿਰ ਅਨਿਕ ਪ੍ਰਕਾਰ ਦੇ ਭੇਖਧਾਰੀ ਕਥਨ ਕਥਦੇ ਫਿਰਨਾ ਇਨ੍ਹਾਂ ਮਨਮਤਿ ਕਰਮਾਂ ਦੁਆਰਾ ਕਦੇ ਵੀ ਪ੍ਰਮਾਰਥ ਦੀ ਥਾਹ ਨਹੀਂ ਪਾਈ ਜਾ ਸਕਦੀ, ਨਾ ਹੀ ਇਹ ਕਰਮ ਕੀਤੇ ਥਾਉਂ ਪੈਂਦੇ ਹਨ। ਗੁਰੂ ਨਾਨਕ ਸਾਹਿਬ ਨੇ ਇਸ ਪ੍ਰਕਾਰ ਦੀਆਂ ਸਗਲ ਸੋਧਨਾ ਸੋਧ ਕੇ ਇਹੀ ਸਿੱਟਾ ਕਢਿਆ ਹੈ ਕਿ ਸੱਚਾ ਪ੍ਰਮਾਰਥੀ ਸੁਖ ਗੁਰਮਤਿ ਨਾਮ ਦਾ ਭਜਨ ਕਰ ਕੇ ਹੀ ਮਿਲਦਾ ਹੈ।

ਕਰਤ ਕਰਤ ਚਰਚ ਚਰਚ ਚਰਚਰੀ ॥
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ॥੧॥ਰਹਾਉ॥...
ਹਰਿ ਹਰੇ ਹਰੇ ਭਾਜੁ ਕਹਤੁ ਨਾਨਕੁ ਸੁਨਹੁ ਰੇ ਮੂੜ
ਬਿਨੁ ਭਜਨ ਭਜਨ ਭਜਨ ਅਹਿਲਾ ਜਨਮੁ ਗਈ ॥੨॥੫॥੫੦॥

[ਕਾਨੜਾ ਮ: ੫, ਪੰਨਾ ੧੩੦੮

ਫੋਕੀਆਂ ਚੰਚਲ ਮਤੀ ਚਰਚਾ ਚਰਚਾਵਾਂ ਕਰਨੀਆਂ ਤੇ ਕਰੀ ਜਾਣੀਆਂ, ਜੈਸੇ ਕਿ ਜੋਗੀ ਜੰਗਮ ਆਦਿਕ ਭੇਖ ਚਰਚਾ ਕਰਦੇ ਜਾਂ ਫਿਰਦੇ ਰਹਿੰਦੇ ਹਨ, ਐਸਾ ਕਰਨ ਨਾਲ ਵਾਹਿਗੁਰੂ ਨਹੀਂ ਮਿਲਦਾ; ਉਹ ਤਾਂ ਗੁਰਮਤਿ ਭਗਤੀ ਦੁਆਰਾ ਮਿਲਦਾ ਹੈ। ਜੋਗ ਸਾਧਨਾ ਸਭ ਬਿਰਥਾ ਹਨ ਅਤੇ ਜੋਗ ਧਿਆਨ ਭੇਖ ਧਾਰ ਕੇ ਚੁੰਚ ਚੁਰਚਾਵੀ ਫੋਕਟ ਗਿਆਨ ਕਰਦੇ ਫਿਰਨਾ ਤੇ ਧਰਤੀ ਉਤੇ ਬਿਹੰਗਮ ਬਣ ਕੇ ਫਿਰਦੇ ਰਹਿਣਾ ਇਹ ਸਭ ਫੋਕਟ ਭੇਖੀ ਕਰਮ ਹਨ, ਇਨ੍ਹਾਂ ਦੇ ਕੀਤਿਆਂ ਸੱਚੀ ਸਿਧੀ ਪ੍ਰਮਾਰਥ ਦੀ ਕਦਾਚਿਤ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਗੁਰਮਤਿ ਨਾਮ

ਗੁਰਮੰਤਰ ਵਾਹਿਗੁਰੂ ਦਾ ਸਵਾਸ ਸਵਾਸ ਭਜਨ ਕਰੀ ਜਾਣਾ ਹੀ ਮੁਖਿ ਸ੍ਰਿਸ਼ਟ ਕਰਮ ਹੈ। ਇਸ ਗੁਰਮਤਿ ਭਜਨ ਕੀਤੇ ਬਿਨਾਂ ਮਨੁਖਾ ਜਨਮ ਅਹਿਲਾ (ਅਕਾਰਥ) ਜਾਂਦਾ ਹੈ।

ਗੁਨ ਨਾਦ ਧੁਨਿ ਅਨੰਦ ਬੇਦ ॥
ਕਥਤ ਸੁਨਤ ਮੁਨਿ ਜਨਾ ਮਿਲਿ ਸੰਤ ਮੰਡਲੀ ॥੧॥ਰਹਾਉ॥੫॥
[ਕਲਿਆਨ ਮ: ੫, ਪੰਨਾ ੧੩੨੨

ਗੁਰੂ ਘਰ ਦੀ ਸੰਤ-ਮੰਡਲੀ ਵਿਚ ਮਿਲ ਕੇ ਗੁਰਮੁਖਿ ਰੂਪੀ ਮੁਨੀ ਜਨ ਕਥਦੇ ਸੁਣਦੇ ਹਨ, ਗੁਰਬਾਣੀ ਰੂਪੀ ਗੁਣਾਂ ਦੇ ਨਾਦ ਧੁਨੀਆਂ ਮਈ, ਅਨੰਦ ਰੂਪੀ ਬੇਦ ਨੂੰ। ਇਸ ਗੁਰ ਪੰਗਤੀ ਅੰਦਰ ਗੁਰਮੁਖਿ ਜਨਾਂ ਦੀਆਂ ਗੁਰਬਾਣੀ ਰੂਪੀ ਨਾਦ-ਧੁਨੀਆਂ ਗਾਵਣੀਆਂ ਹੀ ਸੱਚੇ ਅਨੰਦ ਮਈ ਬੇਦ ਜਣਾਇ ਗਏ ਹਨ। ਹੋਰ ਦੁਤੀਏ ਆਨਮਤੀ ਬੇਦਾਂ ਦਾ ਅਤੇ ਆਨਮਤੀ ਰਿਸ਼ੀਆਂ ਮੁਨੀਆਂ ਦਾ ਇਸ ਪੰਗਤੀ ਅੰਦਰ ਹਰਗਿਜ਼ ਹਰਗਿਜ਼ ਮੰਡਨ ਮਈ ਵਿਧਾਨ ਨਹੀਂ। ਗੁਰਬਾਣੀ ਦੇ ਆਨੰਦ ਮਈ ਮੰਗਲ ਗਾਵਣੇ ਹੀ ਗੁਰਮਤਿ ਦੇ ਸੱਚੇ ਵੇਦ ਜਣਾਏ ਗਏ ਹਨ ਅਤੇ ਗੁਰਬਾਣੀ ਗਾਵਣਹਾਰੇ ਗੁਰਮੁਖਿ ਜਨਾਂ ਨੂੰ ਹੀ ਸਚੜੇ ਮੁਨੀ ਜਨ ਦਰਸਾਇਆ ਗਿਆ ਹੈ। ਗੁਰਮਤਿ ਅੰਦਰ ਆਨਮਤੀ ਪੁਸਤਕਾਂ ਵੇਦਾਂ ਦਾ ਅਤੇ ਆਨਮਤੀ ਮੁਨੀ ਜਨਾਂ ਦਾ ਉੱਕਾ ਹੀ ਮੰਡਨ ਨਹੀਂ, ਸਗੋਂ ਹਰ ਥਾਈਂ ਖੰਡਨ ਹੀ ਖੰਡਨ ਹੈ।

ਕਉਨ ਬਿਧਿ ਤਾ ਕੀ ਕਹਾ ਕਰਉ ॥
ਧਰਤ ਧਿਆਨੁ ਗਿਆਨੁ ਸਸਤ੍ਰਗਿਆ ਅਜਰ ਪਦੁ ਕੈਸੇ ਜਰਉ ॥੧॥ਰਹਾਉ॥
ਬਿਸਨ ਮਹੇਸ ਸਿਧ ਮੁਨਿ ਇੰਦ੍ਰਾ ਕੈ ਦਰਿ ਸਰਨਿ ਪਰਉ ॥੧॥
ਕਾਹੂ ਪਹਿ ਰਾਜੁ ਕਾਹੂ ਪਹਿ ਸੁਰਗਾ ਕੋਟਿ ਮਧੇ ਮੁਕਤਿ ਕਹਉ ॥
ਕਹੁ ਨਾਨਕ ਨਾਮ ਰਸੁ ਪਾਈਐ ਸਾਧੂ ਚਰਨ ਗਹਉ ॥੨॥੩॥੬॥
[ਕਲਿਆਨ ਮ: ੫, ਪੰਨਾ ੧੩੨੨

ਵਾਹਿਗੁਰੂ ਦੇ ਮਿਲਾਪ ਦਾ ਤਰੀਕਾ ਨਿਰਾਲਾ ਹੈ, ਕੇਵਲ ਗੁਰਮਤਿ ਦੁਆਰਾ ਹੀ ਮਿਲਦਾ ਹੈ। ਕਈ ਆਨਮਤੀ ਪੁਰਸ਼ ਫੋਕਾ ਧਿਆਨ (*meditation*) ਆਪ-ਹੁਦਰਾ ਹੀ ਧਰਦੇ ਹਨ, ਹੋਰ ਕਈ ਆਨਮਤੀ ਲੋਕ ਸ਼ਾਸਤ੍ਰਾਂ ਦੇ ਸ਼ੁਸ਼ਕ ਗਿਆਤਾ ਬਣ ਬਣ ਕੇ ਖਰੜ ਗਿਆਨ ਕਰਦੇ ਫਿਰਦੇ ਹਨ, ਪਰ ਸਭ ਫੋਕਟ ਹੀ ਨਜ਼ਰੀ ਆਉਂਦਾ ਹੈ। ਇਨ੍ਹਾਂ ਆਨਮਤੀਆਂ ਦਾ ਮਨ-ਉਕਤ ਗਿਆਨ ਧਿਆਨ ਸਭ ਫੋਕਾ ਹੀ ਹੁੰਦਾ ਹੈ। ਇਨ੍ਹਾਂ ਆਨਮਤੀ ਫੋਕਟ ਮਨਮਤਿ ਭਰੇ ਗਿਆਨਾਂ ਧਿਆਨਾਂ ਦੁਆਰਾ ਵਾਹਿਗੁਰੂ ਦੇ ਸੱਚੇ ਗਿਆਨ ਦੀ ਕਦੇ ਨ ਜਰੀ ਜਾ ਸਕਣ ਵਾਲੀ ਅਜਰ ਅਵਸਥਾ ਕਦੇ ਵਰਨਣ ਨਹੀਂ ਹੋ ਸਕਦੀ, ਜੇ ਵਰਨਣ ਹੋ ਸਕਦੀ ਹੈ ਤਾਂ ਕੇਵਲ ਗੁਰਮਤਿ ਦੁਆਰਾ ਹੀ ਵਰਨਣ ਹੋ ਸਕਦੀ ਹੈ। ਬਿਸ਼ਨੂ, ਮਹੇਸ਼ (ਮਹਾਂਦੇਵ) ਸਿਧ ਜੋਗੀ ਜਨ ਅਤੇ ਇੰਦਰ

ਆਦਿਕ ਮੁਨੀ ਜਨ ਸਭ ਅਧੂਰਾ ਹੀ ਮਾਰਗ ਦਸਦੇ ਹਨ, ਇਨ੍ਹਾਂ ਵਿਚੋਂ ਕੇਹੜੇ ਮਾਰਗ ਦੀ ਸ਼ਰਨੀ ਪਾਇਆ ਜਾਵੇ (ਭਾਵ, ਉਪਰਲੇ ਦੇਵਤਿਆਂ ਦਾ ਦਰਸਾਇਆ ਹੋਇਆ ਮਾਰਗ ਕੋਈ ਵੀ ਗ੍ਰਹਿਣ ਕਰਨ ਦੇ ਲਾਇਕ ਨਹੀਂ)। ਕੋਈ ਰਾਜ ਤੇ ਕੋਈ ਸੁਰਗ ਦੇਣ ਵਾਲਾ ਬਣਦਾ ਹੈ, ਪ੍ਰੰਤੂ ਸੱਚੀ ਕਲਿਆਨ ਮੁਕਤੀ ਕ੍ਰੋੜਾਂ ਵਿਚੋਂ ਕਿਸੇ ਵਿਰਲੇ ਪਾਸ ਹੀ ਹੈ (ਉਹ ਵੀ ਇਨ੍ਹਾਂ ਦੇਵਤਿਆਂ ਤੋਂ ਵਖਰੇ ਤੇ ਵਿਲੱਖਣ ਮਾਰਗ ਗੁਰਮਤਿ ਦੇ ਸੱਚੇ ਗ੍ਰਾਹਕ ਵਿਰਲੇ ਗੁਰਮੁਖਾਂ ਜਨਾਂ ਪਾਸ ਹੀ ਹੈ)। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਸੱਚੇ ਗੁਰੂ ਰੂਪੀ ਸਾਧ ਦੇ ਚਰਨ ਗਹਿਆਂ ਹੀ ਸੱਚਾ ਗੁਰਮਤਿ ਨਾਮ-ਰਸ ਪ੍ਰਾਪਤ ਹੁੰਦਾ ਹੈ (ਅਤੇ ਇਸ ਗੁਰਮਤਿ ਨਾਮ ਰਸ ਦੇ ਆਇਆਂ ਹੀ ਵਾਹਿ-ਗੁਰੂ ਦਰਸ਼ਨ ਰੂਪੀ ਕਲਿਆਨ-ਮਈ ਮੁਕਤੀ ਪ੍ਰਾਪਤ ਹੁੰਦੀ ਹੈ)।

ਜੈ ਕਾਰਣਿ ਬੇਦ ਬ੍ਰਹਮੈ ਉਚਰੇ ਸੰਕਰਿ ਛੋਡੀ ਮਾਇਆ ॥
ਜੈ ਕਾਰਣਿ ਸਿਧ ਭਏ ਉਦਾਸੀ ਦੇਵੀ ਮਰਮੁ ਨ ਪਾਇਆ ॥੧॥
ਬਾਬਾ ਮਨਿ ਸਾਚਾ ਮੁਖਿ ਸਾਚਾ ਕਹੀਐ ਤਰੀਐ ਸਾਚਾ ਹੋਈ॥੧॥ਰਹਾਉ॥੩॥
[ਪ੍ਰਭਾਤੀ ਮ: ੧, ਪੰਨਾ ੧੩੨੮

ਜਿਸ ਵਾਹਿਗੁਰੂ ਦੀ ਪ੍ਰਾਪਤੀ ਕਾਰਣ ਬ੍ਰਹਮਾ ਨੇ ਬੇਦ ਉਚਾਰਣ ਕੀਤੇ, ਅਤੇ ਜਿਸ ਕਾਰਣ ਸ਼ਿਵ ਸ਼ੰਕਰ ਨੇ ਮਾਇਆ ਤਿਆਗੀ, ਜਿਸ ਦੇ ਕਾਰਣ ਸਿਧਾਂ ਜੋਗੀਆਂ ਨੇ ਉਦਾਸੀਨਤਾ ਧਾਰਨ ਕੀਤੀ, ਅਤੇ ਜਿਸ ਕਾਰਣ ਦੇਵਤਿਆਂ ਨੇ ਭੀ ਅਨੇਕ ਪ੍ਰਕਾਰ ਦੇ ਮਨ-ਉਕਤ ਯਤਨ ਕੀਤੇ, ਪਰ ਇਨ੍ਹਾਂ ਵਿਚੋਂ ਕਿਸੇ ਨੇ ਭੀ ਵਾਹਿਗੁਰੂ ਦਾ ਮਰਮ ਨ ਜਾਤਾ। ਉਸੇ ਵਾਹਿਗੁਰੂ ਦੇ ਦਰਸ਼ਨ ਕਾਰਨ ਗੁਰਮਤਿ ਨਾਮ ਨੂੰ ਅਰਾਧਣ ਕਰੀਏ ਤਾਂ ਸੱਚੇ ਸਚਿਆਰ ਗੁਰਮੁਖਿ ਜਨ ਬਣ ਜਾਈਦਾ ਹੈ ਤੇ ਭਵ ਸਾਗਰ ਤੋਂ ਤਰ ਜਾਈਦਾ ਹੈ, ਵਾਹਿਗੁਰੂ ਦੇ ਦਰਸ਼ਨ ਪਾ ਲਈਦੇ ਹਨ ਤੇ ਵਾਹਿਗੁਰੂ ਦੇ ਦਰਸ਼ਨਾਂ ਵਿਚ ਲੀਨ ਹੋ ਜਾਈਦਾ ਹੈ। ਇਹ ਗੁਰਮਤਿ ਦੇ ਧਾਰਨ ਤੇ ਆਨਮਤ ਦੇ ਧਾਰਨ ਦਾ ਭੇਦ ਹੈ। ਤਾਂ ਤੇ ਇਸ ਗੁਰਵਾਕ ਦਵਾਰਾ ਗੁਰਮਤਿ ਦਾ ਸਪੱਸ਼ਟ ਮੰਡਨ ਸਿਧ ਹੁੰਦਾ ਹੈ ਤੇ ਆਨਮਤ ਦਾ ਨਿਰਾ ਖੰਡਨ ਹੀ ਖੰਡਨ ਹੈ।

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ॥
ਜੋਗੀ ਕਾਪੜੀਆ ਸਿਰ ਖੂਥੇ ਬਿਨੁ ਸਬਦੇ ਗਲਿ ਫਾਸੀ ॥੧॥
ਸਬਦਿ ਰਤੇ ਪੂਰੇ ਬੈਰਾਗੀ ॥
ਅਉਹਠ ਹਸਤ ਮਹਿ ਭੀਖਿਆ ਜਾਚੀ ਏਕ ਭਾਇ ਲਿਵ ਲਾਗੀ॥੧॥ਰਹਾਉ॥
ਬ੍ਰਹਮਣ ਵਾਦੁ ਪੜਹਿ ਕਰਿ ਕਿਰਿਆ ਕ਼ਰਣੀ ਕਰਮ ਕਰਾਏ ॥
ਬਿਨੁ ਬੂਝੇ ਕਿਛੁ ਸੂਝੈ ਨਾਹੀ ਮਨਮੁਖੁ ਵਿਛੁੜਿ ਦੁਖੁ ਪਾਏ ॥੨॥
ਸਬਦਿ ਮਿਲੇ ਸੇ ਸੂਚਾਚਾਰੀ ਸਾਚੀ ਦਰਗਹ ਮਾਨੇ ॥
ਅਨਦਿਨੁ ਨਾਮਿ ਰਤਨਿ ਲਿਵ ਲਾਗੇ ਜੁਗਿ ਜੁਗਿ ਸਾਚਿ ਸਮਾਨੇ ॥੩॥

ਸਗਲੇ ਕਰਮ ਧਰਮ ਸੁਚਿ ਸੰਜਮ ਜਪ ਤਪ ਤੀਰਥ ਸਬਦਿ ਵਸੇ ॥
ਨਾਨਕ ਸਤਿਗੁਰ ਮਿਲੈ ਮਿਲਾਇਆ ਦੂਖ ਪਰਾਛਤ ਕਾਲ ਨਸੇ ॥੪॥੧੬॥
[ਪ੍ਰਭਾਤੀ ਮ: ੧, ਪੰਨਾ ੧੩੩੨

ਆਨਮਤ ਮਨਮਤਿ ਦੇ ਗ੍ਰਸੇ ਜੋਗ ਧਾਰਨ ਵਾਲੇ, ਜੋਗ ਧਾਰ ਕੇ ਜੋਗੀ ਕਹਾਵਣ ਵਾਲੇ ਭੇਖਧਾਰੀ ਬਾਰ੍ਹਾਂ ਫ਼ਿਰਕਿਆਂ ਵਿਚ ਦੇ ਮਾਨ-ਧਾਰੀ ਹੋ ਕੇ ਭਟਕਦੇ ਭਰਮਦੇ ਫਿਰਦੇ ਰਹੇ, ਤੇ ਸੰਨਿਆਸ ਧਾਰਨ ਵਾਲੇ ਅਤੇ ਸੰਨਿਆਸ ਧਾਰ ਕੇ ਸੰਨਿਆਸੀ ਸਦਾਵਣ ਵਾਲੇ ਭੇਖੀ ਪੁਰਸ਼ ਛਿਆਂ ਸ਼ਾਸਤ੍ਰਾਂ ਦੇ ਗਿਆਤਾ ਤੇ ਚਹੁੰਆਂ ਬੇਦਾਂ ਦੇ ਬਕਤਾ ਹੋਣ ਦੇ ਅਭਿਮਾਨ ਵਿਚ ਹੀ ਭਰਮ ਭੁਲੇ ਫਿਰਦੇ ਰਹੇ। ਇਹੋ ਹਾਲ ਇਨ੍ਹਾਂ ਜੋਗੀਆਂ ਦੇ ਫ਼ਿਰਕਿਆਂ ਕਾਪੜੀਆਂ ਕਹਾਵਣ ਵਾਲੇ ਭੇਖ-ਧਾਰੀਆਂ ਸਿਰ-ਖੁੱਥੇ ਸਿਰ ਦੇ ਰੋਮ ਖੋਹਾਵਣ ਵਾਲਿਆਂ ਦਾ ਹੁੰਦਾ ਰਿਹਾ, ਇਹ ਵੀ ਐਵੇਂ ਭਰਮਦੇ ਫਿਰਦੇ ਰਹੇ। ਇਨ੍ਹਾਂ ਸਭਨਾਂ ਭੇਖਧਾਰੀਆਂ ਦੇ ਗਲ ਵਿਚ ਗੁਰ-ਸ਼ਬਦ ਧਾਰਨ ਕੀਤੇ ਬਿਨਾਂ ਜਮ ਦੀ ਫਾਸੀ ਹੀ ਪਏਗੀ। ਜੋ ਗੁਰਮੁਖਿ ਜਨ ਗੁਰ-ਸ਼ਬਦ ਗੁਰਮੰਤ੍ਰ ਦੇ ਅਭਿਆਸ ਕਰਨ ਵਿਚ ਅਹਿਨਿਸ ਰਤੇ ਰਹਿੰਦੇ ਹਨ, ਉਹੀ ਸੱਚੇ ਤੇ ਪੂਰੇ ਬੈਰਾਗੀ ਹੋਏ ਹਨ, ਨਹੀਂ ਤਾਂ ਗੁਰਮੰਤਰ ਹੀਣੇ ਤੇ ਹੋਰ ਸਾਰੇ ਊਰੇ ਤੇ ਝੂਣੇ ਬੈਰਾਗ ਵਾਲੇ ਬਣੇ ਰਹਿੰਦੇ ਹਨ। ਜਿਨ੍ਹਾਂ ਭੇਖਧਾਰੀਆਂ ਨੇ ਝੂਠੀ ਭਿਖਿਆ ਮੰਗਣ ਲਈ ਹੱਥ ਅਡੇ ਹਨ, ਉਹ ਝੂਠੇ ਹੀ ਕਹਾਉਂਦੇ ਹਨ ਅਤੇ ਜਿਨ੍ਹਾਂ ਗੁਰਮੁਖਿ ਜਨਾਂ ਨੇ ਵਿਸ਼ੇਸ਼ ਕਰਕੇ ਹਿਰਦਿਓਂ ਵਾਹਿਗੁਰੂ ਨਾਮ ਦੀ ਭਿਖਿਆ ਮੰਗੀ ਹੈ, ਉਹੀ ਸੱਚੇ ਸੁਰਖਰੂ ਵਾਹਿਗੁਰੂ ਦੀ ਦਰਗਾਹ ਵਿਚ ਪਹਿਨਾਇ ਹੋਏ ਸੱਚੇ ਗੁਰਮੁਖਿ ਜਨ ਹਨ। ਤਿਨ੍ਹਾਂ ਗੁਰਮੁਖਿ ਜਨਾਂ ਦੀ ਇਕੋ ਵਾਹਿਗੁਰੂ ਦੇ ਭੈ ਰੂਪੀ ਭੌਰੇ ਹੋਣ ਕਰਕੇ ਸੱਚੇ ਵਾਹਿਗੁਰੂ ਨਾਲ ਲਿਵ ਲਗੀ ਹੈ।

ਬ੍ਰਾਹਮਣ ਸਦਾਉਣ ਵਾਲੇ ਭੇਖੀ ਆਨਮਤੀ ਪੁਰਸ਼ ਵਾਦਾਂ ਦੀਆਂ ਕਹਾਣੀਆਂ ਪੜ੍ਹ ਪੜ੍ਹ ਕੇ ਝੂਠੇ ਕਰਮ ਤੇ ਕਰਣੀ ਰੂਪੀ ਕਿਰਿਆ ਵਿਚ ਹੀ ਰੁਝੇ ਰਹਿੰਦੇ ਹਨ। ਤਿਨ੍ਹਾਂ ਮਨਮਤੀਆਂ ਨੂੰ ਗੁਰਮਤਿ ਦੁਆਰਾ ਸੱਚੀ ਸੂਝ ਬੂਝ ਆਵਣ ਤੋਂ ਬਿਨਾਂ ਪ੍ਰਮਾਰਥ ਦੀ ਕੋਈ ਸੋਝੀ ਪੈਂਦੀ ਹੀ ਨਹੀਂ। ਐਸੇ ਪੁਰਖ ਸਾਰੇ ਹੀ ਮਨਮੁਖ ਹਨ, ਜੋ ਵਾਹਿਗੁਰੂ ਨਾਮ ਤੇ ਵਾਹਿਗੁਰੂ ਤੋਂ ਵਿਛੜ ਕੇ ਚੌਰਾਸੀ ਦੇ ਗੇੜ ਦਾ ਦੁਖ ਪਾਉਂਦੇ ਹਨ। ਜੋ ਵਡਭਾਗੇ ਗੁਰਮੁਖਿ ਜਨ ਗੁਰੂ ਸ਼ਬਦ ਗੁਰ-ਦੀਖਿਆ ਪ੍ਰਾਪਤ ਕਰਦੇ ਹਨ, ਉਹੀ ਸੱਚੇ ਵਾਹਿਗੁਰੂ ਨੂੰ ਮਿਲਦੇ ਹਨ ਅਤੇ ਸੱਚੇ ਸੁੱਚੇ ਆਚਾਰ ਵਾਲੇ ਬਣਦੇ ਹਨ। ਵਾਹਿਗੁਰੂ ਦੀ ਸੱਚੀ ਦਰਗਾਹ ਵਿਚ ਤਿਨ੍ਹਾਂ ਨੂੰ ਮਾਣ ਵਡਿਆਈ ਮਿਲਦੀ ਹੈ। ਤਿਨ੍ਹਾਂ ਗੁਰਮੁਖਿ ਜਨਾਂ ਦੀ ਰਾਤ ਦਿਨੇ ਵਾਹਿਗੁਰੂ ਨਾਮ ਦੇ ਰਟਨ ਵਿਚ ਹੀ ਲਿਵ ਲਗੀ ਰਹਿੰਦੀ ਹੈ, ਸੇਈ ਜਨ ਜੁਗੋ ਜੁਗ ਵਾਹਿਗੁਰੂ ਸੱਚੇ ਨਾਲ ਸਮਾਏ ਰਹਿੰਦੇ ਹਨ।

ਗੁਰੂ ਦੇ ਸ਼ਬਦ ਅੰਦਰ, ਅਰਥਾਤ, ਵਾਹਿਗੁਰੂ ਨਾਮ ਦੀ ਅਭਿਆਸ ਕਮਾਈ ਅੰਦਰ ਸਾਰੇ ਹੀ ਜਪ ਤਪ ਸੰਜਮ, ਕਰਮ ਧਰਮ ਤੇ ਤੀਰਥ ਆ ਜਾਂਦੇ ਹਨ, ਭਾਵ,

ਤਿਨ੍ਹਾਂ ਨੂੰ ਆਨਮਤੀ ਕਰਮ ਜਪ ਤਪ ਤੀਰਥ ਆਦਿ ਕਰਨ ਦੀ ਲੋੜ ਨਹੀਂ ਰਹਿੰਦੀ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜਿਨ੍ਹਾਂ ਦੇ ਮਸਤਕ ਵਿਖੇ ਸੱਚਾ ਕਰਮ ਲਿਖਿਆ ਹੋਇਆ ਹੁੰਦਾ ਹੈ, ਉਹੀ ਵਡਭਾਗੇ ਜਨ ਵਾਹਿਗੁਰੂ ਦੇ ਮਿਲਾਏ ਸੱਚੇ ਸਤਿਗੁਰੂ ਨੂੰ ਆ ਮਿਲਦੇ ਹਨ, ਤਿਨ੍ਹਾਂ ਦੇ ਦੂਖ ਅਤੇ ਪਰਾਛਤ ਭੈ-ਕਾਲ (ਮਰਨ ਦਾ ਭੈ) ਆਦਿਕ ਸਭ ਨਸ ਜਾਂਦੇ ਹਨ।

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥
ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥੧॥੩॥
[ਪ੍ਰਭਾਤੀ ਮ: ੧, ਪੰਨਾ ੧੩੪੩

ਜੋਗੀਆਂ ਦਾ ਨਿਵਲੀ ਕਰਮ ਭੁਅੰਗਮ ਭਾਠੀ ਆਦਿਕ ਕਰਮ ਭੇਖ ਦਿਖਾਉਣਾ ਤੇ ਹਠ-ਜੋਗੀਆਂ ਦੇ ਰੇਚਕ ਕੁੰਭਕ ਆਦਿਕ ਸੁਆਸਾਂ ਦੇ ਉਤਾਰ ਚੜ੍ਹਾ ਤੇ ਠਹਿਰਾਉ ਦੇ ਕਰਮ ਚਾਹੇ ਨਿਤ ਕਰੇ, ਇਹ ਸਭ ਨਿਸਫਲ ਹਨ। ਐਸੇ ਕਰਮ ਕਰਨ ਵਾਲਾ ਪਾਖੰਡੀ ਜਨ ਭਰਮ ਵਿਚ ਭੁਲਿਆ ਹੋਇਆ ਡੁਬ ਮਰਦਾ ਹੈ। ਸੱਚੇ ਸਤਿਗੁਰ ਦੀ ਦੀਖਿਆ ਬਿਨਾਂ ਸੋਝੀ ਨਹੀਂ ਆ ਸਕਦੀ। ਸੱਚੇ ਸਤਿਗੁਰ ਦਾ ਦਰਸਾਇਆ ਹੋਇਆ ਗੁਰ-ਦੀਖਿਆ ਰੂਪੀ ਗੁਰਮਤਿ ਨਾਮ ਸੱਚੇ ਅਭਿਆਸ ਦੁਆਰਾ ਕਮਾਵੇ, ਤਾਂ ਹੀ ਕਮਾਈ ਥਾਉਂ ਪੈਂਦੀ ਹੈ, ਐਵੇਂ ਨਹੀਂ।

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥ ਪੂਜਾ ਕਰਹਿ ਬਹੁਤੁ ਬਿਸਥਾਰਾ ॥
ਕਰਿ ਇਸਨਾਨੁ ਤਨਿ ਚਕ੍ਰ ਬਣਾਏ ॥ ਅੰਤਰ ਕੀ ਮਲੁ ਕਬਹੀ ਨ ਜਾਏ ॥੧॥
ਇਤੁ ਸੰਜਮਿ ਪ੍ਰਭੁ ਕਿਨ ਹੀ ਨ ਪਾਇਆ ॥
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ ॥੧॥ਰਹਾਉ॥
ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮਪੁਰਿ ਬਾਂਧਿ ਖਰੇ ਕਾਲੰਕ ॥੨॥
ਘੂੰਘਰ ਬਾਧਿ ਬਜਾਵਹਿ ਤਾਲਾ ॥ ਅੰਤਰਿ ਕਪਟੁ ਫਿਰਹਿ ਬੇਤਾਲਾ ॥
ਵਰਮੀ ਮਾਰੀ ਸਾਪੁ ਨ ਮੂਆ ॥ ਪ੍ਰਭੁ ਸਭ ਕਿਛੁ ਜਾਨੈ ਜਿਨਿ ਤੂ ਕੀਆ ॥੩॥
ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥ ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥
ਦੇਸੁ ਛੋਡਿ ਪਰਦੇਸਹਿ ਧਾਇਆ ॥ ਪੰਚ ਚੰਡਾਲ ਨਾਲੇ ਲੈ ਆਇਆ ॥੪॥
ਕਾਨ ਫਰਾਇ ਹਿਰਾਏ ਟੂਕਾ ॥ ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥
ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ॥੫॥
ਬੋਲੈ ਨਾਹੀ ਹੋਇ ਬੈਠਾ ਮੋਨੀ ॥ ਅੰਤਰਿ ਕਲਪ ਭਵਾਈਐ ਜੋਨੀ ॥
ਅੰਨ ਤੇ ਰਹਤਾ ਦੁਖੁ ਦੇਹੀ ਸਹਤਾ ॥
ਹੁਕਮੁ ਨ ਬੂਝੈ ਵਿਆਪਿਆ ਮਮਤਾ ॥੬॥
ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥ ਪੂਛਹੁ ਸਗਲ ਬੇਦ ਸਿੰਮ੍ਰਿਤੇ ॥

ਮਨਮੁਖ ਕਰਮ ਕਰੈ ਅਜਾਈ ॥ ਜਿਉ ਬਾਲੂ ਘਰ ਠਉਰ ਨ ਠਾਈ ॥੭॥
ਜਿਸ ਨੋ ਭਏ ਗੋੁਬਿੰਦ ਦਇਆਲਾ ॥ ਗੁਰ ਕਾ ਬਚਨੁ ਤਿਨਿ ਬਾਧਿਓ ਪਾਲਾ ॥
ਕੋਟਿ ਮਧੇ ਕੋਈ ਸੰਤੁ ਦਿਖਾਇਆ ॥ ਨਾਨਕੁ ਤਿਨ ਕੈ ਸੰਗਿ ਤਰਾਇਆ ॥੮॥
ਜੇ ਹੋਵੈ ਭਾਗੁ ਤਾ ਦਰਸਨੁ ਪਾਈਐ ॥ ਆਪਿ ਤਰੈ ਸਭੁ ਕੁਟੰਬੁ ਤਰਾਈਐ ॥
੧॥ਰਹਾਉ ਦੂਜਾ॥੨॥ [ਪ੍ਰਭਾਤੀ ਮ: ੫, ਪੰਨਾ ੧੩੪੭-੪੮

ਇਸ ਗੁਰਵਾਕ ਦੇ ਸਮੁਚੇ ਭਾਵ ਤੋਂ ਸਮੂਹ ਮਨ-ਹਠ ਮਨਮਤੀ ਭੇਖਾਂ ਦਾ ਨਿਖੇਧੀ ਰੂਪ ਖੰਡਨ ਸਿਧਾਂਤ ਸਿਧ ਹੁੰਦਾ ਹੈ ਤੇ ਕੇਵਲ ਗੁਰਮਤਿ ਦਾ ਹੀ ਮੰਡਨ ਮਈ ਵਿਧਾਨ ਸਿੱਧ ਹੈ। ਯਥਾ ਵਿਆਖਿਆ—

ਚਾਹੇ ਮਨਮਤੀ ਪੁਰਸ਼ ਬਹੁ ਬਹੁ ਪ੍ਰਕਾਰ ਦੀ ਵਿਸਥਾਰ ਸਹਿਤ ਮਨ ਹਠ ਪੂਜਾ ਕਰੇ, ਪਰ ਉਹ ਸਭ ਨਿਸਫਲ ਜਾਂਦੀ ਹੈ, ਕਿਉਂਕਿ ਉਸ ਦੇ ਮਨ ਵਿਚੋਂ ਕ੍ਰੋਧ ਅਤੇ ਮਹਾਂ ਅਹੰਕਾਰ ਦੂਰ ਨਹੀਂ ਹੁੰਦਾ। ਪਾਖੰਡੀ ਪੁਰਸ਼ ਮਨ-ਉਕਤ ਪਿੰਡਾ ਧੋ ਕੇ ਆਪਣੇ ਸਰੀਰ ਉਤੇ ਚਕ੍ਰ ਬਣਾ ਬਣਾ ਦਿਖਾਉਂਦੇ ਹਨ, ਪਰ ਉਨ੍ਹਾਂ ਦੇ ਅੰਦਰ ਦੀ ਮੈਲ ਕਦੇ ਨਹੀਂ ਜਾਂਦੀ। ਵਿਸ਼ਨੂੰ ਦੇ ਭਗਤਾਂ ਵਾਲੇ ਚਿੰਨ੍ਹ ਸਰੀਰ ਤੇ ਲਾਇਆਂ, ਇਸ ਪ੍ਰਕਾਰ ਦੇ ਸੰਜਮਾਂ ਦਵਾਰਾ ਵਾਹਿਗੁਰੂ ਨੂੰ ਕਿਸੇ ਨੇ ਨਹੀਂ ਪਾਇਆ। ਜੋ ਕੁਛ ਕਿਰਿਆ ਵੀ ਉਹ ਕਰਦੇ ਹਨ, ਦੁਨੀਆ ਪਾਸੋਂ ਮਾਇਆ ਬਟੋਰਨ ਲਈ ਕਰਦੇ ਹਨ। ਜਿਨ੍ਹਾਂ ਦਾ ਮਨ ਮਾਇਆ ਨਾਲ ਹੀ ਪਾਹਿਆ ਹੋਇਆ ਹੈ, ਉਹ ਪ੍ਰਮਾਰਥ ਤੋਂ ਬਹੁਤ ਦੂਰ ਰਹਿੰਦੇ ਹਨ, ਨਿਰੇ ਸੁਆਰਥੀ ਪਾਖੰਡੀ ਭੇਖੀ ਤੱਤ ਪ੍ਰਮਾਰਥ ਤੋਂ ਦੁਰੇਡੇ ਹੀ ਰਹਿੰਦੇ ਹਨ।

ਕਾਮ, ਕ੍ਰੋਧ, ਲੋਭ, ਹੰਕਾਰ ਆਦਿਕ ਪੰਚਾਂ ਦੂਤਾਂ ਦੇ ਸਦੀਵ-ਕਾਲ ਵਸਗਤਿ (ਅਧੀਨ) ਰਹਿਣ ਵਾਲੇ ਪਾਪੀ ਪਾਪ ਕਰੀ ਹੀ ਜਾਂਦੇ ਹਨ, ਆਨਮਤੀ ਤੀਰਥਾਂ ਤੇ ਨਹਾ ਕੇ ਉਹ ਸਮਝ ਬੈਠਦੇ ਹਨ ਕਿ ਸਾਰੇ ਪਾਪ ਕਮਾਤੇ ਹੋਏ ਉਤਰ ਗਏ ਹਨ, ਵਾਸਤਵ ਵਿਚ ਉਤਰਦੇ ਨਹੀਂ। ਇਸ ਬਿਧਿ ਨਿਰਸੰਕੋਚ ਤੇ ਨਿਸੰਕ ਹੋ ਕੇ ਅਤੇ ਇਸ ਝੂਠੇ ਅਧਾਰ ਤੇ ਨਿਰਭਰ ਹੋ ਕੇ, ਕਿ ਤੀਰਥ ਨ੍ਹਾਤਿਆਂ ਪਾਪ ਉਤਰ ਜਾਂਦੇ ਹਨ, ਉਹ ਸਗੋਂ ਹੋਰ ਬਹੁਤੇ ਪਾਪ ਕਰਮ ਕਮਾਉਂਦੇ ਹਨ, ਜਿਨ੍ਹਾਂ ਪਾਪਾਂ ਕਰਕੇ ਜਮਪੁਰੀ ਵਿਖੇ ਬੰਨ੍ਹ ਖੜੀਦੇ ਹਨ। ਭੇਖੀ ਲੋਕ ਲੱਕ ਤੇ ਪੈਰਾਂ ਵਿਖੇ ਘੁੰਘਰੂ ਬੰਨ੍ਹ ਕੇ ਫੋਕਟ ਝੂਠੀ ਕਿਰਿਆ ਵਾਲੇ ਤਾਲ ਪੂਰਦੇ ਹਨ; ਉਨ੍ਹਾਂ ਦੇ ਅੰਦਰ ਨਿਰਾ ਕਪਟ ਹੀ ਭਰਿਆ ਹੁੰਦਾ ਹੈ। ਤਾਂ ਤੇ ਉਹ ਨਿਰੇ ਬੇਸੁਰੇ ਹੋ ਕੇ ਆਲਾਪ ਬਿਲਾਪਦੇ ਹਨ। ਅੰਦਰਲਾ ਮਨ ਰੂਪੀ ਸਪੋਲੀਆ ਇਨ੍ਹਾਂ ਫੋਕਟ ਕਰਮਾਂ ਕਰਕੇ ਮਰਦਾ ਨਹੀਂ, ਦੇਹ ਰੂਪੀ ਵਰਮੀ ਨੂੰ ਭਾਂਤ ਭਾਂਤ ਦਾ ਕਸ਼ਟ ਦੇਣ ਵਾਲੇ ਫੋਕਟ ਪਾਖੰਡ ਭੇਖ ਦਿਖਾਉਂਦੇ ਹਨ। ਵਾਹਿਗੁਰੂ ਅੰਤਰ-ਜਾਮੀ ਉਨ੍ਹਾਂ ਦੀ ਅੰਦਰਲੀ ਕਪਟ-ਕਿਰਿਆ ਸਭ ਜਾਣਦਾ ਹੈ, ਜੋ ਸਭਨਾਂ ਦਾ ਕਰਮ-ਬਿਧਾਤਾ ਹੈ। ਧੂਣੀ ਤਾਪ ਕੇ ਗੇਰੂ ਰੰਗੇ ਬਸਤਰ ਪਹਿਨਣ ਵਾਲੇ ਭੇਖ ਦਿਖਾਇਆਂ ਭੀ ਕੁਛ ਨਹੀਂ ਬਣਦਾ। ਅਜਿਹੇ ਭੇਖੀ ਪੁਰਸ਼ ਘਰ ਤੋਂ ਜੋ ਨਸਦੇ ਹਨ, ਕਿਸੇ ਅਪਦਾ

ਦੇ ਮਾਰੇ ਨਸਦੇ ਹਨ ਅਤੇ ਭੇਖ ਬਣਾ ਬਣਾ ਕੇ ਦਿਲ ਪਰਚਾਉਂਦੇ ਹਨ, ਨਿਰਾ ਪਾਖੰਡ ਹੀ ਦਿਖਾਉਂਦੇ ਹਨ। ਅਪਣਾ ਦੇਸ ਛਡ ਕੇ ਪ੍ਰਦੇਸਾਂ ਵਿਚ ਧਾਉਂਦੇ ਫਿਰਦੇ ਹਨ, ਪੰਜੇ **ਚੰਡਾਲ** (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨਾਲੇ ਲਈ ਫਿਰਦੇ ਹਨ। ਕੰਨ-ਪਾਟੇ ਜੋਗੀ ਬਣ ਕੇ, ਕੰਨ ਪੜਵਾਉਣ ਦਾ ਵੀ ਬਥੇਰਾ ਭੇਖ ਧਾਰ ਲਿਆ, ਘਰ ਘਰ ਮੰਗਦਾ ਫਿਰਦਾ ਰਿਹਾ, ਤ੍ਰਿਪਤਾਉਂਦਾ ਹੀ ਨਹੀਂ, ਬਿਗਾਨੇ ਟੁਕੜੇ ਵੇਖ ਵੇਖ ਕੇ ਤਰਸਦਾ ਹੈ।

ਆਪਣੇ ਘਰ ਦੀ ਇਸਤ੍ਰੀ ਛਡ ਕੇ ਪਰ-ਨਾਰੀ ਨੂੰ ਬੁਰੀ ਨਜ਼ਰ ਨਾਲ ਤਕਦਾ ਹੈ, ਇਸ ਬਿਧਿ ਭੇਖ ਕੀਤਿਆਂ ਪ੍ਰਮਾਰਥੀ ਸਿਧੀ ਨਹੀਂ ਹੁੰਦੀ, ਸਗੋਂ ਮਹਾਂ ਦੁਖ ਹੀ ਦੁਖ ਹੁੰਦਾ ਹੈ। ਇਕ ਹੋਰ ਭੇਖਧਾਰੀ ਹਨ, ਜੋ ਮੋਨ ਬ੍ਰਤ ਫੋਕਾ ਧਾਰਦੇ ਹਨ, ਉਨ੍ਹਾਂ ਦੇ ਸੰਕਲਪ ਵਿਕਲਪ ਅੰਦਰਲੇ ਮਿਟਦੇ ਹੀ ਨਹੀਂ। ਨਿਰੀ ਫੋਕੀ ਮਨ ਦੀ ਮੱਤ ਅਤੇ ਮਮਤਾ ਹੀ ਉਸ ਨੂੰ ਵਿਆਪੀ ਰਹਿੰਦੀ ਹੈ। ਵਾਹਿਗੁਰੂ ਦੇ ਸੱਚੇ ਹੁਕਮ ਨੂੰ ਉਹ ਸਮਝ ਹੀ ਨਹੀਂ ਸਕਦਾ। ਇਨ੍ਹਾਂ ਭੇਖੀਆਂ ਵਿਚੋਂ ਕਿਸੇ ਵੀ ਭੇਖੀ ਨੇ ਸੱਚੇ ਸਤਿਗੁਰੂ ਧਾਰੇ ਬਿਨਾਂ ਪਰਮ ਗਤੀ ਨਹੀਂ ਪਾਈ। ਸਾਰੇ ਹੀ ਬੇਦ ਅਤੇ ਸਿਮ੍ਰਿਤੀਆਂ ਨੂੰ ਪੜ੍ਹ ਵੀਚਾਰ ਕੇ ਪੁਛ ਦੇਖੋ। ਉਹ ਸਾਰੇ ਹੀ ਆਨਮਤੀ ਭੇਖ ਧਰਮ ਅਤੇ ਉਨ੍ਹਾਂ ਦੇ ਧਾਰਨਹਾਰੇ ਭੇਖੀ ਐਵੇਂ ਹੀ ਭਰਮਦੇ ਫਿਰਦੇ ਹਨ। ਇਹ ਮਨਮੁਖ ਪਾਖੰਡੀ ਭੇਖੀ ਕਰਮ ਅਜਾਈਂ ਹੀ ਕਰਦੇ ਹਨ, ਜਿਸ ਤਰ੍ਹਾਂ ਰੇਤੇ ਦਾ ਘਰ ਉਸਾਰਨ-ਹਾਰਿਆਂ ਦਾ ਥਾਉਂ ਠਿਕਾਣਾ ਕੋਈ ਵੀ ਨਹੀਂ ਹੁੰਦਾ। ਜਿਨ੍ਹਾਂ ਵਡਭਾਗੇ ਗੁਰਮੁਖਿ ਜਨਾਂ ਉਤੇ ਵਾਹਿਗੁਰੂ ਗੋਬਿੰਦ ਦਇ-ਆਲ ਹੁੰਦਾ ਹੈ, ਉਹ ਗੁਰਮੁਖਿ ਜਨ ਗੁਰੂ ਦਵਾਰਾ ਪ੍ਰਾਪਤ ਹੋਇਆ ਗੁਰ-ਦੀਖਿਆ ਗੁਰਮੰਤਰ ਰੂਪੀ ਬਚਨ ਗਹਿ ਕਰਕੇ ਪੱਲੇ ਬੰਨ੍ਹ ਲੈਂਦੇ ਹਨ (ਉਹ ਖ਼ੂਬ ਗਹਿ-ਗਡਵੀਆਂ ਅਭਿਆਸ ਕਮਾਈਆਂ ਕਰਦੇ ਹਨ)। ਗੁਰ-ਦੀਖਿਆ ਰੂਪੀ ਗੁਰਮੰਤਰ ਭੀ ਕਿਸੇ ਗੁਰੂ ਨਾਨਕ ਸਾਹਿਬ ਸਾਰਖੇ ਸੱਚੇ ਗੁਰੂ ਪਾਸੋਂ ਮਿਲਦਾ ਹੈ। ਐਸਾ ਗੁਰੂ ਰੂਪੀ ਸੰਤ ਕਰੋੜਾਂ ਵਿਚੋਂ ਕੋਈ ਹੀ ਹੁੰਦਾ ਹੈ, ਸੋਈ ਧੁਰੋਂ ਪਠਾਇਆ ਆਉਂਦਾ ਹੈ ਅਤੇ ਗੁਰੂ ਰੂਪੀ ਸੰਤ ਕਹਾਉਂਦਾ ਹੈ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਐਸੇ ਗੁਰੂ ਰੂਪੀ ਸੱਚੇ ਸੰਤ ਦੀ ਸੰਗਤ ਕੀਤਿਆਂ ਹੀ ਸੱਚਾ ਨਿਸਤਾਰਾ ਹੁੰਦਾ ਹੈ।

ਅਲਹੁ ਏਕੁ ਮਸੀਤਿ ਬਸਤੁ ਹੈ ਅਵਰੁ ਮੁਲਖੁ ਕਿਸੁ ਕੇਰਾ ॥
ਹਿੰਦੂ ਮੂਰਤਿ ਨਾਮੁ ਨਿਵਾਸੀ ਦੁਹ ਮਹਿ ਤਤੁ ਨ ਹੇਰਾ ॥੧॥
ਅਲਹ ਰਾਮ ਜੀਵਉ ਤੇਰੇ ਨਾਈ॥ਤੂ ਕਰਿ ਮਿਹਰਾਮਤਿ ਸਾਈ॥੧॥ਰਹਾਉ॥
ਦਖਨ ਦੇਸ ਹਰੀ ਕਾ ਬਾਸਾ ਪਛਿਮਿ ਅਲਹ ਮੁਕਾਮਾ ॥
ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ ਏਹੀ ਠਉਰ ਮੁਕਾਮਾ ॥੨॥
ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜੀ ਮਹ ਰਮਜਾਨਾ ॥
ਗਿਆਰਹ ਮਾਸ ਪਾਸ ਕੈ ਰਾਖੇ ਏਕੈ ਮਾਹਿ ਨਿਧਾਨਾ ॥੩॥

ਕਹਾ ਉਡੀਸੇ ਮਜਨੁ ਕੀਆ ਕਿਆ ਮਸੀਤਿ ਸਿਰੁ ਨਾਂਏਂ ॥
ਦਿਲ ਮਹਿ ਕਪਟੁ ਨਿਵਾਜ ਗੁਜਾਰੈ ਕਿਆ ਹਜ ਕਾਬੈ ਜਾਂਏਂ ॥੪॥
ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤੁਮ੍ਾਰੇ ॥
ਕਬੀਰੁ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥੫॥
ਕਹਤੁ ਕਬੀਰੁ ਸੁਨਹੁ ਨਰ ਨਰਵੈ ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਤਬ ਹੀ ਨਿਹਚੈ ਤਰਨਾ ॥੬॥੨॥

[ਪ੍ਰਭਾਤੀ ਕਬੀਰ ਜੀ, ਪੰਨਾ ੧੩੪੯

ਇਸ ਗੁਰਵਾਕ ਦੁਆਰਾ ਹਿੰਦੂ ਮੁਸਲਮਾਨਾਂ ਦਾ ਪਰਪੰਚ ਭੇਖ ਦਰਸਾਇਆ ਗਿਆ ਹੈ। ਯਥਾ ਵਿਆਖਿਆ—

ਤੁਰਕ ਮੁਸਲਮਾਨ ਤਾਂ ਇਕ ਪ੍ਰਕਾਰ ਦੇ ਇਸ ਗੱਲ ਦੇ ਹਿਮੈਤੀ ਹਨ ਕਿ ਉਨ੍ਹਾਂ ਦਾ ਪੂਜ ਅੱਲ੍ਹਾ ਕੇਵਲ ਮਸੀਤ ਅੰਦਰ ਹੀ ਮੁਕਈਅਦ (ਕੈਦ) ਹੈ। ਜੇਕਰ ਉਹ ਕੇਵਲ ਮਸੀਤ ਵਿਚ ਹੀ ਵਸਦਾ ਹੈ ਤਾਂ ਵਾਹਿਗੁਰੂ ਵਿਆਪਕ ਨ ਰਿਹਾ। ਹੋਰ ਮਨੁਖ ਕਿਸ ਦੇ ਹੋਣਗੇ ? ਵਾਹਿਗੁਰੂ ਬਿਹੂਣੇ ਹੀ ਹੋਣਗੇ। ਹਿੰਦੂ ਮਤ ਦੇ ਖ਼ਿਆਲ ਵਿਚ ਜਿਸ ਮੂਰਤੀ ਨੂੰ ਪੂਜਦੇ ਹਨ ਉਸੇ ਮੂਰਤੀ ਵਿਚ ਹੀ ਵਾਹਿਗੁਰੂ ਦੇ ਨਾਮ ਦਾ ਵਾਸਾ ਹੁੰਦਾ ਹੈ, ਇਹ ਹਿੰਦੂਆਂ ਦਾ ਫੋਕਟ ਅਗਿਆਨ ਭਰਿਆ ਅਭਿਪਰਾ ਹੈ। ਤਾਂ ਤੇ ਨਾ ਹੀ ਤੁਰਕਾਂ ਦੇ ਖ਼ਿਆਲ ਅਨੁਸਾਰ ਤੇ ਨਾ ਹੀ ਹਿੰਦੂ-ਮੱਤੀਆਂ ਦੇ ਮਤ ਅਨੁਸਾਰ ਤੱਤ ਪ੍ਰਮਾਰਥ ਨਜ਼ਰ ਆਉਂਦਾ ਹੈ। ਗੁਰਮਤਿ ਅਨੁਸਾਰ ਵਾਹਿਗੁਰੂ ਨਾਮ ਦੇ ਤੱਤ ਸਿਧਾਂਤ ਅੰਦਰ ਰਾਮ ਅਤੇ ਖ਼ੁਦਾ ਦੇ ਸੰਕੇਤਕ ਕ੍ਰਿਤਮ ਨਾਮ ਆ ਜਾਂਦੇ ਹਨ। ਤਾਂ ਤੇ ਸਤਿਨਾਮ ਵਾਹਿਗੁਰੂ ਦੇ ਜਪਿਆਂ ਹੀ ਸੱਚਾ ਜੀਵਨ ਹੈ। ਜਿਸ ਦੇ ਉਪਰ ਨਦਰ ਮੇਹਰ ਵਾਹਿਗੁਰੂ ਦੀ ਹੁੰਦੀ ਹੈ ਉਹੀ ਵਾਹਿਗੁਰੂ ਨਾਮ ਗੁਰਮੰਤਰ ਨੂੰ ਜਪਣ ਲਗਦਾ ਹੈ। ਹਿੰਦੂ ਮਤ ਦੇ ਪ੍ਰਪੰਚ ਖ਼ਿਆਲ ਅੰਦਰ ਉਨ੍ਹਾਂ ਦੇ ਮੰਨੇ ਦੰਨੇ ਰੱਬ ਦਾ ਵਾਸਾ ਦੱਖਣ ਅੰਦਰ ਹੀ ਹੈ। ਅਤੇ ਤੁਰਕਾਂ ਦੇ ਖ਼ਿਆਲ ਅੰਦਰ ਉਨ੍ਹਾਂ ਦੇ ਮਨੌਤੀ ਅੱਲ੍ਹਾ ਦਾ ਵਾਸਾ ਮੁਕਾਮ ਪੱਛਮ ਦਿਸ਼ਾ ਵਿਚ ਹੀ ਹੈ। ਪ੍ਰੰਤੂ ਗੁਰਮਤਿ ਅਨੁਸਾਰ, ਗੁਰਮਤਿ ਨਾਮ ਗੁਰਮੰਤਰ ਦਾ ਭਜਨ ਅਭਿਆਸ ਕੀਤਿਆਂ ਹਰੇਕ ਅਭਿਆਸੀ ਜਨ ਦੇ ਹਿਰਦੇ ਅੰਦਰ ਵਾਹਿਗੁਰੂ ਆਇ ਪ੍ਰਗਟ ਹੁੰਦਾ ਹੈ, ਤੇ ਅੰਦਰ ਪ੍ਰਗਟ ਹੋ ਕੇ ਸਾਰੇ ਬ੍ਰਹਮੰਡਾਂ ਅੰਦਰ ਉਸ ਦੀ ਜੋਤਿ ਪ੍ਰਕਾਸ਼ਤ ਹੋ ਜਾਂਦੀ ਹੈ। ਤਾਂ ਤੇ ਗੁਰਮਤਿ ਅਨੁਸਾਰ ਪੱਕੀ ਖੋਜ ਵਾਹਿਗੁਰੂ ਦੀ ਹਿਰਦੇ ਅੰਦਰ ਮਿਲਦੀ ਹੈ, ਪਰ ਮਿਲਦੀ ਅਭਿਆਸ ਕਮਾਈਆਂ ਕਰਕੇ ਹੀ ਹੈ। ਤੱਤ ਭਾਵ, ਵਾਹਿਗੁਰੂ ਦੇ ਮਿਲਣ ਦਾ ਸੱਚਾ ਠਿਕਾਣਾ ਅਤੇ ਮੁਕਾਮ ਹਿਰਦਾ-ਕਮਲ ਹੀ ਹੈ। ਬ੍ਰਾਹਮਣ ਲੋਕ ਪਾਖੰਡ-ਵਰਤ ਰਖਦੇ ਹਨ, ਜੋ ਮਹੀਨੇ ਵਿਚ ਦੋ ਵਾਰੀ ਤੇ ਵਰ੍ਹੇ ਵਿਚ ੨੪ ਵਾਰ ਆਉਂਦਾ ਹੈ ਤੇ ਮੁਸਲਮਾਨ ਰਮਜ਼ਾਨ ਦਾ ਮਹੀਨਾ ਸਾਰਾ ਹੀ ਲਗ ਕੇ ਰੋਜ਼ਿਆਂ ਵਿਚ ਬਤੀਤ ਕਰਦੇ ਹਨ। ਇਨ੍ਹਾਂ ਦੋਹਾਂ ਦੀ ਭਾਵਨਾ ਅਨੁਸਾਰ ਇਨ੍ਹਾਂ

 www.sikhbookclub.com

ਵਰਤਾਂ ਤੇ ਰੋਜ਼ਿਆਂ ਦੇ ਰੱਖਣ ਵਿਚ ਹੀ ਵਾਹਿਗੁਰੂ ਦਾ ਦਰਸ਼ਨ ਧਰਿਆ ਪਿਆ ਹੈ ਹਾਲਾਂ ਕਿ ਉੱਕਾ ਹੀ ਨਹੀਂ । ਮੁਸਲਮਾਨਾਂ ਦੇ ਮਤ ਅਨੁਸਾਰ ਰਮਜ਼ਾਨ ਦੇ ਇਕ ਮਹੀਨੇ ਤੋਂ ਬਿਨਾਂ ਬਾਕੀ ਦੇ ਗਿਆਰਾਂ ਮਹੀਨੇ ਐਵੇਂ (ਬਿਰਥਾ) ਹੀ ਪਾਸੇ ਧਰੇ ਰਹਿ ਜਾਂਦੇ ਹਨ, ਉਹ ਆਪਣੀ ਪਰਪੰਚ-ਕਿਰਿਆ ਦਵਾਰਾ ਇਕੋ ਰਮਜ਼ਾਨ ਦੇ ਮਹੀਨੇ ਵਿਚ ਹੀ ਸਾਰਾ ਨਿਧ ਨਿਧਾਨ ਪ੍ਰਮਾਰਥੀ ਮਿਲਿਆ ਸਮਝਦੇ ਹਨ (ਪ੍ਰੰਤੂ ਇਹ ਇਨ੍ਹਾਂ ਦੀ ਨਿਰੀ ਗ਼ਲਤ ਫ਼ਹਿਮੀ ਹੈ) । ਉੜੀਸੇ ਤੀਰਥ ਵਿਖੇ ਹਿੰਦੂਆਂ ਦਾ ਮੱਜਨ ਕਰਨਾ ਵਿਅਰਥ ਹੈ, ਉਹ ਇਸੇ ਮੱਜਨ ਦਵਾਰਾ ਹੀ ਆਪਣੀ ਕਲਿਆਨ ਸਮਝਦੇ ਹਨ (ਚਾਹੇ ਉੱਕੀ ਹੀ ਨਹੀਂ ਹੁੰਦੀ) । ਮੁਸਲਮਾਨਾਂ ਦਾ ਮਸੀਤ ਅੰਦਰ ਸਿਰ ਨਿਵਾਣਾ ਵੀ ਨਿਰਾ ਭੇਖ-ਕਰਮੀ ਹੈ । ਇਸ ਸੀਸ ਨਿਵਾਇਆਂ ਕਿਆ ਬਣਦਾ ਹੈ, ਉਨ੍ਹਾਂ ਦਾ ਕਾਬੇ ਦੇ ਹਜ ਵਾਸਤੇ ਜਾਣਾ ਭੀ ਕਿਸੇ ਅਰਥ ਨਹੀਂ, ਕਿਉਂਕਿ ਉਨ੍ਹਾਂ ਦੇ ਦਿਲ ਅੰਦਰ ਨਿਰਾ ਹੀ ਕਪਟ ਭਰਿਆ ਹੁੰਦਾ ਹੈ, ਤਿਨ੍ਹਾਂ ਦੀ ਨਿਮਾਜ਼ ਭੀ ਇਕ ਭੇਖ-ਧਾਰੀ ਕਿਰਿਆ ਹੈ । ਵਾਹਿਗੁਰੂ ਸਿਰਜਨਹਾਰ ਨੇ ਅਉਰਤ ਤੇ ਮਰਦ ਦੀ ਸਾਜਨਾ ਇਕਸਾਰ ਹੀ ਕੀਤੀ ਹੈ, ਪ੍ਰੰਤੂ ਮੁਸਲਮਾਨ ਸੁੰਨਤ ਕਰਨ ਦੀ ਪਾਖੰਡ-ਕਿਰਿਆ ਦਵਾਰਾ ਜੋ ਗਤੀ ਸਮਝਦੇ ਹਨ, ਤਾਂ ਉਨ੍ਹਾਂ ਦੀ ਖ਼ਿਆਲ ਕੀਤੀ ਗਤੀ ਵੀ ਅਧੂਰੀ ਹੀ ਹੈ, ਕਿਉਂਕਿ ਇਸ ਗੁਰਵਾਕ ਅਨੁਸਾਰ—

"ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ" ॥੩॥੮॥

[ਆਸਾ ਕਬੀਰ ਜੀ, ਪੰਨਾ ੪੭੭

ਅਉਰਤ ਦੀ ਸੁੰਨਤ ਹੋ ਹੀ ਨਹੀਂ ਸਕਦੀ, ਤਾਂ ਤੇ ਅਵਗਤਿ ਹੀ ਜਾਂਦੀ ਹੈ, ਉਨ੍ਹਾਂ ਦੀ ਸਮਝ ਅਨੁਸਾਰ । ਕਬੀਰ ਸਾਹਿਬ ਫ਼ੁਰਮਾਉਂਦੇ ਹਨ, ਗੁਰਮਤਿ ਅਨੁਸਾਰ ਹਰੇਕ ਅਉਰਤ ਮਰਦ ਵਾਹਿਗੁਰੂ-ਮਾਲਕ ਦੀ ਹੀ ਸੱਚੀ ਖ਼ਲਕਤ ਹੈ ਅਤੇ ਸਾਰੇ ਇਨ੍ਹਾਂ ਸਾਜੇ ਹੋਇਆਂ ਅਉਰਤ ਮਰਦਾਂ ਦਾ ਗੁਰੂ ਪੀਰ ਵਾਹਿਗੁਰੂ ਇਕੋ ਹੀ ਹੈ, ਜੋ ਗੁਰਮਤਿ ਦਾ ਸੱਚਾ ਸਿਧਾਂਤ ਹੈ । ਹੇ ਵਾਹਿਗੁਰੂ ਦੇ ਸਾਜੇ ਹੋਏ ਨਰੋ ਤੇ ਨਾਰੀਓ ! ਇਕ ਵਾਹਿਗੁਰੂ ਦੀ ਹੀ ਸ਼ਰਨ ਪਰੋ, ਕੇਵਲ ਗੁਰਮਤਿ ਨਾਮ ਹੀ ਸਾਰੇ ਜਪੋ । ਜਿਸ ਗੁਰਮਤਿ ਨਾਮ ਦੇ ਜਪਿਆਂ ਨਿਸਚੈ ਕਰਕੇ ਭਵ-ਸਾਗਰ ਤੋਂ ਤਰ ਜਾਈਦਾ ਹੈ ।

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ ॥
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ ॥੧॥
ਮੁਲਾਂ ਕਹਹੁ ਨਿਆਉ ਖੁਦਾਈ ॥ ਤੇਰੇ ਮਨ ਕਾ ਭਰਮੁ ਨ ਜਾਈ ॥੧॥ਰਹਾਉ॥
ਪਕਰਿ ਜੀਉ ਆਨਿਆ ਦੇਹ ਬਿਨਾਸੀ ਮਾਟੀ ਕਉ ਬਿਸਮਿਲਿ ਕੀਆ ॥
ਜੋਤਿ ਸਰੂਪਿ ਅਨਾਹਤਿ ਲਾਗੀ ਕਹੁ ਹਲਾਲੁ ਕਿਆ ਕੀਆ ॥੨॥
ਕਿਆ ਉਜੂ ਪਾਕੁ ਕੀਆ ਮੁਹੁ ਧੋਇਆ ਕਿਆ ਮਸੀਤਿ ਸਿਰੁ ਲਾਇਆ ॥
ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ ਕਿਆ ਹਜ ਕਾਬੈ ਜਾਇਆ ॥੩॥

ਤੂੰ ਨਾਪਾਕੁ ਪਾਕੁ ਨਹੀ ਸੂਝਿਆ ਤਿਸ ਕਾ ਮਰਮੁ ਨ ਜਾਨਿਆ ॥
ਕਹਿ ਕਬੀਰ ਭਿਸਤਿ ਤੇ ਚੂਕਾ ਦੋਜਕ ਸਿਉ ਮਨੁ ਮਾਨਿਆ ॥੪॥੪॥
[ਪ੍ਰਭਾਤੀ ਕਬੀਰ ਜੀਉ, ਪੰਨਾ ੧੩੫੦

ਵੇਦ ਕਤੇਬੀ ਮੱਤ ਹਿੰਦੂਆਂ ਤੇ ਤੁਰਕਾਂ ਦੇ ਮੰਨੇ ਹੋਏ ਇਹ ਸਭ ਝੂਠੇ ਹਨ ਅਤੇ ਇਨ੍ਹਾਂ ਮੱਤਾਂ ਦੇ ਵਿਚਾਰਨਹਾਰੇ ਭੀ ਝੂਠੇ ਹਨ, ਕਿਉਂਕਿ ਉਹ ਸੱਚੀ ਵੀਚਾਰ ਨਹੀਂ ਵੀਚਾਰਦੇ, ਆਮ ਲੋਕੀ, ਕੀ ਹਿੰਦੂ ਕੀ ਮੁਸਲਮਾਨ ! ਆਪੋ ਆਪਣੀਆਂ ਧਰਮ-ਪੁਸਤਕਾਂ ਦੇ ਅਸਲੀ ਭਾਵ ਨੂੰ ਨਹੀਂ ਸਮਝਦੇ, ਐਵੇਂ ਪਏ ਝਗੜਦੇ ਫਿਰਦੇ ਹਨ। ਮੁਸਲਮਾਨ ਮੱਤ ਵਾਲੇ ਲੋਕ ਕੁਰਬਾਨੀ ਉਤੇ ਜ਼ੋਰ ਦਿੰਦੇ ਹਨ ਅਤੇ ਉਹ ਇਉਂ ਕਹਿੰਦੇ ਹਨ ਕਿ ਮੁਰਗੀ ਦੇ ਮਾਰਨ ਸਮੇਂ ਕਲਮਾ ਪੜ੍ਹੀਏ ਤਾਂ ਮੁਰਗੀ ਹਲਾਲ ਹੋ ਜਾਂਦੀ ਹੈ, ਨਾਲੇ ਉਹ ਇਉਂ ਕਹਿੰਦੇ ਹਨ ਅਤੇ ਉਨ੍ਹਾਂ ਦੀ ਕਤੇਬ ਕੁਰਾਨ ਵੀ ਇਹੋ ਕਹਿੰਦੀ ਹੈ ਕਿ ਅੱਲ੍ਹਾ ਸਭ ਥਾਂ ਹੈ, ਤਾਂ ਤੇ ਮੁਰਗੀ ਵਿਚ ਭੀ ਹੋਇਆ। ਫਿਰ ਉਸ ਨੂੰ ਕਿਉਂ ਜ਼ਿਬਾ ਕਰਦੇ ਹਨ ? ਜ਼ਿਬਾ ਕਰਨ ਵੇਲੇ ਛੁਰੀ ਤਾਂ ਕੇਵਲ ਸਰੀਰ ਨੂੰ ਪਹੁੰਚਦੀ ਹੈ, ਅੰਦਰਲੀ ਜੋਤਿ ਨੂੰ ਨਹੀਂ ਪਹੁੰਚਦੀ, ਉਹ ਅਨਾਹਤ ਜ਼ਿਬਾ ਨਹੀਂ ਹੁੰਦੀ, ਉਹ ਨਹੀਂ ਮਰ ਸਕਦੀ। ਫਿਰ ਹਲਾਲ ਕਿਸ ਨੂੰ ਕੀਤਾ ?

ਇਸੇ ਤਰ੍ਹਾਂ ਮੁਸਲਮਾਨਾਂ ਦੀ ਨਿਮਾਜ਼ ਤੇ ਹਜ ਆਦਿਕ ਨੂੰ ਲੈ ਕੇ ਦਸਦੇ ਹਨ ਕਿ ਅੰਦਰਲੀ ਸੁੱਧੀ ਤੋਂ ਬਿਨਾਂ ਸਭ ਕਰਮ ਨਿਸਫਲ ਹਨ। ਮੁੱਲਾਂ ਪ੍ਰਤੀ ਉਪਦੇਸ਼ ਕਰਦੇ ਹਨ ਕਿ ਹੇ ਮੂਲਾਂ ! ਤੇਰੇ ਖ਼ੁਦਾ ਦਾ ਚੰਗਾ ਨਿਆਉਂ ਹੈ, ਇਸ ਅਨਿਆਉਂ ਨੂੰ ਦੇਖ ਕੇ ਤੇਰੇ ਮਨ ਦਾ ਭਰਮ ਨਹੀਂ ਜਾ ਸਕਦਾ। ਝੂਠੀ ਪਾਖੰਡ-ਕਿਰਿਆ-ਕਰਮ ਕਰ ਕੇ ਅਤੇ ਝੂਠੇ ਵੁਜ਼ੂ ਕਰਮ ਕਰ ਕੇ, ਹੇ ਮੁਲਾਣੇ ! ਤੂੰ ਪਾਕ ਨਹੀਂ ਹੋ ਸਕਦਾ, ਤੇਰਾ ਮੂੰਹ ਹੱਥ ਧੋਣਾ ਨਿਸਫਲ ਹੈ ਅਤੇ ਮਸੀਤ ਮੂਹਰੇ ਸਿਰ ਨਿਵਾਣਾ ਵੀ ਨਿਸਫਲ ਹੈ। ਦਿਲ ਵਿਚ ਤੇਰੇ ਕਪਟ ਹੈ ਤਾਂ ਨਿਮਾਜ਼ ਕਰਨ ਤੇ ਕੀ ਬਣਦਾ ਹੈ, ਨਾ ਹੀ ਹਜ ਕਾਬੇ ਦੀ ਯਾਤਰਾ ਕਰਨ ਤੇ ਕੁਛ ਸੌਰਦਾ ਹੈ। ਜੇਕਰ ਪਰਵਰਦਗਾਰ ਸੱਚਾ ਵਾਹਿਗੁਰੂ ਤੈਨੂੰ ਨਹੀਂ ਸੁਝਿਆ, ਭਾਵ, ਜੇ ਤੈਨੂੰ ਸੱਚੇ ਪਰਵਦਗਾਰ ਦੀ ਸੋਝੀ ਨਹੀਂ ਆਈ ਤੇ ਜੇਕਰ ਤੈਂ ਉਸ ਦਾ ਮਰਮ ਭੇਦ ਨਹੀਂ ਜਾਣਿਆ ਤਾਂ ਤੇਰੀ ਸਭ ਪਾਖੰਡ-ਕਿਰਿਆ ਨਿਸਫਲ ਹੈ। ਇਸ ਬਿਧਿ ਪਾਖੰਡ-ਭੇਖ ਕੀਤਿਆਂ ਤੈਨੂੰ ਹਰਗਿਜ਼ ਹਰਗਿਜ਼ ਬਹਿਸ਼ਤ ਨਹੀਂ ਮਿਲ ਸਕਦੀ ਅਤੇ ਦੋਜ਼ਕ ਨੂੰ ਸਿੱਧਾ ਜਾਣ ਦਾ ਹੀ ਤੈਂ ਵਤੀਰਾ ਧਾਰਨ ਕੀਤਾ ਹੈ।

'ਮਤ' ਪਦ ਇਥੇ ਮਤ ਦਾ ਬਹੁ-ਵਚਨ ਹੈ, ਇਸ ਲਈ ਮੱਤਾਂ ਅਤੇ ਮਜ਼ਹਬਾਂ ਦੇ ਅਰਥਾਂ ਵਿਚ ਹੀ ਲਿਆ ਜਾਵੇਗਾ। ਜੇਕਰ 'ਨਾ' ਦੇ ਅਰਥ ਵਿਚ ਹੁੰਦਾ ਤਾਂ ਤੱਤੇ ਨੂੰ ਔਂਕੜ ਹੁੰਦਾ ਜਾਂ ਸਿਹਾਰੀ ਹੁੰਦੀ, 'ਕਹਹੁ ਮਤ ਝੂਠੇ' ਦਾ ਭਾਵ ਹੁੰਦਾ। ਹਿੰਦੂ ਮੱਤ ਵਾਲੇ ਵੀ ਇਹੋ ਗੱਲ ਆਖਦੇ ਹਨ ਕਿ ਬ੍ਰਹਮ ਸਾਰੇ ਹੀ ਰਮਿਆ ਹੋਇਆ ਹੈ, ਪ੍ਰੰਤੂ ਉਹ ਵੀ ਅਸਮੇਧ ਜਗ ਆਦਿਕ ਕਰ ਕੇ ਜੀਵਾਂ ਦੀ ਹੱਤਿਆ ਦਾ ਹੁਕਮ ਦਿੰਦੇ

ਹਨ ! ਤਾਂ ਤੇ ਬੇਦ ਮਤ ਅਤੇ ਉਸ ਤੇ ਚਲਣਹਾਰੇ ਬੇਦ-ਮਤੀਸਰ ਦੋਵੇਂ ਝੂਠੇ ਹਨ, ਦੇਖੋ ਦੇਖੀ ਮਨ-ਹਠ ਕਰਕੇ ਜੀਵਾਂ ਦੀ ਹੱਤਿਆ ਕਰੀ ਜਾਂਦੇ ਹਨ, ਤੱਤ ਵੀਚਾਰ ਕਰਦੇ ਨਹੀਂ, ਨਾ ਹੀ ਉਨ੍ਹਾਂ ਦੇ ਮਨ-ਮੰਨੇ ਮੱਤ (ਮਜ਼ਹਬ) ਤੱਤ ਵੀਚਾਰ ਕਰਨ ਸਿਖਾਉਂਦੇ ਹਨ। ਸਭਨਾਂ ਨੇ ਝੂਠ ਵਿਚਾਰ ਉਤੇ ਹੀ ਜ਼ੋਰ ਦਿਤਾ ਹੋਇਆ ਹੈ। ਹਿੰਦੂ ਮੱਤ ਵਾਲੇ ਏਥੇ ਤੁਰਕਾਣੀ ਮੱਤ ਦੇ ਪੈਰੋਕਾਰ ਹੋ ਕੇ ਉਨ੍ਹਾਂ ਦੀ (ਤੁਰਕਾਂ ਦੀ) ਰੀਸੋ ਘੜੀਸੇ ਹੀ ਜੀਉ ਬਧਿ ਕਰੀ ਜਾਂਦੇ ਹਨ, ਆਪਣੇ ਸੁਆਦਾਂ ਲਈ ਜੀਆਂ ਨੂੰ ਸੰਘਾਰਦੇ ਹਨ; ਜਦੋਂ ਮਾਰਦੇ ਹਨ, ਤੱਤ ਵੀਚਾਰ ਕੁਛ ਨਹੀਂ ਕਰਦੇ। ਹਿੰਦੂ ਅਤੇ ਤੁਰਕ ਦੋਹਾ ਮੱਤਾਂ ਵਾਲੇ ਇਕ-ਸਾਰ ਹੀ ਜੀਵ-ਹੱਤਿਆ ਕਰਨ ਵਾਲੇ ਹੋਣ ਕਰਕੇ, ਇਸ ਗੁਰਵਾਕ ਅੰਦਰ ਕੇਵਲ ਕਤੇਬੀ ਮੱਤ ਵਾਲਿਆਂ ਦੀ ਮਨਮਤਿ ਉਪਰ ਖੰਡਨ ਪ੍ਰਥਾਇ ਹੀ ਜ਼ਿਆਦਾ ਜ਼ੋਰ ਦਿਤਾ ਜਾਂਦਾ ਹੈ, ਖੰਡਨ ਦੋਹਾਂ ਮੱਤਾਂ ਦਾ ਹੀ (ਹਿਦੂ ਅਤੇ ਤੁਰਕਾਣੀ ਮਜ਼ਹਬਾਂ) ਦਾ ਹੋ ਜਾਂਦਾ ਹੈ। ਕੇਵਲ ਗੁਰਮਤਿ ਮੱਤ ਹੀ ਮੰਡਨ ਯੋਗ ਸੱਚਾ ਮੱਤ ਹੈ।

ਤਨਿ ਚੰਦਨੁ ਮਸਤਕਿ ਪਾਤੀ ॥ ਰਿਦ ਅੰਤਰਿ ਕਰਤਲ ਕਾਤੀ ॥
ਠਗ ਦਿਸਟਿ ਬਗਾ ਲਿਵ ਲਾਗਾ ॥ ਦੇਖਿ ਬੈਸਨੋ ਪ੍ਰਾਨ ਮੁਖ ਭਾਗਾ ॥੧॥
ਕਲਿ ਭਗਵਤ ਬੰਦ ਚਿਰਾਮੰ ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ਰਹਾਉ॥
ਨਿਤਪ੍ਰਤਿ ਇਸਨਾਨੁ ਸਰੀਰੰ ॥ ਦੁਇ ਧੋਤੀ ਕਰਮ ਮੁਖਿ ਖੀਰੰ ॥
ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥੨॥
ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ **ਭਗਤਿ** ਪ੍ਰਵੇਸੰ ॥
ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥੩॥
ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥
ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ ॥੪॥
ਜਿਨਿ ਆਤਮ ਤਤੁ ਨ ਚੀਨਿ੍ਆ ॥ ਸਭ ਫੋਕਟ ਧਰਮ ਅਬੀਨਿਆ ॥
ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥

[ਪ੍ਰਭਾਤੀ ਬੇਣੀ ਜੀ, ਪੰਨਾ ੧੩੫੧

ਇਸ ਗੁਰਵਾਕ ਦੁਆਰਾ ਸਭ ਪਾਖੰਡੀ ਸੰਸਥਾਵਾਂ ਵੈਸ਼ਨਾਵਾਂ ਸ਼ੈਵਾਂ (ਮਹਾਂਦੇਵ ਦੇ ਉਪਾਸ਼ਕਾਂ) ਤੇ ਹੋਰ ਪਾਖੰਡੀ ਭੇਖੂਆਂ ਦੇ ਬਾਹਰਲੇ ਕਰਮਾਂ ਧਰਮਾਂ ਨੂੰ ਰੱਦ ਕਰ ਕੇ ਗੁਰਮਤਿ ਆਤਮ ਤੱਤ ਦ੍ਰਿੜ੍ਹਾਇਆ ਗਿਆ ਹੈ, ਜਿਸ ਦੀ ਸੂਝ ਕੇਵਲ ਗੁਰੂ ਤੋਂ ਹੀ ਹੁੰਦੀ ਹੈ। ਯਥਾ ਵਿਆਖਿਆ—

ਬਹੁਤ ਸਾਰੇ ਪਾਖੰਡੀ ਭੇਖੀ ਐਸੇ ਹਨ ਕਿ ਜੋ ਤਨ ਵਿਖੇ ਚੰਦਨ ਮਲਦੇ ਹਨ ਤੇ ਮੱਥੇ ੳ ਪੱਤੇ ਬੰਨ੍ਹਦੇ ਹਨ (ਇਸ ਬਿਧਿ ਲੋਕਾਂ ਨੂੰ ਜ਼ਾਹਿਰ ਕਰਦੇ ਹਨ ਕਿ ਅਸੀਂ ਬੜੇ ਭਗਤ ਹਾਂ)। ਪ੍ਰੰਤੂ ਉਨ੍ਹਾਂ ਦੇ ਹਿਰਦੇ ਅੰਦਰ ਇਉਂ ਹੋ ਰਿਹਾ ਹੁੰਦਾ ਹੈ ਜਿਉਂ ਹੱਥ ਦੀ ਤਲੀ ਵਿਚ ਛੁਰੀ ਫੜੀ ਹੋਈ ਹੁੰਦੀ ਹੈ। ਠੱਗਾਂ ਵਾਲੀ ਦ੍ਰਿਸ਼ਟੀ ਉਨ੍ਹਾਂ ਦੀ ਹੁੰਦੀ

ਹੈ, ਬਗਲਿਆਂ ਵਾਂਗੂ ਮੋਨੀ ਮੋਨਧਾਰੀ ਬਣ ਕੇ, ਉਹ ਮੋਨੀਆਂ ਵਾਂਗੂ ਲਿਵ ਲਾਉਂਦੇ ਹਨ, ਦੇਖਣ ਵਿਚ ਤਾਂ ਵੈਸ਼ਨੋ ਪ੍ਰਤੀਤ ਹੁੰਦੇ ਹਨ ਅਤੇ ਇਉਂ ਜ਼ਾਹਰ ਕਰਦੇ ਹਨ ਕਿ ਉਨ੍ਹਾਂ ਦੇ ਮੂੰਹ ਵਿਚੋਂ ਪ੍ਰਾਣ ਨਿਕਲ ਰਹੇ ਹੁੰਦੇ ਹਨ, ਸਾਹ ਸਤ ਹੀ ਨਹੀਂ ਹੁੰਦਾ। ਜਿਸ ਨੂੰ ਦੇਖ ਕੇ ਭਰਮ-ਭੂਲੀ ਲੁਕਾਈ ਪਤੀਜ ਜਾਂਦੀ ਹੈ। ਭਾਗਵਤ ਪੁਰਾਣ ਆਦਿਕ ਪੋਥੀਆਂ ਨੂੰ ਬਾਰ-ਬਾਰ ਚਿਰਾਂ ਤਾਈਂ ਬੰਦਨਾ ਨਮਸਕਾਰ ਹੀ ਕਰਦੇ ਰਹਿੰਦੇ ਹਨ। ਕਲੀ ਕਾਲ ਵਿਖੇ ਇਸ ਠਗ-ਭੇਖ-ਕਿਰਿਆ ਨੂੰ ਦੇਖ ਕੇ ਆਮ ਲੋਕ ਬਹੁਤ ਭਰਮਦੇ ਹਨ, ਪਰ ਇਹ ਪੋਲ ਛੇਤੀ ਹੀ ਉਘੜ ਜਾਂਦਾ ਹੈ, ਪ੍ਰੰਤੂ ਉਨ੍ਹਾਂ ਦੀ ਦ੍ਰਿਸ਼ਟੀ ਖੋਟੀ ਹੀ ਹੁੰਦੀ ਹੈ, ਸਦਾ ਖੋਟੇ ਝਗੜੇ ਹੀ ਕਰਦੇ ਰਹਿੰਦੇ ਹਨ।

ਨਿਤਾਪ੍ਰਤਿ ਹਰ ਰੋਜ਼ ਸਰੀਰ ਦਾ ਇਸ਼ਨਾਨ ਕਰਾਉਂਦੇ ਹਨ, ਦੋ ਦੋ ਧੋਤੀਆਂ ਬੰਨ੍ਹਦੇ ਹਨ ਅਤੇ ਹੋਰ ਪਾਖੰਡ ਵੀ ਕਰਦੇ ਹਨ। ਆਪਣੇ ਆਪ ਨੂੰ ਦੂਧਾਧਾਰੀ ਸਦਾਉਂਦੇ ਹਨ, ਕਰਮਾਂ ਕਰਕੇ ਖੀਰ (ਦੁੱਧ) ਹੀ ਮੁਖ ਵਿਚ ਪਾਉਂਦੇ ਹਨ। ਸੰਧਿਆ ਗਾਇਤ੍ਰੀ ਕਰਨ ਵਿਚ ਬੜੇ ਪ੍ਰਬੀਨ ਸਦਾਉਂਦੇ ਹਨ। ਹਿਰਦੇ ਵਿਚ ਉਨ੍ਹਾਂ ਦੇ ਛੁਰੀ ਖਿਚੀ ਹੁੰਦੀ ਹੈ। ਪਰਾਇਆ ਧਨ ਚੁਰਾਵਣ ਦੀ ਉਨ੍ਹਾਂ ਨੂੰ ਆਦਤ (ਵਾਦੀ) ਬਾਣ ਪਈ ਹੁੰਦੀ ਹੈ। ਗਣੇਸ਼ ਦੇ ਚੱਕਰ (ਚਿਹਨ) ਸਰੀਰ 'ਤੇ ਲਾਉਂਦੇ ਹਨ ਅਤੇ ਪੱਥਰ ਪੂਜਦੇ ਹਨ। ਫੋਕਾ ਰਾਤ-ਜਾਗਾ ਕਰ ਕੇ ਆਪਣੇ ਆਪ ਨੂੰ ਪਰਮੇਸ਼ਰ-ਭਗਤੀ ਵਿਚ ਪ੍ਰਬੀਨ ਹੋਏ ਹੋਏ ਜ਼ਾਹਰ ਕਰਦੇ ਹਨ। ਪੈਰਾਂ ਕਰਕੇ ਨਚਦੇ ਹਨ ਅਤੇ ਨਾਚੇ ਬਣ ਬਣ ਕੇ ਲੋਕਾਂ ਨੂੰ ਜਣਾਉਂਦੇ ਹਨ ਕਿ ਅਸੀਂ ਬੜੇ ਭਗਤ ਹਾਂ, ਪਰ ਚਿਤ ਉਨ੍ਹਾਂ ਦਾ ਮਾੜੇ ਕਰਮਾਂ ਵਿਚ ਲੁਭਾਇਮਾਨ ਹੁੰਦਾ ਹੈ। ਇਹ ਲੋਭੀ ਨਾਚੇ ਸਭ ਅਧਰਮੀ ਬੰਦੇ ਹੁੰਦੇ ਹਨ। ਮ੍ਰਿਗ-ਆਸਣ ਹਮੇਸ਼ਾ ਆਪਣੇ ਪਾਸ ਰਖਦੇ ਹਨ, ਦਿਖਾਵੇ ਮਾਤਰ ਤੁਲਸੀ ਦੀ ਮਾਲਾ ਵੀ ਹੱਥਾਂ 'ਤੇ ਬੰਨ੍ਹਦੇ ਹਨ, ਮੱਥੇ ਉਤੇ ਤਿਲਕ ਲਾ ਕੇ ਆਪਣੇ ਆਪ ਨੂੰ ਉਜਲ ਕਰਕੇ ਦਿਖਾਉਂਦੇ ਹਨ, ਹਿਰਦੇ ਅੰਦਰ ਉਨ੍ਹਾਂ ਦੇ ਕੂੜ ਵਸਿਆ ਹੋਇਆ ਹੁੰਦਾ ਹੈ, ਪ੍ਰੰਤੂ ਦਿਖਾਵੇ ਮਾਤਰ ਉਨ੍ਹਾਂ ਦੇ ਗਲੇ (ਕੰਠ) ਵਿਚ ਰੁਦਰਾਖ ਦੀ ਮਾਲਾ ਪਾਈ ਹੋਈ ਹੁੰਦੀ ਹੈ (ਸ਼ਿਵ ਜੀ ਦੇ ਉਪਾਸ਼ਕ ਸ਼ੈਵ ਲੋਕ ਇਹ ਮਾਲਾ ਪਾਉਂਦੇ ਹਨ।) ਵਿਸ਼ਿਆਂ ਵਿਚ ਲੰਪਟ ਲੋਕ ਉਪਰੋਂ ਉਪਰੋਂ ਅਤੇ ਓਪਰਾ ਜਿਹਾ ਕ੍ਰਿਸ਼ਨ ਦਾ ਅਭਾਖਿਆ ਵਾਲਾ ਨਾਮ ਜਪਦੇ ਹਨ। ਇਹਨਾਂ ਲੋਕਾਂ ਨੇ ਆਨਮਤ ਤੱਤ ਅਤੇ ਪ੍ਰਮਾਰਥ ਨੂੰ ਉੱਕਾ ਹੀ ਨਹੀਂ ਚੀਨਿਆ ਹੁੰਦਾ। ਸਿਰਫ਼ ਫੋਕਟ ਕਰਮਾਂ ਧਰਮਾਂ ਵਿਚ ਹੀ ਅੰਨ੍ਹੇ ਹੋਏ ਹੁੰਦੇ ਹਨ। ਗੁਰੂ ਦੇ ਤਾਰੇ ਹੋਏ ਬੇਣੀ ਭਗਤ ਉਚਾਰਦੇ ਹਨ ਕਿ ਕੇਵਲ ਗੁਰਮੁਖਿ ਜਨ ਹੀ ਕੋਈ ਵਿਰਲਾ ਐਸਾ ਹੁੰਦਾ ਹੈ ਜੋ ਸਚਮੁਚ ਵਾਹਿਗੁਰੂ ਨੂੰ ਧਿਆਉਂਦਾ ਹੈ। ਫੇਰ ਦ੍ਰਿੜ੍ਹ ਕਰਕੇ ਭਗਤ ਬੇਣੀ ਜੀ ਇਸ ਗੱਲ ਉਤੇ ਮੋਹਰ ਲਾਉਂਦੇ ਹਨ ਕਿ ਸੱਚੇ ਸਤਿਗੁਰ ਦੀ ਸਹਾਇਤਾ ਬਿਨਾਂ ਸੱਚਾ ਮਾਰਗ, ਗੁਰਮਤਿ ਮਾਰਗ ਨਹੀਂ ਮਿਲਦਾ।

ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ ॥ ਅਸ੍ਚਰਜ ਰੂਪੰ ਰਹੰਤ ਜਨਮੰ ॥
ਨੇਤਿ ਨੇਤਿ ਕਥੰਤਿ ਬੇਦਾ ॥ ਊਚ ਮੂਚ ਅਪਾਰ ਗੋਬਿੰਦਹ ॥
ਬਸੰਤਿ ਸਾਧ ਰਿਦਯੰ ਅਚੁਤ ॥ ਬੁਝੰਤਿ ਨਾਨਕ ਬਡਭਾਗੀਅਹ ॥੫੭॥

[ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੯

ਵਾਹਿਗੁਰੂ ਅਸਚਰਜ ਰੂਪ ਹੈ, ਜਨਮ ਮਰਨ ਰਹਿਤ ਹੈ। ਉਸ ਦਾ ਕੋਈ ਚਿੰਨ੍ਹ ਨਹੀਂ, ਨਾ ਸੰਖ, ਨ ਚਕ੍ਰ, ਨ ਗਦਾ, ਅਤੇ ਨਾ ਹੀ ਉਹ ਸਿਆਮ ਰੂਪੀ (ਕ੍ਰਿਸ਼ਨ ਰੂਪੀ) ਹੈ। ਇਥੇ ਸਭ ਅਵਤਾਰਾਂ ਦੀ ਨਿਖੇਧੀ ਹੈ, ਕਾਲਾ ਰੰਗ ਕ੍ਰਿਸ਼ਨ ਜੀ ਵਲ ਇਸ਼ਾਰਾ ਹੈ। ਹਿੰਦੂਆਂ ਦੇ ਵੇਦਾਂ ਅੰਦਰ ਵਾਹਿਗੁਰੂ ਅਕਾਲ ਪੁਰਖ ਨੂੰ ਉਪਰ ਦੱਸੇ ਅਕਾਰਾਂ ਵਾਲੇ ਅਵਤਾਰ ਰੂਪੀ ਵਰਨਣ ਕਰਦੇ ਹਨ, ਅਤੇ ਨਾਲੇ ਬੇਦ ਇਹ ਵੀ ਕਹੀ ਜਾਂਦੇ ਹਨ ਕਿ ਇਹ ਵੀ ਨਹੀਂ, ਇਹ ਵੀ ਨਹੀਂ, ਨੇਤਿ ਨੇਤਿ ਕਹੀ ਜਾਂਦੇ ਹਨ। ਬੇਦਾਂ ਤੋਂ ਬਹੁਤ ਉੱਚਾ ਤੇ ਵਡਾ ਅਪਾਰ ਗੋਬਿੰਦ ਵਾਹਿਗੁਰੂ ਹੈ, ਗੁਰਮਤਿ ਦਾ ਦਰਸਾਇਆ ਦ੍ਰਿੜ੍ਹਾਇਆ ਹੋਇਆ। ਐਸਾ ਉੱਚਾ ਅਤੇ ਸੁੱਚਾ ਵਾਹਿਗੁਰੂ ਗੁਰੂ ਘਰ ਦੇ ਗੁਰਮੁਖਿ ਸਾਧਾਂ ਦੇ ਹਿਰਦੇ ਵਿਚ ਵਸਦਾ ਹੈ, ਵਡਭਾਗੀ ਗੁਰਮੁਖਿ ਜਨ ਹੀ ਇਸ ਪ੍ਰਕਾਰ ਰਮਜ਼ਾਏ ਵਾਹਿਗੁਰੂ ਨੂੰ ਬੁਝਦੇ ਹਨ।

ਬੇਦ ਪੁਰਾਣ ਸਾਸਤ੍ਰ ਬੀਚਾਰੰ ॥ ਏਕੰਕਾਰ ਨਾਮ ਉਰਧਾਰੰ ॥
ਕੁਲਹ ਸਮੂਹ ਸਗਲ ਉਧਾਰੰ ॥ ਬਡਭਾਗੀ ਨਾਨਕ ਕੋ ਤਾਰੰ ॥੨੦॥

[ਮ: ੫ ਗਾਥਾ, ਪੰਨਾ ੧੩੬੧

ਏਕੰਕਾਰ ਵਾਹਿਗੁਰੂ ਦਾ ਨਾਮ ਹਿਰਦੇ ਅੰਦਰ ਧਾਰਿਆ ਜਾਵੇ ਤਾਂ ਬੇਦ ਪੁਰਾਣ ਸ਼ਾਸਤ੍ਰ ਸਾਰੇ ਵੀਚਾਰੇ ਜਾਂਦੇ ਹਨ। ਗੁਰੂ ਘਰ ਵਿਚ ਵੀਚਾਰ ਗੋਚਰਾ ਵਾਹਿਗੁਰੂ-ਨਾਮ ਰੂਪੀ ਅਭਿਆਸ ਹੀ ਸਭ ਕੁਝ ਹੈ। ਇਸ ਅਭਿਆਸ ਅੰਦਰ ਹੀ ਸਾਰੇ ਵੀਚਾਰ ਬੇਦ-ਬਾਣੀ ਸ਼ਾਸਤ੍ਰਾਂ ਦੇ ਆ ਜਾਂਦੇ ਹਨ, ਭਾਵ, ਹੋਰ ਬੇਦ ਪੁਰਾਣ ਸ਼ਾਸਤ੍ਰ ਆਦਿਕ ਆਨਮਤੀ ਪੁਸਤਕ ਪੜ੍ਹਨ ਦੀ ਲੋੜ ਨਹੀਂ। ਗੁਰਸਿੱਖਾਂ ਲਈ ਗੁਰਮਤਿ ਅੰਦਰ ਸਭ ਕੁਛ ਨਾਮ ਹੀ ਨਾਮ ਹੈ। ਜਿਨ੍ਹਾਂ ਨੇ ਇਹ ਵਾਹਿਗੁਰੂ ਗੁਰਮੰਤਰ ਨਾਮ ਦੀ ਅਭਿਆਸ ਕਮਾਈ ਕੀਤੀ ਹੈ ਉਨ੍ਹਾਂ ਨੇ ਆਪ ਤਾਂ ਤਰਨਾ ਹੀ ਸੀ, ਆਪਣੀਆਂ ਸਾਰੀਆਂ ਕੁਲਾਂ ਦਾ ਉਧਾਰ ਭੀ ਕਰ ਦਿਤਾ। ਉਹ ਵਿਰਲੇ ਹੀ ਵਡਭਾਗੀ ਗੁਰਮੁਖਿ ਜਨ ਹਨ, ਜਿਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਨੇ ਇਸ ਬਿਧਿ ਤਾਰਿਆ ਹੈ।

ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ ॥
ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ ॥੧੦੪॥

[ਸਲੋਕ ਕਬੀਰ ਜੀਉ, ਪੰਨਾ ੧੩੭੦

ਇਸ ਗੁਰਵਾਕ ਅੰਦਰ ਗੁਰੂ ਪਦ ਤੋਂ ਭਾਵ ਬ੍ਰਾਹਮਣ ਰੂਪੀ ਗੁਰੂ ਹੈ, ਜਿਸ ਨੂੰ ਬੇਦਾਚਾਰੀ ਜਗਤ ਨੇ ਗੁਰੂ ਕਰਕੇ ਮੰਨਿਆ ਹੋਇਆ ਹੈ। ਇਹ ਪੰਡਿਤ ਬੇਦ-ਵੇਤਾ

ਕਹਾਉਂਦੇ ਹਨ, ਪਰ ਬੇਦਾਂ ਦੀਆਂ ਪੜ੍ਹਾਈਆਂ ਕਰਦੇ, ਵਿਚੇ ਹੀ ਵੇਦਾਂ ਦੇ ਡੁਬ ਜਾਂਦੇ ਹਨ। ਆਪ ਤਾਂ ਇਹ ਬੇਦਾਂ ਸਮੇਤ ਡੁਬ ਗਏ, ਜਿਨ੍ਹਾਂ ਨੂੰ ਬੇਦਾਂ ਦੀਆਂ ਪੜ੍ਹਾਈਆਂ ਪੜ੍ਹਾਉਂਦੇ ਹਨ ਉਹ ਚੇਲੇ ਵੀ ਡੁਬ ਗਏ। ਬੇਦ ਸਮੇਤ ਡੁਬਣ ਤੋਂ ਭਾਵ ਸਪੱਸ਼ਟ ਹੈ ਕਿ ਬੇਦਾਂ ਦਾ ਪੜ੍ਹਨ ਆਦਿ ਪੜ੍ਹਾਕੂ ਨੂੰ ਡੋਬ ਦਿੰਦਾ ਹੈ। ਤਾਂ ਤੇ ਬੇਦ ਪੜ੍ਹਨਹਾਰੇ ਆਪ ਵੀ ਡੁਬ ਗਏ ਅਤੇ ਜਿਨ੍ਹਾਂ ਨੂੰ ਪੜ੍ਹਾਉਂਦੇ ਸੀ ਉਹ ਵੀ ਡੋਬ ਦਿਤੇ। ਅਜਿਹੇ ਨਿਖੜੰਮੇ (ਨਿਕੰਮੇ) ਗੁਰੂ ਦੀ ਮਾਂ ਦਾ ਸਿਰ ਮੁੰਨ ਦੇਣਾ ਚਾਹੀਦਾ ਹੈ ਜਿਸ ਤੋਂ ਲੋਕਾਂ ਦਾ ਭਰਮ ਨਹੀਂ ਜਾਂਦਾ। ਭਾਵ, ਅਜਿਹੇ ਨਿਕੰਮੇ ਬੇਦਾਚਾਰੀ ਪੰਡਿਤ ਨੂੰ ਹਰਗਿਜ਼ ਗੁਰੂ ਧਾਰਨ ਨਹੀਂ ਕਰਨਾ ਚਾਹੀਦਾ; ਜੋ ਧਾਰਨ ਕਰਦੇ ਹਨ, ਮਹਾਂ ਮਨਮਤੀਏ ਹਨ।

ਕਬੀਰ ਪਾਹਨ ਪਰਮੇਸੁਰੁ ਕੀਆ ਪੂਜੈ ਸਭੁ ਸੰਸਾਰੁ ॥
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ ॥੧੩੬॥

[ਸਲੋਕ ਕਬੀਰ ਜੀਉ, ਪੰਨਾ ੧੩੭੧

ਗੁਰਮਤਿ ਮਤੀਸ਼ਰਾਂ ਤੋਂ ਛੁਟ ਹੋਰ ਸਾਰਾ ਆਨਮਤੀ ਸੰਸਾਰ ਪੱਥਰ ਦੀ ਪੂਜਾ ਹੀ ਕਰਦਾ ਹੈ (ਨਾਮ ਦੀ ਪੂਜਾ ਬਿਨ ਹੋਰ ਸਭਾ ਪਾਹਨ-ਪੂਜਾ ਹੈ)। ਸ਼ਰਧਾ ਇਸ਼ਟ ਬੁੱਤ-ਪ੍ਰਸਤ ਹੀ ਹੈ, ਜਿਤਨੇ ਵੀ ਬੁੱਤ-ਪ੍ਰਸਤ ਹਨ, ਉਹ ਸਾਰਾ ਆਨਮਤੀਆਂ ਦਾ ਸੰਸਾਰ, ਪੱਥਰ ਪੂਜਾ ਦਾ ਸਮੂੰਹ, ਪੱਥਰ ਦੇ ਭਰਵਾਸੇ ਰਹਿਣ ਵਾਲੇ ਸਭ ਕਾਲੀਧਾਰ ਵਿਚ ਡੁਬ ਜਾਣਗੇ। ਭਾਵ, ਮੰਝਧਾਰ ਵਿਚ ਗੋਤੇ ਖਾਣਗੇ, ਅਤੇ ਗੋਤੇ ਖਾ ਖਾ ਕੇ ਅੰਤ ਨੂੰ ਡੁਬ ਜਾਣਗੇ। ਯਥਾ ਗੁਰਵਾਕ—

ਕਬੀਰ ਨਿਗੁਸਾਂਏਂ ਬਹਿ ਗਏ ਥਾਂਘੀ ਨਾਹੀ ਕੋਇ ॥...੫੧॥

[ਸਲੋਕ ਕਬੀਰ ਜੀਉ, ਪੰਨਾ ੧੩੬੭

ਨਿਗੁਰੇ ਪੁਰਸ਼ ਸਾਰੇ ਹੀ ਰੁੜ੍ਹ ਜਾਣਗੇ ਕਾਲੀਧਾਰ ਦੇ ਬਹਾਓ ਵਿਚ, ਕਿਉਂਕਿ ਨਿਗੁਰਿਆਂ ਦਾ ਥਾਂਘੀ ਕੋਈ ਨਹੀਂ। ਜਿਨ੍ਹਾਂ ਨੇ ਗੁਰੂ ਧਾਰਨ ਨਹੀਂ ਕੀਤਾ, ਉਹ ਸਭ ਨਿਗੁਰੇ ਨਿਗੋਸਾਏਂ ਹਨ, ਸਾਰਾ ਸੰਸਾਰ ਹੀ ਨਿਗੁਰਿਆਂ ਦਾ ਹੈ। ਜਿਨ੍ਹਾਂ ਨੇ ਗੁਰੂ ਨਾਨਕ ਰੂਪ ਸੱਚੇ ਗੁਰੂ ਨੂੰ ਗੁਰੂ ਤੋਂ ਗੁਰ-ਦੀਖਿਆ ਲੈ ਕੇ ਸਤਿਗੁਰੂ ਰੂਪ ਨਹੀਂ ਜਾਣਿਆ, ਸਤਿਗੁਰੂ ਰੂਪ ਕਰਕੇ ਧਾਰਨ ਨਹੀਂ ਕੀਤਾ, ਉਹ ਸਾਰਾ ਸੰਸਾਰ ਨਿਗੁਰਿਆਂ ਦਾ ਭਵ-ਸਾਗਰ ਦੇ ਮੰਝਧਾਰ ਅੰਦਰ ਹੀ ਡੁਬ ਜਾਏਗਾ, ਪਾਰ ਕਦੇ ਨਹੀਂ ਪਵੇਗਾ, ਇਹ ਗੱਲ ਨਿਸਚੇ ਕਰਕੇ ਜਾਣੋ। ਕਚ-ਪਿਚੇ ਗੁਰੂ ਨੂੰ, ਡਿੰਭ-ਧਾਰੀ ਦੇਹਧਾਰੀਆਂ ਨੂੰ, ਗੁਰੂ ਕਰਕੇ ਸਮਝਣ ਵਾਲੇ ਸਭ ਪਾਹਨ-ਪੂਜ ਨਿਗੋਸਾਏਂ ਨਿਗੁਰੇ ਪੁਰਸ਼ ਹੀ ਹਨ, ਤਿਨ੍ਹਾਂ ਦਾ ਕਦੇ ਨਿਸਤਾਰਾ ਨਹੀਂ ਹੋਵੇਗਾ।

ਕਬੀਰ ਕਾਗਦ ਕੀ ਓਬਰੀ ਮਸੁ ਕੇ ਕਰਮ ਕਪਾਟ ॥
ਪਾਹਨ ਬੋਰੀ ਪਿਰਥਮੀ ਪੰਡਿਤ ਪਾੜੀ ਬਾਟ ॥੧੩੭॥

[ਸਲੋਕ ਕਬੀਰ ਜੀਉ, ਪੰਨਾ ੧੩੭੧

ਗੁਰੂ ਵਰੋਸਾਏ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਕਾਗਦ ਭਾਵ ਬੇਦ ਸ਼ਾਸਤ੍ਰ ਰੂਪੀ ਕਾਲ-ਕੋਠੜੀ ਹੈ ਅਤੇ ਉਸ ਦੇ ਲਿਖਣ ਪੜ੍ਹਨਹਾਰੇ ਕਰਮਾਂ ਦੇ ਗੇੜ ਵਿਚ ਹੀ ਪਏ ਰਹਿੰਦੇ ਹਨ,ਤੇ ਸਿਆਹੀ (ਮਸੁ) ਭਾਵ ਕਰਮ-ਕਾਂਡ ਦੇ ਤਖ਼ਤੇ ਜੜੇ ਹੋਏ ਹਨ। ਪੱਥਰਾਂ (ਮੂਰਤੀ-ਪੂਜਾ) ਨੇ ਸਾਰੀ ਪ੍ਰਿਥਮੀ ਡੋਬੀ ਹੋਈ ਹੈ ਅਤੇ ਬੇਦ-ਬੇਤਾ ਪੰਡਿਤਾਂ ਨੇ ਰਸਤਾ ਲੁਟ ਲਿਆ ਹੈ, ਪ੍ਰਮਾਰਥੀ ਮਾਰਗ ਤੇ ਧਾੜਾ ਡਾਕਾ ਮਾਰ ਛਡਿਆ ਹੈ, ਕਿਉਂਕਿ ਉਹ ਕੁਮਾਰਗ ਹੀ ਪਾਉਂਦੇ ਹਨ। ਸੱਚਾ ਮਾਰਗ ਨਾ ਉਨ੍ਹਾਂ ਨੇ ਬੁਝਿਆ ਹੈ ਅਤੇ ਨਾ ਹੀ ਦੂਜਿਆਂ ਨੂੰ ਦੱਸ ਸਕਦੇ ਹਨ। ਇਹ ਗੁਰਵਾਕ ਉਪਰਲੇ ਗੁਰਵਾਕ ਦੇ ਭਾਵ ਦੀ ਪੱਕੀ ਪ੍ਰੋੜ੍ਹਤਾ ਕਰਦਾ ਹੈ।

ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ ॥੧੮੪॥

[ਸਲੋਕ ਕਬੀਰ ਜੀਉ, ਪੰਨਾ ੧੩੭੪

ਇਸ ਗੁਰਵਾਕ ਦੁਆਰਾ ਯਵਨੀ ਮੱਤ ਵਾਲੇ ਮੁਸਲਮਾਨਾਂ ਦਾ ਬਾਂਗ ਦੇਣ ਵਾਲਾ ਫੋਕਟ ਭੇਖ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ—

ਹੇ ਮੁਲਾਂ ! ਬਾਂਗ ਦੇਣ ਵਾਲੇ ਮੁਨਾਰੇ ਉਤੇ ਕੀ ਚੜ੍ਹਦਾ ਹੈਂ, ਤੇ ਬਾਂਗ ਦੇਂਦਾ ਹੈਂ, ਸਾਈਂ (ਮਾਲਕ) ਤਾਂ ਕੋਈ ਬੋਲਾ ਨਹੀਂ। ਜਿਸ ਕਾਰਨ ਤੂੰ ਉਚੀ ਉਚੀ ਬਾਂਗ ਦੇਂਦਾ ਹੈਂ, ਉਸ ਨੂੰ ਤਾਂ ਗੁਰਮਤਿ ਅਨੁਸਾਰ ਹਿਰਦੇ ਅੰਦਰ ਹੀ ਗੁਰਮਤਿ ਨਾਮ ਅਭਿਆਸ ਕਮਾਈ ਕਰ ਕੇ ਲਭਣਾ ਹੈ।

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨਿ ਫੁਰਮਾਈ ਗਾਇ ॥੧੯੭॥
ਕਬੀਰ ਹਜ ਕਾਬੈ ਹੋਇ ਹੋਇ ਗਇਆ ਕੇਤੀ ਬਾਰ ਕਬੀਰ ॥
ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ ॥੧੯੮॥

[ਸਲੋਕ ਕਬੀਰ ਜੀਉ, ਪੰਨਾ ੧੩੭੫

ਇਸ ਗੁਰਵਾਕ ਦੀ ਚਾਰ-ਤੁਕੀ ਪੰਗਤੀਆਂ ਅੰਦਰ ਮੁਸਲਮਾਨੀ ਮੱਤ ਵਾਲਿਆਂ ਦੇ ਹਜ ਕਾਬੇ ਦੀ ਫੋਕਟ ਯਾਤਰਾ ਨੂੰ ਖੰਡਨ ਕੀਤਾ ਗਿਆ ਹੈ। ਯਥਾ ਵਿਆਖਿਆ—

ਕਬੀਰ ਸਾਹਿਬ ਨੂੰ ਅਨਭਵ ਤੋਂ ਇਹ ਗੱਲ ਸਪੱਸ਼ਟ ਪ੍ਰਗਟ ਹੋਈ ਹੈ ਕਿ ਕਬੀਰ ਸਾਹਿਬ ਦਾ ਮੰਨਿਆ ਹੋਇਆ, ਪ੍ਰਗਟ ਕੀਤਾ ਹੋਇਆ ਗੁਰਦੇਵ ਵਾਹਿਗੁਰੂ ਸਾਫ਼ ਮੇਹਣੇ ਮਾਰਦਾ ਹੈ ਕਿ ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰਮਤਿ ਨਾਮ ਦੀਆਂ ਕਮਾ-ਈਆਂ ਕਰ ਕਰ ਕੇ ਅੰਦਰੋਂ ਹੀ ਵਾਹਿਗੁਰੂ ਨੂੰ ਪ੍ਰਕਾਸ਼ ਕਰਕੇ ਵਾਹਿਗੁਰੂ ਦਾ ਮਿਲਾਪ ਕਰ ਲਿਆ ਹੈ ਤਿਨ੍ਹਾਂ ਨੂੰ ਹਜ ਕਾਬੇ ਜਾਣ ਦੀ ਉੱਕੀ ਹੀ ਲੋੜ ਨਹੀਂ। ਜਿਤਨੇ ਵੀ ਲੋਕ ਉਥੇ ਕਾਬੇ ਜਾਂਦੇ ਹਨ, ਮਹਾਂ ਮਨਮਤਿ ਕਰਦੇ ਹਨ ਅਤੇ ਸਾਈਂ ਵਾਹਿਗੁਰੂ ਦੀ ਨਰਾਜ਼ਗੀ ਸਹੇੜਦੇ ਹਨ।

ਅਗਲੀ ਦੋ-ਤੁਕੀ ਵਿਚ ਕਬੀਰ ਸਾਹਿਬ ਇਉਂ ਉਪਦੇਸ਼ਦੇ ਹਨ ਕਿ ਮੱਕੇ ਦੇ ਹਾਜੀ ਕ਼ਾਬੇ ਦਾ ਹਜ ਕਰ ਆਵਣ ਚਾਹੇ ਕਿਤਨੀ ਬਾਰ, ਤਦ ਵੀ ਉਨ੍ਹਾਂ ਦਾ ਕੁਛ ਨਹੀਂ ਬਣਦਾ। ਜਿਸ ਮੱਕੇ ਅੰਦਰ ਅਸਥਾਪਨ ਕੀਤੇ ਹੋਏ ਸੰਗੇ ਅਸਵਦ ਨੂੰ (ਕਾਲੇ ਪੱਥਰ ਨੂੰ) ਪੀਰ ਕਰ ਕੇ ਮੰਨਦੇ ਹਨ ਉਹ ਹਾਜੀਆਂ ਦੇ ਸਨਮੁਖ ਹੋ ਕੇ ਉਨ੍ਹਾਂ ਨਾਲ ਕਦੇ ਵੀ ਕੋਈ ਗੱਲ ਬਾਤ ਨਹੀਂ ਕਰਦਾ, ਤਾਂ ਤੇ ਹਾਜੀ ਸਾਰੇ ਹੀ ਖਤਾ ਭਰੇ ਗੁਨਾਹ-ਗਾਰ ਗਰਦਾਨੇ ਗਏ ਹਨ।

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ ॥
ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ ॥੨੩੭॥

[ਸਲੋਕ ਕਬੀਰ ਜੀਉ, ਪੰਨਾ ੧੩੭੭

ਕਬੀਰ ਸਾਹਿਬ ਫ਼ੁਰਮਾਉਂਦੇ ਹਨ ਕਿ ਸੰਸਾਰੀਆਂ ਜਗਤ-ਧਾਰੀਆਂ ਨੇ ਬ੍ਰਾਹਮਣ ਗੁਰੂ ਧਾਰਨ ਕੀਤਾ ਹੋਇਆ ਹੈ, ਵਾਹਿਗੁਰੂ ਦੇ ਭਗਤਾਂ ਦਾ ਬ੍ਰਾਹਮਣ ਗੁਰੂ ਨਹੀਂ। ਇਹ ਸੰਸਾਰੀਆਂ ਦਾ ਬ੍ਰਾਹਮਣ ਰੂਪੀ ਗੁਰੂ ਚਹੁੰਆਂ ਬੇਦਾਂ ਦੀਆਂ ਪੜ੍ਹਾਈਆਂ ਵਿਚ ਅਰਝ ਉਰਝ ਕੇ (ਫਸ ਫਸ ਕੇ) ਮਰ ਗਿਆ, ਐਵੇਂ ਅਜਾਈਂ ਹੀ ਚਲਾ ਗਿਆ। ਤਾਂ ਤੇ ਸਿਧ ਹੋਇਆ ਕਿ ਚਾਰੇ ਬੇਦ ਹਿੰਦੂ ਮਤੀਆਂ ਦੇ ਜਗਿਆਸੂ ਨੂੰ ਪ੍ਰਮਾਰਥ ਤੋਂ ਔਝੜ ਹੀ ਪਾਵਣ ਵਾਲੇ ਹਨ। ਇਨ੍ਹਾਂ ਚਹੁੰ ਵੇਦਾਂ ਦੀਆਂ ਪੜ੍ਹਾਈਆਂ ਵਿਚ ਫਸਣ ਵਾਲੇ ਬ੍ਰਾਹਮਣ ਪੰਡਿਤ ਆਦਿਕ ਸਭ ਐਵੇਂ ਫਸੇ ਹੋਏ ਸੱਟਾਂ ਖਾਂਦੇ ਹਨ, ਅਤੇ ਪਚ ਪਚ ਕੇ ਮਰਦੇ ਹਨ। ਚਹੁੰਆਂ ਵੇਦਾਂ ਦੀ ਪੜ੍ਹਾਈ ਉਨ੍ਹਾਂ ਦਾ, ਕਿਸੇ ਦਾ ਵੀ ਨਿਸਤਾਰਾ ਨਹੀਂ ਕਰਾ ਸਕੀ, ਸਗੋਂ ਐਵੇਂ ਉਰਝਾ ਉਰਝਾ ਕੇ ਮਾਰਦੀ ਹੈ।

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥੫੦॥

[ਸਲੋਕ ਫਰੀਦ ਜੀ, ਪੰਨਾ ੧੩੮੦

ਇਸ ਗੁਰਵਾਕ ਦੋ-ਤੁਕੀ ਦਵਾਰਾ ਗੁਰੂ ਵਰੋਸਾਏ ਭਗਤ ਫਰੀਦ ਸਾਹਿਬ ਮੁਸਲਮਾਨੀ ਮੱਤ ਦੇ ਪਾਖੰਡੀਆਂ ਭੇਖਧਾਰੀਆਂ ਨੂੰ ਖ਼ੂਬ ਬਣਾ ਕੇ ਸੋਧਦੇ ਹਨ। ਭਾਵ, ਜੋ ਲੋਕ ਦਿਖਾਵੇ ਖ਼ਾਤਰ ਆਪਣੇ ਕੰਧੇ ਤੇ ਮੁਸੱਲਾ ਰਖ ਕੇ ਅਤੇ ਖ਼ਫਨੀ ਗਲ ਵਿਚ ਪਾ ਕੇ ਲੋਕਾਂ ਨੂੰ ਦਿਖਾਉਂਦੇ ਹਨ, ਅਤੇ ਆਪਣੇ ਆਪ ਨੂੰ ਫ਼ਕੀਰ ਬਣਿਆ ਸਾਬਤ ਕਰਦੇ ਹਨ, ਇਸ ਭੇਖ ਦਿਖਾਵੇ 'ਤੇ ਕੀ ਬਣਦਾ ਹੈ, ਸਗੋਂ ਉਲਟੀ ਇਹ ਕਹਾਵਤ ਉਨ੍ਹਾਂ ਪਰ ਘਟਦੀ ਹੁੰਦੀ ਹੈ ਕਿ ਉਨ੍ਹਾਂ ਦੇ ਦਿਲ ਅੰਦਰ ਤਾਂ ਛੁਰੀ ਹੈ ਤੇ ਮੁਖੋਂ ਮਿਠੀਆਂ ਮਿਠੀਆਂ ਗੱਲਾਂ ਕਰਦੇ ਹਨ ਤੇ ਲੋਕਾਂ ਨੂੰ ਮੋਮਨ ਬਣ ਕੇ ਦਿਖਾਉਂਦੇ ਹਨ, ਪਰ ਉਨ੍ਹਾਂ ਦੇ ਆਪਣੇ ਦਿਲਾਂ ਅੰਦਰ ਕਾਲ਼ੀ ਬੋਲੀ ਰਾਤ ਪਈ ਹੋਈ ਹੁੰਦੀ ਹੈ।

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥
ਇੰਦ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥

ਸਿਧ ਮਨੁਖ ਦੇਵ ਅਰੁ ਦਾਨਵ ਇਕੁ ਤਿਲੁ ਤਾ ਕੋ ਮਰਮੁ ਨ ਪਾਵਤ ॥
ਪ੍ਰਿਅ ਪ੍ਰਭ ਪ੍ਰੀਤਿ ਪ੍ਰੇਮ ਰਸ ਭਗਤੀ ਹਰਿ ਜਨ ਤਾ ਕੈ ਦਰਸਿ ਸਮਾਵਤ ॥
ਤਿਸਹਿ ਤਿਆਗਿ ਆਨ ਕਉ ਜਾਚਹਿ ਮੁਖ ਦੰਤ ਰਸਨ ਸਗਲ ਘਸਿ ਜਾਵਤ ॥
ਰੇ ਮਨ ਮੂੜ ਸਿਮਰ ਸੁਖਦਾਤਾ ਨਾਨਕ ਦਾਸ ਤੁਝਹਿ ਸਮਝਾਵਤ ॥੭॥

[ਸਵਯੇ ਸ੍ਰੀ ਮੁਖਬਾਕ੍ਯ ਮ: ੫, ਪੰਨਾ ੧੩੮੮

ਇਸ ਗੁਰਵਾਕ ਦੁਆਰਾ ਸਪੱਸ਼ਟ ਸਿਧਾਂਤ ਇਹ ਨਿਕਲਦਾ ਹੈ ਕਿ ਗੁਰਮਤਿ ਤੱਤ ਗਿਆਨ ਬਾਝੋਂ ਹੋਰ ਆਨਮਤ, ਅਵਲੰਭੀ ਲੋਗ ਐਵੇਂ ਬਿਰਥੀਆਂ ਹੀ ਟੱਕਰਾਂ ਮਾਰਦੇ ਹਨ, ਪ੍ਰੰਤੂ ਵਾਹਿਗੁਰੂ ਨੂੰ ਮਿਲ ਨਹੀਂ ਸਕਦੇ। ਯਥਾ ਵਿਆਖਿਆ—

ਬ੍ਰਹਮਾ ਆਦਿਕ ਅਤੇ ਸ਼ਿਵ ਜੀ ਆਦਿਕ ਬੇਦ ਮਈ ਛੰਦ ਉਚਾਰ ਉਚਾਰ ਕੇ ਥੱਕ ਰਹੇ, ਅਤੇ ਅਨੇਕਾਂ ਮੁਨੀ ਜਨ ਸੁਆਦ ਲਾ ਲਾ ਕੇ ਇਨ੍ਹਾਂ ਬੇਦਾਂ ਨੂੰ ਰਟਨ ਕਰ ਕਰ ਹੰਭ ਹਟੇ, ਉਹ ਆਪਣੇ ਜਾਣੇ ਇਨ੍ਹਾਂ ਬੇਦਾਂ ਨੂੰ ਆਪਣੀ ਮਤਿ ਅਨੁਸਾਰ ਰਟਣਾ ਹੀ ਠਾਕਰ ਦੇ ਗੁਣ ਗਾਉਣ ਤੁਲ ਜਾਣਦੇ ਰਹੇ (ਜੋ ਨਿਰੀ ਉਨ੍ਹਾਂ ਦੀ ਕੁਮੱਤੜੀ ਸੀ)। ਇੰਦਰ ਦੇਵਤਾ ਅਤੇ ਵਿਸ਼ਨੂੰ ਦੇਵਤਾ ਅਤੇ ਇਨ੍ਹਾਂ ਦੇ ਪਿਛੇ ਲਗ ਕੇ ਅਨੇਕਾਂ ਹੀ ਗੋਰਖ ਆਦਿਕ ਬਥੇਰੀਆਂ ਗਿਣਤੀਆਂ ਮਿਣਤੀਆਂ ਕਰ ਰਹੇ ਵਾਹਿਗੁਰੂ ਨੂੰ ਪਾਉਣ ਦੀਆਂ (ਪਰ ਇਹ ਗਿਣਤੀਆਂ ਮਿਣਤੀਆਂ ਗੁਰਮਤਿ ਤੱਤ ਗਿਆਨ ਬਾਝੋਂ ਬਿਰਥੀਆਂ ਹੀ ਗਈਆਂ), ਪ੍ਰੰਤੂ ਇਹ ਇੰਦਰ ਮੁਨਿੰਦਰ ਆਦਿਕ ਦੇਵਤੇ ਤੇ ਉਨ੍ਹਾਂ ਦੇ ਪਿਛੇ ਲਗੇ ਗੋਰਖ ਆਦਿਕ ਕਦੇ ਧਰਤੀ ਉਤੇ ਆਉਂਦੇ ਰਹੇ, ਕਦੇ ਮੁੜ ਅਸਮਾਨ ਵਲ ਧਾਉਂਦੇ ਰਹੇ, ਉਨ੍ਹਾਂ ਦੀ ਘਾਲ ਬਿਰਥੀ ਹੀ ਗਈ, ਆਵਣ ਜਾਣ ਦੇ ਗੇੜ ਵਿਚ ਹੀ ਪਏ ਰਹੇ ਵਿਚਾਰੇ। ਇਨ੍ਹਾਂ ਦੇ ਮਗਰ ਲੱਗਣਹਾਰੇ ਸਿਧ ਮਨੁਖ ਦੇਵਤੇ ਅਤੇ ਦਾਨਵ ਭੀ ਐਵੇਂ ਹੀ ਅਜਾਈਂ ਆਪਣਾ ਜਨਮ ਗਵਾ ਗਏ, ਇਕ ਤਿਲ ਮਾਤਰ ਭੀ ਤਿਨ੍ਹਾਂ ਨੂੰ ਵਾਹਿਗੁਰੂ ਦਾ ਭੇਦ ਨਾ ਮਿਲਿਆ। ਇਹ ਕੇਵਲ ਗੁਰੂ ਵਰੋਸਾਏ ਗੁਰਮੁਖਿ ਜਨ ਹੀ ਹੋਏ ਹਨ, ਜੋ ਗੁਰੂ-ਦਰਸਾਈ ਪ੍ਰੇਮਾ ਭਗਤੀ ਵਿਚ ਹੀ ਲੀਨ ਹੋ ਕੇ ਵਾਹਿਗੁਰੂ ਦੇ ਦਰਸ਼ਨ ਵਿਖੇ ਜਾ ਸਮਾਏ ਹਨ। ਐਸੇ ਵਾਹਿਗੁਰੂ ਨੂੰ ਛੱਡ ਕੇ, ਗੁਰਮਤਿ-ਦਰਸਾਈ ਸੁਮਤਿ ਨੂੰ ਧਾਰਨ ਕੀਤੇ ਬਿਨਾਂ, ਉਹ ਅਨਮਤੀ ਦੇਵਤੇ ਇਕ ਸੱਚੇ ਵਾਹਿਗੁਰੂ ਨੂੰ ਛੱਡ ਕੇ ਹੋਰਨਾਂ ਕਿਰਤਮ ਜੀਵਾਂ ਵਲ ਹੀ ਯਾਚਨਾ ਦਾ ਹੱਥ ਅਡਦੇ ਰਹੇ, ਪ੍ਰੰਤੂ ਤੱਤ ਪਦਾਰਥ ਉਨ੍ਹਾਂ ਨੂੰ ਨਾ ਹੀ ਲਭਾ, ਪਰ ਨਾ ਹੀ ਲੱਭਾ। ਆਨਮਤ ਭਗਤੀ ਕਰਦਿਆਂ ਉਨ੍ਹਾਂ ਦੇ ਮੁਖ ਅਤੇ ਦੰਦ ਰਸਨਾ ਆਦਿਕ ਸਭ ਐਵੇਂ ਘਸ ਗਏ। ਗੁਰੂ ਨਾਨਕ ਸਾਹਿਬ ਇਸ ਬਿਧਿ ਸਮਝਾਉਂਦੇ ਹਨ, ਹੇ ਮਨ ਮੂੜ੍ਹੇ! ਤੂੰ ਗੁਰਮਤਿ ਅਨੁਸਾਰ ਕੇਵਲ ਵਾਹਿਗੁਰੂ **ਦਾ ਹੀ** ਸਿਮਰਨ ਕਰ, ਤਾਂ ਹੀ ਤੇਰੀ ਕਲਿਆਨ ਹੋਵੇਗੀ। ਇਸ ਗੁਰਵਾਕ ਦੇ ਭਾਵ ਤੋਂ ਸਿਧ ਹੋਇਆ ਕਿ ਆਨਮਤ-ਉਪਾਸ਼ਨਾ ਸਭ ਫੋਕੀ ਹੈ, ਕੇਵਲ ਗੁਰਮਤਿ ਦਰਸਾਈ ਤੱਤ ਉਪਾਸ਼ਨਾ ਹੀ ਸੁਖ ਸਾਰ ਹੈ।

ਉਦਮੁ ਕਰਿ ਲਾਗੇ ਬਹੁ ਭਾਤੀ ਬਿਚਰਹਿ ਅਨਿਕ ਸਾਸਤ੍ਰ ਬਹੁ ਖਟੂਆ ॥
ਭਸਮ ਲਗਾਇ ਤੀਰਥ ਬਹੁ ਭ੍ਰਮਤੇ ਸੂਖਮ ਦੇਹ ਬੰਧਹਿ ਬਹੁ ਜਟੂਆ ॥
ਬਿਨੁ ਹਰਿ ਭਜਨ ਸਗਲ ਦੁਖ ਪਾਵਤ ਜਿਉ ਪ੍ਰੇਮ ਬਢਾਇ ਸੂਤ ਕੇ ਹਟੂਆ ॥
ਪੂਜਾ ਚਕ੍ਰ ਕਰਤ ਸੋਮਪਾਕਾ ਅਨਿਕ ਭਾਂਤਿ ਥਾਟਹਿ ਕਰਿ ਥਟੂਆ॥੨॥੧੧॥੨੦॥
[ਸਵਯੇ ਸ੍ਰੀ ਮੁਖਬਾਕ੍ਯ ਮ: ੫, ਪੰਨਾ ੧੩੮੯

ਇਸ ਗੁਰਵਾਕ ਦੀ ਤੱਤ ਵਿਆਖਿਆ ਤੋਂ ਇਹ ਸਿਧਾਂਤ ਸਾਫ਼ ਨਿਕਲਦਾ ਹੈ ਕਿ ਗੁਰਮਤਿ ਦਰਸਾਈ ਤਤਸਾਰ ਸੁਕ੍ਰਿਤ ਕਰਣੀ ਬਾਝੋਂ ਹੋਰ ਜਿਤਨੀ ਭੀ ਆਨ ਮੱਤ ਕਰਣੀ ਹੈ, ਸਭ ਫੋਕਟ ਦੁਕ੍ਰਿਤ ਕਰੂਰ ਕਰਣੀ ਹੈ। ਯਥਾ ਵਿਆਖਿਆ—

ਆਨਮਤੀ ਲੋਗ ਅਨੇਕਾਂ ਭਾਂਤਾਂ ਦੇ ਉਦਮ ਧਾਰ ਕੇ ਲੱਕ ਬੰਨ੍ਹ ਖੜੋਤੇ ਅਤੇ ਖਟ ਸ਼ਾਸਤ੍ਰਾਂ ਦਾ ਬਹੁ ਪ੍ਰਕਾਰੀ ਮਨ-ਹਠ ਬੀਚਾਰਨਾ ਆਪਣੀ ਅਨਿਕ ਪ੍ਰਕਾਰੀ ਮਨਮਤਿ ਬੀਚਾਰ ਦੁਆਰਾ ਅਰੰਭ ਕੀਤਾ (ਪ੍ਰੰਤੂ ਸਭ ਬਿਰਥਾ ਹੀ ਗਿਆ) ਅਤੇ ਭਸਮਾਧਾਰੀ ਭੇਖੀ ਲੋਗ ਬਿਭੂਤ ਰਮਾ ਰਮਾ ਕੇ ਅਨੇਕਾਂ ਹੀ ਆਨਮਤੀ ਤੀਰਥਾਂ ਤੇ ਆਪ-ਮੁਹਾਰੇ ਭਰਮਦੇ ਰਹੇ ਅਤੇ ਜਟਾਧਾਰੀ ਭੇਖੀ ਪੁਰਸ਼ ਭੀ ਮਸਨੂਈ ਤੌਰ ਤੇ ਆਪਣੀਆਂ ਜਟਾਂ ਵਧਾ ਵਧਾ ਕੇ ਇਸ ਸੂਖਮ ਮਨੁਖਾ ਦੇਹੀ ਨੂੰ ਨਿਖੜੰਮੇ ਬੰਧਨਾਂ ਵਿਚ ਪਾਉਂਦੇ ਹਨ। ਅਜਿਹੇ ਕਪੋਲ ਕਰਮ ਕਰ ਕੇ ਇਹ ਲੋਗ ਆਪਣੇ ਫਸਾਉਣ ਦਾ ਤੰਦਨ ਤਾਣਾ ਰੂਪੀ ਜਾਲ ਹੀ ਰਚਦੇ ਰਹੇ, ਜਿਵੇਂ ਸੂਤ ਦੇ ਜਾਲ ਨੂੰ ਤਣ ਤਣ ਕੇ ਮੱਕੜੀ ਆਪਣੇ ਹੀ ਬੰਧਨ ਪਾ ਲੈਂਦੀ ਹੈ। ਇਸ ਖਪ ਖਪ ਕੇ ਮਰਨ ਨੂੰ ਉਹ ਆਪਣੇ ਜਾਣੇ ਪ੍ਰੇਮ ਬਢਾਉਣਾ ਹੀ ਸਮਝਦੀ ਹੈ, ਅੰਤ ਕੀ ਹੁੰਦਾ ਹੈ ਕਿ ਆਪ ਫਸ ਕੇ ਦੁਖ ਪਾਉਂਦੀ ਹੈ। ਇਸੇ ਤਰ੍ਹਾਂ ਹੀ ਗਨੇਸ਼ ਆਦਿਕ ਦੇ ਚਿਨ੍ਹਾਂ ਦਾ ਠੱਪਾ ਆਪਣੇ ਸਰੀਰ ਤੇ ਠਪ ਕੇ ਜੋ ਆਪਣੇ ਜਾਣੇ ਪਰਮੇਸ਼ਰ ਦੀ ਪੂਜਾ ਕਰਦੇ ਹਨ, ਇਹ ਸਭ ਫੋਕਟ ਕਿਰਿਆ ਹੈ ਅਤੇ ਏਸੇ ਪ੍ਰਕਾਰ ਹੀ ਸੋਮਪਾਕਾਂ ਦੀ ਅਨਿਕ ਭਾਂਤ ਦੀ ਸੋਮ-ਪਾਕੀ ਕਿਰਿਆ ਸਭ ਬਨਾਉਟੀ ਹੈ ਅਤੇ ਬਿਰਥਾ ਫੋਕਟ ਕਰਮ ਹੈ, ਜੋ ਕਿਸੇ ਭੀ ਲੇਖੇ ਨਹੀਂ ਪੈਂਦਾ। ਗੁਰੂ ਸਾਹਿਬ ਨੇ ਆਪਣੀ ਸਮੱਗਰ ਬਾਣੀ ਅੰਦਰ ਅਜਿਹੇ ਫੋਕਟ ਕਰਮਾਂ ਦਾ ਖ਼ੂਬ ਨਿਖਾਰ ਕੇ ਖੰਡਨ ਕੀਤਾ ਹੈ, ਪਰੰਤੂ ਅਭਾਗੇ ਪਾਖੰਡੀ ਲੋਗ ਆਪਣੀ ਪਾਖੰਡ-ਕਿਰਿਆ ਕਰਨੋਂ ਫੇਰ ਵੀ ਨਹੀਂ ਟਲਦੇ, ਉਨ੍ਹਾਂ ਨੂੰ ਸੁਮੱਤ ਆਉਂਦੀ ਹੀ ਨਹੀਂ, ਐਸੇ ਕਰੂਰ ਕਰਮਾਂ ਦਾ ਗੇੜ ਹੈ।

ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ ॥
ਗਾਵੈ ਜਮਦਗਨਿ ਪਰਸਰਾਮੇਸੁਰ ਕਰ ਕੁਠਾਰੁ ਰਘੁ ਤੇਜੁ ਹਰਿਓ ॥...੪॥
[ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੮੯

ਇਸ ਸਵਈਏ ਦੀ ਵਿਆਖਿਆ ਲਈ ਦੇਖੋ 'ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ' ਵਾਲੀ ਪੁਸਤਕ, ਜਿਸ ਵਿਖੇ ਇਸ ਸਵਈਏ ਤੇ ਸਮੱਗਰ ਭਟਾਂ ਦੇ

ਸਵਈਆਂ ਦੀ ਵਿਆਖਿਆ ਵਿਸਥਾਰ ਪੂਰਬਕ ਕੀਤੀ ਗਈ ਹੈ। ਸਾਰੇ ਸਵਈਏ ਮ: ੧ ਦੀ ਵਿਆਖਿਆ ਖ਼ਾਸ ਤੌਰ ਤੇ ਉਪਰ ਦੱਸੀ ਪੁਸਤਕ ਵਿਚ ਧਿਆਨ ਦੇ ਕੇ ਪੜ੍ਹੋ, ਖ਼ਾਸ ਤੌਰ ਪਰ ਪਾਠਕ ਜਨਾਂ ਅਗੇ ਬੇਨਤੀ ਹੈ, ਸਭ ਸੰਸੇ ਭਰਮ ਨਿਵਿਰਤ ਹੋ ਜਾਣਗੇ। ਏਸੇ ਕਰਕੇ ਸਾਰੇ 'ਭਟਾਂ ਦੇ ਸਵਈਆਂ' ਵਿਖੇ ਆਈ ਇਸੇ ਪ੍ਰਸੰਗ ਪ੍ਰਥਾ ਦੇ ਲਿਖੀ ਗਈ ਵਿਆਖਿਆ ਨੂੰ ਤਿਸੇ ਉਪਰ ਦਰਸਾਈ ਪੁਸਤਕ ਉਤੇ ਨਿਰਭਰ ਰਖ ਕੇ ਅਸੀਂ ਸਾਰੇ ਸਵਈਆਂ ਦੀ ਵਿਆਖਿਆ ਏਥੇ ਨਹੀਂ ਕੀਤੀ।

ਸਵਈਆਂ ਤੋਂ ਅਗੇ ਵਾਰਾਂ ਤੇ ਵਧੀਕ ਸਲੋਕਾਂ ਨੂੰ ਵੀਚਾਰਦੇ ਹਾਂ—

ਇਕਨਾ ਨਾਦੁ ਨ ਬੇਦੁ ਨ ਗੀਅ ਰਸੁ ਰਸੁ ਕਸੁ ਨ ਜਾਣੰਤਿ ॥
ਇਕਨਾ ਸਿਧਿ ਨ ਬੁਧਿ ਨ ਅਕਲਿ ਸਰ ਅਖਰ ਕਾ ਭੇਉ ਨ ਲਹੰਤਿ ॥
ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ ॥੧੫॥

[ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧

ਇਸ ਗੁਰਵਾਕ ਸਲੋਕ ਅੰਦਰ 'ਨਾਦ' ਅਤੇ 'ਬੇਦ' ਪਦ, ਸ਼ਬਦ ਅਤੇ ਗੁਰਮਤਿ ਗਿਆਨ ਦਾ ਅਰਥ ਰਖਦੇ ਹਨ। ਦੋਇ ਪਦ ਮੰਡਨ ਰੂਪ ਵਿਚ ਲਏ ਗਏ ਹਨ, ਖੰਡਨ ਰੂਪ ਵਿਚ ਨਹੀਂ, ਜੈਸਾ ਕਿ—

"ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ"*

ਵਾਲੇ ਛੱਕੇ ਵਿਚ ਆਉਂਦਾ ਹੈ। ਉਸ ਛੱਕੇ ਅੰਦਰ 'ਨਾਦ ਬੇਦ' ਦੋਵੇਂ ਖੰਡਨ ਰੂਪ ਵਿਚ ਹਨ। ਇਸ ਸਲੋਕ ਵਿਚ ਇਹ ਦੋਈ ਪਦ ਮੰਡਨ ਰੂਪ ਵਿਚ ਲਏ ਗਏ ਹਨ। ਯਥਾ ਵਿਆਖਿਆ—

ਇਕ ਐਸੇ ਪੁਰਸ਼ ਭੀ ਸੰਸਾਰ ਉਤੇ ਹਨ ਜੋ ਨਾ ਸ਼ਬਦ, ਨਾ ਗੁਰਮਤਿ ਗਿਆਨ ਦੇ ਵਾਕਫ਼ ਹਨ, ਨ ਗਿਆਨੀ ਨ ਰਾਗੀ, ਉਨ੍ਹਾਂ ਵਿਚ ਕੋਈ ਵੀ ਗੁਣ ਨਹੀਂ, ਐਵੇਂ ਆਪਣੇ ਆਪ ਵਿਚ ਆਫਰੇ ਫਿਰਦੇ ਹਨ। ਉਨ੍ਹਾਂ ਨੂੰ ਨਾ ਸੱਚੀ ਬੁਧੀ ਹੈ, ਨ ਸੱਚੀ ਸਿਧੀ ਹੈ, ਨ ਸੱਚੀ ਗੁਰਮਤਿ ਅਕਲ ਦੀ ਸਾਰ ਹੈ, ਅੱਖਰ ਦਾ ਭੇਦ ਨਹੀਂ ਜਾਣਦੇ, ਭਾਵ, ਊੜਾ ਭੀ ਪੜ੍ਹਨਾ ਉਨ੍ਹਾਂ ਨੂੰ ਨਹੀਂ ਆਉਂਦਾ। ਅਸਲ ਖੋਤੇ (ਗਧੇ) ਐਸੇ ਹੀ ਨਰ ਹਨ, ਜੋ ਬਿਨਾਂ ਗੁਰਮਤਿ-ਗੁਣਾਂ ਤੋਂ ਬਿਰਥੇ ਹੀ ਹੰਕਾਰ ਦਾ ਭਾਰ ਲੱਦੀ ਫਿਰਦੇ ਹਨ। ਇਸ ਬਿਧ ਗੁਰੂ ਨਾਨਕ ਸਾਹਿਬ ਉਚਾਰਦੇ ਹਨ ਸੱਚੀ ਉਚਾਰਨੀ।

ਸੋ ਬ੍ਰਹਮਣੁ ਜੋ ਬਿੰਦੇ ਬ੍ਰਹਮੁ ॥ ਜਪੁ ਤਪੁ ਸੰਜਮੁ ਕਮਾਵੈ ਕਰਮੁ ॥
ਸੀਲ ਸੰਤੋਖ ਕਾ ਰਖੈ ਧਰਮੁ ॥ ਬੰਧਨ ਤੋੜੈ ਹੋਵੈ ਮੁਕਤੁ ॥
ਸੋਈ ਬ੍ਰਹਮਣੁ ਪੂਜਣ ਜੁਗਤੁ ॥੧੬॥

[ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧

---

* ਆਸਾ ਮ: ੪, ॥੪॥੧੧॥੧੯॥ ਪੰਨਾ ੪੫੦

ਗੁਰਮਤਿ ਅਨੁਸਾਰ ਸੱਚਾ ਬ੍ਰਾਹਮਣ ਉਹੋ ਹੈ ਜੋ ਸੱਚੇ ਵਾਹਿਗੁਰੂ ਦਾ ਅਪ੍ਰੱਖਸ਼ ਗਿਆਨ ਰਖਦਾ ਹੈ, ਅਰਥਾਤ, ਜੋ ਸੱਚਾ ਬ੍ਰਹਮ-ਬੇਤਾ ਹੈ, ਅਤੇ ਜੋ ਜਪੁ ਤਪੁ ਸੰਜਮ ਆਦਿਕ ਸਚੜੇ ਗੁਰਮਤਿ ਕਰਮ ਕਮਾਉਂਦਾ ਹੈ ਅਤੇ ਸੱਚੇ ਸੀਲ ਸੰਤੋਖ ਵਾਲੇ ਧਰਮ ਨੂੰ ਪਾਲਦਾ ਹੈ, ਸੰਸਾਰਕ ਸਗਲੇ ਮਾਇਕ ਬੰਧਨਾਂ ਨੂੰ ਤੋੜ ਕੇ ਕੇਵਲ ਪਾਰਬ੍ਰਹਮ ਅਕਾਲ ਪੁਰਖ ਵਾਹਿਗੁਰੂ ਨੂੰ ਹੀ ਅਰਾਧਦਾ ਹੈ। ਐਸਾ ਬ੍ਰਹਮ-ਬੇਤਾ ਬ੍ਰਾਹਮਣ ਜੀਵਨ-ਮੁਕਤ ਪਦ ਦਾ ਭਾਗੀ (ਅਧਿਕਾਰੀ) ਹੈ, ਸੋਈ ਗੁਰਮਤਿ ਅਨੁਸਾਰੀ ਸੱਚੜਾ ਬ੍ਰਾਹਮਣ ਪੂਜਣ ਜੋਗ ਹੈ।

ਇਸ ਤੋਂ ਅਗਲੇਰੇ ਸਲੋਕ ਵਿਚ ਗੁਰੂ ਸਾਹਿਬ ਸਚੜੇ ਸੂਰਬੀਰ ਛੱਤਰੀ ਦੀ ਗੁਰਮਤਿ ਅਨੁਸਾਰ ਸੱਚੜੀ ਨੀਸ਼ਾਨੀ ਇਉਂ ਦਸਦੇ ਹਨ। ਯਥਾ ਗੁਰਵਾਕ—

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥
ਖੇਤੁ ਪਛਾਣੈ ਬੀਜੈ ਦਾਨੁ ॥ ਸੋ ਖਤ੍ਰੀ ਦਰਗਹ ਪਰਵਾਣੁ ॥
ਲਬੁ ਲੋਭੁ ਜੇ ਕੂੜੁ ਕਮਾਵੈ ॥ ਆਪਣਾ ਕੀਤਾ ਆਪੇ ਪਾਵੈ ॥੧੭॥

[ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ ੧੪੧੧

ਯਥਾ ਵਿਆਖਿਆ—ਗੁਰਮਤਿ ਅਨੁਸਾਰ ਸੱਚਾ ਛੱਤਰੀ ਉਹ ਗੁਰਮੁਖਿ ਜਨ ਹੈ ਜੋ ਆਪਣੀ ਗੁਰਮਤਿ ਕਰਣੀ ਅਨੁਸਾਰ ਛੱਤਰੀ ਕਰਮਾਂ ਦਾ ਸੂਰਮਾ ਹੋਵੇ ਤੇ ਪਾਤਰ ਕੁਪਾਤਰ ਦੇਖ ਕੇ ਪਰਉਪਕਾਰ ਕਰਨ ਦਾ ਸੱਚੜਾ ਦਾਨੀ ਹੋਵੇ। ਐਸਾ ਸੱਚੜਾ ਦਾਨੀ ਹੀ ਦਰਗਾਹ ਅੰਦਰ ਪਰਵਾਨ ਪੈਂਦਾ ਹੈ। ਲਬ ਲੋਭ ਤੇ ਕੂੜ ਕਮਾਉਣ ਵਾਲਾ ਆਦਮੀ ਹਰਗਿਜ਼ ਛੱਤਰੀ ਨਹੀਂ ਕਹਾ ਸਕਦਾ। ਉਹ ਆਪਣਾ ਕੀਤਾ ਆਪੇ ਪਾਉਂਦਾ ਹੈ।

ਇਨ੍ਹਾਂ ਦੋਹਾਂ ਸਲੋਕਾਂ ਨੰ: ੧੬ ਤੇ ੧੭ ਅੰਦਰ ਗੁਰੂ ਸਾਹਿਬ ਨੇ ਸੱਚੇ ਬ੍ਰਾਹਮਣਾਂ ਅਤੇ ਸੱਚੇ ਛੱਤਰੀਆਂ ਦਾ ਮੰਡਨ ਕੀਤਾ ਹੈ ਅਤੇ ਸਪੱਸ਼ਟ ਦਸਿਆ ਹੈ ਕਿ ਕੇਵਲ ਗੁਰਮਤਿ ਗੁਣਾਂ ਕਰਿ ਹੀ ਕੋਈ ਗੁਰਮੁਖਿ ਜਨ ਸੱਚੜਾ ਬ੍ਰਾਹਮਣ ਅਤੇ ਛੱਤਰੀ ਕਹਾ ਸਕਦਾ ਹੈ, ਐਵੇਂ ਨਹੀਂ; ਇਥੇ ਪਾਖੰਡੀ ਬ੍ਰਾਹਮਣਾਂ ਅਤੇ ਛੱਤਰੀਆਂ ਦਾ ਖੰਡਨ ਨਹੀਂ ਕੀਤਾ, ਜੈਸਾ ਕਿ ਹੋਰ ਥਾਵਾਂ 'ਤੇ ਖੰਡਨ ਦਰਸਾਇਆ ਗਿਆ ਹੈ। ਉਥੇ ਆਨਮਤੀ ਬ੍ਰਾਹਮਣਾਂ ਅਤੇ ਕੂੜ ਕੁਸੱਤੀ ਛੱਤਰੀਆਂ ਦਾ ਖੰਡਨ ਜ਼ਰੂਰ ਕੀਤਾ ਹੈ, ਪਰ ਏਥੇ ਨਹੀਂ। ਪਿਛਲੇ ਸਲੋਕ ਅੰਦਰ ਸਹਿਜੇ ਟੂਕ ਮਾਤਰ ਕੂੜਾਵੇ ਛੱਤਰੀਆਂ ਦਾ ਖੰਡਨ ਰਮਜ਼ਾਇਆ ਗਿਆ ਹੈ, ਨਹੀਂ ਤਾਂ ਸਾਰਾ ਮੰਡਨ ਹੀ ਮੰਡਨ ਹੈ। ਗੁਰਵਾਕ—

ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥
ਨਵਾ ਖੰਡਾ ਵਿਚਿ ਜਾਣੀਆ ਅਪਨੇ ਚਜ ਵੀਚਾਰ ॥੩॥

[ਸਲੋਕ ਮ: ੩, ਪੰਨਾ ੧੪੧੩

**ਇਸ ਸਲੋਕ ਅੰਦਰ ਆਨਮਤੀ ਬ੍ਰਾਹਮਣਾਂ ਅਤੇ ਜੋਤਸ਼ੀਆਂ ਦਾ ਸਪੱਸ਼ਟ**

ਖੰਡਨ ਹੈ ।

ਯਥਾ ਵਿਆਖਿਆ—ਕੀ ਹੋ ਗਿਆ ਜੇ ਕੋਈ ਵੇਦ-ਪਾਠੀ ਬ੍ਰਾਹਮਣ ਬਣ ਬੈਠੇ ਅਤੇ ਆਨਮਤੀ ਵੇਦਾਂ ਦਾ ਤੱਤ ਵਿਆਖਿਆ ਕਰਨਹਾਰਾ ਜੋਤਸ਼ੀ ਕਹਾਉਂਦਾ ਫਿਰੇ, ਚਹੁੰਆਂ ਬੇਦਾਂ ਦਾ ਬਕਤਾ ਅਤੇ ਗਿਆਤਾ ਹੋ ਕੇ ਆਪਣੇ ਕੰਮਾਂ ਦੀ ਸਿਆਣਪ ਕਰਕੇ ਨਵਾਂ ਖੰਡਾਂ ਵਿਚ ਮਸ਼ਹੂਰ ਹੁੰਦਾ ਫਿਰੇ, ਤਾਂ ਭੀ ਕਿਸੇ ਅਰਥ ਨਹੀਂ, ਉਸ ਦੇ ਚੱਜ ਵੀਚਾਰ ਸਾਰੇ ਫੋਕਟ ਗਿਣੇ ਜਾਣਗੇ, ਜੇਹੜੇ ਲੇਖੇ ਨਹੀਂ ਲਗਣੇ ।

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ ॥
ਪਾਹਿ ਏਤੇ ਜਾਹਿ ਵੀਸਰਿ ਨਾਨਕਾ ਇਕੁ ਨਾਮੁ ॥
ਸਭ ਬੁਧੀ ਜਾਲੀਅਹਿ ਇਕੁ ਰਹੈ ਤਤੁ ਗਿਆਨੁ ॥੪॥

[ਸਲੋਕ ਮ: ੩, ਪੰਨਾ ੧੪੧੩

ਹੇ ਪਾਖੰਡੀ ਬ੍ਰਾਹਮਣ ! ਤੇਰੇ ਲਈ ਵਿਆਹ ਪੜ੍ਹਾਉਣ ਸਮੇਂ ਕੁੜੀ ਦਾ ਧਾਨੇ ਖਾਣਾ, ਗਊ-ਹਤਿਆ ਦੇ ਤੁਲ ਹੈ । ਉਨ੍ਹਾਂ ਬ੍ਰਾਹਮਣਾਂ ਲਈ ਫਿਟਕਾਰ ਹੈ ਜਿਨ੍ਹਾਂ ਵਿਚ ਇਹ ਤੇ ਇਸ ਪ੍ਰਕਾਰ ਦੀਆਂ ਬਦੀਆਂ ਦਾ ਕੋੜ੍ਹ ਰੂਪੀ ਅਭਿਮਾਨ ਸਦਾ ਸਦਾ ਲਈ ਛਾਇਆ ਰਹਿੰਦਾ ਹੈ । ਇਹ ਸਭ ਪਾਪ-ਕਰਮ ਉਨ੍ਹਾਂ ਪਾਖੰਡੀਆਂ ਉਤੇ ਹੀ ਆ ਪੈਂਦੇ ਹਨ ਜੋ ਸੱਚੜੇ ਨਾਮ ਨੂੰ ਵਿਸਾਰ ਦਿੰਦੇ ਹਨ । ਇਹ ਗੁਰਮਤਿ ਨਾਮ ਨੂੰ ਵਿਸਾਰਿਆਂ ਹੀ ਉਪਰ ਦੱਸੇ ਸਾਰੇ ਆਤਮ ਰੋਗ ਸਾਰੇ ਪ੍ਰਾਣੀਆਂ ਉਪਰ ਵਾਪਰ ਜਾਂਦੇ ਹਨ । ਸਚੜੇ ਨਾਮ ਰੂਪੀ ਤੱਤ ਗੁਰਮਤਿ ਗਿਆਨ ਬਾਝੋਂ ਹੋਰ ਸਭ ਆਨਮਤ ਬੁਧੀਆਂ ਕੁਬੁਧੀਆਂ ਹੀ ਹਨ, ਸਭ ਮਿਥਿਆ ਹਨ । ਇਨ੍ਹਾਂ ਕੁਬੁਧੀਆਂ ਦਾ ਜਲ ਜਾਣਾ ਹੀ ਠੀਕ ਹੈ । ਇਹ ਜ਼ਰੂਰ ਸੜ ਜਾਣੀਆਂ ਹਨ । ਨਾਮ ਤੱਤ ਗੁਰਮਤਿ ਗਿਆਨ ਹੀ ਅਸਥਿਰ ਰਹਿ ਜਾਣਾ ਹੈ ।

ਕੂੜਾਵੀ ਕਿਰਿਆ ਵਾਲੇ ਆਨਮਤੀ ਬ੍ਰਾਹਮਣਾਂ ਦਾ ਪਾਜ ਇਸ ਸਲੋਕ ਅੰਦਰ ਖ਼ੂਬ ਉਘੇੜਿਆ ਹੈ, ਗੁਰਮਤਿ ਗਿਆਨ ਰੂਪੀ ਨਾਮ ਨੂੰ ਖ਼ੂਬ ਰੱਜ ਕੇ ਸਲਾਹਿਆ ਹੈ । ਕੇਵਲ ਗੁਰਮਤਿ ਨਾਮ ਦੀ ਹੀ ਮੰਡਨ ਰੂਪੀ ਸ਼ਲਾਘਾ ਹੀ ਮੁਖ ਰਖੀ ਹੈ, ਹੋਰ ਸਭ ਆਨਮਤਿ ਕਿਰਿਆ ਦਾ ਖੰਡਨ ਹੀ ਜਣਾਇਆ ਗਿਆ ਹੈ, ਆਨਮਤ ਧਰਮੀ ਕਿਰਿਆ ਸਭ ਨਿਖੇਧੀ ਰੂਪ ਹੈ ।

ਪੁੰਨ ਦਾਨੁ ਜੋ ਬੀਜਦੇ ਸਭ ਧਰਮਰਾਇ ਕੈ ਜਾਈ ॥

[ਸਲੋਕ ਮ: ੩, ਪੰਨਾ ੧੪੧੪

ਇਹ ਗੁਰ-ਪੰਗਤੀ ਸਾਫ਼ ਦਸਦੀ ਹੈ ਕਿ ਪੁੰਨ ਦਾਨ ਕਿਰਿਆ ਆਨਮਤੀਆਂ ਵਾਲੀ ਸਭ ਬਿਰਥੀ ਹੈ, ਇਸ ਆਨਮਤਿ ਕ੍ਰਿਆ ਨੂੰ ਕਰਨਹਾਰੇ ਸਾਰੇ ਆਨਮਤੀ ਲੋਕ ਧਰਮਰਾਇ ਦੇ ਵਸ ਪੈਣਗੇ ਤੇ ਜਮ ਦਾ ਡੰਡ ਸਿਰ ਤੇ ਸਹਿਣਗੇ । ਤਾਂ ਤੇ ਨਿਰਾ ਪੁੰਨੀ


www.sikhbookclub.com

ਅਤੇ ਧਰਮੀ ਹੋਣਾ ਭੀ ਸਭ ਪਾਖੰਡ ਰੂਪ ਹੈ, ਕਲਿਆਣਕਾਰੀ ਹਰਗਿਜ਼ ਨਹੀਂ।

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ॥
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ॥
ਸਤਿਗੁਰ ਮਿਲਿਐ ਮਲੁ ਉਤਰੀ ਹਰਿ ਜਪਿਆ ਪੁਰਖੁ ਸੁਜਾਣੁ ॥
ਜਿਨਾ ਹਰਿ ਹਰਿ ਪ੍ਰਭੁ ਸੇਵਿਆ ਜਨ ਨਾਨਕੁ ਸਦ ਕੁਰਬਾਣੁ ॥੩੭॥

[ਸਲੋਕ ਮ: ੩, ਪੰਨਾ ੧੪੧੭

ਇਸ ਗੁਰਵਾਕ-ਪੰਗਤੀ ਅਨੁਸਾਰ ਹੋਮ ਜਗ ਆਨਮਤੀ ਤੀਰਥਾਂ ਦੀ ਕਿਰਿਆ ਆਦਿਕ ਸਭ ਖੋਲ੍ਹ ਕੇ ਦਰਸਾਈ ਗਈ ਹੈ। ਯਥਾ ਵਿਆਖਿਆ—

ਆਨਮਤੀ ਲੋਗ ਆਪਣੇ ਆਪ ਨੂੰ ਪੰਡਿਤ ਸਦਾਉਣ ਵਾਲੇ ਬਥੇਰਾ ਪੁਰਾਣ ਆਦਿਕ ਆਨਮਤੀ ਪੁਸਤਕਾਂ ਨੂੰ ਪੜ੍ਹ ਚੁੱਕੇ ਅਤੇ ਉਨ੍ਹਾਂ ਆਨਮਤੀ ਪੁਸਤਕਾਂ ਵਿਚ ਦੱਸੀ ਹੋਈ ਅਨਿਕ ਪ੍ਰਕਾਰ ਦੀ ਹੋਮ ਜਗ ਆਦਿਕ ਕਿਰਿਆ ਕਰ ਥਕੇ ਤੇ ਸਾਰੇ ਆਨਮਤੀ ਤੀਰਥਾਂ 'ਤੇ ਭਰਮ ਥਕੇ, ਪ੍ਰੰਤੂ ਉਨ੍ਹਾਂ ਉਤੇ ਮਾਇਆ-ਮਮਤਾ ਮਈ ਵਿਸ ਚੜ੍ਹੀ ਰਹੀ, ਨਾ ਹੀ ਉਤਰੀ। ਮਿਟੀ ਹੀ ਨਹੀਂ, ਸਗੋਂ ਉਲਟਾ ਹਉਮੈ ਰੂਪੀ ਗਰਬ ਗੁਬਾਰ ਉਨ੍ਹਾਂ ਉਤੇ ਸਵਾਰ ਹੋ ਗਿਆ। ਇਸ ਹਉਮੈ ਮਮਤਾ ਦੇ ਕਾਰਨ ਉਹ ਆਨ-ਮਤੀ ਲੋਗ ਆਵਣ ਜਾਵਣ ਰੂਪੀ ਚੁਰਾਸੀ ਦੇ ਗੇੜ ਵਿਚ ਹੀ ਪਏ ਰਹੇ। ਤੇ ਹਉਮੈ ਮਮਤਾ ਰੂਪੀ ਮੈਲ ਸਤਿਗੁਰੂ ਨੂੰ ਮਿਲ ਕੇ ਹੀ ਉਤਰਦੀ ਹੈ ਅੰਤੇ ਸਤਿਗੁਰੂ ਨੂੰ ਮਿਲ ਕੇ ਹੀ ਵਾਹਿਗੁਰੂ ਪੁਰਖ ਸੁਜਾਣ ਜਪਿਆ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਤਿਨ੍ਹਾਂ ਗੁਰਮੁਖਾਂ ਵਿਟਹੁੰ ਸਦਾ ਕੁਰਬਾਨ ਜਾਂਦੇ ਹਨ ਜਿਨ੍ਹਾਂ ਨੇ ਵਾਹਿਗੁਰੂ-ਨਾਮ ਦੀ ਸਿਮਰਨ ਰੂਪੀ ਸੇਵਾ ਸਾਸ ਗ੍ਰਾਸ ਕੀਤੀ ਹੈ।

ਜੋਗੁ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ॥
ਨਾਨਕ ਘਰਿ ਬੈਠਿਆ ਜੋਗੁ ਪਾਈਐ ਸਤਿਗੁਰ ਕੈ ਉਪਦੇਸਿ ॥੬੪॥

[ਸਲੋਕ ਮ: ੩, ਪੰਨਾ ੧੪੨੦-੨੧

ਗੁਰਮਤਿ ਅਨੁਸਾਰ ਸੱਚੜਾ ਜੋਗ-ਸੰਨਿਆਸ ਗ੍ਰਿਹਸਤ ਵਿਖੇ ਹੀ ਰਹਿ ਕੇ, ਗੁਰਮਤਿ ਨਾਮ ਦਾ ਅਤੁੱਟ ਅਭਿਆਸ ਕਰਦਿਆਂ ਹੋਇਆਂ ਹੀ ਪ੍ਰਾਪਤ ਹੋ ਜਾਂਦਾ ਹੈ; ਬਾਹਰ ਰਹਿ ਕੇ ਧੀਆਂ ਪੁੱਤਾਂ ਨੂੰ ਛਡ ਕੇ ਜੋਗ-ਸੰਨਿਆਸ ਧਾਰਨ ਕਰਨ ਦੀ ਕੋਈ ਲੋੜ ਹੀ ਨਹੀਂ ਰਹਿ ਜਾਂਦੀ। ਆਨਮਤੀ ਲੋਗ ਜੋ ਗ੍ਰਿਹਸਤ ਛਡ ਕੇ ਜੋਗ-ਸੰਨਿਆਸ ਦਾ ਕੂੜਾਵਾ ਵੇਸ ਧਾਰਨ ਕਰਦੇ ਹਨ, ਉਨ੍ਹਾਂ ਦੇ ਅੰਦਰੋਂ ਮੋਹ-ਮਮਤਾ ਮਈ ਮੈਲ ਨਹੀਂ ਜਾਂਦੀ, ਚਾਹੇ ਕਿਤਨੇ ਹੀ ਭਗਵੇਂ ਵੇਸ ਕਰੀ ਫਿਰਨ। ਸਤਿਗੁਰੂ ਨਾਨਕ ਦੇਵ ਜੀ ਦਾ ਐਸਾ ਉਪਦੇਸ਼ ਹੈ ਕਿ ਘਰ ਹੀ ਬੈਠਿਆਂ ਗ੍ਰਿਹਸਤ ਮਾਰਗ ਦੇ ਧਾਰਨ **ਕਰਦਿਆਂ ਹੀ ਵਾਹਿਗੁਰੂ ਅਕਾਲ ਪੁਰਖ ਨਾਲ ਜੁੜ ਜਾਈਦਾ ਹੈ, ਇਸ ਬਿਧਿ ਵਾਹਿਗੁਰੂ ਨਾਲ ਜੁੜਨਾ ਹੀ ਸੱਚਾ ਜੋਗ ਹੈ।**

ਚਾਰੇ ਕੁੰਡਾ ਜੇ ਭਵਹਿ ਬੇਦ ਪੜਹਿ ਜੁਗ ਚਾਰਿ ॥
ਨਾਨਕ ਸਾਚਾ ਭੇਟੈ ਹਰਿ ਮਨਿ ਵਸੈ ਪਾਵਹਿ ਮੋਖ ਦੁਆਰ ॥੬੫॥
[ਸਲੋਕ ਮ: ੩, ਪੰਨਾ ੧੪੨੧

ਗੁਰੂ ਨਾਨਕ ਸਾਹਿਬ ਇਸ ਸਲੋਕ ਦੁਆਰਾ ਨਿਖਾਰ ਕੇ ਦਸਦੇ ਹਨ ਕਿ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਅਤੇ ਸੱਚਾ ਸਤਿਗੁਰੂ ਭੇਟਣ ਕਰ ਕੇ ਹੀ ਸੱਚੇ ਵਾਹਿਗੁਰੂ ਨੂੰ ਮਿਲ ਸਕੀਦਾ ਹੈ, ਨਹੀਂ ਤਾਂ ਭਾਵੇਂ ਆਨਮਤੀ ਲੱਗ ਚਹੁੰਆਂ ਕੁੰਟਾਂ ਵਿਚ ਭਉਂਦੇ ਫਿਰਨ ਤੇ ਚਹੁੰਆਂ ਵੇਦਾਂ ਦਾ ਮੁਖਾਗਰ ਪਾਠ ਕਰਦੇ ਫਿਰਨ, ਕੁਛ ਨਹੀਂ ਬਣਦਾ।

ਜਾਂ ਮੂੰ ਇਕੁ ਤ ਲਖ ਤਉ ਜਿਤੀ ਪਿਨਣੇ ਦਰਿ ਕਿਤੜੇ ॥
ਬਾਮਣੁ ਬਿਰਥਾ ਗਇਓ ਜਨੰਮੁ ਜਿਨਿ ਕੀਤੋ ਸੋ ਵਿਸਰੇ ॥੪॥
[ਸਲੋਕ ਮ: ੫, ਪੰਨਾ ੧੪੨੫

ਇਸ ਵਾਕ ਦੋਤੁਕੀ ਅੰਦਰ ਗੁਰਮਤਿ ਅਨੁਸਾਰ ਬੇਦ-ਬੇਤਾ ਬ੍ਰਾਹਮਣ ਨਹੀਂ ਕਹਾ ਸਕਦਾ, ਬਲਕਿ ਸੱਚਾ ਬ੍ਰਾਹਮਣ ਉਹ ਹੈ ਜੋ ਬ੍ਰਹਮ ਵਾਹਿਗੁਰੂ ਦਾ ਬੇਤਾ ਤੇ ਗਿਆਤਾ ਹੈ।

ਵਿਆਖਿਆ—ਹੇ ਬ੍ਰਾਹਮਣ ! ਮੈਨੂੰ ਤਾਂ ਇਕੋ ਵਾਹਿਗੁਰੂ ਹੀ ਲੱਖਾਂ ਵਰਗਾ ਹੈ, ਜਿਸ ਦੇ ਦਰ ਉਤੇ ਤੇਰੇ ਵਰਗੇ ਕਿੰਨੇ ਹੀ ਮੰਗਣ ਵਾਲੇ ਹਨ। ਜਨਮ ਕਰਕੇ ਤੂੰ ਬ੍ਰਾਹਮਣ ਕਹਾਉਂਦਾ ਹੈਂ, ਪਰ ਤੇਰਾ ਬ੍ਰਾਹਮਣ ਜਨਮ ਬਿਰਥਾ ਹੀ ਗਿਆ, ਜਦੋਂ ਤੈਂ ਅਪਨੇ ਸਿਰਜਨਹਾਰ ਵਾਹਿਗੁਰੂ ਨੂੰ ਵਿਸਾਰ ਦਿਤਾ। ਉਸ ਬ੍ਰਾਹਮਣ ਦਾ ਜਨਮ ਬਿਅਰਥ ਹੀ ਜਾਂਦਾ ਹੈ ਜੋ ਵਾਹਿਗੁਰੂ ਸਿਰਜਨਹਾਰ ਨੂੰ ਵਿਸਾਰ ਦਿੰਦਾ ਹੈ। ਤਾਂ ਤੇ ਸਿਧ ਹੋਇਆ ਕਿ ਗੁਰਮਤਿ ਅਨੁਸਾਰ ਸੱਚਾ ਬ੍ਰਾਹਮਣ ਉਹੀ ਹੈ ਜੋ ਇਕ ਨਿਮਖ ਭਰ ਵੀ ਵਾਹਿਗੁਰੂ ਨੂੰ ਨਹੀਂ ਵਿਸਾਰਦਾ, ਉਸੇ ਬ੍ਰਾਹਮਣ ਦਾ ਜਨਮ ਸਕਾਰਥਾ ਹੈ। ਵਾਹਿਗੁਰੂ ਦੇ ਸਿਮਰਨ ਬਾਝੋਂ ਬ੍ਰਾਹਮਣ ਐਵੇਂ ਬਿਰਥਾ ਹੀ ਕਹਾਉਂਦਾ ਹੈ, ਉਸ ਦਾ ਜਨਮ ਵੀ ਅਕਾਰਥ ਹੀ ਜਾਂਦਾ ਹੈ, ਬੇਦ-ਬੇਤਾ ਬੇਦ-ਗਿਆਤਾ ਬ੍ਰਾਹਮਣ ਕਹਾ ਹੀ ਨਹੀਂ ਸਕਦਾ ਗੁਰਮਤਿ ਅਨੁਸਾਰ।

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ ॥੪੬॥
[ਸਲੋਕ ਮ: ੯, ਪੰਨਾ ੧੪੨੮

ਇਸ ਵਾਕ ਦੋ-ਤੁਕੀ ਅੰਦਰ ਤੀਰਥ, ਬਰਤ ਅਤੇ ਦਾਨ ਆਦਿਕ ਸਭ ਆਨਮਤ ਕਰਮ ਹਨ। ਤੀਰਥ (ਆਨਮਤ ਧਰਮ ਦੇ ਤੀਰਥਾਂ ਤੋਂ ਮੁਰਾਦ ਹੈ) ਵੀ, ਬਰਤ ਤੇ ਦਾਨ ਆਨਮਤ ਕਰਮ ਹੀ ਹਨ। ਇਨ੍ਹਾਂ ਸਭ ਆਨਮਤੀ ਕਰਮ ਬਰਤ ਦਾਨ ਆਦਿ ਦੇ ਕੀਤਿਆਂ ਕਰਨਹਾਰੇ ਪ੍ਰਾਣੀ ਦਾ ਨਿਸਫਲ ਹੀ ਸਾਰਾ ਪ੍ਰੀਸ਼ਰਮ

ਜਾਂਦਾ ਹੈ। ਐਸੇ ਹੀ ਜਾਂਦਾ ਹੈ ਜੈਸੇ ਕਿ ਕੁੰਚਰ (ਹਾਥੀ) ਦਾ ਨਹਾਣਾ ਨਿਹਫਲ ਜਾਂਦਾ ਹੈ, ਕਿਉਂਕਿ ਉਹ ਜਲ ਤੋਂ ਬਾਹਰ ਨਿਕਲ ਕੇ ਖੇਹ ਹੀ ਉਡਾਉਂਦਾ ਹੈ ਤੇ ਖ਼ਾਕ ਹੀ ਆਪਣੇ ਉਪਰ ਪਾਉਂਦਾ ਹੈ। ਤਾਂ ਤੇ ਆਨਮਤ ਤੀਰਥਾਂ ਤੇ ਨ੍ਹਾਉਣ ਵਾਲਿਆਂ ਦਾ ਅਤੇ ਆਨਮਤ ਕਰਮ ਕਰਨ ਵਾਲਿਆਂ ਦਾ ਜਨਮ ਸਭ ਨਿਹਫਲ ਹੀ ਜਾਂਦਾ ਹੈ।

ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥

[ਸਲੋਕ ਮ: ੯, ਪੰਨਾ ੧੪੨੯

ਇਸ ਤੁਕ ਅੰਦਰ ਰਘੁਨਾਥ ਪਦ ਇਕ ਸੰਕੇਤਕ ਪਦ ਹੈ, ਜੋ ਵਾਹਿਗੁਰੂ ਪ੍ਰਥਾਇ ਸੰਕੇਤਿਆ ਗਿਆ ਹੈ, ਰਘੂ ਕੁਲ ਦੇ ਨਾਥ ਵਾਲਾ ਰਾਮਚੰਦਰ ਨਹੀਂ ਹੈ।

# ੨੪. ਸਿੱਟਾ

ਏਸ ਪੁਸਤਕ ਵਿਚ ਲਿਖੇ ਸਿਧਾਂਤ ਦਾ ਸਿੱਟਾ ਇਹ ਹੈ ਕਿ ਕਲਜੁਗ ਵਿਚ ਸਿਵਾਇ ਗੁਰਮਤਿ (ਖਾਲਸਾ ਧਰਮ) ਤੋਂ ਹੋਰ ਕਿਸੇ ਬੇਦੀ ਕਤੇਬੀ ਧਰਮਾਂ ਦੇ ਦੱਸੇ ਹੋਏ ਸਾਧਨ ਸਭ ਨਿਸਫਲ ਹਨ। ਕਲਜੁਗ ਵਿਚ ਉਧਾਰ ਨਿਸਤਾਰੇ ਦਾ ਸਾਰਾ ਪ੍ਰਬੰਧ ਗੁਰੂ ਨਾਨਕ ਸਾਹਿਬ ਦੇ ਸਪੁਰਦ ਹੈ। ਗੁਰੂ ਅਰਜਨ ਸਾਹਿਬ ਨੇ ਏਸ ਗੱਲ ਨੂੰ ਹੇਠ ਲਿਖੇ ਗੁਰਵਾਕ ਵਿਚ ਚੰਗੀ ਤਰ੍ਹਾਂ ਖੋਲ੍ਹ ਕੇ ਦੱਸਿਆ ਹੈ—

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥੧॥ਰਹਾਉ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ ਸਭ ਪਈ ਪੈਰੀ ਆਇ ॥੨॥੧੪੦॥

[ਆਸਾ ਮ: ੫, ਪੰਨਾ ੪੦੬

ਏਸ ਗੁਰਵਾਕ ਦਾ ਭਾਵ ਇਹ ਹੈ ਕਿ ਕਲਜੁਗ ਵਿਚ ਜੀਵਾਂ ਦਾ ਉਧਾਰ ਗੁਰੂ ਸਾਹਿਬ ਨੇ ਕੀਤਾ ਹੈ, ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਜਾਰੀ ਹੈ। ਮਹਾਂ ਅਪਵਿੱਤਰ ਤੇ ਅਗਿਆਨ ਦੇ ਕਾਰਨ ਮੂਰਖ ਬਣੇ ਹੋਏ ਲੋਕ ਸਭ ਅਕਾਲ ਪੁਰਖ ਦੀ ਸੇਵਾ ਵਲ ਲਗ ਗਏ ਤੇ ਇਹ ਸੇਵਾ ਤੇ ਭਗਤੀ ਭਾਵ ਦੀ ਲਹਿਰ ਏਥੋਂ ਤਕ ਵਧ ਗਈ ਕਿ ਧਰਮਰਾਜ ਏਸ ਕੌਤਕ ਨੂੰ ਦੇਖ ਕੇ ਹੈਰਾਨ ਹੋ ਗਿਆ ਕਿ ਸਾਰੀ ਸ੍ਰਿਸ਼ਟੀ ਸਤਿਗੁਰੂ ਦੇ ਪੈਰੀਂ ਆ ਪਈ, ਭਾਵ, ਸਭ ਨੇ ਸਤਿਗੁਰੂ ਦੀ ਸ਼ਰਨ ਲੈ ਕੇ ਸਿੱਖੀ ਦਾਨ ਪ੍ਰਾਪਤ ਕੀਤਾ। ਏਸ ਦਾ ਮੋਟਾ ਅਰਥ ਹੈ ਕਿ ਜੋ ਸਿਲਸਿਲਾ ਗੁਰੂ ਨਾਨਕ ਸਾਹਿਬ ਨੇ ਜੀਵਾਂ ਦੇ ਉਧਾਰ ਦਾ ਜਾਰੀ ਕੀਤਾ ਹੈ, ਇਹ ਮੁਕੰਮਲ ਉਦੋਂ ਹੋਣਾ ਹੈ ਜਦ ਸਾਰੀ ਸ੍ਰਿਸ਼ਟੀ ਨੇ ਉਧਰਨਾ ਹੈ। ਤੇ ਉਦੋਂ ਹੀ ਧਰਮਰਾਜ ਨੇ ਹੈਰਾਨ ਹੋਣਾ ਹੈ। ਇਹ ਸਮਾਂ ਜ਼ਰੂਰ ਆਉਣਾ ਹੈ, ਜਦੋਂ ਕਿ ਸਾਰੇ ਜਗਤ ਨੇ ਖਾਲਸਾ ਧਰਮ ਗ੍ਰਹਿਣ ਕਰ ਕੇ ਵਰੋਸਾਉਣਾ ਹੈ। ਇਸੇ ਗੱਲ ਨੂੰ ਹੇਠ ਲਿਖੇ ਗੁਰਵਾਕ ਵਿਚ ਇਉਂ ਦਰਸਾਇਆ ਹੈ—

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ ॥੨॥੪॥

[ਬਿਲਾਵਲੁ ਮ: ੩, ਪੰਨਾ ੭੯੭

ਭਾਵ—ਕਲਜੁਗ ਵਿਚ ਕੇਵਲ ਸਤਿਗੁਰ ਦੀ ਬਾਣੀ ਤੇ ਨਾਮ ਗੁਰਮੰਤਰ ਵਾਹਿਗੁਰੂ ਦੇ ਜਪਣ ਨਾਲ ਹੀ ਉਧਾਰ ਦਾ ਬਾਨ੍ਹਣੂ ਬਝ ਸਕਦਾ ਹੈ। ਏਸ ਸ਼ਬਦ ਦੀ ਵਿਆਖਿਆ ਪਿਛੇ ਹੋ ਚੁਕੀ ਹੈ, ਦੁਬਾਰਾ ਕਰਨ ਦੀ ਲੋੜ ਨਹੀਂ। ਮੁਕਦੀ ਗੱਲ

 www.sikhbookclub.com

ਇਹ ਕਿ ਕਲਜੁਗ ਵਿਚ ਗੁਰਮਤਿ ਹੀ ਸੱਚਾ ਤੇ ਸਦੀਵੀ ਕਲਿਆਣਕਾਰੀ ਧਰਮ ਹੈ, ਜਿਸ ਦਾ ਦੂਜਾ ਨਾਮ ਗੁਰੂ ਦਸਮ ਪਾਤਸ਼ਾਹ ਨੇ ਸੰਕੇਤ ਕੇ ਖਾਲਸਾ ਧਰਮ ਰਖਿਆ ਹੈ। ਅਗਲਾ ਗੁਰਵਾਕ ਇਸ ਦੀ ਚੰਗੀ ਤਰ੍ਹਾਂ ਵਿਆਖਿਆ ਕਰਦਾ ਹੈ।

# ੭੫. ਗੁਰਮਤਿ ਹੀ ਇਕ ਸੱਚਾ ਤੇ ਸਦੀਵੀ ਧਰਮ ਹੈ

ਦਰਸਨ ਕੀ ਪਿਆਸ ਜਿਸੁ ਨਰ ਹੋਇ ॥ ਏਕਤੁ ਰਾਚੈ ਪਰਹਰਿ ਦੋਇ ॥
ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥ ਗੁਰਮੁਖਿ ਬੂਝੈ ਏਕ ਸਮਾਇ ॥੧॥
ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥੧॥ਰਹਾਉ॥
ਬੇਦ ਵਖਾਣਿ ਕਹਹਿ ਇਕੁ ਕਹੀਐ॥ਓਹੁ ਬੇਅੰਤੁ ਅੰਤੁ ਕਿਨਿ ਲਹੀਐ ॥
ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥੨॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥੩॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥੪॥
ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥੫॥
ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥੬॥
ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥੭॥
ਇਤ ਉਤ ਦੇਖਉ ਸਹਜੇ ਰਾਵਉ॥ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ ॥ ਸਤਿਗੁਰਿ ਸਾਚਾ ਦਰਸੁ ਦਿਖਾਇਆ ॥
੮॥੩॥ [ਬਸੰਤੁ ਮ: ੧, ਪੰਨਾ ੧੧੮੮-੮੯

ਵਿਆਖਿਆ—ਜਿਸ ਜਨ ਨੂੰ ਦਰਸ ਦੀ ਪਿਆਸ ਹੈ, ਸੱਚੇ ਪ੍ਰੀਤਮ ਵਾਹਿਗੁਰੂ ਦੇ ਦਰਸ਼ਨ ਦੀ ਸੱਚੀ ਪਿਆਸ ਹੈ, ਤਿਸ ਨੂੰ ਹੀ ਸੱਚ ਦੀ ਤਲਾਸ਼ ਦੀ ਸੱਚੀ ਲਿੱਲ ਲਗੀ ਜਾਣੀਏ। ਜਿਸ ਨਰ ਨੂੰ ਇਸ ਪਿਆਸ ਤਲਾਸ਼ ਦੀ ਸੱਚੀ ਲਿੱਲ ਲਗੀ ਹੈ ਉਹ ਸੱਚ ਨੂੰ ਸਾਂਗੋ ਪਾਂਗ ਦੇਖੇ ਬਿਨਾਂ, ਸੱਚ ਪ੍ਰੀਤਮ ਦਰਸ਼ਨ ਨੂੰ

ਸਾਮਰਤੱਖ ਦੇਖੇ ਬਿਨਾਂ ਪਤਿਆਉਂਦਾ ਨਹੀਂ; ਓਹੁ ਇਕੋ ਸੱਚ ਦਰਸ਼ਨ ਦੀ ਤਲਾਸ਼ ਬਿਨਾਂ ਹੋਰ ਕਿਸੇ ਦੂਜੇ ਭਾਵ ਦੀ ਤਲਾਸ਼ ਵਲ ਧਾਵੰਦਾ ਹੀ ਨਹੀਂ, ਨਾ ਕਿਤੇ ਵਲ ਰਚਦਾ ਮਿਚਦਾ ਹੈ, ਏਕਤ ਸੱਚ ਪ੍ਰੀਤਮ ਦੀ ਦਰਸ ਪਿਆਸ ਆਸ ਵਿਚ ਰਚਿਆ ਰਹਿੰਦਾ ਹੈ। ਗੁਰੂ ਘਰ ਵਿਖੇ ਗੁਰਮਤਿ ਵਿਖੇ ਜੋ ਇਕ ਅਕਾਲ ਦੀ ਪ੍ਰੇਮਾ ਭਗਤੀ ਪ੍ਰਧਾਨ ਹੈ, ਏਹੋ ਇਕੈ ਸਚੁ ਦੀ ਸੱਚੀ ਤਲਾਸ਼ ਹੈ। ਇਕ ਪ੍ਰੀਤਮੀ 'ਸਚੁ' ਦੀ ਪਿਆਸ ਜਿਸ ਨਰ ਨੂੰ ਪ੍ਰਬਲ ਹੋ ਕੇ ਲਗੀ ਹੋਈ ਹੈ, ਉਹ 'ਸਚੁ' ਦਾ ਸੱਚਾ ਖੋਜੀ ਹੋ ਕੇ ਜਦ ਪੂਰਬਲੇ ਭਾਗ ਉਦੇ ਹੋਣ ਪਰ ਗੁਰੂ ਘਰ ਵਲ ਆਉਂਦੀ ਗੁਰਮਤਿ ਓਰ ਰੁਚੀ ਰੁਚਾਉਂਦਾ ਹੈ, ਤਾਂ ਏਥੇ ਉਸ ਦੀ ਪਿਆਸ ਦੂਰ ਹੋਣ ਦਾ ਦਾਰੂ ਮਿਲਦਾ ਹੈ। ਇਹ ਦਾਰੂ ਅੰਮ੍ਰਿਤ ਨਾਮੁ ਹੈ, ਜੋ ਗੁਰੂ ਦੁਆਰਿਓਂ ਪੰਜਾਂ ਪਿਆਰਿਆਂ ਰਾਹੀਂ ਮਿਲਦਾ ਹੈ। ਇਸ ਅੰਮ੍ਰਿਤ ਨਾਮ ਨੂੰ ਜਿਉਂ ਜਿਉਂ ਉਹ ਗੁਰਮੁਖਿ ਜਨ ਸੁਆਸ ਅਭਿਆਸੀ ਸ਼ਬਦ ਬਿਲੋਵਨੇ ਦੁਆਰਾ ਰਿੜਕ ਬਿਲੋਇ ਕੈ (ਮਥ ਕੇ) ਤੱਤ ਮਾਖਨ ਦੀ ਨਿਆਈਂ ਨਿਆਰਾ ਕੱਢ ਲੈਂਦਾ ਹੈ ਅਤੇ ਨਿਆਰਾ ਕੱਢ ਕੇ ਇਸ ਅੰਮ੍ਰਿਤ ਨਾਮ ਰੂਪੀ ਤੱਤ ਮਾਖਣ ਦੇ ਗਟਾਕ ਜਿਉਂ ਜਿਉਂ ਉਹ ਭੁੰਚਦਾ ਹੈ ਤਿਉਂ ਤਿਉਂ ਉਸ ਦੇ ਬਿਰਹ ਦਾਹਨੀ ਪਿਆਸ ਦੇ ਦਰਦ ਦੂਰ ਹੁੰਦੇ ਜਾਂਦੇ ਹਨ। ਐਥੋਂ ਤਕ ਕਿ ਉਹ ਗੁਰਮੁਖਿ ਜਨ ਇਕੋ ਰੂਪ ਸਰੂਪੀ ਦਰਸ਼ਨ ਵਿਚ ਹੀ ਸਮਾਇ ਜਾਂਦਾ ਹੈ। ਏਥੇ 'ਸਚੁ' ਦਾ ਪਰਤੱਖ ਦਰਸ਼ਨ ਉਸ ਨੂੰ ਹੁੰਦਾ ਹੈ। ਏਥੇ 'ਸਚੁ'-ਦਰਸ਼ਨ ਦੀ ਪਿਆਸ ਉਸ ਦੀ ਮਿਟਦੀ ਹੈ। ਏਥੇ ਪੁੱਜ ਕੇ ਉਸ ਦੀ ਸਚੁ-ਦਰਸ਼ਨੀ ਤਲਾਸ਼ ਦੀ ਘਾਲ ਥਾਇ ਪੈਂਦੀ ਹੈ। ਹੇ ਵਾਹਿਗੁਰੂ ਸੱਚੇ ! ਤੂੰ ਹੀ 'ਸਚੁ' ਹੈਂ, ਤੂੰ ਸਚੁ ਦਰਸ਼ਨ ਹੈਂ; ਤੇਰਾ ਦਰਸ਼ਨ ਹੀ ਸਚੁ ਹੈ। ਇਸ ਤੇਰੇ ਸਚੁ ਦਰਸ਼ਨ ਨੂੰ ਹੋਰ ਕੇਤੀ ਬਿਲਲਾਉਂਦੀ ਫਿਰਦੀ ਹੈ, ਪਰ ਇਸ ਦਰਸ਼ਨ ਨੂੰ ਵਿਰਲਾ ਕੋਈ ਗੁਰਮੁਖਿ ਜਨ ਹੀ ਚੀਨਦਾ ਹੈ ਗੁਰ ਸ਼ਬਦ ਕਮਾ ਕੇ। ਜਿਸ ਨੂੰ ਗੁਰੂ ਘਰ ਪ੍ਰਾਪਤਿ ਹੋਣ ਪਰ ਗੁਰਦੁਆਰਿਓਂ ਗੁਰ-ਦੀਖਿਆ ਗੁਰਸ਼ਬਦ ਮੰਤਰ ਦੀ ਮਿਲਦੀ ਹੈ, ਉਹ ਹੀ ਸਚੁ ਸ਼ਬਦੁ ਨੂੰ ਕਮਾ ਸਕਦਾ ਹੈ। ਸਚੁ ਸ਼ਬਦ ਦੀਆਂ ਅਭਿਆਸ ਕਮਾਈਆਂ ਕਰ ਕੇ ਤੱਤ ਸਚੁ ਅਰਥਾਤ ਸੱਚੇ ਵਾਹਿਗੁਰੂ ਦੇ ਦਰਸ਼ਨ ਨੂੰ ਹੀ ਜਾਇ ਪ੍ਰਾਪਤ ਹੁੰਦਾ ਹੈ।

ਬੇਦ ਉਪਨਿਸ਼ਦ ਆਦਿਕ ਆਨਮਤ ਫ਼ਿਲਾਸਫ਼ੀਆਂ ਕਥਨੀ ਕਥਿ ਕਥਿ ਕਹਿੰਦੀਆਂ ਹਨ ਅਤੇ ਨਿਰੇ ਅਨੁਮਾਨ ਦੁਆਰਾ ਓਪਰਾ ਜਿਹਾ ਇਕ ਅੱਧ ਖ਼ਿਆਲ ਅਕਾਲ ਪੁਰਖ ਦੀ ਹੋਂਦ ਦਾ ਜਣਾਉਂਦੀਆਂ ਹਨ, ਪਰ ਉਹ ਬੇਅੰਤ ਹੈ। ਉਸ ਬੇਅੰਤ ਦਾ ਅੰਤ ਏਹਨਾਂ ਅਨੁਮਾਨਾਂ ਦੁਆਰਾ ਕਿਸੇ ਨੂੰ ਕਿਵੇਂ ਆ ਸਕਦਾ ਹੈ ? ਸ੍ਰਿਸ਼ਟੀ ਦੇ ਰਚਨਹਾਰ, ਸਭ ਰਚਨਾ ਦੇ ਰਚਨਹਾਰ, ਕਰਤੇ ਪੁਰਖ ਦੀ ਗਤਿ ਮਿਤ ਨੂੰ ਉਸ ਦਾ ਕੀਤਾ ਹੋਇਆ (ਰਚਿਆ ਹੋਇਆ) ਅਲਪੱਗ ਜੰਤ ਆਪਣੀ ਅਲਪੱਗ **ਬੁਧੀ ਦੁਆਰਾ** ਕੀ ਜਾਣ ਸਕਦਾ ਹੈ ? ਜਿਸ ਕਰਨਹਾਰ ਕਰਤਾਰ ਦੀ ਏਵਡ

 www.sikhbookclub.com

ਕਲਾ ਹੈ ਕਿ ਉਸ ਨੇ ਧਰਤ ਆਕਾਸ਼ ਨੂੰ ਸਾਜ ਕੇ ਬਿਨਾਂ ਥੰਮ੍ਹਾਂ ਦੇ ਥੰਮ੍ਹਿਆ ਹੋਇਆ ਹੈ, ਉਸ ਸਰਬ ਕਲਾ ਸਮਰੱਥ ਸੱਚ ਦੇ, ਸੱਚੇ ਸਮਰੱਥਾਵਾਨ ਸਾਹਿਬ ਦੇ ਅਪ੍ਰੋਕਸ਼ ਦਰਸ਼ਨ ਮਹਿਜ਼ ਕਿਆਸੀ ਅਨੁਮਾਨਾਂ ਦੁਆਰਾ ਕੋਈ ਕਿਵੇਂ ਪਾ ਸਕਦਾ ਹੈ ? ਇਸ ਇਕੋ ਸੱਚ ਦਾ ਦਰਸ਼ਨ ਕੇਵਲ ਗੁਰਮਤਿ ਦੁਆਰਾ ਹੀ ਪਰਤੱਖ ਕੀਤਾ ਜਾ ਸਕਦਾ ਹੈ। ਗੁਰਮਤਿ ਹੀ ਇਕ ਅਕਾਲ ਪੁਰਖੁ ਰੂਪ ਸੱਚ ਦੀ ਹੋਂਦ ਨੂੰ ਨਿਸਚੇ ਕਰਾਉਂਦੀ ਹੈ। ਗੁਰਮਤਿ ਹੀ ਇਸ ਇਕੁ ਸੱਚ ਦੇ ਅਪ੍ਰੋਕਸ਼ ਗਿਆਨ ਨੂੰ ਦ੍ਰਿੜ੍ਹਾਉਂਦੀ ਹੈ। ਗੁਰਮਤਿ ਰੂਪੀ ਇਕੋ ਸੱਚਾ ਗਿਆਨ, ਗੁਰਮਤਿ ਧੁਨਿ ਬਾਣੀਆ ਏਕੋ ਸੱਚਾ ਸ਼ਬਦ ਨੀਸਾਣੁ, ਇਕ ਨਿਰਾਲਮ ਅਕਾਲ ਪੁਰਖ ਦੀ ਅਕੱਥ ਕਹਾਣੀ ਨਿਰੂਪਣ ਕਰਾ ਸਕਦਾ ਹੈ। ਪੂਰੇ ਗੁਰੂ ਸਤਿਗੁਰ ਨਾਨਕ ਦੇਵ ਜੀ ਦੇ ਘਰ ਤੋਂ ਹੀ 'ਸਚੁ' ਦੇ ਸਚੁ ਗਿਆਨ ਦਾ ਜਾਨਣਾ ਜਾਣਿਆ ਜਾ ਸਕਦਾ ਹੈ। ਏਕੋ ਸੱਚਾ ਤੇ ਸਦੀਵੀ ਧਰਮ ਹੈ ਤਾਂ ਏਹੀ ਗੁਰਮਤਿ 'ਸਚੁ' ਹੈ। ਪਰ ਕੋਈ ਵਿਰਲਾ ਗੁਰਮੁਖਿ ਜਨ ਹੀ ਇਸ ਗੁਰਮਤਿ ਨੂੰ, ਇਸ ਏਕੈ ਸਚੁ ਧਰਮੁ ਨੂੰ ਦ੍ਰਿੜ੍ਹ ਕਰਕੇ ਧਾਰਨ ਕਰਦਾ ਹੈ। ਇਹੀ ਏਕੈ ਗੁਰਮਤਿ ਸਚੁ ਧਰਮ ਹੀ ਜੁਗਾਂ ਜੁਗਾਂਤਰਾਂ ਵਿਖੇ ਪੂਰਾ ਉਤਰਨ ਵਾਲਾ ਧਰਮ ਹੈ। ਜਿਹੜਾ ਗੁਰਮੁਖਿ ਜਨ ਇਸ ਗੁਰਮਤਿ ਧਰਮ ਨੂੰ ਧਾਰਨ ਕਰ ਕੇ ਅਨਹਦ ਏਕ ਲਿਵਤਾਰ ਵਿਖੇ ਰਤਿਆ ਗਿਆ ਹੈ, ਓਹੀ ਗੁਰਮੁਖਿ ਜਨ ਅਲੱਖ ਅਪਾਰ ਪਾਰਬ੍ਰਹਮ ਦੇ ਸੱਚ ਦਰਸ਼ਨ ਨੂੰ ਪ੍ਰਾਪਤਿ ਹੁੰਦਾ ਹੈ।

ਇਸ ਏਕੈ ਸਚੁ ਦਰਸ਼ਨ ਦੇ ਪੇਖਣਹਾਰਾ ਸੱਚ ਖੰਡ ਦਾ ਸਾਮਰਤੱਖ ਨਜ਼ਾਰਾ ਸਾਂਗੋ ਪਾਂਗ ਪੇਖਦਾ ਹੈ "ਏਕੋ ਤਖਤੁ ਏਕੋ ਪਾਤਿਸਾਹੁ" ਇਕੋ ਸੱਚੇ ਪਾਤਸ਼ਾਹ ਨੂੰ ਸੱਚੇ ਸੱਚ ਖੰਡੀ ਤਖ਼ਤ ਉਤੇ ਬਿਰਾਜਮਾਨ ਦੇਖਦਾ ਹੋਇਆ ਸਰਬ ਥਾਈਂ, ਖੰਡੀਂ ਬ੍ਰਹਿਮੰਡੀਂ ਰਵਿਆ ਹੋਇਆ ਭੀ, ਉਸੇ ਏਕੋ ਦ੍ਰਿਸ਼ਟ ਨਾਲ ਉਥੇ ਏਕੋ ਵੇਪਰਵਾਹ ਸੱਚੇ ਪਾਤਸ਼ਾਹ ਨੂੰ ਹਾਜ਼ਰਾ ਹਜ਼ੂਰ ਦੇਖਦਾ ਹੈ। ਉਸ ਸੱਚੇ ਸਿਰਜਣਹਾਰ ਦੇ ਤ੍ਰਿਭਵਣ ਪਸਾਰੇ ਵਿਚ ਭੀ ਨਿਆਰਾ 'ਸਚੁ' ਸਾਰ ਪਦਾਰਥ ਨਦਰੀ ਆਉਂਦਾ ਹੈ। "ਓਹੁ ਅਗਮੁ ਅਗੋਚਰੁ ਏਕੰਕਾਰੁ" ਹੀ ਸੱਚ ਹੈ। ਏਕੰਕਾਰ ਦੀ ਏਕਾ ਅਕਾਲ ਮੂਰਤ ਦੀ ਉਪਾਸ਼ਨਾ ਏਕਾ ਸੱਚੇ ਗੁਰਮਤਿ ਨਾਮੁ ਦੁਆਰਾ ਹੀ ਵੇਹਤ ਹੈ। ਤਿਥੇ ਅਕਾਲ ਪੁਰਖ ਦੀ ਸੱਚੀ ਦਰਗਾਹ ਵਿਖੇ ਹੀ 'ਸੱਚ' ਦਾ ਨਿਆਏ ਨਿਬੜਦਾ ਹੈ। ਨਾਮ ਹੀ ਸੱਚ ਹੈ। 'ਨਾਮੁ ਸਚੁ' ਕਰਣੀ ਕਰਕੇ ਸੱਚੀ ਦਰਗਾਹੇ ਪਤਿ ਪਰਵਾਣ ਪੈਂਦੀ ਹੈ ਅਤੇ ਸੱਚੀ ਦਰਗਾਹ ਵਿਖੇ ਹੀ ਮਾਣ ਪਾਈਦਾ ਹੈ। ਇਕੋ ਸੱਚ ਨਾਮੁ, ਗੁਰਮਤਿ ਨਾਮ ਅਭਿਆਸ ਦੁਆਰਾ ਕੀਤੀ ਕਮਾਈ ਕਰਣੀ ਵਾਲੀ ਭਾਉ-ਭਗਤੀ ਹੀ ਸਚੀ ਭਾਉ ਭਗਤੀ ਹੈ। ਇਸ ਸੱਚੀ ਭੈ ਭਗਤੀ ਵਿਹੂਣ ਬੱਸ ਆਵਣ ਜਾਣਾ ਹੀ ਬਣਿਆ ਰਹਿੰਦਾ ਹੈ। ਗੁਰੂ-ਦੀਖਿਆ ਗੁਰਬਾਣੀ ਦੀ ਮਤਿ ਲੈ ਕੇ ਆਪਣੇ ਆਪ ਨੂੰ ਇਸ ਜੱਗ ਜਹਾਨ ਵਿਖੇ ਰਹਿੰਦਿਆਂ ਹੋਇਆਂ

ਭੀ ਮਿਹਮਾਣ (ਮੁਸਾਫ਼ਰ, ਪ੍ਰਾਹੁਣਾ) ਸਮਝ ਰਖੇ । ਇਉਂ ਸੰਸਾਰ ਤੋਂ ਉਪਰਾਮ ਹੁੰਦਾ ਹੋਇਆ ਹਰਿ ਰਸ ਵਿਖੇ ਰੱਤਾ ਰਹੇ । ਐਸਾ ਜਨ ਪਰਵਾਣ ਗ੍ਰਿਹਸਤ ਉਦਾਸ ਪਦ ਨਿਰਬਾਣ ਬੰਦਾ ਸਦਾਉਂਦਾ ਹੈ। ਇਤ ਉਤ, ਇਸ ਲੋਕ ਅਤੇ ਪਰਲੋਕ ਵਿਖੇ ਭੀ ਸੱਚ-ਖਸਮ ਨੂੰ ਸਨਮੁਖ ਪੇਖਦਾ ਹੋਇਆ ਸਹਿਜੇ ਹੀ ਰਸੀਏ ਨੂੰ, ਰਵਨਹਾਰ ਠਾਕੁਰ ਸੱਚੇ ਮਾਲਕ ਨੂੰ ਮਨਜ਼ੂਰ ਨਜ਼ਰ ਹੋ ਕੇ ਉਸ ਨੂੰ ਭਾਉਂਦਾ ਹੈ । ਉਹ ਬਿਨਾਂ ਇਕ ਠਾਕੁਰ ਦੇ ਹੋਰ ਕਿਸੇ ਉਤੇ ਭਾਉ ਭਾਉਨੀ ਨਹੀਂ ਲਿਆਉਂਦਾ। ਜਦੋਂ ਸ਼ਬਦ ਗੁਰਮੰਤਰ (ਗੁਰਮਤਿ ਨਾਮ) ਦੀ ਅਭਿਆਸ ਕਮਾਈ ਏਤਨੀ ਪ੍ਰਬਲ ਹੋ ਜਾਂਦੀ ਹੈ ਕਿ ਹਉਮੈ ਦਾ ਉੱਕਾ ਹੀ ਅਭਾਵ ਹੋ ਜਾਂਦਾ ਹੈ ਤੇ ਸ਼ਬਦ ਦੁਆਰਾ ਹਉਮੈ ਜਲ ਜਾਂਦੀ ਹੈ ਤਦੋਂ ਸਤਿਗੁਰੂ ਦੀ ਕਿਰਪਾ ਕਰਿ ਸੱਚ ਦਾ ਸੱਚਾ ਦਰਸ਼ਨ-ਝਲਕਾ ਨਸੀਬ ਹੁੰਦਾ ਹੈ ।

— ਸਮਾਪਤ —


www.sikhbookclub.com

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

1. ਜੇਲ੍ਹ ਚਿੱਠੀਆਂ
2. ਰੰਗਲੇ ਸਜਣ
3. ਅਣਡਿੱਠੀ ਦੁਨੀਆ
4. ਗੁਰਮਤਿ ਬਿਬੇਕ
5. ਗੁਰਮਤਿ ਲੇਖ
6. ਗੁਰਮਤਿ ਪ੍ਰਕਾਸ਼
7. ਗੁਰਮਤਿ ਵਿਚਾਰ
8. ਸਚਖੰਡ ਦਰਸ਼ਨ
9. ਗੁਰਮਤਿ ਗੌਰਵਤਾ
10. ਸੰਤ ਪਦ ਨਿਰਣੈ
11. ਕਥਾ ਕੀਰਤਨ
12. ਨਾਮ, ਤੇ ਸਿਮਰਨ ਦਾ ਦਾਤਾ ਸਤਿਗੁਰੂ
13. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ?
14. ਗੁਰਮਤਿ ਨਾਮ ਅਭਿਆਸ ਕਮਾਈ
1 . ਗੁਰਮਤਿ ਸੱਚ ਨਿਰਣੈ
16. ਗੁਰਮਤਿ ਅਧਿਆਤਮਕ ਕਰਮ ਫ਼ਿਲਾਸਫ਼ੀ
17. ਅਨਹਦ ਸ਼ਬਦ ਦਸਮ ਦੁਆਰ
18. ਗੁਰਬਾਣੀ ਦੀਆਂ ਲਗਾਂ ਮਾਤ੍ਰਾਂ ਦੀ ਵਿਲੱਖਣਤਾ
19. ਚਰਨ ਕਮਲ ਕੀ ਮਉਜ
20. ਝਟਕਾ ਮਾਸ ਪ੍ਰਥਾਇ ਗੁਰਮਤਿ ਤੱਤ ਨਿਰਣਯ
21. ਜੋਤਿ ਵਿਗਾਸ (ਮਹਾਂ ਕਾਵਿ)
22. ਦਰਸ਼ਨ ਝਲਕਾਂ (ਕਾਵਿ-ਉਡਾਰੀਆਂ)
23. *Autobiography of Bhai Sahib Randhir Singh* (ਜੇਲ੍ਹ ਚਿੱਠੀਆਂ ਦਾ ਅਨੁਵਾਦ)

## ਟਰੈਕਟ

24. ਅੰਮ੍ਰਿਤ ਕੀ ਹੈ ?
25. ਅੰਮ੍ਰਿਤ ਕਲਾ
26. ਗੁਰਮਤਿ ਰਮਜ਼ਾਂ
27. ਸਿਖ ਕੌਣ ਹੈ ?
28. ਵਾਹਿਗੁਰੂ ਸਿਮਰਨ
29. ਸੱਚੀਆਂ ਦਾੜ੍ਹੀਆਂ
30. ਸੁਪਨਾ
31. ਆਸਤਕ ਤੇ ਨਾਸਤਕ
32. ਸ਼ੰਕਿਆਂ ਦੇ ਉੱਤਰ
33. ਨਾਮ ਸੰਬੰਧੀ ਵਿਚਾਰ
34. ਤਿਮਰ ਅਗਿਆਨ ਤੋਂ ਉਜਿਆਰਾ
35. ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ
36. ਸਿੰਘਾਂ ਦਾ ਪੰਥ ਨਿਰਾਲਾ
37. ਬਾਬਾ ਵੈਦ ਰੋਗੀਆਂ ਦਾ
38. ਕੋ ਵਿਰਲਾ ਗੁਰਮਤਿ ਚਲੈ ਜੀਉ
39. ਹਉਮੈ ਨਾਵੈ ਨਾਲਿ ਵਿਰੋਧੁ ਹੈ
40. ਨਾਮ ਦਾ ਦਾਤਾ ਸਤਿਗੁਰੂ
41. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ਜੀ
42. ਸਿੱਖੀ ਸਿਦਕ ਤੇ ਧਰਮ ਰਖਿਆ
43. ਕੀਰਤਨੀ ਜੱਥੇ ਦੇ ਸਿੰਘਾਂ ਦੀ ਦਾਸਤਾਨ